# ਯੋਜਨਾ

ਸਾਲ 31 • ਅੰਕ 1 • ਅਗਸਤ 2015 • ਕੁੱਲ ਪੰਨੇ 56

ਮੁੱਖ ਸੰਪਾਦਕ
**ਦੀਪਿਕਾ ਕੱਛਲ**

ਸੰਪਾਦਕ
**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**
ਈਸਟ ਬਲਾਕ-4, ਲੈਵਲ-7
ਆਰ. ਕੇ. ਪੁਰਮ, ਨਵੀਂ ਦਿੱਲੀ-110066
ਫ਼ੋਨ ਤੇ ਫ਼ੈਕਸ : 011-26177591
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)
**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ
**ਸੂਰੀਆਕਾਂਤ ਸ਼ਰਮਾ**
ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**
ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਸੰਪਾਦਕੀ - ਮੁੱਖ ਸੰਪਾਦਕ 4
- ਵਿੱਤੀ ਸ਼ਮੂਲੀਅਤ ਤੇ ਸਮਾਜਿਕ ਪਰਿਵਰਤਨ - ਚਰਨ ਸਿੰਘ, ਸੀ ਐੱਲ ਦਧਿਚ ਤੇ ਐੱਸ ਅਨੰਥ 5
- ਭਾਰਤ ਵਿਚ ਜਨਤਕ ਵੰਡ ਪ੍ਰਣਾਲੀ ਦਾ ਰਾਜਨੀਤਕ ਅਰਥਸ਼ਾਸਤਰ - ਸੀ ਐੱਸ ਸੀ ਸੇਖਰ 9
- ਸਮਾਵੇਸ਼ੀ ਵਿਕਾਸ ਏਜੰਡਾ ਵਿਚ ਸੂਖਮ, ਛੋਟੇ ਤੇ ਦਰਮਿਆਨੇ ਉੱਦਮ : 2015 ਦੇ ਪਰਿਪੇਖ ਵਿਚ - ਪੀ ਐੱਮ ਮੈਥਿਊ 13
- ਭਾਰਤ 'ਚ ਰੁਜ਼ਗਾਰ ਤੇ ਸਮਾਵੇਸ਼ੀ ਵਿਕਾਸ : ਉੱਭਰਦਾ ਨਮੂਨਾ ਅਤੇ ਪਰਿਪੇਖ - ਅਲਖ ਐੱਨ. ਸ਼ਰਮਾ 19
- ਖੇਤੀਬਾੜੀ ਨੂੰ ਸਮੁੱਚੇ ਵਿਕਾਸ ਦਾ ਮਾਧਿਅਮ ਬਣਾਉਣਾ - ਭੁਵਨ ਭਾਸਕਰ 23
- ਪ੍ਰਧਾਨ ਮੰਤਰੀ ਦੀ ਜੀਵਨ, ਦੁਰਘਟਨਾ ਬੀਮਾ ਤੇ ਅਟਲ ਬੀਮਾ ਯੋਜਨਾ - ਜਿਤੇਂਦਰ ਸਿੰਘ 27
- ਆਰਥਿਕ ਵਿਕਾਸ ਤੇ ਸਮਾਜਿਕ ਪਰਿਵਰਤਨ - ਗੁਰਮੀਤ ਕੌਰ 29
- ਸਮਾਵੇਸ਼ੀ ਵਿਕਾਸ ਤੇ ਸਮਾਜਿਕ ਪਰਿਵਰਤਨ - ਜਸਵੰਤ ਸਿੰਘ ਸੈਣੀ 31
- ਮਨਰੇਗਾ : ਪੰਜਾਬ ਦੀ ਝਲਕ - ਸੁਮੀਤ ਸ਼ੰਮੀ 34
- ਸੰਘਵਾਦ ਕਿਉਂ? : ਇਕ ਦ੍ਰਿਸ਼ਟੀਕੋਣ - ਵਿਨਾਇਕ ਨਾਰਾਇਣ ਸ੍ਰੀਵਾਸਤਵ 36
- ਸ਼ਕਤੀਆਂ ਦਾ ਵਿਕੇਂਦਰੀਕਰਨ ਤੇ ਸੰਘੀ ਗਣਰਾਤ - ਰਤਨ ਸਲਦੀ 39
- ਭਾਰਤ 'ਚ ਉੱਚ ਤਕਨਾਲੋਜੀ ਵਸਤਾਂ ਉਤਪਾਦਨ : ਜ਼ੰਜੀਰ ਮੁਕਤ ਸਮਰਥਾ - ਅਨੰਦ ਸ਼ਰਮਾ ਤੇ ਵੀਰਪਾਲ ਕੌਰ 42
- ਪੂਰਬੀ ਭਾਰਤ 'ਚ ਬਦਲਦੀ ਖੇਤੀਬਾੜੀ : ਚੁਣੌਤੀਆਂ ਤੇ ਮੌਕੇ - ਅੰਜੰਨੀ ਕੁਮਾਰ ਤੇ ਪੀ.ਕੇ. ਜੋਸ਼ੀ 47
- ਕੀ ਤੁਸੀਂ ਜਾਣਦੇ ਹੋ? - 54



***ਯੋਜਨਾ* ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਸਾਹਮਣੇ ਲਿਖੇ ਪਤੇ 'ਤੇ ਭੇਜੋ : ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ, ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003,**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ - 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 - ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730. *ਯੋਜਨਾ* ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਪਾੜਾ ਪੂਰਦਿਆਂ

ਆਜ਼ਾਦੀ ਦੇ ਸਾਢੇ ਛੇ ਦਹਾਕਿਆਂ ਦੌਰਾਨ ਭਾਰਤ ਦੇ ਵਿਕਾਸ ਦੀ ਗਾਥਾ ਬੇ-ਮਿਸਾਲ ਰਹੀ ਹੈ ਜਦੋਂ ਭਾਰਤ ਇਕ ਅਵਿਕਸਤ ਦੇਸ਼ ਤੋਂ ਸਭ ਤੋਂ ਵੱਡੀਆਂ ਆਰਥਿਕਤਾਵਾਂ ਵਿਚ ਉੱਭਰ ਕੇ ਸਾਹਮਣੇ ਆਇਆ ਹੈ। ਵਿਸ਼ਵੀ ਆਰਥਿਕਤਾ ਵਿਚ ਬਹੁਤ ਸਾਰੇ ਉਤਾਰ-ਚੜ੍ਹਾਅ ਦੇ ਬਾਵਜੂਦ, ਭਾਰਤ ਨੇ ਆਪਣਾ ਕਿਲਾ ਬਚਾਈ ਰੱਖਿਆ ਅਤੇ ਪਿਛਲੀ ਤਿਮਾਹੀ ਵਿਚ 7.5 ਪ੍ਰਤਿਸ਼ਤ ਵਿਕਾਸ ਦਰ ਹਾਸਲ ਕੀਤੀ। ਵਿਸ਼ਵ ਬੈਂਕ ਦੀ ਤਾਜ਼ਾ ਰਿਪੋਰਟ ਵਿਚ ਭਾਰਤ ਨੂੰ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਿਕਾਸ ਕਰ ਰਹੀ ਆਰਥਿਕਤਾ ਵਜੋਂ ਪੇਸ਼ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਭਾਰਤ ਦਾ ਕੁੱਲ ਘਰੇਲੂ ਉਤਪਾਦ 2015-16 ਦੌਰਾਨ 7.5 ਪ੍ਰਤਿਸ਼ਤ ਦੀ ਦਰ ਨਾਲ ਵਧਣ ਦੀ ਆਸ ਕੀਤੀ ਜਾਂਦੀ ਹੈ ਜਿਸ ਵਿਚ ਹੋਰ ਵਾਧਾ ਹੋ ਕੇ 2016-17 ਵਿਚ 7.9 ਪ੍ਰਤਿਸ਼ਤ ਅਤੇ 2017-18 ਦੌਰਾਨ 8 ਪ੍ਰਤਿਸ਼ਤ ਹੋਣ ਦੀ ਉਮੀਦ ਹੈ। ਆਰਥਿਕ ਸੂਚਕ ਪਿਛਲੇ ਇਕ ਸਾਲ ਦੇ ਵਿਕਾਸ ਅੰਕੜਿਆਂ ਵਿਚ ਕਾਫ਼ੀ ਸੁਧਾਰ ਦਿਖਾ ਰਹੇ ਹਨ।

ਬਜਟ ਸੈਸ਼ਨ ਦੀ ਸ਼ੁਰੂਆਤ ਮੌਕੇ ਸੰਸਦ ਦੇ ਦੋਵੇਂ ਸਦਨਾਂ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਨੇ ਗਰੀਬ ਤੋਂ ਗਰੀਬ ਨੂੰ ਆਪਣੇ ਦਾਇਰੇ ਵਿਚ ਲੈਣ ਵਾਲੇ ਸਮੁੱਚੇ ਵਿਕਾਸ ਨੂੰ ਸਰਕਾਰ ਦੀ ਸਰਵ-ਉੱਚ ਪਹਿਲ ਦੱਸਿਆ। ਇਹ ਜ਼ੋਰ ਇਸ ਗੱਲ ਤੋਂ ਪ੍ਰਗਟ ਹੁੰਦਾ ਹੈ ਕਿ ਭਾਰਤ ਦੇ ਵਿਕਾਸ ਦੀ ਰਫ਼ਤਾਰ ਅਤੇ ਪੱਧਤੀ ਵਿਚਾਲੇ ਪਾੜਾ ਰਿਹਾ ਹੈ। ਵੱਖ-ਵੱਖ ਮੋਰਚਿਆਂ 'ਤੇ ਦੇਸ਼ ਦੀ ਤਰੱਕੀ ਸਮਾਜ ਦੇ ਹਾਸ਼ੀਏ 'ਤੇ ਰਹਿੰਦੇ ਵਰਗਾਂ ਦੀ ਜ਼ਿੰਦਗੀ ਵਿਚ ਕੋਈ ਵੱਡਾ ਸੁਧਾਰ ਨਹੀਂ ਲਿਆ ਸਕੀ। ਯੂ ਐੱਨ ਡੀ ਪੀ ਦੀ ਮਨੁੱਖੀ ਵਿਕਾਸ ਸੂਚੀ ਵਿਚ ਭਾਰਤ ਦਾ 135ਵਾਂ ਸਥਾਨ ਇਸ ਤੱਥ ਦੀ ਪੁਸ਼ਟੀ ਕਰਦਾ ਹੈ। ਭਾਰਤ ਵਿਚ ਆਰਥਿਕ ਵਿਕਾਸ ਦਾ ਦਾਇਰਾ ਵਧਾਉਣ ਅਤੇ ਵਿਕਾਸ ਪ੍ਰਕਿਰਿਆ ਦੇ ਲਾਭ ਸਾਂਝੇ ਕਰਨ ਦੀ ਲੋੜ ਮਹਿਸੂਸ ਕੀਤੀ ਜਾਂਦੀ ਰਹੀ ਹੈ ਤਾਂ ਕਿ ਇਸ ਨੂੰ ਹੋਰ ਸ਼ਮੂਲੀਅਤ ਵਾਲਾ ਬਣਾਇਆ ਜਾ ਸਕੇ। 'ਸਮੁੱਚੇ ਵਿਕਾਸ' ਦੀ ਧਾਰਨਾ ਦੀ ਕਲਪਨਾ ਪਹਿਲੀ ਵਾਰ ਗਿਆਰ੍ਹਵੀਂ ਯੋਜਨਾ ਦੇ ਦਸਤਾਵੇਜ਼ ਵਿਚ ਕੀਤੀ ਗਈ ਸੀ ਜਿਸ ਦਾ ਮੰਤਵ ਇਕ ਵਿਕਾਸ ਪ੍ਰਕਿਰਿਆ ਹਾਸਲ ਕਰਨਾ ਸੀ ਜਿਸ ਨਾਲ ਜੀਵਨ ਪੱਧਰ ਵਿਚ ਸੁਧਾਰ ਆਵੇ ਤੇ ਸਾਰਿਆਂ ਨੂੰ ਬਰਾਬਰ ਦੇ ਮੌਕੇ ਮਿਲਣ। ਬਾਰ੍ਹਵੀਂ ਯੋਜਨਾ ਦੇ ਦਸਤਾਵੇਜ਼ ਵਿਚ ਇਸ ਏਜੰਡੇ ਨੂੰ ਹੋਰ ਜ਼ੋਰ ਨਾਲ ਉਭਾਰਿਆ ਗਿਆ ਜਿਸ ਵਿਚ ਵਿਸ਼ੇਸ਼ ਤਵੱਜੋ ਗਰੀਬੀ ਘੱਟ ਕਰਨ, ਸਿਹਤ ਅਤੇ ਸਿੱਖਿਆ ਵਿਚ ਸੁਧਾਰ ਅਤੇ ਰੋਜ਼ੀ-ਰੋਟੀ ਦੇ ਮੌਕਿਆਂ ਵਲ ਦਿਤੀ ਗਈ।

ਸਮੁੱਚੇ ਵਿਕਾਸ ਦਾ ਮਤਲਬ ਹੈ ਉਹ ਵਿਕਾਸ ਜੋ ਰੁਜ਼ਗਾਰ ਦੇ ਮੌਕੇ ਪੈਦਾ ਕਰਦਾ ਹੈ ਅਤੇ ਗਰੀਬੀ ਨੂੰ ਘੱਟ ਕਰਦਾ ਹੈ। ਇਸ ਵਿਚ ਬਰਾਬਰ ਦੇ ਮੌਕੇ ਪ੍ਰਦਾਨ ਕਰਨਾ ਅਤੇ ਸਿੱਖਿਆ ਦੇ ਹੁਨਰ ਵਿਕਾਸ ਨਾਲ ਲੋਕਾਂ ਨੂੰ ਸਸ਼ਕਤ ਕਰਨਾ ਸ਼ਾਮਿਲ ਹੈ। ਸਰਕਾਰ ਨੇ ਇਸ ਨੂੰ ਯਕੀਨੀ ਬਣਾਉਣ ਲਈ ਅਨੇਕ ਪਹਿਲਕਦਮੀਆਂ ਕੀਤੀਆਂ ਹਨ ਜਿਸ ਤਹਿਤ ਸਮਾਜ ਦੇ ਛੇਕੇ ਹੋਏ ਵਰਗਾਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਜਾਵੇਗਾ ਤਾਂ ਕਿ ਉਹ ਤੇਜ਼ ਆਰਥਿਕ ਵਿਕਾਸ ਦੇ ਫ਼ਾਇਦਿਆਂ ਦਾ ਲਾਹਾ ਲੈ ਸਕਣ। ਵਿੱਤੀ ਸੰਮਿਲਨ ਲਿਆਉਣ ਲਈ ਪ੍ਰਮੁੱਖ ਕਦਮਾਂ ਵਿਚੋਂ ਇਕ ਕਦਮ – ਪ੍ਰਧਾਨ ਮੰਤਰੀ ਜਨ ਧਨ ਯੋਜਨਾ ਨੇ ਆਪਣੀ ਸ਼ੁਰੂਆਤ ਤੋਂ 10 ਮਹੀਨਿਆਂ ਦੇ ਅੰਦਰ ਸ਼ਾਨਦਾਰ ਨਤੀਜੇ ਦਿਤੇ ਹਨ। 98 ਪ੍ਰਤਿਸ਼ਤ ਪਰਿਵਾਰਾਂ ਕੋਲ ਬੈਂਕ ਖਾਤੇ ਹਨ। ਮੁਦਰਾ ਬੈਂਕ, ਸੇਤੂ, ਸਕਿੱਲ ਇੰਡੀਆ ਮਿਸ਼ਨ ਮਜ਼ਬੂਤ ਕਦਮ ਹਨ ਜਿਨ੍ਹਾਂ ਸਦਕਾ ਹੁਨਰਮੰਦ ਕਾਮਿਆਂ ਦੀ ਫੌਜ ਪੈਦਾ ਕਰਨ ਅਤੇ ਰੋਜ਼ੀ-ਰੋਟੀ ਦੇ ਮੌਕੇ ਪ੍ਰਦਾਨ ਕਰਨ ਦੀ ਆਸ ਕੀਤੀ ਜਾਂਦੀ ਹੈ। ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਸੁਰੱਖਿਆ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾਵਾਂ ਦੇਸ਼ ਵਿਚ ਸਥਾਈ ਸੁਰੱਖਿਆ ਕਵਚ ਬਣਾਉਣ ਲਈ ਸ਼ੁਰੂ ਕੀਤੀਆਂ ਗਈਆਂ ਹਨ। ਮਨਰੇਗਾ ਐਕਟ ਨੇ ਲੋਕਾਂ ਦੇ ਜੀਵਨ ਪੱਧਰ ਵਿਚ ਸੁਧਾਰ ਕੀਤਾ ਹੈ ਅਤੇ ਇਹ ਪ੍ਰਵਾਸ ਨੂੰ ਕਾਫ਼ੀ ਹੱਦ ਤਕ ਰੋਕਣ ਵਿਚ ਸਫਲ ਹੋਇਆ ਹੈ। ਕਿਸਾਨ ਕਾਰਡ, ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ, ਰਾਸ਼ਟਰੀ ਖੇਤੀ ਬਾਜ਼ਾਰ ਦਾ ਨਿਸ਼ਾਨਾ ਖੇਤੀਬਾੜੀ ਭਾਈਚਾਰੇ ਨੂੰ ਲਾਭ ਪਹੁੰਚਾਉਣਾ ਹੈ ਜੋ ਦੇਸ਼ ਦੀ ਸਮਾਜਿਕ-ਆਰਥਿਕ ਤੰਦਰੁਸਤੀ ਦਾ ਇਕ ਮਹੱਤਵਪੂਰਨ ਸੂਚਕ ਹੈ।

ਪਰ, 1.2 ਬਿਲੀਅਨ ਦੀ ਵੱਡੀ ਜਨਸੰਖਿਆ ਦੇ ਮੱਦੇਨਜ਼ਰ, ਸਭ ਤੋਂ ਵੱਡੀ ਚੁਨੌਤੀ ਵਿਕਾਸ ਦੇ ਪੱਧਰਾਂ ਨੂੰ ਸਮਾਜ ਦੇ ਸਾਰੇ ਵਰਗਾਂ ਅਤੇ ਦੇਸ਼ ਦੇ ਸਾਰੇ ਭਾਗਾਂ ਤਕ ਲਿਜਾਉਣ ਦੀ ਹੈ ਅਤੇ ਇਥੇ ਹੀ ਢੁਕਵੀਂ ਤਕਨਾਲੋਜੀ ਦੀ ਭੂਮਿਕਾ ਸਾਹਮਣੇ ਆਉਂਦੀ ਹੈ। ਇਸ ਮਹੀਨੇ ਸ਼ੁਰੂ ਕੀਤਾ ਡਿਜ਼ੀਟਲ ਭਾਰਤ ਪ੍ਰੋਗਰਾਮ ਇਨ੍ਹਾਂ ਚੁਨੌਤੀਆਂ ਦੇ ਹੱਲ ਦਾ ਪ੍ਰਸਤਾਵ ਕਰਦਾ ਹੈ ਅਤੇ ਤਕਨਾਲੋਜੀ ਨੂੰ ਪ੍ਰਭਾਵੀ ਅਤੇ ਕੁਸ਼ਲਤਾ ਨਾਲ ਵਰਤਣ ਦੀ ਗੱਲ ਕਰਦਾ ਹੈ ਤਾਂ ਕਿ ਸ਼ਾਸਨ ਅਤੇ ਸੇਵਾਵਾਂ ਆਖਰੀ ਵਿਅਕਤੀ ਤਕ ਪੁੱਜਦੇ ਕਰਕੇ ਲੋਕਾਂ ਨੂੰ ਇਸ ਦਾ ਲਾਭ ਦਿਤਾ ਜਾ ਸਕੇ। ਇਹ ਮਿਸ਼ਨ ਸਿੱਖਿਆ, ਸਿਹਤ, ਖੇਤੀਬਾੜੀ ਅਤੇ ਨਿਰਮਾਣ ਦੇ ਬੁਨਿਆਦੀ ਖੇਤਰਾਂ ਵਿਚ ਸੰਪੂਰਨ ਬਦਲਾਅ ਲਿਆਉਣ ਲਈ ਤਕਨਾਲੋਜੀ ਦੀ ਵਰਤੋਂ ਦਾ ਮੰਤਵ ਰੱਖਦਾ ਹੈ ਜਿਸ ਨਾਲ ਜੀਵਨ ਦੇ ਆਮ ਪੱਧਰ ਵਿਚ ਸੁਧਾਰ ਆ ਸਕੇ। ਭਾਰਤ ਦੀ ਆਰਥਿਕਤਾ ਦੇ ਨਵੀਂ ਦਿਸ਼ਾ ਵਲ ਜਾਣ ਨਾਲ, ਜਿਸ ਦਾ ਵੱਡਾ ਉਦੇਸ਼ 'ਸਮੁੱਚਾ ਵਿਕਾਸ' ਹੈ, ਇਹ ਆਪਣੇ ਨਾਗਰਿਕਾਂ ਲਈ ਰੁਤਬੇ ਦੀ ਬਰਾਬਰੀ ਅਤੇ ਅਸਲ ਮਾਅਨਿਆਂ ਵਿਚ ਮੌਕੇ ਸੁਰੱਖਿਅਤ ਕਰਨ ਲਈ ਤਿਆਰ-ਬਰ-ਤਿਆਰ ਹੈ। ❑❑

# ਵਿੱਤੀ ਸ਼ਮੂਲੀਅਤ ਤੇ ਸਮਾਜਿਕ ਪਰਿਵਰਤਨ

✍ ਚਰਨ ਸਿੰਘ, ਸੀ ਐੱਲ ਦਧਿਚ ਤੇ ਐੱਸ ਅਨੰਥ

ਵਿੱਤੀ ਸ਼ਮੂਲੀਅਤ ਦਾ ਮਕਸਦ ਆਸਾਨ ਸ਼ਰਤਾਂ 'ਤੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਵਿੱਤ ਮੁਹੱਈਆ ਕਰਵਾਉਣਾ ਹੈ ਤਾਂ ਕਿ ਦੇਸ਼ ਅੰਦਰ ਨਿਵੇਸ਼ ਅਤੇ ਆਰਥਿਕ ਵਿਕਾਸ ਨੂੰ ਰਫ਼ਤਾਰ ਦਿਤੀ ਜਾ ਸਕੇ। ਵਿੱਤੀ ਸ਼ਮੂਲੀਅਤ ਨਾਲ ਦੇਸ਼ ਭਰ ਵਿਚ ਬਰਾਬਰੀ ਨਾਲ ਸੁਧਰਿਆ ਹੋਇਆ ਅਤੇ ਬੇਹਤਰ ਸਮਾਜਿਕ ਵਿਕਾਸ ਸੰਭਵ ਹੁੰਦਾ ਹੈ। ਇਸ ਨਾਲ ਦਬੇ-ਕੁਚਲੇ ਲੋਕਾਂ, ਜਿਨ੍ਹਾਂ ਵਿਚ ਔਰਤਾਂ ਵੀ ਸ਼ਾਮਿਲ ਹਨ, ਦਾ ਸਸ਼ਕਤੀਕਰਨ ਹੁੰਦਾ ਹੈ ਜਿਸ ਦਾ ਉਦੇਸ਼ ਬੇਹਤਰ ਵਿੱਤੀ ਫ਼ੈਸਲੇ ਲੈਣ ਲਈ ਉਨ੍ਹਾਂ ਨੂੰ ਸਵੈ-ਨਿਰਭਰ ਅਤੇ ਜਾਗਰੂਕ ਬਣਾਉਣਾ ਹੈ। ਵਿੱਤੀ ਸ਼ਮੂਲੀਅਤ ਦਾ ਮਕਸਦ ਵੱਖ-ਵੱਖ ਤਰ੍ਹਾਂ ਦੀਆਂ ਵਿੱਤੀ ਸੇਵਾਵਾਂ, ਜਿਵੇਂ ਬਚਤ ਅਤੇ ਭੁਗਤਾਨ ਖਾਤਾ, ਕਰਜ਼ਾ, ਬੀਮਾ ਅਤੇ ਪੈਨਸ਼ਨ ਪ੍ਰਤਿ ਵਿਆਪਕ ਪਹੁੰਚ ਯਕੀਨੀ ਬਣਾਉਣਾ ਹੈ। ਵਿੱਤੀ ਸ਼ਮੂਲੀਅਤ ਦਾ ਹੋਰ ਮੰਤਵ ਵਪਾਰਕ ਮੌਕਿਆਂ, ਸਿੱਖਿਆ, ਸੇਵਾ ਮੁਕਤੀ ਅਤੇ ਜ਼ੋਖ਼ਮਾਂ ਲਈ ਬੀਮਾ, ਜਿਸ ਵਿਚ ਅਚਾਨਕ ਕਰਜ਼ਾ ਵੀ ਸ਼ਾਮਿਲ ਹੈ, ਲਈ ਸੇਵਾਵਾਂ, ਮੁਹੱਈਆ ਕਰਵਾਉਣਾ ਹੈ। ਇਸ ਤਰ੍ਹਾਂ, ਵਿੱਤੀ ਸ਼ਮੂਲੀਅਤ ਦਾ ਪ੍ਰਮੁੱਖ ਟੀਚਾ ਬੇਹਤਰ ਰਹਿਣ-ਬਹਿਣ ਅਤੇ ਵੱਡੀ ਗਿਣਤੀ ਵਿਚ ਦੇਸ਼ ਦੇ ਨਾਗਰਿਕਾਂ ਲਈ ਆਮਦਨ ਵਧਾਉਣਾ ਹੈ।

ਰਸਮੀ ਵਿੱਤੀ ਖੇਤਰ ਤਕ ਪਹੁੰਚ ਦਾ ਵਿਸਤਾਰ ਕਰਨ ਦੀ ਕੋਸ਼ਿਸ਼, ਵਿੱਤੀ ਸ਼ਮੂਲੀਅਤ ਜਿਸ ਦਾ ਇਕ ਹਿੱਸਾ ਹੈ, ਇਕ ਨਿਰੰਤਰ ਪ੍ਰਕਿਰਿਆ ਹੈ। ਸਰਕਾਰ ਅਤੇ ਭਾਰਤ ਦਾ ਰਿਜ਼ਰਵ ਬੈਂਕ ਆਜ਼ਾਦੀ ਤੋਂ ਲੈ ਕੇ ਵਿੱਤੀ ਸ਼ਮੂਲੀਅਤ ਦਾ ਵਿਸਤਾਰ ਕਰਨ ਲਈ ਠੋਸ ਯਤਨ ਕਰ ਰਹੇ ਹਨ। ਪਹਿਲੇ ਕਦਮ ਇੱਛਤ ਨਤੀਜੇ ਨਹੀਂ ਦੇ ਰਹੇ ਸਨ। ਪਰ ਪਿਛਲੇ ਮਹੀਨਿਆਂ ਦੌਰਾਨ ਭਾਰਤ ਸਰਕਾਰ ਨੇ ਨੀਤੀ ਦੀ ਸਮੀਖਿਆ ਕੀਤੀ ਹੈ, ਇਹ ਯਕੀਨੀ ਬਣਾਉਣ ਲਈ ਕਿ ਵਿੱਤੀ ਸ਼ਮੂਲੀਅਤ ਤਹਿਤ ਬੈਂਕ ਖਾਤੇ ਖੋਲ੍ਹਣਾ ਸਫਲ ਹੋਵੇ। ਪ੍ਰਧਾਨ ਮੰਤਰੀ ਜਨ ਧਨ ਯੋਜਨਾ ਨੇ ਨਤੀਜੇ ਦਿਤੇ ਹਨ ਅਤੇ ਭਾਰਤ ਦੇ ਲਗਭਗ 98 ਪ੍ਰਤਿਸ਼ਤ ਪਰਿਵਾਰਾਂ ਦੇ ਬੈਂਕਾਂ ਵਿਚ ਖਾਤੇ ਹਨ। ਕੁੱਲ ਮਿਲਾ ਕੇ ਇਹ ਯੋਜਨਾਵਾਂ, ਆਪਣੇ ਵੱਖ-ਵੱਖ ਪ੍ਰਭਾਵਾਂ ਦੇ ਹੁੰਦਿਆਂ ਵੀ, ਭਾਰਤ ਵਿਚ ਬਦਲਾਅ ਲਿਆ ਕੇ ਸਮਾਜਿਕ-ਆਰਥਿਕ ਦ੍ਰਿਸ਼ ਨੂੰ ਬਦਲ ਰਹੀਆਂ ਹਨ।

## ਵਿੱਤੀ ਸ਼ਮੂਲੀਅਤ ਦਾ ਇਤਿਹਾਸਕ ਵਿਕਾਸ

ਬਸਤੀਵਾਦੀ ਸਮਿਆਂ ਤੋਂ ਨੀਤੀ ਨਿਰਮਾਤਾ ਅਸੰਗਠਿਤ ਖੇਤਰ ਦੀ ਭੂਮਿਕਾ ਘੱਟ ਕਰਨ ਦੇ ਮੁੱਦੇ ਨਾਲ ਦੋ-ਚਾਰ ਹੁੰਦੇ ਆਏ ਹਨ। ਨਿਕੋਲਸਨ ਰਿਪੋਰਟ (1895) ਵਿਚ ਪਹਿਲੀ ਵਾਰ ਸ਼ਾਹੂਕਾਰਾਂ ਦੇ ਗਲਬੇ ਨੂੰ ਖਤਮ ਕਰਨ ਲਈ 'ਭੂਮੀ ਬੈਂਕ' ਸਥਾਪਤ ਕਰਨ ਦੀ ਤਜਵੀਜ਼ ਰੱਖੀ ਗਈ। ਸਿੱਟੇ ਵਜੋਂ, ਕੋਆਪਰੇਟਿਵ ਕ੍ਰੈਡਿਟ ਸੋਸਾਇਟੀਜ਼ ਐਕਟ, 1904, ਹੋਰ ਗੱਲਾਂ ਤੋਂ ਇਲਾਵਾ ਸਹਿਕਾਰੀ ਕਰਜ਼ਾ ਸਭਾਵਾਂ ਨੂੰ ਇਕ ਕਾਨੂੰਨੀ ਆਧਾਰ ਪ੍ਰਦਾਨ ਕਰਨ ਲਈ ਪਾਸ ਕੀਤਾ ਗਿਆ। ਵਿੱਤੀ ਸ਼ਮੂਲੀਅਤ ਵਿਚ ਫੈਲਾਅ ਦੇ ਸਿਧਾਂਤ ਨੂੰ ਆਜ਼ਾਦੀ ਤੋਂ ਮਗਰਲੇ ਸਾਲਾਂ ਵਿਚ ਬਲ ਮਿਲਿਆ ਅਤੇ ਇਸ ਤੋਂ ਇਕਦਮ ਬਾਅਦ 1951-54 ਦੇ *ਸਰਬ ਭਾਰਤੀ ਦਿਹਾਤੀ ਕਰਜ਼ਾ ਸਰਵੇਖਣ* ਤੋਂ ਬਾਅਦ ਇਹ ਸਾਹਮਣੇ ਆਇਆ ਕਿ 1950-51 ਵਿਚ ਵਪਾਰਕ ਬੈਂਕ ਕਿਸਾਨਾਂ ਨੂੰ ਕੁੱਲ ਕਰਜ਼ੇ ਦਾ ਸਿਰਫ਼ 0.9 ਪ੍ਰਤਿਸ਼ਤ ਦਿੰਦੇ ਸਨ ਜਦ ਕਿ ਖੇਤੀਬਾੜੀ ਕਰਨ ਵਾਲੇ ਸ਼ਾਹੂਕਾਰ 24.9 ਪ੍ਰਤਿਸ਼ਤ ਅਤੇ ਪੇਸ਼ਾਵਰ ਸ਼ਾਹੂਕਾਰ ਕੁੱਲ ਕਰਜ਼ੇ ਦਾ 44.8 ਪ੍ਰਤਿਸ਼ਤ ਕਿਸਾਨਾਂ ਨੂੰ ਦਿੰਦੇ ਸਨ (ਰਿਜ਼ਰਵ ਬੈਂਕ ਆਫ਼ ਇੰਡੀਆ, 2008, 2011)। ਵਿੱਤੀ ਸ਼ਮੂਲੀਅਤ ਦੇ ਪਸਾਰ ਦੀਆਂ ਸ਼ੁਰੂਆਤੀ ਕੋਸ਼ਿਸ਼ਾਂ ਵਿਚ 1955 ਦੌਰਾਨ ਭਾਰਤੀ ਸਟੇਟ ਬੈਂਕ ਦਾ ਰਾਸ਼ਟਰੀਕਰਨ ਅਤੇ 1969 ਅਤੇ 1980 ਵਿਚ ਹੋਰ ਬੈਂਕਾਂ ਦਾ ਰਾਸ਼ਟਰੀਕਰਨ ਸ਼ਾਮਿਲ ਸੀ। ਖੇਤੀਬਾੜੀ ਅਤੇ ਦਿਹਾਤੀ ਵਿਕਾਸ ਲਈ ਰਾਸ਼ਟਰੀ ਬੈਂਕ (ਨਾਬਾਰਡ) ਦੀ ਸਥਾਪਨਾ ਅਤੇ ਕੁਝ ਖੇਤਰਾਂ, ਜਿਸ ਵਿਚ ਖੇਤੀਬਾੜੀ ਸ਼ਾਮਿਲ ਹੈ, ਲਈ ਕਰਜ਼ੇ ਦੀ ਆਮਦ ਨੂੰ ਵਧਾਉਣ ਲਈ ਪਹਿਲ ਉਧਾਰ ਦੇਣ ਦੀ ਸ਼ੁਰੂਆਤ ਆਦਿ ਦੂਜੇ ਉਪਾਅ ਹਨ ਜਿਨ੍ਹਾਂ ਦਾ ਮਕਸਦ ਰਸਮੀ ਵਿੱਤੀ ਸੰਸਥਾਨਾਂ ਤਕ ਪਹੁੰਚ ਨੂੰ ਸੁਧਾਰਨਾ ਸੀ। 2005 ਵਿਚ ਰਿਜ਼ਰਵ ਬੈਂਕ ਨੇ ਬਹੁਤ ਸਾਰੇ ਉਪਰਾਲਿਆਂ ਦਾ ਐਲਾਨ ਕੀਤਾ ਜਿਸ ਵਿਚ ਹਰ ਪ੍ਰਕਾਰ ਦੀਆਂ ਵਿੱਤੀ ਸੇਵਾਵਾਂ ਪ੍ਰਦਾਨ ਕਰਨਾ ਸ਼ਾਮਿਲ ਸੀ। ਸ਼ੁਰੂਆਤ ਵਿਚ ਬੈਂਕਾਂ ਨੂੰ ਜ਼ੀਰੋ ਬੈਲੈਂਸ ਖਾਤੇ ਖੋਲ੍ਹਣ ਦੀ ਸਲਾਹ ਦਿਤੀ ਗਈ (ਜਿਸ ਨੂੰ ਅਗਸਤ 2012 ਵਿਚ ਮੁਢਲਾ ਬਚਤ ਬੈਂਕ ਜਮ੍ਹਾਂ ਖਾਤਾ ਅਤੇ ਹੁਣ ਜਨ ਧਨ ਖਾਤੇ ਦਾ ਨਾਮ ਦਿਤਾ ਗਿਆ)। ਵਿੱਤੀ ਸ਼ਮੂਲੀਅਤ ਨੂੰ ਰੰਗਾਰਾਜਨ ਕਮੇਟੀ (ਭਾਰਤ ਸਰਕਾਰ, 2008) ਦੇ ਸੁਝਾਵਾਂ ਨਾਲ ਹੋਰ ਹੁਲਾਰਾ ਮਿਲਿਆ ਜਿਸ ਵਿਚ ਬੈਂਕਿੰਗ ਸੇਵਾਵਾਂ ਦਾ ਵਿਸਥਾਰ ਕਰਨ ਲਈ ਸੁਝਾਅ ਦਿਤੇ ਗਏ ਸਨ ਜੋ ਪੈਸੇ ਜਮ੍ਹਾਂ ਕਰਨ, ਕਰਜ਼ੇ, ਲਘੂ ਬੀਮਾ ਅਤੇ ਪੈਸੇ ਭੇਜਣ ਲਈ ਗਰੀਬਾਂ ਵਾਸਤੇ ਵਿਸ਼ੇਸ਼ ਸਨ। ਸਿੱਟੇ ਵਜੋਂ, ਬੈਂਕਾਂ ਨੂੰ ਮੋਹਰੀ ਪੱਧਰ 'ਤੇ ਇਕ ਜ਼ਿਲ੍ਹਾ ਚੁਣਨ ਲਈ ਸਲਾਹ ਦਿਤੀ ਗਈ ਜਿਥੇ 100 ਪ੍ਰਤਿਸ਼ਤ ਵਿੱਤੀ ਸ਼ਮੂਲੀਅਤ ਹਾਸਲ ਕੀਤੀ ਜਾ ਸਕੇ। ਬੈਂਕਾਂ ਨੂੰ ਇਹ ਸਲਾਹਾਂ ਵੀ ਦਿਤੀਆਂ ਗਈਆਂ - (1) ਆਈ ਸੀ ਟੀ ਆਧਾਰਿਤ ਕਾਰੋਬਾਰੀ ਸੰਪਰਕ ਮਾਡਲ ਦੀ ਸ਼ੁਰੂਆਤ ਕਰਨਾ ਤਾਂ ਕਿ ਦੂਰ-ਦੁਰਾਡੇ ਪਿੰਡਾਂ ਵਿਚ ਲੋਕਾਂ ਦੇ ਦਰਾਂ 'ਤੇ ਘੱਟ ਲਾਗਤ

ਵਾਲੀਆਂ ਬੈਂਕਿੰਗ ਸੇਵਾਵਾਂ ਦਿਤੀਆਂ ਜਾ ਸਕਣ, (2) ਬੋਰਡ ਵਲੋਂ ਪ੍ਰਵਾਨਤ ਵਿੱਤੀ ਸ਼ਮੂਲੀਅਤ ਯੋਜਨਾ ਜੋ 2010 ਤੋਂ ਸ਼ੁਰੂ ਹੋ ਕੇ ਤਿੰਨ ਸਾਲ ਲਈ ਸੀ, (3) 2012 ਤਕ 2000 ਆਬਾਦੀ ਵਾਲੇ ਅਤੇ 2013 ਤਕ 1000 ਤੋਂ 2000 ਜਨਸੰਖਿਆ ਵਾਲੇ ਸਾਰੇ ਪਿੰਡਾਂ ਨੂੰ ਦਾਇਰੇ ਵਿਚ ਲਿਆਉਣ ਲਈ ਖ਼ਾਕਾ ਤਿਆਰ ਕਰਨਾ, (4) ਘੱਟੋ-ਘੱਟ 4 ਬੈਂਕਿੰਗ ਉਤਪਾਦਾਂ ਦੀ ਉਪਲਬਧਤਾ, ਅਤੇ (5) ਬੈਂਕਾਂ ਤੋਂ ਸੱਖਣੇ ਦਿਹਾਤੀ ਖੇਤਰਾਂ ਵਿਚ ਘੱਟੋ-ਘੱਟ 25 ਪ੍ਰਤਿਸ਼ਤ ਨਵੀਆਂ ਸ਼ਾਖਾਵਾਂ ਖੋਲ੍ਹਣੀਆਂ।

ਦੂਸਰੇ ਪ੍ਰਮੁੱਖ ਉਪਰਾਲਿਆਂ ਵਿਚ ਕਿਸਾਨ/ਆਮ ਕ੍ਰੈਡਿਟ ਕਾਰਡ ਦੇਣਾ ਸ਼ਾਮਿਲ ਸੀ। ਹਾਲ ਹੀ ਦੇ ਉਪਰਾਲਿਆਂ ਵਿਚ ਲਘੂ ਇਕਾਈਆਂ ਦੇ ਵਿਕਾਸ ਲਈ ਪੁਨਰ ਵਿੱਤੀਕਰਨ ਏਜੰਸੀ (ਮੁਦਰਾ) ਬੈਂਕ ਦੀ ਸਥਾਪਨਾ, ਛੋਟੇ ਉੱਦਮੀਆਂ ਨੂੰ ਕਰਜ਼ਾ ਮੁਹੱਈਆ ਕਰਵਾਉਣ ਵੱਲ ਧਿਆਨ ਦੇਣਾ ਜਿਨ੍ਹਾਂ ਦੀਆਂ ਵਿੱਤੀ ਲੋੜਾਂ 10 ਲੱਖ ਤੋਂ ਵੱਧ ਨਹੀਂ, ਆਦਿ ਸ਼ਾਮਿਲ ਹਨ। 20,000 ਕਰੋੜ ਰੁਪਏ ਦੇ ਸ਼ੁਰੂਆਤੀ ਅਸਾਸਿਆਂ ਅਤੇ 3000 ਕਰੋੜ ਰੁਪਏ ਦੀ ਕ੍ਰੈਡਿਟ ਗਰੰਟੀ ਫ਼ੰਡ ਨਾਲ, ਇਹ ਉਨ੍ਹਾਂ ਵਿੱਤੀ ਸੰਸਥਾਨਾਂ ਦੀ ਮਦਦ ਅਤੇ ਪੁਨਰ ਵਿੱਤੀਕਰਨ ਕਰੇਗਾ ਜੋ ਭਾਰਤ ਵਿਚ ਲਘੂ ਉੱਦਮਾਂ ਦਾ ਵਿੱਤੀਕਰਨ ਕਰਦੇ ਹਨ। ਪਰ, ਵੱਖ-ਵੱਖ ਕੋਸ਼ਿਸ਼ਾਂ ਦੇ ਬਾਵਜੂਦ, ਪੇਂਡੂ ਖੇਤਰਾਂ ਵਿਚ ਕਰਜ਼ੇ ਦੇ ਰਸਮੀ ਸਰੋਤਾਂ ਦਾ ਵਿਸਤਾਰ ਮੱਠਾ ਰਿਹਾ ਹੈ। ਸਰਬ ਭਾਰਤੀ ਕਰਜ਼ਾ ਅਤੇ ਨਿਵੇਸ਼ ਸਮੀਖਿਆ (ਏ ਆਈ ਡੀ ਆਈ ਐੱਸ 2013) ਇਸ਼ਾਰਾ ਕਰਦੀ ਹੈ ਕਿ ਵਿੱਤੀ ਏਜੰਸੀਆਂ ਦੇ ਕਰਜ਼ਦਾਰ ਪਰਿਵਾਰ ਦੀ ਪ੍ਰਤਿਸ਼ਤ 17.2 ਹੈ ਜਦ ਕਿ ਗ਼ੈਰ-ਸੰਸਥਾਗਤ ਏਜੰਸੀਆਂ ਦੇ ਕਰਜ਼ਦਾਰਾਂ ਦੀ ਪ੍ਰਤਿਸ਼ਤ 19 ਹੈ। ਇਸ ਤਰ੍ਹਾਂ, ਪੇਂਡੂ ਖੇਤਰਾਂ ਵਿਚ ਸੰਗਠਿਤ ਖੇਤਰ ਅਤੇ ਵੱਖ-ਵੱਖ ਯੋਜਨਾਵਾਂ ਦਾ ਪਸਾਰ ਸ਼ਾਹੂਕਾਰਾਂ ਨੂੰ ਜੜ੍ਹੋਂ ਕੱਢਣ ਵਿਚ ਸਫਲ ਨਹੀਂ ਹੋ ਸਕਿਆ ਜੋ ਕਰਜ਼ੇ ਦੇ ਮੁੱਖ ਸਰੋਤ ਹਨ। ਅਨੰਥ ਅਤੇ ਓਨਕੂ (2013) ਨੇ ਬਹੁਤ ਸਾਰੇ ਕਾਰਨ ਦੱਸੇ ਹਨ ਜੋ ਗਰੀਬਾਂ ਦਰਮਿਆਨ ਰਸਮੀ ਬੈਂਕਿੰਗ ਸੇਵਾਵਾਂ ਦੇ ਪਸਾਰ ਵਿਚ ਰੋੜਾ ਬਣਦੇ ਹਨ। ਸਿੰਘ ਅਤੇ ਨਾਇਕ (2015) ਗੱਬੀ (2014) ਦੁਆਰਾ ਸਾਲ ਦੇ ਆਰੰਭ ਵਿਚ ਕੀਤੇ ਸਰਵੇ ਦੇ ਨਤੀਜਿਆਂ ਨੂੰ ਬਿਆਨ ਕਰਕੇ, ਆਪਣੇ ਅਨੁਭਵ ਅਨੁਸਾਰ ਵਿੱਤੀ ਸ਼ਮੂਲੀਅਤ ਦੀਆਂ ਮੰਗ ਤੇ ਪੂਰਤੀ ਦੀਆਂ

ਤਾਲਿਕਾ-1 ਪ੍ਰਧਾਨ ਮੰਤਰੀ ਜਨ ਧਨ ਯੋਜਨਾ — ਕਰੋੜਾਂ ਵਿਚ ਅੰਕੜੇ

| | ਖੋਲ੍ਹੇ ਗਏ ਖਾਤਿਆਂ ਦੀ ਸੰਖਿਆ | | | ਰੁਪਏ ਕ੍ਰੈਡਿਟ ਕਾਰਡ ਦੀ ਸੰਖਿਆ | ਖਾਤਿਆਂ ਵਿਚ ਬਕਾਇਆ ਰਾਸ਼ੀ | ਜ਼ੀਰੋ ਬੈਲੈਂਸ ਖਾਤਿਆਂ ਦੀ ਪ੍ਰਤਿਸ਼ਤ |
|---|---|---|---|---|---|---|
| | ਪੇਂਡੂ | ਸ਼ਹਿਰੀ | ਕੁੱਲ | | | |
| ਜਨਤਕ ਖੇਤਰ ਦੇ ਬੈਂਕ | 6.9 | 5.8 | 12.7 | 11.9 | 14357.5 | 52.3 |
| ਨਿੱਜੀ ਬੈਂਕ | 2.5 | 0.4 | 2.9 | 2.1 | 3258.5 | 52.1 |
| ਖੇਤਰੀ ਦਿਹਾਤੀ ਬੈਂਕ | 0.4 | 0.3 | 0.7 | 0.6 | 1068.6 | 49.3 |
| ਕੁੱਲ | 9.79 | 6.5 | 16.3 | 14.5 | 18684.6 | 52.2 |

*ਸਰੋਤ : ਭਾਰਤ ਸਰਕਾਰ (2015)*

**ਤਾਲਿਕਾ-2 ਵਿੱਤੀ ਸ਼ਮੂਲੀਅਤ ਦੀ ਪ੍ਰਗਤੀ : ਬੈਂਕਾਂ ਅਤੇ ਆਰ ਆਰ ਬੀ ਐੱਸ**

| ਵੇਰਵੇ | ਸਾਲ ਖਤਮ 2010 | ਸਾਲ ਖਤਮ 2011 | ਸਾਲ ਖਤਮ 2012 | ਸਾਲ ਖਤਮ 2013 | ਸਾਲ ਖਤਮ 2014 |
|---|---|---|---|---|---|
| ਪਿੰਡਾਂ ਵਿਚ ਬੈਂਕਾਂ ਦੀਆਂ ਦੁਕਾਨਾਂ | | | | | |
| (ੳ) ਸ਼ਾਖਾਵਾਂ | 33,378 | 34,811 | 37,471 | 40,837 | 46,126 |
| (ਅ) ਸ਼ਾਖਾ ਤੋਂ ਬਿਨਾਂ | 34,316 | 81,397 | 1,44,282 | 2,27,617 | 3,37,678 |
| **(ਈ) ਕੁੱਲ** | **67,694** | **1,16,208** | **1,81,753** | **2,68,454** | **3,83,804** |
| ਕਾਰੋਬਾਰੀ ਸੰਪਰਕ ਰਾਹੀਂ ਸ਼ਹਿਰੀ ਸਥਾਨ | 447 | 3,771 | 5,891 | 27,143 | 60,730 |
| **ਬੁਨਿਆਦੀ ਬਚਤ ਜਮ੍ਹਾਂ ਖਾਤਾ ਸ਼ਾਖਾਵਾਂ** | | | | | |
| ੳ) ਸੰਖਿਆ (ਮਿਲੀਅਨ ਵਿਚ) | 60.19 | 73.13 | 81.20 | 100.80 | 126.00 |
| ਅ) ਰਕਮ (ਬਿਲੀਅਨ ਰੁਪਏ ਵਿਚ) | 44.33 | 57.89 | 109.87 | 164.69 | 272.30 |
| **ਬੁਨਿਆਦੀ ਬਚਤ ਜਮ੍ਹਾਂ ਖਾਤਿਆਂ ਵਿਚ** | | | | | |
| ੳ) ਸੰਖਿਆ (ਮਿਲੀਅਨ ਵਿਚ) | 13.27 | 31.63 | 57.30 | 81.27 | 116.90 |
| ਅ) ਰਕਮ (ਬਿਲੀਅਨ ਰੁਪਏ ਵਿਚ) | 10.69 | 18.23 | 10.54 | 18.22 | 39.00 |
| **ਬੁਨਿਆਦੀ ਬਚਤ ਜਮ੍ਹਾਂ ਖਾਤਿਆਂ ਵਿਚ ਓਵਰਡ੍ਰਾਫਟ ਸਹੂਲਤ ਦਾ ਫ਼ਾਇਦਾ** | | | | | |
| ੳ) ਸੰਖਿਆ (ਮਿਲੀਅਨ ਵਿਚ) | 0.18 | 0.61 | 2.71 | 3.92 | 5.90 |
| ਅ) ਰਕਮ (ਬਿਲੀਅਨ ਰੁਪਏ ਵਿਚ) | 0.10 | 0.26 | 1.08 | 1.55 | 16.00 |
| **ਕੇ ਸੀ ਸੀ** | | | | | |
| ੳ) ਸੰਖਿਆ (ਮਿਲੀਅਨ ਵਿਚ) | 24.31 | 27.11 | 30.24 | 33.79 | 39.90 |
| ਅ) ਰਕਮ (ਬਿਲੀਅਨ ਰੁਪਏ ਵਿਚ) | 1240.10 | 1600.05 | 2068.39 | 2623.00 | 2684.50 |
| **ਕੇ ਸੀ ਸੀ** | | | | | |
| ੳ) ਸੰਖਿਆ (ਮਿਲੀਅਨ ਵਿਚ) | 1.40 | 1.70 | 2.11 | 3.60 | 7.40 |
| ਅ) ਰਕਮ (ਬਿਲੀਅਨ ਰੁਪਏ ਵਿਚ) | 35.10 | 35.07 | 41.84 | 76.30 | 1096.90 |

*ਸਰੋਤ : ਭਾਰਤ ਸਰਕਾਰ (2014 ਸੀ), ਆਰ ਬੀ ਆਈ (2013,2014, 2015)*

ਸਮੱਸਿਆਵਾਂ ਦੀ ਪੜਚੋਲ ਕਰਦੇ ਹਨ। ਇਸ ਸੰਦਰਭ ਵਿਚ, ਪ੍ਰਧਾਨ ਮੰਤਰੀ ਜਨ ਧਨ ਯੋਜਨਾ ਪਿਛਲੇ ਉਪਰਾਲਿਆਂ ਨਾਲੋਂ ਨਾ ਸਿਰਫ਼ ਇਸ ਕਰਕੇ ਵੱਖਰੀ ਹੈ ਕਿ ਇਹ ਮਿਸ਼ਨ ਦੇ ਤਰੀਕੇ ਦੀ ਪਹਿਲਕਦਮੀ ਰਾਹੀਂ ਵਿੱਤੀ ਸ਼ਮੂਲੀਅਤ ਨੂੰ ਅਮਲ ਵਿਚ ਲਿਆਉਣਾ ਚਾਹੁੰਦੀ ਹੈ, ਪਰ ਇਸ ਤਹਿਤ ਰੁਪਏ ਡੈਬਿਟ ਕਾਰਡ, ਲਘੂ ਬੀਮਾ ਵੀ ਦਿਤਾ ਜਾਂਦਾ ਹੈ ਅਤੇ ਜ਼ਿਆਦਾ ਪਿੰਡਾਂ ਨੂੰ ਦਾਇਰੇ ਹੇਠ ਲਿਆਉਣ ਦੀ ਬਜਾਇ ਜ਼ਿਆਦਾ ਘਰਾਂ ਨੂੰ ਇਸ ਦੇ ਦਾਇਰੇ ਵਿਚ ਲਿਆਉਣਾ ਸ਼ਾਮਿਲ ਹੈ। ਸ਼ੁਰੂਆਤ ਸਮੇਂ ਜਨ ਧਨ ਯੋਜਨਾ ਤਹਿਤ 26 ਜਨਵਰੀ, 2015 ਤਕ 7.5 ਕਰੋੜ ਬੈਂਕ ਖਾਤੇ ਖੋਲ੍ਹਣ ਦਾ ਟੀਚਾ ਸੀ ਪਰ ਇਸ ਵਿਚ ਬੇਮਿਸਾਲ ਸਫਲਤਾ ਹਾਸਲ ਹੋਈ (ਤਾਲਿਕਾ-1)

## ਵਿੱਤੀ ਸ਼ਮੂਲੀਅਤ ਦਾ ਸਮਾਜਿਕ-ਆਰਥਿਕ ਪ੍ਰਭਾਵ

ਸ਼ਮੂਲੀਅਤ ਦੇ ਸਾਧਾਰਨ ਬੈਂਕਿੰਗ ਤੋਂ ਅਗਾਂਹ ਵੀ ਪ੍ਰਭਾਵ ਹਨ। ਪਿਛਲੇ ਦੋ ਦਹਾਕਿਆਂ ਵਿਚ ਇਹ ਸਪੱਸ਼ਟ ਹੋ ਗਿਆ ਹੈ ਕਿ ਆਰਥਿਕ ਵਿਕਾਸ ਲਈ ਵਿਸ਼ਾਲ ਬੈਂਕਿੰਗ ਖੇਤਰ ਦੇ ਨਿਰਮਾਣ ਅਤੇ ਪਸਾਰ ਦੀ ਜ਼ਰੂਰਤ ਹੈ। ਇਤਿਹਾਸਕ ਤੌਰ

ਤੇ, ਆਰਥਿਕ ਬਦਲਾਅ ਹਮੇਸ਼ਾ ਸਮਾਜਿਕ ਬਦਲਾਅ ਦਾ ਕਾਰਨ ਬਣੇ ਹਨ। ਸ਼ਮੂਲੀਅਤ ਦੇ ਫ਼ੈਲਾਅ ਲਈ ਬਲ ਦੇਣ ਨਾਲ ਵੱਡੇ ਆਰਥਿਕ ਤੇ ਸਮਾਜਿਕ ਬਦਲਾਅ ਆਏ ਹਨ। ਦਿਹਾਤੀ ਭਾਰਤ ਗਹਿਰੇ ਬਦਲਾਅ ਵੇਖ ਰਿਹਾ ਹੈ ਜਿਸ ਵਿਚ ਖੇਤੀਬਾੜੀ ਦਾ ਮਸ਼ੀਨੀਕਰਨ, ਆਵਾਜਾਈ, ਸੰਚਾਰ ਵਿਚ ਸੁਧਾਰ ਤੇ ਦੂਜੇ ਤਕਨੀਕੀ ਬਦਲਾਅ ਸ਼ਾਮਿਲ ਹਨ। ਸਮਾਜਿਕ-ਆਰਥਿਕ ਬਦਲਾਵਾਂ ਨੂੰ ਬੈਂਕਾਂ ਦੇ ਲੈਣ-ਦੇਣ ਵਿਚ ਤੇਜ਼ ਵਾਧੇ ਨਾਲ ਦਿਖਾਇਆ ਗਿਆ ਹੈ (ਦੇਖੋ, ਤਾਲਿਕਾ-2)।

ਜਨ ਧਨ ਦਾ ਸੰਭਾਵਿਤ ਸਮਾਜਿਕ ਪ੍ਰਭਾਵ ਵਿਆਪਕ ਸਮਾਜਿਕ ਸੁਰੱਖਿਆ ਤਾਣਾ-ਬਾਣਾ ਬਣਾਉਣ ਦੀ ਕਾਬਲੀਅਤ ਦੇ ਨਾਲ ਹੀ ਤਿੰਨ ਸਹਿਣ ਯੋਗ ਸਮਾਜਿਕ ਸੁਰੱਖਿਆ ਯੋਜਨਾਵਾਂ ਹਨ : ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾ। ਲਗਭਗ 10.4 ਕਰੋੜ ਵਿਅਕਤੀ ਇਨ੍ਹਾਂ ਯੋਜਨਾਵਾਂ ਦੇ ਦਾਇਰੇ ਹੇਠ ਆਉਂਦੇ ਹਨ (ਭਾਰਤ ਸਰਕਾਰ, 2015 ਬੀ) ਪ੍ਰਧਾਨ ਮੰਤਰੀ ਜਨ ਧਨ ਯੋਜਨਾ ਨੂੰ ਕੇਂਦਰ ਬਿੰਦੂ ਮੰਨ ਕੇ, ਇਹ ਯੋਜਨਾਵਾਂ ਉਸ ਤਰੀਕੇ ਨੂੰ ਬਦਲ ਸਕਦੀਆਂ ਹਨ, ਜਿਨ੍ਹਾਂ ਤਹਿਤ, ਸਮਾਨਾਂਤਰ ਰੂਪ ਵਿਚ ਅਸੰਗਠਿਤ ਖੇਤਰ ਵਿਚ ਕੰਮ ਕਰ ਰਹੇ ਗਰੀਬ ਲੋਕਾਂ ਲਈ ਸਮਾਜਿਕ ਸੁਰੱਖਿਆ ਦਾ ਤਾਣਾ-ਬਾਣਾ ਬਣਾ ਕੇ, ਨਾਗਰਿਕਾਂ ਨੂੰ ਲਾਭ ਮੁਹੱਈਆ ਕਰਵਾਏ ਜਾਂਦੇ ਹਨ।

ਤਕਨਾਲੋਜੀ ਵਿੱਤੀ ਸ਼ਮੂਲੀਅਤ ਵਿਚ ਮੋਹਰੀ ਰਹੀ ਹੈ, ਖ਼ਾਸ ਕਰਕੇ 2010 ਤੋਂ ਬਾਅਦ। ਤਕਨਾਲੋਜੀਕਲ ਤਰੱਕੀ ਅਤੇ ਤਕਨਾਲੋਜੀ ਨਿਵੇਸ਼/ਹੱਲ ਦਾ ਲਗਾਤਾਰ ਘੱਟ ਹੋਣਾ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਲਈ ਆਸ ਦੀ ਕਿਰਨ ਪੈਦਾ ਕਰਦਾ ਹੈ। ਜਨ ਧਨ, ਆਧਾਰ ਅਤੇ ਮੋਬਾਈਲ (ਜੇ ਏ ਐੱਮ), ਕ੍ਰੈਡਿਟ ਕਾਰਡ ਅਤੇ ਡੈਬਿਟ ਕਾਰਡ ਦੇ ਇਸਤੇਮਾਲ ਨਾਲ ਪ੍ਰਸਤਾਵਿਤ ਰਿਆਇਤਾਂ ਨਾਲ ਮਿਲ ਕੇ ਇਕ ਅਨੋਖਾ ਮੌਕਾ ਪ੍ਰਦਾਨ ਕਰਦੇ ਹਨ ਜੋ ਸਾਡੀ ਆਰਥਿਕਤਾ ਅਤੇ ਸਮਾਜ ਵਿਚ ਮਿਸਾਲੀ ਬਦਲਾਅ ਲਿਆਉਣ ਵਿਚ ਸਹਾਈ ਹੋ ਸਕਦੇ ਹਨ। ਬੈਂਕਿੰਗ ਖੇਤਰ ਦਾ ਵਿਸਥਾਰ ਅਤੇ ਵੱਖ-ਵੱਖ ਰਾਜ ਸਰਕਾਰਾਂ ਵਲੋਂ ਸੂਚਨਾ ਅਤੇ ਦੂਰਸੰਚਾਰ ਤਕਨਾਲੋਜੀਆਂ ਵਿਚ ਨਿਵੇਸ਼, ਜੋ ਆਧਾਰ ਦੇ ਜਾਰੀ ਹੋਣ ਨਾਲ ਸਰਕਾਰੀ ਸੇਵਾਵਾਂ ਦੇਣ ਵਿਚ ਸੁਧਾਰ ਲਈ ਹੈ, ਇਕ ਵਧੀਆ ਮੌਕਾ ਪ੍ਰਦਾਨ ਕਰਦਾ ਹੈ ਜੋ ਹੁਣ ਤਕ ਬੇਪਛਾਣ ਸੀ ਮੌਕਾ ਸੀ ਜਿਸ ਅਧੀਨ ਡਿਜ਼ੀਟਲ ਵਾਤਾਵਰਨ ਲਈ ਇਕ ਢਾਂਚਾ ਤਿਆਰ ਕੀਤਾ ਜਾ ਸਕੇ। ਸਾਡੇ ਹਕੀਕੀ ਅਧਿਐਨ ਤੋਂ ਪ੍ਰਾਪਤ ਅਸਲ ਸਬੂਤ ਸੰਕੇਤ ਦਿੰਦੇ ਹਨ ਕਿ ਜਨ ਧਨ ਦੇ ਵਿਸਥਾਰ ਅਤੇ ਇਸ ਤੱਥ ਦੇ ਚਲਦਿਆਂ ਕਿ ਦਿਹਾਤੀ ਪਰਿਵਾਰ ਆਪਣਾ ਪੈਸਾ 25 ਵਰਗ ਕਿਲੋਮੀਟਰ ਦੇ ਦਾਇਰੇ ਅੰਦਰ ਖਰਚ ਕਰਦੇ ਹਨ, ਅਜਿਹਾ ਹੋਣਾ ਮੁਸ਼ਕਿਲ ਨਹੀਂ ਹੈ। ਭਾਰਤ ਦਾ ਆਰਥਿਕ ਜੁਗਰਾਫ਼ੀਆ ਅਜਿਹਾ ਹੈ ਕਿ ਵੱਡੀ ਗਿਣਤੀ ਪਿੰਡ ਕਿਸੇ ਕਸਬੇ ਦੇ 5 ਤੋਂ 25 ਕਿਲੋਮੀਟਰ ਦੇ ਦਾਇਰੇ ਵਿਚ ਆਉਂਦੇ ਹਨ।

ਜਨ ਧਨ ਖ਼ਾਤਿਆਂ ਦੀ ਪਹੁੰਚ ਇਨ੍ਹਾਂ ਖ਼ਾਤਿਆਂ ਨੂੰ ਇਕ ਆਧਾਰ ਬਣਾਉਣ ਦਾ ਮੌਕਾ ਪ੍ਰਦਾਨ ਕਰਦੀ ਹੈ ਜਿਸ ਦੁਆਲੇ ਇਕ ਵੱਡਾ ਤਾਣਾ-ਬਾਣਾ ਖੜ੍ਹਾ ਕੀਤਾ ਜਾ ਸਕਦਾ ਹੈ ਜੋ ਵਰਤੋਂਕਾਰਾਂ ਨੂੰ ਛੋਟੇ ਵਪਾਰਾਂ ਨਾਲ ਜੋੜਦਾ ਹੈ - ਜਿਨ੍ਹਾਂ ਵਿਚੋਂ ਬਹੁਤਿਆਂ ਦੀ ਰਸਮੀ ਬੈਂਕਿੰਗ ਪ੍ਰਣਾਲੀ ਤਕ ਪਹੁੰਚ ਹੈ। ਆਧਾਰ 'ਤੇ ਆਧਾਰਿਤ ਮਾਈਕ੍ਰੋ- ਏ ਟੀ ਐੱਮ (ਕਾਰੋਬਾਰੀ ਸੰਪਰਕ ਬਿੰਦੂ) ਰੁਪਏ ਕਾਰਡ ਨੂੰ ਵਰਤਣ ਦਾ ਇਕ ਮੌਕਾ ਦਿੰਦੇ ਹਨ, ਜਿਨ੍ਹਾਂ ਦਾ ਪ੍ਰਮਾਣੀਕਰਨ ਨਗਦੀ ਰਹਿਤ ਖਰੀਦਾਰੀ ਕਰਨ ਲਈ ਬਾਇਓਮੀਟਰਿਕ ਨਾਲ ਕੀਤਾ ਜਾਂਦਾ ਹੈ। ਪਰ, ਇਸ ਲਈ ਕਈ ਅਗਾਊਂ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ। ਇਸ ਲਈ ਬੈਂਕਾਂ ਨੂੰ ਇਕ ਪ੍ਰਣਾਲੀ ਵਿਕਸਤ ਕਰਨੀ ਪਵੇਗੀ ਜੋ ਤੁਰੰਤ ਪੈਸੇ ਦੀ ਤਬਦਲੀ ਨੂੰ ਸੰਭਵ ਬਣਾਏਗੀ - ਇਹ ਕੋਈ ਸਮੱਸਿਆ ਨਹੀਂ ਹੋਵੇਗੀ ਜੋ ਰੁਪਏ ਕਾਰਡ ਨੂੰ ਅੰਦਰੂਨੀ ਫੌਰੀ ਭੁਗਤਾਨ ਸੇਵਾ ਪੰਜੀਕਰਨ (ਆਈ ਐੱਮ ਪੀ ਐੱਸ) ਅਤੇ ਨੇੜਲਾ ਖੇਤਰ ਸੰਚਾਰ ਸਹੂਲਤ (ਐੱਨ ਐੱਫ ਸੀ) ਮੁਹੱਈਆ ਕਰਵਾਏ ਜਾਣਗੇ। ਅਜਿਹੇ ਡਿਜ਼ੀਟਲ ਵਾਤਾਵਰਨ ਵਿਚ ਅਜਿਹਾ ਸਮਾਜ ਸਿਰਜਣ ਦੀ ਕਾਬਲੀਅਤ ਹੈ ਜਿਥੇ ਇਲੈਕਟ੍ਰਾਨਿਕ ਭੁਗਤਾਨ ਨਗਦੀ ਦੀ ਥਾਂ ਲੈ ਸਕਦੇ ਹਨ। ਤਕਨਾਲੋਜੀ ਵਿਕਾਸ ਅਤੇ ਮੋਬਾਈਲ ਫ਼ੋਨ ਦੀ ਕ੍ਰਾਂਤੀ ਨੇ ਭਾਰਤ ਵਰਗੇ ਦੇਸ਼ ਅੰਦਰ ਆਸ਼ਾਵਾਦ ਦੇ ਮਾਹੌਲ ਦੀ ਜ਼ਮੀਨ ਤਿਆਰ ਕਰ ਦਿਤੀ ਹੈ ਜਿਸ ਦੀ ਜਨਸੰਖਿਆ ਦਾ ਵੱਡਾ ਹਿੱਸਾ ਅਨਪੜ੍ਹ ਹੈ। ਅਜਿਹਾ ਹੀ ਇਕ ਤਕਨਾਲੋਜੀਕਲ ਵਿਕਾਸ ਅਮਰੀਕਾ ਵਲੋਂ ਸੈਮਸੰਗ ਨੂੰ ਹਾਲ ਹੀ ਵਿਚ ਪ੍ਰਦਾਨ ਕੀਤਾ ਗਿਆ ਪੇਟੈਂਟ ਹੈ ਜੋ ਫ਼ੋਨ ਦੀ ਯਾਦਾਸ਼ਤ ਵਿਚ ਸੰਭਾਲੇ ਉਂਗਲੀਆਂ ਦੇ ਨਿਸ਼ਾਨਾਂ ਨਾਲ ਮਿਲਾ ਕੇ ਬਿਨਾਂ ਸੰਪਰਕ ਦੇ ਪ੍ਰਮਾਣੀਕਰਨ ਦੀ ਸਹੂਲਤ ਦਿੰਦਾ ਹੈ।

ਕਾਰੋਬਾਰੀ ਸੰਪਰਕ ਮਾਡਲ ਨੂੰ ਸਮਾਜ ਵਲੋਂ ਤੇਜ਼ੀ ਨਾਲ ਅਪਣਾਇਆ ਗਿਆ ਹੈ, ਖ਼ਾਸ ਕਰਕੇ ਜਦੋਂ ਇਹ ਪ੍ਰਭਾਵੀ ਰੂਪ ਵਿਚ ਕੰਮ ਕਰਦਾ ਹੈ, ਜੋ ਅਪੂਰਨ ਰਸਮੀ ਵਿੱਤੀ ਸੇਵਾਵਾਂ ਦਾ ਸੂਚਕ ਹੈ। ਬੈਂਕਾਂ ਦੀ ਘਾਟ ਵਾਲੇ ਖੇਤਰਾਂ ਵਿਚ ਤਿੰਨ ਫੌਰੀ ਤੇ ਸਪੱਸ਼ਟ ਲਾਭ ਹਨ - ਸਹੂਲਤ, ਘੱਟ ਲੈਣ-ਦੇਣ ਲਾਗਤਾਂ ਅਤੇ ਸੁਧਰੇ ਹੋਏ ਬੈਂਕਿੰਗ ਸੰਬੰਧ ਜੋ ਕਰਜ਼ੇ ਦੀ ਵੱਧ ਵਸੂਲੀ ਦੇ ਰੂਪ ਵਿਚ ਸਪੱਸ਼ਟ ਨਜ਼ਰ ਆ ਰਹੇ ਹਨ। ਬੈਂਕਿੰਗ ਦੇ ਵਿਸਥਾਰ ਦਾ ਕੁੱਲ ਪ੍ਰਭਾਵ, ਭਾਵੇਂ ਵੱਡੇ ਪੱਧਰ 'ਤੇ ਇਸ ਦੀ ਮਾਤਰਾ ਨਿਸ਼ਚਿਤ ਨਹੀਂ ਕੀਤੀ ਗਈ, ਉਹ ਇਹ ਹੈ ਕਿ ਇਸ ਨੇ ਵੱਖ-ਵੱਖ ਸੇਵਾਵਾਂ ਦੀ ਲਾਗਤ ਘੱਟ ਕਰ ਦਿਤੀ ਹੈ ਜੋ ਪਿਛਲੇ ਸਮੇਂ ਵਿਚ ਗ਼ੈਰ ਰਸਮੀ ਸੇਵਾ ਪ੍ਰਦਾਨ ਕਰਨ ਵਾਲਿਆਂ ਵਲੋਂ ਦਿਤੀਆਂ ਜਾਂਦੀਆਂ ਹਨ। ਤੇਲੰਗਾਨਾ ਦੇ ਮਹਿਬੂਬਨਗਰ ਜ਼ਿਲ੍ਹੇ ਵਿਚ ਗ਼ੈਰ ਰਸਮੀ ਪੈਸੇ ਤਬਦੀਲ ਕਰਨ ਵਾਲੇ ਦਲਾਲ ਲੋਪ ਹੋ ਗਏ ਹਨ ਜਿਸ ਦਾ ਮੁੱਖ ਕਾਰਨ ਏ ਟੀ ਐੱਮ ਅਤੇ ਕਾਰੋਬਾਰੀ ਸੰਪਰਕਾਂ ਦਾ ਵਾਧਾ ਹੈ। ਇਸੇ ਤਰ੍ਹਾਂ ਹੀ ਪਿਛਲੇ ਚਾਰ ਸਾਲਾਂ ਦੌਰਾਨ ਪੈਸੇ ਭੇਜਣ ਦੀ ਲਾਗਤ ਵਿਚ ਵੱਡੀ ਕਮੀ ਆਈ ਹੈ ਕਿਉਂਕਿ ਤੁਰੰਤ ਪੈਸੇ ਹਸਤਾਂਤ੍ਰਿਤ ਕਰਨ ਲਈ ਬੈਂਕਾਂ ਕੋਰ ਬੈਂਕਿੰਗ ਸਲਿਊਸ਼ਨਜ਼ (ਸੀ ਬੀ ਐੱਸ) ਵਿਚ ਨਿਵੇਸ਼ ਕਰ ਰਹੀਆਂ ਹਨ। ਬਹੁਤ ਸਾਰੇ ਪਿੰਡਾਂ ਵਿਚ ਕਾਰੋਬਾਰੀ ਸੰਪਰਕ ਬੈਂਕਾਂ ਨੂੰ ਮਿਆਦੀ ਜਮ੍ਹਾਂ ਰਾਸ਼ੀ ਜੁਟਾਉਣ ਵਿਚ ਮਦਦ ਕਰਦੇ ਹਨ ਜੋ ਆਮ ਹਾਲਤਾਂ ਵਿਚ ਗ਼ੈਰ ਰਸਮੀ ਨਿਵੇਸ਼ ਅਤੇ ਸ਼ੱਕੀ ਸਕੀਮਾਂ ਵਿਚ ਚਲਾ ਜਾਂਦਾ ਹੈ। ਇਸ ਖੇਤਰ ਵਿਚ ਵਧੇਰੇ ਸਫਲਤਾ ਭਾਰਤ ਨੂੰ ਪਹਿਲੀ ਵਾਰ ਰਸਮੀ ਖੇਤਰ ਰਾਹੀਂ ਬਚਤਾਂ ਦਾ ਮੌਕਾ ਪ੍ਰਦਾਨ ਕਰੇਗੀ ਜਿਸ ਨਾਲ ਇਕ ਬਹੁਮੁੱਲਾ ਰਸਤਾ ਸਾਫ਼ ਹੋਵੇਗਾ ਜਿਥੇ ਪਰਿਵਾਰ ਆਪਣੀਆਂ ਬਚਤਾਂ ਨੂੰ ਬਿਨਾਂ ਗੁਆਉਣ ਦੇ ਡਰ ਤੋਂ ਰੱਖ ਸਕਣਗੇ। ਸਮਾਜਿਕ ਤੌਰ ਤੇ, ਇਸ ਨਾਲ ਪਰਿਵਾਰਾਂ ਨੂੰ ਆਪਣੀਆਂ ਬਚਤਾਂ ਬੈਂਕਾਂ ਰਾਹੀਂ ਸਹੀ ਜਗ੍ਹਾ ਲਗਾਉਣ ਦਾ ਮੌਕਾ ਮਿਲੇਗਾ, ਜਿਵੇਂ ਸਿੱਖਿਆ, ਸਿਹਤ ਅਤੇ ਮਕਾਨ ਬਜਾਇ ਕਿ ਸ਼ੱਕੀ ਸਕੀਮਾਂ ਅਤੇ ਦੂਸਰੇ ਗ਼ੈਰ ਰਸਮੀ ਥਾਵਾਂ 'ਤੇ ਨਿਵੇਸ਼ ਕਰਕੇ ਨੁਕਸਾਨ ਉਠਾਉਣ ਦੇ।

## ਜਨ ਧਨ ਅਤੇ ਇਸ ਤੋਂ ਅੱਗੇ

ਜਨ ਧਨ ਦੀ ਸਫਲਤਾ ਯਕੀਨੀ ਨਹੀਂ ਹੈ। ਇਸ ਦੇ ਉਲਟ, ਇਸ ਦੀ ਅੰਤਿਮ ਸਫਲਤਾ ਦਾ ਤਾਂ ਹੀ ਪਤਾ ਲੱਗੇਗਾ ਜਦੋਂ ਰਸਮੀ ਬੈਂਕਿੰਗ ਪ੍ਰਣਾਲੀ ਨਿੱਜੀ ਅਤੇ ਗ਼ੈਰ ਰਸਮੀ ਸ਼ਾਹੂਕਾਰਾਂ ਦਾ ਖਾਤਮਾ ਕਰ ਦੇਵੇਗੀ। ਦੋ ਮੁੱਖ ਮੁੱਦੇ ਜੋ ਵਰਤਮਾਨ ਸਮੇਂ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਦੇ ਲਾਭ ਇੱਛਤ ਲਾਭਪਾਤਰਾਂ ਤਕ ਤੁਰੰਤ ਪਹੁੰਚਾਉਣ ਤੋਂ ਰੋਕਦੇ ਹਨ, ਉਹ ਹਨ ਪਹੁੰਚ ਬਿੰਦੂਆਂ ਦੀ ਘਾਟ ਅਤੇ ਕਾਰੋਬਾਰੀ ਸੰਪਰਕਾਂ ਰਾਹੀਂ ਖੋਲ੍ਹੇ ਗਏ ਖਾਤਿਆਂ ਤੇ ਲੈਣ-ਦੇਣ ਦੀਆਂ ਸੀਮਾਵਾਂ (ਅਨੰਥ ਅਤੇ ਓਨਕੂ 2014, ਦਧਿਚ 2014)। ਪਹੁੰਚ ਬਿੰਦੂਆਂ ਦੀ ਘਾਟ ਦਾ ਮਤਲਬ ਹੈ ਕਿ ਪ੍ਰਭਾਵੀ ਤੌਰ ਤੇ ਭਾਰਤ ਦੇ ਅੱਧੇ ਪਿੰਡ ਬੈਂਕਿੰਗ ਤਕ ਪਹੁੰਚ ਤੋਂ ਵਿਹੂਣੇ ਹਨ (ਤਾਲਿਕਾ-2)। ਪ੍ਰਧਾਨ ਮੰਤਰੀ ਜਨ ਧਨ ਯੋਜਨਾ ਖਾਤਿਆਂ ਤੇ ਲਾਈ ਲੈਣ-ਦੇਣ ਦੀ ਸੀਮਾ ਹਟਾਉਣ ਨਾਲ ਇਹ ਖਾਤੇ ਹੋਰ ਵਧੇਰੇ ਵਰਤੋਂ ਲਈ ਆਕਰਸ਼ਕ ਹੋ ਜਾਣਗੇ। ਜਨ ਧਨ ਦੀ ਸਫਲਤਾ ਅਤੇ ਹੋਰ ਮਹੱਤਵਪੂਰਨ ਬੈਂਕਿੰਗ ਸੱਭਿਆਚਾਰ ਦਾ ਵਿਕਾਸ ਖੋਲ੍ਹੇ ਗਏ ਖਾਤਿਆਂ ਦੀ ਸੀਮਤ ਲਚਕ ਅਤੇ ਪਾਬੰਦੀਆਂ ਦਾ ਸ਼ਿਕਾਰ ਹੈ, ਜੋ ਲੈਣ-ਦੇਣ ਵਪਾਰਕ ਸੰਪਰਕਾਂ ਦੇ ਰਾਹੀਂ ਕੀਤਾ ਜਾਂਦਾ ਹੈ। ਜ਼ਿਆਦਾਤਰ ਬੈਂਕਾਂ ਦੀ ਰੋਜ਼ਾਨਾ ਦੀ ਲੈਣ ਦੇਣ ਸੀਮਾ ਹੈ ਜੋ ਪ੍ਰਤਿ ਦਿਨ 1500 ਤੋਂ 10,000 ਰੁਪਏ ਕਿਸੇ ਖਾਤੇ ਵਿਚ ਪੈਸੇ ਜਮ੍ਹਾਂ ਕਰਵਾਉਣ ਜਾਂ ਕਢਾਉਣ ਦੀ ਹੈ। ਇਕ ਲੈਣ ਦੇਣ ਦੀ ਵੱਧ ਤੋਂ ਵੱਧ ਪ੍ਰਵਾਨਤ ਸੀਮਾ 50,000 ਰੁਪਏ ਹੈ। ਇਸ ਸੀਮਾ ਤੋਂ ਉੱਤੇ ਕੋਈ ਵੀ ਲੈਣ ਦੇਣ ਕਰਨ ਲਈ ਕਾਰੋਬਾਰੀ ਸੰਪਰਕ ਨੂੰ ਖਾਤਾਧਾਰਕ ਨਾਲ ਬੈਂਕ ਸ਼ਾਖਾ ਵਿਚ ਜਾ ਕੇ ਲੈਣ-ਦੇਣ ਦੀ ਮਨਜ਼ੂਰੀ ਲੈਣੀ ਹੋਵੇਗੀ। ਪ੍ਰਤਿ ਦਿਨ 10,000 ਰੁਪਏ ਤੋਂ ਵੱਧ ਦੇ ਲੈਣ-ਦੇਣ ਦੀ ਆਗਿਆ ਨਹੀਂ ਹੈ। ਇਹ ਸਮੱਸਿਆਵਾਂ ਹੋਰ ਵੀ ਗੰਭੀਰ ਹੋ ਜਾਂਦੀਆਂ ਹਨ ਕਿਉਂਕਿ ਬਹੁਤ ਸਾਰੇ ਮਾਮਲਿਆਂ ਵਿਚ ਖਾਤਾਧਾਰਕਾਂ ਨੇ ਆਪਣੀ ਪਾਤਰਤਾ ਲਈ ਜਨ ਧਨ ਖਾਤਾ ਦਿਤਾ ਹੁੰਦਾ ਹੈ ਜਿਸ ਵਿਚ ਸਰਕਾਰੀ ਸਬਸਿਡੀ ਜਾਂ ਸਿੱਧੀ ਲਾਭ ਦੀ ਤਬਦੀਲੀ ਵੱਖ-ਵੱਖ ਸਰਕਾਰੀ ਏਜੰਸੀਆਂ ਜਾਂ ਭਾਰਤੀ ਜੀਵਨ ਬੀਮਾ ਨਿਗਮ ਤੋਂ ਆਉਣੀ ਹੁੰਦੀ ਹੈ। ਇਹ ਅਕਸਰ ਹੀ ਬੈਂਕਾਂ ਵਲੋਂ ਜਨ ਧਨ ਖਾਤਿਆਂ ਦੀ ਸੀਮਾ ਤੋਂ ਟੱਪ ਜਾਂਦੀ ਹੈ।

ਸਿੰਘ (2014) ਕਹਿੰਦਾ ਹੈ ਕਿ ਵਿੱਤੀ ਸ਼ਮੂਲੀਅਤ ਦਾ ਮਸਲਾ ਤਾਂ ਹੀ ਹੱਲ ਹੋਵੇਗਾ ਜੇ ਡਾਕਖ਼ਾਨਿਆਂ ਨੂੰ ਬੈਂਕਿੰਗ ਸੇਵਾਵਾਂ ਦੇ ਫੈਲਾਅ ਲਈ ਵਰਤਿਆ ਜਾਵੇ। ਡਾਕਖ਼ਾਨਿਆਂ ਵਿਚ 28 ਕਰੋੜ ਦੇ ਲਗਭਗ ਖਾਤੇ ਹਨ ਜਿਨ੍ਹਾਂ ਵਿਚੋਂ 13 ਕਰੋੜ ਬੈਂਕ ਖਾਤੇ ਅਤੇ 11 ਕਰੋੜ ਤੋਂ ਵੱਧ ਆਵਰਤੀ ਖਾਤੇ ਹਨ। ਭਾਵੇਂ ਸਮਾਜ ਦੇ ਸਾਰੇ ਵਰਗਾਂ ਦੀ ਵਿੱਤੀ ਸ਼ਮੂਲੀਅਤ ਲਈ ਵੱਖ-ਵੱਖ ਕਦਮ ਪੁੱਟੇ ਗਏ ਹਨ, ਪਰ ਇਨ੍ਹਾਂ ਦੀ ਸਫਲਤਾ ਅੰਸ਼ਿਕ ਹੀ ਰਹੀ ਹੈ। ਇਸੇ ਤਰ੍ਹਾਂ ਹੀ, ਰਾਸ਼ਨ ਦੀ ਵੰਡ ਕਰਨ ਵਾਲੀਆਂ ਵਾਜਬ ਭਾਅ ਦੀਆਂ ਦੁਕਾਨਾਂ ਦੀ ਵਰਤੋਂ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਖਾਤਿਆਂ ਦਾ ਦਾਇਰਾ ਵਧਾਉਣ ਲਈ ਕੀਤੀ ਜਾ ਸਕਦੀ ਹੈ, ਜਿਸ ਤਹਿਤ ਡਿਜ਼ੀਟਲ ਵਾਤਾਵਰਨ ਦਾ ਨਿਰਮਾਣ ਕਰਨ ਦੇ ਨਾਲ-ਨਾਲ ਪਿੰਡਾਂ ਦੇ ਸਮਾਜਿਕ-ਆਰਥਿਕ ਢਾਂਚੇ ਵਿਚ ਵੀ ਵੱਡੇ ਬਦਲਾਅ ਆਉਣਗੇ। ਇਕ ਮਿਸਾਲ ਇਸ ਨੂੰ ਬੇਹਤਰ ਸਪੱਸ਼ਟ ਕਰ ਦੇਵੇਗੀ : ਆਂਧਰ ਪ੍ਰਦੇਸ਼ ਸਰਕਾਰ ਨੇ ਇਕ ਉਪਯੋਗੀ ਪਹਿਲਕਦਮੀ ਕੀਤੀ ਹੈ (ਜੋ ਮੌਜੂਦਾ ਸਮੇਂ ਵੱਖ-ਵੱਖ ਪੜਾਵਾਂ 'ਤੇ ਅਮਲ ਅਧੀਨ ਹੈ) – "ਕਿਤੇ ਵੀ ਰਾਸ਼ਨ", ਜਿਸ ਨਾਲ ਕੋਈ ਵਿਅਕਤੀ ਕਿਤੋਂ ਵੀ ਰਾਸ਼ਨ ਦੀ ਦੁਕਾਨ ਤੋਂ ਲੈ ਸਕਦਾ ਹੈ। ਹਾਲ ਹੀ ਵਿਚ ਸੰਪੰਨ ਹੋਏ ਇਕ ਸਫਲ ਮੋਹਰੀ ਪ੍ਰਾਜੈਕਟ ਤਹਿਤ ਨਾਗਰਿਕ ਸ਼ਹਿਰ ਵਿਚ ਸਿਵਲ ਸਪਲਾਈ ਵਿਭਾਗ ਦੀ ਕਿਸੇ ਵੀ ਵਾਜਬ ਭਾਅ ਦੀ ਦੁਕਾਨ ਤੋਂ ਆਪਣਾ ਰਾਸ਼ਨ ਪ੍ਰਾਪਤ ਕਰ ਸਕਦੇ ਹਨ ਜਿਸ ਨਾਲ ਉਨ੍ਹਾਂ ਦਾ ਆਧਾਰ ਡੇਟਾਬੇਸ ਜੁੜਿਆ ਹੁੰਦਾ ਹੈ। ਵਿਭਾਗ ਸਹੀ ਅਰਥਾਂ ਵਿਚ ਰਾਸ਼ਨ ਦੀ ਆਵਾਜਾਈ 'ਤੇ ਨਿਗਰਾਨੀ ਰੱਖ ਸਕਦਾ ਹੈ। ਸਾਰੀਆਂ ਰਾਸ਼ਨ ਦੁਕਾਨਾਂ (27,176) ਨੂੰ ਵੇਚ ਪ੍ਰਕਿਰਿਆ ਲਈ ਇਕ ਮਸ਼ੀਨ ਦਿਤੀ ਗਈ ਹੈ ਜੋ ਮੰਡਲ ਪੱਧਰ 'ਤੇ ਸਟਾਕ ਬਿੰਦੂ ਪੱਧਰ ਨਾਲ ਜੁੜੀ ਹੋਈ ਹੈ, ਜਿਨ੍ਹਾਂ ਦੀ ਨਿਗਰਾਨੀ ਕੇਂਦਰੀ ਸਥਾਨ ਤੋਂ ਕੀਤੀ ਜਾਂਦੀ ਹੈ। ਰਾਸ਼ਨ ਦੀਆਂ ਦੁਕਾਨਾਂ ਨੂੰ ਬਹੁਮੰਤਵੀ ਸਟੋਰਾਂ ਵਿਚ ਬਦਲਣਾ, ਜੋ ਵਿੱਤੀ ਲੜੀ ਸਮੇਤ ਹੋਰ ਬਹੁਤ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ, ਨਾਲ ਬੈਂਕਿੰਗ ਖੇਤਰ ਦੀ ਪਹੁੰਚ ਦਾ ਦਾਇਰਾ ਹੋਰ ਵਿਸ਼ਾਲ ਕਰਨ ਵਿਚ ਮਦਦ ਮਿਲੇਗੀ।

## ਸਮਾਪਤੀ ਟਿੱਪਣੀਆਂ

ਵਿੱਤੀ ਸ਼ਮੂਲੀਅਤ ਨਾਲ ਆਰਥਿਕਤਾ ਵਿਚ ਵੱਡੇ ਬਦਲਾਅ ਆਉਣ ਦੀ ਉਮੀਦ ਹੈ, ਖ਼ਾਸ ਕਰਕੇ ਪੇਂਡੂ ਆਰਥਿਕਤਾ ਵਿਚ, ਜਿਸ ਵਿਚ ਵਿੱਤੀ ਸਾਧਨਾਂ, ਜਿਵੇਂ ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਸੋਨੇ ਦਾ ਮੁਦਰੀਕਰਨ ਦੀ ਸਕੀਮ ਅਤੇ ਮੁਦਰਾ ਆਦਿ ਨਾਲ ਇਨਕਲਾਬ ਆਉਂਦਾ ਵੇਖਿਆ ਜਾ ਸਕਦਾ ਹੈ। ਸਿੱਧੀ ਅਦਾਇਗੀ, ਜਿਸ ਦਾ ਸੰਚਾਲਨ ਬੈਂਕਿੰਗ ਪ੍ਰਣਾਲੀ ਰਾਹੀਂ ਕੀਤਾ ਜਾਵੇਗਾ, ਵੀ ਪਰਿਵਾਰਾਂ ਅੰਦਰ ਨਗਦੀ ਦੀ ਆਮਦਨ ਦਾ ਨਿਯਮਨ ਯਕੀਨੀ ਬਣਾਏਗੀ ਅਤੇ ਨਿਵੇਸ਼ ਲਈ ਮੌਕੇ ਪ੍ਰਦਾਨ ਕਰੇਗੀ। ਬਾਜ਼ਾਰ ਵਿਚ ਮੁੱਖ ਪਾਤਰ, ਬੈਂਕ, ਲਘੂ ਵਿੱਤੀ ਸੰਸਥਾਨ, ਸਵੈ-ਸਹਾਇਤਾ ਸਮੂਹ, ਡਾਕਖ਼ਾਨੇ ਅਤੇ ਮੁਦਰਾ ਬੈਂਕ ਹੋਣਗੇ। ਬੈਂਕਿੰਗ ਪ੍ਰਣਾਲੀ ਤੋਂ ਜੋ ਸੰਸਾਧਨਾਂ ਦੇ ਪ੍ਰਵਾਹ ਦਾ ਮੁੱਖ ਵਾਹਕ ਹੋਣਗੇ, ਨੂੰ ਇਨ੍ਹਾਂ ਫ਼ੰਡਾਂ ਨੂੰ ਰੱਖਣ ਅਤੇ ਪ੍ਰਣਾਲੀ ਵਿਚ ਬਣਾਈ ਰੱਖਣ ਅਤੇ ਜ਼ਿਆਦਾ ਵਿੱਤੀ ਸਾਧਨ ਪੇਸ਼ ਕਰਨ ਦੀ ਆਸ ਰੱਖੀ ਜਾ ਸਕਦੀ ਹੈ। ਇਸੇ ਤਰ੍ਹਾਂ ਹੀ, ਡਾਕਖ਼ਾਨੇ, ਖ਼ਾਸ ਕਰਕੇ ਜਿਨ੍ਹਾਂ ਦੀ ਪਹੁੰਚ ਦਿਹਾਤੀ ਖੇਤਰ ਵਿਚ 1,40,000 ਸ਼ਾਖਾਵਾਂ ਨਾਲ ਹੈ, ਵਲੋਂ ਇਨ੍ਹਾਂ ਸੰਸਥਾਨਾਂ ਦਾ ਫ਼ਾਇਦਾ ਉਠਾਉਣ ਲਈ ਨਵੀਆਂ ਸਕੀਮਾਂ ਸ਼ੁਰੂ ਕਰਨ ਦੀ ਆਸ ਕੀਤੀ ਜਾਂਦੀ ਹੈ। ਜਿਹੜੇ ਸਾਧਨਾਂ ਦੀ ਬਾਜ਼ਾਰ ਵਿਚ ਆਸ ਕੀਤੀ ਜਾ ਸਕਦੀ ਹੈ, ਉਨ੍ਹਾਂ ਵਿਚ ਵੱਖ-ਵੱਖ ਪ੍ਰਕਾਰ ਦੇ ਬੈਂਕ ਜਮ੍ਹਾਂ ਖਾਤੇ, ਛੋਟੀਆਂ ਬਚਤਾਂ ਜੋ ਡਾਕਖ਼ਾਨਿਆਂ ਰਾਹੀਂ ਕੀਤੀਆਂ ਜਾਂ ਸਕਦੀਆਂ ਹਨ, ਸੋਨੇ ਦੇ ਬਾਂਡ ਅਤੇ ਕੁਝ ਨਵੇਂ ਹੋਰ ਸਾਧਨ ਜੋ ਉਪਰੋਕਤ ਸੰਸਥਾਨਾਂ ਵਲੋਂ ਜਾਰੀ ਕੀਤੇ ਜਾਣਗੇ।

ਇਹ ਘਟਨਾਵਾਂ ਆਰਥਿਕਤਾ ਵਿਚ ਰਚਨਾਤਮਕ ਸੰਭਾਵਨਾ ਦਾ ਸੰਚਾਰ ਕਰਨਗੀਆਂ ਅਤੇ ਵਿਚਾਰਾਂ ਨੂੰ ਤਿਆਰ ਉਤਪਾਦਾਂ ਵਿਚ ਬਦਲਣ ਲਈ ਆਸਾਨ ਵਿੱਤ ਮੁਹੱਈਆ ਕਰਵਾਉਣਗੀਆਂ। 'ਮੇਕ ਇਨ ਇੰਡੀਆ' ਦਾ ਉਦੇਸ਼ ਸੰਮਿਲਤ ਵਿਕਾਸ ਨਾਲ ਹੋਰ ਮਜ਼ਬੂਤ ਹੋਵੇਗਾ ਜਿਸ ਦੇ ਨਤੀਜੇ ਉੱਚ ਰੁਜ਼ਗਾਰ ਅਤੇ ਆਰਥਿਕਤਾ ਦੀ ਉੱਚ ਪੈਦਾਵਾਰ ਦੇ ਰੂਪ ਵਿਚ ਨਿਕਲਣਗੇ।

*(ਲੇਖਕ ਕ੍ਰਮਵਾਰ ਆਰ ਬੀ ਆਈ ਚੇਅਰ ਪ੍ਰੋਫੈਸਰ ਆਫ਼ ਇਕਨਾਮਿਕਸ, ਆਈ ਆਈ ਐਮ, ਬੰਗਲੌਰ, ਆਨਰੇਰੀ ਸਕੱਤਰ, ਇੰਡੀਅਨ ਸੋਸਾਇਟੀ ਆਫ਼ ਐਗਰੀਕਲਚਰਲ ਇਕਨਾਮਿਕਸ, ਪੂਨਾ ਅਤੇ ਐਸੋਸੀਏਟ ਪ੍ਰੋਫੈਸਰ (ਐਡਜੰਕਟ ਫੈਕਲਟੀ, ਆਈ ਡੀ ਆਰ ਬੀ ਟੀ ਵਿਜੇਵਾੜਾ, ਆਂਧਰ ਪ੍ਰਦੇਸ਼ ਹਨ।)*

# ਭਾਰਤ ਵਿਚ ਜਨਤਕ ਵੰਡ ਪ੍ਰਣਾਲੀ ਦਾ ਰਾਜਨੀਤਕ ਅਰਥਸ਼ਾਸਤਰ

ਸੀ ਐੱਸ ਸੀ ਸੇਖਰ

ਭਾਰਤ ਵਿਚ ਜਨਤਕ ਵੰਡ ਪ੍ਰਣਾਲੀ ਦੀ ਸ਼ੁਰੂਆਤ 1965 ਵਿਚ ਵਾਜਬ ਕੀਮਤਾਂ 'ਤੇ ਸਭ ਨੂੰ ਅਨਾਜ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕੀਤੀ ਗਈ ਸੀ। ਰਾਜ ਸਰਕਾਰਾਂ ਦਾ ਬਾਜ਼ਾਰ ਨਾਲੋਂ ਘੱਟ ਕੀਮਤ 'ਤੇ ਉੱਚਿਤ ਦਰ ਦੀਆਂ ਦੁਕਾਨਾਂ ਦੇ ਮਾਧਿਅਮ ਰਾਹੀਂ ਅਨਾਜ ਵੰਡਿਆ ਜਾਂਦਾ ਹੈ। ਅਨਾਜ ਦੀ ਆਰਥਿਕ ਲਾਗਤ ਅਤੇ ਵੰਡ ਕੀਮਤ ਵਿਚਲਾ ਫ਼ਰਕ ਸਬਸਿਡੀ ਹੁੰਦਾ ਹੈ। 1998 ਤਕ ਜਨਤਕ ਵੰਡ ਪ੍ਰਣਾਲੀ ਇਕਸਾਰ ਸੀ ਜਿਸ ਦੀ ਵੱਡੀ ਮੌਜੂਦਗੀ ਸ਼ਹਿਰੀ ਖੇਤਰਾਂ ਵਿਚ ਸੀ। ਸ਼ਹਿਰੀ ਖੇਤਰਾਂ ਵਿਚ ਜ਼ਿਆਦਾ ਕੇਂਦਰਿਤ ਹੋਣ ਕਰਕੇ ਇਸ ਦੀ ਵੱਡੀ ਆਲੋਚਨਾ ਵੀ ਹੋਈ। ਇਸ ਦੇ ਹੱਲ ਲਈ 1997 ਵਿਚ ਟੀਚਾਗਤ ਜਨਤਕ ਵੰਡ ਪ੍ਰਣਾਲੀ ਦੀ ਸ਼ੁਰੂਆਤ ਹੋਈ। ਇਸ ਤਹਿਤ ਹਰੇਕ ਰਾਜ ਵਿਚ ਯੋਗ ਲਾਭਪਾਤਰਾਂ ਦਾ ਨਿਰਧਾਰਨ ਕੇਂਦਰ ਸਰਕਾਰ ਵਲੋਂ ਰਾਜ ਵਿਸ਼ੇਸ਼ ਗਰੀਬੀ ਰੇਖਾਵਾਂ ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਇਹ ਘਰ, ਜਿਨ੍ਹਾਂ ਨੂੰ 'ਗਰੀਬੀ ਰੇਖਾ ਤੋਂ ਹੇਠਾਂ (ਬੀ ਪੀ ਐੱਲ) ਪਰਿਵਾਰ ਆਖਿਆ ਜਾਂਦਾ ਹੈ, ਬਹੁਤ ਘੱਟ ਕੀਮਤ 'ਤੇ ਅਨਾਜ ਪ੍ਰਾਪਤ ਕਰਨ ਦੇ ਹੱਕਦਾਰ ਹਨ। ਨਾਲ ਹੀ, ਅਤਿ ਗਰੀਬ ਪਰਿਵਾਰ, ਜਿਨ੍ਹਾਂ ਨੂੰ *ਅੰਤੋਦਿਆ ਅੰਨ ਯੋਜਨਾ* ਪਰਿਵਾਰ (ਏ ਏ ਵਾਈ) ਆਖਿਆ ਜਾਂਦਾ ਹੈ, ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰਾਂ ਤੋਂ ਵੀ ਘੱਟ ਦਰ 'ਤੇ ਅਨਾਜ ਪ੍ਰਾਪਤ ਕਰ ਸਕਦੇ ਹਨ। ਗਰੀਬੀ ਰੇਖਾ ਤੋਂ ਹੇਠਾਂ ਅਤੇ *ਅੰਤੋਦਿਆ ਅੰਨ ਯੋਜਨਾ* ਦੇ ਅਸਲ ਲਾਭਪਾਤਰਾਂ ਦੀ ਪਛਾਣ ਰਾਜ ਸਰਕਾਰਾਂ ਵਲੋਂ ਕੀਤੀ ਜਾਂਦੀ ਹੈ। ਕਿਸੇ ਵੀ ਟੀਚਾਗਤ ਪ੍ਰਣਾਲੀ ਵਾਂਗ, ਟੀਚਾਗਤ ਜਨਤਕ ਵੰਡ ਪ੍ਰਣਾਲੀ ਵਿਚ ਵੀ ਸਮਾਵੇਸ਼ ਅਤੇ ਛੇਕਣ ਦੀਆਂ ਕਮੀਆਂ ਹਨ।

ਵੱਖ-ਵੱਖ ਰਾਜਾਂ ਵਿਚ ਜਨਤਕ ਵੰਡ ਪ੍ਰਣਾਲੀ ਵਿਚ ਵੱਡੀਆਂ ਭਿੰਨਤਾਵਾਂ ਹਨ, ਜਨਤਕ ਵੰਡ ਪ੍ਰਣਾਲੀ ਦਾ ਦਾਇਰਾ, ਪਾਤਰਤਾ ਅਤੇ ਅਮਲ ਰਾਜ ਪੱਧਰ 'ਤੇ ਕਾਫ਼ੀ ਹੱਦ ਤਕ ਭਿੰਨ ਹੈ - ਇਕ ਸਮਾਨ ਜਨਤਕ ਵੰਡ ਪ੍ਰਣਾਲੀ (ਜਿਸ ਵਿਚ ਅਨਾਜ, ਦਾਲਾਂ ਅਤੇ ਖਾਣ ਵਾਲੇ ਤੇਲ ਆਦਿ ਦੀ) ਤਮਿਲਨਾਡੂ ਵਿਚ ਮੁਸ਼ਕਿਲ ਨਾਲ ਹੀ ਕੋਈ ਹੇਰਾ-ਫੇਰੀ ਹੁੰਦੀ ਹੈ ਅਤੇ ਬਿਹਾਰ, ਜਿਥੇ ਲੰਮੇ ਸਮੇਂ ਤੋਂ ਇਸ ਪ੍ਰਣਾਲੀ ਵਿਚ ਹੇਰਾ-ਫੇਰੀ ਹੁੰਦੀ ਆ ਰਹੀ ਹੈ। ਬਿਹਾਰ ਵਿਚ ਵੀ ਪਿਛਲੇ ਸਮੇਂ ਦੌਰਾਨ ਜਨਤਕ ਵੰਡ ਪ੍ਰਣਾਲੀ ਵਿਚ ਕਾਫ਼ੀ ਸੁਧਾਰ ਵੇਖਣ ਨੂੰ ਮਿਲਿਆ ਹੈ। ਰਾਸ਼ਟਰੀ ਪੱਧਰ ਦਾ ਅੰਨ ਮੁੱਲੰਕਣ ਸਮੇਂ ਅਤੇ ਸਥਾਨ ਦੇ ਲਿਹਾਜ਼ ਨਾਲ ਇਨ੍ਹਾਂ ਭਿੰਨਤਾਵਾਂ ਨੂੰ ਨਹੀਂ ਫੜ ਪਾਉਂਦਾ। ਇਸ ਕਰਕੇ, ਅਸੀਂ ਆਪਣਾ ਧਿਆਨ ਕੁਝ ਰਾਜਾਂ ਵਿਚ, ਖ਼ਾਸ ਕਰਕੇ ਬਿਹਾਰ ਅਤੇ ਛੱਤੀਸਗੜ੍ਹ ਅੰਦਰ ਜਨਤਕ ਵੰਡ ਪ੍ਰਣਾਲੀ ਦੀ ਕਾਰਗੁਜ਼ਾਰੀ ਦੀ ਪੜਚੋਲ ਕਰਨ ਵੱਲ ਕੇਂਦਰਿਤ ਕਰਾਂਗੇ ਤਾਂ ਕਿ ਇਸ ਦੀ ਕਾਰਗੁਜ਼ਾਰੀ ਦੇ ਵਖਰੇਵਿਆਂ ਦੇ ਪਿਛਲੇ ਕਾਰਨਾਂ ਨੂੰ ਸਮਝਿਆ ਜਾ ਸਕੇ। ਵੱਖ-ਵੱਖ ਰਾਜਾਂ ਵਿਚ ਜਨਤਕ ਵੰਡ ਪ੍ਰਣਾਲੀ ਦੀ ਕਾਰਗੁਜ਼ਾਰੀ ਦਾ ਮੁੱਲੰਕਣ ਕਰਨ ਲਈ ਅਸੀਂ ਰਾਜਨੀਤਕ ਆਰਥਿਕ ਢਾਂਚੇ ਦਾ ਇਸਤੇਮਾਲ ਕਰਾਂਗੇ।

### ਭਾਗ-2 : ਮੁੱਲੰਕਣ ਦਾ ਢਾਂਚਾ

ਸਵਾਲ ਹੇਠਲੇ ਮੁੱਦੇ ਦੇ ਮੁੱਲੰਕਣ ਲਈ ਮੁੱਖ ਤੌਰ ਤੇ ਦੋ ਪ੍ਰਕਾਰ ਦੀ ਪੜਚੋਲ ਪਹੁੰਚ ਦਾ ਇਸਤੇਮਾਲ ਕੀਤਾ ਜਾਂਦਾ ਹੈ :

(1) ਨਵ-ਕਲਾਸਿਕੀ ਕਲਿਆਣ ਵਾਧੇ ਵਾਲੀ ਪਹੁੰਚ

(2) ਰਾਜਨੀਤਕ ਅਰਥਸ਼ਾਸਤਰੀ ਪਹੁੰਚ

ਰਵਾਇਤੀ ਭਲਾਈ ਵਿਚ ਵਾਧਾ ਕਰਨ ਦੇ ਨਜ਼ਰੀਏ ਅਸਫਲਤਾ ਅਤੇ ਵੰਡ ਕੁਸ਼ਲਤਾ ਕੇਂਦਰੀ ਬਿੰਦੂ ਹਨ। ਸਰਕਾਰ ਨੂੰ ਅੰਤਰਯਾਮੀ ਅਤੇ ਦਿਆਲੂ ਮਾਧਿਅਮ ਵਜੋਂ ਵੇਖਿਆ ਜਾਂਦਾ ਹੈ। ਇਹ ਪਹੁੰਚ ਪਿਗਾਊ (1932 ਦੇ ਕੰਮ ਤੋਂ ਉਪਜਦੀ ਹੈ ਜਿਸ ਵਿਚ ਉਨ੍ਹਾਂ ਕਾਰਨਾਂ 'ਤੇ ਜ਼ੋਰ ਦਿਤਾ ਜਾਂਦਾ ਹੈ ਕਿ ਬਾਜ਼ਾਰ ਸਰੋਤਾਂ ਦੇ ਵੰਡਾਈ ਅਤੇ ਵੰਡ ਵਿਚ ਠੀਕ ਪ੍ਰਕਾਰ ਕੰਮ ਕਿਉਂ ਨਹੀਂ ਕਰਦੇ ਅਤੇ ਇਹ ਸੁਝਾਅ ਵੀ ਦਿਤਾ ਜਾਂਦਾ ਹੈ ਕਿ ਰਾਜ ਇਨ੍ਹਾਂ ਕਮੀਆਂ ਨੂੰ ਦੂਰ ਕਰਨ ਲਈ ਨਿੱਜੀ ਅਰਥਚਾਰੇ ਵਿਚ ਦਖ਼ਲ ਦਿੰਦੇ ਹਨ। ਰਾਜ ਜਨਤਕ ਵਸਤਾਂ ਦਾ ਉਤਪਾਦਨ ਕਰਦੇ ਹਨ, ਸਮਾਜਿਕ ਲਾਗਤਾਂ ਅਤੇ ਫ਼ਾਇਦਿਆਂ ਦਾ ਅੰਦਰੂਨੀਕਰਨ ਕਰਦੇ ਹਨ, ਘਟਦੀ ਕੀਮਤ ਦੇ ਉਦਯੋਗਾਂ ਦਾ ਨਿਯਮੀਕਰਨ ਕਰਦੇ ਹਨ ਅਤੇ ਆਮਦਨ ਦੀ ਪੁਨਰ ਵੰਡ ਪਾਰੇਟੋ ਸਰਵੋਤਮ ਤਰੀਕੇ (ਮੈਕ-ਕਾਰਮਿਕ ਐਂਡ ਟਾਲੀਸਨ, 1981) ਨਾਲ ਕਰਦੇ ਹਨ। ਇਸ ਨਜ਼ਰੀਏ ਤਹਿਤ ਸਰਕਾਰ ਨੂੰ ਆਧੁਨਿਕ ਅਤੇ ਅੰਤਰਯਾਮੀ ਮੰਨਿਆ ਜਾਂਦਾ ਹੈ।

ਰਾਜਨੀਤਕ ਅਰਥਚਾਰੇ ਵਾਲੀ ਪਹੁੰਚ, ਜੋ ਮੁੱਖ ਤੌਰ ਤੇ ਪਿਗੋਵੀਅਨ ਪਹੁੰਚ ਦਾ ਪ੍ਰਤਿਕਰਮ ਹੈ, ਸਭ ਕੁਝ ਜਾਣਨਹਾਰ, ਦਿਆਲੂ ਸਰਕਾਰ ਦੇ ਨਜ਼ਰੀਏ ਨੂੰ ਰੱਦ ਕਰਦੀ ਹੈ, ਬਾਜ਼ਾਰ ਦੀਆਂ ਕਮੀਆਂ ਨੂੰ ਢੁਕਵੇਂ ਅਤੇ ਬਿਨਾਂ ਲਾਗਤ ਦੇ ਤਰੀਕੇ ਨਾਲ ਠੀਕ ਕਰਨ 'ਤੇ ਸਵਾਲ ਖੜ੍ਹੇ ਕਰਦੀ ਹੈ। ਇਸ ਪਹੁੰਚ ਦੀ ਦਲੀਲ ਹੈ ਕਿ ਬਾਜ਼ਾਰ ਦੀਆਂ ਅਸਫਲਤਾਵਾਂ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਨ ਵਾਲੀ ਸਰਕਾਰ ਆਪ ਹੀ ਅਸਫਲ ਹੈ। ਅਜਿਹਾ ਇਸ ਲਈ ਕਿਉਂਕਿ ਸਰਕਾਰ ਵਿਧਾਨਕ ਅਤੇ ਕਾਰਜਕਾਰੀ ਸੰਸਥਾਨਾਂ ਦਾ ਮਹਿਜ਼ ਇਕ ਸਮੂਹ ਹੈ ਜਿਸ ਦੇ ਆਪਣੇ ਉਦੇਸ਼ ਹਨ ਜੋ ਆਮ ਤੌਰ ਤੇ ਵਿਰੋਧੀ ਵਿਚਾਰਾਂ ਦਾ ਖੰਡਨ ਕਰਨ ਵਾਲੇ ਅਤੇ ਝਗੜੇ ਵਾਲੇ ਹੁੰਦੇ ਹਨ। ਰਾਜਨੀਤਕ ਅਰਥਚਾਰੇ ਦਾ ਸਿਧਾਂਤ ਰਾਜਨੇਤਾਵਾਂ ਦੇ ਸਵੈ-ਹਿਤ ਪ੍ਰੇਰਕ ਸੁਭਾਅ 'ਤੇ ਕੇਂਦਰਿਤ ਹੈ ਮਤਲਬ ਮਤਦਾਤਾ, ਦਬਾਅ ਵਾਲੇ ਸਮੂਹ ਅਤੇ ਨੌਕਰਸ਼ਾਹ। ਸਪੱਸ਼ਟ

ਤੌਰ ਤੇ ਰਾਜਨੀਤਕ ਅਰਥਚਾਰੇ ਦੀ ਪਹੁੰਚ ਇਸ ਗੱਲ ਨੂੰ ਸਮਝਣ ਲਈ ਵਧੇਰੇ ਵਿਗਿਆਨਕ ਪਹੁੰਚ ਅਖ਼ਤਿਆਰ ਕਰਦੀ ਹੈ ਕਿ ਸਰਕਾਰ ਦੇ ਮਾਧਿਅਮ ਵੱਖ-ਵੱਖ ਸੰਸਥਾਗਤ ਪ੍ਰਬੰਧਨਾਂ ਤਹਿਤ ਕਿਵੇਂ ਕੰਮ ਕਰਦੇ ਹਨ, ਜਿਸ ਦਾ ਸਿੱਟਾ ਆਰਥਿਕ ਤਜਵੀਜ਼ਾਂ ਅਤੇ ਸਰਕਾਰੀ ਪ੍ਰਥਾਵਾਂ ਵਿਚਾਲੇ ਮੱਤਭੇਦਾਂ ਦੇ ਰੂਪ ਵਿਚ ਨਿਕਲਦਾ ਹੈ (ਮੈਕ-ਕਾਰਮਿਕ ਅਤੇ ਟਾਲੀਸਨ, 1981)।

## 2.1 ਅਨੁਭਵੀ ਰਾਜਨੀਤਕ ਅਰਥਚਾਰਾ ਮੁੱਲੰਕਣ

ਅਨੁਭਵੀ ਰਾਜਨੀਤਕ ਆਰਥਿਕ ਮਾਡਲ ਵਿਚੋਲੇ ਦੇ ਸੁਭਾਅ ਨੂੰ ਰਾਜਨੀਤਕ ਅਤੇ ਆਰਥਿਕ ਬਾਜ਼ਾਰਾਂ ਵਿਚ ਮੰਨ ਕੇ ਚਲਦੇ ਹਨ ਅਤੇ ਅੰਤਰਜਾਤ ਤੌਰ ਤੇ ਸਰਕਾਰ ਦੀਆਂ ਪ੍ਰਾਥਮਿਕਤਾਵਾਂ ਕੱਢ ਲੈਂਦੇ ਹਨ। ਰਾਜਨੀਤਕ ਪਹਿਲ ਕਾਰਜ (ਪੀ ਪੀ ਐੱਫ) ਨੀਤੀ ਪ੍ਰਕਿਰਿਆਵਾਂ ਵਿਚ ਵੱਖ-ਵੱਖ ਸਮੂਹਾਂ ਨੂੰ ਇਹ ਕਹਿ ਕੇ ਮਾਡਲ ਮੰਨਦਾ ਹੈ ਕਿ ਨੀਤੀਘਾੜਾ ਇਕ ਉਦੇਸ਼ ਨੂੰ, ਆਰਥਿਕ ਮਜਬੂਰੀ ਤਹਿਤ, ਉਦੇਸ਼ ਮਿਥ ਲੈਂਦਾ ਹੈ। ਨੀਤੀ ਪਹਿਲਾਂ ਨੂੰ ਰਾਜਨੀਤਕ ਫ਼ੈਸਲੇ ਲੈਣ ਦੀ ਪ੍ਰਕਿਰਿਆ ਦੇ ਨਤੀਜੇ ਵਜੋਂ ਵੇਖਿਆ ਜਾਂਦਾ ਹੈ। ਪੀ ਪੀ ਐੱਫ ਦੇ ਤਰਕ ਕਾਰਗੁਜ਼ਾਰੀ ਦੇ ਤਰੀਕਿਆਂ ਦੀ ਪ੍ਰਤਿਨਿਧਤਾ ਕਰਦੇ ਹਨ (ਉਦਾਹਰਣ ਵਜੋਂ, ਭਲਾਈ ਵਾਧੂ ਆਮਦਨ, ਲਾਭ, ਸ਼ੁੱਧ ਖੇਤੀ ਆਮਦਨ, ਸਰਕਾਰੀ ਬਜਟ ਖਰਚਾ ਆਦਿ) ਅਤੇ ਹਰੇਕ ਦਬਾਅ ਸਮੂਹ ਦੀ ਭਲਾਈ ਨੂੰ ਦਰਸਾਉਂਦੇ ਹਨ। ਪਹਿਲਾਂ ਨੂੰ ਮਾਪਣਾ ਸੰਭਵ ਹੈ ਕਿਉਂਕਿ ਉਹ ਨਜ਼ਰ ਆਉਂਦੀਆਂ ਹਨ, ਮਤਲਬ ਨੀਤੀਗਤ ਨਤੀਜਿਆਂ ਦੁਆਰਾ ਉਜਾਗਰ ਹੁੰਦੀਆਂ ਹਨ। ਪੀ ਪੀ ਐੱਫ ਪੜਚੋਲਾਂ ਦਾ ਦੂਸਰਾ ਮੁੱਖ ਉਦੇਸ਼ (ਖ਼ਾਸ ਕਰਕੇ ਖੇਤੀਬਾੜੀ ਨੀਤੀ ਮੁੱਲੰਕਣ) ਨੀਤੀ ਯੰਤਰ ਪੱਧਰਾਂ ਦਾ ਅੰਤਰਜਾਤ ਨਿਰਧਾਰਨ ਹੈ। ਨੀਤੀ ਯੰਤਰਾਂ ਵਿਚ ਕੀਮਤਾਂ, ਘਾਟੇ ਦਾ ਭੁਗਤਾਨ, ਆਯਾਤ ਕੋਟਾ ਅਤੇ ਹੋਰ ਯੰਤਰ ਪੀ ਪੀ ਐੱਫ ਦੇ ਉਤੇਜਕ, ਨਾਲ ਹੀ ਆਰਥਿਕ ਵਾਧੂ ਅਮਦਨ ਦੇ ਸਾਧਨ ਤੋਂ ਹਾਸਲ ਕੀਤੇ ਜਾਂਦੇ ਹਨ ਅਤੇ ਸਰਕਾਰੀ ਮਾਲੀਆ ਇਸ ਦਾ ਤਰਕ ਹੁੰਦਾ ਹੈ।

ਪੀ ਪੀ ਐੱਫ ਕੁਝ ਰਵਾਇਤੀ ਤੌਰ ਤੇ ਦਿਆਲੂ, ਅੰਤਰਯਾਮੀ ਸਰਕਾਰ ਦੇ ਨਜ਼ਰੀਏ ਨਾਲ ਮਿਲਦੀ ਜੁਲਦੀ ਹੈ। ਫ਼ਰਕ ਸਿਰਫ਼ ਸਮਾਜ ਵਿਚ ਵੱਖ-ਵੱਖ ਹਿਤਾਂ ਦੀ ਮੌਜੂਦਗੀ ਨੂੰ ਮੰਨਣ ਤੋਂ ਹੈ ਜਿਨ੍ਹਾਂ ਦਾ ਰਾਜਨੀਤਕ-ਆਰਥਿਕ ਫ਼ੈਸਲਾ ਲੈਣ ਦੀ ਪ੍ਰਕਿਰਿਆ ਵਿਚ ਵੱਖ-ਵੱਖ ਮਹੱਤਵ ਹੁੰਦਾ ਹੈ। ਪੀ ਪੀ ਐੱਫ ਪਹੁੰਚ ਭਾਵੇਂ ਕਿ ਸਰਕਾਰੀ ਪਹਿਲਾਂ ਦੀ ਸ਼ਮੂਲੀਅਤ ਪੱਖੋਂ ਅਮੀਰ ਹੈ, ਫਿਰ ਵੀ ਪਹਿਲ ਢਾਂਚੇ ਦਾ ਲੇਖਾ-ਜੋਖਾ ਪੇਸ਼ ਨਹੀਂ ਕਰਦੀ। ਸਰਕਾਰ ਨੂੰ ਹਾਲੇ ਵੀ ਇਕ ਅਜਿਹੀ ਇਕਾਈ ਵਜੋਂ ਵੇਖਿਆ ਜਾਂਦਾ ਹੈ ਜੋ ਵਿਹਾਰਕ ਤਰੀਕੇ ਨਾਲ ਕੰਮ ਕਰਦੀ ਹੈ। ਨਿਰਾਕਾਰ ਨੀਤੀਘਾੜਾ ਇਕ ਨਕਲੀ ਧਾਰਨਾ ਹੈ ਜੋ ਰਾਜਨੀਤਕ ਬਾਜ਼ਾਰ ਦੇ ਵਿਸਥਾਰਪੂਰਬਕ ਮਾਡਲ ਦੀ ਲੋੜ ਨੂੰ ਖ਼ਤਮ ਕਰਦਾ ਹੈ। ਪੀ ਪੀ ਐੱਫ ਰਵਾਇਤ ਦੀ ਮੁੱਖ ਧਾਰਾ ਵਿਚ ਰਾਜਨੀਤਕ ਵਿਚੋਲਿਆਂ ਨੂੰ ਸ਼ਾਮਿਲ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾਂਦੀ ਜੋ ਪਹਿਲ ਦੇ ਮਹੱਤਵ ਨੂੰ ਨਿਰਧਾਰਤ ਕਰਦੇ ਹਨ।

## 2.2 ਹਿਤ ਸਮੂਹ

ਅਨੁਭਵੀ ਸਾਹਿਤ ਦੀ ਦੂਜੀ ਕਿਸਮ ਦਬਾਅ ਸਮੂਹਾਂ ਜਾਂ ਹਿਤ ਸਮੂਹਾਂ ਦੀ ਭੂਮਿਕਾ ਹੈ। ਰਾਜਨੀਤਕ ਹਾਲਾਤ ਦੀ ਭੂਮਿਕਾ ਅਤੇ ਇਸ ਦੇ ਹਿਤ ਸਮੂਹਾਂ ਨਾਲ ਸੰਬੰਧ ਨੀਤੀ ਬਣਾਉਣ ਦੀ ਪ੍ਰਕਿਰਿਆ ਨੂੰ ਸਮਝਣ ਲਈ ਅਹਿਮ ਹਨ (ਬਰਧਨ 1984, ਸੇਖਰ 2005)। ਅਸੀਂ ਇਸ ਪਹੁੰਚ ਨੂੰ ਭਾਰਤ ਵਿਚ ਆਮ ਕਰਕੇ ਵਿਕਾਸ ਪ੍ਰਕਿਰਿਆ ਅਤੇ ਖ਼ਾਸ ਕਰਕੇ ਜਨਤਕ ਵੰਡ ਪ੍ਰਣਾਲੀ ਨੂੰ ਬਿਆਨ ਕਰਨ ਲਈ ਇਸਤੇਮਾਲ ਕਰਾਂਗੇ। ਭਾਰਤ ਵਿਚ ਲੋਕਤੰਤਰਿਕ ਰਾਜਨੀਤੀ ਦੀ ਕਾਰਜ ਪ੍ਰਣਾਲੀ ਕਾਫ਼ੀ ਜਟਿਲ ਹੈ। ਰਾਜਨੀਤਕ ਪਾਰਟੀਆਂ ਨੂੰ ਚੋਣ ਲੜਨ ਲਈ ਪੈਸੇ ਦੀ ਲੋੜ ਹੁੰਦੀ ਹੈ ਅਤੇ ਇਹ ਪੈਸਾ ਸਿਰਫ਼ ਉਦਯੋਗਪਤੀਆਂ ਅਤੇ ਭੂਮੀ-ਪਤੀਆਂ ਦੇ ਚੋਣਵੇਂ ਸਮੂਹਾਂ ਵਲੋਂ ਹੀ ਮੁਹੱਈਆ ਕਰਵਾਇਆ ਜਾ ਸਕਦਾ ਹੈ। ਕੁਦਰਤੀ ਹੈ ਕਿ ਰਾਜਨੀਤਕ ਦਲ ਪ੍ਰਮੁੱਖ ਹਿਤ ਸਮੂਹਾਂ 'ਤੇ ਨਿਰਭਰ ਰਹਿੰਦੇ ਹਨ। ਸਿੱਟੇ ਵਜੋਂ, ਨੀਤੀਆਂ ਬਣਾਉਣ ਅਤੇ ਅਮਲ ਕਰਨ ਵਿਚ ਰਾਜਨੀਤਕ ਦਲਾਂ ਦੀ ਆਜ਼ਾਦੀ ਸੀਮਤ ਹੋ ਜਾਂਦੀ ਹੈ। ਰਾਜਨੀਤਕ ਦਲਾਂ ਵਲੋਂ ਨੀਤੀਆਂ ਦੀ ਚੋਣ ਪਿੱਛੇ ਹਿਤ ਸਮੂਹਾਂ ਦਾ ਹੱਥ ਹੁੰਦਾ ਹੈ ਜੋ ਜ਼ਰੂਰੀ ਫ਼ੰਡ ਮੁਹੱਈਆ ਕਰਵਾਉਂਦੇ ਹਨ। ਜ਼ਿਆਦਾਤਰ ਹਿਤ ਸਮੂਹਾਂ ਲਈ ਰਾਜਨੀਤਕ ਸਰਗਰਮੀਆਂ ਵਾਸਤੇ ਫ਼ੰਡ ਜੁਟਾਉਣਾ ਅਹਿਮ ਹੁੰਦਾ ਹੈ। ਇਸ ਕਰਕੇ ਇਨ੍ਹਾਂ ਸਮੂਹਾਂ ਦੀਆਂ ਆਮਦਨ ਪੈਦਾ ਕਰਨ ਵਾਲੀਆਂ ਸਰਗਰਮੀਆਂ ਹੋਣੀਆਂ ਜ਼ਰੂਰੀ ਹਨ। ਸ਼ਾਇਦ ਇਹੀ ਕਾਰਨ ਹੈ ਕਿ ਸੰਵੇਦਨਸ਼ੀਲ ਸਮੂਹ, ਜਿਵੇਂ ਖੇਤੀ ਮਜ਼ਦੂਰ, ਪੇਂਡੂ ਕਾਰੀਗਰ, ਗਰੀਬ ਅਤੇ ਬੇਆਸਰਿਆਂ ਨੂੰ ਨੀਤੀਗਤ ਮਾਮਲਿਆਂ ਤੋਂ ਬਾਹਰ ਰੱਖਿਆ ਜਾਂਦਾ ਹੈ। ਉਨ੍ਹਾਂ ਨੂੰ ਬਣਦੀ ਪਹਿਲ ਨਹੀਂ ਮਿਲਦੀ ਕਿਉਂਕਿ ਉਨ੍ਹਾਂ ਕੋਲ ਰਾਜਨੀਤਕ ਦਲਾਂ ਨੂੰ ਦੇਣ ਜੋਗੇ ਸਰੋਤ ਨਹੀਂ ਹੁੰਦੇ।

ਜਾਣਕਾਰੀ ਦਾ ਆਭਾਵ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਦੋਂ ਵੱਖ-ਵੱਖ ਹਿਤ ਸਮੂਹਾਂ ਵਿਚਾਲੇ ਜਾਣਕਾਰੀ ਦਾ ਪਾੜਾ ਹੋਵੇ ਤਾਂ ਰਾਜਨੀਤਕ ਦਲ ਪੜ੍ਹੇ-ਲਿਖੇ ਤੋਂ ਸੁਝਵਾਨ ਸਮੂਹਾਂ ਦਾ ਖ਼ਾਸ ਖ਼ਿਆਲ ਰੱਖਣਗੇ। ਇਸ ਨਾਲ ਹਿਤ ਸਮੂਹਾਂ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੇ ਮੈਂਬਰਾਂ ਨੂੰ ਜਾਗ੍ਰਿਤ ਅਤੇ ਸੰਗਠਿਤ ਕਰਨ ਲਈ ਸਾਧਨਾਂ ਦਾ ਇਸਤੇਮਾਲ ਕਰਨ ਤਾਂ ਕਿ ਨੀਤੀਆਂ ਨੂੰ ਆਪਣੇ ਪੱਖ ਵਿਚ ਕੀਤਾ ਜਾ ਸਕੇ। ਰਾਜਨੀਤਕ ਪ੍ਰਕਿਰਿਆ ਤੋਂ ਇਲਾਵਾ ਇਕ ਹੋਰ ਰਸਤਾ ਵੀ ਹੈ ਜਿਸ ਰਾਹੀਂ ਹਿਤ ਸਮੂਹ ਨੀਤੀਆਂ 'ਤੇ ਅਸਰ ਅੰਦਾਜ਼ ਹੋ ਸਕਦੇ ਹਨ। ਇਹ ਸਮੂਹ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਲਈ ਲੋਕਾਂ ਨਾਲ ਵੱਡੇ ਪੱਧਰ 'ਤੇ ਰਾਬਤਾ ਕਾਇਮ ਕਰ ਸਕਦੇ ਹਨ। ਨਿੱਜੀ ਇਕਾਈਆਂ ਦੇ ਨਿਯਮਨ ਮਨੁੱਖੀ ਅਧਿਕਾਰਾਂ ਅਤੇ ਉਦਯੋਗਿਕ ਪ੍ਰਦੂਸ਼ਨ ਵਰਗੇ ਮਾਮਲਿਆਂ ਤੇ ਚੁਣੇ ਹੋਏ ਅਧਿਕਾਰੀਆਂ ਨੂੰ ਪ੍ਰਭਾਵਿਤ ਕਰਨ ਲਈ ਅਜਿਹੇ ਸਮੂਹ ਰੋਸ, ਧਰਨਿਆਂ ਅਤੇ ਪ੍ਰਦਰਸ਼ਨ ਲਈ ਲੋਕਾਂ ਨੂੰ ਪ੍ਰੇਰਿਤ ਕਰ ਸਕਦੇ ਹਨ। ਪਰ, ਅਜਿਹੇ ਮਾਮਲਿਆਂ ਵਿਚ ਕੰਮ ਕਰਨ ਦਾ ਤਰੀਕਾ ਚੋਣਾਂ ਜਾਂ ਵਿਧਾਨਕ ਪ੍ਰਕਿਰਿਆਵਾਂ ਦੀ ਬਜਾਇ ਸੌਦੇਬਾਜ਼ੀ ਵਾਲਾ ਹੁੰਦਾ ਹੈ।

## ਭਾਗ-3 : ਛੱਤੀਸਗੜ੍ਹ ਅਤੇ ਬਿਹਾਰ ਵਿਚ ਜਨਤਕ ਵੰਡ ਪ੍ਰਣਾਲੀ

ਇਸ ਖੰਡ ਵਿਚ ਪਿਛਲੇ ਹਿੱਸੇ ਵਿਚ ਦਿਤੀ ਗਈ ਰਾਜਨੀਤਕ ਆਰਥਿਕ ਪਹੁੰਚ ਦਾ ਇਸਤੇਮਾਲ ਕਰਕੇ ਬਿਹਾਰ ਅਤੇ ਛੱਤੀਸਗੜ੍ਹ ਦੀ ਕਾਰਗੁਜ਼ਾਰੀ ਬਾਰੇ ਚਰਚਾ ਕਰਾਂਗੇ।

2004 ਤਕ ਛੱਤੀਸਗੜ੍ਹ ਵਿਚ ਜਨਤਕ ਵੰਡ ਪ੍ਰਣਾਲੀ ਦਾ ਸੰਚਾਲਨ ਨਿੱਜੀ ਖੇਤਰ ਵਲੋਂ ਕੀਤਾ ਜਾਂਦਾ ਸੀ। ਉੱਚਿਤ ਦਰ ਦੀਆਂ ਦੁਕਾਨਾਂ ਦੇ ਨਿੱਜੀ ਸੰਚਾਲਨ ਵਿਚ ਸਭ ਤੋਂ ਵੱਡੀ ਸਮੱਸਿਆ ਅਨਿਯਮਤ ਪੂਰਤੀ ਅਤੇ ਅਨਾਜ ਦਾ ਖੁੱਲ੍ਹੇ ਬਾਜ਼ਾਰ


ਵਿਚ ਜਾਣਾ ਹੈ। ਇਸ ਦੇ ਹੱਲ ਲਈ ਬਹੁਤ ਸਾਰੇ ਸੁਧਾਰਾਂ ਦੀ ਸ਼ੁਰੂਆਤ ਕੀਤੀ ਗਈ। ਇਕ ਪ੍ਰਮੁੱਖ ਸੁਧਾਰ 2004 ਵਿਚ ਛੱਤੀਸਗੜ੍ਹ ਜਨਤਕ ਵੰਡ ਪ੍ਰਣਾਲੀ ਨਿਯਮ ਲਾਗੂ ਕਰਨਾ ਸੀ। ਇਸ ਤਹਿਤ ਕੁਝ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਗਈਆਂ ਜਿਵੇਂ ਕਿ ਨਿੱਜੀ ਇਕਾਈਆਂ ਨੂੰ ਹਟਾਉਣਾ ਅਤੇ ਰਾਸ਼ਨ ਸਿੱਧਾ ਦੁਕਾਨਾਂ ਤਕ ਪਹੁੰਚਾਉਣ, ਵੰਡ ਵਾਲੇ ਵਾਹਨਾਂ ਨੂੰ ਪੀਲਾ ਰੰਗ ਕਰਨਾ, ਹਰੇਕ ਮਹੀਨੇ ਦੀ 7 ਤਾਰੀਖ਼ ਤਕ ਅਨਾਜ ਉੱਚਿਤ ਦਰ ਦੀ ਦੁਕਾਨ ਤਕ ਪੁੱਜਦਾ ਕਰਨਾ, ਵੇਰਵਿਆਂ ਦਾ ਕੰਪਿਊਟਰੀਕਰਨ ਕਰਕੇ ਵੰਡ ਵਾਲੇ ਵਾਹਨਾਂ ਦੀ ਆਵਾਜਾਈ 'ਤੇ ਨਜ਼ਰ ਰੱਖਣਾ, ਜਨਤਕ ਵੰਡ ਪ੍ਰਣਾਲੀ ਨੂੰ ਨੀਮ-ਵਿਆਪਕ (80 ਪ੍ਰਤਿਸ਼ਤ) ਕਰਨਾ ਜਿਸ ਨਾਲ ਵਸੋਂ ਦੇ ਵੱਡੇ ਹਿੱਸੇ ਵਲੋਂ ਬੇਹਤਰ ਸੇਵਾਵਾਂ ਦੀ ਮੰਗ ਕੀਤੀ ਜਾਵੇ; ਉੱਚਿਤ ਦਰ ਦੁਕਾਨਦਾਰਾਂ ਦਾ ਕਮਿਸ਼ਨ 8 ਰੁਪਏ ਤੋਂ ਵਧਾ ਕੇ 30 ਰੁਪਏ ਪ੍ਰਤਿ ਕੁਇੰਟਲ ਕਰਕੇ ਬੇਈਮਾਨੀ ਨੂੰ ਰੋਕਣਾ, ਹਰੇਕ ਘਰ ਦੇ ਬਾਹਰਵਾਰ ਨਾਮ, ਕਾਰਡ ਅਤੇ ਕੀਮਤ ਦੇ ਵੇਰਵੇ ਲਿਖਣੇ ਜਿਸ ਨਾਲ ਗਰੀਬੀ ਰੇਖਾ ਤੋਂ ਹੇਠਾਂ ਅਤੇ ਅੰਤੋਦਿਆ ਅੰਨ ਯੋਜਨਾ ਕਾਰਡ ਵਰਤਣ ਵਾਲੇ ਗ਼ੈਰ-ਪਾਤਰ ਪਰਿਵਾਰਾਂ ਨੂੰ ਸ਼ਰਮਸਾਰ ਕੀਤਾ ਜਾ ਸਕੇਗਾ। ਬਿਹਾਰ ਵਿਚ ਜਨਤਕ ਵੰਡ ਪ੍ਰਣਾਲੀ ਦੀਆਂ ਹਮੇਸ਼ਾ ਅਨੇਕ ਸਮੱਸਿਆਵਾਂ ਰਹੀਆਂ ਹਨ। ਵੱਡੀਆਂ ਸਮੱਸਿਆਵਾਂ ਵਿਚ ਵੱਡੇ ਪੱਧਰ 'ਤੇ ਅਨਾਜ ਦਾ ਗਬਨ, ਵੰਡ ਪ੍ਰਣਾਲੀ ਵਿਚ ਖਰਾਬੀਆਂ (ਸ਼ਮੂਲੀਅਤ ਅਤੇ ਛੇਕਣ ਦੀਆਂ ਕਮੀਆ), ਰਾਜ ਵਿਚ ਢੁਕਵਾਂ ਅੰਨ ਉਤਪਾਦਨ ਨਾ ਹੋਣਾ, ਬਿਹਾਰ ਰਾਜ ਦੀ ਬੀਮਾਰ ਫੂਡ ਐਂਡ ਸਿਵਲ ਸਪਲਾਈ ਕਾਰਪੋਰੇਸ਼ਨ, ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਡੀਲਰਾਂ, ਨੌਕਰਸ਼ਾਹਾਂ, ਸਥਾਨਕ ਰਾਜਨੇਤਾਵਾਂ ਅਤੇ ਇਥੋਂ ਤਕ ਕਿ ਮੰਤਰੀਆਂ ਦਰਮਿਆਨ ਮਿਲੀਭੁਗਤ ਅਤੇ ਬਹੁਤ ਘੱਟ ਆਰਥਿਕ ਵਿਕਾਸ, ਜਿਸ ਨਾਲ ਸਰੋਤਾਂ ਤੇ ਸਰੁਖ ਵਾਲਿਆਂ ਦਾ ਕਬਜ਼ਾ ਹੋ ਗਿਆ।

ਛੱਤੀਸਗੜ੍ਹ ਬਿਹਾਰ ਦੀ ਕਾਰਜ ਪ੍ਰਣਾਲੀ ਵਿਚ ਫ਼ਰਕ ਇਕ ਸਾਧਾਰਨ ਰਾਜਨੀਤਕ-ਆਰਥਿਕ ਰੂਪ-ਰੇਖਾ ਵਿਚ ਬਿਆਨ ਕੀਤਾ ਜਾ ਸਕਦਾ ਹੈ (ਚਿੱਤਰ 1 ਅਤੇ 2) ਹਿਤ ਸਮੂਹਾਂ, ਸੰਸਥਾਨਾਂ ਅਤੇ ਨੀਤੀ ਦਰਮਿਆਨ ਆਪਸੀ ਰਿਸ਼ਤਾ ਹੁੰਦਾ ਹੈ। ਇਹ ਪ੍ਰਸਪਰ ਕਿਰਿਆ ਬਹੁ-ਆਯਾਮੀ ਹੈ ਅਤੇ ਵਿਕਾਸ ਪ੍ਰਕਿਰਿਆ ਵਿਚ ਇਸ ਦਾ ਵੱਖ-ਵੱਖ ਧਿਰਾਂ 'ਤੇ ਵੱਖ-ਵੱਖ ਅਸਰ ਪੈਂਦਾ ਹੈ (ਚਿੱਤਰ-1)। ਇਹ ਪ੍ਰਭਾਵ ਅੰਤਮ ਨਤੀਜਿਆਂ 'ਤੇ ਅਸਰ ਪਾਉਂਦੇ ਹਨ।


ਇੱਛਤ ਅਤੇ ਅਸਲ ਨਤੀਜਿਆਂ ਵਿਚ ਪਾੜਾ ਮੰਗ ਪੱਖ ਜਾਂ ਪੂਰਤੀ ਪੱਖ ਦੇ ਪਾੜਿਆਂ ਕਰਕੇ ਪੈਦਾ ਹੋ ਸਕਦਾ ਹੈ (ਚਿੱਤਰ-2)। ਪੂਰਤੀ ਪੱਖ ਦੀਆਂ ਸਮੱਸਿਆਵਾਂ ਮੁੱਖ ਤੌਰ ਤੇ ਨਿਹਿਤ ਪ੍ਰੇਰਨਾ, ਢੁਕਵੇਂ ਲਾਭ ਦੇ ਢਾਂਚੇ ਅਤੇ ਢੁਕਵੇਂ ਨਿਗਰਾਨੀ ਤੰਤਰ ਦੀ ਅਣਹੋਂਦ ਕਾਰਨ ਪੈਦਾ ਹੁੰਦੀਆਂ ਹਨ। ਪਰ ਸਭ ਤੋਂ ਵੱਧ ਅਹਿਤ ਮੰਗ ਪੱਖ ਦੀਆਂ ਕਮੀਆਂ ਹਨ ਜੋ ਲਾਭਪਾਤਰੀਆਂ ਵਲੋਂ ਜ਼ਾਹਰਾ ਮੰਗ ਦੀ ਕਮੀ ਕਾਰਨ ਪੈਦਾ ਹੁੰਦੀਆਂ ਹਨ। ਅਜਿਹਾ ਸਮੂਹਿਕ ਕਾਰਜ ਸਮੱਸਿਆਵਾਂ ਦੀਆਂ ਔਖਿਆਈਆਂ ਕਰਕੇ ਵਾਪਰਦਾ ਹੈ।

ਬਿਹਾਰ ਅਤੇ ਛੱਤੀਸਗੜ੍ਹ ਵਿਚਲਾ ਫ਼ਰਕ ਉੱਪਰ ਦਿਤੀ ਰੂਪਰੇਖਾ ਉੱਚਿਤ ਦਰ ਦੁਕਾਨਾਂ ਨੂੰ ਅਨਿਯਮਤ ਪੂਰਤੀ ਅਤੇ ਵੱਡੀ ਪੱਧਰ 'ਤੇ ਖੁੱਲ੍ਹੇ ਬਾਜ਼ਾਰ ਵਿਚ ਅਨਾਜ ਦਾ ਜਾਣਾ ਸੀ। ਇਸ ਦਾ ਮੁੱਖ ਕਾਰਨ ਢੁਕਵੇਂ ਲਾਭ ਢਾਂਚੇ ਦੀ ਅਣਹੋਂਦ ਅਤੇ ਪੂਰਤੀ ਪੱਖ ਦੇ ਢੁਕਵੇਂ ਨਿਗਰਾਨੀ ਤੰਤਰ

ਚਿੱਤਰ-1




ਚਿੱਤਰ-2




ਦੀ ਕਮੀ ਸੀ (ਚਿੱਤਰ-2)। ਸੀ ਪੀ ਡੀ ਐੱਸ ਕਾਨੂੰਨ ਰਾਹੀ ਛੱਤਸਗੜ੍ਹ ਸਰਕਾਰ ਦੁਆਰਾ ਨੀਤੀਗਤ ਦਖ਼ਲ ਨੇ ਸਾਰਾ ਦ੍ਰਿਸ਼ ਬਦਲ ਦਿਤਾ। ਉੱਚਿਤ ਭਾਅ ਦੁਕਾਨਦਾਰਾਂ ਲਈ ਲਾਭ ਦਾ ਢਾਂਚਾ ਸੁਧਰ ਗਿਆ ਜਦੋਂ ਉਨ੍ਹਾਂ ਦਾ ਕਮਿਸ਼ਨ 8 ਰੁਪਏ ਪ੍ਰਤਿ ਕੁਇੰਟਲ ਤੋਂ ਵਧਾ ਕੇ 30 ਰੁਪਏ ਪ੍ਰਤਿ ਕੁਇੰਟਲ ਕਰ ਦਿਤਾ ਗਿਆ। ਇਸ ਨਾਲ ਉੱਚਿਤ ਦਰ ਦੁਕਾਨਦਾਰਾਂ ਵਲੋਂ ਖੁੱਲ੍ਹੇ ਬਾਜ਼ਾਰ ਵਿਚ ਹੇਰਾ-ਫੇਰੀ ਅਨਾਜ ਵੇਚਣ ਵਿਚ ਕਮੀ ਆਈ। ਇਸੇ ਸਮੇਂ ਹੀ, ਟਰੱਕਾਂ ਦੀ ਆਵਾਜਾਈ ਦਾ ਕੰਪਿਊਟਰੀਕਰਨ ਕਰਨ ਅਤੇ ਉਨ੍ਹਾਂ ਦਾ ਰੰਗ ਪੀਲਾ ਕਰਨ ਨਾਲ ਚੌਕਸੀ ਅਤੇ ਨਿਗਰਾਨੀ ਤੰਤਰ ਵੀ ਮਜ਼ਬੂਤ ਹੋਇਆ ਜਿਸ ਨਾਲ ਉਨ੍ਹਾਂ ਨੂੰ ਨਿਰਧਾਰਤ ਸਥਾਨਾਂ ਤੋਂ ਬਿਨਾਂ ਦੂਜੀਆਂ ਥਾਵਾਂ 'ਤੇ ਰੁਕਣਾ ਅਤੇ ਅਨਾਜ ਉਤਾਰਨਾ ਔਖਾ ਹੋ ਗਿਆ। ਦਾਇਰਾ ਵਧਣ ਕਰਕੇ ਲਾਭਪਾਤਰੀਆਂ ਦੀ ਵੱਡੀ ਗਿਣਤੀ ਕੁਸ਼ਲਤਾ ਨਾਲ ਕੰਮ ਕਰ ਰਹੀ ਜਨਤਕ ਵੰਡ ਪ੍ਰਣਾਲੀ ਵਿਚ ਇਕ ਧਿਰ ਹਨ। ਇਸ ਨੇ ਮੰਗ ਪੱਖ ਨੂੰ ਮਜ਼ਬੂਤ ਕੀਤਾ (ਚਿੱਤਰ-2)। ਬਹੁਤ ਸਾਰੇ ਉਪਾਅ, ਜਿਵੇਂ ਜਨਤਕ ਵੰਡ ਪ੍ਰਣਾਲੀ ਦਾ ਦਾਇਰਾ ਵਧਾਉਣਾ, ਜਨਤਕ ਵੰਡ ਪ੍ਰਣਾਲੀ ਦੀਆਂ ਕੀਮਤਾਂ ਵਿਚ ਕਮੀ, ਕੰਪਿਊਟਰੀਕਰਨ, ਦਰਵਾਜ਼ੇ 'ਤੇ ਅਨਾਜ ਪਹੁੰਚਾਉਣਾ, ਰਾਸ਼ਨ ਦੀਆਂ ਦੁਕਾਨਾਂ ਦਾ ਗ਼ੈਰ-ਨਿੱਜੀਕਰਨ ਅਤੇ ਸ਼ਿਕਾਇਤਾਂ ਦੇ ਨਿਵਾਰਨ ਲਈ ਉੱਚਿਤ ਮਾਧਿਅਮ ਸਥਾਪਤ ਕਰਨ ਆਦਿ ਨਾਲ ਰਾਜ ਵਿਚ ਜਨਤਕ ਵੰਡ ਪ੍ਰਣਾਲੀ ਵਿਚ ਕਾਫ਼ੀ ਸੁਧਾਰ ਆਇਆ ਹੈ। ਇਸ ਪ੍ਰਕਾਰ, ਪੂਰਤੀ ਅਤੇ ਮੰਗ ਪੱਖ ਵਿਚ ਸੁਧਾਰ ਹੋਣ ਨਾਲ ਇਕ ਦਹਾਕੇ ਦੇ ਛੋਟੇ ਜਿਹੇ ਸਮੇਂ ਵਿਚ ਛੱਤੀਸਗੜ੍ਹ ਜਨਤਕ ਵੰਡ ਪ੍ਰਣਾਲੀ ਦੇ ਮਾਮਲੇ ਵਿਚ ਇਕ ਨਮੂਨੇ ਦੇ ਰਾਜ ਵਜੋਂ ਉੱਭਰਿਆ ਹੈ। ਸੀ ਪੀ ਡੀ ਐੱਸ ਨੇ ਲਾਭਪਾਤਰੀਆਂ ਦਾ ਇਕ ਹਿਤ ਸਮੂਹ ਬਣਾਉਣ ਵਿਚ ਮਦਦ ਕੀਤੀ ਹੈ ਜਿਸ ਨੇ ਬਦਲੇ ਵਿਚ ਮੰਗ ਪੱਖ ਨੂੰ ਮਜ਼ਬੂਤ ਕੀਤਾ ਹੈ (ਨੀਤੀ – ਹਿਤ ਸਮੂਹ, ਚਿੱਤਰ-1 ਵਿਚ)।

ਦੂਜੇ ਬੰਨੇ ਬਿਹਾਰ ਵਿਚ 2011 ਤਕ ਜਨਤਕ ਵੰਡ ਪ੍ਰਣਾਲੀ ਅਨੇਕ ਸਮੱਸਿਆਵਾਂ ਨਾਲ ਜੂਝ ਰਹੀ ਸੀ। ਸਾਰੇ ਪੱਧਰਾਂ 'ਤੇ ਅਨਾਜ ਦਾ ਗਬਨ, ਵੰਡ ਵਿਚ ਧਾਂਦਲੀਆਂ (ਛੇਕਣ ਅਤੇ ਸ਼ਮੂਲੀਅਤ ਦੀਆਂ ਕਮੀਆਂ), ਬਿਹਾਰ ਦਾ ਬੀਮਾਰ ਫੂਡ ਤੇ ਸਿਵਲ ਸਪਲਾਈ ਮਹਿਕਮਾ, ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਅਤੇ ਜਨਤਕ ਵੰਡ ਪ੍ਰਣਾਲੀ

ਡੀਲਰਾਂ, ਨੌਕਰਸ਼ਾਹਾਂ, ਸਥਾਨਕ ਨੇਤਾਵਾਂ ਅਤੇ ਇਥੋਂ ਤਕ ਕਿ ਮੰਤਰੀਆਂ ਦਰਮਿਆਨ ਮਿਲੀਭੁਗਤ (ਮੁਈਜ, 1998, 2001) ਇਸ ਹਾਲਾਤ ਦਾ ਮੁੱਖ ਕਾਰਨ ਰਾਜ ਵਿਚ ਅੰਨ ਉਤਪਾਦਨ ਦੀ ਕਮੀ ਸੀ ਜਿਸ ਨਾਲ ਰਾਜ ਵਿਚ ਤਕੜੀ ਅਨਾਜ ਲਾਬੀ ਨਹੀਂ ਬਣ ਸਕੀ। ਆਰਥਿਕਤਾ ਵਿਚ ਆਮ ਖੜੋਤ ਅਤੇ ਆਰਥਿਕ ਤੇ ਸਮਾਜਿਕ ਖੇਤਰਾਂ ਵਿਚ ਵੱਡੀਆਂ ਅਬਰਾਬਰੀਆਂ ਨੇ ਜਨਤਕ ਵੰਡ ਪ੍ਰਣਾਲੀ ਦੇ ਮੁੱਖ ਲਾਭਪਾਤਰ ਗਰੀਬ ਤਬਕੇ ਨੂੰ ਅਸਲੋਂ ਆਵਾਜ਼ ਵਿਹੂਣਾ ਕਰ ਦਿਤਾ। ਤਕੜੀ ਸਿਵਲ ਸੋਸਾਇਟੀ ਅਤੇ ਮੀਡੀਆ ਦੀ ਅਣਹੋਂਦ ਕਰਕੇ, ਆਂਧਰ ਪ੍ਰਦੇਸ਼ ਅਤੇ ਤਮਿਲਨਾਡੂ ਵਾਂਗ ਜਨਤਕ ਵੰਡ ਪ੍ਰਣਾਲੀ ਚੋਣ ਮੁੱਦਾ ਨਾ ਬਣ ਸਕੀ। ਜਨਤਕ ਵੰਡ ਪ੍ਰਣਾਲੀ ਦੀ ਢੁਕਵੀਂ ਕਾਰਜ-ਸ਼ੈਲੀ ਲਈ ਲਾਭਪਾਤਰੀਆਂ, ਮੀਡੀਆ, ਸਿਵਲ ਸੋਸਾਇਟੀ, ਨੌਕਰਸ਼ਾਹਾਂ ਅਤੇ ਰਾਜਨੀਤਕਾਂ ਵਲੋਂ ਪ੍ਰਤੱਖ ਮੰਗ ਦੀ ਲੋੜ ਸੀ।

ਇਹ ਸਾਰਾ ਕੁੱਝ ਪਿਛਲੇ ਕੁਝ ਸਾਲਾਂ ਵਿਚ ਬਦਲਿਆ ਹੈ। ਇਸ ਪ੍ਰਣਾਲੀ ਵਿਚ ਪਿਛਲੇ ਤਿੰਨ ਸਾਲ, ਖ਼ਾਸ ਕਰਕੇ ਪਿਛਲੇ 12 ਮਹੀਨਿਆਂ ਦੌਰਾਨ ਸੁਧਾਰ ਵੇਖਣ ਨੂੰ ਮਿਲਿਆ ਹੈ। ਅਜਿਹਾ ਬਿਹਾਰ ਸਰਕਾਰ ਵਲੋਂ ਕੀਤੀਆਂ ਪਹਿਲਕਦਮੀਆਂ ਸਦਕਾ ਸੰਭਵ ਹੋਇਆ (ਡਰੇਜ਼ ਅਤੇ ਖੇੜਾ, 2015)। ਸੁਧਾਰ ਦੇ ਚਿੰਨ੍ਹ 2011 ਵਿਚ ਕੂਪਨ ਦੀ ਨਿਗਰਾਨੀ ਨਾਲ ਨਜ਼ਰ ਆਉਣੇ ਸ਼ੁਰੂ ਹੋ ਗਏ ਸਨ। ਪਿਛਲੇ ਤਿੰਨ ਸਾਲਾਂ ਦੌਰਾਨ ਹੋਰ ਸੁਧਾਰ ਹੋਏ, ਖ਼ਾਸ ਕਰਕੇ ਪਿਛਲੇ ਲਗਭਗ 12 ਮਹੀਨਿਆਂ ਦੌਰਾਨ। ਸਮਾਜਿਕ-ਆਰਥਿਕ ਅਤੇ ਜਾਤੀ-ਜਨਗਣਨਾ ਅੰਕੜਿਆਂ ਦੀ ਵਰਤੋਂ ਕਰਕੇ ਰਾਸ਼ਨ ਕਾਰਡਾਂ ਦੀ ਇਕ ਨਵੀਂ ਸੂਚੀ ਬਣਾਈ ਗਈ। ਅੱਜ ਬਿਹਾਰ ਦੇ ਲਗਭਗ 75 ਪ੍ਰਤਿਸ਼ਤ ਦਿਹਾਤੀ ਪਰਿਵਾਰਾਂ ਕੋਲ ਇਕ ਨਵਾਂ ਰਾਸ਼ਨ ਕਾਰਡ ਜਾਂ ਅੰਤੋਦਿਆ ਕਾਰਡ ਹੈ। ਪਹਿਲੀ ਵਾਰੀ ਲੋਕਾਂ ਨੂੰ ਪਤਾ ਲੱਗਾ ਹੈ ਕਿ ਜਨਤਕ ਵੰਡ ਪ੍ਰਣਾਲੀ ਤਹਿਤ ਉਹ ਪ੍ਰਤਿ ਮਹੀਨਾ ਪ੍ਰਤਿ ਜੀਅ 5 ਕਿਲੋਗ੍ਰਾਮ ਅਨਾਜ ਲੈਣ ਦੇ ਹੱਕਦਾਰ ਹਨ। ਚੋਣ ਦੌਰਾਨ ਚਰਚਾ ਵਿਚ ਜਨਤਕ ਵੰਡ ਪ੍ਰਣਾਲੀ ਸ਼ਾਮਿਲ ਹੋਣ ਨਾਲ ਰਾਜਨੀਤਕ ਭਾਸ਼ਨਬਾਜ਼ੀ ਵਿਚ ਵੀ ਬਦਲਾਅ ਆਇਆ ਹੈ। ਵਿਰੋਧੀ ਪਾਰਟੀਆਂ ਵੀ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਜਾਗਰੂਕ ਕਰਨ ਲਈ ਜੁਟ ਗਈਆਂ ਹਨ। ਇਸ ਸਾਰੇ ਕਰਕੇ ਜਨਤਕ ਵੰਡ ਪ੍ਰਣਾਲੀ ਦੇ ਲਾਭਪਾਤਰੀਆਂ ਦਾ ਦਬਾਅ ਵਧਿਆ ਹੈ। ਕੁਝ ਸਾਲ ਪਹਿਲਾਂ ਨਾਲੋਂ ਇਹ ਸਥਿਤੀ ਇਕਦਮ ਉਲਟ ਹੈ ਜਦੋਂ ਲੋਕਾਂ ਨੂੰ ਜਨਤਕ ਵੰਡ ਪ੍ਰਣਾਲੀ ਤੋਂ ਮੁਸ਼ਕਿਲ ਨਾਲ ਹੀ ਕੁੱਝ ਹਾਸਲ ਹੁੰਦਾ ਸੀ।

ਉਪਰੋਕਤ ਚਰਚਾ ਤੋਂ ਸਾਬਤ ਹੁੰਦਾ ਹੈ ਕਿ ਬਿਹਾਰ ਅਤੇ ਛੱਤੀਸਗੜ੍ਹ ਵਿਚ ਜਨਤਕ ਵੰਡ ਪ੍ਰਣਾਲੀ ਵਿਚ ਸੁਧਾਰ ਦਾ ਮੁੱਖ ਕਾਰਨ ਸ਼ਾਸਨ ਦੀਆਂ ਪਹਿਲਕਦਮੀਆਂ ਹਨ ਜਿਸ ਨਾਲ ਪੂਰਤੀ ਵਿਚ ਸੁਧਾਰ ਹੋਇਆ ਹੈ ਅਤੇ ਮੰਗ ਪੱਖ ਨੂੰ ਮਜ਼ਬੂਤੀ ਮਿਲੀ ਹੈ।

## ਦੂਸਰੇ ਰਾਜਾਂ ਦੇ ਅਨੁਭਵ

ਦੂਸਰੇ ਰਾਜਾਂ ਵਿਚ ਵੀ ਨੀਤੀ ਨਿਰਧਾਰਨ ਅਤੇ ਅਮਲ ਦੇ ਸਾਰਥਕ ਨਤੀਜੇ ਮਿਲੇ ਹਨ (ਖੇੜਾ 2011 ਏ ਅਤੇ 2011 ਬੀ, ਰਾਘਵ ਪੁਰੀ 2012)। ਹਿਮਾਚਲ ਪ੍ਰਦੇਸ਼ ਵਿਚ ਜਨਤਕ ਵੰਡ ਪ੍ਰਣਾਲੀ ਵਿਆਪਕ ਹੈ (ਪਰ ਇਕਸਾਰ ਨਹੀਂ)। ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰ ਅੰਤੋਦਿਆ ਕਾਰਡਾਂ ਵਾਲਿਆਂ ਨਾਲੋਂ ਘੱਟ ਦਰ ਅਦਾ ਕਰਨ ਦੇ ਹੱਕਦਾਰ ਹਨ। ਗ਼ੈਰ-ਅਨਾਜ ਜਨਤਕ ਵੰਡ ਪ੍ਰਣਾਲੀ ਵਸਤੂਆਂ (ਦਾਲਾਂ ਅਤੇ ਖਾਣ ਵਾਲਾ ਤੇਲ) ਸਾਰੇ ਪਰਿਵਾਰਾਂ ਨੂੰ ਇਕੋ ਕੀਮਤ 'ਤੇ ਮੁਹੱਈਆ ਕਰਵਾਇਆ ਜਾਂਦਾ ਹੈ ਅਜਿਹੀ ਪ੍ਰਾਪਤੀ 'ਧੁਰ ਅੰਦਰ ਤਕ ਪਹੁੰਚ ਕਰਨ' ਨਾਲ ਹੀ ਸੰਭਵ ਹੋਈ ਹੈ, ਬਾਵਜੂਦ ਔਖੇ ਖੇਤਰ ਦੇ ਅਤੇ ਤਮਿਲਨਾਡੂ ਜਿਹੇ ਸਖਤ ਮਾਪਦੰਡ ਦੀ ਅਣਹੋਂਦ ਦੇ। ਅਜਿਹਾ ਜਨਤਕ ਵੰਡ ਪ੍ਰਣਾਲੀ ਦੇ ਵਿਆਪੀਕਰਨ ਕਰਕੇ ਹੀ ਸੰਭਵ ਹੋ ਸਕਿਆ ਜਿਸ ਨਾਲ ਲਾਭਪਾਤਰੀਆਂ ਵਲੋਂ ਮੰਗ ਵਿਚ ਵਾਧਾ ਹੋਇਆ।

ਤਮਿਲਨਾਡੂ ਵਿਚ ਸਮੇਂ ਨਾਲ ਪ੍ਰਭਾਵੀ ਨਿਗਰਾਨੀ ਤੰਤਰ ਸਥਾਪਤ ਕੀਤਾ ਗਿਆ ਹੈ ਜਿਸ ਦੇ ਲਈ ਲੋਕ ਪੱਖੀ ਅਤੇ ਘੱਟ ਕੀਮਤ ਵਾਲੀ ਤਕਨੀਕ ਦਾ ਇਸਤੇਮਾਲ ਕੀਤਾ ਗਿਆ ਹੈ। ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਲਈ ਸਰਲ ਅਤੇ ਲਾਗਤ ਪ੍ਰਭਾਵੀ ਕਦਮ ਉਠਾਏ ਗਏ ਹਨ। ਕਿਸੇ ਵੀ ਹੋਰ ਰਾਜ ਨੇ ਤੰਤਰ ਨੂੰ ਟਿਕਾਣੇ ਬਿਠਾਉਣ ਲਈ ਇੰਨੀ ਮੁਸ਼ੱਕਤ ਨਹੀਂ ਕੀਤੀ (ਅਲਾਮੂ, 2011)।

ਆਂਧਰ ਪ੍ਰਦੇਸ਼ ਵਲੋਂ ਸਾਧਾਰਨ ਛੇਕਣ ਦੇ ਮਾਪਦੰਡ ਨੂੰ ਵਰਤਿਆ ਗਿਆ ਜਿਸ ਨਾਲ ਛੇਕਣ ਦੀਆਂ ਕਮੀਆਂ ਘੱਟ ਤੋਂ ਘੱਟ ਹੋ ਗਈਆਂ। ਪਰ, 2008 ਤੋਂ ਆਂਧਰ ਪ੍ਰਦੇਸ਼ ਵਿਚ ਸ਼ਮੂਲੀਅਤ ਦੀਆਂ ਗਲਤੀਆਂ ਦੀ ਭਰਮਾਰ ਹੈ, ਉੜੀਸ਼ਾ ਛੱਤੀਸਗੜ੍ਹ ਦੇ ਮਾਡਲ ਨੂੰ ਅਪਣਾ ਰਿਹਾ ਹੈ, ਜਿਸ ਵਿਚ ਕੋਰਾਪੁਟ-ਬੋਲਾਨਗੀਰ-ਕਾਲਾਹਾਂਡੀ ਖੇਤਰਾਂ ਵਿਚ ਜਨਤਕ ਵੰਡ ਪ੍ਰਣਾਲੀ ਦਾ ਵਿਆਪੀਕਰਨ ਸ਼ਾਮਿਲ ਹੈ। ਜਨਤਕ ਵੰਡ ਪ੍ਰਣਾਲੀ ਦਾ ਪ੍ਰਬੰਧਨ ਵੀ ਪਿੰਡ ਪੰਚਾਇਤਾਂ ਨੂੰ ਸੌਂਪਿਆ ਗਿਆ ਹੈ। ਮਈ 2010 ਵਿਚ ਰਾਜਸਥਾਨ ਨੇ ਵੀ ਉਪਰਲੇ ਕੁਝ ਸੁਧਾਰਾਂ ਨੂੰ ਲਾਗੂ ਕੀਤਾ ਹੈ। ਨਤੀਜੇ ਦੱਸਦੇ ਹਨ ਕਿ 2010 ਵਿਚ ਲਾਗੂ ਕੀਤੇ ਗਏ ਸੁਧਾਰਾਂ ਦਾ ਜਨਤਕ ਵੰਡ ਪ੍ਰਣਾਲੀ ਦੇ ਕੰਮ ਕਾਜ 'ਤੇ ਸਾਰਥਕ ਅਸਰ ਪਿਆ ਹੈ। ਝਾਰਖੰਡ ਦੀਆਂ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਦੀਆਂ ਸੂਚੀਆਂ ਸ਼ਾਇਦ ਸਭ ਤੋਂ ਵੱਧ ਅਪੂਰਨ ਅਤੇ ਵੇਲਾ ਵਿਹਾਅ ਚੁੱਕੀਆਂ ਹਨ। ਪਰ ਹਾਲ ਹੀ ਵਿਚ ਝਾਰਖੰਡ ਨੇ ਵੀ ਜਨਤਕ ਵੰਡ ਪ੍ਰਣਾਲੀ ਵਿਚ ਕੁਝ ਸੁਧਾਰ ਆਰੰਭ ਕੀਤੇ ਹਨ। ਜਨਤਕ ਵੰਡ ਪ੍ਰਣਾਲੀ ਤਹਿਤ 2009 ਤੋਂ ਚੌਲਾਂ ਦੀ ਕੀਮਤ 1 ਰੁਪਏ ਪ੍ਰਤਿ ਕਿਲੋਗ੍ਰਾਮ ਕਰ ਦਿਤੀ ਗਈ ਹੈ। ਜਨਤਕ ਵੰਡ ਪ੍ਰਣਾਲੀ ਲਈ ਇਕ ਸਮਾਂ ਸਾਰਣੀ ਨਿਰਧਾਰਤ ਕੀਤੀ ਗਈ ਹੈ ਤਾਂ ਕਿ ਦਰਾਂ ਤਕ ਅਨਾਜ ਦੀ ਪੂਰਤੀ ਵਿਚ ਸੁਧਾਰ ਕੀਤਾ ਜਾ ਸਕੇ।

## ਸਿੱਟਾ

ਤੰਤਰ ਦੀ ਪ੍ਰਭਾਵੀ ਕਾਰਜ-ਸ਼ੈਲੀ ਵਿਚ ਸੁਧਾਰ ਲਈ ਰਾਜਾਂ ਵਿਚ ਵਿਆਪਕ ਸੁਧਾਰਾਂ ਦਾ ਰੁਝਾਨ ਹੈ – ਜਨਤਕ ਵੰਡ ਪ੍ਰਣਾਲੀ ਦਾ ਦਾਇਰਾ ਵਧਾਉਣਾ, ਜਨਤਕ ਵੰਡ ਪ੍ਰਣਾਲੀ ਕੀਮਤਾਂ ਵਿਚ ਕਮੀ, ਕੰਪਿਊਟਰੀਕਰਨ, ਅਨਾਜ ਘਰਾਂ ਤਕ ਪੰਹੁਚਾਉਣਾ, ਰਾਸ਼ਨ ਦੁਕਾਨਾਂ ਦਾ ਗ਼ੈਰ-ਨਿੱਜੀਕਰਨ ਅਤੇ ਉੱਚਿਤ ਦਰ ਦੁਕਾਨਾਂ ਦਾ ਭਾਈਚਾਰਕ ਪ੍ਰਬੰਧਨ, ਸ਼ਿਕਾਇਤਾਂ ਦੇ ਨਿਵਾਰਨ ਲਈ ਉੱਚਿਤ ਮਾਧਿਅਮ ਦੀ ਸਥਾਪਨਾ ਅਤੇ ਉੱਚਿਤ ਦਰ ਦੁਕਾਨਾਂ ਦਾ ਕਮਿਸ਼ਨ ਵਧਾਉਣਾ। ਮੁੜ ਸੁਰਜੀਤੀ ਦਾ ਇਕ ਮਹੱਤਵਪੂਰਨ ਭਾਗ ਜਨਤਕ ਵੰਡ ਪ੍ਰਣਾਲੀ ਨੂੰ ਕਾਰਜਸ਼ੀਲ ਬਣਾਉਣ ਲਈ ਨਵੀਂ ਰਾਜਨੀਤਕ ਇੱਛਾ ਸ਼ਕਤੀ ਅਤੇ ਇਸ ਪ੍ਰਣਾਲੀ ਦਾ ਦਾਇਰਾ ਵਧਾ ਕੇ ਮੰਗ ਪੱਖ ਨੂੰ ਮਜ਼ਬੂਤ ਕਰਨਾ ਅਤੇ ਜਨਤਕ ਵੰਡ ਪ੍ਰਣਾਲੀ ਵਿਚ ਲਾਭਪਾਤਰੀਆਂ ਦੀ ਹਿੱਸੇਦਾਰੀ ਵਧਾਉਣਾ ਹੈ।

*e-mail :sekharcsc@yahoo.com*

# ਸਮਾਵੇਸ਼ੀ ਵਿਕਾਸ ਏਜੰਡਾ ਵਿਚ ਸੂਖਮ, ਛੋਟੇ ਤੇ ਦਰਮਿਆਨੇ ਉੱਦਮ : 2015 ਦੇ ਪਰਿਪੇਖ ਵਿਚ

ਪੀ ਐਮ ਮੈਥਿਊ

### ਸੂਖਮ, ਛੋਟੇ ਤੇ ਦਰਮਿਆਨੇ ਉੱਦਮ : ਹਰ ਸਮੇਂ ਦੇ ਸਮਾਵੇਸ਼ੀ ਏਜੰਟ

ਸਮਾਵੇਸ਼ੀ ਵਿਕਾਸ ਦੀ ਧਾਰਨਾ 'ਵਿਕਾਸ ਬਨਾਮ ਵਿਤਰਣ' ਬਾਰੇ ਬਹਿਸ ਨੂੰ ਅੱਗੇ ਵਧਾਉਣ ਵਾਲੀ ਹੈ। 20ਵੀਂ ਸਦੀ ਦੇ ਅੰਤ ਅਤੇ 21ਵੀਂ ਸਦੀ ਦੇ ਸ਼ੁਰੂ ਵਿਚ ਇਹ ਆਮ ਸਹਿਮਤੀ ਬਣੀ ਸੀ ਕਿ 'ਵਿਕਾਸ' ਅਤੇ 'ਵਿਤਰਣ' ਅਲਗ ਅਲਗ ਤੌਰ ਤੇ ਦੇਖੇ ਜਾਣ ਦੀ ਬਜਾਇ ਇਕ ਅਜਿਹੀ ਪਹੁੰਚ ਦੀ ਲੋੜ ਹੈ ਜਿਥੇ ਦੋਹਾਂ ਦਾ ਸੁਮੇਲ ਹੁੰਦਾ ਹੈ। ਇਸ ਤਰ੍ਹਾਂ ਅਖੌਤੀ 'ਸਮਾਵੇਸ਼ੀ ਵਿਕਾਸ' ਗੱਲਬਾਤ ਦਾ ਮੁੱਦਾ ਬਣਦਾ ਹੈ। ਜਿਥੇ ਵਿਸ਼ਵੀ ਆਮ ਸਹਿਮਤੀ ਅਤੇ ਵਾਦ-ਵਿਵਾਦ ਇਕ ਪੱਧਰ 'ਤੇ ਆ ਕੇ ਉਪਰ ਦਿਤੇ ਅਨੁਸਾਰ ਥੰਮ੍ਹ ਗਿਆ ਹੈ ਪਰ ਅਸਲ ਵਿਚ ਅਲਗ ਅਲਗ ਦੇਸ਼ਾਂ ਵਿਚ ਚਾਲੂ ਹਾਲਾਤ ਕੁੱਝ ਹੋਰ ਹੀ ਕਹਾਣੀ ਬਿਆਨ ਕਰਦੇ ਹਨ। ਵੱਖ-ਵੱਖ ਦੇਸ਼ਾਂ ਦੇ ਵਿਸ਼ੇਸ਼ ਹਾਲਾਤ ਅਨੁਸਾਰ, ਸਮਾਵੇਸ਼ੀ ਵਿਕਾਸ ਦੇ ਸਿਧਾਂਤ, ਅਮਲ ਅਤੇ ਆਮ ਧਾਰਨਾ ਦਾ ਅਲਗ ਅਲਗ ਰੂਪ ਹੈ।

ਭਾਰਤ ਵਿਚ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਭੂਮਿਕਾ ਦੇ ਪ੍ਰਸੰਗ ਵਿਚ ਮਹੱਤਵਪੂਰਨ ਰਾਜਨੀਤਕ ਅਤੇ ਸਮਾਜਿਕ ਗੁੱਝੇ ਸੰਕੇਤ ਮਿਲਦੇ ਹਨ। ਇਹ ਦੇਸ਼ ਵਿਚ, ਅਜ਼ਾਦੀ ਦੇ ਘੋਲ ਤੋਂ ਹੀ ਸ਼ੁਰੂ ਹੋਇਆ ਸੀ ਜਿਸ ਵਿਚ ਪ੍ਰਸ਼ਾਸਨ ਦੀਆਂ ਸਵੈ-ਨਿਰਭਰ ਇਕਾਈਆਂ ਦੀ ਭੂਮਿਕਾ ਅਤੇ ਇਕ ਵਿਕੇਂਦਰੀਕ੍ਰਿਤ ਅਰਥਤੰਤਰ ਜੋ ਸਥਾਨਕ ਸਾਧਨਾਂ, ਵਪਾਰਕ ਮੌਕਿਆਂ ਅਤੇ ਮੰਡੀਆਂ ਉਪਰ ਆਧਾਰਿਤ ਹੈ, ਦੀ ਵਿਆਖਿਆ ਕੀਤੀ ਗਈ ਹੈ। ਅਰਥਸ਼ਾਸਤਰੀ ਮਹਾਲਾਨੋਬਿਸ ਵਲੋਂ ਦਿਤੇ ਵਿਕਾਸ ਦੇ ਮਾਡਲ ਵਿਚ, ਭਾਰਤ ਵਿਚ ਛੋਟੇ ਉੱਦਮਾਂ ਨੂੰ ਵਿਕਾਸ ਦੇ ਏਜੰਟ ਕਰ ਕੇ ਦੇਖਿਆ ਗਿਆ ਸੀ ਪਰ ਇਨ੍ਹਾਂ ਵਲੋਂ ਅਰਥਤੰਤਰ ਦੇ ਬੁਨਿਆਦੀ ਖੇਤਰਾਂ ਵਿਚ ਸਹਾਇਕ ਦੇ ਰੂਪ ਵਿਚ ਭੂਮਿਕਾ ਨੂੰ ਵੀ ਦੇਖਿਆ ਗਿਆ ਸੀ। ਹਾਲਾਂਕਿ ਸਮਾਵੇਸ਼ੀ ਵਿਕਾਸ ਦੀ ਸੋਚ ਦੂਸਰੀ ਪੰਜ ਸਾਲਾ ਯੋਜਨਾ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ ਪਰ ਇਸ ਨੂੰ ਸ਼ਬਦੀ ਰੂਪ ਬਹੁਤ ਬਾਅਦ ਵਿਚ ਦਿਤਾ ਗਿਆ ਸੀ।

ਸਮਾਵੇਸ਼ੀ ਵਿਕਾਸ ਦੀ ਧਾਰਨਾ ਆਮ ਹੋ ਗਈ ਹੈ ਪਰ ਫਿਰ ਵੀ ਇਸ ਵਿਚ ਪਾਇਦਾਰੀ ਪੱਖੋਂ ਕਈ ਚੁਨੌਤੀਆਂ ਹਨ। ਇਨ੍ਹਾਂ ਚੁਨੌਤੀਆਂ ਦੇ ਹੱਲ ਲਈ ਕਿਸੇ ਦੀ ਵੀ ਸਮਾਜਿਕ-ਆਰਥਿਕ ਸੋਚ ਬਹੁਤ ਮਾਅਨੇ ਰਖਦੀ ਹੈ। ਇਕ ਮਹੱਤਵਪੂਰਨ ਅਤੇ ਆਮ ਲੋਕਾਂ ਨੂੰ ਮਨਜ਼ੂਰ ਪਹਿਲੂ ਪਾਇਦਾਰੀ ਹੈ। ਪਾਇਦਾਰੀ ਪੱਖ ਉਪਰ ਬਹਿਸ ਭਾਰਤ ਦੇ ਵਿਕਾਸ ਮੁੱਦੇ ਅਤੇ ਤਜਰਬੇ ਉਪਰ ਹੋ ਰਹੀਆਂ ਬਹਿਸਾਂ ਦਾ ਹਿੱਸਾ ਬਣ ਚੁੱਕੀ ਹੈ।

ਪਿਛਲੇ ਕਈ ਦਹਾਕਿਆਂ ਤੋਂ, ਭਾਵੇਂ ਦਰ ਕੁਝ ਵੀ ਹੋਵੇ, ਭਾਰਤੀ ਅਰਥਤੰਤਰ ਵਿਚ ਵਿਕਾਸ ਅਤੇ ਵਿਭਿੰਨਤਾ ਵਿਚ ਕਾਫੀ ਪ੍ਰਭਾਵਸ਼ਾਲੀ ਮੋੜ ਆਇਆ ਹੈ। ਵਿਕਾਸ ਜਿਥੇ ਪੱਕੇ ਅਰਥ ਸ਼ਾਸਤਰੀਆਂ ਦਾ ਵਿਸ਼ਾ ਹੈ, ਇਹ ਚੁਨੌਤੀ ਨੀਤੀ ਸਾਹਮਣੇ ਹੁੰਦੀ ਹੈ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਿਕਾਸ ਦਾ ਲਾਭ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਦਾ ਹੈ। ਇਸ ਸੰਦਰਭ ਵਿਚ ਆਰਾਮਦੇਹ ਸਮਾਜਿਕ ਵਿਚੋਲੇਪਨ ਦੀ ਲੋੜ ਹੁੰਦੀ ਹੈ। ਰਵਾਇਤੀ ਤੌਰ ਤੇ, ਸੂਖਮ ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਸੰਦਰਭ ਵਿਚ ਇਸ ਸਮਾਜਿਕ ਭੂਮਿਕਾ ਨੂੰ ਜ਼ਰੂਰੀ ਸਮਝਿਆ ਗਿਆ ਹੈ।

ਰਵਾਇਤੀ ਤੌਰ ਤੇ, ਸਮਾਜਿਕ ਭੂਮਿਕਾ ਨੂੰ ਸਵੈਚਾਲਿਤ ਤਰੀਕੇ ਲਾਗੂ ਹੋ ਰਹੀ ਸਮਝਿਆ ਜਾਂਦਾ ਸੀ ਪਰ ਹਾਲ ਹੀ ਦੇ ਸਮੇਂ ਵਿਚ ਇਨ੍ਹਾਂ ਹਾਲਤਾਂ ਵਿਚ ਬਹੁਤ ਬਦਲਾਅ ਆ ਗਿਆ ਹੈ। ਅਰਥਤੰਤਰ ਵਿਚ ਢਾਂਚਾਗਤ ਤਬਦੀਲੀ ਆਈ ਹੈ। ਅਜਿਹੀ ਤਬਦੀਲੀ ਵਿਚ ਲੋਕ ਲੀਡਰ ਅਤੇ ਢਿੱਲੜ ਵੀ ਹੋ ਸਕਦੇ ਹਨ। ਢਿੱਲੜ ਪਿਛੇ ਰਹਿਣ ਦੀ ਸੰਭਾਵਨਾ ਹੁੰਦੀ ਹੈ। ਉਨ੍ਹਾਂ ਨੂੰ ਮੁੱਖ ਧਾਰਾ ਨਾਲ ਕਿਸ ਤਰ੍ਹਾਂ ਜੋੜਿਆ ਜਾਵੇ, ਇਕ ਚੁਨੌਤੀਪੂਰਨ ਸਵਾਲ ਹੈ। ਭਾਰਤੀ ਅਰਥਤੰਤਰ ਦੇ ਘੇਰੇ ਅੰਦਰ, ਛੋਟੇ ਅਤੇ ਦਰਮਿਆਨੇ ਉੱਦਮ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

### ਸਮਾਵੇਸ਼ : ਵੱਖ-ਵੱਖ ਧਾਰਨਾਵਾਂ

ਸਮਾਵੇਸ਼ ਉਪਰ ਵਿਚਾਰ-ਵਟਾਂਦਰੇ ਵਿਚ ਯੋਜਨਾਬੰਦੀ ਅਹਿਮ ਹੋ ਜਾਂਦੀ ਹੈ। ਭਾਰਤ ਦੀ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਵਿਕਾਸ ਦੀ ਨੀਤੀ ਵਿਚ ਤਿੰਨ ਪੀੜ੍ਹੀ, ਯੋਜਨਾਬੰਦੀ ਬਦਲਾਅ ਆਏ ਹਨ। ਸਭ ਤੋਂ ਪਹਿਲਾਂ, ਰਵਾਇਤੀ ਤੌਰ ਤੇ ਸੁਰੱਖਿਆ ਅਤੇ ਰਾਖਵੇਂਕਰਨ ਦੀ ਨੀਤੀ ਸੀ। ਉਸ ਤੋਂ ਬਾਅਦ ਅਜਿਹੀ ਨੀਤੀ ਆਈ ਜੋ ਅਧਿਕਾਰ ਪ੍ਰਾਪਤ ਪਹੁੰਚ ਦੇ ਬਹੁਤ ਨੇੜੇ ਸੀ। ਤੀਸਰਾ ਦੌਰ ਜੋ ਹਾਲ ਹੀ ਵਿਚ ਆਇਆ, ਉਹ ਸੀ ਦੇਸ਼ ਵਲੋਂ ਸਮਰਥਾ ਪਹੁੰਚ ਅਪਣਾਉਣਾ। ਇਸ ਤਹਿਤ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਢੁਕਵੀਂ ਸਮਰਥਾ ਨਾਲ, ਦੇਸ਼ ਆਪਣੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਖੇਤਰ ਨੂੰ ਵਿਕਾਸ ਏਜੰਡੇ ਦੀ ਮੁੱਖ ਧਾਰਾ ਨਾਲ ਜੋੜ ਸਕਦਾ ਹੈ।

ਭਾਰਤ ਸਰਕਾਰ ਦੀ ਨਵੀਂ ਨੀਤੀ ਘੋਸ਼ਣਾ ਵਿਚ ਇਸ ਦੇ ਸੰਕੇਤ ਮਿਲਦੇ ਹਨ। ਇਕ ਪਾਸੇ ਵੱਡੇ ਪ੍ਰਮੁੱਖ ਪ੍ਰੋਗਰਾਮ ਹਨ ਜੋ ਰਾਸ਼ਟਰੀ ਨੀਤੀ ਦੇ ਉਦੇਸ਼ਾਂ ਦੀ ਪੂਰਤੀ ਲਈ ਉਲੀਕੇ ਗਏ ਹਨ ਅਤੇ ਦੂਜੇ ਪਾਸੇ ਇਨ੍ਹਾਂ ਦੇ ਸਹਾਇਕ ਦੇ ਤੌਰ ਤੇ ਹੁਨਰ ਅਤੇ ਉੱਦਮੀਆਂ ਨੂੰ ਤਿਆਰ ਕਰਨ ਉਪਰ ਜ਼ੋਰ ਦਿਤਾ ਜਾ ਰਿਹਾ ਹੈ। ਇਨ੍ਹਾਂ ਦੋਹਾਂ ਪਹਿਲੂਆਂ

ਦਾ ਸੁਮੇਲ ਇਹ ਯਕੀਨੀ ਬਣਾਉਣ ਦੇ ਸਮਰੱਥ ਹੈ ਕਿ ਇਸ ਦੇਸ਼ ਦੇ ਲੋਕਾਂ ਦੀ ਸਿਰਜਨਸ਼ੀਲਤਾ ਅਤੇ ਤਾਕਤ ਅਗਾਂਹਵਧੂ ਅਤੇ ਸਮਾਜਿਕ ਤੌਰ ਤੇ ਅਰਥਪੂਰਨ ਸਰਗਰਮੀਆਂ ਵਿਚ ਲੱਗੇ। ਸਰਕਾਰ ਨੇ ਹਾਲ ਹੀ ਵਿਚ ਇਸ ਦਿਸ਼ਾ ਵੱਲ ਕਈ ਕਦਮ ਚੁੱਕੇ ਹਨ। ਪਰ ਇਨ੍ਹਾਂ ਨੂੰ ਹਾਲੇ ਗਹਿਰਾਈ ਨਾਲ ਸਮਝਣ ਦੀ ਲੋੜ ਹੈ।

## ਨਵੀਂ ਨੀਤੀ ਬਲ ਦਾ ਮਹੱਤਵ

ਭਾਰਤ ਵਿਚ ਨਵੀਂ ਜਨਤਕ ਨੀਤੀ ਪਹੁੰਚ ਜੋ ਸਰਕਾਰ ਅਤੇ ਸ਼ਾਸਨ ਵਿਚ ਫ਼ਰਕ ਕਰਦੀ ਹੈ, ਦਾ ਦੇਸ਼ ਵਿਚ ਨੀਤੀ ਪ੍ਰਕਿਰਿਆ ਉਪਰ ਕਿਸੇ ਵੀ ਬਹਿਸ ਵਿਚ ਮਹੱਤਵਪੂਰਨ ਸਥਾਨ ਹੈ। ਅਧਿਐਨਾਂ ਤੋਂ ਪਤਾ ਲਗਦਾ ਹੈ ਕਿ ਭਾਰਤ ਵਿਚ ਜਨਤਕ ਨੀਤੀ ਨਿਰਧਾਰਨ ਬਾਰ-ਬਾਰ ਲੋੜਾਂ, ਪਾਉਣ ਵਾਲੇ ਅਸਰ ਜਾਂ ਹੋਣ ਵਾਲੇ ਨੁਕਸਾਨ ਦਾ ਅੰਦਾਜ਼ਾ ਜੋ ਸਹਿਜੇ ਲਗਾਇਆ ਜਾ ਸਕਦਾ ਸੀ, ਲਗਾਉਣ ਵਿਚ ਨਾਕਾਮਯਾਬ ਰਿਹਾ ਹੈ ਜਿਸ ਨਾਲ ਆਰਥਿਕ ਵਿਕਾਸ ਨੂੰ ਵੱਟਾ ਲੱਗਿਆ ਹੈ। ਨੀਤੀ ਨੂੰ ਲੋੜ ਤੋਂ ਵਾਧੂ ਬਾਰ ਬਾਰ ਜਾਂ ਤਾਂ ਨਕਾਰਿਆ ਗਿਆ ਹੈ ਜਾਂ ਬਦਲਿਆ ਗਿਆ ਹੈ ਜੋ ਕਿਸੇ ਬਾਹਰੀ ਬਦਲਾਅ ਜਾਂ ਨਵੀਂ ਜਾਣਕਾਰੀ ਮਿਲਣ ਕਾਰਨ ਨਹੀਂ ਹੋਇਆ ਸੀ। ਭਾਰਤ ਦਾ ਨੀਤੀ ਨਿਰਧਾਰਨ ਢਾਂਚਾ ਇੰਨਾ ਨਾਕਾਬਲ ਅਤੇ ਸਮਰਥਾਹੀਣ ਸੀ ਕਿ ਉਸ ਨੂੰ ਢੁਕਵੀਂ ਨੀਤੀ ਨਿਰਧਾਰਨ ਵਿਚ ਔਖਿਆਈ ਮਹਿਸੂਸ ਹੁੰਦੀ ਸੀ ਅਤੇ ਉਹ ਨਿਰਧਾਰਤ ਨੀਤੀ ਉਪਰ ਕਾਇਮ ਵੀ ਨਹੀਂ ਰਹਿ ਸਕਦਾ ਸੀ (ਅਗਰਵਾਲ ਅਤੇ ਸੋਮਾਨਾਥਨ 2005)।

ਅਗਰਵਾਲ ਅਤੇ ਸੋਮਾਨਾਥਨ (2005) ਅਨੁਸਾਰ ਇਕ ਸੁਚੱਜੀ ਨੀਤੀ ਨਿਰਧਾਰਨ ਪਰਕਿਰਿਆ ਹੇਠ ਦਿਤੇ ਮਾਪਦੰਡਾਂ ਅਨੁਸਾਰ ਖਰਾ ਉਤਰੇਗੀ :

1) ਕਿਸੇ ਖੇਤਰ ਸਾਹਮਣੇ ਸਮੱਸਿਆਵਾਂ ਅਤੇ ਮੁੱਦੇ ਕਿਸੇ ਮਾਹਰ ਵਲੋਂ ਪੜਚੋਲ ਕੀਤੇ ਜਾਣ।

2) ਪਰਸਪਰ ਢਕਣ ਪ੍ਰਕਿਰਿਆ ਅਤੇ ਦੂਸਰੇ ਖੇਤਰਾਂ ਨਾਲ ਵਣਜੀ ਟਕਰਾਅ ਬਾਰੇ ਜਾਣਕਾਰੀ ਕਾਇਦੇ ਨਾਲ ਇਕੱਠੀ ਕੀਤੀ ਜਾਵੇ ਅਤੇ ਨੀਤੀ ਨਿਰਧਾਰਕਾਂ ਨੂੰ ਉਪਲਬਧ ਕਰਵਾਈ ਜਾਵੇ।

3) ਖੇਤਰ ਦੇ ਅੰਦਰ ਅਤੇ ਬਾਹਰ ਵਿਰੋਧੀ ਵਿਚਾਰਾਂ ਨੂੰ ਖੁੱਲ੍ਹ ਕੇ ਪ੍ਰਗਟ ਕੀਤਾ ਜਾਵੇ, ਘੋਖਿਆ ਜਾਵੇ ਅਤੇ ਉਨ੍ਹਾਂ ਉਪਰ ਵਿਚਾਰ-ਵਟਾਂਦਰਾ ਕੀਤਾ ਜਾਵੇ ਅਤੇ ਲਾਭਕਾਰੀ ਤੇ ਨੁਕਸਾਨਦੇਹ ਮੁੱਦਿਆਂ ਨੂੰ ਅਲਗ ਅਲਗ ਕੀਤਾ ਜਾਵੇ ਅਤੇ ਉਨ੍ਹਾਂ ਵਲੋਂ ਹੋਣ ਵਾਲੇ ਅਸਰ ਬਾਰੇ ਅੰਦਾਜ਼ਾ ਲਗਾਇਆ ਜਾਵੇ।

4) ਫ਼ੈਸਲੇ ਪੂਰੀ ਕਾਨੂੰਨੀ ਕਾਰਵਾਈ ਅਨੁਸਾਰ, ਜਿਨ੍ਹਾਂ ਲੋਕਾਂ ਉਪਰ ਉਹ ਅਸਰ ਕਰਨ ਵਾਲੇ ਹੋਣ, ਨਾਲ ਸਲਾਹ ਮਸ਼ਵਾਰਾ ਕਰ ਕੇ ਅਤੇ ਸੰਬੰਧਿਤ ਖੇਤਰਾਂ ਵਿਚ ਮਾਹਰਾਂ ਦੀ ਰਾਇ ਲੈ ਕੇ ਕੀਤੇ ਜਾਣ।

5) ਜੋ ਇਸ ਪ੍ਰਕਿਰਿਆ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੋਣ, ਉਨ੍ਹਾਂ ਨੂੰ ਇਸ ਵਿਚ ਸਿਲਸਿਲੇਵਾਰ ਸ਼ਾਮਿਲ ਕੀਤਾ ਜਾਵੇ ਪਰ ਉਨ੍ਹਾਂ ਨੂੰ ਇਸ ਉਪਰ ਹਾਵੀ ਨਾ ਹੋਣ ਦਿਤਾ ਜਾਵੇ।

6) ਨੀਤੀ ਨਿਰਧਾਰਕ ਅਤੇ/ਜਾਂ ਉਨ੍ਹਾਂ ਦੇ ਸਲਾਹਕਾਰ ਈਮਾਨਦਾਰ, ਅਜ਼ਾਦ ਖ਼ਿਆਲੀ ਅਤੇ ਡੂੰਘੀ ਬੌਧਿਕ ਸੋਚ ਵਾਲੇ ਹੋਣੇ ਚਾਹੀਦੇ ਹਨ ਜੋ ਵਿਭਿੰਨ ਧਾਰਨਾਵਾਂ ਬਾਰੇ ਸੋਚ ਸਕਣ ਅਤੇ ਉਨ੍ਹਾਂ ਦਾ ਸੁਮੇਲ ਕਰ ਕੇ ਉੱਚਿਤ ਸਮੇਂ ਵਿਚ ਵੱਧ ਤੋਂ ਵੱਧ ਲਾਭਕਾਰੀ ਉੱਤਮ ਨੀਤੀ ਦੇ ਸਕਣ।

ਪਿਛਲੇ 6 ਸਾਲਾਂ ਵਿਚ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਵਿਕਾਸ ਯਾਤਰਾ ਦੀ ਪਹਿਲ ਦਰਸਾਉਂਦੀ ਹੈ ਕਿ ਕਈ ਕਿਸਮ ਦੇ ਪ੍ਰੋਗਰਾਮ ਚਲ ਰਹੇ ਸਨ, ਕਿਰਿਆਸ਼ੀਲ ਖੇਤਰਾਂ, ਉਪ ਖੇਤਰਾਂ ਅਤੇ ਸਮਾਜਿਕ ਗਰੁੱਪਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਪਰ ਇਹ ਇਕ ਆਮ ਧਾਰਨ ਬਣੀ ਹੋਈ ਸੀ ਕਿ ਇਨ੍ਹਾਂ ਪ੍ਰੋਗਰਾਮਾਂ ਦਾ ਲਾਭ ਉਨ੍ਹਾਂ, ਲਾਭਪਾਤਰਾਂ ਕੋਲ ਸਮੇਂ ਸਿਰ ਅਤੇ ਅਸਲ ਵਿਚ ਨਹੀਂ ਪਹੁੰਚ ਰਹੇ ਸਨ ਜਿਨ੍ਹਾਂ ਲਈ ਉਹ ਚਲਾਏ ਜਾ ਰਹੇ ਸਨ। ਇਸ ਸੰਦਰਭ ਵਿਚ, ਦੋ ਰਸਤੇ ਹਨ, ਪਹਿਲਾ ਪ੍ਰੋਗਰਾਮ ਨੂੰ ਸਮੁੱਚੇ ਤੌਰ ਤੇ ਦੇਖਣਾ ਚਾਹੀਦਾ ਹੈ ਅਤੇ ਇਸ ਤੋਂ ਇਲਾਵਾ, ਇਨ੍ਹਾਂ ਪ੍ਰੋਗਰਾਮਾਂ ਨੂੰ ਲੀਕੇਜ ਤੋਂ ਬਿਨਾਂ ਲਾਗੂ ਕਰਨ ਉਪਰ ਜ਼ੋਰ ਦੇਣ ਦੀ ਲੋੜ ਹੈ। ਆਰਥਿਕ ਸਰਵੇਖਣ ਅਤੇ ਤਾਜ਼ਾ ਕੇਂਦਰੀ ਬਜਟ ਉਪਰ ਆਧਾਰਿਤ ਕਈ ਅਜਿਹੇ ਮੁੱਦੇ ਹਨ ਜਿਨ੍ਹਾਂ ਉਪਰ ਵਧੇਰੇ ਧਿਆਨ ਦੇਣ ਅਤੇ ਉਨ੍ਹਾਂ ਦੀ ਆਲੋਚਨਾਤਮਕ ਘੋਖ ਦੀ ਲੋੜ ਹੈ।

## ਸ਼ੁਰੂਆਤੀ ਮੁੱਖ-ਜ਼ੋਰ

ਜਿਥੇ ਅੱਜ ਸਮੁੱਚੇ ਜਗਤ ਵਿਚ ਸ਼ੁਰੂਆਤੀ ਉਤਸ਼ਾਹ ਵਾਲੇ ਮਾਡਲ ਨੂੰ ਮਾਨਤਾ ਦਿਤੀ ਜਾ ਰਹੀ ਹੈ, ਭਾਰਤ ਜਿਸ ਵਿਚ ਕਾਫੀ ਜਨ ਅੰਕੜਾ ਵਿਭਿੰਨਤਾ ਹੈ, ਨੂੰ ਆਪਣੇ ਨੌਜਵਾਨ ਤਬਕੇ ਦੀ ਉਤਸ਼ਾਹ ਵਧਾਊ ਮਹਾਰਤ ਨੂੰ ਕੰਮ ਵਿਚ ਲਿਆਉਣ ਨੂੰ ਸਭ ਤੋਂ ਵੱਧ ਪਹਿਲ ਦੇਣ ਦੀ ਲੋੜ ਹੈ, ਨਾ ਕਿ ਉਨ੍ਹਾਂ ਨੂੰ ਉਜਰਤ ਪੈਦਾ ਕਰਨ ਵਾਲੇ ਕਾਮੇ ਬਣਾਉਣਾ ਚਾਹੀਦਾ ਹੈ। ਜਿਵੇਂ ਕਿ ਕੇਂਦਰੀ ਬਜਟ ਅਤੇ ਆਰਥਿਕ ਸਰਵੇਖਣ ਤੋਂ ਸੰਕੇਤ ਮਿਲਦੇ ਹਨ। ਇਸ ਦਿਸ਼ਾ ਵੱਲ ਸ਼ੁਰੂਆਤ ਕਰਨ ਲਈ ਇਕ ਸਮੁੱਚੀ ਪਹਿਲ ਅਪਣਾਈ ਗਈ ਹੈ।

## ਸਥਾਨਕ ਉਤਪਾਦਨ ਉੱਤੇ ਜ਼ੋਰ

ਭਾਰਤ ਵਿਚ ਪਿਛਲੇ ਦੋ ਦਹਾਕਿਆਂ ਵਿਚ ਉਤਪਾਦਨ ਸੰਬੰਧੀ ਹੋਈ ਤਿੱਖੀ ਪ੍ਰਕਿਰਿਆ ਨੇ ਨੀਤੀ ਦਾ ਧਿਆਨ ਕਾਫ਼ੀ ਹੱਦ ਤਕ ਆਪਣੇ ਵਲ ਖਿੱਚਿਆ ਹੈ। ਰਾਸ਼ਟਰੀ ਉਤਪਾਦਨ ਪ੍ਰਤਿਯੋਗਤਾ ਪ੍ਰੋਗਰਾਮ (ਐੱਨ ਐੱਮ ਸੀ ਪੀ) ਅਤੇ ਰਾਸ਼ਟਰੀ ਉਤਪਾਦਨ ਨੀਤੀ ਇਸ ਦੇ ਸਿੱਟੇ ਵਜੋਂ ਆਏ। ਪਰ ਦੇਸ਼ ਨੂੰ ਦੁਨੀਆਂ ਵਿਚ ਉਤਪਾਦਨ ਕੇਂਦਰ, ਜਿਸ ਵਿਚ ਸਪੱਸ਼ਟ ਮੀਲ ਪੱਥਰ ਮਿਥੇ ਹੋਣ, ਬਣਾਉਣ ਉਪਰ ਜ਼ੋਰ ਇਕ ਸ਼ਾਨਦਾਰ ਘਟਨਾ ਹੈ।

ਭਾਰਤ ਦੀ ਉਤਪਾਦਨ ਵਲ ਨਵੀਂ ਸੋਚ, ਮਈ 2014 ਵਿਚ ਰੱਖਿਆ ਉਤਪਾਦਨਾਂ ਦੀ ਨਵੀਂ ਨੀਤੀ ਨਾਲ ਸ਼ੁਰੂ ਹੋਈ। ਇਸ ਤੋਂ ਬਾਅਦ, ਪ੍ਰਧਾਨ ਮੰਤਰੀ ਨੇ 15 ਅਗਸਤ 2014 ਨੂੰ ਸਥਾਨਕ ਉਤਪਾਦਨ ਨੀਤੀ ਦੀ ਘੋਸ਼ਣਾ ਕੀਤੀ। ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਨੂੰ ਕੇਂਦਰੀ ਸਥਾਨ ਦਿੰਦੇ ਹੋਏ, ਭਾਰਤ ਵਿਚ ਉਤਪਾਦਨ ਨੂੰ ਸੰਗਠਿਤ ਕਰਨਾ ਆਜ਼ਾਦ ਭਾਰਤ ਵਿਚ ਪਹਿਲੀ ਅਜਿਹੀ ਕੋਸ਼ਿਸ਼ ਸੀ ਜੋ ਇਸ ਖੇਤਰ ਨੂੰ ਉਤਸ਼ਾਹਤ ਕਰਦੀ ਸੀ।

## ਹੁਨਰ ਵਿਕਾਸ ਵਲ ਨਵੀਂ ਸੋਚ

ਤਕਨੀਕੀ ਅਤੇ ਪੇਸ਼ਾਵਰ ਸਿੱਖਿਆ ਵੱਲ ਵਧੇਰੇ ਪਹਿਲ ਦੇ ਬਾਵਜੂਦ ਭਾਰਤੀ ਅਰਥਤੰਤਰ ਵਿਚ ਮਹਾਰਤ ਦੀ ਭਾਰੀ ਕਮੀ ਹੈ। ਪਰ ਇਸ ਸਮੱਸਿਆ ਦੀ ਵਿਆਪਕਤਾ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ ਗਿਆ ਹੈ ਅਤੇ ਇਸ ਦੇ ਹੱਲ ਨੂੰ ਨੀਤੀ ਨਿਰਧਾਰਨ ਵਿਚ ਦਰਸਾਇਆ ਨਹੀਂ ਗਿਆ ਹੈ। ਹੁਣ ਤਕ, ਮੁੱਖ ਤੌਰ ਤੇ ਨੀਤੀ ਵਿਚ ਪੇਸ਼ਾਵਰ ਸਿੱਖਿਆ ਨੂੰ ਮਜ਼ਬੂਤ ਕਰਨ ਅਤੇ ਇਸ

ਨੂੰ ਵਧਾਉਣ ਦੀ ਪਹਿਲ ਰਹੀ ਹੈ।

2014 ਦੇ ਕੇਂਦਰੀ ਬਜਟ ਵਿਚ ਇਸ ਨੀਤੀ ਵਿਚ ਬਹੁਤ ਬਦਲਾਅ ਕੀਤਾ ਗਿਆ। ਬਜਟ ਵਿਚ ਹੁਨਰ ਵਿਕਾਸ ਦੀ ਸਮੁੱਚੀ ਸੋਚ ਹੈ। ਮਹਾਰਤਾਂ ਵਧਾਉਣ ਤੋਂ ਹਟ ਕੇ, ਇਸ ਵਿਚ ਇਕ ਸਮੁੱਚੀ ਪਹਿਲ ਕੀਤੀ ਗਈ ਹੈ ਜਿਸ ਵਿਚ ਹੁਨਰ ਵਧਾਉਣਾ ਅਤੇ ਮਹਾਰਤਾਂ ਨੂੰ ਉਤਸ਼ਾਹਤ ਕਰਨਾ ਸ਼ਾਮਿਲ ਹੈ। *ਫਲੈਗਸ਼ਿਪ ਪ੍ਰੋਗਰਾਮ* 'ਹੁਨਰਮੰਦ ਭਾਰਤ' ਜੇਕਰ ਠੀਕ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਤਾਂ ਇਹ ਦੇਸ਼ ਵਿਚ ਇਕ ਵੱਡੀ ਮੁਹਿੰਮ ਸ਼ੁਰੂ ਕਰ ਸਕਦਾ ਹੈ।

## ਉਤਪਾਦਨ ਤੇ ਸੂਖਮ, ਛੋਟੇ ਤੇ ਦਰਮਿਆਨੇ ਉੱਦਮਾਂ ਦਾ ਸਮੁੱਚਾ ਵਿਚਾਰ

ਜਿਵੇਂ ਕਿ ਉੱਪਰ ਦੇਖਿਆ ਗਿਆ ਹੈ, ਰਾਸ਼ਟਰੀ ਉਤਪਾਦਨ ਪ੍ਰਤਿਯੋਗਤਾ ਪ੍ਰੋਗਰਾਮ ਅਤੇ ਰਾਸ਼ਟਰੀ ਉਤਪਾਦਨ ਨੀਤੀ ਨੇ ਬਿਨਾਂ ਸ਼ੱਕ ਦੇਸ਼ ਵਿਚ ਉਤਪਾਦਨ ਵਧਾਉਣ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਪਰ ਇਸ ਪ੍ਰੋਗਰਾਮ ਨੂੰ ਯੋਜਨਾਵਾਂ 'ਚ ਬਦਲਣ ਵਿਚ ਕੋਈ ਸ਼ਲਾਘਾਯੋਗ ਪਹਿਲ ਹਾਲੇ ਤਕ ਨਹੀਂ ਹੋਈ ਹੈ। ਹਾਲ ਹੀ ਵਿਚ, ਤਿੰਨ ਬੁਨਿਆਦੀ ਖੇਤਰਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਵੱਲ ਵਧੇਰੇ ਤਵੱਜੋਂ ਦੇਣਾ ਇਸ ਗੱਲ ਦਾ ਸੂਚਕ ਹੈ ਕਿ ਉਨ੍ਹਾਂ ਉਪ ਖੇਤਰਾਂ ਵਿਚ ਉੱਦਮਾਂ ਵਿਚ ਤੇਜ਼ੀ ਆਉਣ ਦੀ ਸੰਭਾਵਨਾ ਹੈ। ਇਹ ਖੇਤਰ ਹਨ (1) ਰੱਖਿਆ ਉਤਪਾਦਨ (2) ਇਲੈਕਟ੍ਰਾਨਿਕ ਅਤੇ (3) ਕੱਪੜਾ ਉਦਯੋਗ।

## ਸਮਾਜਿਕ ਤੌਰ ਤੇ ਹਾਸ਼ੀਏ ਦੇ ਸਮੂਹਾਂ ਦੀ ਸਮਰਥਾ ਦੀ ਵਰਤੋਂ

ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਵਿਚ ਬਹੁ ਸਭਿਆਚਾਰ ਪ੍ਰਬੰਧਨ ਇਕ ਵੱਡੀ ਚੁਨੌਤੀ ਅਤੇ ਮੌਕਾ ਹੈ। ਭਾਰਤ ਵਿਚ ਇਕ ਸਮੁੱਚੇ ਦੇਸ਼ ਦੇ ਤੌਰ ਤੇ ਅਤੇ ਖ਼ਾਸ ਕਰਕੇ ਇਸ ਦੇ ਪੇਂਡੂ ਪਿਛੋਕੜ ਵਿਚ ਉੱਦਮ ਸਥਾਪਤ ਕਰਨ ਅਤੇ ਨੌਕਰੀਆਂ ਦੇਣ ਵਿਚ ਜਾਤਪਾਤ ਅਤੇ ਭਾਸ਼ਾ ਦਾ ਆਭਾਸ ਹੁੰਦਾ ਹੈ। ਜਿਉਂ-ਜਿਉਂ ਭਾਰਤ ਵਿਚ ਵਿਭਿੰਨ ਸਮਾਜਿਕ ਸੰਗਠਨ ਅਤੇ ਸਮੂਹ ਜੋ ਵੱਖਰੇ-ਵੱਖਰੇ ਸਭਿਆਚਾਰਕ ਪਿਛੋਕੜ ਵਾਲੇ ਹਨ, ਵਧੇਰੇ ਸ਼ਕਤੀ ਅਤੇ ਸਿੱਖਿਆ ਪ੍ਰਾਪਤ ਕਰ ਲੈਂਦੇ ਹਨ, ਸਮਾਜਿਕ ਤੌਰ ਤੇ ਹਾਸ਼ੀਏ 'ਤੇ ਪਏ ਸਮੂਹ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਵਿਚ ਵਧੇਰੇ ਸ਼ਾਮਿਲ ਹੋ ਸਕਣਗੇ। ਪਰ ਇਹ ਉੱਦਮ ਇਸ ਵਿਭਿੰਨਤਾ ਨੂੰ ਅਪਣਾਉਣ ਲਈ ਕਿਥੋਂ ਤਕ ਲੈਸ ਹਨ, ਇਹ ਦੇਖਣਾ ਬਾਕੀ ਹੈ? ਇਹ ਇਸ ਸਮੇਂ ਸਮਾਜਿਕ ਇੰਜਨੀਅਰਿੰਗ ਅਤੇ ਜਨਤਕ ਨੀਤੀ ਸਾਹਮਣੇ ਸਵਾਲ ਹੈ।

ਸਮਾਜਿਕ ਹਾਸ਼ੀਏਪਨ ਦੀ ਖੋਜ ਵਿਚ ਬਿਆਨ ਕੀਤਾ ਗਿਆ ਹੈ ਕਿ ਕਿਸੇ ਵੀ ਸਮਾਜ ਵਿਚ ਹਾਸ਼ੀਏ 'ਤੇ ਪਏ ਸਮੂਹ, ਮੁੱਖਧਾਰਾ ਸਮੂਹਾਂ ਨਾਲੋਂ ਆਰਥਿਕ ਵਿਕਾਸ ਵਿਚ ਵਧੇਰੇ ਯੋਗਦਾਨ ਦਿੰਦੇ ਹਨ। ਇਸ ਵਿਸ਼ਵਵਿਆਪੀ ਪਰਖੇ ਹੋਏ ਵਿਹਾਰਕ ਢਾਂਚੇ ਦੀ ਭਾਰਤ ਵਿਕਾਸ ਨੀਤੀ ਵਿਚ ਅਹਿਮ ਭੂਮਿਕਾ ਹੈ। ਭਾਰਤ ਵਿਚ, ਸੰਵਿਧਾਨ ਅਨੁਸਾਰ ਸਮਾਜਿਕ ਰੂਪ ਵਿਚ ਹਾਸ਼ੀਏ 'ਤੇ ਪਏ ਸਮੂਹਾਂ ਦੀ ਕੁਝ ਵਿਸ਼ੇਸ਼ ਸੁਰੱਖਿਆ ਅਤੇ ਸਹੂਲਤਾਂ ਲਈ ਪਛਾਣ ਕੀਤੀ ਗਈ ਹੈ। ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ ਦੀ ਸਥਾਪਨਾ ਇਨ੍ਹਾਂ ਸਰਗਰਮੀਆਂ ਵਿਚ ਤਾਲਮੇਲ ਬਿਠਾਉਣ ਲਈ ਚੰਗੀ ਉਪਲਬਧੀ ਹੈ। ਪਰ ਇਕ ਅਹਿਮ ਸਵਾਲ ਕਿ ਸਮਾਜ ਦੇ ਇਨ੍ਹਾਂ ਸਮੂਹਾਂ ਦੀ ਆਰਥਿਕ ਸਮਰਥਾ ਅਤੇ ਵਿਸ਼ੇਸ਼ ਯੋਗਤਾ ਨੂੰ ਆਰਥਿਕ ਵਿਕਾਸ ਦੇ ਏਜੰਡੇ ਵਿਚ ਕਿਸ ਤਰ੍ਹਾਂ ਲਗਾਇਆ ਜਾਵੇ, ਹਾਲੇ ਵੀ ਅੱਧਾ ਅਧੂਰਾ ਹੀ ਹੱਲ ਹੋ ਸਕਿਆ ਹੈ।

ਇਕ ਪਾਸੇ, ਕਿਸੇ ਵੀ ਸਮਾਜ ਵਿਚ ਘੱਟ ਗਿਣਤੀ ਸਮੂਹ ਮੁੱਖ ਧਾਰਾ ਨਾਲ ਜੁੜਨ ਵਿਚ ਔਖਿਆਈ ਮਹਿਸੂਸ ਕਰਦੇ ਹਨ ਅਤੇ ਇਸ ਲਈ ਆਪਣੇ ਆਪ ਨੂੰ ਇਕ ਖ਼ਾਸ ਆਰਥਿਕ ਸਮੇਂ ਦੇ ਜ਼ੋਨ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ ਅਤੇ ਦੂਜੇ ਪਾਸੇ ਬਹੁਤ ਸਾਰੇ ਦੇਸ਼ਾਂ ਵਿਚ, ਜਨਤਕ ਪ੍ਰੋਗਰਾਮਾਂ ਰਾਹੀਂ ਘੱਟ ਗਿਣਤੀ ਸਮੂਹ ਮੁੱਖ ਧਾਰਾ ਨਾਲ ਠੀਕ ਤਰ੍ਹਾਂ ਜੁੜੇ ਹੋਏ ਹਨ। ਇਨ੍ਹਾਂ ਦੇ ਸਿੱਟੇ ਵਜੋਂ, ਬਹੁਤੇ ਦੇਸ਼ਾਂ ਵਿਚ ਨਸਲੀ ਅਤੇ ਖੇਤਰੀ ਘੱਟ ਗਿਣਤੀਆਂ ਆਪਣੀ ਹੀ ਆਰਥਿਕ ਸਰਗਰਮੀ ਵਿਚ ਵਧੇਰੇ ਸੁਖਾਲਾ ਮਹਿਸੂਸ ਕਰਦੀਆਂ ਦੇਖੀਆਂ ਗਈਆਂ ਹਨ। ਵੀਅਤਨਾਮ ਅਤੇ ਇੰਡੋਨੇਸ਼ੀਆ ਵਿਚ ਬਾਟਿਕ ਸ਼ਿਲਪਕਾਰੀ, ਵੀਅਤਨਾਮ ਵਿਚ ਪੌਟਰੀ, ਚੀਨ ਵਿਚ ਯੂਗੂਰ ਘੱਟ ਗਿਣਤੀ ਦੀ ਸ਼ਿਲਪਕਾਰੀ ਅਤੇ ਕੱਪੜਾ ਅਤੇ ਚੀਨ ਦੀ ਕਜ਼ਾਖ ਘੱਟ ਗਿਣਤੀ ਦਾ ਨਸਲੀ ਖਾਣਾ ਇਸ ਦੇ ਉਦਾਹਰਣ ਹਨ। ਭਾਰਤ ਦੇ ਸੰਦਰਭ ਵਿਚ, ਮੁਰਾਦਾਬਾਦ ਦੇ ਬਰਤਨ, ਨਰਜ਼ਾਪੁਰ ਦੀ ਕੱਪੜਿਆਂ ਦੀ ਲੈਸ, ਚੰਨਾਪਟਨਮ ਦੇ ਲੱਕੜੀ ਦੇ ਖਿਡੌਣੇ ਅਤੇ ਕਰਨਾਟਕ ਦੇ ਉਦੁਪੀ ਹੋਟਲ ਕੁਝ ਅਜਿਹੇ ਉਦਾਹਰਣ ਹਨ ਜਿਨ੍ਹਾਂ ਉਪਰ ਅੱਜ ਵੀ ਨਸਲੀ ਛਾਪ ਅਤੇ ਪ੍ਰਸਿੱਧੀ ਦੀ ਮੋਹਰ ਲੱਗੀ ਹੋਈ ਹੈ।

ਕੇਂਦਰੀ ਬਜਟ 2014 ਵਿਚ ਘੱਟ ਗਿਣਤੀਆਂ ਦੇ ਵਿਕਾਸ ਲਈ ਜੱਦੀ-ਪੁਸ਼ਤੀ ਕਲਾ ਵਿਚ ਸਿਖਲਾਈ ਅਤੇ ਮਹਾਰਤ ਵਿਕਾਸ ਲਈ ਇਕ ਪ੍ਰੋਗਰਾਮ ਲਿਆਂਦਾ ਗਿਆ ਸੀ। ਬਜਟ ਵਿਚ ਘੋਸ਼ਣਾ ਕੀਤੇ ਇਸ ਪ੍ਰੋਗਰਾਮ ਜਿਸ ਦਾ ਨਾਂ ਸੀ 'ਕਲਾ, ਸਰੋਤਾਂ ਅਤੇ ਵਸਤਾਂ ਵਿਚ ਰਵਾਇਤੀ ਮਹਾਰਤਾਂ' ਨੂੰ ਪਿਤਾ-ਪੁਰਖੀ ਕਲਾ ਅਤੇ ਸ਼ਿਲਪਕਾਰੀ ਦੀ ਸਾਂਭ ਸੰਭਾਲ ਲਈ ਜੋ ਬਹੁਮੁੱਲੀ ਸੰਪਦਾ ਹੈ, ਲਾਗੂ ਕੀਤਾ ਗਿਆ। ਘੱਟ ਗਿਣਤੀਆਂ ਦੀ ਆਰਥਿਕ ਭੂਮਿਕਾ ਅਤੇ ਬਹੁਪੱਖੀ ਸਭਿਆਚਾਰ ਦੀ ਅੱਜ ਵੀ ਉਨੀ ਹੀ ਉਪਯੋਗਤਾ ਦੇ ਬਾਵਜੂਦ, ਸਮਾਜ ਦੇ ਇਨ੍ਹਾਂ ਵਰਗਾਂ ਦੀ ਸਮਰਥਾ ਦੀ ਪਛਾਣ ਅਤੇ ਉਸ ਨੂੰ ਮੌਜੂਦਾ ਗਿਆਨ ਪ੍ਰਣਾਲੀ ਜੋ ਦੇਸ਼ ਵਿਚ ਨੀਤੀ ਨਿਰਧਾਰਨ ਵਿਚ ਮਦਦ ਕਰਦੀ ਹੈ, ਨਾਲ ਜੋੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

## ਚਿੰਤਾ ਦੇ ਨਾਜ਼ੁਕ ਖੇਤਰ

ਉਪਰ ਦਰਸਾਈਆਂ ਤਬਦੀਲੀਆਂ ਦੇ ਬਾਵਜੂਦ, ਅਜਿਹੇ ਨਾਜ਼ੁਕ ਖੇਤਰ ਵੀ ਹਨ ਜਿਨ੍ਹਾਂ ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ। (1) ਗਿਆਨ ਦੀ ਵਿਕਾਸ ਲਈ ਵਰਤੋਂ, (2) ਨਾਜ਼ੁਕ ਸਰੋਤ ਦੇ ਤੌਰ ਤੇ ਉੱਦਮ, (3) ਸਮੁੱਚੇ ਢੰਗ ਨਾਲ ਵੱਡੇ ਪੈਮਾਨੇ 'ਤੇ ਸਮਰਥਾ ਵਿਕਾਸ ਅਤੇ (4) ਸਮਾਜਿਕ ਚੇਤਨਾ ਦਾ ਵਪਾਰਕ ਢਾਂਚੇ ਨਾਲ ਸੁਮੇਲ (ਉਦਾਹਰਣ ਦੇ ਤੌਰ ਤੇ ਸਮਾਜਿਕ ਉੱਦਮਾਂ ਨੂੰ ਉਤਸਾਹਤ ਕਰਨਾ)।

***1) ਵਿਕਾਸ ਲਈ ਗਿਆਨ :*** ਅਖੌਤੀ ਵਿਕਸਤ ਅਰਥਤੰਤਰਾਂ ਵਿਚ ਤੇਜ਼ੀ ਨਾਂਲ ਆ ਰਹੇ ਬਦਲਾਅ, ਨਵੀਂ ਗਤੀਸ਼ੀਲਤਾ, ਨਵੇਂ ਕਾਇਦੇ ਕਾਨੂੰਨਾਂ ਅਤੇ ਕਾਮਯਾਬੀ ਦੇ ਨਵੇਂ ਸੰਚਾਲਨਾਂ ਨਾਲ ਜੁੜੇ ਹੋਏ ਹਨ। ਵਿਸ਼ਵੀ ਆਰਥਿਕਤਾ ਵਿਚ ਪਿਛਲੀ ਚੌਥਾਈ ਸਦੀ ਵਿਚ ਆਏ ਵੱਡੇ ਢਾਂਚਾਗਤ ਬਦਲਾਅ, ਗਿਆਨ ਆਰਥਿਕਤਾ ਦਾ ਵਿਕਾਸ ਰਹੇ ਹਨ। ਗਿਆਨ ਦਾ ਇਕ ਨਾਜ਼ੁਕ ਇਨਪੁਟ ਦੇ ਤੌਰ ਤੇ ਮਹੱਤਵ ਦਾ ਅਰਥ ਹੈ ਪੁਰਾਣੇ ਅਰਥਤੰਤਰ ਅਤੇ ਅਖੌਤੀ ਨਵੇਂ ਅਰਥਤੰਤਰ ਵਿਚ ਭੇਦ। ਇਹ ਦੇਸ਼ ਸਟੀਲ, ਆਟੋਮੋਬਾਈਲ ਅਤੇ

ਸੜਕਾਂ ਆਦਿ ਉਪਰ ਆਧਾਰਿਤ ਉਦਯੋਗਿਕ ਅਰਥਤੰਤਰ ਤੋਂ ਹਟ ਕੇ ਸਿਲੀਕੋਨ, ਕੰਪਿਊਟਰ ਅਤੇ ਨੈੱਟਵਰਕ ਅਰਥਤੰਤਰ ਰਾਹੀਂ ਨਵੇਂ ਅਰਥਤੰਤਰ ਵਲ ਵਧ ਰਹੇ ਹਨ। ਇਹ ਆਰਥਿਕ ਰਿਸ਼ਤਿਆਂ ਵਿਚ ਇਸ ਮਹੱਤਵਪੂਰਨ ਬਦਲਾਅ ਦਾ ਸੂਚਕ ਹੈ ਜੋ ਉਨਾ ਹੀ ਮਹੱਤਵਪੂਰਨ ਹੈ ਜਿੰਨਾ ਕਿ ਉਦਯੋਗਿਕ ਯੁਗ ਵਲੋਂ ਪਿਛਲੇ ਖੇਤੀਬਾੜੀ ਯੁਗ ਨੂੰ ਬਦਲਣਾ। ਨਵਾਂ ਅਰਥਤੰਤਰ ਭਵਿੱਖ ਵਿਚ ਪ੍ਰਤਿਯੋਗਤਾ ਵਾਲਾ, ਨਵੇਂ ਉਤਪਾਦਨ ਅਤੇ ਸੇਵਾਵਾਂ ਪੈਦਾ ਕਰਨ ਦੀ ਸਮਰਥਾ ਵਾਲਾ ਅਤੇ ਵਪਾਰ ਨੂੰ ਨਵੇਂ ਅਦਾਰਿਆਂ ਵਿਚ ਬਦਲਣ ਦੀ ਸਮਰਥਾ ਰੱਖਣ ਵਾਲਾ ਹੋਣ ਵਾਲਾ ਹੈ। ਜਦੋਂ ਕਿ ਇਨ੍ਹਾਂ ਨਵੇਂ ਕਿਸਮ ਦੇ ਅਦਾਰਿਆਂ ਬਾਰੇ ਕੱਲ੍ਹ ਸੋਚਿਆ ਵੀ ਨਹੀਂ ਜਾ ਸਕਦਾ ਸੀ, ਪਰਸੋਂ ਇਹ ਵੀ ਅਪ੍ਰਚਲਤ ਹੋਣ ਵਾਲੇ ਹਨ। ਇਹ ਕੁੱਝ ਮਹੱਤਵਪੂਰਨ ਪਰ ਇਕ ਦੂਜੇ ਉਪਰ ਚੜ੍ਹੀਆਂ ਧਾਰਨਾਵਾਂ ਹਨ ਜੋ ਨਵੇਂ ਅਰਥਤੰਤਰ ਨੂੰ ਪੁਰਾਣੇ ਵਲੋਂ ਅਲਗ ਕਰਦੀਆਂ ਹਨ। ਉਹ ਹਨ : (1) ਗਿਆਨ (2) ਡਿਜ਼ੀਟਲਾਈਜ਼ੇਸ਼ਨ (3) ਅਮਲੀ ਜਾਮਾ (4)ਮੋਲੀਕੁਲੇਰਾਈਜ਼ੇਸ਼ਨ (5) ਜੋੜਮੇਲ/ ਇੰਟਰਨੈੱਟ ਦੀ ਵਰਤੋਂ (6) ਵਿਚੋਲਗੀ ਦਾ ਖਾਤਮਾ (7) ਇਕ ਕੇਂਦਰ ਉਪਰ ਜੋੜਮੇਲ (8) ਨਵੀਨ ਕਾਢ (9) ਪਹਿਲਾਂ ਤੋਂ ਅੰਦਾਜ਼ਾ, ਫੌਰੀਪਨ (10) ਵਿਸ਼ਵ ਵਿਆਪਕਤਾ (11) ਭਿੰਨਤਾ ਅਤੇ (12) ਸਵੈ-ਰੁਜ਼ਗਾਰ ਵਿਚ ਅਥਾਹ ਵਾਧਾ।

ਭਾਰਤ ਵਿਚ, ਭਾਵੇਂ ਸਾਡੇ ਸੂਖਮ, ਛੋਟੇ ਅਤੇ ਦਰਮਿਆਨੇ ਖੇਤਰ ਦੇ ਵਿਕਾਸ ਲਈ ਨੀਤੀਆਂ ਦਾ ਲੰਬਾ ਇਤਿਹਾਸ ਹੈ ਪਰ ਇਸ ਖੇਤਰ ਦੇ ਸੰਦਰਭ ਵਿਚ ਸਾਡੀਆਂ ਗਿਆਨ ਉਤਪਤੀ ਕਰਨ ਅਤੇ ਉਸ ਨੂੰ ਇਸ ਖੇਤਰ ਤਕ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਵਿਸ਼ਵੀ ਮਿਆਰਾਂ ਨਾਲੋਂ ਬਹੁਤ ਘੱਟ ਰਹੀਆਂ ਹਨ। ਉਦਾਹਰਨ ਵਜੋਂ, ਮਿਕਦਾਰ ਦੀਆਂ ਪਾਬੰਦੀਆਂ, ਜਿਨ੍ਹਾਂ ਨਾਲ ਇਕ ਖੇਤਰ ਨੂੰ ਸੁਰੱਖਿਆ ਮਿਲਦੀ ਸੀ, ਨੂੰ ਹਟਾਉਣ ਨੂੰ ਖਤਮ ਕਰ ਦਿਤਾ ਗਿਆ। ਪਰ ਖੁੱਲ੍ਹੀ ਮੰਡੀ ਵਿਚ ਆਉਣ ਨਾਲ ਇਸ ਖੇਤਰ ਨੂੰ ਕੋਈ ਲਾਭ ਨਹੀਂ ਮਿਲ ਸਕਿਆ। ਜਿਥੇ ਆਰਥਿਕ ਮੋਕਲੇਪਨ ਨਾਲ ਸਭ ਲਈ ਸਾਵਾਂ ਕਾਰਜ ਖੇਤਰ ਲਿਆਉਣ ਦੀ ਉਮੀਦ ਸੀ, ਪਰ ਸਿੱਟਾ ਇਸ ਖੇਤਰ ਦੀਆਂ ਉਮੀਦਾਂ ਅਨੁਸਾਰ ਨਹੀਂ ਸੀ। ਨੀਤੀ ਨਿਰਧਾਰਨ ਦੇ ਪੱਧਰ 'ਤੇ ਇਹ ਦਲੀਲ ਦਿਤੀ ਗਈ ਕਿ ਨਵੀਂ ਖੋਜ ਹੀ ਇਸ ਖੇਤਰ ਦੀ ਪਾਇਦਾਰੀ ਦਾ ਅੰਤਰ ਹੈ ਪਰ ਇਸ ਸੰਬੰਧ ਵਿਚ ਕਾਰਗੁਜ਼ਾਰੀ ਕੁਝ ਬੰਦਸ਼ ਵਾਲੀ ਹੀ ਰਹੀ।

ਇਕ ਗਿਆਨ ਆਧਾਰਿਤ ਅਰਥਤੰਤਰ ਵਿਚ, ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਪਾਇਦਾਰੀ ਇਕੱਲੇ ਤੌਰ ਤੇ ਨਹੀਂ ਹੋ ਸਕਦੀ। ਇਸ ਨੂੰ ਅੰਤਰ ਖੇਤਰੀ ਜੋੜਮੇਲਾਂ ਤੋਂ ਲਾਭ ਦੀ ਲੋੜ ਹੁੰਦੀ ਹੈ। ਇਥੇ ਵਿਕਾਸ ਦੀ ਪੁਰਾਣੀ ਧਾਰਨਾ ਜੋ ਜ਼ਰੂਰੀ ਤੌਰ ਤੇ ਦਰਾਮਦ ਤਕਨਾਲੋਜੀ ਉਪਰ ਆਧਾਰਿਤ ਸੀ, ਦੀ ਘੱਟ ਭੂਮਿਕਾ ਹੈ। ਨਵੇਂ ਅਰਥਤੰਤਰ ਵਿਚ, ਵਿੱਥ ਅਤੇ ਸਮਾਂ ਬਹੁਤ ਮਹੱਤਵਪੂਰਨ ਹਨ ਜਿਨ੍ਹਾਂ ਦੀ ਸਭ ਤੋਂ ਵਧੀਆ ਵਰਤੋਂ ਸਥਾਨਕ ਗਿਆਨ ਪ੍ਰਣਾਲੀ ਦੀ ਵਰਤੋਂ ਰਾਹੀਂ ਕੀਤੀ ਜਾ ਸਕਦੀ ਹੈ। ਭਾਰਤ ਦਾ ਪਿਛਲਾ ਰਿਕਾਰਡ, ਜੋ ਸੂਖਮ, ਛੋਟੇ ਅਤੇ ਦਰਮਿਆਨੇ ਖੇਤਰ ਨਾਲ ਖ਼ਾਸ ਤੌਰ ਤੇ ਸੰਬਧਿਤ ਰਿਹਾ ਹੈ, ਵਿਚ ਬਹੁਤ ਸੁਧਾਰ ਦੀ ਲੋੜ ਹੈ। ਅਜਿਹੀ ਗਿਆਨ ਪ੍ਰਣਾਲੀ ਨੂੰ ਸਮੁੱਚੇ ਤੌਰ ਤੇ ਜੋੜਨ ਦੀ ਲੋੜ ਹੈ ਅਤੇ ਇਸ ਨੂੰ ਇਸ ਖੇਤਰ ਦੇ ਹਰ ਪਹਿਲੂ ਨਾਲ ਜੁੜੀ ਹੋਣ ਵਾਲੀ ਅਤੇ ਉਨ੍ਹਾਂ ਦਾ ਵਾਧਾ ਕਰਨ ਵਾਲੀ ਹੋਣਾ ਚਾਹੀਦਾ ਹੈ। 'ਭਾਰਤ ਵਿਚ ਬਣਾਓ' ਦੀ ਨੀਤੀਗਤ ਪਹੁੰਚ, ਪਹਿਲਾਂ ਤੋਂ ਚਲੀ ਆ ਰਹੀ ਨੀਤੀ ਤੋਂ ਹਟ ਕੇ ਹੈ। ਬੇਸ਼ਕ ਇਸ ਨੂੰ ਸੂਖਮ, ਛੋਟੇ ਅਤੇ ਦਰਮਿਆਨੇ ਖੇਤਰ ਦੇ ਅਦਾਰਿਆਂ ਉਪਰ ਲਾਗੂ ਕਰਨਾ ਵਿਚਾਰ-ਵਟਾਂਦਰੇ ਦਾ ਵਿਸ਼ਾ ਹੋ ਸਕਦਾ ਹੈ।

## ਨਾਜ਼ੁਕ ਸਰੋਤ ਦੇ ਤੌਰ ਤੇ ਉੱਦਮ

ਭਾਰਤ ਵਿਚ ਰਵਾਇਤੀ ਤੌਰ ਤੇ ਉੱਦਮ ਵਪਾਰੀ ਵਰਗ ਨਾਂਲ ਜੋੜੇ ਜਾਂਦੇ ਹਨ। ਪਰ ਇਸ ਸੋਚ ਵਿਚ 1970 ਦੇ ਦਹਾਕੇ ਦੇ ਸ਼ੁਰੂ ਵਿਚ ਪੂਰੀ ਤਰ੍ਹਾਂ ਤਬਦੀਲੀ ਆਈ ਜਦੋਂ ਢਾਂਚਾਗਤ ਉੱਦਮ ਵਿਕਾਸ ਪੋਗਰਾਮਾਂ ਰਾਹੀਂ ਚੁਸਤ-ਦਰੁਸਤ ਉੱਦਮ ਵਿਕਾਸ ਨੀਤੀਆਂ ਬਣੀਆਂ। ਭਾਵੇਂ ਇਸ ਦਾ ਨਤੀਜਾ ਇਹ ਹੋਇਆ ਕਿ ਉੱਦਮ ਵਿਕਾਸ ਸੰਸਥਾਨਾਂ ਅਤੇ ਪ੍ਰੋਗਰਾਮਾਂ ਰਾਹੀਂ ਆਮ ਲੋਕਾਂ ਦਾ ਕਿੱਤਾ ਹੋ ਗਿਆ ਪਰ ਇਸ ਦਾ ਅਸਰ ਹਾਲੇ ਪੂਰੀ ਤਰ੍ਹਾਂ ਜਾਂਚਿਆ ਨਹੀਂ ਗਿਆ ਹੈ। ਇਸ ਨੂੰ ਜਾਂਚਣ ਦੇ ਮਿਆਰ ਹਾਲੇ ਪੂਰੀ ਤਰ੍ਹਾਂ ਤਿਆਰ ਨਹੀਂ ਕੀਤੇ ਜਾ ਸਕੇ ਹਨ। ਉੱਦਮ ਵਿਕਾਸ ਪਹਿਲ ਦੇ ਦੋ ਮੁੱਖ ਅੰਗ ਹਨ : 1) ਪ੍ਰੋਗਰਾਮ ਮਾਡਲਿੰਗ ਅਤੇ 2) ਪ੍ਰੋਗਰਾਮਾਂ ਦੀ ਡਲਿਵਰੀ। ਕਈ ਮੁੱਲੰਕਣ ਅਧਿਐਨਾਂ ਨੇ ਦੋਹਾਂ ਵਿਸ਼ਿਆਂ ਉਪਰ ਬੰਦਸ਼ਾਂ ਦਾ ਖ਼ਦਸ਼ਾ ਜ਼ਾਹਰ ਕੀਤਾ ਹੈ।

ਸਾਡੇ ਦੇਸ਼ ਦੇ ਵੱਡੇ ਆਕਾਰ ਅਤੇ ਇਥੋਂ ਦੇ ਨੌਜਵਾਨਾਂ ਦੀ ਵਿਸ਼ਾਲ ਆਬਾਦੀ ਨੂੰ ਦੇਖਦੇ ਹੋਏ ਇਹ ਜ਼ਰੂਰੀ ਹੈ ਕਿ ਉੱਦਮ ਵਿਕਾਸ ਨੂੰ ਸਮਝਣ, ਮੁੱਲੰਕਣ ਕਰਨ ਅਤੇ ਉਸ ਦੀ ਯੋਜਨਾਬੰਦੀ ਲਈ ਇਕ ਸਹੀ ਪਹੁੰਚ ਅਪਣਾਈਏ। ਇਸ ਸੰਦਰਭ ਵਿਚ ਸਰੋਤ ਪਹੁੰਚ ਕਾਰਗਰ ਬਣ ਜਾਂਦੀ ਹੈ। ਉੱਦਮ ਇਥੇ ਨਾਜ਼ੁਕ ਸਰੋਤ ਹੈ ਜਿਸ ਨੂੰ ਸੰਭਾਲ ਕੇ ਰੱਖਣ ਅਤੇ ਪੋਸ਼ਣ ਦੀ ਲੋੜ ਹੈ। ਇਸ ਬਹੁਤ ਜ਼ਰੂਰੀ ਵਿਸ਼ੇ ਦੇ ਸੰਬੰਧ ਵਿਚ ਨੀਤੀਆਂ ਅਤੇ ਕਾਰਗੁਜ਼ਾਰੀਆਂ ਦੇ ਪਿਛਲੇ ਰਿਕਾਰਡ ਦੀ ਡੂੰਘੀ ਘੋਖ ਜ਼ਰੂਰੀ ਹੈ।

***ਸਮੁੱਚੀ ਸਮਰਥਾ ਉਸਾਰੀ :*** ਸਮਰਥਾ ਉਸਾਰੀ ਸ਼ਬਦ ਹੀ ਆਪਣੇ ਆਪ ਵਿਚ ਇਕ ਸਮੁੱਚੀ ਧਾਰਨਾ ਹੈ। ਕਿਸੇ ਵੀ ਅਰਥਤੰਤਰ ਵਿਚ ਕਿਰਤੀਆਂ ਦੀ ਮੰਡੀ ਦਾ ਚਾਲੂ ਮੁਹਾਂਦਰਾ ਇਹ ਦਰਸਾਉਂਦਾ ਹੈ ਕਿ ਕਿਸ ਕਿਸਮ ਦੀ ਸਮਰਥਾ ਪੈਦਾ ਕਰਨ ਦੀ ਲੋੜ ਹੈ। ਪਰ ਸਮਰਥਾ ਪੈਣਾ ਕਰਨ ਲਈ ਰਸਤੇ ਅਲਗ-ਅਲਗ ਹੋ ਸਕਦੇ ਹਨ।

ਅੱਜ ਦੇਸ਼ ਕਿਰਤੀ ਮੰਡੀ ਵਿਚ ਬਹੁਤੇ ਅਢੁਕਵੇਂ ਮੇਲ ਦੀ ਚੁਨੌਤੀ ਦਾ ਸਾਹਮਣਾ ਕਰ ਰਿਹਾ ਹੈ। ਇਸ ਨਾਲ ਭਾਰਤ ਦੀ ਨੌਜਵਾਨ ਆਬਾਦੀ ਨੂੰ ਬਹੁਤ ਵੱਡੇ ਪੈਮਾਨੇ 'ਤੇ ਹੁਨਰ ਦੀ ਮਹਾਰਤ ਦੇਣ ਦੀ ਲੋੜ ਵਧ ਜਾਣੀ ਹੈ ਤਾਂ ਕਿ ਅਰਥਤੰਤਰ ਦੇ ਉਪਜਾਊ ਖੇਤਰਾਂ ਵਿਚ ਉਨ੍ਹਾਂ ਦੀ ਖਪਤ ਵਧਾਈ ਜਾ ਸਕੇ। ਇਹ ਠੋਸ ਤਰਕ ਪ੍ਰਧਾਨ ਮੰਤਰੀ ਵਲੋਂ ਆਪਣੇ ਪਿਛਲੇ ਸਾਲ ਦੇ ਆਜ਼ਾਦੀ ਦਿਵਸ ਦੇ ਮੌਕੇ ਭਾਸ਼ਣ ਵਿਚ ਦਿਤਾ ਗਿਆ ਸੀ। ਉਨ੍ਹਾਂ ਨੇ 'ਹੁਨਰਮੰਦ ਭਾਰਤ' ਪ੍ਰੋਗਰਾਮ ਦੀ ਘੋਸ਼ਣਾ ਕੀਤੀ ਜੋ ਦੇਸ਼ ਦੀ ਕਿਰਤੀ ਮੰਡੀ ਨੀਤੀ ਲਈ ਇਕ ਖ਼ਾਕਾ ਪੇਸ਼ ਕਰਦਾ ਹੈ। ਪਰ ਅਜਿਹੀ ਨੀਤੀ ਨੂੰ ਵਿਸਥਾਰ ਪੂਰਬਕ ਬਣਾਉਣ ਦੀ ਲੋੜ ਹੈ। ਨਵੰਬਰ 2014 ਵਿਚ 'ਹੁਨਰਮੰਦ ਭਾਰਤ' ਏਜੰਡੇ ਨੂੰ ਹੁੰਗਾਰਾ ਦੇਣ ਲਈ ਅਤੇ ਵਧ ਰਹੀ ਕੰਮਕਾਜੀ ਜਮਾਤ ਨੂੰ ਅਗਲੇ ਕੁਝ ਦਹਾਕਿਆਂ ਵਿਚ ਨੌਕਰੀਯੋਗ ਮਹਾਰਤ ਦੇਣ ਲਈ ਹੁਨਰ ਵਿਕਾਸ ਅਤੇ ਉੱਦਮ ਮੰਤਰਾਲਾ ਦੀ ਸਥਾਪਨਾ ਕੀਤੀ ਗਈ।

ਜਿਉਂ-ਜਿਉਂ ਭਾਰਤ ਇਕ ਗਿਆਨ ਅਰਥਤੰਤਰ ਵਲ ਵਧਦਾ ਹੈ, ਇਸ ਦੀ ਆਬਾਦੀ, ਖ਼ਾਸ ਤੌਰ

ਤੇ ਨੌਜਵਾਨਾਂ ਨੂੰ ਨਾ ਸਿਰਫ਼ ਵੱਡੀ ਗਿਣਤੀ ਵਿਚ ਸਗੋਂ ਉੱਤਮ ਕਿਸਮ ਦੇ ਹੁਨਰ ਦੀ ਸਿੱਖਿਆ ਦੇਣ, ਉਨ੍ਹਾਂ ਦੇ ਸਸ਼ਕਤੀਕਰਨ ਅਤੇ ਉਨ੍ਹਾਂ ਨੂੰ ਉਤਸਾਹਤ ਕਰਨ ਦੀ ਲੋੜ ਪੈਦਾ ਹੁੰਦੀ ਹੈ। ਇਸ ਕਾਰਜ ਲਈ ਸੰਸਥਾਨਾਂ, ਪ੍ਰੋਗਰਾਮਾਂ ਅਤੇ ਮਿਆਰਾਂ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਵਧ ਜਾਂਦੀ ਹੈ। ਅਜਿਹੀ ਨੀਤੀਗਤ ਪਹੁੰਚ ਇਕ ਰਾਸ਼ਟਰੀ ਨੀਤੀ ਦੇ ਨਿਰਮਾਣ ਵਲ ਇਸ਼ਾਰਾ ਕਰਦੀ ਹੈ ਜੋ ਭਾਰਤ ਦੀ ਕਿਰਤੀ ਮੰਡੀ ਏਜੰਡੇ ਦੇ ਤੌਰ ਤੇ ਇਕ ਪੱਕੇ ਕਾਨੂੰਨ ਵਾਂਗ ਕੰਮ ਕਰੇ।

ਪਰ ਹੁਨਰ ਵਿਕਾਸ ਨੂੰ ਇਕਲਵਾਂਝੇ ਕਰ ਕੇ ਨਹੀਂ ਦੇਖਿਆ ਜਾ ਸਕਦਾ। ਮਹਾਰਤਾਂ ਬੁਨਿਆਦੀ ਜ਼ਰੂਰ ਹਨ ਪਰ ਇਕ ਚੰਗੀ ਨੌਕਰੀ ਲੈਣ ਜਾਂ ਚੰਗਾ ਉੱਦਮੀ ਬਣਨ ਲਈ ਕਾਫ਼ੀ ਨਹੀਂ ਹਨ। ਕਿਰਤੀ ਮੰਡੀਆਂ ਵਿਚ ਦਖ਼ਲਅੰਦਾਜ਼ੀ ਜਿਸ ਦਾ ਹੁਨਰ ਵਿਕਾਸ ਇਕ ਵੱਡਾ ਹਿੱਸਾ ਹੈ, ਮੰਗ ਆਧਰਿਤ ਹੋਣ ਦੀ ਲੋੜ ਹੈ। ਉਨ੍ਹਾਂ ਨੂੰ ਰੁਜ਼ਗਾਰ ਅਤੇ ਆਰਥਿਕ ਵਿਕਾਸ ਕੋਸ਼ਿਸ਼ਾਂ ਦਾ ਅਭਿੰਨ ਅੰਗ ਹੋਣਾ ਚਾਹੀਦਾ ਹੈ। ਦੂਸਰੀਆਂ ਵਿਸ਼ਾਲ ਆਰਥਿਕ ਨੀਤੀਆਂ ਅਤੇ ਕੋਸ਼ਿਸ਼ਾਂ ਨਾਲ ਇਸ ਲਈ ਤਾਲਮੇਲ ਬਹੁਤ ਮਹੱਤਵਪੂਰਨ ਹੈ। ਇਸ ਲਈ, ਮਹਾਰਤਾਂ ਅਤੇ ਉੱਦਮ ਦੇ ਵਿਕਾਸ ਦੀ ਪਹਿਲ ਦੀ ਲੋੜ ਵਧੇਰੇ ਆਮਦਨ ਮੌਕਿਆਂ ਦੀ ਲੋੜ ਤੋਂ ਆਉਣੀ ਚਾਹੀਦੀ ਹੈ, ਜਿਸ ਵਿਚ ਸ਼ਾਮਿਲ ਹੈ : (1) ਉਜਰਤ ਵਾਲੇ ਰੁਜ਼ਗਾਰ, (2) ਸਵੈ-ਰੁਜ਼ਗਾਰ ਅਤੇ (3) ਕਿਰਤ ਦਾ ਨਿਰਯਾਤ। ਉਜਰਤ ਵਾਲੇ ਰੁਜ਼ਗਾਰ ਜਿੰਦਾ ਰਹਿਣ ਲਈ ਆਮਦਨ ਅਤੇ ਸਵੈ-ਰੁਜ਼ਗਾਰ ਯਕੀਨੀ ਬਣਾਉਂਦੇ ਹਨ ਅਤੇ ਇਸ ਦੇ ਨਾਲ-ਨਾਲ ਰੋਜ਼ੀ ਰੋਟੀ ਦੇ ਸਾਧਨ ਹੋਣ ਸਮੇਤ ਆਮਦਨ ਅਤੇ ਰੁਜ਼ਗਾਰ ਵਧਾਉਣ ਵਾਲੇ ਹੁੰਦੇ ਹਨ। ਕਿਰਤ ਨਿਰਯਾਤ ਦੇਸ਼ ਦੀ ਵਿਦੇਸ਼ੀ ਮੁਦਰਾ ਵਿਚ ਵਾਧਾ ਕਰਦੇ ਹਨ। ਇਕ ਸਮੁੱਚੀ ਕਿਰਤੀ ਮੰਡੀ ਨੀਤੀ ਵਿਚ ਇਨ੍ਹਾਂ ਤਿੰਨਾਂ ਪੱਖਾਂ ਦੀ ਵਿਗਿਆਨ ਤਰੀਕੇ ਦੇਖਭਾਲ ਕਰਨੀ ਹੁੰਦੀ ਹੈ। ਜਿਥੇ ਇਹ ਸਭ ਵੱਖ-ਵੱਖ ਵਿਸ਼ੇ ਭਾਵੇਂ ਢਾਂਚਾਗਤ ਤਰੀਕੇ ਇਕ ਦੂਜੇ ਨਾਲ ਜੁੜੇ ਹੋਏ ਹਨ ਪਰ ਭਾਰਤ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਵਲੋਂ ਦੇਖੇ ਜਾਂਦੇ ਹਨ ਪਰ ਇਨ੍ਹਾਂ ਦੀ ਕਾਰਗੁਜ਼ਾਰੀ ਵਿਚ ਤਾਲਮੇਲ ਹੋਣ ਦੀ ਲੋੜ ਹੈ।

ਅੰਦਾਜ਼ਾ ਹੈ ਕਿ 2005-12 ਦੇ ਸੱਤ ਸਾਲ ਦੇ ਸਮੇਂ ਵਿਚ ਦੇਸ਼ ਵਿਚ ਸਿਰਫ਼ 2.7 ਲੱਖ ਹੋਰ ਨੌਕਰੀਆਂ ਪੈਦਾ ਹੋਈਆਂ। ਇਸ ਤੋਂ ਸੰਕੇਤ ਮਿਲਦਾ ਹੈ ਕਿ ਦੇਸ਼ ਵਿਚ ਉਜਰਤ ਵਾਲੇ ਰੁਜ਼ਗਾਰਾਂ ਦੀ ਮੰਗ ਦੇ ਮੁਕਾਬਲੇ ਬਹੁਤ ਘਾਟ ਸੀ। ਇਸ ਲਈ, ਨੌਕਰੀਆਂ ਦੀ ਭਾਲ ਕਰਨ ਵਾਲੇ ਲੋਕਾਂ ਦੀ ਘੱਟੋ-ਘੱਟ ਕੁਝ ਹਿੱਸੇ ਨੂੰ ਸਹੀ ਤਰੀਕੇ ਉਤਸਾਹਤ ਕਰਕੇ ਅਤੇ ਗਿਆਨ ਦੇ ਕੇ ਉੱਦਮੀਆਂ ਦੀ ਜਮਾਤ ਵਿਚ ਖੜ੍ਹੇ ਕੀਤਾ ਜਾ ਸਕਦਾ ਹੈ। ਇਸ ਤੋਂ ਸਹੀ ਕਾਰੋਬਾਰੀ ਵਿਕਾਸ ਸੇਵਾਵਾਂ ਦਾ ਗਿਆਨ ਦੇਣ, ਜਿਸ ਵਿਚ ਉੱਦਮ ਸਥਾਪਤ ਕਰਨ ਅਤੇ ਸਲਾਹ ਦੇਣਾ ਸ਼ਾਮਿਲ ਹੈ, ਦੀ ਲੋੜ ਮਹਿਸੂਸ ਹੁੰਦੀ ਹੈ। ਹੁਨਰ ਵਿਕਾਸ ਦੀ ਲੋੜ ਦੇ ਮੱਦੇਨਜ਼ਰ, 2009 ਵਿਚ ਰਾਸ਼ਟਰੀ ਹੁਨਰ ਵਿਕਾਸ ਨੀਤੀ ਬਣਾਈ ਗਈ। 2009 ਦੀ ਇਸ ਨੀਤੀ ਦੇ ਬਦਲੇ 2015 ਵਿਚ ਹੁਨਰ ਅਤੇ ਉੱਦਮ ਵਿਕਾਸ ਲਈ ਰਾਸ਼ਟਰੀ ਨੀਤੀ ਬਣਾਈ ਗਈ ਇਸ ਨੀਤੀ ਦਾ ਉਦੇਸ਼ ਵੱਡੇ ਪੈਮਾਨੇ 'ਤੇ, ਤੇਜ਼ੀ ਨਾਲ, ਉੱਤਮ ਕਿਸਮ ਦੀ ਅਤੇ ਪਾਇਦਾਰ ਕਿਰਤੀ ਮੰਡੀ ਦਖ਼ਲਅੰਦਾਜ਼ੀ ਦਾ ਢਾਂਚਾ ਤਿਆਰ ਕਰਨਾ ਹੈ। ਇਸ ਦਾ ਉਦੇਸ਼ ਹੈ ਦੇਸ਼ ਵਿਚ ਚਲ ਰਹੀਆਂ ਸਾਰੀਆਂ ਹੁਨਰ ਸਰਗਰਮੀਆਂ ਨੂੰ ਇਕ ਸਮੁੱਚਾ ਢਾਂਚਾ ਦੇਣਾ, ਉਨ੍ਹਾਂ ਦਾ ਮਿਆਰੀਕਰਨ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਉਹ ਮੰਡੀ ਵਿਚ ਖਰੀਆਂ ਉਤਰਨ ਵਾਲੀਆਂ ਹੋਣ। ਉਦੇਸ਼ ਅਤੇ ਨਤੀਜੇ ਮਿਥਣ ਤੋਂ ਇਲਾਵਾ, ਇਹ ਨੀਤੀ ਅਜਿਹੇ ਸੰਸਥਾਗਤ ਢਾਂਚੇ ਦੀ ਪਛਾਣ ਵੀ ਕਰਦੀ ਹੈ ਜੋ ਉਮੀਦ ਕੀਤੇ ਜਾ ਰਹੇ ਨਤੀਜੇ ਹਾਸਲ ਕਰਨ ਵਿਚ ਸਹਾਈ ਹੋਵੇਗਾ। ਹੁਨਰ ਵਿਕਾਸ ਸਰਕਾਰ, ਨੌਕਰੀ ਦੇਣ ਵਾਲਿਆਂ, ਵਿਅਕਤੀਗਤ ਕਿਰਤੀਆਂ ਦੇ ਸਾਂਝੇ ਪਲੇਟਫਾਰਮ ਦੀ ਇਥੇ ਮਿਲੀਜੁਲੀ ਜ਼ਿੰਮੇਵਾਰੀ ਹੈ ਜਿਸ ਵਿਚ ਗ਼ੈਰ ਸਰਕਾਰੀ ਸੰਸਥਾਨਾਂ, ਸਮਾਜ ਆਧਾਰਿਤ ਸੰਸਥਾਨਾਂ, ਨਿੱਜੀ ਸਿਖਲਾਈ ਸੰਸਥਾਨ ਅਤੇ ਹੋਰ ਸੰਬੰਧਿਤ ਧਿਰਾਂ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ।

***ਸਮਾਜਿਕ ਉੱਦਮ :*** 'ਪ੍ਰਭਾਵਸ਼ਾਲੀ ਨਿਵੇਸ਼' ਅਤੇ 'ਸਮਾਜਿਕ ਉੱਦਮ' ਜ਼ਿੰਮੇਵਾਰ ਵਪਾਰਕ ਪ੍ਰਕਿਰਿਆ ਦੇ ਤੌਰ ਤੇ ਅੱਜ ਦੋ ਮੁੱਖ ਧਾਰਨਾਵਾਂ ਹਨ। ਪਰ ਭਾਰਤੀ ਸੰਦਰਭ ਵਿਚ ਇਨ੍ਹਾਂ ਧਾਰਨਾਵਾਂ ਨੇ ਹਾਲੇ ਆਪਣਾ ਸਥਾਨ ਬਣਾਉਣਾ ਹੈ।

ਭਾਰਤ ਨੂੰ ਆਪਣੇ ਆਕਾਰ ਦੀ ਵਿਸ਼ਾਲਤਾ ਕਾਰਨ ਕਈ ਸਮਾਜਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਣਾ ਹੈ। ਇਨ੍ਹਾਂ ਸਮਾਜਿਕ ਸਮੱਸਿਆਵਾਂ ਨੂੰ ਬੁਨਿਆਦੀ ਤੌਰ ਤੇ ਅੱਜ ਦੇ ਉਪਲਬਧ ਸਰੋਤਾਂ, ਮੌਕਿਆਂ ਦੇ ਸੰਦਰਭ ਵਿਚ ਹੱਲ ਕਰਨ ਦੀ ਲੋੜ ਹੈ। ਹਰ ਸਮਾਜਿਕ ਸਮੱਸਿਆ ਜਾਂ ਸਮਾਜਿਕ ਕੀਮਤ ਵਿਚ ਇਥੇ ਮੌਕਾ ਇੰਤਜ਼ਾਰ ਕਰ ਰਿਹਾ ਹੈ। ਇਹ ਇਨ੍ਹਾਂ ਮੌਕਿਆਂ ਤੋਂ ਲਾਭ ਉਠਾਉਣ ਦੀ ਸੋਚ ਹੈ ਜੋ ਪਾਇਦਾਰ ਉੱਦਮ ਵਿਕਾਸ ਏਜੰਡੇ ਲਈ ਕੇਂਦਰੀ ਹੈ। ਉੱਦਮ ਇਕ ਬੁਨਿਆਦੀ ਮਾਨਵੀ ਗੁਣ ਹੈ ਜਿਸ ਨੂੰ ਇਕ ਖ਼ਾਸ ਸੰਦਰਭ ਵਿਚ ਪੋਸ਼ਣ ਦੀ ਲੋੜ ਹੈ। ਕਿਸੇ ਵੀ ਸਮਾਜਿਕ ਸਮੱਸਿਆ ਵਿਚ ਛੁਪੇ ਹੋਏ ਮੌਕੇ ਦੀ ਪਛਾਣ ਕਰਨੀ ਹੁੰਦੀ ਹੈ ਅਤੇ ਉਸ ਦਾ ਅਰਥਪੂਰਨ ਸਿੱਟਾ ਕੱਢਣਾ ਹੁੰਦਾ ਹੈ। ਇਸ ਤਰ੍ਹਾਂ ਸਮਾਜਿਕ ਉੱਦਮ ਦੀ ਪ੍ਰਸੰਗਿਕਤਾ ਇਸ ਸੰਦਰਭ ਵਿਚ ਪੈਦਾ ਹੁੰਦੀ ਹੈ।

ਸਮਾਜਿਕ ਉੱਦਮਾਂ ਦੀ ਵਿਆਖਿਆ ਅਜਿਹੇ ਅਦਾਰਿਆਂ ਦੇ ਤੌਰ ਤੇ ਕੀਤੀ ਜਾਂਦੀ ਹੈ ਜੋ ਵਪਾਰਕ ਤੌਰ ਤੇ ਚਲਦੇ ਹਨ, ਸਾਜ਼-ਸਮਾਨ ਦਾ ਉਤਪਾਦਨ ਕਰਦੇ ਹਨ ਅਤੇ ਮੰਡੀ ਲਈ ਸੇਵਾਵਾਂ ਦਿੰਦੇ ਹਨ ਪਰ ਆਪਣੇ ਕੰਮ ਕਾਜ ਅਤੇ ਆਪਣੇ ਵਾਧੂ ਉਤਪਾਦਨਾਂ ਨੂੰ ਸਮਾਜਿਕ ਅਤੇ ਵਾਤਾਵਰਨ ਦੇ ਮਿਥੇ ਟੀਚੇ ਹਾਸਲ ਕਰਨ ਵਿਚ ਲਗਾਉਂਦੇ ਹਨ। ਉਹ ਇਥੇ ਅਲਗ ਕਿਸਮ ਦੇ ਪੂੰਜੀ ਪੈਦਾ ਕਰਨ ਦੇ ਕੇਂਦਰ ਹਨ। ਭਾਵੇਂ ਇਹ ਕਿਸੇ ਗ਼ੈਰ ਲਾਭ ਪ੍ਰਾਪਤ ਸੰਸਥਾਨ ਜਾਂ ਲਾਭ ਲੈਣ ਵਾਲੀ ਕੰਪਨੀ ਦੇ ਤੌਰ ਤੇ ਚਲ ਰਹੇ ਹੋਣ, ਸਮਾਜਿਕ ਉੱਦਮਾਂ ਦੇ ਦੋ ਟੀਚੇ ਹੁੰਦੇ ਹਨ : (1) ਸਮਾਜਿਕ, ਸਭਿਆਚਾਰਕ, ਭਾਈਚਾਰਕ, ਆਰਥਿਕ ਜਾਂ ਵਾਤਾਵਰਨ ਪਰਿਣਾਮ ਅਤੇ (2) ਪੂੰਜੀ ਕਮਾਉਣਾ। ਦੇਖਣ ਨੂੰ ਕਈ ਸਮਾਜਿਕ ਉੱਦਮ ਰਵਾਇਤੀ ਵਪਾਰਕ ਉੱਦਮਾਂ ਜਿਹੇ ਦਿਖਦੇ ਹਨ, ਮਹਿਸੂਸ ਹੁੰਦੇ ਹਨ ਅਤੇ ਉਨ੍ਹਾਂ ਵਾਂਗ ਹੀ ਕੰਮਕਾਜ ਕਰਦੇ ਹਨ, ਪਰ ਡੂੰਘੀ ਘੋਖ ਕਰਨ 'ਤੇ ਸਮਾਜਿਕ ਉੱਦਮਾਂ ਦੀਆਂ ਵਿਸ਼ੇਸ਼ਤਾਵਾਂ ਦਾ ਪਤਾ ਲਗਦਾ ਹੈ : ਇਨ੍ਹਾਂ ਦਾ ਉਦੇਸ਼ ਸਮੁੱਚੇ ਕੰਮਕਾਜ ਦਾ ਕੇਂਦਰਬਿੰਦੂ ਹੁੰਦਾ ਹੈ ਜਿਸ ਵਿਚ ਪੂੰਜੀ ਪੈਦਾ ਕਰਨਾ ਇਕ ਸਹਾਇਕ ਦੀ ਭੂਮਿਕਾ ਅਦਾ ਕਰਦਾ ਹੈ।

ਸਰੋਤ ਸਮਾਜਿਕ ਉੱਦਮਾਂ ਦੇ ਮਾਪਦੰਡ ਉਪਰ ਪਰਖੇ ਜਾਣੇ ਚਾਹੀਦੇ ਹਨ ਜੋ ਅਦਾਰਿਆਂ ਅਤੇ ਸੰਸਥਾਨਾਂ ਨੂੰ ਨਿੱਜੀ ਅਤੇ ਜਨਤਕ ਖੇਤਰ ਵਿਚ ਨਿਰੰਤਰਤਾ ਦਾ ਪੈਮਾਨਾ ਹੈ। ਸਿੱਧੀ ਖੜ੍ਹੀ

ਧੁਰੀ ਤੇ ਹਰ ਸਰੋਤ ਜਾਂ ਉੱਦਮ ਦੀ ਪਛਾਣ ਇਸ ਦੇ 'ਸਮਾਜਿਕ ਉਦੇਸ਼' ਸਭ ਤੋਂ ਉਪਰਲੇ ਸਿਰੇ 'ਤੇ ਅਤੇ 'ਵਪਾਰਕ ਉਦੇਸ਼' ਸਭ ਤੋਂ ਥੱਲੇ ਰੱਖ ਕੇ ਵਰਗੀਕ੍ਰਿਤ ਕੀਤੀ ਜਾਂਦੀ ਹੈ।

ਇਕ ਸਮਾਜਿਕ ਅਰਥਤੰਤਰ, ਸਮਾਜਿਕ ਤੌਰ ਤੇ ਜ਼ਿੰਮੇਵਾਰ ਤਰੀਕੇ (ਸਮਾਜਿਕ, ਆਰਥਿਕ ਜਾਂ ਵਾਤਾਵਰਨ ਮੁਖੀ) ਮੁੱਦਿਆਂ ਦੇ ਨਵੇਂ ਹੱਲ ਲੱਭਣ ਦੀ ਲੋੜ ਅਤੇ ਉਨ੍ਹਾਂ ਜ਼ਰੂਰਤਾਂ ਨੂੰ ਪੂਰਾ ਕਰਨ ਖਾਤਰ ਜੋ ਹੁਣ ਤਕ ਅਣਦੇਖੀਆਂ ਕੀਤੀਆਂ ਗਈਆਂ ਹਨ (ਜਾਂ ਘੱਟ ਪੂਰੀਆਂ ਕੀਤੀਆਂ ਹਨ), ਨਿੱਜੀ ਅਤੇ ਜਨਤਕ ਦੋਹਾਂ ਖੇਤਰਾਂ ਵਲੋਂ, ਲਈ ਵਿਕਸਤ ਹੁੰਦਾ ਹੈ। ਹੱਲਾਂ ਨੂੰ ਲਾਭ ਪ੍ਰਾਪਤ ਕਰਨ ਦੇ ਉਦੇਸ਼ ਨਾਲ ਨਾ ਵਰਤੋਂ ਕਰਕੇ, ਸਮਾਜਿਕ ਅਰਥਤੰਤਰ ਦੀ ਇਕ ਮਜ਼ਬੂਤ, ਪਾਇਦਾਰ, ਖ਼ੁਸ਼ਹਾਲ ਅਤੇ ਸਮਾਵੇਸ਼ੀ ਸਮਾਜ ਖੜ੍ਹਾ ਕਰਨ ਵਿਚ ਅਦੁੱਤੀ ਭੂਮਿਕਾ ਹੈ। ਸਮਾਜਿਕ ਅਰਥਤੰਤਰ ਦੀਆਂ ਹੱਦਾਂ ਦੀ ਵਿਆਖਿਆ ਕਰਨਾਂ ਰਾਜਨੀਤਕ ਅਤੇ ਆਰਥਿਕ ਹਾਲਾਤ ਬਦਲਦੇ ਰਹਿਣ ਕਾਰਨ ਮੁਸ਼ਕਿਲ ਹੈ। ਕਿਸੇ ਵੀ ਸਮੇਂ ਕੋਈ ਵੀ ਸੰਸਥਾਨ ਸਮਾਜਿਕ ਅਰਥਤੰਤਰ ਦੇ ਉਪ ਖੇਤਰਾਂ ਵਿਚ ਥੋੜ੍ਹਾ ਅੰਦਰ ਥੋੜ੍ਹਾ ਬਾਹਰ ਹੁੰਦਾ ਰਹਿ ਸਕਦਾ ਹੈ।

ਕਾਮਯਾਬ ਸਮਾਜਿਕ ਉੱਦਮ ਸਰਕਾਰ ਦੇ ਨੀਤੀ ਉਦੇਸ਼ਾਂ ਦੀ ਪ੍ਰਾਪਤੀ ਵਿਚ ਇਸ ਤਰ੍ਹਾਂ ਉੱਘੀ ਭੂਮਿਕਾ ਨਿਭਾਉਂਦੇ ਹਨ :

• ਉਤਪਾਦਨ ਤੇ ਪ੍ਰਤਿਯੋਗਤਾ ਵਧਾ ਕੇ। • ਸਮਾਵੇਸ਼ੀ ਸਮਾਜਿਕ ਪੂੰਜੀ ਉਤਪਤੀ ਵਿਚ ਵਾਧਾ ਕਰਕੇ। • ਵਿਅਕਤੀਆਂ ਅਤੇ ਸਮਾਜ ਵਲੋਂ ਸਥਾਨਕ ਪਾਸ ਗੁਆਂਢ ਦਾ ਨਵੀਨੀਕਰਨ ਕਰਕੇ। • ਜਨਤਕ ਸੇਵਾਵਾਂ ਦੇਣ ਦੇ ਨਵੇਂ ਤਰੀਕੇ ਈਜ਼ਾਦ ਕਰਕੇ। • ਇਕ ਸਮਾਵੇਸ਼ੀ ਸਮਾਜ ਅਤੇ ਚੁਸਤ ਦਰੁਸਤ ਨਾਗਰਿਕਤਾ ਦਾ ਵਿਕਾਸ ਕਰਕੇ।

ਭਾਰਤ ਨੇ ਆਪਣੀ ਵਿਸ਼ਾਲਤਾ ਕਾਰਨ, ਕਈ ਸਮਾਜਿਕ ਉੱਦਮ ਮਾਡਲ ਪੇਸ਼ ਕੀਤੇ ਹਨ। ਇਹ ਸਮੁੱਚੇ ਤੌਰ ਤੇ ਸਰਕਾਰੀ ਮਾਡਲਾਂ ਤੋਂ ਲੈ ਕੇ ਨਿੱਜੀ ਮਾਡਲਾਂ ਦੇ ਤੌਰ ਤੇ ਬਣਾਏ ਗਏ ਹਨ। ਭਾਵੇਂ ਇਸ ਖੇਤਰ ਵਿਚ ਕਈ ਨਾਂਮ ਅੱਗੇ ਆਏ ਹਨ ਪਰ ਹਾਲੇ ਵੀ ਰਾਸ਼ਟਰੀ ਪੱਧਰ 'ਤੇ ਦੇਸ਼ ਵਿਚ ਸਮਾਜਿਕ ਉੱਦਮਾਂ ਲਈ ਨੀਤੀ ਨਿਰਧਾਰਤ ਨਹੀਂ ਹੈ। ਭਾਰਤ ਵਲੋਂ ਪਿਛਲੇ ਦੋ ਦਹਾਕਿਆਂ ਵਿਚ ਸ਼ਾਨਦਾਰ ਸਮੁੱਚੇ ਘਰੇਲੂ ਉਤਪਾਦਨ ਦੀ ਵਿਕਾਸ ਦਰ ਹਾਸਲ ਕਰਨ ਦੇ ਬਾਵਜੂਦ, ਦੇਸ਼ ਦੀ 120 ਕਰੋੜ ਤੋਂ ਵੱਧ ਆਬਾਦੀ ਦਾ ਇਕ ਤਿਹਾਈ ਹਿੱਸਾ ਹਾਲੇ ਵੀ ਗਰੀਬੀ ਰੇਖਾ ਤੋਂ ਥੱਲੇ ਰਹਿ ਰਿਹਾ ਹੈ। ਇਸ ਤੋਂ ਇਲਾਵਾ, 5 ਸਾਲ ਤੋਂ ਘੱਟ ਉਮਰ ਦੇ 40 ਪ੍ਰਤਿਸ਼ਤ ਤੋਂ ਵੱਧ ਬੱਚਿਆਂ ਨੂੰ ਘੱਟ ਪੌਸ਼ਟਿਕ ਖੁਰਾਕ ਮਿਲਦੀ ਹੈ। ਵਿਸ਼ਵ ਸਿਹਤ ਸੰਸਥਾਨ ਦਾ ਕਹਿਣਾ ਹੈ ਕਿ ਲਗਭਗ 62 ਕਰੋੜ ਲੋਕ ਖੁੱਲ੍ਹੇ ਵਿਚ ਸ਼ੌਚ ਕਰਦੇ ਹਨ। ਇਸ ਲਈ ਇਨ੍ਹਾਂ ਮੁੱਦਿਆਂ ਵੱਲ ਸਮਾਜਿਕ ਟੀਚੇ ਮਿਥੇ ਨਿਵੇਸ਼ ਜਾਂ ਪ੍ਰਭਾਵਸ਼ਾਲੀ ਨਿਵੇਸ਼ ਰਾਹੀਂ ਧਿਆਨ ਦੇਣਾ ਇਕ ਵੱਡੀ ਚੁਨੌਤੀ ਹੈ।

ਸਮਾਜਿਕ ਉੱਦਮ ਭਾਰਤ ਦੇ ਸਮਾਵੇਸ਼ੀ ਵਿਕਾਸ ਦੇ ਏਜੰਡੇ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਪਰ ਦੂਸਰੇ ਬਹੁਤ ਸਾਰੇ ਦੇਸ਼ਾਂ ਵਾਂਗ ਇਸ ਖੇਤਰ ਨੂੰ ਭਾਰਤ ਵਿਚ ਸਰਕਾਰੀ ਤੌਰ ਤੇ ਜਾਂ ਕਾਨੂੰਨੀ ਤੌਰ ਤੇ ਮਾਨਤਾ ਪ੍ਰਾਪਤ ਨਹੀਂ ਹੈ ਹਾਲਾਂਕਿ ਇਹ ਗਰੀਬੀ ਵਿਰੁੱਧ ਲੜਾਈ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਚੁਨੌਤੀ ਇਹ ਵਿਆਖਿਆ ਕਰਨ ਦੀ ਹੈ ਕਿ ਸਮਾਜਿਕ ਉੱਦਮ ਕੀ ਹਨ? ਇਕ ਵਾਰੀ ਇਨ੍ਹਾਂ ਦੀ ਵਿਆਖਿਆ ਹੋ ਜਾਵੇ, ਠੋਸ ਨੀਤੀਆਂ ਬਣਾਈਆਂ ਜਾ ਸਕਦੀਆਂ ਹਨ ਜੋ ਅਜਿਹੇ ਵਪਾਰਕ ਅਦਾਰਿਆਂ ਨੂੰ ਵਿਚਾਰ ਤੋਂ ਅੱਗੇ ਵਧ ਕੇ ਨਵੀਆਂ ਕਾਢਾਂ ਕੱਢਣ ਦਾ ਰਸਤਾ ਸਾਫ਼ ਕਰ ਸਕਦੀਆਂ ਹਨ। ਇਸ ਵਿਚ ਪੂੰਜੀ ਨਿਵੇਸ਼, ਕਰਜ਼ੇ ਅਤੇ ਸ਼ੁਰੂਆਤ ਕਰਨ ਲਈ ਮਾਲੀ ਮਦਦ, ਪ੍ਰੇਰਕ ਜਿਵੇਂ ਕਿ ਕਰਾਂ ਤੋਂ ਕੁਝ ਮਿਆਦ ਲਈ ਛੋਟ ਅਤੇ ਭੂਮੀ, ਬਿਜਲੀ ਅਤੇ ਪਾਣੀ ਉਪਰ ਸਬਸਿਡੀ, ਸ਼ਾਮਿਲ ਹੈ। ਅੱਜਕੱਲ੍ਹ, ਬਹੁਤ ਸਾਰੇ ਸਮਾਜਿਕ ਉੱਦਮ ਆਪਣੇ ਸ਼ੁਰੂਆਤੀ ਦੌਰ ਲਈ ਵਿਦੇਸ਼ੀ ਨਿਵੇਸ਼ਕਾਂ ਤੋਂ ਫ਼ੰਡ ਪ੍ਰਾਪਤ ਕਰਦੇ ਹਨ। ਪਰ ਭਾਰਤ ਵਿਚ ਵੀ ਸਰਕਾਰ ਕੋਲ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਕੋਲ ਫ਼ੰਡਾਂ ਦੀ ਕਮੀ ਨਹੀਂ ਹੈ ਜੋ ਇਸ ਖੇਤਰ ਵਿਚ ਮਹੱਤਵਪੂਰਨ ਨਿਵੇਸ਼ਕ ਦੇ ਤੌਰ ਤੇ ਕੰਮ ਕਰ ਸਕਦੇ ਹਨ।

## ਸਿੱਟਾ

ਅੱਜ ਨੀਤੀ ਨਿਰਧਾਰਕਾਂ ਸਾਹਮਣੇ ਸਮਾਵੇਸ਼ ਦੀ ਧਾਰਨਾ ਵਿਚ ਬਦਲਣ ਦੀ ਚੁਨੌਤੀ ਹੈ। ਛੋਟੇ ਅਤੇ ਦਰਮਿਆਨੇ ਉੱਦਮ ਵਰਗ ਦੇ ਤੌਰ ਤੇ ਇਸ ਸੰਬਧ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ।

*(ਲੇਖਕ ਲਘੂ ਉੱਦਮਾਂ ਅਤੇ ਵਿਕਾਸ ਸੰਸਥਾਨ ਵਿਚ ਨਿਰਦੇਸ਼ਕ ਹੈ।)*

*e-mail :director@isedonline.org*

**ਯੋਜਨਾ (ਪੰਜਾਬੀ)**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : `100, ਦੋ ਸਾਲ : `180, ਤਿੰਨ ਸਾਲ : `250***

***ਸਾਰਕ ਦੇਸ਼ਾਂ ਲਈ ਸਾਲਾਨਾ `530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ `730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**

**(Advertisement & Circulation )**

**Publications Division, Ministry of Information and Broadcasting**

**Soochna Bhawan, Room No 48-53, C.G.O. Complex,**

**Lodhi Road, New Delhi-110003.**

*email-pdjucir@gmail.com*

# ਭਾਰਤ 'ਚ ਰੁਜ਼ਗਾਰ ਤੇ ਸਮਾਵੇਸ਼ੀ ਵਿਕਾਸ : ਉੱਭਰਦਾ ਨਮੂਨਾ ਅਤੇ ਪਰਿਪੇਖ

ਅਲਖ ਐੱਨ. ਸ਼ਰਮਾ

ਭਾਰਤ ਨੇ 1990 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਤੋਂ 2012 ਤਕ, ਤਿੰਨ ਦਹਾਕੇ ਜਾਂ ਉਸ ਦੇ ਆਸ-ਪਾਸ 6 ਪ੍ਰਤਿਸ਼ਤ ਤੋਂ ਵੱਧ ਸਾਲਾਨਾ ਦੀ ਉੱਚੀ ਵਿਕਾਸ ਦਰ ਹਾਸਲ ਕੀਤੀ। ਪਰ ਉਸ ਤੋਂ ਬਾਅਦ ਦੋ-ਦੋ ਸਾਲਾਂ ਵਿਚ ਅੰਤਰਰਾਸ਼ਟਰੀ ਅਤੇ ਘਰੇਲੂ ਕਾਰਨਾਂ ਕਾਰਨ ਵਿਕਾਸ ਦਰ ਅਤੇ ਬੱਚਤਾਂ ਅਤੇ ਪੂੰਜੀ ਨਿਵੇਸ਼ ਵਿਚ ਕਾਫ਼ੀ ਕਮੀ ਆਈ। ਹੁਣ ਇਹ ਮਹਿਸੂਸ ਹੋ ਰਿਹਾ ਹੈ ਕਿ ਅਰਥਚਾਰੇ ਵਿਚ ਸੁਧਾਰ ਹੋ ਰਿਹਾ ਹੈ ਅਤੇ ਵਿਕਾਸ ਦਰ ਵਿਚ ਵਾਧੇ ਦੇ ਸੰਕੇਤ ਹਨ। ਅਸਲ ਵਿਚ, ਰਾਸ਼ਟਰੀ ਲੇਖੇ-ਜੋਖੇ ਦਾ ਹਿਸਾਬ ਰੱਖਣ ਦੇ ਨਵੇਂ ਤਰੀਕੇ ਅਨੁਸਾਰ, ਭਾਰਤ ਲਗਭਗ 7 ਪ੍ਰਤਿਸ਼ਤ ਵਿਕਾਸ ਦਰ ਨਾਲ ਦੁਨੀਆਂ ਵਿਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਅਰਥਤੰਤਰ ਬਣ ਗਿਆ ਹੈ ਅਤੇ ਇਸ ਨੇ ਚੀਨ ਨੂੰ ਵੀ ਪਿਛੇ ਛੱਡ ਦਿਤਾ ਹੈ ਜਿਥੇ ਆਰਥਿਕ ਮੰਦੀ ਦਾ ਹਾਲ ਹੈ। 1980 ਦੇ ਦਹਾਕੇ ਵਿਚ 2.5 ਪ੍ਰਤਿਸ਼ਤ ਜਨਸੰਖਿਆ ਵਾਧੇ ਵਿਚ ਅੱਜ ਕਮੀ ਆ ਕੇ 1.5 ਪ੍ਰਤਿਸ਼ਤ ਰਹਿਣ ਨਾਲ ਦੇਸ਼ ਵਿਚ ਪ੍ਰਤਿ ਜੀਅ ਆਮਦਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸਿੱਟੇ ਵਜੋਂ, ਗਰੀਬੀ ਵਿਚ ਕਮੀ ਆਈ ਹੈ ਅਤੇ ਜੀਵਨ ਦੇ ਦੂਸਰੇ ਸੰਕੇਤਕਾਂ ਜਿਵੇਂ ਕਿ ਸਿੱਖਿਆ ਅਤੇ ਸਿਹਤ ਵਿਚ ਸੁਧਾਰ ਹੋਇਆ ਹੈ।

## ਰੁਜ਼ਗਾਰ ਦੀ ਅਸੰਗਠਿਤਾ – ਗਰੀਬੀ ਅਤੇ ਬੰਦਸ਼ਾਂ

ਭਾਰਤ ਦੁਨੀਆਂ ਦੇ ਉਨ੍ਹਾਂ ਦੇਸ਼ਾਂ ਵਿਚੋਂ ਇਕ ਹੈ ਜਿਥੇ ਕਿਰਤੀਆਂ ਦੀ ਜਮਾਤ ਦਾ ਇਕ ਵੱਡਾ ਹਿੱਸਾ ਅਸੰਗਠਿਤ ਖੇਤਰ ਵਿਚ ਲੱਗਿਆ ਹੋਇਆ ਹੈ। 2011-12 ਵਿਚ, ਸੰਗਠਿਤ ਖੇਤਰ ਵਿਚ ਕੁੱਲ ਕਿਰਤੀਆਂ ਦਾ ਸਿਰਫ਼ 18 ਪ੍ਰਤਿਸ਼ਤ ਹਿੱਸਾ ਨਿਯਮਤ ਸੇਵਾ ਵਿਚ ਸੀ ਜਿਸ ਵਿਚੋਂ 7.5 ਪ੍ਰਤਿਸ਼ਤ ਭਾਗ ਸਮਾਜਿਕ ਸੁਰੱਖਿਆ ਵਾਲੇ ਨਿਯਮਤ ਸੰਗਠਿਤ ਰੁਜ਼ਗਾਰ ਵਿਚ ਲੱਗਿਆ ਹੋਇਆ ਸੀ। ਪਿਛਲੇ ਕੁੱਝ ਸਾਲਾਂ ਵਿਚ, ਸੰਗਠਿਤ ਖੇਤਰ ਵਿਚ ਵੀ ਅਸੰਗਠਿਤ ਕਾਮਿਆਂ ਜਿਵੇਂ ਕਿ ਆਰਜ਼ੀ ਅਤੇ ਠੇਕੇ 'ਤੇ ਰੱਖੇ ਕਿਰਤੀਆਂ ਦੀ ਗਿਣਤੀ ਵਧ ਰਹੀ ਹੈ ਅਤੇ ਅੱਜ ਇਹ ਲਗਭਗ 58 ਪ੍ਰਤਿਸ਼ਤ ਹੋ ਗਈ ਹੈ। ਕਿਸੇ ਕਿਸਮ ਦੀ ਸਮਾਜਿਕ ਸੁਰੱਖਿਆ ਤੋਂ ਵਾਂਝੇ, ਇਨ੍ਹਾਂ ਅਸੰਗਠਿਤ ਖੇਤਰ ਦੇ ਵਧੇਰੇ ਕਾਮਿਆਂ ਦੀ ਆਮਦਨ ਬਹੁਤ ਘੱਟ ਹੈ ਅਤੇ ਇਨ੍ਹਾਂ ਦੀ ਕਿਰਤ ਉਤਪਾਦਕਤਾ ਵੀ ਘੱਟ ਹੈ। ਇਸ ਤਰ੍ਹਾਂ, ਭਾਵੇਂ ਗਰੀਬੀ ਦੇ ਹਾਲਾਤ ਵਿਚ ਕਮੀ ਆਈ ਹੈ ਪਰ ਫਿਰ ਵੀ ਇਹ ਅਜਿਹੀ ਉੱਚ ਪੱਧਰ 'ਤੇ ਹੈ ਜਿਸ ਨੂੰ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਭਾਰਤ ਕਿਰਤ ਅਤੇ ਰੁਜ਼ਗਾਰ ਰਿਪੋਰਟ 2014 (ਮਨੁੱਖੀ ਵਿਕਾਸ ਸਰੋਤ 2014) ਵਿਚ, ਇਕ ਅੰਦਾਜ਼ੇ ਅਨੁਸਾਰ, ਤਾਜ਼ਾ ਗਰੀਬੀ ਰੇਖਾ ਦੇ ਸਰਕਾਰੀ ਅੰਦਾਜ਼ੇ ਅਨੁਸਾਰ (ਲਗਭਗ 1.25 ਅਮਰੀਕੀ ਡਾਲਰ), ਇਕ ਚੌਥਾਈ ਭਾਰਤੀ ਕਾਮੇ ਗਰੀਬ ਹਨ। ਜੇ ਚਾਲੂ ਗਰੀਬੀ ਰੇਖਾ ਨੂੰ ਲਗਭਗ 2 ਡਾਲਰ ਦੇ ਮਿਆਰ 'ਤੇ ਰੱਖਿਆ ਜਾਵੇ ਤਾਂ ਲਗਭਗ 58 ਪ੍ਰਤਿਸ਼ਤ ਕਿਰਤੀ ਇਸ ਵਿਚ ਆ ਜਾਣਗੇ। ਦੂਜੇ ਪਾਸੇ, ਸਮੁੱਚੇ ਤੌਰ ਤੇ ਦੇਸ਼ ਵਿਚ ਖੁੱਲ੍ਹੀ ਸਥਾਈ ਰੁਜ਼ਗਾਰ ਦਰ ਸਿਰਫ਼ 3 ਪ੍ਰਤਿਸ਼ਤ ਹੈ ਅਤੇ ਜੇ ਦਿਹਾੜੀਦਾਰ ਵੀ ਸ਼ਾਮਿਲ ਕਰ ਲਏ ਜਾਣ ਤਾਂ ਇਹ ਦਰ ਸਿਰਫ਼ 6 ਪ੍ਰਤਿਸ਼ਤ ਦੇ ਲਗਭਗ ਪਹੁੰਚਦੀ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਰੁਜ਼ਗਾਰ ਤੋਂ ਵੱਧ ਅਸੰਗਠਿਤ ਰੁਜ਼ਗਾਰ ਵਿਚ ਲੱਗੇ ਵਧੇਰੇ ਕਾਮਿਆਂ ਦੀ ਆਮਦਨ ਬਹੁਤ ਘੱਟ ਹੈ ਜੋ ਸਮੱਸਿਆ ਦੀ ਜੜ੍ਹ ਹੈ।

ਕੁੱਝ ਹੋਰ ਚਿੰਤਾ ਦੇ ਮਹੱਤਵਪੂਰਨ ਵਿਸ਼ੇ ਵੀ ਹਨ ਜਿਨ੍ਹਾਂ ਤੋਂ ਇਹ ਸੰਕੇਤ ਮਿਲਦੇ ਹਨ ਕਿ ਭਾਰਤ ਵਿਚ ਉੱਚੀ ਵਿਕਾਸ ਦਰ ਸਮਾਵੇਸ਼ੀ ਨਹੀਂ ਹੈ। ਪਹਿਲਾ, ਸੰਗਠਿਤ ਖੇਤਰ ਵਿਚ ਰੁਜ਼ਗਾਰ ਦਾ ਕੁਝ ਖੇਤਰਾਂ ਵਿਚ ਕੇਂਦਰਿਤ ਹੋਣਾ। ਦੇਸ਼ ਦੇ ਕੇਂਦਰੀ ਅਤੇ ਪੂਰਬੀ ਖੇਤਰ ਜਿਥੇ ਜਨਜਾਤੀ ਕਬੀਲੇ ਅਤੇ ਹੋਰ ਕਮਜ਼ੋਰ ਵਰਗਾਂ ਦੀ ਆਬਾਦੀ ਵਧੇਰੇ ਕੇਂਦਰਿਤ ਹੈ ਅਤੇ ਕੁੱਲ ਆਬਾਦੀ ਦਾ ਲਗਭਗ 48 ਪ੍ਰਤਿਸ਼ਤ ਹਿੱਸਾ ਹੈ, ਉਨ੍ਹਾਂ ਦੇ ਹਿੱਸੇ ਦੇਸ਼ ਵਿਚ ਕੁੱਲ ਸੰਗਠਿਤ ਨਿੱਜੀ ਖੇਤਰ ਦੀਆਂ ਨੌਕਰੀਆਂ ਦਾ 27 ਪ੍ਰਤਿਸ਼ਤ ਹਿੱਸਾ ਹੀ ਆਉਂਦਾ ਹੈ। ਦੂਜੇ ਪਾਸੇ, ਦੱਖਣੀ, ਪੱਛਮੀ ਅਤੇ ਉੱਤਰੀ ਖੇਤਰ ਜਿਥੇ ਦੇਸ਼ ਦੀ ਕੁੱਲ ਆਬਾਦੀ ਦਾ 49 ਪ੍ਰਤਿਸ਼ਤ ਹਿੱਸਾ ਵਸਦਾ ਹੈ, ਨਿੱਜੀ ਨੌਕਰੀਆਂ ਦਾ ਲਗਭਗ ਤਿੰਨ ਚੌਥਾਈ ਹਿੱਸਾ ਲੈ ਜਾਂਦੇ ਹਨ। ਇਸ ਤਰ੍ਹਾਂ ਉੱਚੀ ਵਿਕਾਸ ਵਿਚ ਖੇਤਰੀ ਵੰਚਿਤਤਾ ਅਸਲੀ ਚਿੰਤਾ ਦਾ ਕਾਰਨ ਹੈ।

**ਔਰਤਾਂ ਨੂੰ ਰੁਜ਼ਗਾਰ ਵਿਚ ਅਸਮਾਨਤਾ ਅਤੇ ਕਿਰਤੀਆਂ ਦੀ ਮੰਡੀ ਵਿਚ ਭੇਦਭਾਵ ਇਕ ਹੋਰ ਚੁਨੌਤੀ ਖੜ੍ਹੀ ਕਰਦੀ ਹੈ। ਔਰਤ ਕਾਮਿਆਂ ਦਾ ਬਹੁਤ ਵੱਡਾ ਹਿੱਸਾ ਆਪਣੇ ਪੁਰਸ਼ ਵਰਗ ਨਾਲੋਂ ਘੱਟ ਉਤਪਾਦਕਤਾ ਅਤੇ ਘੱਟ ਉਜਰਤ ਵਾਲੀਆਂ ਸਰਗਰਮੀਆਂ ਵਿਚ ਲੱਗਾ ਹੋਇਆ ਹੈ। ਸਿੱਖਿਆ ਦਾਖ਼ਲਿਆਂ ਨੂੰ ਦੇਖਦਿਆਂ ਅਤੇ ਵਧ ਰਹੀ ਆਮਦਨ ਕਾਰਨ ਹੋ ਰਹੇ ਬਦਲਵੇਂ ਅਸਰਾਂ ਸਦਕਾ ਔਰਤਾਂ ਦਾ ਨੌਕਰੀਆਂ ਵਿਚ ਸ਼ਾਮਿਲ ਹੋਣਾ ਘਟਣ ਦਾ ਇਕ ਮੁੱਖ ਕਾਰਨ ਉਨ੍ਹਾਂ ਲਈ ਢੁਕਵੀਆਂ ਨੌਕਰੀਆਂ ਦੇ ਮੌਕਿਆਂ ਦੀ ਘਾਟ ਹੈ।**

ਸਿੱਖਿਆ ਦਾਖ਼ਲਿਆਂ ਵਿਚ ਵਾਧੇ ਦੇ

ਚਲਦਿਆਂ, ਆਉਣ ਵਾਲੇ ਸਾਲਾਂ ਵਿਚ ਪੜ੍ਹੀਆਂ-ਲਿਖੀਆਂ ਔਰਤਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋ ਜਾਵੇਗਾ। ਦੇਸ਼ ਵਿਚ, ਪੜ੍ਹੀਆਂ-ਲਿਖੀਆਂ ਨੌਜਵਾਨ ਮੁਟਿਆਰਾਂ ਦੀ ਬੇਰੁਜ਼ਗਾਰੀ ਦਰ 23 ਪ੍ਰਤਿਸ਼ਤ ਹੈ ਜੋ ਉਨ੍ਹਾਂ ਦੇ ਬਰਾਬਰ ਦੇ ਪੁਰਸ਼ ਵਰਗ ਦੀ ਦਰ ਨਾਲੋਂ ਦੁੱਗਣੀ ਹੈ। ਇਸ ਤਰ੍ਹਾਂ, ਵਧ ਰਹੇ ਨੌਜਵਾਨ ਤਬਕੇ ਲਈ ਢੁਕਵੀਆਂ ਨੌਕਰੀਆਂ ਦੇ ਮੌਕੇ ਪੈਦਾ ਕਰਨਾ ਇਕ ਵੱਡੀ ਚੁਨੌਤੀ ਹੈ ਜੋ ਔਰਤਾਂ ਲਈ ਦੇਸ਼ ਵਿਚ ਹੋਰ ਵੀ ਔਖਿਆਈ ਵਾਲਾ ਹੈ ਜੋ ਬਹੁਤੇ ਪੁਰਸ਼ਾਂ ਦੀ ਤਰ੍ਹਾਂ ਇਕ ਸਥਾਨ ਤੋਂ ਦੂਸਰੇ ਸਥਾਨ 'ਤੇ ਨੌਕਰੀਆਂ ਦੀ ਤਲਾਸ਼ ਵਿਚ ਸਮਾਜ ਦੇ ਪਿਤਾ-ਮੁਖੀ ਹੋਣ ਕਾਰਨ ਆ ਜਾ ਨਹੀਂ ਸਕਦੀਆਂ।

## ਸਮੱਸਿਆਵਾਂ ਨਾਲ ਸਿੱਝਣਾ

ਇਸ ਤਰ੍ਹਾਂ, ਭਾਰਤ ਭਾਵੇਂ ਘੋਰ ਗਰੀਬੀ ਉਪਰ ਬਹੁਤ ਕਾਬੂ ਪਾਉਣ ਵਿਚ ਕਾਮਯਾਬ ਰਿਹਾ ਹੈ ਜੋ ਹੁਣ ਸਿਰਫ਼ ਨਾਂ ਮਾਤਰ ਹੀ ਰਹਿ ਗਈ ਹੈ ਪਰ ਇਹ ਉੱਤਮ ਕਿਸਮ ਦਾ ਰੁਜ਼ਗਾਰ ਪੈਦਾ ਕਰਨ ਵਿਚ ਕਾਫ਼ੀ ਸਫਲ ਨਹੀਂ ਹੋ ਸਕਿਆ। ਰੁਜ਼ਗਾਰ ਮੁਖੀ ਸਮਾਵੇਸ਼ੀ ਵਿਕਾਸ ਲਈ ਢੁਕਵੀਆਂ ਨੀਤੀਆਂ ਬਣਾਉਣ ਦੀ ਚੁਨੌਤੀ ਦਾ ਸਾਹਮਣਾ ਕਰਨਾ ਬੇਸ਼ਕ ਦੇਸ਼ ਸਾਹਮਣੇ ਬਹੁਤ ਵੱਡੀ ਚੁਨੌਤੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬੇ-ਰੁਜ਼ਗਾਰੀ, ਘੱਟ ਰੁਜ਼ਗਾਰ ਅਤੇ ਗਰੀਬੀ ਵਿਰੁੱਧ ਲੜਨ ਲਈ ਨਿਰੰਤਰ ਵਿਕਾਸ ਦੀ ਲੋੜ ਹੈ। ਪਰ ਇਸ ਦੇ ਨਾਲ-ਨਾਲ, ਇਹ ਕਾਫੀ ਨਹੀਂ ਹੈ। ਇਸ ਸੰਬੰਧ ਵਿਚ ਵਿਕਾਸ ਪ੍ਰਕਿਰਿਆ ਨੂੰ ਨਵੀਂ ਦਿਸ਼ਾ ਦੇਣਾ ਅਤੇ ਮੁੜ ਤੋਂ ਢਾਂਚਾਗਤ ਕਰਨਾ ਵਧੇਰੇ ਮਹੱਤਵਪੂਰਨ ਹੈ। ਢੁਕਵੀਂ ਲੰਮੀ ਮਿਆਦ ਦੀ ਆਰਥਿਕ ਨੀਤੀ ਵਿੱਤੀ ਅਤੇ ਮਾਲੀ ਨੀਤੀ ਨਾਲ ਮਿਲ ਕੇ ਇਸ ਸੰਬੰਧ ਵਿਚ ਇਕ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੀ ਹੈ। ਦੇਸ਼ ਦੀ ਲੰਮੇ ਸਮੇਂ ਦੀ ਆਰਥਿਕ ਨੀਤੀ ਅਤੇ ਮਾਲੀ ਨੀਤੀ ਵਿਚ ਰੁਜ਼ਗਾਰ ਦੇ ਟੀਚੇ ਸ਼ਾਮਿਲ ਕਰਨੇ ਚਾਹੀਦੇ ਹਨ। ਇਸੇ ਤਰ੍ਹਾਂ, ਇਨ੍ਹਾਂ ਨੀਤੀਆਂ ਵਿਚ ਪਿਛੜੇ ਖੇਤਰਾਂ ਲਈ ਢੁਕਵਾਂ ਨਿਵੇਸ਼ ਅਤੇ ਹੋਰ ਪ੍ਰੇਰਕ ਕਾਰਗੁਜ਼ਾਰੀ ਉਪਰ ਜ਼ੋਰ ਹੋਣਾ ਚਾਹੀਦਾ ਹੈ। ਇਹ ਉਮੀਦ ਕਰਨਾ ਕਿ ਮੰਡੀ ਉਪਰ ਆਧਾਰਿਤ ਪ੍ਰਕਿਰਿਆ ਇਸ ਗ਼ੈਰ ਸਾਵੇਂਪਨ ਨੂੰ ਦੂਰ ਕਰ ਦੇਵੇਗੀ, ਬਹੁਤ ਸਾਦਾ ਜਿਹੀ ਸੋਚ ਹੋਵੇਗੀ। ਇਸ ਲਈ ਮਜ਼ਬੂਤ ਅਤੇ ਢੁਕਵੀਆਂ ਲੰਮੇ ਸਮੇਂ ਦੀਆਂ ਆਰਥਿਕ ਨੀਤੀਆਂ ਰਾਹੀਂ ਚੁਸਤ ਦਰੁਸਤ ਸਰਕਾਰੀ ਦਖ਼ਲਅੰਦਾਜ਼ੀ ਬਹੁਤ ਜ਼ਰੂਰੀ ਹੈ। ਦੇਸ਼ ਵਿਚ ਸਿੱਖਿਆ ਅਤੇ ਹੁਨਰ ਦੀ ਘੱਟ ਪੱਧਰ ਅਤੇ ਘਟੀਆ ਕਿਸਮ ਕਿਰਤੀਆਂ ਦੀ ਘੱਟ ਆਮਦਨ ਅਤੇ ਘੱਟ ਉਤਪਾਦਕਤਾ ਦਾ ਮੁੱਖ ਕਾਰਨ ਹੈ। ਇਸ ਲਈ, ਸਰਕਾਰ ਵਲੋਂ ਮਾਨਵੀ ਪੂੰਜੀ ਪੈਦਾ ਕਰਨ ਲਈ ਵੱਡੇ ਪੱਧਰ 'ਤੇ ਨਿਵੇਸ਼, ਖ਼ਾਸ ਤੌਰ ਤੇ ਸਿੱਖਿਆ, ਮਹਾਰਤਾਂ ਅਤੇ ਸਿਹਤ ਖੇਤਰਾਂ ਵਿਚ ਬਹੁਤ ਮਹੱਤਵਪੂਰਨ ਹੈ। ਪਿਛੜੇ ਖੇਤਰ, ਉਨ੍ਹਾਂ ਦੇ ਮੁਕਾਬਲੇ ਅਗਾਂਹ ਵਧੂ ਰਾਜਾਂ ਨਾਲੋਂ ਭੌਤਿਕ ਬੁਨਿਆਦੀ ਢਾਂਚੇ ਵਿਚ ਬਹੁਤ ਪਿਛੇ ਰਹਿ ਗਏ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਵਿਕਾਸ ਪ੍ਰਕਿਰਿਆ ਨੂੰ ਨਵੀਂ ਦਿਸ਼ਾ ਦਿਤੀ ਜਾਵੇ ਤਾਂ ਕਿ ਲਾਭ ਵਿਹੂਣੇ ਸਮੂਹਾਂ ਅਤੇ ਖੇਤਰਾਂ ਵਲ ਉਚੇਚਾ ਧਿਆਨ ਦਿਤਾ ਜਾ ਸਕੇ ਅਤੇ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ। ਇਹ ਨਾ ਸਿਰਫ਼ ਵੰਚਿਤਤਾ ਉਪਰ ਕਾਬੂ ਪਾਉਣ ਲਈ ਅਤੇ ਨੌਕਰੀਆਂ ਪੈਦਾ ਕਰਨ ਲਈ ਮਹੱਤਵਪੂਰਨ ਹੈ ਸਗੋਂ ਵਿਕਾਸ ਦੀ ਨਿਰੰਤਰਤਾ ਬਣਾ ਕੇ ਰੱਖਣ ਲਈ ਵੀ ਜ਼ਰੂਰੀ ਹੈ।

## ਵਿਸ਼ੇਸ਼ ਰੁਜ਼ਗਾਰ ਪ੍ਰੋਗਰਾਮਾਂ ਦੀ ਭੂਮਿਕਾ

1970 ਦੇ ਦਹਾਕੇ ਤੋਂ ਅੱਧ ਤੋਂ, ਭਾਰਤ ਕਮਜ਼ੋਰ ਵਰਗਾਂ ਦੀ ਸਹਾਇਤਾ ਲਈ ਜੋ ਵਿਕਾਸ ਪ੍ਰਕਿਰਿਆ ਵਿਚ ਪਿੱਛੇ ਰਹਿ ਗਏ ਹਨ, ਸਮੇਂ-ਸਮੇਂ ਨੌਕਰੀਆਂ ਪੈਦਾ ਕਰਨ ਅਤੇ ਗਰੀਬੀ ਹਟਾਉਣ ਦੇ ਪ੍ਰੋਗਰਾਮ ਸ਼ੁਰੂ ਕਰ ਕੇ ਉਨ੍ਹਾਂ ਉਪਰ ਆਧਾਰਿਤ ਰਿਹਾ ਹੈ। ਇਹ ਟੀਚਾ ਮਿਥੇ ਪ੍ਰੋਗਰਾਮ ਦੋ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ : ਸਵੈ-ਰੁਜ਼ਗਾਰ ਪ੍ਰੋਗਰਾਮ ਅਤੇ ਉਜਰਤ ਵਾਲੇ ਰੁਜ਼ਗਾਰ ਪ੍ਰੋਗਰਾਮ।

***ਸਵੈ-ਰੁਜ਼ਗਾਰ ਪ੍ਰੋਗਰਾਮ :*** 1999 ਵਿਚ ਸਭ ਪੇਂਡੂ ਸਵੈ-ਰੁਜ਼ਗਾਰ ਪ੍ਰੋਗਰਾਮਾਂ ਨੂੰ ਸ਼ਾਮਿਲ ਕਰਕੇ ਸਵਰਨ ਜਯੰਤੀ ਸਵੈ-ਰੁਜ਼ਗਾਰ ਯੋਜਨਾ (ਐੱਸ ਜੀ ਵਾਈ ਐੱਸ) ਚਲਾਇਆ ਗਿਆ। ਇਸ ਪ੍ਰੋਗਰਾਮ ਦਾ ਜ਼ੋਰ, ਆਮਦਨ ਪੈਦਾ ਕਰਨ ਵਾਲੇ ਵਸੀਲੇ, ਬੈਂਕ ਕਰਜ਼ਿਆਂ ਅਤੇ ਸਰਕਾਰੀ ਸਬਸਿਡੀ ਰਾਹੀਂ ਲਘੂ ਉੱਦਮ ਵਿਕਾਸ ਉਪਰ ਸੀ। ਇਸ ਵਿਚ ਸਵੈ-ਸੇਵੀ ਸਮੂਹਾਂ ਅਤੇ ਉਨ੍ਹਾਂ ਦੇ ਸਮਰਥਾ ਵਿਕਾਸ ਰਾਹੀਂ ਸਮਾਜਿਕ ਲਾਮਬੰਦੀ ਉਪਰ ਵਧੇਰੇ ਜ਼ੋਰ ਦਿਤਾ ਗਿਆ। ਇਸ ਵਿਚ ਹੋਰ ਵੀ ਕਈ ਪੱਖ ਸ਼ਾਮਿਲ ਕੀਤੇ ਗਏ ਜਿਵੇਂ ਕਿ ਕਾਰਗੁਜ਼ਾਰੀ ਸਮੂਹਾਂ ਦੀ ਯੋਜਨਾਬੰਦੀ, ਬੁਨਿਆਦੀ ਢਾਂਚਾ ਅਤੇ ਤਕਨਾਲੋਜੀ ਵਿਕਾਸ, ਸਿਖਲਾਈ ਅਤੇ ਮੰਡੀਕਰਨ ਅਤੇ ਕਮਜ਼ੋਰ ਵਰਗਾਂ ਉਪਰ ਵਧੇਰੇ ਜ਼ੋਰ।

ਸਵਰਨ ਜਯੰਤੀ ਸਵੈ-ਰੁਜ਼ਗਾਰ ਯੋਜਨਾ ਤਹਿਤ ਸਵੈ-ਰੁਜ਼ਗਾਰ ਪ੍ਰੋਗਰਾਮਾਂ ਦੇ ਲਾਗੂ ਕਰਨ ਤੋਂ ਪਤਾ ਲਗਦਾ ਹੈ ਕਿ ਗਰੀਬ ਘਰ-ਪਰਿਵਾਰਾਂ, ਜਿਨ੍ਹਾਂ ਕੋਲ ਸਿੱਖਿਆ ਦੇ ਨਾਂ ਬਰਾਬਰ ਜਾਂ ਘੱਟ ਮਿਆਰ ਹਨ, ਬਹੁਤ ਥੋੜ੍ਹੀ ਜਾਇਦਾਦ ਅਤੇ ਘੱਟ ਉਜਰਤ ਵਾਲੇ ਮੌਸਮੀ ਰੁਜ਼ਗਾਰ ਉਪਰ ਨਿਰਭਰਤਾ, ਸਵੈ-ਰੁਜ਼ਗਾਰ ਵਲ ਵਧਣ ਵਲ ਇਕ ਵੱਡੀ ਰੁਕਾਵਟ ਹੈ ਨਾ ਸਿਰਫ਼ ਲੋੜੀਂਦੇ ਵਿੱਤੀ ਸਰੋਤ ਸਗੋਂ ਹੁਨਰ ਅਤੇ ਸਮਰਥਾ ਅਤੇ ਨਿਰੰਤਰ ਸੰਸਥਾਗਤ ਮਦਦ ਦੀ ਵੀ ਘਾਟ ਹੈ।

ਸਵਰਨ ਜਯੰਤੀ ਸਵੈ-ਰੁਜ਼ਗਾਰ ਯੋਜਨਾ ਦੀਆਂ ਕਮੀਆਂ ਤੋਂ ਸਬਕ ਲੈਂਦੇ ਹੋਏ, ਸਰਕਾਰ ਨੇ ਇਸ ਪ੍ਰੋਗਰਾਮ ਨੂੰ ਮੁੜ ਤੋਂ ਢਾਂਚਾਗਤ ਕਰ ਕੇ ਰਾਸ਼ਟਰੀ ਪੇਂਡੂ ਆਜੀਵਕਾ ਮਿਸ਼ਨ, ਜੋ ਹੁਣ 'ਆਜੀਵਿਕਾ' ਦੇ ਨਾਮ ਨਾਲ ਜਾਣਿਆ ਜਾਂਦਾ ਹੈ, 2011 ਵਿਚ ਰਸਮੀ ਤੌਰ ਤੇ ਲਾਗੂ ਕੀਤਾ (ਪੇਂਡੂ ਵਿਕਾਸ ਮੰਤਰਾਲਾ, 2012)।

ਆਜੀਵਿਕਾ, ਗਰੀਬਾਂ ਦੇ ਮਜ਼ਬੂਤ ਸੰਸਥਾਨਾਂ ਨੂੰ ਸਵੈ-ਸੇਵੀ ਸਮੂਹ ਬਣਾਉਣ ਉਪਰ ਜ਼ੋਰ ਦਿੰਦਾ ਹੈ। ਇਹ ਉਨ੍ਹਾਂ ਸਮੂਹਾਂ ਦੀਆਂ ਪਿੰਡ, ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰ ਉਪਰ ਫੈਡਰੇਸ਼ਨਾਂ ਅਤੇ ਰੋਜ਼ੀ-ਰੋਟੀ ਦੇ ਸਾਂਝੇ ਸਰੋਤ ਬਣਾਉਣਾ ਹੈ। ਇਸ ਦਾ ਉਦੇਸ਼, ਹਾਸ਼ੀਏ 'ਤੇ ਪਏ ਲੋਕਾਂ ਨੂੰ ਸ਼ਾਮਿਲ ਕਰ ਕੇ, ਉਨ੍ਹਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਉਤਸਾਹਤ ਕਰਨਾ ਹੈ। ਸਰਕਾਰ ਨੇ ਅਗਸਤ 2008 ਵਿਚ ਇਕ ਕਰਜ਼ੇ ਨਾਲ ਜੁੜੀ ਕੇਂਦਰੀ ਸਕੀਮ, ਪ੍ਰਧਾਨ ਮੰਤਰੀ ਰੁਜ਼ਗਾਰ ਉਪਜਾਊ ਪ੍ਰੋਗਰਾਮ (ਪੀ ਐਮ ਈ ਜੀ ਪੀ) ਪੇਂਡੂ ਅਤੇ ਸ਼ਹਿਰੀ ਦੋਹਾਂ ਵਿਚ ਸਵੈ-ਰੁਜ਼ਗਾਰ ਮੌਕੇ ਪੈਦਾ ਕਰਨ ਲਈ ਚਲਾਈ। ਇਸ ਸਵੈ-ਰੁਜ਼ਗਾਰ ਸਕੀਮ ਦਾ ਉੱਦਮੀਕਰਨ ਵਿਕਾਸ ਇਕ ਮਹੱਤਵਪੂਰਨ ਅੰਗ ਹੈ। ਇਸ ਦੇ ਮੁੱਲੰਕਣ ਤੋਂ ਪਤਾ ਲਗਦਾ ਹੈ ਕਿ ਇਸ ਸਕੀਮ ਲਈ ਕਰਜ਼ੇ ਲਈ ਮੰਗ ਅਤੇ ਪੂਰਤੀ ਵਿਚ ਇਕ ਵੱਡਾ ਅੰਤਰ ਹੈ।

ਸਮੁੱਚੇ ਤੌਰ ਤੇ ਸਵੈ-ਰੁਜ਼ਗਾਰ ਪ੍ਰੋਗਰਾਮਾਂ

ਦਾ ਆਜੀਵਿਕਾ ਅਤੇ ਰੁਜ਼ਗਾਰ ਉਪਰ ਬਹੁਤ ਘੱਟ ਅਸਰ ਹੋਇਆ ਅਤੇ ਉਨ੍ਹਾਂ ਲੋਕਾਂ ਦੀ ਸਮੁੱਚੀ ਲੋੜ ਦੇ ਮੁਕਾਬਲੇ ਜੋ ਇਸ ਤਹਿਤ ਮਦਦ ਚਾਹੁੰਦੇ ਸਨ, ਖਰਚਾ ਬਹੁਤ ਘੱਟ ਹੋਇਆ। ਇਸ ਤੋਂ ਇਲਾਵਾ, ਪ੍ਰਤਿ ਲਾਭਪਾਤਰ ਦੀ ਬਨਿਸਬਤ, ਪ੍ਰਧਾਨ ਮੰਤਰੀ ਰੁਜ਼ਗਾਰ ਉਪਜਾਊ ਪ੍ਰੋਗਰਾਮ ਨੂੰ ਛੱਡ ਕੇ, ਰਕਮ ਵੀ ਬਹੁਤ ਘੱਟ ਉਪਲਬਧ ਰਹੀ। ਇਨ੍ਹਾਂ ਪ੍ਰੋਗਰਾਮਾਂ ਦੇ ਨਿਕੰਮੇਪਨ ਦਾ ਇਕ ਹੋਰ ਕਾਰਨ ਜਿਸ ਦਾ ਅਕਸਰ ਜ਼ਿਕਰ ਕੀਤਾ ਜਾਂਦਾ ਹੈ, ਉਹ ਹੈ ਬੈਂਕਾਂ ਅਤੇ ਸਰਕਾਰੀ ਮਸ਼ੀਨਰੀ ਦੀ ਲਾਲ ਫੀਤਾਸ਼ਾਹੀ ਜਿਥੇ ਵੀ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰ ਲਿਆ ਗਿਆ ਹੈ, ਨਤੀਜੇ ਚੰਗੇ ਰਹੇ ਹਨ ਜਿਵੇਂ ਕਿ ਕੇਰਲ ਦੇ ਕੁੰਦੁੰਬਸ਼੍ਰੀ ਪ੍ਰੋਗਰਾਮ ਅਤੇ ਆਂਧਰ ਪ੍ਰਦੇਸ਼ ਦੇ ਸਵੈ-ਸੇਵੀ ਸਮੂਹ।

***ਉਜਰਤ ਵਾਲੇ ਪ੍ਰੋਗਰਾਮ :*** 2005 ਵਿਚ, ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਕਾਨੂੰਨ (ਮਨਰੇਗਾ) ਦੇ ਹੋਂਦ ਵਿਚ ਆਉਣ ਨਾਲ ਪੇਂਡੂ ਉਜਰਤ ਵਾਲੇ ਰੁਜ਼ਗਾਰ ਪ੍ਰੋਗਰਾਮ ਵਿਚ ਇਕ ਪ੍ਰੋਗਰਾਮ ਦੇ ਤੌਰ ਤੇ ਬਹੁਤ ਤਬਦੀਲੀ ਆਈ। ਇਸ ਤਹਿਤ, ਦੇਸ਼ ਦੇ ਹਰ ਪੇਂਡੂ ਖੇਤਰ ਵਿਚ ਸੰਵਿਧਾਨਕ ਤੌਰ ਤੇ ਮਿਥੀ ਘੱਟੋ-ਘੱਟ ਉਜਰਤ ਤੇ ਕਾਨੂੰਨੀ ਤੌਰ ਤੇ ਤਸਦੀਕਸ਼ੁਦਾ ਮਦਾਂ ਅਨੁਸਾਰ, ਮੰਗ ਆਧਾਰਿਤ 100 ਦਿਨਾਂ ਦਾ ਉਜਰਤ ਵਾਲਾ ਰੁਜ਼ਗਾਰ ਮੁਹੱਈਆ ਕੀਤਾ ਜਾਂਦਾ ਹੈ। ਇਸ ਦਾ ਉਦੇਸ਼ ਪੇਂਡੂ ਗਰੀਬਾਂ ਲਈ ਪਾਇਦਾਰ ਜਾਇਦਾਦ ਅਤੇ ਪੇਂਡੂ ਆਜੀਵਿਕਾ ਸਰੋਤ ਆਧਾਰ ਨੂੰ ਮਜ਼ਬੂਤ ਕਰਨਾ ਵੀ ਹੈ। ਇਸ ਤੱਥ ਨੂੰ ਕਿ ਪੰਚਾਇਤੀ ਰਾਜ ਸੰਸਥਾਨਾਂ ਵਲੋਂ ਇਸ ਸਕੀਮ ਨੂੰ ਚਲਾਇਆ ਜਾਂਦਾ ਹੈ, ਪੰਚਾਇਤਾਂ ਅਤੇ ਸਥਾਨਕ ਸਮਾਜ ਨੂੰ ਸ਼ਕਤੀਕਰਨ ਦਾ ਇਕ ਵੱਡਾ ਕਦਮ ਕਰ ਕੇ ਦੇਖਿਆ ਜਾਂਦਾ ਹੈ। ਇਸ ਤੋਂ ਇਲਾਵਾ, ਇਹ ਤੱਥ ਕਿ ਇਹ ਸਕੀਮ ਪੇਂਡੂ ਆਬਾਦੀ ਦੇ ਇਕ ਵੱਡੇ ਹਿੱਸੇ ਨੂੰ ਉਨ੍ਹਾਂ ਦੇ ਰੁਜ਼ਗਾਰ ਦੇ ਅਧਿਕਾਰ ਦੀ ਪ੍ਰਾਪਤ ਲਈ ਸੰਗਠਿਤ ਤਰੀਕੇ ਲਾਮਬੰਦ ਕਰਦਾ ਹੈ, ਨੂੰ ਕਮਜ਼ੋਰ ਵਰਗਾਂ, ਜਿਵੇਂ ਕਿ ਦਲਿਤ ਅਤੇ ਔਰਤਾਂ ਦੇ ਸਮਾਜਿਕ ਅਤੇ ਆਰਥਿਕ ਸ਼ਕਤੀਕਰਨ ਲਈ ਇਕ ਵੱਡੇ ਮੌਕੇ ਦੇ ਤੌਰ ਤੇ ਦੇਖਿਆ ਜਾਂਦਾ ਹੈ। ਇਸ ਸਕੀਮ ਦੇ ਕਈ ਮੁੱਲੰਕਣ ਅਧਿਐਨਾਂ ਤੋਂ ਪਤਾ ਲਗਦਾ ਹੈ ਕਿ ਇਸ ਨੇ ਪੇਂਡੂ ਘਰ-ਪਰਿਵਾਰਾਂ ਦੀ ਉਜਰਤ ਆਮਦਨੀ ਵਿਚ ਬਹੁਤ ਵਾਧਾ ਕੀਤਾ ਹੈ ਅਤੇ ਤੰਗੀ ਕਾਰਨ ਪਲਾਇਨ ਵਿਚ ਕਮੀ ਲਿਆਂਦੀ ਹੈ। ਸਵੈ-ਇੱਛਤ ਹੋਣ ਦੇ ਪ੍ਰੋਗਰਾਮ ਕਾਰਨ, ਮਨਰੇਗਾ, ਭੂਮੀਹੀਣ ਮਜ਼ਦੂਰਾਂ, ਛੋਟੇ ਅਤੇ ਹਾਸ਼ੀਏ 'ਤੇ ਪਏ ਕਿਸਾਨਾਂ ਅਤੇ ਪੱਟੀਦਰਜ ਜਾਤੀਆਂ ਅਤੇ ਪੱਟੀਦਰਜ ਕਬੀਲਿਆਂ ਦੀ ਆਬਾਦੀ ਸਮੇਤ, ਕਿਰਤੀਆਂ ਦੇ ਇਕ ਵੱਡੇ ਵਰਗ ਤਕ ਪਹੁੰਚ ਰਿਹਾ ਹੈ। ਇਹ ਉਹ ਸਮੂਹ ਹਨ ਜੋ ਗਰੀਬੀ ਅਤੇ ਬਰਤਰਫੀ ਦੇ ਸਭ ਤੋਂ ਵੱਧ ਸ਼ਿਕਾਰ ਹੁੰਦੇ ਹਨ ਅਤੇ ਉਨ੍ਹਾਂ ਦੀ ਸ਼ਮੂਲੀਅਤ ਨਾਲ ਉਨ੍ਹਾਂ ਦਾ ਆਮਦਨ ਅਤੇ ਰਹਿਣ-ਬਹਿਣ ਦੇ ਢੰਗ ਵਿਚ ਸੁਧਾਰ ਹੋਇਆ ਹੈ (ਸ਼ਰਮਾ 2013)।

ਹਾਲਾਂ ਕਿ ਖੇਤਰੀ ਭਿੰਨਤਾਵਾਂ ਹਨ ਪਰ ਸਮੁੱਚੇ ਤੌਰ ਤੇ ਮਨਰੇਗਾ ਤਹਿਤ ਕੰਮ ਦੀ ਬੜੀ ਮੰਗ ਹੈ। ਕਿਰਤੀ ਆਮ ਤੌਰ ਤੇ ਸਕੀਮ ਤਹਿਤ ਮਿਥੇ 100 ਦਿਨ ਦੇ ਰੁਜ਼ਗਾਰ ਤੋਂ ਅਕਸਰ ਵਧੇਰੇ ਕੰਮ ਮੰਗਦੇ ਹਨ ਅਤੇ ਸਥਾਨਕ ਸਰਕਾਰੀ ਮਸ਼ੀਨਰੀ, ਤਕਨਾਲੋਜੀ ਅਤੇ ਪ੍ਰਬੰਧਕੀ ਘਾਟ ਸਮੇਤ ਵੱਖ-ਵੱਖ ਕਾਰਨਾਂ ਕਰਕੇ ਕੰਮ ਦੇਣ ਵਿਚ ਪਿਛੇ ਰਹਿੰਦੀ ਦਿਖਾਈ ਦਿੰਦੀ ਹੈ। ਪਰ ਕਾਮੇ ਰੁਜ਼ਗਾਰ ਵਿਚ ਨੇਮਬੱਧਤਾ, ਨਿਰੰਤਰਤਾ ਅਤੇ ਨਿਸ਼ਚਿਤਤਾ ਚਾਹੁੰਦੇ ਹਨ। ਆਂਧਰ ਪ੍ਰਦੇਸ਼ ਜਿਹੇ ਰਾਜਾਂ ਵਿਚ ਜਿਥੇ ਜਿਥੇ ਕੰਮ ਦੀ ਨੇਮਬੱਧਤਾ ਅਤੇ ਲੰਬੀ ਮਿਆਦ ਮਨਰੇਗਾ ਕੰਮ ਨੂੰ ਖੇਤੀਬਾੜੀ ਦੇ ਕੰਮ ਦੇ ਮੰਦੇ ਦਿਨਾਂ ਨਾਲ ਸਾਵਾਂ ਕਰਕੇ ਯਕੀਨੀ ਬਣਾਉਣੀ ਹੈ। ਇਸ ਸਕੀਮ ਦੀ ਪ੍ਰਕਿਰਿਆ ਉਨ੍ਹਾਂ ਰਾਜਾਂ ਨਾਲੋਂ ਵਧੇਰੇ ਚੰਗੇ ਤਰੀਕੇ ਚਲ ਰਹੀ ਹੈ ਜਿਥੇ ਅਜਿਹਾ ਨਹੀਂ ਕੀਤਾ ਜਾਂਦਾ। ਇਸ ਨਾਲ ਕਿਰਤੀ ਆਪਣੇ ਕੰਮ ਦੇ ਕਲੰਡਰ ਨੂੰ ਉਸ ਅਨੁਸਾਰ ਨਿਸ਼ਚਿਤ ਕਰ ਸਕਦੇ ਹਨ ਤਾਂ ਕਿ ਉਹ ਖੇਤੀਬਾੜੀ ਦੇ ਕੰਮਾਂ ਅਤੇ ਜਨਤਕ ਕਾਰਜਾਂ ਤੋਂ ਵੱਧ ਤੋਂ ਵੱਧ ਲਾਹਾ ਲੈਣ ਸਕਣ। ਪਰ ਬਿਹਾਰ ਅਤੇ ਰਾਜਸਥਾਨ ਜਿਹੇ ਰਾਜਾਂ ਵਿਚ ਮਨਰੇਗਾ ਕਾਰਜਾਂ ਅਤੇ ਖੇਤੀਬਾੜੀ ਦੇ ਕੰਮਾਂ ਦਾ ਮੌਸਮ ਇਕੋ ਸਮੇਂ ਚਲਦੇ ਹਨ ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਆਮ ਤੌਰ ਤੇ ਕੰਮ-ਕਾਜ਼ੀ ਦਿਨਾਂ ਦੇ ਕੰਮ ਦੇ ਸਥਾਨ 'ਤੇ ਘਾਟ ਹੋ ਜਾਂਦੀ ਹੈ ਜਿਸ ਨਾਲ ਕਾਮਿਆਂ ਨੂੰ ਕੰਮ ਦੀ ਭਾਲ ਵਿਚ ਖੇਤੀਬਾੜੀ ਦੇ ਕੰਮ ਦੇ ਮੰਦੇ ਦਿਨਾਂ ਵਿਚ ਨੌਕਰੀ ਦੀ ਭਾਲ ਵਿਚ ਪਲਾਇਨ ਕਰਨਾ ਪੈਂਦਾ ਹੈ (ਸ਼ਰਮਾ 2013)। ਪੰਚਾਇਤੀ ਰਾਜ ਸੰਸਥਾਨਾਂ ਅਤੇ ਉਨ੍ਹਾਂ ਨਾਲ ਜੁੜੇ ਹੋਏ ਕਰਮਚਾਰੀਆਂ ਦੀ ਸਮਰਥਾ ਘਾਟ ਕਾਰਨ ਅਤੇ ਤਕਨੀਕੀ ਮਾਹਰ ਅਮਲੇ ਦੀ ਕਮੀ ਆਮ ਤੌਰ ਤੇ ਕਈ ਰਾਜਾਂ ਵਿਚ, ਖ਼ਾਸ ਤੌਰ ਤੇ ਉੱਤਰੀ ਭਾਗਾਂ ਵਿਚ ਮਨਰੇਗਾ ਦੇ ਖਰਾਬ ਕਾਰਗੁਜ਼ਾਰੀ ਦੇ ਕਾਰਨ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਪ੍ਰੋਗਰਾਮ ਤਹਿਤ ਪੁਖਤਾ ਸਰੋਤ ਪੈਦਾ ਕਰਨ ਉਪਰ ਕੋਈ ਖ਼ਾਸ ਧਿਆਨ ਨਹੀਂ ਦਿਤਾ ਜਾਂਦਾ ਅਤੇ ਦਿਮਾਗ ਵਿਚ ਇਕੋ ਗੱਲ ਬਿਠਾ ਲਈ ਜਾਂਦੀ ਹੈ ਕਿ ਮਿਥਿਆ ਖਰਚਾ ਕਰਨ ਦਾ ਟੀਚਾ ਪੂਰਾ ਕਰਨਾ ਹੀ ਹੈ। ਪਰ ਇਨ੍ਹਾਂ ਸਭ ਕਮੀਆਂ ਦੇ ਬਾਵਜੂਦ, ਇਹ ਪ੍ਰੋਗਰਾਮ ਇਸ ਤੋਂ ਪਹਿਲਾਂ ਚਲ ਰਹੇ ਸਭ ਪ੍ਰੋਗਰਾਮਾਂ ਨਾਲੋਂ ਵਧੇਰੇ ਕਾਮਯਾਬ ਹੈ। ਇਸ ਦੇ ਨਾਲ-ਨਾਲ, ਇਹ ਵੀ ਆਮ ਸੋਚ ਹੈ ਕਿ ਮਨਰੇਗਾ ਪ੍ਰੋਗਰਾਮ ਲੰਬੇ ਸਮੇਂ ਤਕ, ਬਿਨਾਂ ਇਸ ਨੂੰ ਹੋਰ ਚਾਲੂ ਵਿਕਾਸ ਪ੍ਰੋਗਰਾਮਾਂ, ਹੁਨਰ ਅਤੇ ਸਿਖਲਾਈ ਸਮੇਤ, ਨਾਲ ਜੋੜ ਕੇ ਨਹੀਂ ਚਲਾਇਆ ਜਾ ਸਕਦਾ।

**ਕੁਝ ਸ਼ਹਿਰੀ ਗਰੀਬੀ ਹਟਾਉਣ ਅਤੇ ਰੁਜ਼ਗਾਰ ਪ੍ਰੋਗਰਾਮ ਵੀ ਹਨ ਜਿਨ੍ਹਾਂ ਦਾ ਉਦੇਸ਼ ਸਵੈ-ਰੁਜ਼ਗਾਰ ਕੰਮ ਸਥਾਪਤ ਕਰ ਕੇ ਜਾਂ ਉਜਰਤ ਵਾਲੀ ਨੌਕਰੀ ਲਈ ਉਤਸ਼ਾਹਤ ਕਰ ਕੇ ਸ਼ਹਿਰੀ ਸਵਰਨ ਜਯੰਤੀ ਸ਼ਹਿਰੀ ਰੁਜ਼ਗਾਰ ਯੋਜਨਾ, ਜਿਸ ਦੇ ਦੋ ਵੱਡੇ ਅੰਗ ਹਨ, ਜਿਵੇਂ ਕਿ ਸ਼ਹਿਰੀ ਸਵੈ-ਰੁਜ਼ਗਾਰ ਪ੍ਰੋਗਰਾਮ ਅਤੇ ਸ਼ਹਿਰੀ ਉਜਰਤ ਆਮਦਨੀ ਪ੍ਰੋਗਰਾਮ ਸਭ ਤੋਂ ਵੱਧ ਮਹੱਤਵਪੂਰਨ ਹਨ। ਸ਼ਹਿਰੀ ਸਵੈ-ਰੁਜ਼ਗਾਰ, ਸ਼ਹਿਰੀ ਗਰੀਬਾਂ ਨੂੰ ਆਪਣੀਆਂ ਇਕਾਈਆਂ ਸਥਾਪਤ ਕਰਨ ਲਈ ਮਦਦ ਦਿਤੀ ਜਾਂਦੀ ਹੈ।**

ਸ਼ਹਿਰੀ ਉਜਰਤ ਆਮਦਨੀ ਪ੍ਰੋਗਰਾਮ ਸ਼ਹਿਰੀ ਸਥਾਪਤ ਕਰਨ ਲਈ ਮਦਦ ਦਿਤੀ ਜਾਂਦੀ ਹੈ। ਸ਼ਹਿਰੀ ਉਜਰਤ ਆਮਦਨੀ ਪ੍ਰੋਗਰਾਮ ਸ਼ਹਿਰੀ ਸਥਾਨਕ ਸੰਸਥਾ ਦੇ ਘੇਰੇ ਅੰਦਰ ਗਰੀਬੀ ਰੇਖਾ ਤੋਂ ਹੇਠਾਂ ਦੇ ਵਿਅਕਤੀਆਂ ਨੂੰ ਸਮਾਜਿਕ ਅਤੇ ਆਰਥਿਕ ਤੌਰ ਤੇ ਲਾਭਕਾਰੀ ਕਾਰਜਾਂ ਵਿਚ ਕਿਰਤੀਆਂ ਦੇ ਤੌਰ ਤੇ ਮਜ਼ਦੂਰੀ ਦੇ ਕੇ ਉਨ੍ਹਾਂ ਨੂੰ

ਉਜਰਤ ਆਮਦਨੀ ਪੈਦਾ ਕਰਨ ਵਿਚ ਸਹਾਇਕ ਹੁੰਦਾ ਹੈ। ਪਰ ਹਾਲੇ ਤਕ ਇਹ ਪ੍ਰੋਗਰਾਮ ਸ਼ਹਿਰੀ ਘੱਟ ਨੌਕਰੀ ਵਾਲੇ ਬੇਰੁਜ਼ਗਾਰ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਵਾਲਾ ਪ੍ਰੋਗਰਾਮ ਦਿਖਾਈ ਨਹੀਂ ਦੇ ਰਿਹਾ। ਸੰਸਥਾਗਤ ਅਤੇ ਲਾਗੂ ਕਰਨ ਸੰਬੰਧੀ ਮੁਸ਼ਕਿਲ ਤੋਂ ਇਲਾਵਾ, ਇਸ ਦਾ ਸਭ ਤੋਂ ਵੱਡਾ ਕਾਰਨ ਇਸ ਦੇ ਸੀਮਾ ਪਸਾਰ ਦਾ ਹੈ।

## ਵਿਸ਼ੇਸ਼ ਰੁਜ਼ਗਾਰ ਪ੍ਰੋਗਰਾਮਾਂ ਦਾ ਸਮੁੱਚਾ ਮੁੱਲੰਕਣ

ਸਿੱਧਾ ਰੁਜ਼ਗਾਰ ਪੈਦਾ ਕਰਨ ਵਾਲੇ ਪ੍ਰੋਗਰਾਮਾਂ ਦੀ ਸਮੁੱਚੀ ਕਾਰਗੁਜ਼ਾਰੀ ਦੇ ਮੁੱਲੰਕਣ ਤੋਂ ਸੰਕੇਤ ਮਿਲਦਾ ਹੈ ਕਿ ਸਿਵਾਇ ਮਨਰੇਗਾ ਦੇ ਬਾਕੀ ਸਭ ਪ੍ਰੋਗਰਾਮਾਂ ਦਾ ਬਹੁਤ ਥੋੜ੍ਹਾ ਅਸਰ ਹੋ ਰਿਹਾ ਹੈ, ਮੁੱਖ ਤੌਰ ਤੇ ਉਨ੍ਹਾਂ ਦੀ ਬਹੁਤ ਥੋੜ੍ਹੀ ਦਖ਼ਲਅੰਦਾਜ਼ੀ ਕਾਰਨ ਜਦ ਕਿ ਮਨਰੇਗਾ ਦਾ ਪਾਸਾਰ ਅਤੇ ਅਸਰ ਕੁਦਰਤੀ ਤੌਰ ਤੇ ਬਹੁਤ ਵਿਆਪਕ ਹੈ। ਇਨ੍ਹਾਂ ਸਿੱਧੇ ਚੱਲਣ ਵਾਲੇ ਪ੍ਰੋਗਰਾਮਾਂ ਦਾ ਸੀਮਤ ਅਸਰ ਹੋਣ ਦੇ ਹੋਰ ਮੁੱਖ ਕਾਰਨ ਜੋ ਆਮ ਤੌਰ ਤੇ ਗਿਣਾਏ ਜਾਂਦੇ ਹਨ, ਉਹ ਹਨ ਲਾਗੂਕਰਨ ਮਸ਼ੀਨਰੀ ਦੀ ਕਮਜ਼ੋਰ ਸਮਰਥਾ, ਡਿਜ਼ਾਈਨ ਵਿਚ ਕਮੀਆਂ ਅਤੇ ਵੱਖ-ਵੱਖ ਏਜੰਸੀਆਂ ਵਿਚ ਤਾਲਮੇਲ ਦੀ ਘਾਟ, ਲੀਕੇਜ ਜਿਸ ਨਾਲ ਰਿਸ਼ਵਤਖੋਰੀ ਜਨਮ ਲੈਂਦੀ ਹੈ, ਲਾਭਪਾਤਰਾਂ ਵਿਚ ਜਾਗਰੂਕਤਾ ਦੀ ਘਾਟ ਅਤੇ ਦੂਸਰੇ ਵਿਕਾਸ ਪ੍ਰੋਗਰਾਮਾਂ ਨਾਲ ਤਾਲਮੇਲ ਦੀ ਕਮੀ। ਫਿਰ ਵੀ, ਵੱਖ-ਵੱਖ ਖੇਤਰਾਂ ਵਿਚ ਇਨ੍ਹਾਂ ਪ੍ਰੋਗਰਾਮਾਂ ਦਾ ਅਸਰ ਵੀ ਬਹੁਤ ਵੱਧ-ਘੱਟ ਹੋ ਰਿਹਾ ਹੈ। ਇਨ੍ਹਾਂ ਪ੍ਰੋਗਰਾਮਾਂ ਵਿਚੋਂ ਬਹੁਤੇ, ਉੱਤਰੀ ਰਾਜਾਂ ਦੇ ਮੁਕਾਬਲੇ ਦੱਖਣੀ ਰਾਜਾਂ ਵਿਚ ਵਧੇਰੇ ਕਾਰਗਰ ਤਰੀਕੇ ਲਾਗੂ ਕੀਤੇ ਜਾ ਰਹੇ ਹਨ।

ਇਕ ਵੱਡਾ ਢੁਕਵਾਂ ਸਵਾਲ ਜੋ ਆਮ ਤੌਰ ਤੇ ਪੁੱਛਿਆ ਜਾਂਦਾ ਹੈ ਉਹ ਵਿਕਾਸ ਪ੍ਰਕਿਰਿਆ ਵਿਚ ਵਿਕਾਸ ਪ੍ਰੋਗਰਾਮਾਂ ਅਤੇ ਸਿੱਧਾ ਰੁਜ਼ਗਾਰ ਪੈਦਾ ਕਰਨ ਵਾਲੇ ਪ੍ਰੋਗਰਾਮਾਂ ਵਿਚ ਢੁਕਵੇਂ ਸਾਂਵੇਂਪਨ ਨਾਲ ਸੰਬੰਧਿਤ ਹੈ। ਆਦਰਸ਼ ਤੌਰ ਤੇ, ਜਦੋਂ ਗਰੀਬੀ ਦੀ ਪੱਧਰ ਵਿਚ ਕਮੀ ਆਉਂਦੀ ਹੈ ਅਤੇ ਵਿਕਾਸ ਪ੍ਰਕਿਰਿਆ ਕਾਰਨ ਕਿਰਤੀਆਂ ਦੀ ਮੰਡੀ ਕਸ ਜਾਂਦੀ ਹੈ ਤਾਂ ਇਹ ਪ੍ਰੋਗਰਾਮ ਹੌਲੀ-ਹੌਲੀ ਘਟ ਜਾਣੇ ਚਾਹੀਦੇ ਹਨ ਅਤੇ ਇਸ ਤਰ੍ਹਾਂ ਇਹ ਪੱਕੇ ਤੌਰ ਤੇ ਚਾਲੂ ਰਹਿਣ ਵਾਲੇ ਨਹੀਂ ਦਿਖਣੇ ਚਾਹੀਦੇ। ਪਰ ਦੇਸ਼ ਦੇ ਚਾਲੂ ਵਿਕਾਸ ਦੌਰ ਵਿਚ ਜਿਥੇ ਗਰੀਬੀ ਹਾਲੇ ਵੀ ਵਿਆਪਕ ਰੂਪ ਵਿਚ ਫੈਲੀ ਹੋਈ ਹੈ, ਇਨ੍ਹਾਂ ਪ੍ਰੋਗਰਾਮਾਂ ਨੂੰ ਘੱਟੋ-ਘੱਟ ਅਗਲੇ ਪੰਜ ਸਾਲ ਜਾਂ ਉਸ ਤੋਂ ਵੱਧ ਸਮਾਂ ਲਾਗੂ ਰਹਿਣਾ ਚਾਹੀਦਾ ਹੈ ਅਤੇ ਉਸ ਤੋਂ ਬਾਅਦ ਉਨ੍ਹਾਂ ਦਾ ਮੁੱਲੰਕਣ ਹੋਣਾ ਚਾਹੀਦਾ ਹੈ। ਵੱਡਾ ਸਵਾਲ ਖੜ੍ਹਾ ਹੁੰਦਾ ਹੈ ਉਨ੍ਹਾਂ ਨੂੰ ਬੁਨਿਆਦੀ ਢਾਂਚਾ ਵਿਕਾਸ ਪ੍ਰੋਗਰਾਮਾਂ ਨਾਲ ਜੋੜ ਕੇ ਵਧੇਰੇ ਅਸਰਦਾਰ ਬਣਾਉਣ ਦੇ ਤਰੀਕੇ ਲੱਭਣਾ ਤਾਂ ਕਿ ਉਹ ਵਿਕਾਸ ਪ੍ਰਕਿਰਿਆ ਵਿਚ ਹਿੱਸਾ ਪਾ ਸਕਣ। ਇਨ੍ਹਾਂ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਯੋਜਨਾ ਦੀ ਸਖਤ ਨਿਗਰਾਨੀ ਅਤੇ ਮੁੱਲੰਕਣ ਅਨਿੱਖੜਵਾਂ ਹਿੱਸਾ ਹੋਣਾ ਚਾਹੀਦਾ ਹੈ ਅਤੇ ਜਦੋਂ ਵੀ ਲੋੜ ਹੋਵੇ ਉਨ੍ਹਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ ਅਤੇ ਮੁੜ ਤੋਂ ਡਿਜ਼ਾਈਨ ਕਰਨਾ ਚਾਹੀਦਾ ਹੈ।

**ਇਹ ਵੀ ਉਚੇਚੇ ਤੌਰ ਤੇ ਮਹੱਤਵਪੂਰਨ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਦੀ ਕਾਰਗੁਜ਼ਾਰੀ ਸਿਰਫ਼ ਆਰਥਿਕ ਅਸਰ ਕਾਰਨ ਹੀ ਨਹੀਂ ਦੇਖਣੀ ਚਾਹੀਦੀ ਸਗੋਂ ਗ਼ੈਰ ਆਰਥਿਕ ਕਾਰਗੁਜ਼ਾਰੀ ਵੀ ਦੇਖਣੀ ਚਾਹੀਦੀ ਹੈ। ਇਨ੍ਹਾਂ ਪ੍ਰੋਗਰਾਮਾਂ ਰਾਹੀਂ ਵੱਡੀ ਪੂੰਜੀ ਜੋ ਖਰਚ ਕੀਤੀ ਜਾ ਰਹੀ ਹੈ, ਖ਼ਾਸ ਤੌਰ ਤੇ ਪੇਂਡੂ ਇਲਾਕਿਆਂ ਵਿਚ ਉਸ ਨੇ ਮੰਗ ਵਿਚ ਬਹੁਤ ਵਾਧਾ ਕੀਤਾ ਹੈ। ਇਨ੍ਹਾਂ ਪ੍ਰੋਗਰਾਮਾਂ ਨਾਲ ਪੰਚਾਇਤੀ ਰਾਜ ਸੰਸਥਾਨਾਂ ਨੂੰ ਵੀ ਸਹਿਜੇ ਸਹਿਜੇ ਮਜ਼ਬੂਤੀ ਮਿਲੀ ਹੈ। ਮਨਰੇਗਾ ਜਿਹੇ ਪ੍ਰੋਗਰਾਮਾਂ ਨੇ, ਇਥੋਂ ਤਕ ਕਿ ਪੇਂਡੂ ਗਰੀਬਾਂ ਨੂੰ ਇਕ ਜੁਟ ਹੋਣ ਅਤੇ ਆਪਣੇ ਹੱਕਾਂ ਬਾਰੇ ਜਾਗਰੂਕਤਾ ਪੈਦਾ ਕਰਨ ਵਿਚ ਵੀ ਮਦਦ ਕੀਤੀ ਹੈ।**

## ਸਮਾਪਤੀ ਟਿੱਪਣੀਆਂ

ਰੁਜ਼ਗਾਰ ਮੁਖੀ ਗਰੀਬ ਦੇ ਹੱਕ ਵਾਲੀ ਵਿਕਾਸ ਨੀਤੀ ਅਤੇ ਸੁਧਾਰ ਕੀਤੇ ਅਤੇ ਨਵੀਂ ਦਿਸ਼ਾ ਦਿਤੇ ਰੁਜ਼ਗਾਰ ਪੈਦਾ ਕਰਨ ਵਾਲੇ ਪ੍ਰੋਗਰਾਮ ਸਮਾਜਿਕ ਸਮਾਵੇਸ਼ ਹਾਸਲ ਕਰਨ ਵਿਚ ਵੱਡਾ ਯੋਗਦਾਨ ਦੇਣਗੇ। ਪਰ ਫਿਰ ਵੀ ਰਾਜਨੀਤਕ ਅਰਥਤਚਾਰੇ ਦਾ ਸੁਭਾਅ ਅਤੇ ਮੰਡੀ ਦਾ ਚਲਣ, ਕਮਜ਼ੋਰੀਆਂ ਅਤੇ ਬਾਂਝੇ ਰਖਣਾ ਹਾਲਾਂਕਿ ਘਟ ਰਿਹਾ ਹੈ ਪਰ ਫਿਰ ਵੀ ਚਲਦਾ ਰਹਿ ਸਕਦਾ ਹੈ ਅਤੇ ਇਸ ਤਰ੍ਹਾਂ ਸਰਕਾਰ ਨੇ ਕਿਸੇ ਹੋਰ ਤਰੀਕਿਆਂ ਰਾਹੀਂ ਚੁਸਤ ਦਰੁਸਤ ਭੂਮਿਕਾ ਨਿਭਾਉਣੀ ਹੈ। ਇਨ੍ਹਾਂ ਦੇ ਹੱਲ ਦਾ ਸਭ ਤੋਂ ਮਹੱਤਵਪੂਰਨ ਤਰੀਕਾ ਹੋਵੇਗਾ ਸਮਾਜਿਕ ਸੁਰੱਖਿਆ ਦੀ ਇਕ ਘੱਟ ਤੋਂ ਘੱਟ ਪੱਧਰ ਮੁਹੱਈਆ ਕਰਨਾ ਜੋ ਬਰੁਜ਼ਗਾਰੀ ਬੀਮਾਰੀ, ਬੁਢਾਪਾ ਅਤੇ ਹੋਰ ਅਚਨਚੇਤੀ ਖਰਚਿਆਂ ਦਾ ਖ਼ਿਆਲ ਰੱਖ ਸਕੇ। ਕਿਰਤੀਆਂ ਦਾ ਸਿਰਫ਼ ਲਗਭਗ 10 ਪ੍ਰਤਿਸ਼ਤ ਹਿੱਸਾ ਹੀ ਵਿਆਪਕ ਸਮਾਜਿਕ ਸੁਰੱਖਿਆ ਦੇ ਘੇਰੇ ਵਿਚ ਆਉਂਦੇ ਹਨ ਅਤੇ ਉਹ ਵੀ ਵਧੇਰੇ ਕਰਕੇ ਸੰਗਠਿਤ ਖੇਤਰ ਵਿਚ ਕੰਮ ਕਰਨ ਵਾਲੇ ਹੀ ਹਨ। ਹਾਲ ਹੀ ਦੇ ਸਾਲਾਂ ਵਿਚ ਸਰਕਾਰ ਵਲੋਂ ਬੁਢਾਪਾ ਪੈਨਸ਼ਨ, ਜੱਚਾ-ਬੱਚਾ ਲਾਭ, ਸਿਹਤ ਬੀਮਾ ਆਦਿ ਸਕੀਮਾਂ ਚਲਾਈਆਂ ਗਈਆਂ ਹਨ। ਬਹੁਤ ਥੋੜ੍ਹੇ ਜਿਹੇ ਲਾਭ ਮਿਲਣ ਤੋਂ ਇਲਾਵਾ, ਇਨ੍ਹਾਂ ਸਕੀਮਾਂ ਦੀ ਬਹੁਤ ਵੱਡੀ ਕਮਜ਼ੋਰੀ ਰਹੀ ਹੈ ਇਨ੍ਹਾਂ ਦੇ ਟੀਚੇ ਤਹਿਤ ਆਉਣ ਵਾਲਿਆਂ ਦੀ ਪਛਾਣ ਵਿਚ ਸ਼ਾਮਿਲ ਕਰਨਾ ਅਤੇ ਘੇਰੇ ਤੋਂ ਬਾਹਰ ਰੱਖਣ ਵਿਚ ਗਲਤੀਆਂ ਹੋਣਾ। ਲੋਕਾਂ ਦੀ ਗਰੀਬੀ ਰੇਖਾ ਤੋਂ ਥੱਲੇ ਅਤੇ ਗਰੀਬੀ ਰੇਖਾ ਤੋਂ ਉਪਰ ਵਿਚ ਵੰਡ ਬਹੁਤ ਖਰਾਬੀ ਵਾਲੀ ਹੈ। ਇਹੋ ਕਾਰਨ ਹੈ ਕਿ ਇਕ ਵਿਆਪਕ ਸਮਾਜਿਕ ਸੁਰੱਖਿਆ ਸਕੀਮ, ਜਿਸ ਦੇ ਘੇਰੇ ਵਿਚੋਂ ਆਸਾਨੀ ਨਾਲ ਪਛਾਣ ਹੋਣ ਵਾਲੇ ਧਨੀ ਵਰਗ ਨੂੰ ਅਲਗ ਰੱਖਿਆ ਜਾਵੇ, ਅਤੇ ਜੋ ਕੁੱਝ ਘੱਟ-ਘੱਟ ਬੁਨਿਆਦੀ ਸੁਰੱਖਿਆ ਦੇਣ ਵਾਲੀ ਹੋਵੇ, ਦੇਸ਼ ਵਿਚੋਂ ਮਾੜਾ ਅਸਰ ਹੋਣ ਅਤੇ ਸਹੂਲਤਾਂ ਤੋਂ ਵਾਂਝੇ ਰਹਿਣ ਨੂੰ ਖਤਮ ਕਰਨ ਵਿਚ ਵੱਡਾ ਯੋਗਦਾਨ ਦੇਵੇਗੀ। ਸਮਾਜਿਕ-ਆਰਥਿਕ ਜਾਤੀ ਜਨਗਣਨਾ ਦੇ ਨਤੀਜੇ ਅਧਾਰ ਮਸ਼ੀਨਰੀ ਨਾਲ ਜੋੜ ਕੇ ਸਮਾਜਿਕ ਸੁਰੱਖਿਆ ਪ੍ਰਣਾਲੀ ਨੂੰ ਅਸਰਦਾਰ ਹੋਣ ਲਈ ਮਜ਼ਬੂਤ ਕਰਨ ਵਿਚ ਬਹੁਤ ਮਦਦ ਕਰਨਗੇ। ਦੇਸ਼ ਗਰੀਬਾਂ ਲਈ ਸਮਾਜਿਕ-ਸੁਰੱਖਿਆ ਦੇ ਇਸ ਘੱਟੋ-ਘੱਟ ਪੈਕੇਜ ਦਾ ਖਰਚਾ ਬਹੁਤ ਚੰਗੀ ਤਰ੍ਹਾਂ ਝੱਲ ਸਕਦਾ ਹੈ ਅਤੇ ਅਸਲ ਵਿਚ ਇਹ ਸਮਾਵੇਸ਼ ਅਤੇ ਇਨਸਾਫ਼ ਦੇਣ ਲਈ ਅਤੇ ਨਿਰੰਤਰ ਵਿਕਾਸ ਹਾਸਲ ਕਰਨ ਲਈ ਬਹੁਤ ਜ਼ਰੂਰੀ ਹੈ।

*(ਲੇਖਕ ਪ੍ਰੋਫੈਸਰ ਤੇ ਨਿਰਦੇਸ਼ਕ, ਮਾਨਵ ਵਿਕਾਸ ਸੰਸਥਾਨ, ਨਵੀਂ ਦਿੱਲੀ ਹੈ।)*

# ਖੇਤੀਬਾੜੀ ਨੂੰ ਸਮੁੱਚੇ ਵਿਕਾਸ ਦਾ ਮਾਧਿਅਮ ਬਣਾਉਣਾ

**ਭੂਵਨ ਭਾਸਕਰ**

ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਸਾਡੇ ਵਰਗੇ ਖੇਤੀ ਪ੍ਰਧਾਨ ਸਮਾਜ ਲਈ ਖੇਤੀਬਾੜੀ ਨੂੰ ਕੇਂਦਰ ਬਿੰਦੂ ਮੰਨੇ ਬਿਨਾਂ ਕਿਸੇ ਵਿਕਾਸ ਯੋਜਨਾ ਦਾ ਸਫਲ ਹੋਣਾ ਅਸੰਭਵ ਹੈ। ਅਜਿਹਾ ਇਸ ਲਈ ਨਈਂ ਕਿ ਅਸੀਂ ਇਕ ਦੇਸ਼ ਵਜੋਂ ਦੁਨੀਆਂ ਵਿਚ ਅੰਨ ਦੇ ਸਭ ਤੋਂ ਵੱਡੇ ਖਪਤਕਾਰ ਹਾਂ ਜਾਂ ਖੇਤੀ ਖੇਤਰ ਨੂੰ ਜੀਵਤ ਰੱਖਣਾ ਸਾਡਾ ਅੰਨ ਸੁਰੱਖਿਆ ਦੀ ਪੂਰਵ ਸ਼ਰਤ ਹੈ, ਸਗੋਂ ਇਸ ਤੱਥ ਕਰਕੇ ਕਿ ਸਾਡੀ ਅੱਧੀ ਤੋਂ ਵੱਧ ਵਸੋਂ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਜੀਵਨ ਲਈ ਇਸ ਖੇਤਰ ਦੀ ਹਾਲਤ 'ਤੇ ਨਿਰਭਰ ਹਨ। ਅਜਿਹਾ ਆਖ ਕੇ, ਇਹ ਮੰਨਣਾ ਔਖਾ ਦਿਸ ਰਿਹਾ ਹੈ ਕਿ ਸਾਡੀ ਖੇਤੀਬਾੜੀ ਅੱਜ ਵਰਗੀ ਮਾੜੀ ਹਾਲਤ ਵਿਚ ਵੀ ਹੋ ਸਕਦੀ ਹੈ। ਇਸ ਹਾਲਾਤ ਦੇ ਕਾਰਨ, ਆਜ਼ਾਦੀ ਪ੍ਰਾਪਤੀ ਤੋਂ ਇਕਦਮ ਬਾਅਦ ਦੇ ਸਮੇਂ ਵਿਚ ਵੇਖੇ ਜਾ ਸਕਦੇ ਹਨ। "ਮੈਨੂੰ ਉਦਯੋਗ ਚਾਹੀਦੇ ਹਨ, ਮੈਨੂੰ ਇਸਪਾਤ ਉਦਯੋਗ ਚਾਹੀਦੇ ਹਨ ਵਗੈਰਾ, ਪਰ ਮੈਂ ਇਹ ਵੀ ਆਖਦਾ ਹਾਂ ਕਿ ਖੇਤੀਬਾੜੀ ਕਿਸੇ ਵੀ ਉਦਯੋਗ ਨਾਲੋਂ ਵੱਧ ਮਹੱਤਵਪੂਰਨ ਹੈ", ਇਹ ਕਹਿਣਾ ਸੀ ਸਾਡੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਦਾ ਜੋ ਆਧੁਨਿਕ ਸਮੇਂ ਦੇ ਮਹਾਨ ਦੂਰਦਰਸ਼ੀ ਨੇਤਾਵਾਂ ਵਿਚੋਂ ਇਕ ਸਨ - ਪੰਡਿਤ ਜਵਾਹਰ ਲਾਲ ਨਹਿਰੂ।

ਇਹ ਕੋਈ ਸਾਧਾਰਨ ਬਿਆਨ ਨਹੀਂ ਸੀ, ਇਹ ਆਉਣ ਵਾਲੇ ਸੱਤ ਦਹਾਕਿਆਂ ਵਿਚ ਖੇਤੀਬਾੜੀ ਪ੍ਰਤਿ ਸਾਡੀ ਰਾਸ਼ਟਰੀ ਨੀਤੀ ਦੀ ਪ੍ਰਸਤਾਵਨਾ ਬਣ ਗਿਆ। ਇਕ ਤੋਂ ਬਾਅਦ ਇਕ ਸਰਕਾਰਾਂ ਖੇਤੀਬਾੜੀ ਦੀ ਅਹਿਮੀਅਤ ਬਾਰ-ਬਾਰ ਬਿਆਨ ਕਰਦੀਆਂ ਰਹੀਆਂ ਪਰ ਜਦੋਂ ਗੱਲ ਨੀਤੀਆਂ ਬਣਾਉਣ ਦੀ ਆਉਂਦੀ ਸੀ ਤਾਂ ਇਸ ਖੇਤਰ ਨੂੰ ਆਪਣੇ ਹਾਲ 'ਤੇ ਛੱਡ ਦਿਤਾ ਜਾਂਦਾ ਸੀ। ਨਹਿਰੂ ਨੇ ਐਲਾਨ ਕੀਤਾ ਕਿ ਉਦਯੋਗ ਵਰਤਮਾਨ ਭਾਰਤ ਦੇ ਮੰਦਰ ਹਨ ਜਿਸ ਦੇ ਕਾਰਨ ਆਜ਼ਾਦ ਭਾਰਤ ਵਿਚ ਖੇਤੀ ਖੇਤਰ ਨਫ਼ਰਤ ਅਤੇ ਉਜਾੜੇ ਦਾ ਵਿਸ਼ਾ ਬਣ ਕੇ ਰਹਿ ਗਿਆ।

ਖੇਤੀ ਖੇਤਰ ਪ੍ਰਤਿ ਅਜਿਹੀ ਉਦਾਸੀਨਤਾ ਦਾ ਨਤੀਜਾ ਦੋ ਗੱਲਾਂ ਦੇ ਰੂਪ ਵਿਚ ਨਿਕਲਿਆ। ਪਹਿਲੀ, ਸਾਡੀ ਉਤਪਾਦਕਤਾ ਅਤੇ ਫ਼ਸਲੀ ਭਿੰਨਤਾ ਹੇਠਾਂ ਜਾਂਦੀ ਰਹੀ, ਦੂਜਾ, ਭਾਰਤ ਦੀ ਦੋ ਤਿਹਾਈ ਤੋਂ ਵੱਧ ਜਨਸੰਖਿਆ ਸਮਾਜਿਕ-ਆਰਥਿਕ ਮਾਪਦੰਡਾਂ ਦੇ ਹਰੇਕ ਪਹਿਲੂ 'ਤੇ ਪਛੜੀ ਰਹਿ ਗਈ। ਅਜਿਹਾ ਇਸ ਲਈ ਵਾਪਰਿਆ ਕਿਉਂਕਿ ਖੇਤੀਬਾੜੀ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਇਕੋ-ਇਕ ਜ਼ਰੀਆ ਸੀ ਅਤੇ ਬੁਨਿਆਦੀ ਢਾਂਚੇ ਦੀ ਘਾਟ, ਜਿਵੇਂ ਸਿੰਜਾਈ, ਵਾਢੀ ਤੋਂ ਮਗਰੋਂ ਦੀਆਂ ਸਹੂਲਤਾਂ, ਖੋਜ ਕੇਂਦਰ, ਪ੍ਰਭਾਵੀ ਕਰਜ਼ਾ ਸਹੂਲਤਾਂ, ਵਿੱਤੀ ਸ਼ਮੂਲੀਅਤ ਦੀ ਕਮੀ ਆਦਿ ਦਾ ਅਸਰ ਉਨ੍ਹਾਂ ਦੀ ਆਮਦਨ ਪੱਧਰ 'ਤੇ ਪਿਆ ਅਤੇ ਅੰਤਮ ਨਤੀਜਾ ਸ਼ਹਿਰੀ ਅਤੇ ਪੇਂਡੂ ਭਾਰਤ ਦਰਮਿਆਨ ਲਗਾਤਾਰ ਵਧ ਰਹੇ ਪਾੜੇ ਦੇ ਰੂਪ ਵਿਚ ਨਿਕਲਿਆ।

1960ਵਿਆਂ ਦੇ ਸ਼ੁਰੂ ਵਿਚ ਜਦੋਂ ਭਾਰਤ ਭੁੱਖਮਰੀ ਦੇ ਵੱਡੇ ਸੰਕਟ ਨਾਲ ਜੂਝ ਰਿਹਾ ਸੀ, ਉਸ ਵੇਲੇ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਕਾਮਯਾਬੀ ਨਾਲ ਦੇਸ਼ ਨੂੰ ਹਰੇ ਇਨਕਲਾਬ ਦੇ ਰਸਤੇ 'ਤੇ ਤੋਰਿਆ। ਇਸ ਇਨਕਲਾਬ ਤੋਂ ਲਾਹਾ ਲੈਂਦਿਆਂ ਭਾਰਤ ਨੇ ਮੁੱਖ ਫ਼ਸਲਾਂ ਦੇ ਉਤਪਾਦਨ ਵਿਚ ਵੱਡੀਆਂ ਪੁਲਾਂਘਾਂ ਪੁੱਟੀਆਂ ਅਤੇ ਅਨਾਜ ਦੇ ਉਤਪਾਦਨ ਵਿਚ ਸਵੈ-ਨਿਰਭਰ ਹੋ ਗਿਆ। ਪਰ ਇਸ ਇਨਕਲਾਬ ਦਾ ਦਾਇਰਾ ਅਤੇ ਜਨਾਦੇਸ਼ ਸੀਮਤ ਸਨ। ਇਸ ਦਾ ਇਕੋ ਇਕ ਮਕਸਦ ਖੇਤੀ ਹੇਠਲੇ ਰਕਬੇ ਅਤੇ ਪੈਦਾਵਾਰ ਵਿਚ ਵਾਧਾ ਕਰਨਾ ਸੀ। ਇਸ ਦੀ ਸ਼ਮੂਲੀਅਤ ਵਾਲੇ ਵਿਕਾਸ ਅਤੇ ਸਮਾਜਿਕ ਬਦਲਾਅ ਦਾ ਜ਼ਰੀਆ ਬਣਨ ਦੀ ਕਦੇ ਵੀ ਕਲਪਨਾ ਨਹੀਂ ਕੀਤੀ ਗਈ ਸੀ। ਹਰੇ ਇਨਕਲਾਬ ਕਰਕੇ ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ ਅਤੇ ਹੋਰ ਰਸਾਇਣਾਂ ਦੀ ਖੇਤਾਂ ਵਿਚ ਅੰਨ੍ਹੇਵਾਹ ਵਰਤੋਂ ਕੀਤੀ ਗਈ। ਸਿੱਟੇ ਵਜੋਂ, ਧਰਤੀ ਦੀ ਉਤਪਾਦਕਤਾ ਤਾਂ ਵਧ ਗਈ ਪਰ ਨਾਲ ਹੀ ਖੇਤੀਬਾੜੀ ਲਾਗਤ ਵਿਚ ਵੀ ਵਾਧਾ ਹੋ ਗਿਆ। ਸਾਲ ਦਰ ਸਾਲ, ਅਸੀਂ ਸਹਿਜੇ-ਸਹਿਜੇ ਰਸਾਇਣਾਂ ਦੀ ਵਰਤੋਂ ਵਧਾਉਂਦੇ ਗਏ ਅਤੇ ਹੁਣ ਹਰੇ ਇਨਕਲਾਬ ਦਾ ਸਭ ਤੋਂ ਵੱਧ ਲਾਹਾ ਲੈਣ ਵਾਲਾ ਪੰਜਾਬ ਉਤਪਾਦਕਤਾ ਵਿਚ ਕਮੀ, ਖੇਤੀ ਦੀ ਉੱਚ ਲਾਗਤ ਅਤੇ ਜ਼ਮੀਨ ਦੇ ਜ਼ਹਿਰੀਲੇਪਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

2003 ਵਿਚ, ਉਸ ਸਮੇਂ ਦੀ ਅਟਲ ਬਿਹਾਰੀ ਵਾਜਪੇਈ ਦੀ ਅਗਵਾਈ ਹੇਠਲੀ ਐੱਨ ਡੀ ਏ ਸਰਕਾਰ ਨੇ ਪਹਿਲੀ ਵਾਰ ਭਾਰਤੀ ਖੇਤੀ ਦੇ ਵਾਢੀ ਤੋਂ ਬਾਅਦ ਵਾਲੇ ਪੱਖ ਵਲ ਧਿਆਨ ਕੀਤਾ ਅਤੇ ਖੇਤੀ ਉਤਪਾਦ ਮੰਡੀ ਕਮੇਟੀ (ਏ ਪੀ ਐੱਮ ਸੀ) ਐਕਟ ਲਾਗੂ ਕੀਤਾ। ਪਰ ਸਮੇਂ ਦੇ ਨਾਲ ਇਸ ਕਮੇਟੀ 'ਤੇ ਸਥਾਨਕ ਰਾਜਨੀਤਕ ਵਿਅਕਤੀਆਂ ਦਾ ਦਾਬਾ ਬਣ ਗਿਆ ਅਤੇ ਇਸ ਨੇ ਕਿਸਾਨਾਂ ਦੀ ਫ਼ਸਲ ਦਾ ਵੱਧ ਭਾਅ ਦਿਵਾਉਣ ਦੀ ਜ਼ਿੰਮੇਵਾਰੀ ਤੋਂ ਘੇਸਲ ਮਾਰਨੀ ਸ਼ੁਰੂ ਕਰ ਦਿਤੀ। ਹੁਣ ਏ ਪੀ ਐੱਮ ਸੀ ਪ੍ਰਣਾਲੀ 'ਤੇ ਚਰਚਾ ਹੋ ਰਹੀ ਹੈ ਅਤੇ ਵਿੱਤ ਮੰਤਰਾਲਾ ਨੇ ਫਲਾਂ ਅਤੇ ਸਬਜ਼ੀਆਂ ਨੂੰ ਪਹਿਲਾਂ ਹੀ ਇਸ ਐਕਟ ਦੇ ਦਾਇਰੇ ਤੋਂ ਬਾਹਰ ਕਰ ਦਿਤਾ ਹੈ। ਸਮੁੱਚੇ ਵਿਕਾਸ ਅਤੇ ਸਮਾਜਿਕ ਪਰਿਵਰਤਨ

ਲਿਆਉਣ ਦੀ ਦਿਸ਼ਾ ਵਿਚ ਇਕ ਹੋਰ ਮਹੱਤਵਪੂਰਨ ਨੀਤੀਗਤ ਪਹਿਲਕਦਮੀ ਖੇਤੀ ਬੀਮਾ ਸੀ ਜੋ ਕਦੇ ਵੀ ਸਫਲ ਨਾ ਹੋ ਸਕੀ, ਭਾਵੇਂ ਕਿ ਅਨੇਕ ਪਹਿਲਕਦਮੀਆਂ ਕੀਤੀਆਂ ਗਈਆਂ ਸਨ। ਹੁਣ, ਭਾਰਤ ਦੇ ਖੇਤੀਬਾੜੀ ਇਤਿਹਾਸ ਵਿਚ ਪਹਿਲੀ ਵਾਰ ਕੇਂਦਰੀ ਸਰਕਾਰ ਨੇ ਖੇਤੀਬਾੜੀ ਨੂੰ ਨਾ ਸਿਰਫ਼ ਦੇਸ਼ ਦਾ ਢਿੱਡ ਭਰਨ ਪੱਖੋਂ, ਸਗੋਂ ਦੇਸ਼ ਦੇ ਸਮਾਜਿਕ-ਆਰਥਿਕ ਮੁਢਲੇ ਮਾਪਕਾਂ ਨੂੰ ਉੱਚਾ ਚੁੱਕਣ ਬਾਰੇ ਵੀ ਸੋਚਣਾ ਸ਼ੁਰੂ ਕੀਤਾ ਹੈ। ਇਸ ਵਿਚਾਰ ਨੂੰ ਅੱਗੇ ਤੋਰਨ ਲਈ ਸਰਕਾਰ ਨੇ ਬਹੁਤ ਸਾਰੇ ਵਿਕਾਸ ਮੁਖੀ ਕਦਮ ਅਤੇ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿਚ ਭਾਰਤੀ ਖੇਤੀ ਖੇਤਰ ਦੀਆਂ ਜੜ੍ਹਾਂ ਮਜ਼ਬੂਤ ਕਰਕੇ ਕਿਸਾਨੀ ਭਾਈਚਾਰੇ ਨੂੰ ਲਾਭ ਪਹੁੰਚਾਉਣ ਦੀਆਂ ਅਥਾਹ ਸੰਭਾਵਨਾਵਾਂ ਮੌਜੂਦ ਹਨ, ਬਸ਼ਰਤੇ ਇਨ੍ਹਾਂ ਨੂੰ ਸਫਲਤਾ ਨਾਲ ਲਾਗੂ ਕੀਤਾ ਜਾਵੇ। ਆਉ, ਇਨ੍ਹਾਂ ਪਹਿਲਕਦਮੀਆਂ ਅਤੇ ਯੋਜਨਾਵਾਂ ਦੀ ਪੜਚੋਲ ਕਰੀਏ।

***ਰਾਸ਼ਟਰੀ ਖੇਤੀ ਮੰਡੀ :*** ਕੇਂਦਰ ਸਰਕਾਰ ਵਲੋਂ ਕੀਤੀ ਜਾਣ ਵਾਲੀ ਇਹ ਸੱਜਰੀ ਪਹਿਲਕਦਮੀ ਹੈ ਜੋ ਵਾਢੀ ਤੋਂ ਬਾਅਦ ਦੇ ਫ਼ਸਲ ਪ੍ਰਬੰਧਨ ਦੇ ਦ੍ਰਿਸ਼ ਨੂੰ ਪੱਕੇ ਤੌਰ ਤੇ ਬਦਲ ਸਕਦੀ ਹੈ। ਆਰਥਿਕ ਮਾਮਲਿਆਂ ਬਾਰੇ ਵਜ਼ਾਰਤੀ ਕਮੇਟੀ (ਸੀ ਸੀ ਈ ਏ) ਨੇ 2 ਜੁਲਾਈ, 2015 ਨੂੰ ਐਗਰੀ-ਟੈਕ ਇਨਫਰਾਸਟਰਕਚਰ ਫ਼ੰਡ ਰਾਹੀਂ ਰਾਸ਼ਟਰੀ ਖੇਤੀ ਮੰਡੀ ਨੂੰ ਉਤਸ਼ਾਹਿਤ ਕਰਨ ਲਈ ਕੇਂਦਰੀ ਖੇਤਰ ਦੀ ਇਕ ਯੋਜਨਾ ਨੂੰ ਮਨਜ਼ੂਰੀ ਦਿਤੀ ਹੈ। ਸਰਕਾਰ ਦੀ ਯੋਜਨਾ, ਇਕ ਆਨਲਾਈਨ ਮੰਚ ਸਥਾਪਤ ਕਰਕੇ 585 ਥੋਕ ਮੰਡੀਆਂ ਨੂੰ ਭਾਰਤ ਭਰ ਵਿਚ ਏਕੀਕ੍ਰਿਤ ਕਰਨ ਦੀ ਯੋਜਨਾ ਹੈ ਜਿਸ ਵਾਸਤੇ ਸਾਲ 2015-16 ਤੋਂ 2017-18 ਲਈ 200 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਵਿੱਤ ਮੰਤਰੀ ਸ੍ਰੀ ਅਰੁਣ ਜੇਟਲੀ ਨੇ ਆਰਥਿਕ ਮਾਮਲਿਆਂ ਬਾਰੇ ਵਜ਼ਾਰਤੀ ਕਮੇਟੀ ਦੇ ਮੁੱਲੰਕਣ ਉਪਰੰਤ ਆਖਿਆ, ''ਹੁਣ ਸਾਰੇ ਰਾਜ ਵਾਸਤੇ ਇਕ ਹੀ ਲਾਇਸੰਸ ਹੋਵੇਗਾ, ਇਕ ਹੀ ਪੱਧਰ 'ਤੇ ਕਰ ਵਸੂਲੀ ਹੋਵੇਗੀ। ਕੀਮਤਾਂ ਦੇ ਨਿਰਧਾਰਨ ਲਈ ਇਲੈਕਟ੍ਰਾਨਿਕ ਨਿਲਾਮੀਆਂ ਹੋਣਗੀਆਂ। ਇਸ ਦਾ ਅਸਰ ਇਹ ਹੋਵੇਗਾ ਕਿ ਸਾਰਾ ਰਾਜ ਇਕ ਬਾਜ਼ਾਰ ਬਣ ਜਾਵੇਗਾ ਅਤੇ ਰਾਜਾਂ ਅੰਦਰ ਵੰਡੀਆਂ ਹੋਈਆਂ ਮੰਡੀਆਂ ਖਤਮ ਹੋ ਜਾਣਗੀਆਂ।" ਯੋਜਨਾ ਇਹ ਹੈ ਕਿ ਚਾਲੂ ਮਾਲੀ ਸਾਲ ਵਿਚ 250, 2016-17 ਵਿਚ 200 ਅਤੇ 2017-18 ਵਿਚ 135 ਮੰਡੀਆਂ ਨੂੰ ਦਾਇਰੇ ਹੇਠ ਲਿਆਂਦਾ ਜਾਵੇ। ਰਾਸ਼ਟਰੀ ਖੇਤੀ ਬਾਜ਼ਾਰ ਦੀ ਸੰਪੂਰਨਤਾ ਉਪਰੰਤ, ਰਾਜ ਅੰਦਰ ਖੇਤੀ ਵਸਤਾਂ ਦਾ ਨਿਰੰਤਰ ਤਬਾਦਲਾ ਹੋ ਸਕੇਗਾ। ਕਿਸਾਨਾਂ ਲਈ ਮੰਡੀ ਦਾ ਆਕਾਰ ਵੀ ਵਧ ਜਾਵੇਗਾ ਕਿਉਂਕਿ ਉਹ ਬੰਧਕ ਮੰਡੀ ਤਕ ਸੀਮਤ ਨਹੀਂ ਰਹਿਣਗੇ। ਰਾਜ ਅਤੇ ਰਾਸ਼ਟਰੀ ਪੱਧਰ 'ਤੇ ਬਾਜ਼ਾਰਾਂ ਦੇ ਏਕੀਕਰਨ ਨਾਲ ਕਿਸਾਨਾਂ ਨੂੰ ਉੱਚਿਤ ਕੀਮਤ ਮਿਲੇਗੀ, ਪੂਰਤੀ ਲੜੀ ਵਿਚ ਸੁਧਾਰ ਹੋਵੇਗਾ, ਖਰਾਬਾ ਘੱਟ ਹੋਵੇਗਾ ਅਤੇ ਸਾਂਝਾ ਈ-ਮੰਚ ਮੁਹੱਈਆ ਹੋਣ ਨਾਲ ਏਕੀਕ੍ਰਿਤ ਰਾਸ਼ਟਰੀ ਬਾਜ਼ਾਰ ਦਾ ਨਿਰਮਾਣ ਹੋਵੇਗਾ, ਸਰਕਾਰ ਦਾ ਇਹ ਆਖਣਾ ਹੈ।

**ਇਹ ਮੰਚ ਦਲਾਲਾਂ ਦੀ ਸਥਾਈ ਸਮੱਸਿਆ ਨੂੰ ਨੱਥ ਪਾ ਸਕਦਾ ਹੈ ਜੋ ਬਾਜ਼ਾਰ ਦੀ ਅਣਹੋਂਦ ਵਿਚ ਕਿਸਾਨ ਦੇ ਮੁਨਾਫ਼ੇ ਦਾ ਵੱਡਾ ਹਿੱਸਾ ਡਕਾਰ ਜਾਂਦੇ ਹਨ। ਰਾਸ਼ਟਰੀ-ਈ-ਬਾਜ਼ਾਰ ਸੇਵਾਵਾਂ ਲਿਮਿਟਡ, ਜੋ ਕਰਨਾਟਕ ਸਰਕਾਰ ਅਤੇ ਐੱਨ ਈ ਐੱਮ ਐੱਲ ਕੰਪਨੀ ਦਾ ਸਾਂਝਾ ਉੱਦਮ ਹੈ ਅਤੇ ਜੋ ਵਸਤਾਂ ਦੇ ਤਬਾਦਲੇ ਕਰਨ ਵਾਲੀ ਐੱਨ ਸੀ ਡੀ ਈ ਐਕਸ ਦੀ 100 ਪ੍ਰਤਿਸ਼ਤ ਸਹਾਇਕ ਹੈ, ਨੇ 155 ਮੁੱਖ ਮੰਡੀਆਂ ਵਿਚੋਂ 55 ਨੂੰ ਏਕੀਕ੍ਰਿਤ ਕਰਕੇ ਅਤੇ ਇਕਹਿਰੀ ਲਾਇਸੰਸ ਪ੍ਰਣਾਲੀ ਅਪਣਾ ਕੇ, ਕਰਨਾਟਕ ਵਿਚ ਦੂਜਿਆਂ ਨੂੰ ਰਸਤਾ ਦਿਖਾਇਆ ਹੈ। ਭਾਰਤ ਸਰਕਾਰ ਨੇ 2014-15 ਦੇ ਆਰਥਿਕ ਸਰਵੇਖਣ ਵਿਚ ਇਸ ਨੂੰ ਰਾਸ਼ਟਰੀ ਖੇਤੀ ਬਾਜ਼ਾਰ ਦੇ ਨਮੂਨੇ ਦਾ ਹਵਾਲਾ ਦਿਤਾ ਹੈ ਅਤੇ ਖੇਤੀ ਮੰਤਰੀ ਸ੍ਰੀ ਰਾਧਾ ਮੋਹਨ ਸਿੰਘ ਨੇ 23 ਰਾਜਾਂ ਦੇ ਖੇਤੀ ਮੰਤਰੀਆਂ ਨੂੰ ਬਿਠਾ ਕੇ ਇਸ ਸਾਲ ਜੁਲਾਈ ਦੇ ਦੂਜੇ ਹਫ਼ਤੇ ਵਿਚ ਕਰਨਾਟਕ ਨਮੂਨੇ ਦੀ ਕਾਰਗੁਜ਼ਾਰੀ 'ਤੇ ਰੋਸ਼ਨੀ ਪਾਈ ਹੈ।**

***ਭੂਮੀ ਸਿਹਤ ਯੋਜਨਾ :*** ਗੁਜਰਾਤ ਦੇ ਮੁੱਖ ਮੰਤਰੀ ਵਜੋਂ ਇਸ ਨੂੰ ਸਫਲਤਾ ਨਾਲ ਲਾਗੂ ਕਰਨ ਤੋਂ ਬਾਅਦ, ਸ੍ਰੀ ਨਰੇਂਦਰ ਮੋਦੀ ਨੇ ਇਸ ਯੋਜਨਾ ਨੂੰ ਲੋਕ ਸਭਾ ਚੋਣਾਂ ਲਈ ਚੋਣ ਪ੍ਰਚਾਰ ਦਾ ਹਿੱਸਾ ਬਣਾਇਆ। ਉਨ੍ਹਾਂ ਵਲੋਂ ਸਰਕਾਰ ਬਣਾਉਣ ਤੋਂ ਬਾਅਦ, ਇਸ ਯੋਜਨਾ ਦਾ ਜ਼ਿਕਰ ਰਾਸ਼ਟਰੀ ਜਮਹੂਰੀ ਗਠਜੋੜ ਸਰਕਾਰ ਦੇ ਪਹਿਲੇ ਬਜਟ ਵਿਚ ਕੀਤਾ ਗਿਆ। ਵਿੱਤ ਮੰਤਰੀ ਸ੍ਰੀ ਅਰੁਣ ਜੇਟਲੀ ਵਲੋਂ ਇਸ ਯੋਜਨਾ ਲਈ 156 ਕਰੋੜ ਰੁਪਏ ਰਾਖਵੇਂ ਰੱਖੇ ਗਏ ਜਿਨ੍ਹਾਂ ਵਿਚੋਂ 56 ਕਰੋੜ ਰੁਪਏ ਦੇਸ਼ ਭਰ ਵਿਚ 100 ਮੋਬਾਇਲ ਭੂਮੀ ਪਰਖ ਪ੍ਰਯੋਗਸ਼ਾਲਾ ਸਥਾਪਤ ਕਰਨ ਲਈ ਖਰਚੇ ਜਾਣੇ ਹਨ। ਇਸ ਸਾਲ 19 ਫ਼ਰਵਰੀ ਨੂੰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਰਾਸ਼ਟਰੀ ਪੱਧਰ 'ਤੇ 'ਭੂਮੀ ਸਿਹਤ ਕਾਰਡ ਯੋਜਨਾ' ਦਾ ਆਗਾਜ਼ ਰਾਜਸਥਾਨ ਦੇ ਸੂਰਤਗੜ੍ਹ ਤੋਂ ਕੀਤਾ। ਪ੍ਰਧਾਨ ਮੰਤਰੀ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਖੇਤੀਬਾੜੀ ਨੂੰ ਗਰੀਬੀ ਹਟਾਉਣ ਦਾ ਸਾਧਨ ਸਮਝਦੀ ਹੈ। ਇਸ ਦਿਸ਼ਾ ਵਲ ਅੱਗੇ ਵਧਦਿਆਂ, ਮੌਜੂਦਾ ਬਜਟ ਵਿਚ ਇਸ ਯੋਜਨਾ ਲਈ ਫ਼ੰਡ ਵਿਤਰਣ ਵਧਾ ਕੇ 200 ਕਰੋੜ ਰੁਪਏ ਕਰ ਦਿਤਾ ਗਿਆ। ਖੇਤੀਬਾੜੀ ਮੰਤਰਾਲਾ ਵਲੋਂ ਇਸ ਸਾਲ 28 ਅਪ੍ਰੈਲ ਨੂੰ ਜਾਰੀ ਕੀਤੇ ਇਕ ਹੁਕਮ ਦੇ ਮੁਤਾਬਕ 2015-16 ਦੌਰਾਨ 2.53 ਕਰੋੜ ਨਮੂਨੇ ਇਕੱਤਰ ਕਰਨ, ਮੁੱਲੰਕਣ, ਦਵਾਈ ਵਿਕ੍ਰੇਤਾਵਾਂ, ਅਮਲੇ, ਕਿਸਾਨਾਂ, ਆਈ ਸੀ ਟੀ ਅਤੇ ਕਾਰਜਸ਼ਾਲਾਵਾਂ ਦੀ ਸਿਖਲਾਈ 'ਤੇ 192 ਕਰੋੜ ਰੁਪਏ ਖਰਚ ਕੀਤੇ ਜਾਣਗੇ ਜਿਸ ਵਿਚ ਕੇਂਦਰ ਸਰਕਾਰ 96 ਕਰੋੜ ਰੁਪਏ ਦਾ ਯੋਗਦਾਨ ਪਾਵੇਗੀ। ਸਰਕਾਰ ਨੇ 3 ਸਾਲ ਦੇ ਅੰਦਰ ਸਾਰੇ 14.5 ਕਰੋੜ ਕਿਸਾਨਾਂ ਨੂੰ ਕਾਰਡ ਦੇਣ ਦਾ ਐਲਾਨ ਕੀਤਾ ਹੈ।

ਭਾਵੇਂ ਕਿ ਇਹ ਸਿਹਤ ਕਾਰਡ ਯੋਜਨਾ ਦੇਸ਼ ਦੇ ਕੁਝ ਹਿੱਸਿਆਂ ਵਿਚ ਪਹਿਲਾਂ ਹੀ ਚਲਾਈ ਜਾ ਰਹੀ ਸੀ, ਪਰ ਇਸ ਨੂੰ ਰਾਸ਼ਟਰੀ ਲਹਿਰ ਦੀ ਤਰਜ਼ 'ਤੇ ਕਦੇ ਵੀ ਨਹੀਂ ਚਲਾਇਆ ਗਿਆ। ਖੇਤੀ ਖੇਤਰ ਦਾ ਸਥਾਈ ਅਤੇ ਨਿਰੰਤਰ ਵਿਕਾਸ ਯਕੀਨੀ ਬਣਾਉਣ ਲਈ ਇਹ ਬਹੁਤ ਹੀ ਸ਼ਲਾਘਾਯੋਗ ਯੋਜਨਾ ਹੈ। ਇਸ ਯੋਜਨਾ ਤਹਿਤ ਮਿੱਟੀ ਦਾ ਨਮੂਨਾ ਕਿਸਾਨ ਦੀ ਜ਼ਮੀਨ ਵਿਚੋਂ ਲੈ ਕੇ ਪ੍ਰਯੋਗਸ਼ਾਲਾ ਵਿਚ ਪਰਖ ਲਈ ਭੇਜਿਆ ਜਾਂਦਾ ਹੈ। ਪਰਖ ਤੋਂ ਬਾਅਦ ਕਿਸਾਨ ਨੂੰ ਇਕ ਕਾਰਡ ਦਿਤਾ ਜਾਂਦਾ ਹੈ ਜੋ ਹਸਪਤਾਲ ਵਲੋਂ ਦਿਤੇ ਜਾਣ ਵਾਲੇ ਸਿਹਤ ਕਾਰਡ ਦੀ ਤਰਜ਼ 'ਤੇ ਹੁੰਦਾ ਹੈ। ਇਸ ਕਾਰਡ ਵਿਚ ਮਿੱਟੀ ਦੇ ਨਮੂਨੇ ਦੇ ਸਾਰੇ ਤੱਤ ਅਤੇ ਘਾਟਾਂ ਦਾ ਜ਼ਿਕਰ ਹੁੰਦਾ ਹੈ। ਇਸ ਕਾਰਡ ਦੇ ਆਧਾਰ 'ਤੇ, ਯੂਰੀਆ, ਡੀ ਏ ਪੀ ਜਾਂ ਕੋਈ ਹੋਰ ਰਸਾਇਣਕ ਖਾਦ ਅੰਨ੍ਹੇਵਾਹ ਵਰਤਣ ਦੀ ਬਜਾਇ ਕਿਸਾਨ ਆਪਣੀ ਜ਼ਮੀਨ ਦੀਆਂ ਅਸਲ ਲੋੜਾਂ ਮੁਤਾਬਕ ਫ਼ੈਸਲਾ ਕਰ ਸਕਦਾ ਹੈ।

ਇਸ ਨਾਲ ਨਾ ਸਿਰਫ਼ ਕਿਸਾਨ ਦੀ ਲਾਗਤ ਘੱਟ ਹੋਵੇਗੀ ਸਗੋਂ ਮਿੱਟੀ ਦੀ ਸਿਹਤ ਵੀ ਠੀਕ ਰਹੇਗੀ। ਇਸ ਨਾਲ ਕਿਸਾਨ ਆਪਣੀ ਜ਼ਮੀਨ ਲਈ ਜ਼ਿਆਦਾ ਢੁਕਵੀਆਂ ਫ਼ਸਲਾਂ ਦੀ ਚੋਣ ਵੀ ਕਰ ਸਕਦਾ ਹੈ।

***ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ :*** ਹਰੇਕ ਕਿਸਾਨ ਦਾ ਖੇਤ ਸਿੰਜਣ ਅਤੇ ਪਾਣੀ ਦੀ ਵਰਤੋਂ ਦੀ ਕੁਸ਼ਲਤਾ ਵਿਚ ਸੁਧਾਰ ਕਰਨ ਦੇ ਉਦੇਸ਼ ਨਾਲ, 2015-16 ਦੇ ਬਜਟ ਵਿਚ ਲਘੂ ਸਿੰਜਾਈ, ਜਲ-ਵੰਡ ਵਿਕਾਸ ਅਤੇ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਲਈ 5300 ਕਰੋੜ ਰੁਪਏ ਰੱਖੇ ਗਏ। ਪਿਛਲੇ ਸਾਲ, ਸਿੰਜਾਈ ਅਤੇ ਜਲ-ਵੰਡ ਪ੍ਰਬੰਧਨ ਯੋਜਨਾਵਾਂ ਲਈ 5623 ਕਰੋੜ ਰੁਪਏ ਦਿਤੇ ਗਏ ਸਨ। ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਭਾਰਤੀ ਜਨਤਾ ਪਾਰਟੀ ਵਲੋਂ ਕੀਤਾ ਜਾਣ ਵਾਲਾ ਪ੍ਰਮੁੱਖ ਚੋਣ ਵਾਅਦਾ ਸੀ। ਸ੍ਰੀ ਜੇਟਲੀ ਨੇ ਆਪਣੇ ਪਹਿਲੇ ਛੋਟੇ ਬਜਟ, ਜੋ 2014-15 ਲਈ ਸੀ, ਵਿਚ 1000 ਕਰੋੜ ਰੁਪਏ ਇਸ ਵਾਸਤੇ ਰਾਖਵੇਂ ਕੀਤੇ ਸਨ। ਪਰ ਇਸ 'ਤੇ ਕੰਮ ਸ਼ੁਰੂ ਨਾ ਹੋ ਸਕਿਆ। 2 ਜੁਲਾਈ ਨੂੰ ਆਰਥਿਕ ਮਾਮਲਿਆਂ ਬਾਰੇ ਵਜ਼ਾਰਤੀ ਕਮੇਟੀ, ਜਿਸ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਕੀਤੀ, ਵਲੋਂ ਇਸ ਯੋਜਨਾ ਨੂੰ ਪ੍ਰਵਾਨਗੀ ਦਿਤੀ ਗਈ ਜਿਸ ਤਹਿਤ ਪੰਜ ਸਾਲ (2015-16 ਤੋਂ 2019-20) ਲਈ ਯੋਜਨਾ ਖਰਚ 50,000 ਕਰੋੜ ਰੁਪਏ ਆਂਕਿਆ ਗਿਆ। ਇਸ ਯੋਜਨਾ ਦੀ ਅਹਿਮੀਅਤ ਅਤੇ ਮਾਤਰਾ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਦੇਸ਼ ਵਿਚ ਕੁੱਲ ਅਨਾਜ ਉਤਪਾਦਨ ਦਾ 56 ਪ੍ਰਤਿਸ਼ਤ ਸਿੰਜਾਈ ਤਹਿਤ ਖੇਤੀ ਤੋਂ ਹੁੰਦਾ ਹੈ ਭਾਵੇਂ ਕਿ 1997-98 ਵਿਚ ਅਨਾਜ ਹੇਠਲੇ ਸਿੰਜਾਈ ਅਧੀਨ ਰਕਬੇ ਦਾ ਅਨੁਮਾਨ 40.5 ਪ੍ਰਤਿਸ਼ਤ ਸੀ। ਸਿੰਜਾਈ ਦੇ ਮਹੱਤਵ ਦੇ ਬਾਵਜੂਦ ਸਰਕਾਰਾਂ ਇਸ ਨੂੰ ਨਜ਼ਰਅੰਦਾਜ਼ ਕਰਦੀਆਂ ਗਈਆਂ (ਵੇਖੋ ਤਾਲਿਕਾ-1)। ਸਿੱਟੇ ਵਜੋਂ, ਸਿੰਜਾਈ ਅਧੀਨ ਕੁੱਲ ਰਕਬਾ 2000-01 ਤੋਂ 2011-12 ਦੌਰਾਨ 5.8 ਪ੍ਰਤਿਸ਼ਤ ਵਧਿਆ। ਅਧਿਕਾਰਤ ਅੰਕੜਿਆਂ ਮੁਤਾਬਕ ਇਸ ਕਾਲ ਦੌਰਾਨ ਕੁੱਲ ਬਿਜਾਈ ਹੇਠਲੇ ਖੇਤਰ ਵਿਚ ਸ਼ੁੱਧ ਸਿੰਜਾਈ ਅਧੀਨ ਖੇਤਰ 40.5 ਪ੍ਰਤਿਸ਼ਤ ਤੋਂ ਵਧ ਕੇ 46.34 ਪ੍ਰਤਿਸ਼ਤ ਹੋ ਗਿਆ (ਸਰੋਤ : ਯੋਜਨਾ ਆਯੋਗ)।

ਆਰਥਿਕ ਮਾਮਲਿਆਂ ਬਾਰੇ ਵਜ਼ਾਰਤੀ ਕਮੇਟੀ ਦੇ ਨੋਟ ਵਿਚ ਕਿਹਾ ਗਿਆ ਹੈ, "ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਦਾ ਪ੍ਰਮੁੱਖ ਉਦੇਸ਼ ਜ਼ਮੀਨੀ ਪੱਧਰ 'ਤੇ ਸਿੰਜਾਈ ਵਿਚ ਨਿਵੇਸ਼ ਦਾ ਸੁਮੇਲ ਹਾਸਲ ਕਰਨਾ, ਯਕੀਨੀ ਸਿੰਜਾਈ (ਹਰ ਖੇਤ ਨੂੰ ਪਾਣੀ) ਅਧੀਨ ਖੇਤੀ ਯੋਗ ਖੇਤਰ ਦਾ ਵਿਸਥਾਰ ਕਰਨਾ, ਪਾਣੀ ਦੀ ਬਰਬਾਦੀ ਘੱਟ ਕਰਨ ਲਈ ਖੇਤਾਂ ਨੂੰ ਪਾਣੀ ਦੀ ਵਰਤੋਂ ਨਿਪੁੰਨਤਾ ਵਿਚ ਸੁਧਾਰ ਕਰਨਾ, ਸਟੀਕ ਸਿੰਜਾਈ ਅਤੇ ਪਾਣੀ ਬਚਾਉਣ ਵਾਲੀਆਂ ਦੂਜੀਆਂ ਤਕਨੀਕਾਂ ਵਿਚ ਵਾਧਾ ਕਰਨਾ (ਪ੍ਰਤਿ ਬੂੰਦ ਜ਼ਿਆਦਾ ਫ਼ਸਲ), ਜਲ ਸਰੋਤਾਂ ਦਾ ਰੀਚਾਰਜ, ਪੁਨਰ-ਸ਼ੁੱਧ ਕੀਤੇ ਪਾਣੀ ਦੀ ਦੁਬਾਰਾ ਵਰਤੋਂ ਕਰਕੇ ਪਾਣੀ ਨੂੰ ਬਚਾਉਣ ਦੀਆਂ ਪ੍ਰਥਾਵਾਂ ਨੂੰ ਉਤਸ਼ਾਹਿਤ ਕਰਨਾ ਅਤੇ ਸਿੰਜਾਈ ਪ੍ਰਣਾਲੀ ਵਿਚ ਜ਼ਿਆਦਾ ਨਿੱਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਸ਼ਾਮਿਲ ਹੈ"। ਇਸ ਪ੍ਰਕਾਰ, ਇਸ ਯੋਜਨਾ ਦੀ ਮੁਢਲੀ ਵਿਸ਼ੇਸ਼ਤਾ ਤਿੰਨ ਸਿੰਜਾਈ ਯੋਜਨਾਵਾਂ ਨੂੰ ਇਕ ਛਤਰੀ ਥੱਲੇ ਲਿਆ ਕੇ ਸਿੰਜਾਈ ਖਰਚੇ ਨੂੰ ਵਿਕੇਂਦਰੀਕ੍ਰਿਤ ਕਰਨਾ ਹੈ। ਇਸ ਯੋਜਨਾ ਨੂੰ ਵਜ਼ਾਰਤੀ ਕਮੇਟੀ ਵਲੋਂ ਹਰੀ ਝੰਡੀ ਦੇਣ ਉਪਰੰਤ ਖੇਤੀਬਾੜੀ ਮੰਤਰੀ ਸ੍ਰੀ ਰਾਧਾ ਮੋਹਨ ਸਿੰਘ ਨੇ ਆਖਿਆ, ਇਸ ਯੋਜਨਾ ਤਹਿਤ ਮੰਤਰਾਲਿਆਂ, ਵਿਭਾਗਾਂ, ਏਜੰਸੀਆਂ, ਵਿੱਤੀ ਸਰੋਤਾਂ ਜੋ ਪਾਣੀ ਦੀ ਮੁੜ ਵਰਤੋਂ ਦੇ ਨਿਰਮਾਣ ਅਤੇ ਵਰਤੋਂ ਆਦਿ ਵਿਚ ਲੱਗੇ ਹੋਏ ਹਨ, ਨੂੰ ਇਕ ਮੰਚ 'ਤੇ ਲਿਆਂਦਾ ਜਾਵੇਗਾ ਤਾਂ ਕਿ ਪੂਰੇ 'ਪਾਣੀ ਦੇ ਚੱਕਰ' ਬਾਰੇ ਇਕ ਵਿਆਪਕ ਨਜ਼ਰੀਆ ਕਾਇਮ ਕੀਤਾ ਜਾ ਸਕੇ ਅਤੇ ਸਾਰੇ ਖੇਤਰਾਂ, ਘਰਾਂ, ਖੇਤੀਬਾੜੀ ਅਤੇ ਉਦਯੋਗਾਂ ਲਈ ਪਾਣੀ ਦਾ ਉੱਚਿਤ ਬਜਟ ਬਣਾਇਆ ਜਾ ਸਕੇ।" ਕੁਦਰਤੀ ਤੌਰ ਤੇ, ਇਹ ਯੋਜਨਾ ਪਾਣੀ ਦੀ ਸੰਭਾਲ ਅਤੇ ਸਿੰਜਾਈ ਲਈ ਇਕ ਸਥਾਈ ਮਾਡਲ ਬਣ ਸਕਦੀ ਹੈ ਜੋ ਸਮਾਜਿਕ ਵਿਕਾਸ ਯਕੀਨੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਜਾਈ ਯੋਜਨਾ ਦੇ ਨਾਲ-ਨਾਲ ਖੇਤੀਬਾੜੀ ਅਤੇ ਦਿਹਾਤੀ ਵਿਕਾਸ ਲਈ ਰਾਸ਼ਟਰੀ ਬੈਂਕ (ਨਾਬਾਰਡ) ਅਗਲੇ ਤਿੰਨ ਸਾਲਾਂ ਦੌਰਾਨ ਕਿਸਾਨਾਂ ਨੂੰ 30,000 ਕਰੋੜ ਰੁਪਏ ਕਰਜ਼ੇ ਦੇ ਰੂਪ ਵਿਚ ਮੁਹੱਈਆ ਕਰਵਾਉਣ ਜਾ ਰਿਹਾ ਹੈ। ਇਸ ਵਲੋਂ 1000 ਕਰੋੜ ਰੁਪਏ ਪਹਿਲਾਂ ਹੀ ਇਸ ਸਾਲ ਲਈ ਮਨਜ਼ੂਰ ਕੀਤੇ ਜਾ ਚੁੱਕੇ ਹਨ।

ਤਾਲਿਕਾ-1

| ਯੋਜਨਾ ਦਾ ਨਾਂ | ਸਮਾਂ | ਕੁੱਲ ਰਾਜ ਯੋਜਨਾਵਾਂ ਦੀ ਸਿੰਜਾਈ ਫੰਡਿੰਗ ਪ੍ਰਤਿਸ਼ਤ ਵਿਚ |
|---|---|---|
| ਪੰਜਵੀਂ ਯੋਜਨਾ | 1974-78 | 23.25 ਪ੍ਰਤਿਸ਼ਤ |
| ਛੇਵੀਂ ਯੋਜਨਾ | 1980-85 | 20.85 ਪ੍ਰਤਿਸ਼ਤ |
| ਸੱਤਵੀਂ ਯੋਜਨਾ | 1985-90 | 11.85 ਪ੍ਰਤਿਸ਼ਤ |
| ਅੱਠਵੀਂ ਯੋਜਨਾ | 1992-97 | 18.48 ਪ੍ਰਤਿਸ਼ਤ |
| ਨੌਵੀਂ ਯੋਜਨਾ | 1997-2002 | 14.93 ਪ੍ਰਤਿਸ਼ਤ |

*ਸਰੋਤ: ਯੋਜਨਾ ਆਯੋਗ*

***ਕੀਮਤ ਸਥਿਰਤਾ ਫ਼ੰਡ :*** ਪਿਆਜ਼ ਅਤੇ ਆਲੂ ਦੀ ਕੀਮਤ ਵਿਚ ਆਏ ਵੱਡੇ ਉਤਾਰ-ਚੜ੍ਹਾਅ ਨੇ ਕਈ ਸਾਲ ਕਿਸਾਨਾਂ ਦਾ ਵੱਡਾ ਨੁਕਸਾਨ ਕੀਤਾ ਹੈ। ਇਹ ਸਬਜ਼ੀਆਂ ਬਹੁਤ ਜਲਦੀ ਖਰਾਬ ਹੋ ਜਾਂਦੀਆਂ ਹਨ ਅਤੇ ਢੁਕਵੇਂ ਗੁਦਾਮ ਪ੍ਰਬੰਧਨ ਦੀ ਅਣਹੋਂਦ ਕਰਕੇ ਇਹ ਮੁਨਾਫ਼ਾਖੋਰਾਂ ਲਈ ਭਾਅ ਅਸਮਾਨ 'ਤੇ ਚੜ੍ਹਾਉਣ ਦਾ ਕਾਰਨ ਬਣ ਜਾਂਦੀਆਂ ਹਨ। ਇਕ ਬੰਨੇ ਕਿਸਾਨ ਆਪਣੀ ਫ਼ਸਲ ਘੱਟ ਕੀਮਤ 'ਤੇ ਵੇਚਣ ਲਈ ਮਜਬੂਰ ਹੋ ਜਾਂਦੇ ਹਨ ਅਤੇ ਦੂਜੇ ਪਾਸੇ ਦਲਾਲ ਮੋਟਾ ਮੁਨਾਫ਼ਾ ਕਮਾਉਂਦੇ ਹਨ। ਇਸ ਧਾਰਨਾਂ ਨੂੰ ਨੱਥ ਪਾਉਣ ਲਈ, ਮੋਦੀ ਸਰਕਾਰ ਨੇ 500 ਕਰੋੜ ਰੁਪਏ ਦਾ ਕੀਮਤ ਸਥਿਰਤਾ ਫ਼ੰਡ ਸਥਾਪਤ ਕੀਤਾ ਹੈ। ਬਾਅਦ ਵਿਚ ਹੋਰ ਖੇਤੀ ਵਸਤਾਂ ਅਤੇ ਜਲਦੀ ਖਰਾਬ ਹੋਣ ਵਾਲੀਆਂ ਵਸਤਾਂ ਨੂੰ ਵੀ ਇਸ ਫ਼ੰਡ ਦੇ ਦਾਇਰੇ ਹੇਠ ਲਿਆਂਦਾ ਜਾਵੇਗਾ। ਸਰਕਾਰੀ ਸੂਤਰਾਂ ਮੁਤਾਬਕ ਇਨ੍ਹਾਂ ਵਸਤਾਂ ਦੀ ਸਿੱਧੀ ਖਰੀਦ ਕਿਸਾਨਾਂ ਜਾਂ ਕਿਸਾਨ ਸੰਗਠਨਾਂ ਤੋਂ ਉਨ੍ਹਾਂ ਦੇ ਖੇਤ ਜਾਂ ਮੰਡੀ ਵਿਚੋਂ ਕਰਕੇ ਵਾਜਬ ਕੀਮਤਾਂ 'ਤੇ ਖਪਤਕਾਰਾਂ ਨੂੰ ਮੁਹੱਈਆ ਕਰਵਾਈਆਂ ਜਾਣਗੀਆਂ।

ਛੋਟੇ ਕਿਸਾਨਾਂ ਦਾ ਖੇਤੀ-ਵਪਾਰ ਸੰਘ ਜੋ ਖੇਤੀਬਾੜੀ ਮੰਤਰਾਲਾ ਤਹਿਤ ਇਕ ਵਿਭਾਗ ਹੈ, ਵੀ ਇਸੇ ਉਦੇਸ਼ ਲਈ ਕੰਮ ਕਰ ਰਿਹਾ ਹੈ। ਦੇਸ਼ ਭਰ ਵਿਚ ਕਿਸਾਨ ਉਤਪਾਦਕ ਸਭਾਵਾਂ ਸਥਾਪਤ ਕਰਨ ਦੇ ਉਦੇਸ਼ ਨਾਲ ਇਸ ਵਲੋਂ 2014 ਵਿਚ ਇਕ ਨਵਾਂ ਵਿੰਗ - ਦਿੱਲੀ ਕਿਸਾਨ ਮੰਡੀ ਸਥਾਪਤ ਕੀਤਾ ਗਿਆ। ਇਸ ਵਿੰਗ ਦਾ ਕੰਮ ਕਿਸਾਨਾਂ ਦੇ ਦਰਾਂ ਤੋਂ ਸਿੱਧੇ ਖਰੀਦ ਕਰਨਾ ਹੈ। ਸਥਾਪਤੀ ਦੇ ਇਕ ਸਾਲ ਦੇ ਅੰਦਰ ਦਿੱਲੀ ਕਿਸਾਨ ਮੰਡੀ ਨੇ ਵੱਖ-ਵੱਖ ਖੇਤੀ ਵਪਾਰ ਸੰਘਾਂ ਰਾਹੀਂ 1000 ਟਨ ਸਬਜ਼ੀਆਂ ਵੇਚਣ ਵਿਚ ਸਹਾਇਤਾ ਕੀਤੀ ਹੈ।

***ਖੇਤੀ ਕਰਜ਼ਾ :*** ਕਿਸਾਨਾਂ ਨੂੰ ਆਸਾਨ ਸ਼ਰਤਾਂ 'ਤੇ ਕਰਜ਼ਾ ਉਪਲਬਧ ਕਰਵਾਉਣਾ ਨਵੀਂ ਦਿੱਲੀ ਦੀਆਂ ਸਰਕਾਰਾਂ ਲਈ ਬੇਹੱਦ ਔਖਾ ਕੰਮ ਰਿਹਾ ਹੈ। ਅਸੀਂ ਰੋਜ਼ ਸੁਣਦੇ ਹਾਂ ਕਿ ਸਥਾਨਕ ਸ਼ਾਹੂਕਾਰਾਂ ਦੇ ਕਰਜ਼ੇ ਦੇ ਜਾਲ ਵਿਚੋਂ ਨਾ ਨਿਕਲਣ ਕਰਕੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਵਿੱਤੀਕਰਨ ਦੀਆਂ ਕੌੜੀਆਂ ਸਚਾਈਆਂ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੇ ਖੇਤੀ ਵਿੱਤੀਕਰਨ ਦਾ ਟੀਚਾ 50,000 ਕਰੋੜ ਰੁਪਏ ਤੋਂ ਵਧਾ ਕੇ 8.5 ਲੱਖ ਕਰੋੜ ਰੁਪਏ ਕਰ ਦਿਤਾ ਹੈ।

***ਡੀ.ਡੀ. ਕਿਸਾਨ ਦੀ ਸ਼ੁਰੂਆਤ :*** ਕਿਸਾਨਾਂ ਦੀ ਨਵੇਂ ਮੌਕਿਆਂ, ਰਸਤਿਆਂ ਅਤੇ ਮੌਸਮ ਦੇ ਹਾਲਾਤ ਬਾਰੇ ਜਾਣਕਾਰੀ ਦੀ ਘਾਟ ਨੂੰ ਵੇਖਦਿਆਂ, ਰਾਸ਼ਟਰੀ ਜਮਹੂਰੀ ਗਠਜੋੜ ਸਰਕਾਰ ਨੇ ਇਕ ਨਵਾਂ ਚੈਨਲ ਸ਼ੁਰੂ ਕਰਨ ਵਲ ਕਦਮ ਪੁੱਟੇ ਹਨ ਜੋ ਕਿਸਾਨਾਂ ਦੀਆਂ ਲੋੜਾਂ ਨੂੰ ਸਮਰਪਿਤ ਹੋਵੇਗਾ। ਇਹ ਇਕ ਵਿਲੱਖਣ ਪਹਿਲਕਦਮੀ ਹੈ ਅਤੇ ਜੇ ਇਸ ਨੂੰ ਠੀਕ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਇਹ ਇਕ ਵੱਡਾ ਪਾੜਾ ਪੂਰਨ ਵਿਚ ਮਦਦਗਾਰ ਹੋ ਸਕਦੀ ਹੈ।

***ਖੇਤੀ ਬੀਮਾ :*** ਵਿੱਤ ਮੰਤਰੀ ਸ੍ਰੀ ਅਰੁਣ ਜੇਟਲੀ ਨੇ 12 ਜੁਲਾਈ, 2015 ਨੂੰ ਐਲਾਨ ਕੀਤਾ ਕਿ ਸਰਕਾਰ ਇਕ ਨਵੀਂ ਖੇਤੀ ਬੀਮਾ ਯੋਜਨਾ 'ਤੇ ਕੰਮ ਕਰ ਰਹੀ ਹੈ ਜਿਸ ਤਹਿਤ ਕਿਸਾਨ ਦੇ ਖੇਤ ਵਿਚ ਆਉਣ ਵਾਲੀਆਂ ਸਾਰੀਆਂ ਲਾਗਤਾਂ ਆਉਣਗੀਆਂ ਅਤੇ ਇਸ ਦੇ ਦਾਇਰੇ ਵਿਚ ਉਸ ਵਲੋਂ ਲਏ ਕਰਜ਼ੇ ਵੀ ਹੋਣਗੇ। ਅਜਿਹੀਆਂ ਖੇਤੀ ਬੀਮਾ ਯੋਜਨਾਵਾਂ ਦੇ ਇਤਿਹਾਸ ਨੂੰ ਧਿਆਨ ਵਿਚ ਰੱਖਦਿਆਂ, ਇਹ ਕੋਸ਼ਿਸ਼ ਸਰਕਾਰ ਸਾਹਮਣੇ ਵੱਡੀ ਚੁਣੌਤੀ ਪੇਸ਼ ਕਰੇਗੀ। ਆਉਣ ਵਾਲੀ ਯੋਜਨਾ ਦੀ ਵਿਹਾਰਕਤਾ ਬਾਰੇ ਖੇਤੀ ਭਾਈਚਾਰੇ ਨੂੰ ਯਕੀਨ ਦੁਆਉਣ ਲਈ ਸ੍ਰੀ ਜੇਟਲੀ ਨੇ ਇਸ ਨੂੰ "ਸੰਭਵ ਅਤੇ ਪ੍ਰਭਾਵੀ ਬੀਮਾ ਪ੍ਰੋਗਰਾਮ ਦੱਸਿਆ ਜਿਸ ਤਹਿਤ ਇਕ ਜਾਂ ਵੱਧ ਕਾਰਨਾਂ ਕਰਕੇ ਪੈਦਾ ਹੋਈ ਗ਼ੈਰ ਯਕੀਨੀ ਦੀ ਹਾਲਤ ਵਿਚ ਕਿਸਾਨ ਘੱਟੋ-ਘੱਟ ਮੁਢਲੀ ਲਾਗਤ ਦਾ ਦਾਅਵਾ ਪੇਸ਼ ਕਰ ਸਕਣਗੇ।" ਜੇ ਸਰਕਾਰ ਕਿਸਾਨਾਂ ਨੂੰ ਵਿਸ਼ਾਲ ਕਰਜ਼ਾ ਯੋਜਨਾ ਮੁਹੱਈਆ ਕਰਵਾਉਣ ਵਿਚ ਸਫਲ ਹੋ ਜਾਂਦੀ ਹੈ ਤਾਂ ਇਸ ਨਾਲ ਦਿਹਾਤੀ ਭਾਰਤ ਵਿਚ ਮਜ਼ਬੂਤ ਸਮਾਜਿਕ ਸੁਰੱਖਿਆ ਪ੍ਰਣਾਲੀ ਦਾ ਨਿਰਮਾਣ ਹੋ ਜਾਵੇਗਾ। ਬਦਕਿਸਮਤੀ ਨੂੰ, ਅੱਜ ਤਕ ਅਜਿਹੀਆਂ ਸਾਰੀਆਂ ਯੋਜਨਾਵਾਂ ਬੁਰੀ ਤਰ੍ਹਾਂ ਅਸਫਲ ਹੋਈਆਂ ਹਨ (ਵੇਖੋ ਤਾਲਿਕਾ-2)। ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ ਐੱਚ ਆਰ ਖ਼ਾਨ ਨੇ ਆਉਣ ਵਾਲੀ ਖੇਤੀ ਕਰਜ਼ਾ ਯੋਜਨਾ 'ਤੇ ਝਾਤ ਪਾਉਂਦਿਆਂ ਆਖਿਆ, "ਸਾਡੇ ਕੋਲ ਰਾਸ਼ਟਰੀ ਬੀਮਾ ਯੋਜਨਾ ਹੈ, ਸਾਡੇ ਕੋਲ ਸੋਧੀ ਹੋਈ ਰਾਸ਼ਟਰੀ ਯੋਜਨਾ ਹੈ, ਅਤੇ ਹੁਣ ਅਸੀਂ ਮੌਸਮ ਆਧਾਰਿਤ ਬੀਮਾ ਕਵਰ ਦੇਣ ਜਾ ਰਹੇ ਹਾਂ, ਅਤੇ ਹੁਣ ਕਿਸਾਨਾਂ ਨੂੰ ਆਮਦਨ ਬੀਮਾ ਦੇਣ ਬਾਰੇ ਵੀ ਗੱਲਾਂ ਚੱਲ ਰਹੀਆਂ ਹਨ ਜੋ ਇਕ ਵੱਡਾ ਮੁੱਦਾ ਬਣ ਚੁੱਕਿਆ ਹੈ।"

***ਭੰਡਾਰਨ :*** ਮੋਦੀ ਸਰਕਾਰ ਨੇ ਪ੍ਰਭਾਵੀ ਭੰਡਾਰਨ ਦੀ ਲੋੜ ਨੂੰ ਮਹਿਸੂਸ ਕਰਦਿਆਂ ਆਪਣੇ ਪਹਿਲੇ ਬਜਟ ਵਿਚ 5000 ਕਰੋੜ ਰੁਪਏ ਦਾ ਪ੍ਰਾਵਧਾਨ ਕੀਤਾ ਹੈ। ਮਕੈਨੀਕਲ ਇੰਜੀਨੀਅਰਜ਼ ਸੰਸਥਾਨ ਵਲੋਂ 2013 ਵਿਚ ਛਾਪੀ ਇਕ ਰਿਪੋਰਟ ਮੁਤਾਬਕ, ਭਾਰਤ ਵਿਚ ਹਰੇਕ ਸਾਲ 2.1 ਕਰੋੜ ਟਨ ਕਣਕ ਬਰਬਾਦ ਹੋ ਜਾਂਦੀ ਹੈ ਜੋ ਕੁੱਲ ਉਤਪਾਦਨ ਦਾ 2.2 ਪ੍ਰਤਿਸ਼ਤ ਬਣਦਾ ਹੈ। ਇਸ ਦੀ ਵਜ੍ਹਾ ਢੁਕਵੀਂ ਭੰਡਾਰਨ ਸਹੂਲਤ ਦੀ ਕਮੀ ਹੈ। ਫਲ ਅਤੇ ਸਬਜ਼ੀਆਂ ਦੇ ਵਰਗ ਵਿਚ ਇਹ ਅਨੁਪਾਤ ਕੁੱਲ ਘਰੇਲੂ ਉਤਪਾਦ ਦਾ 40 ਪ੍ਰਤਿਸ਼ਤ ਹੈ। ਕੁੱਲ ਮਿਲਾ ਕੇ, ਅਸੀਂ ਸਾਲਾਨਾ 44,000 ਕਰੋੜ ਰੁਪਏ ਦਾ ਅਨਾਜ ਬਰਬਾਦ ਕਰ ਦਿੰਦੇ ਹਾਂ। ਖੇਤੀ ਅਤੇ ਦਿਹਾਤੀ ਵਿਕਾਸ ਲਈ ਰਾਸ਼ਟਰੀ ਬੈਂਕ (ਨਾਬਾਰਡ) ਦਾ ਟੀਚਾ ਗੋਦਾਮ ਅਤੇ ਭੰਡਾਰਨ ਘਰਾਂ ਦੀ ਉਸਾਰੀ ਕਰਕੇ 9.23 ਲੱਖ ਟਨ ਸਮਰਥਾ ਵਾਲੇ ਵਿਗਿਆਨਕ ਭੰਡਾਰਨ ਗ੍ਰਹਿ ਦਾ ਨਿਰਮਾਣ ਕਰਨ ਦਾ ਹੈ। 2015-16 ਲਈ ਨਾਬਾਰਡ ਨੇ ਕੁੱਝ ਪ੍ਰਾਥਮਿਕ ਖੇਤਰਾਂ ਜਿਵੇਂ ਪਾਣੀ ਦੇ ਸਰੋਤ, ਭੂਮੀ ਵਿਕਾਸ, ਖੇਤੀ ਮਸ਼ੀਨੀਕਰਨ, ਡੇਅਰੀ, ਮੁਰਗੀ ਪਾਲਣ, ਮੱਛੀ ਪਾਲਣ, ਭੰਡਾਰਨ ਗੋਦਾਮ ਦਾ ਨਿਰਮਾਣ, ਮੰਡੀ ਯਾਰਡ ਦਾ ਨਿਰਮਾਣ, ਊਰਜਾ ਸਰੋਤਾਂ ਅਤੇ ਰਹਿੰਦ-ਖੂੰਹਦ ਪ੍ਰਬੰਧਨ ਲਈ 47,756.43 ਕਰੋੜ ਰੁਪਏ ਸਾਲਾਨਾ ਦਾ ਕਰਜ਼ਾ ਦੇਣ ਦਾ ਟੀਚਾ ਮਿਥਿਆ ਹੈ। ਲਾਗਤ ਵਿਚ 19 ਪ੍ਰਤਿਸ਼ਤ ਵਾਧਾ ਕਰਕੇ 2014-15 ਵਿਚ 40001.01 ਕਰੋੜ ਰੁਪਏ ਕਰ ਦਿਤਾ ਗਿਆ ਹੈ, ਸੂਤਰਾਂ ਦਾ

***ਬਾਕੀ ਸਫ਼ਾ 28 ਉੱਤੇ***

ਤਾਲਿਕਾ-2

| ਸਕੀਮ ਦਾ ਨਾਂ | ਸ਼ੁਰੂ ਹੋਣ ਦਾ ਸਾਲ | ਖਤਮ ਹੋਣ ਦਾ ਸਾਲ | ਮੁੱਖ ਵਿਸ਼ੇਸ਼ਤਾਵਾਂ | ਅਸਫਲ ਹੋਣ ਦਾ ਕਾਰਨ |
|---|---|---|---|---|
| ਵਿਆਪਕ ਫ਼ਸਲ ਬੀਮਾ ਯੋਜਨਾ | ਮੌਜੂਦ ਨਹੀਂ | 1997 | ਸਕੀਮ ਤਹਿਤ ਜੇ ਅਸਲ ਉਪਜ ਜ਼ਾਮਨੀਸ਼ੁਦਾ ਉਪਜ ਤੋਂ ਘੱਟ ਰਹਿ ਜਾਵੇ ਤਾਂ ਕਿਸਾਨ ਉਪਜ ਵਿਚ ਘਾਟੇ ਦੀ ਭਰਪਾਈ ਦੇ ਹੱਕਦਾਰ ਹੋਣਗੇ | ਪੂਰੇ ਭਾਰਤ ਦੇ 1623 ਕਰੋੜ ਰੁਪਏ ਦੇ ਦਾਅਵੇ 'ਚੋਂ ਇਕੱਲੇ ਗੁਜਰਾਤ ਨੇ ਸਿਰਫ਼ ਇਕ ਫ਼ਸਲ ਮੂੰਗਫਲੀ ਲਈ 792 ਕਰੋੜ ਰੁਪਏ ਹਾਸਲ ਕੀਤੇ |
| ਤਜਰਬੇ ਦੇ ਤੌਰ ਤੇ ਫ਼ਸਲ ਬੀਮਾ | 1997-98 | 1997-98 | ਇਸ ਯੋਜਨਾ ਤਹਿਤ ਛੋਟੇ ਅਤੇ ਸੀਮਾਂਤ ਕਿਸਾਨ ਆਉਂਦੇ ਹਨ ਜੋ ਚੁਣੇ ਜ਼ਿਲ੍ਹਿਆਂ ਵਿਚ ਵਿਸ਼ੇਸ਼ ਫ਼ਸਲਾਂ ਪੈਦਾ ਕਰਦੇ ਹਨ। ਪ੍ਰੀਮੀਅਮ 'ਤੇ ਸਬਸਿਡੀ ਦਿਤੀ ਗਈ ਸੀ। | ਕੁੱਲ ਕਰੋੜ ਪ੍ਰੀਮੀਅਮ 3 ਕਰੋੜ ਇਕੱਠਾ ਹੋਇਆ ਤੇ ਦਾਅਵੇ 40 ਕਰੋੜ ਰੁਪਏ ਦੇ ਪੇਸ਼ ਕੀਤੇ ਗਏ। |
| ਖੇਤੀ ਆਮਦਨ ਬੀਮਾ ਯੋਜਨਾ | 2003-04 | 2003-04 | ਇਕਹਿਰੀ ਬੀਮਾ ਯੋਜਨਾ ਰਾਹੀਂ ਉਪਜ ਅਤੇ ਕੀਮਤਾਂ ਦਾ ਟੀਚਾ ਮਿਥਿਆ ਗਿਆ ਤਾਂ ਕਿ ਬੀਮਾਕ੍ਰਿਤ ਕਿਸਾਨ ਨੂੰ ਜ਼ਾਮਨੀਸ਼ੁਦਾ ਆਮਦਨ ਮਿਲ ਸਕੇ। | ਸਰਕਾਰ ਬਦਲ ਗਈ |
| ਰਾਸ਼ਟਰੀ ਖੇਤੀ ਬੀਮਾ ਯੋਜਨਾ | 1999-2000 | ਜਾਰੀ ਹੈ | ਸਾਰੀਆਂ ਅਨਾਜ ਫ਼ਸਲਾਂ (ਅਨਾਜ, ਦਾਲਾਂ) ਤੇਲ ਬੀਜ, ਬਾਗਬਾਨੀ ਤੇ ਵਪਾਰਕ ਫ਼ਸਲਾਂ ਇਸ ਦੇ ਦਾਇਰੇ ਹੇਠ ਆਉਂਦੀਆਂ ਹਨ। ਇਸ ਸਕੀਮ ਤਹਿਤ ਕਰਜ਼ਾ ਲੈਣ ਵਾਲੇ ਤੇ ਨਾ ਲੈਣ ਵਾਲੇ ਦੋਵੇਂ ਆਉਂਦੇ ਹਨ। | ਮੌਜੂਦ ਨਹੀਂ |

# ਪ੍ਰਧਾਨ ਮੰਤਰੀ ਦੀ ਜੀਵਨ, ਦੁਰਘਟਨਾ ਬੀਮਾ ਤੇ ਅਟਲ ਬੀਮਾ ਯੋਜਨਾ

## ਭਾਰਤ ਅੰਦਰ ਸਮਾਜਿਕ ਸੁਰੱਖਿਆ ਵਲ ਕਦਮ

ਜਿਤੇਂਦਰ ਸਿੰਘ

ਭਾਰਤ ਦੇ ਪ੍ਰਧਾਨ ਮੰਤਰੀ ਵਲੋਂ ਹਾਲ ਹੀ ਵਿਚ ਤਿੰਨ ਪ੍ਰਮੁੱਖ ਸਕੀਮਾਂ ਜਾਰੀ ਕੀਤੀਆਂ ਗਈਆਂ ਜਿਸ ਵਿਚ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਤੇ ਅਟਲ ਬੀਮਾ ਯੋਜਨਾ ਸ਼ਾਮਿਲ ਹਨ। ਇਹ ਤਿੰਨ ਯੋਜਨਾਵਾਂ ਜੀਵਨ, ਦੁਰਘਟਨਾ ਅਪੰਗਤਾ ਅਤੇ ਇਕ ਖ਼ਾਸ ਉਮਰ ਵਰਗ ਦੇ ਬਜ਼ੁਰਗਾਂ ਨੂੰ ਬੁਢਾਪੇ ਵਿਚ ਆਮਦਨ ਪ੍ਰਦਾਨ ਕਰਨਗੀਆਂ। ਬੀਮਾ ਯੋਜਨਾਵਾਂ ਵਿਚ ਨਾਮਜ਼ਦ ਵਿਅਕਤੀ ਜਾਂ ਖਰੀਦਾਰ, ਬੀਮਾ ਧਾਰਕ ਦੀ ਮੌਤ ਜਾਂ ਪੂਰਨ ਅਪੰਗਤਾ ਦੀ ਹਾਲਤ ਵਿਚ, ਪ੍ਰਤਿ ਸਾਲ 330 ਅਤੇ 12 ਰੁਪਏ ਪ੍ਰੀਮੀਅਮ ਦਾ ਭੁਗਤਾਨ ਕਰਕੇ 2 ਲੱਖ ਦਾ ਕਲੇਮ ਪ੍ਰਾਪਤ ਕਰ ਸਕਦੇ ਹਨ। ਪ੍ਰੀਮੀਅਮ ਦੀ ਰਕਮ ਬੀਮਾ ਧਾਰਕ ਦੇ ਖਾਤੇ ਵਿਚੋਂ ਆਪਣੇ ਆਪ ਮਨਫ਼ੀ ਹੋ ਜਾਵੇਗੀ। ਬੀਮਾ ਯੋਜਨਾਵਾਂ 1 ਜੂਨ, 2015 ਤੋਂ 31 ਮਈ, 2016 ਤਕ ਇਕ ਸਾਲ ਲਈ ਸਹੀ ਹਨ। ਇਨ੍ਹਾਂ ਨੂੰ ਹਰੇਕ ਸਾਲ ਨਵਿਆਇਆ ਜਾ ਸਕਦਾ ਹੈ। ਇਨ੍ਹਾਂ ਯੋਜਨਾਵਾਂ ਦਾ ਲਾਭ ਉਠਾਉਣ ਲਈ ਖਰੀਦਾਰ ਨੂੰ ਇਕ ਸਫ਼ੇ ਦਾ ਸਾਧਾਰਨ ਫਾਰਮ ਭਰਨਾ ਹੋਵੇਗਾ। ਇਹ ਯੋਜਨਾਵਾਂ ਦੇਸ਼ ਅੰਦਰ ਸਮਾਜਿਕ ਸੁਰੱਖਿਆ ਦਾ ਜਾਲ ਫ਼ੈਲਾਉਣ ਵਲ ਇਕ ਕਦਮ ਹਨ। ਇਨ੍ਹਾਂ ਯੋਜਨਾਵਾਂ ਦੀਆਂ ਬਹੁਤ ਸਾਰੀਆਂ ਨਵੀਨਤਮ ਵਿਸ਼ੇਸ਼ਤਾਈਆਂ ਹਨ।

ਪਹਿਲੀ, ਇਨ੍ਹਾਂ ਦੀ ਵਿਆਪਕ ਪਹੁੰਚ ਹੈ ਕਿਉਂਕਿ ਇਸ ਤਹਿਤ ਉਹ ਸਾਰੇ ਵਿਅਕਤੀ ਆਉਂਦੇ ਹਨ ਜੋ ਨਿੱਜੀ ਉਤਪਾਦ ਨਹੀਂ ਖਰੀਦ ਸਕਦੇ। ਉਮਰ, ਬੈਂਕ ਖਾਤੇ ਆਦਿ ਦੀ ਪਾਬੰਦੀ ਭਾਵੇਂ ਇਸ ਦਾ ਦਾਇਰਾ ਸੀਮਤ ਕਰਦੇ ਹਨ, ਤਾਂ ਵੀ ਇਹ ਉਤਪਾਦ ਵਿਆਪਕ ਅਤੇ ਲਾਗੂ ਕਰਨ ਯੋਗ ਹਨ। ਪ੍ਰੀਮੀਅਮ/ਨਿਵੇਸ਼ ਇੰਨਾ ਘੱਟ ਹੈ ਕਿ ਸਭ ਤੋਂ ਗਰੀਬ ਦੀ ਵੀ ਇਨਾਂ ਉਤਪਾਦਾਂ ਤਕ ਪਹੁੰਚ ਹੈ।

ਦੂਜਾ, ਪ੍ਰੀਮੀਅਮ/ਨਿਵੇਸ਼ ਨਾਲ ਖਰੀਦਾਰ ਨੂੰ ਜ਼ਿੰਮੇਵਾਰ ਬਣਾਉਣਾ ਹੈ ਜਿਸ ਨਾਲ ਉਸ ਨੂੰ ਅਜਿਹੇ ਉਤਪਾਦ ਖਰੀਦਣ ਦੀ ਆਦਤ ਪੈਂਦੀ ਹੈ। ਇਨ੍ਹਾਂ ਸਕੀਮਾਂ ਕਰਕੇ ਵਿੱਤੀ ਉਤਪਾਦਾਂ ਬਾਰੇ ਆਮ ਲੋਕਾਂ ਵਿਚ ਜਾਗਰੂਕਤਾ ਵੀ ਪੈਦਾ ਹੋਵੇਗੀ। ਹੋਰ, ਇਸ ਨਾਲ ਬੈਂਕਾਂ ਅਤੇ ਆਮ ਲੋਕਾਂ ਦੇ ਸੰਬੰਧਾਂ ਵਿਚ ਇਕ ਨਵੀਂ ਤਾਜ਼ਗੀ ਆਵੇਗੀ ਅਤੇ ਵਿੱਤੀ ਸ਼ਮੂਲੀਅਤ ਨੂੰ ਵੀ ਹੁਲਾਰਾ ਮਿਲੇਗਾ।

ਤੀਜਾ, ਇਸ ਸਾਰੀ ਪ੍ਰਕਿਰਿਆ ਵਿਚ ਬੈਂਕਾਂ ਦੀ ਭੂਮਿਕਾ ਬਹੁਤ ਅਹਿਮ ਹੈ। ਉਤਪਾਦ ਖਰੀਦਣ ਵਾਲੇ ਨੂੰ ਸਿੱਧਾ ਬੀਮਾ ਕੰਪਨੀ ਨਾਲ ਗੱਲਬਾਤ ਨਹੀਂ ਕਰਨੀ ਪਵੇਗੀ, ਸਗੋਂ ਬੈਂਕ ਵਿਚੋਲਗਿਰੀ ਕਰੇਗਾ। ਪ੍ਰੀਮੀਅਮ ਬੈਂਕ ਖਾਤੇ ਵਿਚੋਂ ਆਪਣੇ ਆਪ ਮਨਫ਼ੀ ਹੋ ਜਾਵੇਗਾ। ਮੌਤ ਅਤੇ ਅਪੰਗਤਾ ਦੀ ਹਾਲਤ ਵਿਚ ਲਾਭਪਾਤਰੀਆਂ ਨੂੰ ਕਾਗ਼ਜ਼ੀ ਕਾਰਵਾਈ ਬੈਂਕ ਨਾਲ ਹੀ ਕਰਨੀ ਹੋਵੇਗੀ ਅਤੇ ਕਲੇਮ ਬਾਰੇ ਕਾਰਵਾਈ ਬੈਂਕ ਆਪਣੇ ਆਪ ਬੀਮਾ ਕੰਪਨੀ ਨਾਲ ਕਰੇਗਾ। ਦਾਅਵੇ ਦੀ ਰਕਮ ਸਿੱਧਾ ਬੈਂਕ ਖਾਤੇ ਵਿਚ ਪਹੁੰਚ ਜਾਵੇਗੀ। ਇਹ ਗਾਹਕਾਂ ਲਈ ਵੱਡੀ ਸਹੂਲਤ ਹੋਵੇਗੀ।

ਚੌਥਾ, 'ਕਾਰੋਬਾਰੀ ਸੰਪਰਕ' ਮਾਡਲ, ਜੋ ਜਨ ਧਨ ਯੋਜਨਾ ਵਿਚ ਸ਼ੁਰੂ ਕੀਤਾ ਗਿਆ ਸੀ, ਬੈਂਕ ਦੀ ਸਮਰੱਥਾ ਨੂੰ ਵੀ ਵਧਾਵੇਗਾ। ਕੋਈ ਵੀ ਯੋਗ ਤੇ ਬੇਰੁਜ਼ਗਾਰ ਨੌਜਵਾਨ ਬੈਂਕ ਦਾ ਕਾਰੋਬਾਰੀ ਸੰਪਰਕ ਬਣ ਸਕਦਾ ਹੈ। ਬੈਂਕ ਸ਼ਾਖਾ ਤੋਂ ਦੂਰ ਕਿਸੇ ਪਿੰਡ ਵਿਚ ਬੈਠਾ ਕਾਰੋਬਾਰੀ ਸੰਪਰਕ ਛੋਟੇ ਭੁਗਤਾਨ ਕਰ ਸਕਦਾ ਹੈ (ਜਮ੍ਹਾਂ ਅਤੇ ਪੈਸੇ ਕੱਢਣਾ), ਬੈਂਕ ਖਾਤੇ ਖੋਲ੍ਹਣਾ ਅਤੇ ਆਮ ਲੋਕਾਂ ਨੂੰ ਬੀਮਾ ਅਤੇ ਪੈਨਸ਼ਨ ਦੇ ਉਤਪਾਦ ਵੇਚਣਾ। ਇਸ ਤਰੀਕੇ ਨਾਲ ਬੈਂਕ ਆਪਣੇ ਲੈਣ-ਦੇਣ ਦੀ ਲਾਗਤ ਕਾਫ਼ੀ ਘੱਟ ਕਰ ਸਕਦਾ ਹੈ।

ਪੰਜਵਾਂ, ਬੀਮਾ ਅਤੇ ਪੈਨਸ਼ਨ ਉਤਪਾਦ ਦੇਸ਼ ਵਾਸਤੇ ਬੱਚਤਾਂ ਦਾ ਸਾਧਨ ਬਣਦੇ ਹਨ ਜਿਨ੍ਹਾਂ ਨੂੰ ਰਵਾਇਤੀ ਸਮਾਜਿਕ ਸੁਰੱਖਿਆ ਉਤਪਾਦ ਜਿਵੇਂ ਸੋਨਾ ਅਤੇ ਜ਼ਮੀਨ ਤੋਂ ਉਲਟ ਉਤਪਾਦਕ ਨਿਵੇਸ਼ ਲਈ ਵਰਤਿਆ ਜਾ ਸਕਦਾ ਹੈ। ਜ਼ੋਖ਼ਮ ਘੱਟ ਕਰਨ ਦੇ ਰਵਾਇਤੀ ਤਰੀਕੇ ਗਰੀਬਾਂ ਦੀ ਪਹੁੰਚ ਤੋਂ ਬਾਹਰ ਰਹੇ ਹਨ।

ਇਨ੍ਹਾਂ ਨਵੀਨਤਾਵਾਂ ਨਾਲ, ਗਾਹਕੀ ਦੇ ਮਾਮਲੇ ਵਿਚ ਇਨ੍ਹਾਂ ਸਕੀਮਾਂ ਨੇ ਬੇਮਿਸਾਲ ਸਫਲਤਾ ਹਾਸਲ ਕੀਤੀ ਹੈ। 27 ਜੂਨ 2015 ਤਕ ਦੇ ਛੋਟੇ ਜਿਹੇ ਸਮੇਂ ਦੌਰਾਨ ਲਗਭਗ 10.42 ਕਰੋੜ ਲੋਕ ਸਮੂਹਿਕ ਤੌਰ ਤੇ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾ ਦੇ ਜਨਤਕ ਖੇਤਰ ਅਤੇ ਖੇਤਰੀ ਦਿਹਾਤੀ ਬੈਂਕਾਂ ਦੇ ਮਾਧਿਅਮ ਰਾਹੀਂ ਗਾਹਕ ਬਣੇ ਹਨ। ਜਨਤਕ ਖੇਤਰ ਦੇ ਬੈਂਕਾਂ ਦੀ ਹਿੱਸੇਦਾਰੀ 78 ਪ੍ਰਤਿਸ਼ਤ, ਖੇਤਰੀ ਦਿਹਾਤੀ ਬੈਂਕਾਂ ਦੀ 16 ਪ੍ਰਤਿਸ਼ਤ ਅਤੇ ਬਾਕੀ ਨਿੱਜੀ ਬੈਂਕਾਂ, ਦਿਹਾਤੀ ਸਹਿਕਾਰੀ ਅਤੇ ਸ਼ਹਿਰੀ ਸਹਿਕਾਰੀ ਬੈਂਕਾਂ ਦੀ ਹੈ। 10.42 ਕਰੋੜ ਦਾ ਸਮੂਹਿਕ ਅੰਕੜਾ ਇਕ ਵਿਅਕਤੀ ਨੂੰ ਤਿੰਨ ਵਾਰੀ ਗਿਣਦਾ ਹੈ ਜੇ ਉਸ ਵਲੋਂ ਤਿੰਨੇ ਯੋਜਨਾਵਾਂ ਲਈਆਂ ਹੋਣ, ਦੋ ਵਾਰੀ ਜੇ ਦੋ

ਯੋਜਨਾਵਾਂ ਲਈਆਂ ਹੋਣ। ਇਨ੍ਹਾਂ ਸਕੀਮਾਂ ਦਾ ਗਾਹਕ ਬਣਨ ਵਾਲੇ ਵਿਅਕਤੀਆਂ ਦੀ ਅਸਲ ਸੰਖਿਆ ਕਾਫ਼ੀ ਘੱਟ ਹੋ ਸਕਦੀ ਹੈ। ਸਮੂਹਿਕ ਗਾਹਕਾਂ ਵਿਚੋਂ ਲਗਭਗ ਤਿੰਨ ਚੌਥਾਈ ਨੇ ਦੁਰਘਟਨਾ ਬੀਮਾ ਅਤੇ ਇਕ ਚੌਥਾਈ ਨੇ ਜੀਵਨ ਬੀਮਾ ਯੋਜਨਾਵਾਂ ਲਈਆਂ ਹਨ। ਸਮੂਹਿਕ ਗਾਹਕਾਂ ਦੇ ਇਕ ਪ੍ਰਤਿਸ਼ਤ ਤੋਂ ਵੀ ਘੱਟ ਵਿਅਕਤੀਆਂ ਨੇ ਪੈਨਸ਼ਨ ਸਕੀਮ ਦਾ ਲਾਹਾ ਲਿਆ। ਲੋਕਾਂ ਦਾ ਝੁਕਾਅ ਦੁਰਘਟਨਾ ਬੀਮਾ ਵਲ ਜ਼ਿਆਦਾ ਹੈ। ਇਸ ਦਾ ਕਾਰਨ 12 ਰੁਪਏ ਦਾ ਘੱਟ ਪ੍ਰੀਮੀਅਮ ਅਤੇ ਉਮਰ ਵਰਗ 18 ਤੋਂ 70 ਸਾਲ ਹੋਣਾ ਹੋ ਸਕਦਾ ਹੈ, ਮੁਕਾਬਲਤਨ ਜੀਵਨ ਬੀਮਾ ਦੇ ਜਿਸ ਦਾ ਸਾਲਾਨਾ ਪ੍ਰੀਮੀਅਮ 330 ਰੁਪਏ ਅਤੇ ਉਮਰ ਦੀ ਹੱਦ 50 ਸਾਲ ਹੈ, ਦੋਵਾਂ ਵਿਚ ਜ਼ੋਖ਼ਮ ਦੀ ਹੱਦ 2 ਲੱਖ ਰੁਪਏ ਹੈ। ਕੁੱਲ ਗਾਹਕਾਂ ਵਿਚੋਂ ਸਿਰਫ਼ ਇਕ ਤਿਹਾਈ ਪੇਂਡੂ ਖੇਤਰ ਤੋਂ ਹਨ ਜੋ ਜਨਸੰਖਿਆ ਦੇ 68 ਪ੍ਰਤਿਸ਼ਤ ਅਤੇ ਕੁੱਲ ਗਰੀਬਾਂ ਦੇ 78 ਪ੍ਰਤਿਸ਼ਤ ਪੇਂਡੂ ਅੰਕੜੇ ਦੇ ਚਲਦਿਆਂ ਕਾਫ਼ੀ ਘੱਟ ਹੈ। ਇਸ ਦਾ ਕਾਰਨ ਜਾਗਰੂਕਤਾ ਦੀ ਕਮੀ ਅਤੇ ਪੇਂਡੂ ਖੇਤਰਾਂ ਵਿਚ ਬੈਂਕਾਂ ਦਾ ਘੱਟ ਫ਼ੈਲਾਅ ਹੋ ਸਕਦਾ ਹੈ। ਕੁੱਲ ਗਾਹਕਾਂ ਦਾ ਸਿਰਫ਼ ਇਕ ਚੌਥਾਈ ਔਰਤਾਂ ਹਨ ਜੋ ਪੇਂਡੂ ਅਤੇ ਸ਼ਹਿਰੀ ਖੇਤਰਾਂ ਤੋਂ ਬਰਾਬਰ ਸੰਖਿਆ ਵਿਚ ਹਨ। ਵਿਅਕਤੀਗਤ ਸਕੀਮਾਂ ਵਿਚ ਇਸ ਅਨੁਪਾਤ ਵਿਚ ਕੋਈ ਬਹੁਤਾ ਫ਼ਰਕ ਨਹੀਂ। ਹੁਣ ਤਕ 28 ਵਿਅਕਤੀਆਂ ਨੂੰ ਜੀਵਨ ਬੀਮਾ ਅਤੇ 8 ਵਿਅਕਤੀਆਂ ਨੂੰ ਦੁਰਘਟਨਾ ਬੀਮਾ ਤਹਿਤ ਦਾਅਵੇ ਦੀ ਅਦਾਇਗੀ ਕੀਤੀ ਗਈ ਹੈ।

ਇਹ ਸਕੀਮਾਂ ਸਰਕਾਰ, ਬੈਂਕਾਂ ਅਤੇ ਲੋਕਾਂ ਸਾਹਮਣੇ ਚੁਨੌਤੀਆਂ ਵੀ ਪੇਸ਼ ਕਰਦੀਆਂ ਹਨ :

- ਪੇਂਡੂ ਖੇਤਰਾਂ ਵਿਚ ਜਾਗਰੂਕਤਾ ਦੀ ਕਮੀ ਅਤੇ ਯੋਜਨਾਵਾਂ ਬਾਰੇ ਸਮਝ ਦੀ ਘਾਟ ਇਕ ਵੱਡੀ ਰੁਕਾਵਟ ਹੈ। ਪੇਂਡੂ ਖੇਤਰਾਂ ਵਿਚ ਅਜਿਹੀ ਕੋਈ ਪ੍ਰਣਾਲੀ ਨਹੀਂ ਜੋ ਨਿਰਧਾਰਤ ਸਮਾਂ ਸੀਮਾ ਵਿਚ ਇੱਛਤ ਜਾਣਕਾਰੀ ਮੁਹੱਈਆ ਕਰਵਾ ਸਕੇ। ਕਿਸੇ ਵੀ ਪੜਾਅ 'ਤੇ ਪਿੰਡ ਪੰਚਾਇਤ ਦੀ ਗ਼ੈਰ-ਸ਼ਮੂਲੀਅਤ ਪਿੰਡ ਵਿਚ ਜਾਗਰੂਕਤਾ ਫੈਲਾਉਣ ਨੂੰ ਹੋਰ ਵੀ ਔਖਾ ਬਣਾ ਦੇਵੇਗੀ।

- ਭਾਵੇਂ ਕਿ ਜੇ ਜੇ ਬੀ ਵਾਈ ਅਤੇ ਐੱਸ ਬੀ ਵਾਈ ਯੋਜਨਾ ਤਹਿਤ ਕੁੱਝ ਰਕਮ ਜਮ੍ਹਾਂ ਕਰਵਾਉਣ ਨਾਲ, ਜਨ ਧਨ ਯੋਜਨਾ ਨਾਲ ਜੁੜੇ ਜ਼ੀਰੋ ਬੈਲੈਂਸ ਖ਼ਾਤਿਆਂ ਦੀ ਰੱਖ-ਰਖਾਅ ਲਾਗਤ ਕੁੱਝ ਘਟੀ ਹੈ, ਫਿਰ ਵੀ ਬੀਮਾ ਖ਼ਾਤਿਆਂ ਦਾ ਰੱਖ-ਰਖਾਅ ਅਤੇ ਕਾਰਵਾਈ ਬੈਂਕਾਂ ਸਾਹਮਣੇ ਇਕ ਵੱਡੀ ਚੁਨੌਤੀ ਹੈ।

- ਇਨ੍ਹਾਂ ਘੱਟ ਜਮ੍ਹਾਂ ਪੂੰਜੀ ਵਾਲੇ ਖ਼ਾਤਿਆਂ ਲਈ ਬੈਂਕਾਂ ਵਲੋਂ ਵਾਧੂ ਅਮਲਾ ਨਿਯੁਕਤ ਕਰਨਾ ਵਿਹਾਰਕ ਨਹੀਂ ਹੋਵੇਗਾ ਜਦ ਕਿ ਮੌਜੂਦਾ ਅਮਲੇ ਨੂੰ ਇਸ ਪਾਸੇ ਲਾਉਣ ਨਾਲ ਦੂਜੇ ਕੰਮ ਪ੍ਰਭਾਵਤ ਹੋਣਗੇ।

- ਕਾਰੋਬਾਰੀ ਸੰਪਰਕ ਨਿਯੁਕਤ ਕਰਨਾ ਖ਼ਾਤਿਆਂ ਦੀ ਸੰਖਿਆ ਅਤੇ ਲੈਣ-ਦੇਣ 'ਤੇ ਨਿਰਭਰ ਕਰੇਗਾ। ਕਿਉਂਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਖ਼ਾਤੇ ਜ਼ੀਰੋ ਬੈਲੈਂਸ ਵਾਲੇ ਹਨ, ਜੋ ਬੈਂਕਾਂ ਲਈ ਵਿਹਾਰਕ ਕਾਰੋਬਾਰ ਪੈਦਾ ਨਹੀਂ ਕਰਨਗੇ।

- ਕਿਸੇ ਪਿੰਡ ਵਿਚ ਕੰਮ ਕਰਨ ਵਾਲੇ ਕਾਰੋਬਾਰ ਸੰਪਰਕ ਲਈ ਇਕ ਲੈਪਟਾਪ, ਬਿਜਲੀ ਅਤੇ ਚੰਗੇ ਇੰਟਰਨੈੱਟ ਸੰਚਾਰ ਦੀ ਲੋੜ ਹੋਵੇਗੀ। ਜੇ ਉਸ ਕੋਲ ਲੈਪਟਾਪ ਅਤੇ ਇੰਟਰਨੈੱਟ ਦੀ ਸਹੂਲਤ ਹੈ ਵੀ, ਤਾਂ ਵੀ ਬਹੁਤੇ ਪਿੰਡਾਂ ਵਿਚ ਇੰਟਰਨੈੱਟ ਦਾ ਮਾੜਾ ਪ੍ਰਬੰਧ ਇਸ ਦੇ ਕੁਸ਼ਲ ਸੰਚਾਲਨ ਵਿਚ ਵੱਡੀ ਰੁਕਾਵਟ ਹੈ।

**ਸੰਖੇਪ ਵਿਚ, ਜੀਵਨ, ਦੁਰਘਟਨਾ, ਅਪੰਗਤਾ ਅਤੇ ਪਿਛਲੀ ਉਮਰੇ ਆਮਦਨ ਨੂੰ ਦਾਇਰੇ ਵਿਚ ਲਿਆਉਣ ਵਾਲੀਆਂ ਯੋਜਨਾਵਾਂ ਕਰੋੜਾਂ ਗਰੀਬਾਂ ਲਈ ਇਕ ਮਾਡਲ ਦਾ ਕੰਮ ਕਰਨਗੀਆਂ ਅਤੇ ਦੇਸ਼ ਅੰਦਰ ਸਮਾਜਿਕ ਸੁਰੱਖਿਆ ਦਾ ਮਜ਼ਬੂਤ ਅਤੇ ਸਥਾਈ ਢਾਂਚਾ ਵਿਕਸਤ ਕਰਨ ਵਲ ਇਕ ਕਦਮ ਹੋਣਗੀਆਂ।**

ਗਾਹਕੀ ਦੇ ਮਾਮਲੇ ਵਿਚ ਇਹ ਯੋਜਨਾਵਾਂ ਵੱਡੇ ਪੱਧਰ 'ਤੇ ਸਫਲ ਰਹੀਆਂ ਹਨ ਪਰ ਇਹ ਵੀ ਸੱਚ ਹੈ ਕਿ ਇਹ ਸ਼ਹਿਰਾਂ ਅਤੇ ਪੁਰਸ਼ਾਂ ਵੱਲ ਝੁਕਾਅ ਰੱਖਦੀਆਂ ਹਨ। ਜਾਗਰੂਕਤਾ ਦੀ ਘਾਟ, ਮਾੜੀ ਇੰਟਰਨੈੱਟ ਵਿਵਸਥਾ ਅਤੇ ਪੇਂਡੂ ਖੇਤਰਾਂ ਵਿਚ ਬੈਂਕਾਂ ਦੀ ਘੱਟ ਮੌਜੂਦਗੀ, ਪੇਂਡੂ ਖੇਤਰਾਂ ਵਿਚ ਇਨ੍ਹਾਂ ਸਕੀਮਾਂ ਦੇ ਫੈਲਾਅ ਦੇ ਰਸਤੇ ਵਿਚ ਵੱਡਾ ਰੋੜਾ ਹਨ। ਭਾਵੇਂ ਕਿ ਇੰਨੇ ਥੋੜ੍ਹੇ ਸਮੇਂ ਵਿਚ ਇਨ੍ਹਾਂ ਯੋਜਨਾਵਾਂ ਦੀ ਕਾਰਗੁਜ਼ਾਰੀ ਨੂੰ ਨਹੀਂ ਆਂਕਿਆ ਜਾ ਸਕਦਾ, ਸਿਰਫ਼ ਗਾਹਕੀ ਦੇ ਸੰਦਰਭ ਵਿਚ। ਹੋਰ ਅਹਿਮ ਗੱਲ ਇਹ ਹੈ ਕਿ ਇਨ੍ਹਾਂ ਯੋਜਨਾਵਾਂ ਨੇ ਗਰੀਬਾਂ ਨੂੰ ਇਕ ਬਦਲ ਪ੍ਰਦਾਨ ਕੀਤਾ ਹੈ, ਸ਼ਾਸਨ ਦੀ ਇਕ ਪ੍ਰਣਾਲੀ ਪੈਦਾ ਕੀਤੀ ਹੈ ਅਤੇ ਵਿੱਤੀ ਸੰਸਥਾਨਾਂ ਲਈ ਨਵੇਂ ਮੌਕੇ ਪੈਦਾ ਕੀਤੇ ਹਨ।

*(ਲੇਖ ਵਿਚ ਪ੍ਰਗਟਾਏ ਵਿਚਾਰ ਲੇਖਕ ਦੇ ਆਪਣੇ ਹਨ ਨਾ ਕਿ ਭਾਰਤ ਸਰਕਾਰ ਦੇ। ਲੇਖਕ ਉਪ ਨਿਰਦੇਸ਼ਕ, ਆਰਥਿਕ ਸਲਾਹਕਾਰ ਦਫ਼ਤਰ, ਉਦਯੋਗਿਕ ਨੀਤੀ ਤੇ ਉੱਨਤੀ, ਵਣਜ ਤੇ ਉਦਯੋਗ ਮੰਤਰਾਲਾ, ਭਾਰਤ ਸਰਕਾਰ ਹੈ।)*

*e-mail :singh.jitender@nic.in*

***ਸਫ਼ਾ 26 ਦੀ ਬਾਕੀ***

ਕਹਿਣਾ ਹੈ। ਇਹ ਦਰਸਾਉਂਦਾ ਹੈ ਕਿ ਕੇਂਦਰ ਸਰਕਾਰ ਨੇ ਖੇਤੀ ਖੇਤਰ ਦੀ ਇਕ ਵੱਡੀ ਸਮੱਸਿਆ ਨੂੰ ਪਛਾਣ ਕੇ, ਨੀਤੀਗਤ ਕਦਮਾਂ ਦੁਆਰਾ ਇਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪਿਛਲੇ ਇਕ ਸਾਲ ਵਿਚ ਇਹ ਯੋਜਨਾਵਾਂ ਅਤੇ ਵਿਕਾਸ ਪਹਿਲਕਦਮੀਆਂ ਕਰਨ ਕਰਕੇ, ਦੇਸ਼ ਪਿਛਲੇ ਦਹਾਕਿਆਂ ਵਿਚ ਹੋਏ ਨੁਕਸਾਨ ਦੀ ਭਰਪਾਈ ਕਰਨ ਦੀ ਆਸ ਕਰ ਸਕਦਾ ਹੈ। ਇਨ੍ਹਾਂ ਸਿੱਧੀਆਂ ਸਕੀਮਾਂ ਤੋਂ ਬਿਨਾਂ, ਸਰਕਾਰ ਦਾ ਊਰਜਾ ਖੇਤਰ ਸੁਧਾਰਾਂ ਵੱਲ ਵਿਸ਼ੇਸ਼ ਧਿਆਨ ਦਿਹਾਤੀ ਭਾਰਤ ਨੂੰ ਵੱਡੇ ਪੱਧਰ 'ਤੇ ਸਹਾਇਤਾ ਪਹੁੰਚਾਏਗਾ। ਨੈਸ਼ਨਲ ਸੈਂਪਲ ਸਰਵੇ ਆਫ਼ਿਸ ਅਤੇ ਤਾਜ਼ਾ ਸਮਾਜਿਕ-ਆਰਥਿਕ ਅਤੇ ਜਾਤੀ ਸਰਵੇਖਣ ਵਿਚ ਚਿਰਾਂ ਪੁਰਾਣੀ ਇਸ ਧਾਰਨਾ ਨੂੰ ਰੱਦ ਕੀਤਾ ਗਿਆ ਹੈ ਕਿ ਖੇਤੀ 'ਤੇ ਨਿਰਭਰਤਾ ਘੱਟ ਹੋਣਾ ਖ਼ੁਸ਼ਹਾਲੀ ਦੀ ਨਿਸ਼ਾਨੀ ਹੈ। ਸਾਡੇ ਦੇਸ਼ ਵਿਚ ਖੇਤੀਬਾੜੀ ਪਰਿਵਾਰਾਂ ਲਈ ਨਿਰੰਤਰ ਦੇਣਦਾਰੀ ਬਣਦੀ ਜਾ ਰਹੀ ਹੈ ਜਿਸ ਕਰਕੇ ਨੌਜਵਾਨ ਸ਼ਹਿਰਾਂ ਕਸਬਿਆਂ ਵੱਲ ਭੱਜ ਰਹੇ ਹਨ। ਸਿੱਟੇ ਵਜੋਂ, ਝੁੱਗੀਆਂ-ਝੌਂਪੜੀਆਂ ਹੋਂਦ ਵਿਚ ਆ ਰਹੀਆਂ ਹਨ ਅਤੇ ਸੰਸਥਾਗਤ ਸਮੱਸਿਆਵਾਂ ਹੋਰ ਬਦਤਰ ਹੁੰਦੀਆਂ ਜਾ ਰਹੀਆਂ ਹਨ। ਜੇ ਐੱਨ ਡੀ ਏ ਸਰਕਾਰ ਵਲੋਂ ਜਾਰੀ ਯੋਜਨਾਵਾਂ ਸਾਰਥਕ ਨਤੀਜੇ ਦਿੰਦੀਆਂ ਹਨ ਤਾਂ ਆਸ ਕੀਤੀ ਜਾ ਸਕਦੀ ਹੈ ਕਿ ਇਹ ਰੁਝਾਨ ਬਦਲੇਗਾ ਅਤੇ ਸਮੁੱਚੇ ਵਿਕਾਸ ਦਾ ਸੁਪਨਾ ਹਕੀਕਤ ਵਿਚ ਤਬਦੀਲ ਹੋ ਸਕੇਗਾ।

*(ਲੇਖਕ ਵਿੱਤ ਤੇ ਵਿਕਾਸ ਸੰਬੰਧੀ ਪੱਤਰਕਾਰ ਹੈ।)*

# ਆਰਥਿਕ ਵਿਕਾਸ ਤੇ ਸਮਾਜਿਕ ਪਰਿਵਰਤਨ

ਗੁਰਮੀਤ ਕੌਰ

ਵਿਕਾਸ ਦੀ ਵਿਚਾਰਧਾਰਾ 19ਵੀਂ ਸਦੀ ਦੇ ਅੱਧ ਤੋਂ ਸ਼ੁਰੂ ਹੋ ਗਈ ਸੀ। ਸੰਸਾਰ ਭਰ ਵਿਚ ਸਭ ਥਾਵਾਂ 'ਤੇ ਥੋੜ੍ਹੇ ਜਿਹੇ ਲੋਕਾਂ ਨੂੰ ਛੱਡ ਕੇ ਬਾਕੀ ਸਾਰੀ ਵਸੋਂ ਹੀ ਖੇਤੀਬਾੜੀ ਦਾ ਧੰਦਾ ਕਰਦੀ ਸੀ, ਖੇਤੀ ਅਤੇ ਖੇਤੀ ਨਾਲ ਸੰਬੰਧਿਤ ਜੰਗਲਾਤ, ਡੇਅਰੀ, ਮੁਰਗੀ ਪਾਲਣ, ਪਸ਼ੂ ਪਾਲਣ, ਖਣਿਜ ਪਦਾਰਥ ਕੱਢਣਾ ਆਦਿ ਹੀ ਮੁੱਖ ਧੰਦੇ ਸਨ। 19ਵੀਂ ਸਦੀ ਦੇ ਅਖੀਰ ਵਿਚ ਇੰਗਲੈਂਡ ਵਿਚ ਪਹਿਲਾਂ ਖੇਤੀ ਉਤਪਾਦਨ ਵਿਚ ਬਹੁਤ ਵਾਧਾ ਹੋਇਆ ਜਿਸ ਨੂੰ 'ਖੇਤੀ ਇਨਕਲਾਬ' ਦਾ ਨਾਂ ਦਿਤਾ ਗਿਆ। ਇਸ ਨਾਲ ਲੋਕਾਂ ਵਿਚ ਨਵੀਆਂ-ਨਵੀਆਂ ਵਸਤੂਆਂ ਦੀ ਮੰਗ ਪੈਦਾ ਹੋਈ ਜਿਸ ਨਾਲ ਪਹਿਲਾਂ ਛੋਟੇ ਪੈਮਾਨੇ 'ਤੇ ਅਤੇ ਬਾਅਦ ਵਿਚ ਵੱਡੇ ਪੈਮਾਨੇ 'ਤੇ ਉਦਯੋਗਿਕ ਇਕਾਈਆਂ ਲੱਗਣੀਆਂ ਸ਼ੁਰੂ ਹੋਈਆਂ। ਉਸ ਯੁਗ ਨੂੰ 'ਉਦਯੋਗਿਕ ਇਨਕਲਾਬ' ਦਾ ਨਾਂ ਦਿਤਾ ਗਿਆ। ਇਸ ਤਰ੍ਹਾਂ ਉਦਯੋਗਿਕ ਵਿਕਾਸ ਸ਼ੁਰੂ ਹੋਇਆ ਜਿਸ ਦਾ ਆਧਾਰ ਸੀ ਖੇਤੀ ਵਿਕਾਸ ਪਰ ਬਾਅਦ ਵਿਚ ਖੇਤੀ ਵਿਕਾਸ ਨੇ ਉਦਯੋਗਿਕ ਵਿਕਾਸ ਦੀ ਸਹਾਇਤਾ ਕੀਤੀ ਅਤੇ ਉਦਯੋਗਿਕ ਵਿਕਾਸ ਨੇ ਖੇਤੀ ਦੇ ਹੋਰ ਵਿਕਸਤ ਹੋਣ ਵਿਚ ਮਦਦ ਕੀਤੀ ਪਰ ਇਸ ਵਰਤਾਰੇ ਵਿਚ ਸਭ ਤੋਂ ਪਹਿਲਾ ਪ੍ਰਭਾਵ ਇਹ ਪਿਆ ਕਿ ਵਸੋਂ ਖੇਤੀ ਤੋਂ ਹਟ ਕੇ ਉਦਯੋਗਾਂ ਅਤੇ ਹੋਰ ਕਾਰੋਬਾਰਾਂ ਵਿਚ ਲਗਦੀ ਗਈ। ਇਹੋ ਵਜਹ ਬਣੀ ਕਿ ਜਿਥੇ ਆਰਥਿਕਤਾ ਵਿਚ ਖੇਤੀ ਦੀ ਭੂਮਿਕਾ ਘਟਦੀ ਗਈ ਉਥੇ ਉਦਯੋਗਾਂ ਅਤੇ ਸੇਵਾਵਾਂ ਦੀ ਭੂਮਿਕਾ ਵਧਦੀ ਗਈ। ਵਸੋਂ ਦੇ ਰਹਿਣ-ਸਹਿਣ, ਵਿਚਾਰਧਾਰਾ, ਅਤੇ ਆਮ ਜ਼ਿੰਦਗੀ ਸੰਬੰਧੀ ਨਵੀਂ ਸੋਚ ਪੈਦਾ ਹੋਈ ਜਿਸ ਦਾ ਆਧਾਰ ਵਿੱਦਿਆ ਦਾ ਪ੍ਰਸਾਰ ਬਣਿਆ।

ਆਮ ਹੀ ਵਿਕਸਤ ਅਤੇ ਵਿਕਾਸ ਕਰ ਰਹੇ ਦੇਸ਼ਾਂ ਵਿਚ ਵੱਡਾ ਫ਼ਰਕ ਮਿਲਦਾ ਹੈ ਜੋ ਉਨ੍ਹਾਂ ਲੋਕਾਂ ਦੇ ਸਮਾਜਿਕ ਪ੍ਰਬੰਧ ਅਤੇ ਵਿਚਾਰ ਧਾਰਾ ਨੂੰ ਪ੍ਰਗਟ ਕਰਦਾ ਹੈ। ਵਿਕਸਤ ਦੇਸ਼ਾਂ ਵਿਚ 100 ਪ੍ਰਤਿਸ਼ਤ ਸਾਖਰਤਾ ਦਰ, ਔਸਤ ਉਮਰ 90 ਸਾਲ ਤੋਂ ਵੱਧ, ਪ੍ਰਤਿ ਵਿਅਕਤੀ ਆਮਦਨ, ਆਮ ਵਰਤੋਂ ਦੀਆਂ ਵਸਤੂਆਂ ਦੀ ਬਹੁਤਾਤ, ਤਸੱਲੀਬਖਸ਼ ਸਿਹਤ ਸੇਵਾਵਾਂ, ਮਨੋਰੰਜਨ ਦੀਆਂ ਜ਼ਿਆਦਾ ਕਾਰਵਾਈਆਂ, ਲਾਇਬ੍ਰੇਰੀਆਂ ਦੀ ਬਹੁਤਾਤ ਅਤੇ ਸੇਵਾਵਾਂ ਦਾ ਵਿਸ਼ਾਲ ਘੇਰਾ ਮਿਲਦਾ ਹੈ। ਜਦ ਕਿ ਵਿਕਾਸ ਕਰ ਰਹੇ ਦੇਸ਼ਾਂ ਵਿਚ ਸਾਖਰਤਾ ਦੀ ਘੱਟ ਦਰ, ਔਸਤ ਉਮਰ 60 ਸਾਲ ਦੇ ਲਗਭਗ, ਘੱਟ ਪ੍ਰਤਿ ਵਿਅਕਤੀ ਆਮਦਨ, ਗ਼ੈਰ ਤਸੱਲੀਬਖ਼ਸ਼ ਸਿਹਤ ਸੇਵਾਵਾਂ, ਮਨੋਰੰਜਨ ਦੀਆਂ ਘੱਟ ਸਹੂਲਤਾਂ, ਲਾਇਬ੍ਰੇਰੀਆਂ ਦੀ ਘਾਟ ਅਤੇ ਸੀਮਤ ਸੇਵਾਵਾਂ ਮਿਲਦੀਆਂ ਹਨ। ਸਿਹਤ ਸਹੂਲਤਾਂ ਸੰਬੰਧੀ ਜਾਗਰੂਕਤਾ ਵਿਚ ਵੱਡਾ ਵਾਧਾ ਹੋਇਆ ਹੈ ਅਤੇ ਵਿਅਕਤੀਆਂ ਵਿਚ ਸਿਹਤ ਸੰਬੰਧੀ ਚੇਤਨਾ ਵਿਚ ਵਾਧਾ ਹੋਇਆ ਹੈ।

ਜੇ ਦੁਨੀਆਂ ਦੇ ਆਰਥਿਕ ਵਿਕਾਸ ਦੇ ਇਤਿਹਾਸ ਵਲ ਨਜ਼ਰ ਮਾਰੀਏ ਤਾਂ ਦੁਨੀਆਂ ਦੇ ਹਰ ਦੇਸ਼ ਵਿਚ ਖੇਤੀਬਾੜੀ ਦੇ ਵਿਕਾਸ ਦੇ ਨਾਲ-ਨਾਲ ਜਿਥੇ ਸੜਕਾਂ, ਰੇਲਾਂ, ਹਵਾਈ ਸੇਵਾਵਾਂ, ਵਿੱਦਿਅਕ ਸੰਸਥਾਵਾਂ, ਸਿਹਤ ਸੰਸਥਾਵਾਂ, ਬੈਂਕਾਂ, ਬੀਮਾ ਕੰਪਨੀਆਂ, ਮਨੋਰੰਜਨ ਦੇ ਸਾਧਨਾਂ ਦਾ ਵਿਕਾਸ ਹੋਇਆ ਉਸ ਨੇ ਸਮਾਜ ਵਿਚ ਨਵੀਆਂ ਤਬਦੀਲੀਆਂ ਪੈਦਾ ਕੀਤੀਆਂ ਜਿਸ ਨਾਲ ਲੋਕਾਂ ਦੇ ਵਿਹਾਰ, ਸੋਚ ਅਤੇ ਸਮਾਜਿਕ ਭਾਈਚਾਰੇ ਵਿਚ ਵੀ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ। ਜੇ ਭਾਰਤ ਦੀ ਗੱਲ ਕਰੀਏ ਤਾਂ ਭਾਰਤ ਪਿੰਡਾਂ ਦਾ ਦੇਸ਼ ਸੀ ਜਿਥੇ ਪਰਿਵਾਰ ਸਮਾਜ ਦੀ ਮੁੱਖ ਕੜੀ ਸੀ ਪਰ ਪਰਿਵਾਰ ਵਿਚ ਸਾਂਝੇ ਪਰਿਵਾਰ ਦੀ ਪ੍ਰਥਾ ਸੀ। ਇਕ ਪਰਿਵਾਰ ਵਿਚ ਸਾਰੇ ਹੀ ਭਰਾਵਾਂ ਦੇ ਪਰਿਵਾਰ ਰਹਿੰਦੇ ਸਨ, ਪਰ ਇਸ ਸਾਂਝੇ ਪਰਿਵਾਰ ਦੀ ਇਕ ਵਜਹ ਇਹ ਵੀ ਸੀ ਕਿ ਉਨ੍ਹਾਂ ਸਮਿਆਂ ਵਿਚ ਖੇਤੀ ਹੀ ਮੁੱਖ ਪੇਸ਼ਾ ਸੀ ਅਤੇ ਖੇਤੀ ਤੋਂ ਇਲਾਵਾ ਹੋਰ ਪੇਸ਼ਿਆਂ ਦੀ ਕਮੀ ਸੀ ਅਤੇ ਉਨ੍ਹਾਂ ਸੰਬੰਧੀ ਜਾਣਕਾਰੀ ਦੀ ਘਾਟ ਵੀ ਸੀ। ਪਰ ਜਿਵੇਂ-ਜਿਵੇਂ ਵਿਕਾਸ ਦੇ ਨਾਲ-ਨਾਲ ਹੋਰ ਪੇਸ਼ੇ ਵਿਕਸਤ ਹੋਏ ਕੁਝ ਲੋਕਾਂ ਵਲੋਂ ਸਾਂਝੇ ਪਰਿਵਾਰਾਂ ਨੂੰ ਛੱਡ ਕੇ ਇਕੱਲਾ ਪਰਿਵਾਰ ਅਪਣਾਉਣ ਦੀ ਰੁਚੀ ਵਿਚ ਵਾਧਾ ਹੁੰਦਾ ਗਿਆ। ਇਹ ਗੱਲ ਆਮ ਕਹੀ ਜਾਂਦੀ ਹੈ ਕਿ ਵਿਕਾਸ ਨੇ ਸਾਂਝੇ ਪਰਿਵਾਰਾਂ ਨੂੰ ਤੋੜ ਦਿਤਾ ਹੈ ਪਰ ਇਸ ਤਬਦੀਲੀ ਦੇ ਕਾਰਨਾਂ ਨੂੰ ਜੇ ਘੋਖਿਆ ਜਾਵੇ ਤਾਂ ਇਹ ਸਪੱਸ਼ਟ ਹੋਵੇਗਾ ਕਿ ਜਿਥੇ ਨਵੇਂ ਪੇਸ਼ਿਆਂ ਵਿਚ ਜਾਣ ਦੇ ਮੌਕੇ ਵਧੇ, ਉਥੇ ਇਕ ਜਗ੍ਹਾ ਨੂੰ ਛੱਡ ਕੇ ਦੂਰ-ਦੂਰ ਦੀਆਂ ਥਾਵਾਂ 'ਤੇ ਜਾ ਕੇ ਕੰਮ ਕਰਨਾ ਆਸਾਨ ਬਣ ਗਿਆ ਜਿਸ ਕਰਕੇ ਪਰਿਵਾਰ ਤੋਂ ਵੱਖ ਹੋਣਾ ਜ਼ਰੂਰੀ ਬਣ ਗਿਆ। ਇਹ ਰੁਚੀ ਉਨ੍ਹਾਂ ਪਰਿਵਾਰਾਂ ਵਿਚ ਵੀ ਸ਼ੁਰੂ ਹੋ ਗਈ ਜਿਹੜੇ ਭਾਵੇਂ ਖੇਤੀ ਨਾਲ ਹੀ ਸੰਬੰਧਿਤ ਰਹੇ ਪਰ ਨਵੇਂ ਮਾਹੌਲ ਵਿਚ ਉਨ੍ਹਾਂ ਨੂੰ ਇਕੱਲੇ ਪਰਿਵਾਰ ਵਿਚ ਜ਼ਿਆਦਾ ਸੁਤੰਤਰਤਾ ਮਹਿਸੂਸ ਹੋਈ।

ਲੋਕਤੰਤਰ ਦੀ ਸਫਲਤਾ ਸੰਬੰਧੀ ਦੋ ਜ਼ਰੂਰੀ ਸ਼ਰਤਾਂ ਦੀ ਵਿਆਖਿਆ ਕੀਤੀ ਜਾਂਦੀ ਹੈ ਉਹ ਹਨ : ਪਹਿਲੀ ਵਿੱਦਿਆ ਅਤੇ ਦੂਸਰੀ ਖ਼ੁਸ਼ਹਾਲੀ। ਵਿੱਦਿਆ ਅਤੇ ਖ਼ੁਸ਼ਹਾਲੀ ਦੋਵੇਂ ਵਿਕਾਸ ਦੀ ਉਪਜ ਹਨ। 13ਵੀਂ ਸਦੀ ਵਿਚ ਸਭ ਤੋਂ ਪਹਿਲਾਂ ਇੰਗਲੈਂਡ ਵਿਚ ਲੋਕ ਰਾਜ ਅਪਣਾਇਆ ਗਿਆ ਅਤੇ ਉਹ ਬਾਅਦ ਵਿਚ ਫੈਲਦਾ ਹੋਇਆ ਲਗਭਗ ਸਾਰੀ ਹੀ ਦੁਨੀਆਂ ਦੇ ਦੇਸ਼ਾਂ ਵਿਚ ਅਤੇ ਫਿਰ ਸਾਧਾਰਨ ਸੰਸਥਾਵਾਂ ਵਿਚ ਵੀ ਅਪਣਾਇਆ ਜਾਣ ਲੱਗਾ। ਇਹ ਸਭ ਇਸ ਕਰਕੇ ਹੋਇਆ ਕਿ ਆਰਥਿਕ ਵਿਕਾਸ ਕਰਕੇ ਜਿਥੇ ਸਮਾਜਿਕ ਵਿਚਾਰਧਾਰਾ ਵਿਚ ਤਬਦੀਲੀ ਆਈ ਉਥੇ ਵੱਖ-ਵੱਖ ਰਾਜਤੰਤਰ ਪ੍ਰਣਾਲੀਆਂ ਵਿਚੋਂ ਸਭ ਤੋਂ ਉੱਤਮ ਪ੍ਰਣਾਲੀ ਲੋਕਰਾਜ ਸਮਝੀ ਗਈ ਅਤੇ ਇਸ ਤਰ੍ਹਾਂ ਦੀ ਸੋਚ ਬਣੀ

ਕਿ ਰਾਜ ਪ੍ਰਬੰਧ ਵਿਚ ਸਥਾਨਕ ਸੰਸਥਾਵਾਂ ਤੋਂ ਸ਼ੁਰੂ ਹੋ ਕੇ ਕੇਂਦਰ ਦੀ ਪੱਧਰ ਤਕ ਲੋਕਤੰਤਰ ਪ੍ਰਣਾਲੀ ਵਿਚ ਤਾਂ ਹੀ ਯੋਗਤਾ ਲਿਆਂਦੀ ਜਾ ਸਕਦੀ ਹੈ ਜੇ ਸਮਾਜ ਵਿਚ ਵੱਧ ਤੋਂ ਵੱਧ ਸਾਖਰਤਾ ਦਰ ਹੋਵੇ। ਪੜ੍ਹਿਆ-ਲਿਖਿਆ ਵਿਅਕਤੀ, ਚੰਗੀ ਤਰ੍ਹਾਂ ਸਮਾਜਿਕ ਲੋੜਾਂ ਨੂੰ ਸਮਝਦਾ ਹੈ। ਚੋਣ ਪ੍ਰਕਿਰਿਆ ਵਿਚ ਜਿਥੇ ਪੜ੍ਹਿਆ-ਲਿਖਿਆ ਵਿਅਕਤੀ ਜ਼ਿਆਦਾ ਯੋਗ ਫ਼ੈਸਲਾ ਕਰ ਸਕਦਾ ਹੈ ਉਥੇ ਖ਼ੁਸ਼ਹਾਲ ਸਮਾਜ ਵਿਚ ਕੋਈ ਵੀ ਉਮੀਦਵਾਰ ਚੋਣਾਂ ਵਿਚ ਕਿਸੇ ਲਾਲਚ ਨਾਲ ਵੋਟਰਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ। ਪਰ ਵਿਚਾਰਾਂ ਦੀ ਇਹ ਤਬਦੀਲੀ ਤਾਂ ਹੀ ਸੰਭਵ ਹੋਈ ਕਿਉਂਕਿ ਆਰਥਿਕ ਵਿਕਾਸ ਨੇ ਇਸ ਤਰ੍ਹਾਂ ਦੀ ਸਮਾਜਿਕ ਤਬਦੀਲੀ ਲਿਆਂਦੀ ਜਿਸ ਨਾਲ ਸਾਖਰਤਾ ਵਧੀ ਅਤੇ ਖ਼ੁਸ਼ਹਾਲੀ ਆਈ।

ਆਰਥਿਕ ਵਿਕਾਸ ਨਾਲ ਜਿਥੇ ਨਵੀਆਂ ਵਸਤੂਆਂ ਮੰਡੀ ਵਿਚ ਆ ਗਈਆਂ ਉਥੇ ਉਨ੍ਹਾਂ ਦੀ ਵਰਤੋਂ ਸੰਬੰਧੀ ਰੁਚੀ ਵਿਚ ਵਾਧਾ ਵੀ ਹੋਇਆ। ਸਭ ਤੋਂ ਪਹਿਲਾਂ ਆਵਾਜਾਈ ਦੇ ਸਾਧਨ ਵਧੇ, ਮਨੋਰੰਜਨ ਦੇ ਢੰਗਾਂ ਵਿਚ ਤਬਦੀਲੀ ਆਈ, ਸੂਚਨਾ ਤਕਨਾਲੋਜੀ ਵਿਚ ਵਾਧਾ ਹੋਇਆ, ਆਮ ਜਾਣਕਾਰੀ ਲੈਣ ਲਈ ਇਲੈਕਟ੍ਰਾਨਿਕ ਮੀਡੀਆ ਅਤੇ ਪ੍ਰਿੰਟ ਮੀਡੀਆ ਦੀ ਭੂਮਿਕਾ ਵਧੀ। ਇਨ੍ਹਾਂ ਨਵੀਆਂ ਸਹੂਲਤਾਂ ਨੇ ਸਮਾਜਿਕ ਵਰਤਾਰੇ ਵਿਚ ਤਬਦੀਲੀ ਲੈ ਆਂਦੀ। ਹੁਣ ਇਹ ਵਸਤੂਆਂ ਅਤੇ ਸੇਵਾਵਾਂ ਹਰ ਘਰ ਦੀਆਂ ਜ਼ਰੂਰੀ ਲੋੜਾਂ ਵਜੋਂ ਸਾਹਮਣੇ ਆ ਰਹੀਆਂ ਹਨ। ਹਰ ਕੋਈ ਇਨ੍ਹਾਂ ਲੋਕਾਂ ਨੂੰ ਆਪਣੇ ਪਰਿਵਾਰਾਂ ਦੀਆਂ ਜ਼ਰੂਰੀ ਲੋੜਾਂ ਦਾ ਹਿੱਸਾ ਸਮਝਦਾ ਹੈ ਅਤੇ ਇਸ ਲਈ ਉਨ੍ਹਾਂ ਦੀ ਆਮਦਨ ਵਿਚੋਂ ਮਹੱਤਵਪੂਰਨ ਖਰਚ ਕੀਤਾ ਜਾਂਦਾ ਹੈ। ਪਿਛਲੇ 50 ਸਾਲਾਂ ਵਿਚ ਹੀ ਭਾਰਤੀ ਸਮਾਜ ਵਿਚ ਟੈਲੀਵੀਜ਼ਨ, ਟੈਲੀਫ਼ੋਨ, ਸਕੂਟਰ, ਕਾਰਾਂ, ਬਿਜਲੀ ਨਾਲ ਚੱਲਣ ਵਾਲੀਆਂ ਬਹੁਤ ਸਾਰੀਆਂ ਵਸਤੂਆਂ ਹਰ ਘਰ ਦਾ ਇਕ ਜ਼ਰੂਰੀ ਅੰਗ ਬਣ ਚੁੱਕੀਆਂ ਹਨ।

ਆਰਥਿਕ ਵਿਕਾਸ ਨੇ ਉਪਭੋਗ 'ਤੇ ਵੱਡਾ ਪ੍ਰਭਾਵ ਪਾਇਆ ਹੈ। ਅੱਜ ਤੋਂ ਪੰਜਾਹ ਸਾਲ ਪਹਿਲਾਂ ਵਿਅਕਤੀ ਦੇ ਘਰੇਲੂ ਖਰਚ ਵਿਚ ਜ਼ਿਆਦਾ ਹਿੱਸਾ ਖੁਰਾਕ ਦੀਆਂ ਵਸਤੂਆਂ ਦਾ ਹੁੰਦਾ ਸੀ ਪਰ ਅੱਜਕੱਲ੍ਹ ਖੁਰਾਕ ਵਸਤੂਆਂ 'ਤੇ ਖਰਚ ਘਟਦਾ ਜਾ ਰਿਹਾ ਹੈ ਜਦ ਕਿ ਗ਼ੈਰ-ਖੁਰਾਕੀ ਵਸਤਾਂ ਜਿਨ੍ਹਾਂ ਵਿਚ ਵਿੱਦਿਆ, ਮਨੋਰੰਜਨ, ਸੁਖ ਆਰਾਮ ਦੀਆਂ ਵਸਤੂਆਂ, ਆਵਾਜਾਈ, ਸਿਹਤ ਸੇਵਾਵਾਂ ਆਦਿ 'ਤੇ ਖਰਚ ਵਧ ਰਿਹਾ ਹੈ। ਇਹ ਗੱਲ ਆਮ ਦੇਖੀ ਜਾਂਦੀ ਹੈ ਕਿ ਕਿਸੇ ਵਿਅਕਤੀ ਦੀ ਆਮਦਨ ਵਿਚ ਜਦ ਵਾਧਾ ਹੁੰਦਾ ਹੈ ਤਾਂ ਆਮ ਤੌਰ ਤੇ ਉਸ ਦਾ ਖੁਰਾਕ ਵਸਤੂਆਂ 'ਤੇ ਖਰਚ ਘਟਦਾ ਜਾਂਦਾ ਹੈ ਜਦ ਕਿ ਗ਼ੈਰ ਖੁਰਾਕ ਵਸਤੂਆਂ 'ਤੇ ਖਰਚ ਵਧਦਾ ਜਾਂਦਾ ਹੈ। ਇਹ ਸਭ ਕੁਝ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਆਰਥਿਕ ਵਿਕਾਸ ਦੀ ਵਜ੍ਹਾ ਕਰਕੇ ਇਕ ਤਾਂ ਇਹ ਨਵੀਆਂ ਸੇਵਾਵਾਂ ਅਤੇ ਵਸਤੂਆਂ ਦੀ ਉਪਲਬਧਤਾ ਹੈ ਅਤੇ ਦੂਸਰਾ ਵਿਕਾਸ ਕਰਕੇ ਉਨ੍ਹਾਂ ਲੋਕਾਂ ਦੀ ਇਨ੍ਹਾਂ ਨੂੰ ਖਰੀਦਣ ਦੀ ਸ਼ਕਤੀ ਵਿਚ ਵਾਧਾ ਹੋਇਆ ਹੈ।

ਵਿਕਾਸ ਕਰਕੇ ਹੀ ਘਰਾਂ ਅੰਦਰ ਰਹਿਣ-ਬਹਿਣ ਦੇ ਮਿਆਰ ਵਿਚ ਵਾਧਾ ਹੋਇਆ ਹੈ। ਖੇਤੀ ਆਧਾਰਿਤ ਰਵਾਇਤੀ ਪਰਿਵਾਰਾਂ ਵਿਚ ਇਹ ਗੱਲ ਕਹੀ ਜਾਂਦੀ ਸੀ ਕਿ ਖੇਤੀ ਪਰਿਵਾਰ ਰਹਿਣ-ਬਹਿਣ ਦੇ ਮਿਆਰ ਨਾਲ ਸੰਤੁਸ਼ਟ ਹੈ। ਜੇ ਫ਼ਸਲਾਂ ਦੀਆਂ ਕੀਮਤਾਂ ਵਿਚ ਵਾਧਾ ਹੁੰਦਾ ਹੈ ਤਾਂ ਉਹ ਫ਼ਸਲਾਂ ਦੀ ਘੱਟ ਉਪਜ ਕਰਦਾ ਹੈ ਕਿਉਂਕਿ ਹੁਣ ਉਸ ਦੇ ਰਹਿਣ-ਬਹਿਣ ਦੇ ਖਰਚ ਘੱਟ ਉਪਜ ਨਾਲ ਵੀ ਪੂਰੇ ਹੋ ਜਾਂਦੇ ਹਨ। ਇਸ ਲਈ ਇਹ ਕਿਹਾ ਜਾਂਦਾ ਸੀ ਕਿ ਉਹ ਹੋਰ ਉਪਜ ਕਰਨ ਲਈ ਯਤਨ ਵੀ ਨਹੀਂ ਕਰਦਾ ਅਤੇ ਖੇਤੀ ਕਿਸਾਨ ਲਈ ਇਕ ਵਪਾਰਕ ਕਿਰਿਆ ਨਹੀਂ ਸਗੋਂ ਜਿਉਣ ਦਾ ਢੰਗ ਹੈ। ਪਰ ਅੱਜਕੱਲ੍ਹ ਵਿਕਾਸ ਦੇ ਯੁਗ ਵਿਚ ਇਸ ਤਰ੍ਹਾਂ ਨਹੀਂ ਹੈ। ਖੇਤੀ ਇਕ ਵਪਾਰਕ ਪੇਸ਼ਾ ਹੈ। ਜਿਸ ਫ਼ਸਲ ਦੀਆਂ ਕੀਮਤਾਂ ਜ਼ਿਆਦਾ ਹਨ ਉਨ੍ਹਾਂ ਦੀ ਜ਼ਿਆਦਾ ਉਪਜ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਲੋੜਾਂ ਵਧਣ ਕਰਕੇ, ਹਰ ਪਰਿਵਾਰ ਦੇ ਖਰਚ ਵੱਧ ਹਨ ਅਤੇ ਉਨ੍ਹਾਂ ਖਰਚਾਂ ਨੂੰ ਪੂਰਾ ਕਰਨ ਲਈ ਹਰ ਖੇਤੀ ਪਰਿਵਾਰ ਵੱਧ ਤੋਂ ਵੱਧ ਉਤਪਾਦਨ ਲੈਣ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਹੀ ਹੋਰ ਪੇਸ਼ਿਆਂ ਵਿਚ ਹੈ। ਇਸ ਵੱਧ ਤੋਂ ਵੱਧ ਕਮਾਈ ਕਰਨ ਦੇ ਯਤਨਾਂ ਮਗਰ ਜਿਥੇ ਵਿਕਾਸ ਦੀ ਭੂਮਿਕਾ ਹੈ ਉਥੇ ਉਨ੍ਹਾਂ ਪਰਿਵਾਰਾਂ ਦੇ ਯਤਨਾਂ ਕਰਕੇ ਵਿਕਾਸ ਸੰਭਵ ਹੋਇਆ ਹੈ ਜੋ ਕਿ ਵੱਡੀ ਸਮਾਜਿਕ ਪਰਿਵਰਤਨ ਦੀ ਰੁਚੀ ਨੂੰ ਉਜਾਗਰ ਕਰਦਾ ਹੈ।

ਪੁਰਾਤਨ ਸਮਿਆਂ ਵਿਚ ਮਨੁੱਖੀ ਅਧਿਕਾਰਾਂ ਸੰਬੰਧੀ ਬਹੁਤ ਘੱਟ ਜਾਣਕਾਰੀ ਸੀ ਅਤੇ ਉਨ੍ਹਾਂ ਅਧਿਕਾਰਾਂ ਨੂੰ ਕਿਸ ਤਰ੍ਹਾਂ ਪ੍ਰਾਪਤ ਕਰਨਾ ਹੈ ਇਸ ਬਾਰੇ ਵੀ ਬਹੁਤ ਘੱਟ ਲੋਕ ਜਾਣਦੇ ਸਨ। ਪਰ ਵਿਕਾਸ ਦੇ ਵਧਣ ਦਾ ਪ੍ਰਭਾਵ ਵਿੱਦਿਆ 'ਤੇ ਪਿਆ ਜਿਸ ਨਾਲ ਆਮ ਵਿਅਕਤੀ ਆਪਣੇ ਅਧਿਕਾਰਾਂ ਸੰਬੰਧੀ ਸੁਚੇਤ ਹੋਇਆ। ਪੁਰਾਤਨ ਸਮਿਆਂ ਵਿਚ ਉਹ ਵੀ ਸਮਾਂ ਸੀ ਜਦੋਂ ਵਿਕਸਤ ਦੇਸ਼ਾਂ ਵਲੋਂ ਬਹੁਤ ਸਾਰੇ ਲੋਕਾਂ ਨੂੰ ਗੁਲਾਮਾਂ ਵਜੋਂ ਮੰਡੀਆਂ ਵਿਚ ਵੇਚਿਆ ਅਤੇ ਖਰੀਦਿਆ ਜਾਂਦਾ ਸੀ। ਪਰ ਇਸ ਤਰ੍ਹਾਂ ਦੀ ਅੱਜ ਦੇ ਸਮਾਜ ਵਿਚ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖ ਅਧਿਕਾਰਾਂ ਸੰਬੰਧੀ ਇਹ ਚੇਤਨਾ ਵਿਕਾਸ ਦੀ ਵਜ੍ਹਾ ਕਰਕੇ ਹੈ।, ਅੱਜਕੱਲ ਹਰ ਵਿਅਕਤੀ ਇਕੱਲੇ ਤੌਰ ਤੇ ਅਤੇ ਸਮਾਜਿਕ ਤੌਰ ਤੇ ਸਮਾਜ ਦੀਆਂ ਗ਼ੈਰ ਸਰਕਾਰੀ ਸੰਸਥਾਵਾਂ ਦੇ ਰਾਹੀਂ ਇਨ੍ਹਾਂ ਅਧਿਕਾਰਾਂ ਦੀ ਉਲੰਘਣਾ ਦੀ ਹਾਲਤ ਵਿਚ ਅਦਾਲਤ ਵਿਚ ਪਹੁੰਚਦਾ ਹੈ ਅਤੇ ਆਪਣੇ ਅਧਿਕਾਰ ਪ੍ਰਾਪਤ ਕਰਨ ਲਈ ਯਤਨ ਕਰਦਾ ਹੈ। ਜੇ ਆਰਥਿਕ ਵਿਕਾਸ ਨਾ ਹੋਇਆ ਹੁੰਦਾ ਤਾਂ ਇਸ ਤਰ੍ਹਾਂ ਦੇ ਰਵੱਈਏ ਦੀ ਸੰਭਾਵਨਾ ਵੀ ਨਾ ਬਣਦੀ।

ਆਰਥਿਕ ਵਿਕਾਸ ਨਾਲ ਸਮਾਜ ਵਿਚ ਕਈ ਨਵੀਆਂ ਸੰਸਥਾਵਾਂ ਵਿਕਸਤ ਹੋ ਗਈਆਂ ਹਨ। ਬੈਂਕ ਬੀਮਾ ਕੰਪਨੀਆਂ, ਫਾਈਨਾਂਸ ਕੰਪਨੀਆਂ ਆਦਿ ਵਿਕਾਸ ਦੀ ਹੋਂਦ ਹਨ ਅਤੇ ਜਿਥੇ ਇਹ ਵਿਕਾਸ ਕਰਕੇ ਸਾਹਮਣੇ ਆਈਆਂ ਹਨ ਉਥੇ ਇਨ੍ਹਾਂ ਨੇ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਵਿਚ ਹਿੱਸਾ ਵੀ ਪਾਇਆ ਹੈ। ਅੱਜਕੱਲ੍ਹ ਬਚਤ ਦੀ ਰੁਚੀ ਵਿਚ ਜਿਥੇ ਵਾਧਾ ਹੋਇਆ ਉਥੇ ਉਨ੍ਹਾਂ ਬਚਤਾਂ ਤੋਂ ਵੀ ਕਮਾਈ ਕਰਨ ਦੀ ਰੁਚੀ ਵੀ ਬਣੀ ਹੈ ਅਤੇ ਇਸ ਰੁਚੀ ਨੂੰ ਬੈਂਕਾਂ ਨੇ ਆਸਾਨ ਬਣਾ ਦਿਤਾ ਹੈ। ਬੀਮਾ ਕੰਪਨੀਆਂ ਨੇ ਸਮਾਜ ਵਿਚ ਆਪਣੇ ਆਪ ਨੂੰ ਸੁਰੱਖਿਅਤ ਕਰਨ ਦੀ ਸੋਚ ਵਿਚ ਵਾਧਾ ਕੀਤਾ ਹੈ। ਵਿਕਸਤ ਦੇਸ਼ਾਂ ਵਿਚ ਬੀਮਾ ਕੰਪਨੀਆਂ ਦੀ ਬਹੁਤ ਵੱਡੀ ਭੂਮਿਕਾ ਹੈ। ਇਨ੍ਹਾਂ ਕੰਪਨੀਆਂ ਨੇ ਸਿਹਤ ਬੀਮਾ, ਜੀਵਨ ਬੀਮਾ, ਦੁਰਘਟਨਾ ਬੀਮਾ, ਰੁਜ਼ਗਾਰ ਬੀਮਾ, ਘਰਾਂ ਅਤੇ ਜਾਇਦਾਦ ਦੀ ਸੁਰੱਖਿਆ ਲਈ ਬੀਮਾ ਅਤੇ ਵਾਹਨਾਂ ਲਈ ਸਮੇਂ ਤੋਂ ਇਲਾਵਾ, ਖੇਤੀ ਕਾਰਵਾਈਆਂ ਅਤੇ ਉਦਯੋਗਿਕ ਕਾਰਵਾਈਆਂ ਵਿਚ ਬੀਮੇ ਨੂੰ ਵਧਾਇਆ ਹੈ। ਸਮਾਜ ਵਿਚ ਹਰ ਇਕ ਦੀ

*ਬਾਕੀ ਸਫ਼ਾ 33 ਉੱਤੇ*

# ਸਮਾਵੇਸ਼ੀ ਵਿਕਾਸ ਤੇ ਸਮਾਜਿਕ ਪਰਿਵਰਤਨ

ਜਸਵੰਤ ਸਿੰਘ ਸੈਣੀ

ਵਿਕਸਤ ਸਮਾਜ ਨੂੰ ਪਰਿਭਾਸ਼ਤ ਕਰਨਾ ਆਪਣੇ ਆਪ ਵਿਚ 'ਟੇਢੀ ਖੀਰ' ਹੈ ਕਿਉਂਕਿ 'ਵਿਕਾਸ' ਦੇ ਅਰਥ ਬਹੁਪਸਾਰੀ ਹਨ। ਪਰ ਇਸ ਗੱਲ ਉਤੇ ਨਿਸ਼ਚੇ ਹੀ ਸਹਿਮਤ ਹੋਇਆ ਜਾ ਸਕਦਾ ਹੈ ਕਿ ਕੋਈ ਵੀ ਪਰਿਭਾਸ਼ਾ ਅਪਣਾ ਲਈਏ, ਆਰਥਿਕ ਵਿਕਾਸ ਨੂੰ ਸ਼ਾਮਿਲ ਕੀਤੇ ਬਿਨਾਂ ਇਹ ਅਧੂਰੀ ਹੋਵੇਗੀ। ਵਿਕਸਤ ਅਰਥਵਿਵਸਥਾ ਕਿਸੇ ਵੀ ਵਿਕਸਤ ਸਮਾਜ ਦਾ ਆਧਾਰ ਮੰਨੀ ਜਾ ਸਕਦੀ ਹੈ। ਮਨੁੱਖੀ ਇਤਿਹਾਸ ਦੀ ਕਹਾਣੀ ਕੁਝ ਇਸ ਤਰ੍ਹਾਂ ਲਿਖੀ ਗਈ ਹੈ ਕਿ ਅੱਜ 'ਇੱਕੀਵੀਂ ਸਦੀ' ਦੇ ਦੂਜੇ ਦਹਾਕੇ ਵਿਚ ਆਰਥਿਕ ਵਿਕਾਸ ਨੂੰ ਹੀ ਵਿਕਾਸ ਮੰਨਿਆ ਜਾਣ ਲੱਗਾ ਹੈ। ਭਾਵੇਂ ਕਿ ਇਸ ਸੋਚ ਦੇ ਬੀਜ ਯੂਰਪ ਵਿਚ ਉਦਯੋਗਿਕ ਕ੍ਰਾਂਤੀ ਦੇ ਸਮੇਂ ਹੀ ਬੀਜੇ ਗਏ ਸਨ।। ਉਂਜ ਇਕ ਪੱਖੋਂ ਇਹ ਵਿਚਾਰ ਹੈ ਵੀ ਠੀਕ - "ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ"। ਕਬੀਰ ਸਾਹਿਬ ਨੇ ਰੱਬ ਨੂੰ ਵੀ ਮਿਹਣਾ ਮਾਰ ਕੇ ਕਹਿ ਦਿਤਾ ਸੀ "ਭੁੱਖੇ ਭਗਤ ਨਾ ਕੀਜੈ ਯਹ ਮਾਲਾ ਆਪਨ ਲੀਜੈ।"

ਭਾਰਤੀ ਸਭਿਅਤਾ ਇਕ ਪ੍ਰਾਚੀਨ ਸੱਭਿਅਤਾ ਹੈ ਜਿਸ ਨੂੰ ਕਿਸੇ ਵੇਲੇ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ ਅਤੇ ਜਿਥੇ ਦੁੱਧ-ਦਹੀਂ ਦੀਆਂ ਨਦੀਆਂ ਵਗਦੀਆਂ ਸਨ। ਫਿਰ ਆਏ ਗੁਲਾਮੀ ਦੇ ਕਾਲੇ ਦੌਰ ਦੇ ਹਜ਼ਾਰਾਂ ਸਾਲ ਜਿਸ ਵਿਚ ਭਾਰਤੀ ਸਭਿਅਤਾ, ਭਾਰਤੀ ਸਮਾਜ ਅਤੇ ਭਾਰਤੀ ਆਰਥਿਕਤਾ ਨਿਘਾਰ ਦੇ ਟੋਇਆਂ ਵਿਚ ਜਾ ਡਿੱਗੀ। 1947 ਵਿਚ ਆਜ਼ਾਦੀ ਮਿਲਣ ਤੋਂ ਬਾਅਦ ਨਵੀਂ ਭਾਰਤ ਸਰਕਾਰ, ਭਾਰਤੀ ਲੋਕਾਂ ਦੀ ਆਪਣੀ ਸਰਕਾਰ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਸੀ, ਭਾਰਤੀ ਸਮਾਜ ਦਾ ਆਰਥਿਕ ਵਿਕਾਸ ਅਤੇ ਉਸ ਵਿਕਾਸ ਵਿਚ ਸਾਰਿਆਂ ਦੀ ਸ਼ਮੂਲੀਅਤ। ਉਹ ਵਿਕਾਸ ਜਿਸ ਵਿਚ ਹਰ ਪੱਧਰ ਦੇ ਲੋਕ ਬਰਾਬਰ ਹੋਣ ਤੇ ਸਭ ਨੂੰ ਬਰਾਬਰੀ ਦਾ ਅਹਿਸਾਸ ਹੋਵੇ।

## ਸਮਾਵੇਸ਼ੀ ਵਿਕਾਸ ਹੈ ਕੀ?

ਸਮਾਵੇਸ਼ੀ ਵਿਕਾਸ ਅਜਿਹਾ ਸੰਕਲਪ ਹੈ ਜੋ ਆਰਥਿਕ ਵਿਕਾਸ ਦੌਰਾਨ ਸਾਰੇ ਆਰਥਿਕ ਸਹਿਭਾਗੀਆਂ ਲਈ ਉੱਚਿਤ/ਨਿਆਂਪੂਰਕ ਬਰਾਬਰੀ ਦੇ ਮੌਕੇ ਹੋਣ ਦੀ ਅਤੇ ਸਮਾਜ ਦੇ ਹਰ ਵਰਗ ਲਈ ਇਸ ਤੋਂ ਪ੍ਰਾਪਤ ਹੋਣ ਵਾਲੀਆਂ ਪ੍ਰਾਪਤੀਆਂ ਦੀ ਵੀ ਸਿਫਾਰਸ਼ ਕਰਦਾ ਹੈ। ਸਰਲ ਸ਼ਬਦਾਂ ਵਿਚ ਇਸ ਦਾ ਮਤਲਬ ਇਹ ਹੈ ਕਿ ਸਮਾਜ ਦੇ ਸਾਰੇ ਵਰਗਾਂ ਨੂੰ ਬਰਾਬਰ ਆਰਥਿਕ ਮੌਕੇ ਪ੍ਰਾਪਤ ਹੋਣ ਅਤੇ ਵਿਕਾਸ ਤੋਂ ਹੋਣ ਵਾਲੇ ਲਾਭਾਂ ਉਤੇ ਵੀ ਸਭ ਦਾ ਹੱਕ ਹੋਵੇ। ਹਰ ਕਿਸੇ ਨੂੰ ਅੱਗੇ ਵਧਣ ਦਾ ਅਹਿਸਾਸ ਹੋਵੇ ਅਤੇ ਹਰ ਕਿਸੇ ਦਾ ਜੀਵਨ ਪੱਧਰ ਉੱਚਾ ਹੋਵੇ। ਯਕੀਨਨ ਕਿਸੇ ਸਮਾਜ ਵਿਚ ਸ਼ਾਂਤੀ ਅਤੇ ਸਥਿਰਤਾ ਲਈ ਵੱਖ-ਵੱਖ ਵਰਗਾਂ ਵਿਚ ਸਾਧਨਾਂ ਦਾ ਪਾੜਾ ਤਰਕਸੰਗਤ ਹੋਣਾ ਜ਼ਰੂਰੀ ਹੈ।

## ਇਤਿਹਾਸਕ ਪਰਿਪੇਖ

1947 ਤੋਂ ਬਾਅਦ ਭਾਰਤੀ ਨੇਤਾਵਾਂ ਨੇ ਜੋ ਆਰਥਿਕ ਵਿਕਾਸ ਦਾ ਮਾਡਲ ਅਪਣਾਇਆ, ਉਹ ਰੂਸੀ ਕ੍ਰਾਂਤੀ ਤੋਂ ਪ੍ਰਭਾਵਤ ਸੀ। ਸਾਡੇ ਖ਼ਿਆਲ ਵਿਚ ਸਮਾਜ ਦੇ ਸਾਰੇ ਵਰਗਾਂ ਲਈ ਬਰਾਬਰੀ ਦੇ ਮੌਕੇ ਅਤੇ ਬਰਾਬਰ ਵੰਡ ਲਈ ਸਮਾਜਵਾਦੀ ਮਾਡਲ ਬੜਾ ਢੁਕਵਾਂ ਸੀ। ਪਰ ਇਸ ਦੀ ਸਰਲਤਾ ਲਈ ਲਾਜ਼ਮੀ ਸ਼ਰਤ ਇਹ ਸੀ ਕਿ ਰਾਜਨੀਤਕ ਅਤੇ ਪ੍ਰਸ਼ਾਸਨਕ ਧਿਰਾਂ ਪੂਰੀ ਈਮਾਨਦਾਰੀ ਨਾਲ ਇਸ ਨੂੰ ਲਾਗੂ ਕਰਨ ਦਾ ਯਤਨ ਕਰਨ। ਯਕੀਨਨ ਇਸ ਵਿਚ ਕਈ ਊਣਤਾਈਆਂ ਰਹਿ ਗਈਆਂ ਹੋਣਗੀਆਂ। ਪਰ ਇਸ ਦਿਸ਼ਾ ਵਿਚ ਲਏ ਗਏ ਕੁਝ ਮਹੱਤਵਪੂਰਨ ਫ਼ੈਸਲੇ ਇਹ ਹਨ :

## ਬੈਂਕਾਂ ਦਾ ਰਾਸ਼ਟਰੀਕਰਨ

1969 ਵਿਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਨੇ ਮਹਿਸੂਸ ਕੀਤਾ ਕਿ ਪੇਂਡੂ ਖੇਤਰਾਂ ਅਤੇ ਖੇਤ ਕਾਰਜਾਂ ਲਈ ਵਿੱਤ ਪ੍ਰਾਪਤੀ ਨਾ ਦੇ ਬਰਰਾਬਰ ਹੈ। ਬੈਂਕਾਂ ਦਾ ਰਾਸ਼ਟਰੀਕਰਨ ਸਮੁੱਚਿਤ ਵਿਕਾਸ ਵਲ ਪਹਿਲਾ ਮਹੱਵਪੂਰਨ ਕਦਮ ਸੀ। ਇਸ ਤਹਿਤ ਬੈਂਕਾਂ ਨੂੰ ਪੇਂਡੂ ਖੇਤਰਾਂ ਵਿਚ ਪਸਾਰ ਕਰਨ ਲਈ ਮਜਬੂਰ ਕੀਤਾ ਗਿਆ ਅਤੇ ਖੇਤੀ ਲਈ ਕਰਜ਼ੇ ਲਈ ਉਪਲਬਧਤਾ ਕਰਾਉਣ ਲਈ ਵਿਸ਼ੇਸ਼ ਸਕੀਮਾਂ ਵਧਾਉਣ ਲਈ ਕਿਹਾ ਗਿਆ। ਯਕੀਨਨ ਇਸ ਦਾ ਅਸਰ ਪੇਂਡੂ ਖੇਤਰਾਂ ਵਿਚ ਬਹੁਤਾ ਹਾਂ ਪੱਖੀ ਰਿਹਾ। ਪੇਂਡੂ ਜਨਤਾ ਨੂੰ ਪਹਿਲੀ ਵਾਰ ਬੈਂਕਾਂ ਨਾਲ ਵਾਸਤਾ ਪਿਆ ਜਿਸ ਨੇ ਉਨ੍ਹਾਂ ਦੀਆਂ ਆਸਾਂ ਨੂੰ ਇਕ ਨਵੀਂ ਉਡਾਨ ਦਿਤੀ।

ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਕੋਈ ਵੀ ਸਮਾਜ ਉਨਾ ਹੀ ਸਥਿਰ, ਸ਼ਾਂਤ ਅਤੇ ਖ਼ੁਸ਼ਹਾਲ ਹੋਵੇਗਾ ਜਿੰਨੀ ਉਸ ਵਿਚ ਆਰਥਿਕ ਬਰਾਬਰੀ ਹੋਵੇਗੀ ਅਤੇ ਆਰਥਿਕ ਅਸਮਾਨਤਾਵਾਂ ਘੱਟ ਹੋਣਗੀਆਂ। ਜਿਥੇ ਸਰਕਾਰਾਂ ਨੇ ਸਮੇਂ-ਸਮੇਂ ਇਸ ਬਾਰੇ ਆਪਣੀ ਚੇਤਨਤਾ ਅਤੇ ਹਾਂ ਪੱਖੀ ਸੋਚ ਦਾ ਇਜ਼ਹਾਰ ਕੀਤਾ ਹੈ ਉਥੇ ਸਾਧਨਯੁਕਤ ਮੱਧ ਵਰਗ ਨੇ ਇਨ੍ਹਾਂ ਨੀਤੀਆਂ/ਯੋਜਨਾਵਾਂ ਨੂੰ ਲੋੜੀਂਦਾ ਹਾਂ ਪੱਖੀ ਹੁੰਗਾਰਾ ਨਹੀਂ ਦਿਤਾ। ਸਦੀਵੀ ਸਮਾਜਿਕ ਸ਼ਾਂਤੀ ਬਣਾਈ ਰੱਖਣ ਲਈ ਇਹ ਜ਼ਰੂਰੀ ਹੈ ਕਿ ਆਰਥਿਕ ਸਾਧਨਾਂ ਦੀ ਵੰਡ ਨਾ ਕੇਵਲ ਨਿਆਂਪੂਰਕ ਹੋਵੇ, ਇਹ ਨਿਆਂਪੂਰਕ ਨਜ਼ਰ ਵੀ ਆਵੇ। ਇਸ ਸੰਬੰਧ ਵਿਚ ਕੁਝ ਮਹੱਤਵਪੂਰਨ ਸਰਕਾਰੀ ਸਕੀਮਾਂ ਦਾ ਵੇਰਵਾ ਅਤੇ ਉਨ੍ਹਾਂ ਦਾ ਸਮਾਜਿਕ ਅਸਰ ਸੰਖੇਪ ਵਿਚ ਹੇਠਾਂ ਦਿਤਾ ਜਾ ਰਿਹਾ ਹੈ।

## ਮਨਰੇਗਾ ਜਾਂ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਯੋਜਨਾ

ਇਹ ਸਰਕਾਰ ਦੀ ਸਭ ਤੋਂ ਮਹੱਤਵਪੂਰਨ ਯੋਜਨਾ ਹੈ। ਸੰਨ 2005 ਵਿਚ ਇਸ ਸੰਬੰਧੀ ਇਕ ਪਾਰਲੀਮੈਂਟਰੀ ਐਕਟ (ਮਨਰੇਗਾ) ਪਾਸ

ਕੀਤਾ ਗਿਆ ਜੋ ਕਿ ਇਕ ਕਿਰਤ ਕਾਨੂੰਨ ਹੈ ਅਤੇ ਜੋ 2006 ਤਕ ਦੇਸ਼ ਦੇ 200 ਜ਼ਿਲ੍ਹਿਆਂ ਵਿਚ ਲਾਗੂ ਕਰ ਦਿਤਾ ਗਿਆ।

ਇਸ ਕਾਨੂੰਨ ਤਹਿਤ ਜੋ ਵੀ ਬਾਲਗ ਵਿਅਕਤੀ ਆਪਣਾ ਨਾਂ ਪੇਂਡੂ ਰੁਜ਼ਗਾਰ ਲਈ ਰਜਿਸਟਰ ਕਰਾਉਂਦਾ ਹੈ ਉਸ ਨੂੰ ਸਾਲ ਵਿਚ ਘੱਟੋ-ਘੱਟ 100 ਦਿਨ ਦੇ ਰੁਜ਼ਗਾਰ ਦੀ ਜ਼ਾਮਨੀ ਦਿਤੀ ਜਾਵੇਗੀ। ਇਸ ਵਿਚ ਗ਼ੈਰ ਮਹਾਰਤ ਕੰਮ ਵੀ ਸ਼ਾਮਿਲ ਹੈ। ਜੇ ਉਸ ਨੂੰ 15 ਦਿਨਾਂ ਦੇ ਅੰਦਰ-ਅੰਦਰ ਰੁਜ਼ਗਾਰ ਨਹੀਂ ਦਿਤਾ ਜਾਂਦਾ ਤਾਂ ਉਹ ਬੇਰੁਜ਼ਗਾਰੀ ਭੱਤਾ ਪਾਉਣ ਦਾ ਪਾਤਰ ਹੈ।

- ਇਸ ਯੋਜਨਾ ਦਾ ਸਭ ਤੋਂ ਹਾਂ ਪੱਖੀ ਪੱਖ ਹੈ ਕਿ ਇਸ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਗ੍ਰਾਮ ਪੰਚਾਇਤ ਉਤੇ ਛੱਡ ਦਿਤੀ ਗਈ ਹੈ।

- ਇਸ ਵਿਚ ਸ਼ਾਮਿਲ ਕੰਮਾਂ ਦੀ ਸੂਚੀ ਵੀ ਨਿਰੰਤਰ ਲੋੜ ਅਨੁਸਾਰ ਵਧਾਈ ਜਾਂਦੀ ਰਹੀ ਹੈ।

- ਛੋਟੇ ਬੱਚਿਆਂ ਵਾਲੀਆਂ ਮਾਵਾਂ ਲਈ ਵਿਸ਼ੇਸ਼ ਪ੍ਰਬੰਧ ਕਰ ਕੇ ਬੱਚਿਆਂ ਦੀ ਸੰਭਾਲ ਲਈ ਸੇਵਾਦਾਰ ਰੱਖਣ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਸੇਵਾਦਾਰ ਨੂੰ ਵੀ ਇਸ ਕਾਨੂੰਨ ਤਹਿਤ ਹੀ ਰੁਜ਼ਗਾਰ ਦਿਤਾ ਜਾਵੇਗਾ।

- ਸ਼ੁਰੂ ਵਿਚ ਘੱਟੋ-ਘੱਟ ਉਜਰਤ 100 ਰੁਪਏ ਦਿਹਾੜੀ ਰੱਖੀ ਗਈ ਸੀ ਪਰ ਬਾਅਦ ਵਿਚ ਇਸ ਨੂੰ ਰਾਜ ਦੇ ਕਿਰਤ ਕਾਨੂੰਨ ਅਨੁਸਾਰ ਕਰ ਦਿਤਾ ਗਿਆ। ਇਸ ਅਨੁਸਾਰ ਬਿਹਾਰ ਵਿਚ 163 ਰੁਪਏ ਦਿਹਾੜੀ ਤੋਂ ਲੈ ਕੇ ਕੇਰਲ ਵਿਚ ਵਿਚ 500 ਰੁਪਏ ਦਿਹਾੜੀ ਦਿਤੀ ਜਾ ਰਹੀ ਹੈ।

- ਜੂਨ 2015 ਤਕ ਸਰਕਾਰ ਨੇ ਇਸ ਯੋਜਨਾ ਤਹਿਤ 2898917 ਕਰੋੜ ਰੁਪਏ ਖਰਚ ਕਰ ਕੇ 6826921 ਕਾਮਿਆਂ ਦਾ ਸ਼ਕਤੀਕਰਨ ਕੀਤਾ ਹੈ।

ਪੰਜਾਬੀ ਦੀ ਕਹਾਵਤ ਹੈ – ਜਿਹਦੀ ਕੋਠੀ ਦਾਣੇ, ਉਸ ਦੇ ਕਮਲੇ ਵੀ ਸਿਆਣੇ। ਯਕੀਨਨ ਉਨ੍ਹਾਂ ਵਿਹਲੜਾਂ ਦੀ ਇੱਜ਼ਤ ਸਮਾਜ ਵਿਚ ਵਧੀ ਹੋਵੇਗੀ ਜੋ ਹਰ ਰੋਜ਼ ਕੁਝ ਕਮਾ ਕੇ ਘਰ ਨੂੰ ਆਉਂਦੇ ਹਨ। ਇਸ ਨਾਲ ਉਨ੍ਹਾਂ ਦਾ ਸਵੈ-ਵਿਸ਼ਵਾਸ ਵੀ ਵਧਿਆ ਹੋਵੇਗਾ ਜੋ ਨਿਸ਼ਚੇ ਹੀ ਚੰਗੇ ਸਮਾਜ ਦਾ ਆਧਾਰ ਹੈ।

ਮੌਜੂਦਾ ਸਰਕਾਰ ਵਲੋਂ ਇਸ ਸਕੀਮ ਨੂੰ ਜਾਰੀ ਰੱਖਣਾ ਇਸ ਦੀ ਅੰਤਰੀਵ ਤਾਕਤ ਨੂੰ ਪਛਾਨਣਾ ਹੈ। ਇਸ ਵਿਚ ਵਿਆਪਕ ਭ੍ਰਿਸ਼ਟਾਚਾਰ ਦੀਆਂ ਖ਼ਬਰਾਂ ਦੇ ਬਾਵਜੂਦ ਪੇਂਡੂ ਲੋਕਾਂ ਦੇ ਆਰਥਿਕ ਸਮਾਵੇਸ਼ ਅਤੇ ਸ਼ਕਤੀਕਰਨ ਵਿਚ ਇਹ ਸਕੀਮ ਮਹੱਤਵਪੂਰਨ ਕੜੀ ਸਿੱਧ ਹੋਈ ਹੈ।

## ਪ੍ਰਧਾਨ ਮੰਤਰੀ ਜਨ ਧਨ ਯੋਜਨਾ

ਇਸ ਯੋਜਨਾ ਦਾ ਐਲਾਨ ਪ੍ਰਧਾਨ ਮੰਤਰੀ ਨੇ 15 ਅਗਸਤ 2014 ਨੂੰ ਲਾਲ ਕਿਲੇ ਦੀ ਫਸੀਲ ਤੋਂ ਆਪਣੇ ਪਹਿਲੇ ਆਜ਼ਾਦੀ ਦਿਵਸ ਭਾਸ਼ਨ ਵਿਚ ਕੀਤਾ ਸੀ। ਪ੍ਰਧਾਨ ਮੰਤਰੀ ਅਨੁਸਾਰ ਇਹ ਸਕੀਮ ਪੇਂਡੂ ਖੇਤਰਾਂ ਵਿਚ ਵਿੱਤੀ ਵਿੱਤਕਰੇ ਨੂੰ ਦੂਰ ਕਰੇਗੀ। ਇਸ ਦਾ ਉਦੇਸ਼ ਹੈ ਕਿ ਭਾਰਤ ਵਿਚ ਹਰ ਪਰਿਵਾਰ ਕੋਲ ਘੱਟੋ-ਘੱਟ ਇਕ ਬੈਂਕ ਖਾਤਾ ਹੋਵੇ। ਇਹ ਸਕੀਮ 28 ਅਗਸਤ 2014 ਨੂੰ ਲਾਗੂ ਕੀਤੀ ਗਈ ਤੇ ਅਗਸਤ 2015 ਵਿਚ ਇਸ ਦੀ ਦੂਜੀ ਲੜੀ ਆਰੰਭ ਹੋ ਜਾਵੇਗੀ। ਇਸ ਸਕੀਮ ਦੀਆਂ ਕੁਝ ਵਿਸ਼ੇਸ਼ਤਾਵਾਂ ਇਹ ਹਨ :

- ਗਾਹਕ 'ਜ਼ੀਰੋ ਬੈਲੈਂਸ' ਖਾਤਾ ਵੀ ਖੋਲ੍ਹ ਸਕਦੇ ਹਨ ਅਤੇ ਖਾਤੇ ਵਿਚ ਘੱਟੋ-ਘੱਟ ਜਮ੍ਹਾਂ ਰਾਸ਼ੀ ਰੱਖਣੀ ਲਾਜ਼ਮੀ ਨਹੀਂ ਹੋਵੇਗੀ।

- ਹਰ ਖਾਤਾ ਧਾਰਕ ਨੂੰ 30000 ਰੁਪਏ ਤਕ ਜੀਵਨ ਬੀਮਾ ਕਵਰ ਮਿਲੇਗਾ।

- ਇਸ ਤੋਂ ਇਲਾਵਾ ਇਕ ਲੱਖ ਰੁਪਏ ਦਾ ਦੁਰਘਟਨਾ ਬੀਮਾ ਕਵਰ ਵੀ ਮਿਲੇਗਾ (ਜਿਨ੍ਹਾਂ ਨੇ ਪਹਿਲੇ 100 ਦਿਨ ਦੇ ਅੰਦਰ ਖਾਤਾ ਖੋਲ੍ਹ ਲਿਆ ਹੈ ਉਨ੍ਹਾਂ ਲਈ ਇਹ ਕਵਰ 2 ਲੱਖ ਰੁਪਏ ਦਾ ਹੋਵੇਗਾ)।

- ਹਰ ਖਾਤਾ ਧਾਰਕ ਨੂੰ ਰੁਪਏ ਡੈਬਿਟ ਕਾਰਡ ਮਿਲੇਗਾ।

- ਜੋ ਖਾਤਾ ਧਾਰਕ ਛੇ ਮਹੀਨੇ ਖਾਤੇ ਨੂੰ ਸਹੀ ਤਰੀਕੇ ਨਾਲ ਚਲਾਉਣਗੇ ਉਹ 5000 ਰੁਪਏ ਤਕ ਦੇ ਓਵਰ ਡਰਾਫਟ ਦੇ ਪਾਤਰ ਹੋਣਗੇ।

ਇਸ ਯੋਜਨਾ ਨਾਲ ਹਰ ਪਰਿਵਾਰ ਨੂੰ ਵਿੱਤੀ ਮੁੱਖ ਧਾਰਾ ਵਿਚ ਲਿਆਉਣ ਦਾ ਯਤਨ ਹੈ। ਪਹਿਲੇ ਦਿਨ ਹੀ ਡੇਢ ਕਰੋੜ ਖਾਤੇ ਖੋਲ੍ਹੇ ਗਏ ਅਤੇ ਸਤੰਬਰ 2014 ਤਕ ਤਿੰਨ ਕਰੋੜ ਤੋਂ ਵੀ ਉਤੇ ਖਾਤੇ ਖੋਲ੍ਹੇ ਗਏ।

## ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ

ਇਸ ਯੋਜਨਾ ਤਹਿਤ ਹਰ ਵਿਅਕਤੀ ਨੂੰ 330 ਰੁਪਏ ਸਾਲਾਨਾ ਦਾ ਪ੍ਰੀਮੀਅਮ ਦੇ ਕੇ ਦੋ ਲੱਖ ਦੀ ਜੀਵਨ ਬੀਮਾ ਸੁਰੱਖਿਆ ਮਿਲ ਜਾਵੇਗੀ। ਇਸ ਯੋਜਨਾ ਲਈ 18-50 ਸਾਲ ਤਕ ਦੇ ਉਹ ਵਿਅਕਤੀ ਯੋਗ ਹੋਣਗੇ ਜਿਨ੍ਹਾਂ ਦਾ ਬੈਂਕ ਖਾਤਾ ਹੈ। ਇਹ ਜੀਵਨ ਖ਼ਤਰਾ ਸੁਰੱਖਿਆ 55 ਸਾਲ ਦੀ ਉਮਰ 'ਤੇ ਸਮਾਪਤ ਹੋ ਜਾਵੇਗੀ। ਕਮਾਊ ਵਿਅਕਤੀ ਦੀ ਮੌਤ ਹੋ ਜਾਣ 'ਤੇ ਪਿਛਲੇ ਪਰਿਵਾਰ ਲਈ ਇਹ ਯੋਜਨਾ ਵਰਦਾਨ ਸਿੱਧ ਹੋਵੇਗੀ ਅਤੇ ਥਾਂ-ਥਾਂ ਰੁਲਣ ਦੀ ਬਜਾਇ ਪਰਿਵਾਰ ਸਨਮਾਨ ਯੋਗ ਜੀਵਨ ਜੀ ਸਕੇਗਾ।

## ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ

ਸਮਾਜਿਕ ਸੁਰੱਖਿਆ ਲਈ ਇਹ ਇਕ ਹੋਰ ਮਹੱਤਵਪੂਰਨ ਸਕੀਮ ਪ੍ਰਧਾਨ ਮੰਤਰੀ ਵਲੋਂ ਲਾਗੂ ਕੀਤੀ ਗਈ ਹੈ। ਇਸ ਤਹਿਤ ਸਿਰਫ਼ 12 ਰੁਪਏ ਸਾਲਾਨਾ ਦੇ ਪ੍ਰੀਮੀਅਮ ਦੇਣ 'ਤੇ ਪਰਿਵਾਰ ਨੂੰ ਦੋ ਲੱਖ ਰੁਪਏ ਦੁਰਘਟਨਾ-ਮੌਤ ਨੁਮਾ ਅਪੰਗਤਾ ਸੁਰੱਖਿਆ ਰਿਸਕ ਮਿਲੇਗਾ। ਜ਼ਖ਼ਮੀ ਵਿਅਕਤੀ ਨੂੰ ਅੰਸ਼ਕ ਅਪੰਗਤਾ ਹੋਣ 'ਤੇ ਇਕ ਲੱਖ ਰੁਪਏ ਮਿਲਣਗੇ।

ਇਹ ਦੋਵੇਂ ਸਕੀਮਾਂ ਸਮਾਜਿਕ ਸੁਰੱਖਿਆ ਦੇ ਦ੍ਰਿਸ਼ਟੀਕੋਨ ਤੋਂ ਸਾਧਨ ਹੀਣ ਲੋਕਾਂ ਲਈ ਵਰਦਾਨ ਸਿੱਧ ਹੋਣਗੀਆਂ। ਸ਼ਰਤ ਇਹੋ ਹੈ ਕਿ ਇਨ੍ਹਾਂ ਨੂੰ ਈਮਾਨਦਾਰੀ ਨਾਲ ਲਾਗੂ ਕੀਤਾ ਜਾਵੇ।

## ਸਾਂਸਦ ਆਦਰਸ਼ ਗ੍ਰਾਮ ਯੋਜਨਾ

ਇਸ ਯੋਜਨਾ ਦਾ ਐਲਾਨ ਪ੍ਰਧਾਨ ਮੰਤਰੀ ਨੇ 11 ਅਕਤੂਬਰ 2014 ਨੂੰ ਕੀਤਾ ਜਿਸ ਤਹਿਤ ਉਨ੍ਹਾਂ ਨੇ ਸਾਰੇ ਸੰਸਦ ਮੈਂਬਰਾਂ ਨੂੰ 2019 ਤਕ ਤਿੰਨ ਪਿੰਡਾਂ ਨੂੰ ਅਡਾਪਟ ਕਰਨ ਅਤੇ ਉਨ੍ਹਾਂ ਦਾ ਸਰਬਾਂਗੀ ਵਿਕਾਸ ਯਕੀਨੀ ਬਣਾਉਣ ਲਈ ਕਿਹਾ। ਸ਼ੁਰੂਆਤ ਲਈ ਸਾਰੇ ਸਾਂਸਦ 2016 ਤਕ ਇਕ-ਇਕ ਪਿੰਡ ਅਡਾਪਟ ਕਰਨਗੇ। ਜੇ ਇਸ ਯੋਜਨਾ ਨੂੰ ਸਹੀ ਤਰੀਕੇ ਨਾਲ ਲਾਗੂ ਕੀਤਾ ਜਾਵੇ ਤਾਂ ਇਹ ਸਮਾਵੇਸ਼ੀ ਵਿਕਾਸ ਲਈ ਮਹੱਤਵਪੂਰਨ ਕੜੀ ਸਿੱਧ ਹੋ ਸਕਦੀ ਹੈ।

## ਮੇਕ ਇਨ ਇੰਡੀਆ

ਪ੍ਰਧਾਨ ਮੰਤਰੀ ਦੀ ਇਹ ਇਕ ਹੋਰ ਯੋਜਨਾ

ਹੈ ਜੋ ਉਨ੍ਹਾਂ ਨੇ 25 ਸਤੰਬਰ 2014 ਨੂੰ ਐਲਾਨੀ। ਉਨ੍ਹਾਂ ਨੇ ਪੂਰੇ ਸੰਸਾਰ ਦੇ ਨਿਵੇਸ਼ਕਾਂ ਅਤੇ ਉਤਪਾਦਕਾਂ ਨੂੰ ਖੁੱਲ੍ਹਾ ਸੱਦਾ ਦਿਤਾ ਕਿ ਉਹ ਆਪਣੇ ਉਤਪਾਦ ਲਈ ਭਾਰਤ ਵਿਚ ਨਿਵੇਸ਼ ਕਰਨ ਅਤੇ ਆਪਣੇ ਕਾਰਖ਼ਾਨੇ ਇਥੇ ਲਾਉਣ। ਇਸ ਲਈ ਸਰਕਾਰ ਨੇ 25 ਅਜਿਹੇ ਖੇਤਰਾਂ/ਉਤਪਾਦਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਸ ਵਿਚ ਭਾਰਤ ਵਿਸ਼ਵ ਆਗੂ ਬਣ ਸਕਦਾ ਹੈ। ਵਿਦੇਸ਼ੀ ਨਿਵੇਸ਼ਕਾਂ ਅਤੇ ਉਤਪਾਦਕਾਂ ਨੂੰ ਤੁਰੰਤ ਫ਼ੈਸਲਾ ਕਰਨ ਦਾ ਭਰੋਸਾ ਵੀ ਦਿਤਾ ਗਿਆ ਹੈ।

ਜੇ ਅਸੀਂ ਵਿਦੇਸ਼ੀ ਉਤਪਾਦਕਾਂ ਨੂੰ ਆਕਰਸ਼ਤ ਕਰਨ ਵਿਚ ਸਫ਼ਲ ਹੋਏ ਤਾਂ ਪੇਂਡੂ ਖੇਤਰਾਂ ਦੇ ਵਿਕਾਸ ਅਤੇ ਆਰਥਿਕ ਸੰਪਨਤਾ ਵੱਲ ਇਹ ਮਹੱਤਵਪੂਰਨ ਯਤਨ ਸਿੱਧ ਹੋਵੇਗਾ ਕਿਉਂਕਿ ਉਤਪਾਦਨ ਪ੍ਰਕਿਰਿਆ ਵਿਚ ਰੁਜ਼ਗਾਰ ਦੇ ਵੱਡੇ ਮੌਕੇ ਉਪਲਬਧ ਹੋ ਸਕਦੇ ਹਨ।

### ਅਟਲ ਪੈਨਸ਼ਨ ਯੋਜਨਾ

ਸਮਾਜਕਿ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਅਸੰਗਠਿਤ ਖੇਤਰ ਦੇ ਉਨ੍ਹਾਂ ਕਾਮਿਆਂ ਲਈ ਜੋ ਕਿਸੇ ਹੋਰ ਪੈਨਸ਼ਨ ਯੋਜਨਾ ਤਹਿਤ ਨਹੀਂ ਆਉਂਦੇ 'ਅਟਲ ਪੈਨਸ਼ਨ ਯੋਜਨਾ' ਸ਼ੁਰੂ ਕੀਤੀ ਗਈ ਹੈ। ਇਸ ਲਈ 18-40 ਸਾਲ ਦੇ ਵਿਅਕਤੀ ਯੋਗ ਹਨ। ਇਸ ਲਈ ਉਨ੍ਹਾਂ ਨੂੰ ਹਰ ਸਾਲ ਆਪਣਾ ਯੋਗਦਾਨ ਪਾਉਣਾ ਪਵੇਗਾ ਅਤੇ 60 ਸਾਲ ਦੀ ਉਮਰ ਤੋਂ 1050 ਤੋਂ 5000 ਰੁਪਏ ਤਕ ਪੈਨਸ਼ਨ ਸ਼ੁਰੂ ਹੋ ਜਾਵੇਗੀ ਜੋ ਉਨ੍ਹਾਂ ਵਲੋਂ ਪਾਏ ਯੋਗਦਾਨ 'ਤੇ ਨਿਰਭਰ ਕਰੇਗੀ। ਗਾਹਕ ਵਲੋਂ ਪਾਏ ਗਏ ਯੋਗਦਾਨ ਦਾ 50 ਪ੍ਰਤਿਸ਼ਤ ਜਾਂ 1000 ਰੁਪਏ ਜੋ ਵੀ ਘੱਟ ਹੋਵੇ, ਕੇਂਦਰ ਸਰਕਾਰ ਪਾਵੇਗੀ। ਇਸ ਲਈ ਇੱਛਤ ਵਿਅਕਤੀ ਨੂੰ 31.12.2015 ਤੋਂ ਪਹਿਲਾਂ ਰਜਿਸਟਰੇਸ਼ਨ ਕਰਵਾਉਣੀ ਪਵੇਗੀ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :jaswantsinghaman@yahoo.com*

***ਸਫ਼ਾ 30 ਦੀ ਬਾਕੀ***

ਬੀਮੇ ਨਾਲ ਸੁਰੱਖਿਅਤ ਹੋਣ ਦੀ ਰੁਚੀ ਵਿਚ ਵਾਧਾ ਹੋਇਆ ਹੈ ਅਤੇ ਇਸ ਵਿਵਹਾਰ ਨੂੰ ਅਪਨਾਇਆ ਗਿਆ ਹੈ ਕਿ ਆਪਣੇ ਸੁਰੱਖਿਅਤ ਜੀਵਨ ਲਈ ਬੀਮੇ ਨੂੰ ਅਪਨਾਇਆ ਜਾਵੇ। ਸਮਾਜਿਕ ਵਿਵਹਾਰ ਵਿਚ ਆਈ ਇਸ ਤਬਦੀਲੀ ਦਾ ਮੁੱਖ ਕਾਰਨ ਆਰਥਿਕ ਵਿਕਾਸ ਹੈ।

ਭਾਵੇਂ ਕੁਝ ਹੋਰ ਸਮਾਜਿਕ ਤਬਦੀਲੀਆਂ ਅਤੇ ਰੁਚੀਆਂ ਦੀ ਵਜ੍ਹਾ ਵਿੱਦਿਆ ਦਾ ਪ੍ਰਸਾਰ ਹੈ ਪਰ ਉਹ ਵੀ ਆਰਥਿਕ ਵਿਕਾਸ ਨਾਲ ਜੁੜੀਆਂ ਹੋਈਆਂ ਹਨ। ਜਿਵੇਂ-ਜਿਵੇਂ ਵਿਕਾਸ ਵਧਦਾ ਗਿਆ ਹੈ ਤੇ ਜਾਤਪਾਤ ਦੀਆਂ ਪਾਬੰਦੀਆਂ ਘਟਦੀਆਂ ਗਈਆਂ ਹਨ। ਅੱਜਕੱਲ੍ਹ ਅੰਤਰਜਾਤੀ ਸ਼ਾਦੀਆਂ ਅਤੇ ਸੰਬੰਧਾਂ ਦੀਆਂ ਅਨੇਕ ਮਿਸਾਲਾਂ ਹਰ ਖੇਤਰ ਵਿਚ ਮਿਲਦੀਆਂ ਹਨ ਹਰ ਖੇਤਰ ਵਿਚ ਜਾਤੀ ਭਾਈਚਾਰੇ ਵਿਚ ਬਹੁਤ ਵਾਧਾ ਹੋਇਆ ਹੈ। ਇਕ ਜਾਤ ਦੇ ਲੋਕ ਦੂਜੀ ਜਾਤ ਦੇ ਸਮਾਗਮਾਂ ਵਿਚ ਸ਼ਾਮਿਲ ਹੁੰਦੇ ਹਨ। ਇਕ ਦੂਸਰੇ ਦੀ ਮਦਦ ਕਰਦੇ ਹਨ ਅਤੇ ਇਸ ਮਿਲਵਰਤਨ ਨਾਲ ਸੁਖਾਵੇਂ ਸੰਬੰਧ ਹੋਰ ਮਜ਼ਬੂਤ ਹੁੰਦੇ ਹਨ।

ਨਵੀਆਂ ਰੁਚੀਆਂ ਵਿਚ ਪ੍ਰਮੁੱਖ ਹੈ, ਵਹਿਮਾਂ, ਭਰਮਾਂ ਦਾ ਖਤਮ ਹੋਣਾ। ਪੁਰਾਤਨ ਸਮਿਆਂ ਵਿਚ ਲੋਕ ਫਜ਼ੂਲ ਹੀ ਇਨ੍ਹਾਂ ਦੀ ਪਾਲਣਾ ਕਰਦੇ ਸਨ ਜਿਨ੍ਹਾਂ ਦਾ ਕੋਈ ਤਰਕ ਨਹੀਂ ਸੀ ਹੁੰਦਾ। ਇਹ ਜਾਂ ਅਨਪੜ੍ਹਤਾ ਕਾਰਨ ਸੀ ਜਾਂ ਸਮਾਜਿਕ ਚੇਤਨਾ ਦੀ ਘਾਟ ਕਰਕੇ। ਆਮ ਵਿਅਕਤੀ ਦੀ ਸੋਚ ਵਿਸ਼ਾਲ ਹੋ ਰਹੀ ਹੈ, ਉਹ ਹਰ ਗੱਲ ਨੂੰ ਤਰਕ ਦੇ ਆਧਾਰ 'ਤੇ ਪਰਖਦੇ ਹਨ ਅਤੇ ਫਿਰ ਹੀ ਵਿਸ਼ਵਾਸ ਕਰਦੇ ਹਨ। ਇਹ ਸਮਾਜਿਕ ਚੇਤਨਾ ਸਮਾਜ ਦੇ ਹਰ ਵਰਗਾਂ ਵਿਚ ਪੇਂਡੂ ਜਾਂ ਸ਼ਹਿਰੀ, ਨੌਕਰੀ ਪੇਸ਼ਾ ਜਾਂ ਖੇਤੀ ਪੇਸ਼ਾ ਜਾਂ ਵਪਾਰਕ ਵਰਗ ਸਭ ਵਿਚ ਹੀ ਵਧ ਰਿਹਾ ਹੈ।

ਆਰਥਿਕ ਵਿਕਾਸ ਦੇ ਨਾਲ, ਕੁਦਰਤੀ ਵਾਤਾਵਰਨ ਵਿਚ ਗਿਰਾਵਟ ਵੇਖਣ ਨੂੰ ਮਿਲੀ ਹੈ। ਇਸ ਦੇ ਕਾਰਨ ਹਨ ਖੇਤੀ ਵਿਚ ਰਸਾਇਣਕ ਪਦਾਰਥਾਂ ਦੀ ਵਧਦੀ ਹੋਈ ਵਰਤੋਂ। ਖੇਤੀ ਉਤਪਾਦਨ ਵਧਾਉਣ ਲਈ ਵੱਧ ਤੋਂ ਵੱਧ ਖਾਦਾਂ, ਕੀੜੇਮਾਰ ਦਵਾਈਆਂ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਕੀਤੀ ਗਈ ਅਤੇ ਸਮੇਂ ਦੇ ਨਾਲ-ਨਾਲ ਇਹ ਵਰਤੋਂ ਵਧਦੀ ਗਈ। ਰਸਾਇਣਕ ਪਦਾਰਥ, ਹਵਾ, ਪਾਣੀ ਅਤੇ ਧਰਤੀ ਵਿਚ ਸ਼ਾਮਿਲ ਹੋ ਗਏ ਅਤੇ ਉਨ੍ਹਾਂ ਨੇ ਵਾਤਾਵਰਨ ਦਾ ਅਸੰਤੁਲਨ ਪੈਦਾ ਕਰ ਦਿਤਾ। ਇਸ ਸੰਬੰਧੀ ਜਾਗ੍ਰਿਤੀ 20ਵੀਂ ਸਦੀ ਦੇ ਅਖੀਰ ਵਿਚ ਹਰ ਦੇਸ਼ ਵਿਚ ਇਸ ਹੱਦ ਤਕ ਆਈ ਕਿ ਸਰਕਾਰਾਂ, ਵਿੱਦਿਅਕ ਅਦਾਰਿਆਂ, ਗ਼ੈਰ ਸਰਕਾਰੀ ਸਮਾਜ ਸੇਵੀ ਸੰਸਥਾਵਾਂ ਆਦਿ ਵਲੋਂ ਇਨ੍ਹਾਂ ਰਸਾਇਣਾਂ ਦੇ ਖ਼ਿਲਾਫ਼ ਪ੍ਰਚਾਰ ਸ਼ੁਰੂ ਹੋ ਗਿਆ। ਦੂਸਰੀ ਤਰਫ਼ ਉਦਯੋਗਿਕ ਇਕਾਈਆਂ ਕਰਕੇ ਵੀ ਰਸਾਇਣਕ ਪਦਾਰਥਾਂ ਅਤੇ ਉਦਯੋਗਿਕ ਰਹਿੰਦ-ਖੂੰਹਦ ਦਾ ਨਿਕਾਸ, ਵਾਤਾਵਰਨ ਵਿਚ ਪ੍ਰਦੂਸ਼ਨ ਫੈਲਾਉਂਦਾ ਹੈ। ਵਾਹਨਾਂ ਵਿਚੋਂ ਛੱਡਿਆ ਜਾਂਦਾ ਧੂੰਆਂ ਵੀ ਵਾਤਾਵਰਨ ਵਿਚ ਪ੍ਰਦੂਸ਼ਨ ਤੇ ਗਿਰਾਵਟ ਦਾ ਇਕ ਵੱਡਾ ਕਾਰਨ ਹੈ। ਇਨ੍ਹਾਂ ਸਵੈ-ਚਾਲਕ ਵਾਹਨਾਂ ਦੀ ਗਿਣਤੀ ਹਰ ਖੇਤਰ ਵਿਚ ਵੱਡੀ ਰਫ਼ਤਾਰ ਨਾਲ ਪ੍ਰਦੂਸ਼ਨ ਵਿਚ ਵਾਧਾ ਕੀਤਾ ਹੈ। ਪਰ ਜਿਥੇ ਪ੍ਰਦੂਸ਼ਨ ਵਿਚ ਵਾਧਾ ਹੋਇਆ ਹੈ ਉਥੇ ਸਮਾਜ ਵਿਚ ਇਸ ਸੰਬੰਧੀ ਚੇਤਨਾ ਵਿਚ ਵੀ ਵੱਡਾ ਵਾਧਾ ਹੋਇਆ ਹੈ ਅਤੇ ਇਸ ਪ੍ਰਦੂਸ਼ਨ ਅਤੇ ਵਾਤਾਵਰਨ ਦੇ ਅਸੰਤੁਲਨ ਨੂੰ ਰੋਕਣ ਦੇ ਯਤਨਾਂ ਵਿਚ ਵੀ ਵਾਧਾ ਹੋਇਆ ਵੇਖਿਆ ਗਿਆ ਹੈ।

ਆਰਥਿਕ ਵਿਕਾਸ ਨਾਲ ਹੋਏ ਸਮਾਜਿਕ ਪਰਿਵਰਤਨ ਨੂੰ ਵੇਖਦਿਆਂ ਹੋਇਆਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਸ ਨਾਲ ਭਾਵੇਂ ਕੁਝ ਸਮਾਜਿਕ ਬੁਰਾਈਆਂ ਵੀ ਸ਼ੁਰੂ ਹੋ ਗਈਆਂ ਜਿਸ ਤਰ੍ਹਾਂ ਧਨ ਅਤੇ ਆਮਦਨ ਦੀ ਵੱਡੀ ਅਬਰਾਬਰੀ ਹੋਈ, ਆਰਥਿਕ ਸ਼ੋਸ਼ਣ ਵਿਚ ਵਾਧਾ ਹੋਇਆ, ਪ੍ਰਦੂਸ਼ਨ ਫੈਲਿਆ ਅਤੇ ਹੋਰ ਪੈਸੇ ਕਮਾਉਣ ਦੀ ਹੋੜ ਵਿਚ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਵਿਚ ਵਾਧੇ ਵਰਗੀਆਂ ਕਈ ਬੁਰਾਈਆਂ ਸਾਹਮਣੇ ਆਈਆਂ ਪਰ ਇਸ ਦਾ ਇਹ ਅਰਥ ਨਹੀਂ ਕਿ ਆਰਥਿਕ ਵਿਕਾਸ 'ਤੇ ਰੋਕ ਲਾਈ ਜਾਵੇ ਜਾਂ ਆਰਥਿਕ ਵਿਕਾਸ ਆਪਣੇ ਆਪ ਵਿਚ ਕੋਈ ਬੁਰਾਈ ਹੈ। ਸਗੋਂ ਇਸ ਦੇ ਉਲਟ ਆਰਥਿਕ ਵਿਕਾਸ ਤਾਂ ਇਕ ਕੁਦਰਤੀ ਵਰਤਾਰਾ ਹੈ। ਇਹ ਤਾਂ ਹਰ ਸਮਾਜ ਦੀ ਲੋੜ ਹੈ ਅਤੇ ਹੋਣੀ ਚਾਹੀਦੀ ਹੈ ਕਿਉਂਕਿ ਜੋ ਇਸ ਤੋਂ ਬਗ਼ੈਰ ਖ਼ੁਸ਼ਹਾਲ ਜੀਵਨ ਸੰਭਵ ਨਹੀਂ। ਪਰ ਇਸ ਨਾਲ ਜਿਹੜੀਆਂ ਕੁਝ ਸਮਾਜਿਕ ਬੁਰਾਈਆਂ ਪੈਦਾ ਹੋਈਆਂ ਹਨ ਉਨ੍ਹਾਂ ਨੂੰ ਰੋਕਣਾ ਸਮਾਜ ਦੇ ਫਰਜ਼ਾਂ ਵਿਚ ਸ਼ਾਮਿਲ ਹਨ। ਜਿਵੇਂ-ਜਿਵੇਂ ਨਵੀਆਂ ਵਸਤੂਆਂ ਅਤੇ ਸੇਵਾਵਾਂ ਵਧੀਆਂ ਹਨ ਉਨ੍ਹਾਂ ਦੀ ਵਰਤੋਂ ਵਧੀ ਹੈ, ਉਸ ਦੇ ਨਾਲ ਹੀ ਆਮ ਵਿਅਕਤੀ ਦੇ ਸੁਖ ਆਰਾਮ ਵਿਚ ਵਾਧਾ ਹੋਇਆ ਹੈ ਜਿਸ ਨੇ ਵਿਅਕਤੀ ਦੇ ਸਰਬ ਪੱਖੀ ਵਿਕਾਸ ਵਿਚ ਵਾਧਾ ਕੀਤਾ ਹੈ। ਆਰਥਿਕ ਵਿਕਾਸ ਨਾਲ ਹੋਏ ਸਮਾਜਿਕ ਪਰਿਵਰਤਨ ਨਾਲ ਪੈਦਾ ਹੋਈਆਂ ਸਮਾਜਿਕ ਬੁਰਾਈਆਂ ਨੂੰ ਰੋਕਣਾ ਇਕ ਚੁਨੌਤੀ ਹੈ ਅਤੇ ਆਰਥਿਕ ਵਿਕਾਸ ਸਮੇਂ ਦੀ ਲੋੜ ਹੈ।

*(ਲੇਖਿਕਾ ਸੁਤੰਤਰ ਪੱਤਰਕਾਰ ਹੈ।)*

# ਮਨਰੇਗਾ : ਪੰਜਾਬ ਦੀ ਝਲਕ

ਸੁਮੀਤ ਸ਼ੰਮੀ

ਭਾਰਤ ਦੀ ਆਜ਼ਾਦੀ ਤੋਂ ਬਾਅਦ ਪੇਂਡੂ ਗਰੀਬ ਤਬਕੇ ਦਾ ਆਰਥਿਕ ਅਤੇ ਸਮਾਜਿਕ ਵਿਕਾਸ ਸਰਕਾਰਾਂ ਦੇ ਮੁੱਖ ਏਜੰਡੇ 'ਤੇ ਰਿਹਾ ਹੈ। ਸਮੁਦਾਇ ਵਿਕਾਸ ਪ੍ਰੋਗਰਾਮ ਤੋਂ ਲੈ ਕੇ ਸਵਰਨ ਜਯੰਤੀ ਗ੍ਰਾਮ ਸਵੈ-ਰੁਜ਼ਗਾਰ ਯੋਜਨਾ ਤਕ ਬਹੁਤ ਸਾਰੀਆਂ ਵਿਕਾਸ ਯੋਜਨਾਵਾਂ ਦੀ ਲੰਮੀ ਸੂਚੀ ਹੈ। ਸੁਤੰਤਰਤਾ ਤੋਂ ਲੈ ਕੇ 2005 ਤਕ ਚਲਾਈਆਂ ਯੋਜਨਾਵਾਂ ਵਿਚ ਹੁਣ ਤਕ ਕਦੇ ਵੀ ਪੇਂਡੂ ਲੋਕਾਂ ਨੂੰ ਰੁਜ਼ਗਾਰ ਦੀ ਜ਼ਾਮਨੀ ਨਹੀਂ ਦਿਤੀ ਗਈ ਸੀ।

2001 ਦੀ ਜਨਗਣਨਾ ਦੇ ਅਨੁਸਾਰ ਭਾਰਤ ਦੀ ਕੁੱਲ ਆਬਾਦੀ 1,28,73,74,436 ਸੀ ਜਿਸ ਵਿਚੋਂ 74,26,17,747 ਭਾਵ 72.18 ਪ੍ਰਤਿਸ਼ਤ ਲੋਕ ਪਿੰਡਾਂ ਵਿਚ ਰਹਿੰਦੇ ਸਨ। ਪਿੰਡਾਂ ਵਿਚਲੀ ਸਭ ਤੋਂ ਵੱਡੀ ਸਮੱਸਿਆ ਗਰੀਬੀ ਤੇ ਬੇਰੁਜ਼ਗਾਰੀ ਹੈ। ਪੇਂਡੂ ਮਜ਼ਦੂਰ ਜ਼ਿਆਦਾਤਰ ਖੇਤੀਬਾੜੀ ਉੱਪਰ ਨਿਰਭਰ ਹਨ। ਪਰ ਖੇਤੀ ਦੇ ਤੇਜ਼ੀ ਨਾਲ ਮਸ਼ੀਨੀਕਰਨ ਹੋਣ ਕਰਕੇ ਅਤੇ ਇਸ ਦੇ ਡੂੰਘੇ ਆਰਥਿਕ ਸੰਕਟ ਵਿਚ ਫਸ ਜਾਣ ਨਾਲ ਪੇਂਡੂ ਮਜ਼ਦੂਰ ਕੰਮ ਤੋਂ ਵਿਹਲੇ ਹੋ ਗਏ। ਉਹ ਸਾਲ ਦੇ ਗਿਣਤੀ ਦੇ ਦਿਨ ਹੀ ਮਜ਼ਦੂਰੀ ਕਰ ਪਾਉਂਦੇ ਹਨ। 20ਵੀਂ ਸਦੀ ਦੇ ਅੰਤਲੇ ਦਹਾਕੇ ਭਾਵ 1993-94 ਵਿਚ 18 ਤੋਂ 58 ਸਾਲ ਦੇ ਪੇਂਡੂ ਲੋਕਾਂ ਵਿਚ ਬੇਰੁਜ਼ਗਾਰੀ 5.63 ਪ੍ਰਤਿਸ਼ਤ ਸੀ ਅਤੇ 1999-2000 ਵਿਚ ਇਹ ਦਰ ਵਧ ਕੇ 7.21 ਪ੍ਰਤਿਸ਼ਤ ਹੋ ਗਈ। ਹੁਣ 21ਵੀਂ ਸਦੀ ਦੇ ਸ਼ੁਰੂ ਵਿਚ ਹਾਲਾਤ ਇਹ ਬਣ ਗਏ ਸਨ ਕਿ ਬੇਰੁਜ਼ਗਾਰੀ ਦੀ ਰਫ਼ਤਾਰ ਨਿਰੰਤਰ ਵਧ ਰਹੀ ਸੀ। ਖੇਤੀ ਦੇ ਖੇਤਰ ਵਿਚ ਮਸ਼ੀਨ ਦੀ ਵਰਤੋਂ ਨਾਲ ਕੰਮ ਤੋਂ ਬਾਹਰ ਹੋਏ ਲੋਕਾਂ ਨੂੰ ਦੁਬਾਰਾ ਕੰਮ ਦੇਣ ਲਈ ਮਨਰੇਗਾ ਵਰਗੇ ਕਾਨੂੰਨ ਦੀ ਬਹੁਤ ਲੋੜ ਸੀ।

## ਮਨਰੇਗਾ

ਰੁਜ਼ਗਾਰ ਦੀ ਜ਼ਾਮਨੀ ਦੇ ਇਰਾਦੇ ਨਾਲ ਹੀ ਕੇਂਦਰ ਸਰਕਾਰ ਨੇ ਰਾਸ਼ਟਰੀ ਦਿਹਾਤੀ ਰੁਜ਼ਗਾਰ ਜ਼ਾਮਨੀ ਕਾਨੂੰਨ ਸ਼ੁਰੂ ਕੀਤਾ। 2009 ਵਿਚ ਇਸ ਦਾ ਨਾਮ ਮਹਾਤਮਾ ਗਾਂਧੀ ਰਾਸ਼ਟਰੀ ਦਿਹਾਤੀ ਰੁਜ਼ਗਾਰ ਜ਼ਾਮਨੀ ਕਾਨੂੰਨ ਰੱਖ ਦਿਤਾ ਗਿਆ। ਭਾਰਤ ਦੇ ਲੋਕਾਂ ਨੂੰ ਮਨਰੇਗਾ ਦੁਆਰਾ ਪਹਿਲੀ ਵਾਰ ਰੁਜ਼ਗਾਰ ਦੀ ਜ਼ਾਮਨੀ ਦਿਤੀ ਗਈ। ਇਸ ਤਹਿਤ ਹਰੇਕ ਪੇਂਡੂ ਪਰਿਵਾਰ ਨੂੰ ਸਾਲ ਵਿਚ 100 ਦਿਨ ਦੇ ਰੁਜ਼ਗਾਰ ਦੀ ਸਹੂਲਤ ਦਿਤੀ ਗਈ। ਇਸ ਪ੍ਰੋਗਰਾਮ ਸਦਕਾ ਦੇਸ਼ ਵਿਚੋਂ ਗਰੀਬੀ ਅਤੇ ਭੁੱਖਮਰੀ ਉੱਪਰ ਕੁਝ ਰੋਕ ਲੱਗੀ। ਇਸ ਦੇ ਨਾਲ ਹੀ ਪੇਂਡੂ ਲੋਕਾਂ ਦਾ ਜੀਵਨ ਪੱਧਰ ਵੀ ਉੱਚਾ ਹੋਇਆ। ਮਨਰੇਗਾ ਤਹਿਤ ਲੋਕਾਂ ਵਿਚ ਪੈਸੇ ਦੇ ਆਉਣ-ਜਾਣ ਦੇ ਵਧਣ ਨਾਲ ਭਾਰਤ ਦੀ ਆਰਥਿਕਤਾ ਵਿਚ ਕਾਫ਼ੀ ਸੁਧਾਰ ਆਇਆ।

ਮਨਰੇਗਾ ਤਹਿਤ ਪਿੰਡਾਂ ਵਿਚ ਜ਼ਰੂਰਤਮੰਦ ਲੋਕਾਂ ਦੇ ਰੁਜ਼ਗਾਰ ਕਾਰਡ ਬਣਾਉਣੇ, ਫਿਰ ਕੰਮ ਦੀ ਮੰਗ ਕਰਨ ਦੇ 15 ਦਿਨਾਂ ਦੇ ਅੰਦਰ ਕੰਮ ਦੇਣਾ, ਕੰਮ ਦੇ 15 ਦਿਨਾਂ ਦੇ ਅੰਦਰ ਕੀਤੇ ਕੰਮ ਦੇ ਪੈਸੇ ਦੇਣੇ, ਕੰਮ ਨਾ ਮਿਲਣ ਦੀ ਹਾਲਤ ਵਿਚ ਬੇਰੁਜ਼ਗਾਰੀ ਭੱਤਾ ਦੇਣਾ, ਕੰਮ ਦੀ ਜਗ੍ਹਾ 'ਤੇ ਸਿਹਤ ਸਹੂਲਤ ਦਾ ਇੰਤਜ਼ਾਮ ਕਰਨਾ, ਬੱਚਿਆਂ ਦੀ ਸੰਭਾਲ ਦਾ ਇੰਤਜ਼ਾਮ ਕਰਨਾ, ਇਹ ਸਭ ਸ਼ਰਤਾਂ ਕਾਨੂੰਨ ਵਿਚ ਸ਼ਾਮਿਲ ਕੀਤੀਆਂ ਗਈਆਂ ਹਨ।

ਕਾਨੂੰਨ ਵਿਚ ਹੇਠ ਲਿਖੇ ਕੰਮਾਂ ਨੂੰ ਕਰਨ ਦਾ ਉਪਬੰਧ ਹੈ :

- ਪਾਣੀ ਦੇ ਸੋਮਿਆਂ ਦੀ ਸੰਭਾਲ ਅਤੇ ਪਾਣੀ ਇਕੱਠਾ ਕਰਨਾ।
- ਸੋਕੇ ਨੂੰ ਖਤਮ ਕਰਨਾ ਜਿਸ ਦੇ ਤਹਿਤ ਦਰਖ਼ਤ ਲਗਾਉਣੇ ਸ਼ਾਮਿਲ ਹਨ।
- ਸਿੰਜਾਈ ਦੀਆਂ ਨਹਿਰਾਂ, ਜਿਸ ਦੇ ਤਹਿਤ ਛੋਟੀਆਂ ਅਤੇ ਵੱਡੀਆਂ ਸਿੰਜਾਈ ਸਕੀਮਾਂ ਸ਼ਾਮਿਲ ਹਨ।
- ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ ਜਾਤੀਆਂ ਦੇ ਪਰਿਵਾਰਾਂ ਦੀ ਮਾਲਕੀ ਵਾਲੀ ਜ਼ਮੀਨ ਦੇ ਲਈ ਜਾਂ ਜ਼ਮੀਨ ਸੁਧਾਰ ਦੇ ਲਾਭ ਪਾਤਰੀਆਂ ਦੀ ਜ਼ਮੀਨ ਦੇ ਲਈ ਜਾਂ ਭਾਰਤ ਸਰਕਾਰ ਦੀ ਇੰਦਰਾ ਆਵਾਸ ਯੋਜਨਾ ਦੇ ਤਹਿਤ ਲਾਭਪਾਤਰਾਂ ਦੀ ਜ਼ਮੀਨ ਦੇ ਲਈ ਸਿੰਜਾਈ ਸਹੂਲਤਾਂ ਦਾ ਉਪਬੰਧ।
- ਪਰੰਪਰਾਗਤ ਪਾਣੀ ਦੇ ਸਰੋਤਾਂ ਦਾ ਨਵੀਨੀਕਰਨ ਜਿਸ ਦੇ ਤਹਿਤ ਛੱਪੜਾਂ, ਪਾਣੀ ਦੇ ਸਾਧਨਾਂ ਦੀ ਮੁਰੰਮਤ ਅਤੇ ਸਫ਼ਾਈ ਆਦਿ ਸ਼ਾਮਿਲ ਹੈ।
- ਭੂਮੀ ਵਿਕਾਸ • ਹੜ੍ਹਾਂ ਦੀ ਰੋਕਥਾਮ, ਜਿਸ ਤਹਿਤ ਪਾਣੀ ਵਾਲੇ ਖੇਤਰਾਂ ਵਿਚੋਂ ਪਾਣੀ ਬਾਹਰ ਕੱਢਣਾ ਸ਼ਾਮਿਲ ਹੈ। • ਸਾਰੇ ਮੌਸਮਾਂ ਵਿਚ ਪੇਂਡੂ ਲੋਕਾਂ ਦੀ ਪਹੁੰਚ ਲਈ ਆਪਸ ਵਿਚ ਜੋੜਨ ਦਾ ਉਪਬੰਧ। • ਕਈ ਹੋਰ ਕੰਮਾਂ ਜਿਸ ਨੂੰ ਰਾਜ ਸਰਕਾਰ ਦੀ ਸਲਾਹ ਨਾਲ ਕੇਂਦਰੀ ਸਰਕਾਰ ਦੁਆਰਾ ਨਿਰਧਾਰਿਤ ਕੀਤਾ ਜਾਵੇ। • ਤਲਾਬਾਂ ਦਾ ਖੁਦਵਾਉਣਾ। • ਦਿਹਾਤੀ ਸੰਪਰਕ ਸੜਕਾਂ ਦਾ ਬਣਾਉਣਾ।

## ਮਨਰੇਗਾ ਦਾ ਉਦੇਸ਼

ਮਨਰੇਗਾ ਦਾ ਉਦੇਸ਼ ਦੇਸ਼ ਦੇ ਸਾਰੇ ਪੇਂਡੂ ਖੇਤਰਾਂ ਵਿਚ ਰਹਿਣ ਵਾਲੇ ਪਰਿਵਾਰਾਂ ਦੀ ਰੋਜ਼ੀ-ਰੋਟੀ ਦੀ ਸੁਰੱਖਿਆ ਲਈ ਹਰੇਕ ਪਰਿਵਾਰ ਜਿਨ੍ਹਾਂ ਦੇ ਮੈਂਬਰ ਅਕੁਸ਼ਲ ਸਰੀਰਕ ਕੰਮ ਕਰਨ ਦੇ ਲਈ ਆਪਣੀ ਇੱਛਾ ਦੇ ਨਾਲ ਅੱਗੇ ਆਉਂਦੇ

ਹਨ, ਨੂੰ ਹਰੇਕ ਵਿੱਤੀ ਸਾਲ ਵਿਚ ਘੱਟੋ-ਘੱਟ 100 ਦਿਨਾਂ ਤਕ ਦਾ ਜ਼ਾਮਨੀਸ਼ੁਦਾ ਕੰਮ ਦੇ ਕੇ ਉਨ੍ਹਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨਾ ਹੈ। ਆਰਥਿਕ ਪੱਖੋਂ ਔਰਤਾਂ ਨੂੰ ਮਰਦਾਂ ਦੇ ਬਰਾਬਰ ਲੈ ਕੇ ਆਉਣਾ ਹੈ। ਇਸ ਦੇ ਨਾਲ ਹੀ ਪੇਂਡੂ ਲੋਕਾਂ ਦੀ ਜੀਵਨ ਸੁਰੱਖਿਆ ਵਿਚ ਵਾਧਾ ਕਰਨਾ, ਅਨਪੜ੍ਹ ਵਰਗ ਨੂੰ ਉਤਸ਼ਾਹਿਤ ਕਰਨਾ ਅਤੇ ਜਿਨ੍ਹਾਂ ਖੇਤਰਾਂ ਵਿਚ ਸੋਕਾ, ਜੰਗਲਾਂ ਦੀ ਕਟਾਈ ਅਤੇ ਭੂਮੀ ਕਟਾਈ ਦੇ ਨਾਲ ਗਰੀਬੀ ਆਈ ਹੋਵੇ, ਉਥੇ ਮੁੜ-ਵਸੇਬੇ ਲਈ ਕੋਸ਼ਿਸ਼ ਕਰਨਾ ਹੈ। ਇਸ ਤੋਂ ਇਲਾਵਾ, ਪੇਂਡੂ ਖੇਤਰਾਂ ਦੇ ਕੁਦਰਤੀ ਸਾਧਨਾਂ ਦੀ ਚੰਗੀ ਤਰ੍ਹਾਂ ਪਛਾਣ ਅਤੇ ਉਦੇਸ਼ ਦੇਸ਼ ਦੀ ਆਮਦਨ ਵਿਚ ਵਾਧਾ ਕਰਨਾ ਹੈ ਜਿਸ ਨਾਲ ਲੋਕਾਂ ਦੀ ਖ਼ਰੀਦ ਸ਼ਕਤੀ ਵੀ ਵਧੇਗੀ। ਹੋਰ ਬਹੁਤ ਸਾਰੇ ਕੰਮ ਹਨ ਜੋ ਮਨਰੇਗਾ ਤਹਿਤ ਕਰਵਾਏ ਜਾ ਸਕਦੇ ਹਨ, ਜਿਵੇਂ ਕਿ ਖੇਤੀਬਾੜੀ ਦਾ ਕੰਮ ਵੀ ਕਰਵਾਇਆ ਜਾ ਸਕਦਾ ਹੈ।

| ਤਾਲਿਕਾ-1 | |
|---|---|
| ਪੰਜਾਬ ਵਿਚ ਜ਼ਿਲ੍ਹਿਆਂ ਦੀ ਗਿਣਤੀ | 22 |
| ਪੰਜਾਬ ਵਿਚ ਬਲਾਕਾਂ ਦੀ ਗਿਣਤੀ | 146 |
| ਪੰਜਾਬ ਵਿਚ ਗ੍ਰਾਮ ਪੰਚਾਇਤਾਂ | 13054 |
| ਕੁੱਲ ਮਨਰੇਗਾ ਜਾਬ ਕਾਰਡ | 11.14 ਲੱਖ |
| ਕੁੱਲ ਮਨਰੇਗਾ ਕਿਰਤੀ | 18.65 ਲੱਖ |
| ਅਨੁਸੂਚਿਤ ਜਾਤੀ ਦੇ ਕਿਰਤੀ | 76.08 ਪ੍ਰਤਿਸ਼ਤ |
| ਅਨੁਸੂਚਿਤ ਜਨ ਜਾਤੀ ਦੇ ਕਿਰਤੀ | 0.03 ਪ੍ਰਤਿਸ਼ਤ |
| ਜਿਨ੍ਹਾਂ ਜਾਬ ਜਾਬ ਕਾਰਡ ਧਾਰਕਾਂ ਨੂੰ ਕੰਮ ਮਿਲਿਆ | 4.95 ਲੱਖ |

ਪੇਂਡੂ ਖੇਤਰਾਂ ਵਿਚ ਮੰਗ ਦੇ ਹਿਸਾਬ ਨਾਲ ਹਰੇਕ ਪਰਿਵਾਰ ਨੂੰ ਇਕ ਵਿੱਤੀ ਸਾਲ ਵਿਚ ਜ਼ਾਮਨੀਸ਼ੁਦਾ ਕੰਮ ਦੇ ਰੂਪ ਵਿਚ ਘੱਟੋ-ਘੱਟ 100 ਦਿਨ ਦਾ ਅਕੁਸ਼ਲ ਸਰੀਰਕ ਮਿਹਨਤ ਕੰਮ ਉਪਲਬਧ ਕਰਵਾਉਣਾ, ਜਿਸ ਦੇ ਫਲਸਰੂਪ ਨਿਰਧਾਰਤ ਗੁਣਵੱਤਾ ਅਤੇ ਸਥਾਈ ਰੂਪ ਦੀਆਂ ਉਤਪਾਦਨਕਾਰੀ ਸੰਪਤੀਆਂ ਦੀ ਸਿਰਜਣਾ ਹੋਵੇ। ਗਰੀਬਾਂ ਦੇ ਰੋਜ਼ੀ-ਰੋਟੀ ਦੇ ਸਰੋਤਾਂ ਦੇ ਆਧਾਰ ਨੂੰ ਮਜ਼ਬੂਤ ਬਣਾਉਣਾ, ਕਿਰਿਆਸ਼ੀਲ ਰੂਪ ਨਾਲ ਸਮਾਜਿਕ ਸਮੁੱਚਤਾ ਨੂੰ ਨਿਸ਼ਚਿਤ ਕਰਨਾ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਮਨਰੇਗਾ ਦੇ ਮੁੱਖ ਉਦੇਸ਼ ਹਨ।

## ਮਨਰੇਗਾ ਦੀ ਮਹੱਤਤਾ

ਭਾਰਤ ਸਰਕਾਰ ਵਲੋਂ ਪੇਂਡੂ ਲੋਕਾਂ ਦੇ ਵਿਕਾਸ ਲਈ ਬਹੁਤ ਸਾਰੀਆਂ ਸਕੀਮਾਂ ਲਾਗੂ ਕੀਤੀਆਂ ਗਈਆਂ, ਪਰ ਕਿਸੇ ਵੀ ਸਕੀਮ ਵਿਚ ਗਰੰਟੀ ਸ਼ਬਦ ਸ਼ਾਮਿਲ ਨਹੀਂ ਸੀ। ਜਿਵੇਂ ਕਿ ਪਹਿਲਾਂ ਵਰਨਣ ਕੀਤਾ ਗਿਆ ਹੈ ਕਿ ਇਹ ਕਾਨੂੰਨ ਹਰੇਕ ਪੇਂਡੂ ਬਾਲਗ ਨੂੰ ਸਾਲ ਵਿਚ 100 ਦਿਨ ਦੇ ਰੁਜ਼ਗਾਰ ਦੀ ਜ਼ਾਮਨੀ ਦਿੰਦਾ ਹੈ। ਮਨਰੇਗਾ ਉਨ੍ਹਾਂ ਲੋਕਾਂ ਨੂੰ ਕੰਮ ਦੀ ਜ਼ਾਮਨੀ ਦਿੰਦਾ ਹੈ, ਜੋ ਅਨਪੜ੍ਹ ਤੇ ਗ਼ੈਰ-ਹੁਨਰਮੰਦ ਹਨ। ਮਨਰੇਗਾ ਨੇ ਹਰ ਜਾਤ, ਹਰ ਧਰਮ ਅਤੇ ਹਰ ਵਰਗ ਦੇ ਲੋਕਾਂ ਨੂੰ ਆਪਣੇ ਅੰਦਰ ਸਮੋਇਆ ਹੈ। ਇਸ ਕਾਨੂੰਨ ਤਹਿਤ ਬਹੁਤ ਸਾਰੇ ਲੋਕਾਂ ਨੂੰ ਕੰਮ ਪ੍ਰਾਪਤ ਹੋਇਆ ਹੈ। 2008-09 ਦੌਰਾਨ ਮਨਰੇਗਾ ਨੇ 4.51 ਕਰੋੜ ਪੇਂਡੂ ਲੋਕਾਂ ਅਤੇ 2009-10 ਦੌਰਾਨ 4.34 ਕਰੋੜ ਲੋਕਾਂ ਨੂੰ ਇਸ ਕਾਨੂੰਨ ਤਹਿਤ ਰੁਜ਼ਗਾਰ ਮਿਲਿਆ। ਇਸੇ ਤਰ੍ਹਾਂ 2010-11 ਦੇ ਦੌਰਾਨ ਮਨਰੇਗਾ ਤਹਿਤ 5.49 ਕਰੋੜ ਪਰਿਵਾਰਾਂ ਨੂੰ ਰੁਜ਼ਗਾਰ ਮਿਲਿਆ। ਪੰਜਾਬ ਵਿਚ ਹੁਣ ਤਕ 10,92,948 ਜਾਬ ਕਾਰਡ ਮਨਰੇਗਾ ਤਹਿਤ ਬਣਾਏ ਗਏ।

| ਤਾਲਿਕਾ-2 | | | | | |
|---|---|---|---|---|---|
| ਸਾਲ | ਅਨੁਸੂਚਿਤ ਜਾਤੀ | ਅਨੁਸੂਚਿਤ ਜਾਤੀ | ਬਾਕੀ | ਕੁੱਲ | ਔਰਤਾਂ |
| 2008-09 | 399378 (78.52 ਪ੍ਰਤਿਸ਼ਤ) | 120 (0.02 ਪ੍ਰਤਿਸ਼ਤ) | 109140 (21.46 ਪ੍ਰਤਿਸ਼ਤ) | 508638 (100 ਪ੍ਰਤਿਸ਼ਤ) | 148032 (29.10 ਪ੍ਰਤਿਸ਼ਤ) |
| 2009-10 | 4784350 (76.08 ਪ੍ਰਤਿਸ਼ਤ) | 3325 (0.05 ਪ੍ਰਤਿਸ਼ਤ) | 1500735 (23.87 ਪ੍ਰਤਿਸ਼ਤ) | 6288410 (100 ਪ੍ਰਤਿਸ਼ਤ) | 2121274 (33.73 ਪ੍ਰਤਿਸ਼ਤ) |
| 2010-11 | 5995215 (77.70 ਪ੍ਰਤਿਸ਼ਤ) | 3193 (0.04 ਪ੍ਰਤਿਸ਼ਤ) | 1717346 (22.26 ਪ੍ਰਤਿਸ਼ਤ) | 7715754 (100 ਪ੍ਰਤਿਸ਼ਤ) | 2930271 (37.98 ਪ੍ਰਤਿਸ਼ਤ) |
| 2011-12 | 4984480 (77.42 ਪ੍ਰਤਿਸ਼ਤ) | 2405 (0.04 ਪ੍ਰਤਿਸ਼ਤ) | 14514009 (22.54 ਪ੍ਰਤਿਸ਼ਤ) | 6438384 (100 ਪ੍ਰਤਿਸ਼ਤ) | 2785778 (43.26 ਪ੍ਰਤਿਸ਼ਤ) |
| 2012-13 | 5001896 (78.66 ਪ੍ਰਤਿਸ਼ਤ) | 3180 (0.05 ਪ੍ਰਤਿਸ਼ਤ) | 1354021 (21.29 ਪ੍ਰਤਿਸ਼ਤ) | 6359097 (100 ਪ੍ਰਤਿਸ਼ਤ) | 2969013 (46.69 ਪ੍ਰਤਿਸ਼ਤ) |
| 2013-14 | 5003291 (77.70 ਪ੍ਰਤਿਸ਼ਤ) | 3206 (0.04 ਪ੍ਰਤਿਸ਼ਤ) | 1432352 (22.24 ਪ੍ਰਤਿਸ਼ਤ) | 6438849 (100 ਪ੍ਰਤਿਸ਼ਤ) | 2835116 (44.03 ਪ੍ਰਤਿਸ਼ਤ) |

*ਸਰੋਤ : www.nrega.nic.in*

ਮਨਰੇਗਾ ਆਪਣੇ ਆਪ ਵਿਚ ਦੇਸ਼ ਦੇ ਸਾਰੇ ਨਾਗਰਿਕਾਂ ਨੂੰ 'ਕੰਮ ਦਾ ਅਧਿਕਾਰ' ਦਿਵਾਉਣ ਦੇ ਰਾਹ 'ਤੇ ਮੁਢਲਾ ਕਦਮ ਹੈ। ਕੋਈ ਵੀ ਬਾਲਗ ਪੇਂਡੂ ਵਿਅਕਤੀ ਜਿਸ ਦਾ ਜਾਬ ਕਾਰਡ ਬਣਿਆ ਹੈ, ਉਹ ਕੰਮ ਕਰਨ ਲਈ ਅਰਜ਼ੀ ਦੇ ਸਕਦਾ ਹੈ ਅਤੇ ਉਸ ਨੂੰ ਕਾਨੂੰਨ ਦੇ ਅਨੁਸਾਰ 15 ਦਿਨਾਂ ਦੇ ਅੰਦਰ-ਅੰਦਰ ਕੰਮ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਬੇਰੁਜ਼ਗਾਰੀ ਭੱਤਾ ਦਿਹਾੜੀ ਦਾ ਚੌਥਾ ਹਿੱਸਾ ਹੁੰਦਾ ਹੈ, ਜੇਕਰ ਜਾਬ ਕਾਰਡ ਹੋਲਡਰ ਨੂੰ 30 ਦਿਨਾਂ ਦੇ ਅੰਦਰ ਵੀ ਕੰਮ ਨਹੀਂ ਮਿਲਦਾ ਤਾਂ ਇਹ ਭੱਤਾ ਦਿਹਾੜੀ ਦਾ 1/2 ਭਾਗ ਬਣ ਜਾਂਦਾ ਹੈ।

## ਪੰਜਾਬ ਵਿਚ ਮਨਰੇਗਾ ਦੀ ਸਥਿਤੀ

ਪੰਜਾਬ ਦੇ 13054 ਪਿੰਡਾਂ ਵਿਚ 11.14 ਲੱਖ ਜਾਬ ਕਾਰਡ ਮਨਰੇਗਾ ਤਹਿਤ ਬਣਨਾ ਇਸ ਦੀ ਕਾਮਯਾਬੀ ਦੀ ਗਵਾਹੀ ਭਰਦਾ ਹੈ। ਭਾਵੇਂ ਕਿ ਅੰਕੜੇ ਦੱਸਦੇ ਹਨ ਕਿ 76.08 ਪ੍ਰਤਿਸ਼ਤ ਅਨੁਸੂਚਿਤ ਜਾਤੀ ਨਾਲ ਸੰਬੰਧਿਤ ਕਿਰਤੀਆਂ ਨੇ ਮਨਰੇਗਾ ਤਹਿਤ ਕੰਮ ਕੀਤਾ ਹੈ ਪਰ ਇਹ ਵੀ ਸੱਚ ਹੈ ਕਿ ਆਮ ਵਰਗ ਦੇ ਕਿਰਤੀ ਵੀ ਇਸ ਵਿਚ ਕੰਮ ਕਰਦੇ ਹਨ। ਜਿਸ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੇ ਕਿਰਤੀ ਮਨਰੇਗਾ ਤਹਿਤ ਕੰਮ ਕਰ ਕੇ ਖ਼ੁਸ਼ ਹਨ।

ਤਾਲਿਕਾਵਾਂ 1 ਅਤੇ 2 ਤੋਂ ਸਪੱਸ਼ਟ ਹੈ ਕਿ ਮਨਰੇਗਾ ਵਿਚ ਜਿਥੇ ਮਰਦਾਂ ਦੀ ਭਾਗੀਦਾਰੀ ਹੈ ਉਥੇ ਔਰਤਾਂ ਨੇ ਵੀ ਵਧ ਚੜ੍ਹ ਕੇ ਇਸ ਨੂੰ ਪ੍ਰਵਾਨ ਕੀਤਾ ਹੈ। ਨਾਲ ਹੀ ਇਹ ਵੀ ਉਜਾਗਰ ਹੁੰਦਾ ਹੈ ਕਿ ਮਨਰੇਗਾ ਤਹਿਤ ਸਿਰਫ਼ ਅਨੁਸੂਚਿਤ ਜਾਤੀ ਦੇ ਲੋਕ ਹੀ ਕੰਮ ਨਹੀਂ ਕਰਦੇ ਸਗੋਂ ਆਮ ਵਰਗ ਦੇ ਲੋਕ ਵੀ ਇਸ ਵਿਚ ਕੰਮ ਕਰਦੇ ਹਨ। ਛੋਟੇ ਕਿਸਾਨ ਵੀ ਮਨਰੇਗਾ ਵਿਚ ਕੰਮ ਕਰ ਕੇ ਖ਼ੁਸ਼ ਹਨ।

*(ਲੇਖਕ ਰਿਸਰਚ ਸਕਾਲਰ, ਲੋਕ ਪ੍ਰਸ਼ਾਸਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਹੈ।)*

# ਸੰਘਵਾਦ ਕਿਉਂ ? : ਇਕ ਦ੍ਰਿਸ਼ਟੀਕੋਣ

ਵਿਨਾਯਕ ਨਾਰਾਇਣ ਸ੍ਰੀਵਾਸਤਵ

ਸੰਘਵਾਦ ਮੌਜੂਦਾ ਆਧੁਨਿਕਤਾਵਾਦੀ ਲੋਕਰਾਜੀ ਰਾਜਸੀ ਪ੍ਰਣਾਲੀ ਦੀ ਧਾਰਨਾ ਹੈ ਜੋ ਅਜਿਹੀ ਸ਼ਾਸਨ ਪ੍ਰਣਾਲੀ ਦੀ ਗੱਲ ਕਰਦਾ ਹੈ ਜਿਸ ਵਿਚ ਵੱਧ ਤੋਂ ਵੱਧ ਲੋਕਾਂ ਅਤੇ ਸੰਸਥਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਸ ਨੂੰ ਸੰਸਥਾਵਾਂ ਅਤੇ ਰਣਨੀਤਕ ਢਾਂਚਿਆਂ ਦੇ ਇਕ ਜਾਲ ਰਾਹੀਂ ਲਾਗੂ ਕਰ ਕੇ ਇਨ੍ਹਾਂ ਦਰਮਿਆਨ ਤਾਕਤ ਅਤੇ ਪ੍ਰਸ਼ਾਸਨ ਦੀ ਢੁੱਕਵੀਂ ਵੰਡ ਕੀਤੀ ਜਾਂਦੀ ਹੈ। ਇਹ ਨਵੇਕਲੇ ਰੂਪ ਵਿਚ ਆਧੁਨਿਕ ਸਿਆਸੀ ਵਰਤਾਰਾ ਹੈ ਜਿਸ ਵਿਚ ਕਿਸੇ ਸਿਆਸੀ ਪ੍ਰਣਾਲੀ ਦੀਆਂ ਰਾਜਸੀ ਭੂਗੋਲਿਕ ਸਰਹੱਦਾਂ ਦੇ ਅੰਦਰ ਤਾਕਤਾਂ ਅਤੇ ਜ਼ਿੰਮੇਵਾਰੀਆਂ ਦੀ ਵੰਡ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸੰਘੀਕਰਨ ਦਾ ਅਮਲ ਇਕ ਲੋਕਰਾਜੀ ਸਿਆਸੀ ਪ੍ਰਣਾਲੀ ਤਹਿਤ ਤਾਕਤਾਂ ਦੀ ਅੱਗੋਂ ਸਪੁਰਦਗੀ ਅਤੇ ਪ੍ਰਸ਼ਾਸਨ ਦੇ ਵਿਕੇਂਦਰੀਕਰਨ ਦਾ ਸਾਰੇ ਅਦਾਰਿਆਂ ਅਤੇ ਰਣਨੀਤਕ ਢਾਂਚਿਆਂ ਵਿਚ ਫ਼ੈਲਾਅ ਕਰਨਾ ਹੈ। ਰਵਾਇਤੀ ਤੌਰ ਤੇ ਇਕ ਲੋਕਰਾਜ ਵਿਚ ਅਦਾਰਿਆਂ ਅਤੇ ਰਣਨੀਤਕ ਢਾਂਚਿਆਂ ਦਾ ਇਕ ਜਾਲ ਹੁੰਦਾ ਹੈ ਜੋ ਕੇਂਦਰ ਤੋਂ ਹੇਠਾਂ ਵਲ ਨੂੰ ਫੈਲਾਅ ਕਰਦਾ ਹੈ ਜਾਂ ਕੇਂਦਰ ਤੋਂ ਸਥਾਨਕ ਜਾਂ ਇਲਾਕਾਈ ਅਤੇ ਸਥਾਨਕ ਸਰਕਾਰਾਂ ਵਲ ਯਾਤਰਾ ਕਰਦਾ ਹੈ। ਇਸ ਵਿਚ ਇਨ੍ਹਾਂ ਦਰਮਿਆਨ ਸਮਿਆਂ ਦੀ ਸੂਝ ਮੁਤਾਬਕ ਢੁੱਕਵੇਂ ਪੱਧਰ 'ਤੇ ਤਾਕਤਾਂ ਅਤੇ ਕਾਰਜਾਂ ਦੀ ਵੰਡ ਕੀਤੀ ਜਾਂਦੀ ਹੈ ਪਰ ਅਮਲੀ ਰੂਪ ਵਿਚ ਹਮੇਸ਼ਾ ਹੀ ਇਕ ਪਾਸੇ ਤਾਂ ਤਾਕਤਾਂ ਦੀ ਵਧੇਰੇ ਸਪੁਰਦਗੀ ਅਤੇ ਪ੍ਰਸ਼ਾਸਨ ਦੇ ਵਿਕੇਂਦਰੀਕਰਨ ਅਤੇ ਦੂਜੇ ਪਾਸੇ ਇਸ ਦੇ ਉਲਟ ਤਾਕਤ ਦੇ ਕੇਂਦਰੀਕਰਨ ਅਤੇ ਕੇਂਦਰੀ ਅਦਾਰਿਆਂ ਅਤੇ ਢਾਂਚਿਆਂ ਦੇ ਹੱਥ ਵਿਚ ਪ੍ਰਸ਼ਾਸਨ ਦੀ ਖਿੱਚੋਤਾਣ ਚਲਦੀ ਰਹਿੰਦੀ ਹੈ। ਇਹ ਵਿਸੰਗਤੀ ਅਤੇ ਦਵੰਦ ਵਿਚੋਂ ਹੀ ਸੰਘੀਕਰਨ ਅਤੇ ਸੰਘਵਾਦ ਦਾ ਅਮਲ ਪੈਦਾ ਹੁੰਦਾ ਹੈ। ਕਿਸੇ ਵੀ ਲੋਕਰਾਜ ਨੂੰ ਡੂੰਘਾਈ ਦੇਣ ਲਈ ਤਾਕਤਾਂ ਦੀ ਅੱਗੋਂ ਸਪੁਰਦਗੀ ਅਤੇ ਪ੍ਰਸ਼ਾਸਨ ਦਾ ਵਿਕੇਂਦਰੀਕਰਨ ਅਹਿਮ ਸ਼ਰਤ ਹੈ।

ਜਿਵੇਂ ਕਿ ਭਾਰਤ ਵਿਚ ਸੰਵਿਧਾਨ ਤਹਿਤ ਕੇਂਦਰੀ ਸਰਕਾਰ ਅਤੇ ਰਾਜਾਂ ਦਰਮਿਆਨ ਅਖ਼ਤਿਆਰਾਂ ਦੀ ਸਪੱਸ਼ਟ ਵੰਡ ਹੈ। ਤੀਜਾ ਪੱਧਰ ਸਥਾਨਕ ਅਦਾਰਿਆਂ ਭਾਵ ਨਗਰਪਾਲਿਕਾਵਾਂ ਅਤੇ ਪੰਚਾਇਤਾਂ ਦਾ ਹੈ ਜੋ ਸ਼ਾਸਨ ਦੇ ਦੂਜੇ ਪੱਧਰ ਭਾਵ ਰਾਜ ਸਰਕਾਰਾਂ ਦੇ ਹੇਠਾਂ ਹੋਂਦ ਵਿਚ ਹੁੰਦਾ ਹੈ। ਅਖ਼ਤਿਆਰਾਂ ਦੀ ਇਸ ਵੰਡ ਪਿੱਛੇ ਮੂਲ ਵਿਚਾਰ ਹਰ ਪੱਧਰ ਨੂੰ ਸੰਬੰਧਿਤ ਮੁੱਦਿਆਂ ਨਾਲ ਆਪਣੇ ਦਾਇਰੇ ਦੀ ਯੋਗਤਾ ਅੰਦਰ ਨਜਿੱਠਣ ਦੀ ਆਗਿਆ ਦੇਣਾ ਹੈ। ਕੇਂਦਰ ਸਰਕਾਰ ਸਮੁੱਚੇ ਨਿਗਰਾਨ ਦੀ ਭੂਮਿਕਾ ਵਿਚ ਰਹਿੰਦੀ ਹੈ ਅਤੇ ਉਸ ਕੋਲ ਕਾਫ਼ੀ ਅਖ਼ਤਿਆਰ ਹੁੰਦੇ ਹਨ। ਇਲਾਕਾਈ ਜਾਂ ਰਾਜ ਸਰਕਾਰਾਂ ਨੂੰ ਆਪਣੇ ਖਿੱਤੇ ਨਾਲ ਜੁੜੇ ਮੁੱਦਿਆਂ ਨਾਲ ਨਜਿੱਠਣ ਦਿਤਾ ਜਾਂਦਾ ਹੈ ਜਦ ਕਿ ਸਥਾਨਕ ਜਾਂ ਨਿਮਨ ਪੱਧਰ ਦੇ ਅਦਾਰੇ ਸਥਾਨਕ ਮੁੱਦਿਆਂ ਦੇ ਨਾਲ ਨਿੱਬੜਦੇ ਹਨ। ਭਾਰਤੀ ਸੰਵਿਧਾਨ ਨੇ ਸ਼ੁਰੂ ਤੋਂ ਹੀ ਅਤੇ ਬਾਅਦ ਵਿਚ ਸੋਧਾਂ ਕਰਕੇ ਵੀ ਹਰ ਖੇਤਰ ਦੇ ਪ੍ਰਭਾਵ ਅਤੇ ਕਾਰਵਾਈ ਨੂੰ ਸਪੱਸ਼ਟ ਰੂਪ ਵਿਚ ਰੇਖਾਂਕਿਤ ਅਤੇ ਪਰਿਭਾਸ਼ਿਤ ਕੀਤਾ ਹੈ ਜਿਸ ਵਿਚ ਉਨ੍ਹਾਂ ਦੀਆਂ ਤਾਕਤਾਂ, ਸੰਵਿਧਾਨਕ ਯੋਗਤਾ ਦੇ ਦਾਇਰੇ, ਮਾਲੀਆ ਇਕੱਤਰ ਕਰਨ ਦੇ ਹਲਕੇ ਅਤੇ ਆਰਥਿਕ ਖੇਤਰ ਆਦਿ ਹਨ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਭਾਰਤੀ ਸੰਵਿਧਾਨ ਬੇਲਚਕ ਦਸਤਾਵੇਜ਼ ਨਹੀਂ ਰਿਹਾ ਹੈ ਅਤੇ 73ਵੀਂ ਅਤੇ 74ਵੀਂ ਸੋਧ ਸਮੇਤ ਭਾਰਤੀ ਸੰਵਿਧਾਨ ਵਿਚ ਕਈ ਸੋਧਾਂ ਕੀਤੀਆਂ ਗਈਆਂ ਹਨ। ਫਿਰ ਵੀ ਇਨ੍ਹਾਂ ਪ੍ਰਬੰਧਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਵਿਚ ਮੁਸ਼ਕਿਲਾਂ ਆਈਆਂ ਹਨ ਪਰ ਸਾਰੇ ਪੱਖਾਂ ਤੋਂ ਪ੍ਰਸ਼ਾਸਨ ਦੇ ਵਿਕੇਂਦਰੀਕਰਨ ਅਤੇ ਅਖ਼ਤਿਆਰਾਂ ਦੀ ਵੱਧ ਤੋਂ ਵੱਧ ਸੰਭਵ ਵੰਡ ਜਿਸ ਦਾ ਉਦੇਸ਼ ਸੰਘੀ ਸੰਬੰਧਾਂ ਨੂੰ ਸਮਕਾਲੀ ਲੋੜਾਂ ਦੇ ਹਾਣ ਦੇ ਬਣਾਉਣਾ ਹੈ, ਦੀ ਫੌਰੀ ਲੋੜ ਹੈ। ਟੁਕੜਿਆਂ ਵਿਚ ਕੀਤੇ ਗਏ ਬਦਲਾਅ ਕੁਝ ਹੀ ਦੂਰ ਤਕ ਸਫਲ ਹੁੰਦੇ ਹਨ ਅਤੇ ਵਿਗਾੜ ਦਾ ਕਾਰਨ ਵੀ ਬਣਦੇ ਹਨ। ਇਸ ਲਈ ਸ਼ਾਸਨ ਦੇ ਵੱਖ-ਵੱਖ ਪੱਧਰਾਂ ਵਿਚਕਾਰ ਅਖ਼ਤਿਆਰਾਂ ਅਤੇ ਜ਼ਿੰਮੇਵਾਰੀਆਂ ਦੀ ਸੁਮੇਲ ਵਾਲੀ ਢੁਕਵੀਂ ਵੰਡ ਦੀ ਫੌਰੀ ਲੋੜ ਹੈ। ਇਸ ਦਾ ਭਾਵ ਸਿਆਸਤ ਅਤੇ ਸ਼ਾਸਨ ਦੀ ਸੰਘੀ ਪ੍ਰਣਾਲੀ ਨੂੰ ਅੱਗੋਂ ਹੋਰ ਮਜ਼ਬੂਤ ਕਰਨਾ ਹੈ ਜਿਵੇਂ ਕਿ ਮੂਲ ਦਸਤਾਵੇਜ਼ ਭਾਰਤੀ ਸੰਵਿਧਾਨ ਅਤੇ ਬਾਅਦ ਵਿਚ ਇਸ ਵਿਚ ਕੀਤੀਆਂ ਸੋਧਾਂ ਰਾਹੀਂ ਦੱਸਿਆ ਗਿਆ ਹੈ।

ਕਿਸੇ ਵੀ ਰਾਜਸੀ ਲੋਕਰਾਜ ਨੂੰ ਆਪਣੀ ਪ੍ਰਸੰਗਿਕਤਾ ਅਤੇ ਅਖੰਡਤਾ ਨੂੰ ਬਣਾਏ ਰੱਖਣ ਲਈ ਸ਼ਾਸਨ ਅਤੇ ਸਿਆਸੀ ਪੱਧਰ 'ਤੇ ਇਕ ਹੁੰਗਾਰਾ ਭਰਨ ਵਾਲੀ ਅਤੇ ਜ਼ਿੰਮੇਵਾਰੀ ਸੰਘੀ-ਰਾਜਸੀ ਪ੍ਰਣਾਲੀ ਕਿਸੇ ਵੀ ਸਿਆਸੀ ਲੋਕਰਾਜ ਦੀ ਪ੍ਰਸੰਗਿਕਤਾ ਅਤੇ ਅਖੰਡਤਾ ਬਣਾਈ ਰੱਖਣ ਲਈ ਜ਼ਰੂਰੀ ਹੈ। ਕੋਈ ਸਮਾਜ ਖੜੋਤ ਦੇ ਸੁਭਾਅ ਵਾਲਾ ਨਹੀਂ ਹੁੰਦਾ ਅਤੇ ਨਾ ਹੀ ਇਸ ਦੀ ਰਾਜਸੀ ਪ੍ਰਣਾਲੀ ਪਰ ਇਸ ਦੇ ਅਦਾਰੇ ਅਤੇ ਢਾਂਚੇ ਪ੍ਰਸੰਗਿਕ ਬਦਲਾਅ ਦੇ ਹਾਮੀ ਨਹੀਂ ਬਣਦੇ। ਇਹ ਜਾਂ ਤਾਂ ਵਿਆਪਕ ਪ੍ਰਸੰਗ ਵਿਚ ਰੂਪਾਂਤਰਿਤ ਹੁੰਦੇ ਹਨ ਜਾਂ ਫਿਰ ਨਸ਼ਟ ਹੋ ਜਾਂਦੇ ਹਨ। ਇਸੇ ਲਈ ਕਿਸੇ ਸਿਆਸੀ ਲੋਕਰਾਜ ਦੇ ਪਰਿਪੱਕ ਹੁੰਦੇ ਜਾਣ ਦੇ ਨਾਲ ਹੀ ਇਸ ਦੀ ਸੰਘੀ ਪ੍ਰਣਾਲੀ ਨੂੰ ਡੂੰਘੇਰਾ ਹੁੰਦੇ ਜਾਣ ਦੀ ਲੋੜ ਹੁੰਦੀ ਹੈ। ਅਜਿਹੇ ਸੁਧਾਰ ਦਾ ਇਕ ਮੁੱਖ ਨੁਕਤਾ ਅਖ਼ਤਿਆਰਾਂ ਦੀ ਪੜਾਅਵਾਰ ਢੰਗ ਨਾਲ ਅਤੇ ਢੁਕਵੀਂ ਸਪੁਰਦਗੀ ਅਤੇ ਪ੍ਰਸ਼ਾਸਨ ਦਾ ਵਿਕੇਂਦਰੀਕਰਨ ਹੈ, ਤਾਂ ਜੋ ਲੋੜੋਂ ਵੱਧ ਅਤੇ ਗ਼ੈਰ-ਵਾਜਬ ਕੇਂਦਰੀਕਰਨ ਵਿਖੰਡਨ ਦੇ ਰੁਝਾਨਾਂ ਨੂੰ ਉਕਸਾ ਕੇ ਸਿਆਸੀ ਪ੍ਰਣਾਲੀ ਦੀ

ਅਖੰਡਤਾ ਨੂੰ ਹੀ ਢਾਹ ਨਾ ਲਾ ਦੇਵੇ। ਸਮਕਾਲੀ ਆਧੁਨਿਕ ਇਤਿਹਾਸ ਦੇ ਲਗਭਗ ਸਾਰੇ ਤਾਨਾਸ਼ਾਹੀ ਸਿਆਸੀ ਨਿਜ਼ਾਮ ਆਪਣੇ ਹੀ ਭਾਰ ਹੇਠ ਆ ਕੇ ਬਿਖਰ ਗਏ ਅਤੇ ਅਣਇੱਛਤ ਨਿਜ਼ਾਮਾਂ ਅਤੇ ਪ੍ਰਣਾਲੀਆਂ ਨੇ ਉਨ੍ਹਾਂ ਦੀ ਥਾਂ ਲੈ ਕੇ ਜਾਂ ਤਾਂ ਲਾਮਿਸਾਲੀ ਸਮਾਜਿਕ-ਰਾਜਨੀਤਕ ਅਸੰਤੋਖ ਅਤੇ ਡਾਂਵਾਂਡੋਲ ਸਥਿਤੀ ਪੈਦਾ ਕੀਤੀ ਹੈ ਜਾਂ ਆਪਣੀ ਹੋਂਦ ਬਣਾਈ ਰੱਖਣ ਲਈ ਵੱਡੀ ਹਿੰਸਾ ਦਾ ਸਹਾਰਾ ਲਿਆ ਹੈ। ਅਜਿਹਾ ਸਭ ਕੁਝ ਬਹੁਤ ਵੱਧ ਕੇਂਦਰੀਕ੍ਰਿਤ ਤਾਕਤਾਂ ਅਤੇ ਪ੍ਰਸ਼ਾਸਨਿਕ ਢਾਂਚਿਆਂ ਅਤੇ ਸੰਸਥਾਵਾਂ ਵਲੋਂ ਕੀਤਾ ਗਿਆ ਜਿਨ੍ਹਾਂ ਢੀਠ ਬਣ ਕੇ ਇਹ ਕਹਿੰਦਿਆਂ ਅਖ਼ਤਿਆਰਾਂ ਦੀ ਅੱਗੋਂ ਸਥਾਨਕ ਪੱਧਰ ਤਕ ਹਵਾਲਗੀ ਤੋਂ ਇਨਕਾਰ ਕਰ ਦਿਤਾ ਕਿ ਅਜਿਹਾ ਕਰਨ ਨਾਲ ਰਾਸ਼ਟਰ ਅਤੇ ਸਿਆਸੀ ਪ੍ਰਣਾਲੀ ਦੀ ਅਖੰਡਤਾ ਨੂੰ ਢਾਹ ਲੱਗੇਗੀ। ਪਰ ਇਤਿਹਾਸ ਨੇ ਦਰਸਾਇਆ ਹੈ ਕਿ ਸਚਾਈ ਇਸ ਦੇ ਉਲਟ ਹੈ। ਆਮ ਤੌਰ ਤੇ ਅਜਿਹੀਆਂ ਕੇਂਦਰੀਕ੍ਰਿਤ ਸਿਆਸੀ ਪ੍ਰਣਾਲੀਆਂ ਅਤੇ ਸ਼ਾਸਨ ਸਿਲਸਿਲਿਆਂ ਨੇ ਰਸਮੀ ਤੌਰ ਤੇ ਅਖ਼ਤਿਆਰਾਂ ਦੇ ਤਬਾਦਲੇ ਦਾ ਦਿਖਾਵਾ ਜ਼ਰੂਰ ਕੀਤਾ ਹੈ ਅਤੇ ਨਤੀਜੇ ਵਜੋਂ ਉਨ੍ਹਾਂ ਨੂੰ ਆਪਣੀ ਤਬਾਹੀ ਦਾ ਦ੍ਰਿਸ਼ ਵੇਖਣਾ ਪਿਆ।

ਬਹੁਤੇ ਲੋਕਰਾਜੀ ਰਾਸ਼ਟਰ ਅਤੇ ਸਿਆਸੀ ਸਿਲਸਿਲੇ ਵੀ ਆਪਣੇ ਇਲਾਕਿਆਂ ਅਤੇ ਸਥਾਨਕ ਖ਼ਿੱਤਿਆਂ ਨੂੰ ਅਖ਼ਤਿਆਰਾਂ ਦੀ ਹਵਾਲਗੀ ਵਿਚ ਝਿਜਕ ਦਿਖਾਉਂਦੇ ਆ ਰਹੇ ਹਨ ਜਿਸ ਕਾਰਨ ਉਨ੍ਹਾਂ ਨੂੰ ਬਗਾਵਤਾਂ ਅਤੇ ਵੱਖਵਾਦ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਸਿਆਸੀ ਲੋਕਰਾਜ ਕੇਂਦਰੀਕ੍ਰਿਤ ਲੋਕਰਾਜੀ ਸ਼ਾਸਨ ਵਿਵਸਥਾ ਨਾਲ ਨਹੀਂ ਸਗੋਂ ਅਖ਼ਤਿਆਰਾਂ, ਜ਼ਿੰਮੇਵਾਰੀਆਂ ਅਤੇ ਪ੍ਰਸ਼ਾਸਨ ਦੀ ਵਿਕੇਂਦਰੀਕ੍ਰਿਤ ਵੰਡ ਨਾਲ ਹੀ ਚੱਲ ਸਕਦਾ ਹੈ। ਵਿਕੇਂਦਰੀਕਰਨ ਅਤੇ ਸਵੈ-ਸ਼ਾਸਨ ਪ੍ਰਣਾਲੀ ਢੰਗ ਨਾਲ ਸਥਾਨਕ ਪ੍ਰਤਿਨਿਧਾਂ ਦੀ ਸ਼ਮੂਲੀਅਤ ਨਾਲ ਹੀ ਸਥਿਰ ਸਿਆਸੀ ਲੋਕਰਾਜ ਵਿਗਸ ਸਕਦਾ ਹੈ ਨਹੀਂ ਤਾਂ ਨਸਲੀ, ਉਪ-ਨਸਲੀ, ਭਾਸ਼ਾਈ, ਖੇਤਰੀ, ਉਪ-ਖੇਤਰੀ, ਧਾਰਮਿਕ ਆਦਿ ਹੋਰ ਸਿਆਸੀ ਤੌਰ ਤੇ ਸਰਗਰਮ ਧਿਰਾਂ ਦੇ ਪੱਧਰ 'ਤੇ ਬਾਰ-ਬਾਰ ਵੰਡ ਦੇ ਝਗੜੇ-ਫ਼ਸਾਦ ਉੱਠਦੇ ਰਹਿਣਗੇ। ਕਈ ਲੋਕਰਾਜੀ, ਅਰਧ-ਅਧਿਕਾਰ ਪੂਰਨ ਪੂਰੇ ਅਧਿਕਾਰ ਦਿਖਾਉਣ ਵਾਲੀਆਂ ਸਿਆਸੀ ਪ੍ਰਣਾਲੀਆਂ ਨੇ ਜਦ ਵੀ ਜਾਂ ਤਾਂ ਕੇਂਦਰੀਕ੍ਰਿਤ ਲੋਕਰਾਜ ਜਾਂ ਸ਼ੁੱਧ ਕੇਂਦਰੀਕ੍ਰਿਤ ਦਾ ਰੁਝਾਨ ਦਿਖਾਇਆ ਹੈ ਉਨ੍ਹਾਂ ਨੂੰ ਗੰਭੀਰ ਖਿੰਡਾਅ ਅਤੇ ਵੱਖਵਾਦੀ ਪ੍ਰਤਿਕਰਮ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਨੂੰ ਜਾਂ ਤਾਂ ਝਿਜਕ ਨਾਲ ਹੀ ਸਹੀ, ਅਖ਼ਤਿਆਰਾਂ ਦੀ ਸਥਾਨਕ ਪੱਧਰ ਤਕ ਹਵਾਲਗੀ ਦੇਣੀ ਪਈ ਜਾਂ ਫਿਰ ਉਨ੍ਹਾਂ ਪਹਿਲਾਂ ਹਿੰਸਾਤਮਕ ਢੰਗ ਨਾਲ ਦਬਾਉਣ ਦੇ ਜਤਨ ਕਰ ਕੇ ਬਾਅਦ ਵਿਚ ਝਿਜਕਦਿਆਂ ਹੋਇਆਂ ਅਖ਼ਤਿਆਰਾਂ ਦੀ ਮਾਮੂਲੀ ਹਵਾਲਗੀ ਕੀਤੀ ਤਾਂ ਜੋ ਵਿਭਾਜਨ ਦੇ ਸਿਰ 'ਤੇ ਮੰਡਰਾ ਰਹੇ ਖ਼ਤਰੇ ਨੂੰ ਰਾਸ਼ਟਰੀ ਅਖੰਡਤਾ ਅਤੇ ਸਿਆਸੀ ਪ੍ਰਣਾਲੀ ਨੂੰ ਬਚਾਇਆ ਜਾ ਸਕੇ।

ਦੂਜੀ ਵਿਸ਼ਵ ਜੰਗ ਤੋਂ ਬਾਅਦ ਦੇ ਸਮੇਂ ਅਤੇ 21ਵੀਂ ਸਦੀ ਦੇ ਆਰੰਭ ਤੋਂ ਇਹ ਦੇਖਿਆ ਜਾ ਰਿਹਾ ਹੈ ਕਿ ਬਹੁਤ ਸਾਰੇ ਖ਼ੁਦਮੁਖ਼ਤਿਆਰ ਰਾਸ਼ਟਰਾਂ ਦੀਆਂ ਅਣਗਿਣਤ ਸਮੱਸਿਆਵਾਂ ਦਾ ਮੂਲ ਕਾਰਨ ਸੰਘੀਕਰਨ ਦੇ ਅਮਲ ਨੂੰ ਲਾਗੂ ਕਰ ਕੇ ਆਪਣੇ ਪ੍ਰਸ਼ਾਸਨਿਕ ਢਾਂਚੇ ਦਾ ਵਿਕੇਂਦਰੀਕਰਨ ਅਤੇ ਅਖ਼ਤਿਆਰਾਂ ਤੇ ਜ਼ਿੰਮੇਵਾਰੀਆਂ ਦੀ ਅੱਗੇ ਤਕ ਹਵਾਲਗੀ ਨਾ ਦੇਣਾ ਹੈ। ਉਪਰ ਦੱਸੀਆਂ ਜਾ ਚੁੱਕੀਆਂ ਵੱਖ-ਵੱਖ ਪੱਧਰ ਦੀਆਂ ਸਮੱਸਿਆਵਾਂ ਦੇ ਮੂਲ ਵਿਚ ਆਮ ਆਦਮੀ ਵਲੋਂ ਸਥਾਨਕ ਪੱਧਰ 'ਤੇ ਸ਼ਾਸਨ ਅਤੇ ਪ੍ਰਸ਼ਾਸਨ ਦੇ ਅਮਲ ਵਿਚ ਖ਼ੁਦ ਸ਼ਾਮਿਲ ਹੋਣ ਦੀ ਇੱਛਾ ਦਾ ਪੂਰਾ ਨਾ ਹੋਣਾ ਹੈ। ਭਾਵੇਂ ਅਜਿਹਾ ਕਰਨ ਦੇ ਇਲਾਕਾਈ ਕੱਟੜਵਾਦ ਵਰਗੇ ਨਾਂਹ-ਪੱਖੀ ਰੁਝਾਨ ਵੀ ਹੋ ਸਕਦੇ ਹਨ ਪਰ ਯਕੀਨਨ ਉਸ ਨਾਲ ਆਪਣੀਆਂ ਸਮੱਸਿਆਵਾਂ ਨੂੰ ਖ਼ੁਦ ਹੱਲ ਕਰਨ ਦਾ ਵਧੇਰੇ ਅਖ਼ਤਿਆਰ ਰੱਖਣ ਦੀ ਜਾਇਜ਼ ਤਾਂਘ ਜੁੜੀ ਹੋਈ ਹੈ। ਅਜਿਹੇ ਲੋਕਰਾਜੀ ਅਹਿਸਾਸਾਂ ਨੂੰ ਦਬਾਇਆ ਜਾਂ ਅੱਖੋਂ ਪਰੋਖੇ ਨਹੀਂ ਕੀਤਾ ਜਾਣਾ ਚਾਹੀਦਾ ਤੇ ਨਾ ਹੀ ਇਨ੍ਹਾਂ ਬਾਰੇ ਬੇਰੁਖੀ ਦਿਖਾਈ ਜਾਣੀ ਚਾਹੀਦੀ ਹੈ ਸਗੋਂ ਇਨ੍ਹਾਂ ਨੂੰ ਚੰਗੇ ਲੋਕਰਾਜੀ ਅਮਲ ਤਹਿਤ ਸਤਿਕਾਰ ਦਿਤਾ ਜਾਣਾ ਬਣਦਾ ਹੈ ਕਿ ਹੱਕਾਂ ਦੀ ਹਵਾਲਗੀ ਅਤੇ ਵਿਕੇਂਦਰੀਕਰਨ ਰਾਹੀਂ ਹੀ ਦਿਤਾ ਜਾ ਸਕਦਾ ਹੈ। ਅੱਧ-ਪਚੱਧੇ ਢੰਗ ਨਾਲ ਜਾਂ ਬਹੁਤ ਰਸਮੀ ਢੰਗ ਨਾਲ ਇਨ੍ਹਾਂ ਅਹਿਸਾਸਾਂ ਨਾਲ ਨਜਿੱਠਣ ਨਾਲ ਮਾੜੇ ਪ੍ਰਤਿਕਰਮ ਨਿਕਲਣਗੇ। ਯਕੀਨਨ ਸੰਘੀਕਰਨ ਦਾ ਇਹ ਅਮਲ ਢੁਕਵੇਂ ਢੰਗ ਨਾਲ ਸਿਰੇ ਚਾੜ੍ਹਿਆ ਜਾਣਾ ਚਾਹੀਦਾ ਹੈ ਪਰ ਘੱਟ ਜਾਂ ਸ਼ਰਤ ਭਰਪੂਰ ਲੋਕਰਾਜ ਨਾਲੋਂ ਵਧੇਰੇ ਲੋਕਰਾਜ ਯਕੀਨਨ ਬਿਹਤਰ ਹੈ। ਸੌੜੇ ਹਿੱਤ ਰੱਖਣ ਵਾਲੇ ਅਕਸਰ ਅਜਿਹੇ ਅਮਲ ਨੂੰ ਰੋਕਣ ਲਈ ਰੁਕਾਵਟਾਂ ਪੈਦਾ ਕਰਦੇ ਹਨ ਅਤੇ ਆਪਣੀਆਂ ਕੋਸ਼ਿਸ਼ਾਂ ਵਿਚ ਸਫਲ ਵੀ ਹੋ ਜਾਂਦੇ ਹਨ ਪਰ ਅਜਿਹਾ ਹੋਣ ਨਾਲ ਸਮੱਸਿਆ ਲੰਮੇ ਸਮੇਂ ਲਈ ਵਧੇਰੇ ਗੰਭੀਰ ਹੋ ਜਾਂਦੀ ਹੈ ਅਤੇ ਟਾਲਮਟੋਲ ਦੇ ਚਲਦਿਆਂ ਬਚਾਅ ਵਿਚ ਇਸ ਨੂੰ ਹੱਲ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਲੋਕਾਂ ਦਰਮਿਆਨ ਲੋਕਰਾਜੀ ਚੇਤਨਤਾ ਦੇ ਵਧ ਰਹੇ ਪੱਧਰ ਨਾਲ ਸਥਾਨਕ ਪੱਧਰ ਤਕ ਅਖ਼ਤਿਆਰਾਂ ਅਤੇ ਜ਼ਿੰਮੇਵਾਰੀਆਂ ਦੀ ਹਵਾਲਗੀ ਦੇ ਮੁੱਦੇ ਨੂੰ ਕਾਫ਼ੀ ਅਹਿਮੀਅਤ ਮਿਲੀ ਹੈ। ਵਧੇਰੇ ਲੋਕਰਾਜੀ ਸੁਤੰਤਰਤਾ ਅਤੇ ਜ਼ਿੰਮੇਵਾਰੀਆਂ ਦੀ ਮੰਗ ਨੂੰ ਕਈ ਸਮਾਜਿਕ ਅਤੇ ਸਭਿਆਚਾਰਕ ਸ਼੍ਰੇਣੀਆਂ ਵਲੋਂ ਨਕਾਰਾਤਮਕ ਢੰਗ ਨਾਲ ਉਠਾਇਆ ਜਾਂਦਾ ਹੈ। ਕੋਈ ਵੀ ਅਸੰਗਠਿਤ ਅਤੇ ਬਿਨਾਂ ਸੂਝ-ਬੂਝ ਦੇ ਕੀਤੀ ਅਜਿਹੀ ਵੰਡ ਨਾਲ ਵਿਭਾਜਨ ਦੇ ਰੁਝਾਨ ਜਾਂ ਆਪਣਾ ਅਧਿਕਾਰ ਚਲਾਉਣ ਵਾਲੇ ਤੱਤ ਆਪਣਾ ਸਿਰ ਚੁੱਕਣਗੇ ਅਤੇ ਸਿਆਸੀ ਰੂਪ ਵਿਚ ਆਪਣੀ ਚੜ੍ਹ ਮਚਾਉਣਗੇ। ਸਿਆਸੀ ਆਗੂਆਂ ਅਤੇ ਸਿਲਸਿਲਿਆਂ ਨੂੰ ਅਜਿਹੇ ਨਾਂਹ-ਪੱਖੀ ਰੁਝਾਨਾਂ ਤੋਂ ਸਾਵਧਾਨ ਰਹਿੰਦਿਆਂ ਇਕ ਪੂਰਨ ਸੂਝ-ਬੂਝ ਵਾਲੇ ਢੁਕਵੇਂ ਸੰਘੀਕਰਨ ਸਿਲਸਿਲੇ ਰਾਹੀਂ ਵਧੇਰੇ ਹਵਾਲਗੀ, ਖ਼ੁਦਮੁਖ਼ਤਿਆਰੀ ਅਤੇ ਵਿਕੇਂਦਰੀਕਰਨ ਕਰਨਾ ਚਾਹੀਦਾ ਹੈ ਜਿਸ ਵਿਚ ਅਖ਼ਤਿਆਰਾਂ ਅਤੇ ਜ਼ਿੰਮੇਵਾਰੀਆਂ ਦੀ ਯੋਗ ਤਾਲਮੇਲ ਵਾਲੀ ਵੰਡ ਹੋਣੀ ਬਹੁਤ ਜ਼ਰੂਰੀ ਤੱਤ ਹੈ। ਅਜਿਹਾ ਅਮਲ ਕੇਂਦਰ ਦੇ ਉਸਾਰੂ ਰਵੱਈਏ ਨਾਲ ਹੀ ਸਿਰੇ ਚੜ੍ਹ ਸਕਦਾ ਹੈ। ਕਿਸੇ ਹਿੰਸਾਤਮਕ ਵਿਰੋਧ ਵਿਚ ਬਦਲਣ ਦੀ ਸੰਭਾਵਨਾ ਉਦੋਂ ਹੀ ਬਣਦੀ ਹੈ ਜਦੋਂ ਕਿਸੇ ਸਿਆਸੀ ਪ੍ਰਣਾਲੀ ਵਿਚ ਰੋਹ ਵਧਣ ਦਿਤਾ ਜਾਵੇ। ਅਜਿਹੇ ਰੁਝਾਨ ਨੂੰ ਰੋਕਣ ਲਈ ਸਮੇਂਬੱਧ ਜਾਇਜ਼ੇ ਅਤੇ ਮੁੜ-ਵਿਉਂਤਕਾਰੀ ਜ਼ਰੂਰੀ ਹੈ ਜਿਸ ਦੇ ਆਧਾਰ 'ਤੇ ਸੰਘੀਕਰਨ ਦੇ ਅਮਲ ਵਿਚ ਵੀ ਲੋੜੀਂਦੇ ਸੁਧਾਰ ਕੀਤੇ ਜਾ ਸਕਦੇ ਹਨ। ਆਮ ਤੌਰ ਤੇ ਸਰਕਾਰਾਂ ਆਪਣੀ ਬਣਤਰ ਦੀ ਖੜੋਤ ਜਾਂ ਸੌੜੇ ਹਿੱਤਾਂ ਹੇਠ ਅਤੇ ਗ਼ੈਰ-ਗੰਭੀਰ ਨਾ-ਤਜਰਬੇਕਾਰ ਸਿਆਸੀ ਤੱਤਾਂ ਦੇ ਦਬਾਅ ਹੇਠ ਅਜਿਹੇ ਉਪਾਅ ਕਰਨ ਨੂੰ ਟਾਲਦੀਆਂ ਰਹਿੰਦੀਆਂ ਹਨ ਜਿਸ ਕਾਰਨ ਲੰਮੀ ਮਿਆਦ ਵਾਲੀਆਂ ਢਾਂਚਾਗਤ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ। ਮੁਕਤੀਵਾਦ, ਸਮਾਜਵਾਦ, ਸਾਮਵਾਦ ਆਦਿ ਆਧੁਨਿਕ ਸਮਕਾਲੀ ਵਿਚਾਰ ਪ੍ਰਣਾਲੀਆਂ ਨੇ 19ਵੀਂ ਅਤੇ 20ਵੀਂ ਸਦੀ ਨੂੰ ਆਪਣੇ ਵੱਡੇ ਪ੍ਰਭਾਵ ਵਿਚ ਰੱਖਿਆ ਹੈ। ਇਨ੍ਹਾਂ

ਅਜਿਹੇ ਰਾਜਸੀ ਸਿਲਸਿਲਿਆਂ ਨੂੰ ਉਪਜਾਇਆ ਜੋ ਆਪਣੇ ਸੁਭਾਅ ਵਿਚ ਕੇਂਦਰੀਕ੍ਰਿਤ ਸਨ ਕਿਉਂਕਿ ਉਨ੍ਹਾਂ ਨੂੰ ਪਿਛਲੀਆਂ ਸਦੀਆਂ ਦੀ ਵਿਰਾਸਤ ਵਾਲੇ ਢਾਂਚੇ ਉਪਰ ਹੀ ਤਿਆਰ ਕੀਤਾ ਗਿਆ। ਭਾਵ ਇਹ ਕਿ ਸਮਾਜਵਾਦ ਅਤੇ ਸਾਮਵਾਦ ਵਰਗੀਆਂ ਵਿਚਾਰਧਾਰਾਵਾਂ 'ਤੇ ਆਧਾਰਿਤ ਸੁਤੰਤਰ ਲੋਕਰਾਜ ਅਤੇ ਦੂਜੇ ਸਿਆਸੀ ਸਿਲਸਿਲੇ ਲੋਕਰਾਜੀ ਹੁੰਦਿਆਂ ਹੋਇਆਂ ਵੀ ਲਾਜ਼ਮੀ ਤੌਰ ਤੇ ਕੇਂਦਰੀਕ੍ਰਿਤ ਸਗੋਂ ਕਿਸੇ ਨਾਲ ਕਿਸੇ ਤਰ੍ਹਾਂ ਇਕਵੱਲੇ ਸਨ ਅਤੇ ਇਸੇ ਕਾਰਨ ਕਾਫ਼ੀ ਹੱਦ ਤਕ ਆਪਣਾ ਅਧਿਕਾਰ ਜਾਂ ਅਰਧ-ਅਧਿਕਾਰ ਕਾਇਮ ਰੱਖਣ ਵਾਲੇ ਸਨ। ਇੰਞ ਕਹਿ ਸਕਦੇ ਹਾਂ ਕਿ ਜਾਗਰੂਕਤਾ ਵਾਲੇ ਸਾਰੇ ਆਧੁਨਿਕ ਅਦਾਰੇ ਜਿਨ੍ਹਾਂ ਵਿਚੋਂ ਸਿਆਸੀ ਅਤੇ ਸਮਾਜਿਕ ਸਭਿਆਚਾਰ ਉਪਜੇ, ਆਪਣੇ ਮੂਲ ਵਿਚ ਸਾਮੰਤਵਾਦੀ ਜਾਂ ਅਰਧ-ਸਾਮੰਤਵਾਦੀ ਅਤੇ ਅਧਿਕਾਰਪੂਰਨ ਜਾਂ ਅਰਧ-ਅਧਿਕਾਰਪੂਰਨ ਸਨ। ਜਿਵੇਂ ਕਿ ਦੱਸਿਆ ਜਾ ਚੁੱਕਾ ਹੈ ਕਿ ਅਦਾਰੇ ਵਿਰਾਸਤੀ ਪਰੰਪਰਾਵਾਂ, ਖ਼ਾਸ ਕਰਕੇ ਉਸ ਸਮੇਂ ਸਰਗਰਮ ਪ੍ਰਭਾਵਸ਼ਾਲੀ ਸਿਆਸੀ ਅਤੇ ਸਮਾਜਿਕ ਸਭਿਆਚਾਰ ਨੂੰ ਅੱਗੇ ਲੈ ਕੇ ਜਾਂਦੇ ਹਨ ਜੋ ਕਿ ਸੁਧਾਰ ਦੇ ਵੱਡੇ ਵਿਰੋਧ ਵਿਚ ਹੁੰਦੇ ਹਨ। ਇਨ੍ਹਾਂ ਸਿਆਸੀ ਅਤੇ ਸਮਾਜਿਕ ਸਭਿਆਚਾਰਾਂ ਦੇ ਵਧੇਰੇ ਧਰਮ ਨਿਰਪੇਖ, ਆਧੁਨਿਕ ਅਤੇ ਲੋਕਰਾਜੀ ਹੋਣ ਵਿਚ ਲੰਮਾ ਸਮਾਂ ਲਗਦਾ ਹੈ ਅਤੇ ਪਰਿਵਰਤਨ ਦਾ ਅਮਲ ਕਈ ਪੀੜ੍ਹੀਆਂ ਤਕ ਚਲਦਾ ਹੈ। ਇਥੋਂ ਤਕ ਕਿ ਮੰਨੇ-ਪ੍ਰਮੰਨੇ ਲੋਕਰਾਜਾਂ ਨੂੰ ਵੀ ਕੇਂਦਰੀਕ੍ਰਿਤ ਅਤੇ ਇਕਵੱਲੇ ਹੋਣ ਦਾ ਸੰਸਕਾਰ ਛੱਡਣ ਵਿਚ ਲੰਮਾ ਸਮਾਂ ਲੱਗਾ ਸੀ। ਇੰਞ ਸੰਘੀਕਰਨ ਅਤੇ ਸੰਘਵਾਦ ਹਰ ਕਿਤੇ ਇਕ ਲੰਮਾ ਥਕਾਊ ਇਤਿਹਾਸਕ ਅਮਲ ਰਿਹਾ ਹੈ। ਭਾਰਤ ਲਈ ਵੀ ਇਹ ਗੱਲ ਸੱਚ ਹੈ। ਪਰ ਸੰਘੀਕਰਨ ਅਤੇ ਸੰਘਵਾਦ ਕਿਸੇ ਵੀ ਲੋਕਰਾਜ ਤੇ ਇਸ ਦੇ ਫੈਲਣ ਲਈ ਅਨਿੱਖੜਵਾਂ ਤੱਤ ਹੈ। ਇਹ ਅਜਿਹਾ ਅਮਲ ਹੈ ਜੋ ਆਸਾਨੀ ਨਾਲ ਸਿਰੇ ਨਹੀਂ ਚੜ੍ਹਦਾ ਅਤੇ ਇਸ ਨੂੰ ਕੇਂਦਰੀਕ੍ਰਿਤ ਸੰਸਕਾਰ ਰੱਖਣ ਵਾਲੇ ਤੱਤਾਂ ਦਾ ਵਿਰੋਧ ਝੱਲਣਾ ਪੈਂਦਾ ਹੈ ਜੋ ਇਹ ਸਮਝਣ ਵਿਚ ਨਾਕਾਮ ਰਹਿੰਦੇ ਹਨ ਕਿ ਸਿਆਸੀ ਪ੍ਰਣਾਲੀ ਅਤੇ ਆਰਥਿਕ ਪ੍ਰਣਾਲੀ ਉਸ ਸਥਿਤੀ ਵਿਚ ਬਿਹਤਰ ਕਾਰਜ-ਕੁਸ਼ਲਤਾ ਨਾਲ ਕੰਮ ਕਰਦੀ ਹੈ ਜਿਥੇ ਸਥਾਨਕ ਪੱਧਰਾਂ 'ਤੇ ਆਪਣੀਆਂ ਸਮੱਸਿਆਵਾਂ ਨਾਲ ਖ਼ੁਦ ਨਜਿੱਠਣ ਲਈ ਵੱਖਰੇ ਖ਼ੁਦਮੁਖ਼ਤਿਆਰੀ ਅਤੇ ਅਖ਼ਤਿਆਰ ਦਿਤੇ ਜਾਂਦੇ ਹਨ।

ਸੌੜੇ ਹਿੱਤ ਰੱਖਣ ਵਾਲੇ ਅਕਸਰ ਹਵਾਲਗੀ ਅਤੇ ਵਿਕੇਂਦਰੀਕਰਨ ਦਾ ਵਿਰੋਧ ਕਰਦੇ ਹਨ। ਕਾਰਗਰ ਅਤੇ ਢੁਕਵੇਂ ਸੰਘਵਾਦ ਦੀ ਗ਼ੈਰ-ਮੌਜੂਦਗੀ ਅਤੇ ਲੋੜੀਂਦੇ ਸੰਘੀ ਢਾਂਚਿਆਂ, ਅਦਾਰਿਆਂ ਦੀ ਅਣਹੋਂਦ ਕਾਰਨ ਕੇਂਦਰੀਕ੍ਰਿਤ ਸੰਸਥਾਵਾਂ ਦਮ ਤੋੜ ਦਿੰਦੀਆਂ ਹਨ ਅਤੇ ਮੁੱਖ ਧਾਰਾ ਤੋਂ ਪਰਾਂ ਚਲੀਆਂ ਜਾਂਦੀਆਂ ਹਨ। ਇੰਞ ਚੋਣਾਂ ਵਰਗੇ ਲੋਕਰਾਜੀ ਅਮਲਾਂ ਦੀ ਲਗਾਤਾਰ ਮੌਜੂਦਗੀ ਦੇ ਬਾਵਜੂਦ ਸ਼ਾਸਨ ਅਤੇ ਪ੍ਰਸ਼ਾਸਨ ਵਿਚ ਖ਼ੁਦ ਸ਼ਾਮਿਲ ਹੋਣ ਦੇ ਮੌਕੇ ਨਾ ਮਿਲਣ ਕਰਕੇ ਅਸੰਤੋਖ ਪੈਦਾ ਹੁੰਦਾ ਹੈ। ਸਹੀ ਰੂਪ ਵਿਚ ਉਸਾਰੂ ਪ੍ਰਤਿਕਰਮ ਅਤੇ ਜ਼ਿੰਮੇਵਾਰੀ ਦਿਖਾ ਸਕਣ ਵਾਲੇ ਸੰਘੀਕ੍ਰਿਤ ਸਿਲਸਿਲੇ ਦੀ ਅਣਹੋਂਦ ਕਾਰਨ ਇਸ ਅਸੰਤੋਖ ਨੂੰ ਖਾੜਕੂ ਸਿਆਸਤ ਵਲੋਂ ਵਰਗਲਾ ਕੇ ਸਿਆਸੀ ਨਿਜ਼ਾਮ ਨੂੰ ਢਾਹ ਲਾਈ ਜਾ ਸਕਦੀ ਹੈ। ਭਾਵੇਂ ਸਿਆਸੀ ਲਾਮਬੰਦੀ ਆਧੁਨਿਕ ਸਿਆਸੀ ਲੋਕਰਾਜ ਵਿਚ ਪ੍ਰਵਾਨਿਤ ਰੁਝਾਨ ਹੈ ਪਰ ਕਿਸੇ ਸਿਆਸੀ ਸਿਲਸਿਲੇ ਵਲੋਂ ਲੋਕਾਂ ਦੀਆਂ ਦੁੱਖ-ਤਕਲੀਫ਼ਾਂ, ਰੋਸਿਆਂ, ਸ਼ੰਸਿਆਂ ਦਾ ਸੰਤੋਖਜਨਕ ਪ੍ਰਤਿਕਰਮ ਨਾ ਦੇਣ ਦੀ ਸੂਰਤ ਵਿਚ, ਅਜਿਹੀ ਲਾਮਬੰਦੀ ਕਿਸੇ ਸਿਆਸੀ ਨਿਜ਼ਾਮ ਜਾ ਪੂਰੇ ਰਾਸ਼ਟਰ ਨੂੰ ਖ਼ਤਰੇ ਵਿਚ ਪਾ ਸਕਦੀ ਹੈ। ਸੰਘਵਾਦ ਦੇ ਸਿਲਸਿਲੇ ਰਾਹੀਂ ਸਥਾਨਕ ਪੱਧਰ 'ਤੇ ਆਮ ਲੋਕਾਂ ਨੂੰ ਸ਼ਾਮਿਲ ਕਰ ਕੇ ਉਨ੍ਹਾਂ ਨੂੰ ਸਵੈ-ਸ਼ਾਸਨ ਦਾ ਅਹਿਸਾਸ ਕਰਾਇਆ ਜਾ ਸਕਦਾ ਹੈ ਅਤੇ ਨਾਲ ਦੀ ਨਾਲ ਆਧੁਨਿਕ ਸਮਾਜ ਦੀਆਂ ਸਮੱਸਿਆਵਾਂ ਦੀ ਵਿਸ਼ਾਲਤਾ ਦੀ ਸਮਝ ਵਿਕਸਤ ਕੀਤੀ ਜਾ ਸਕਦੀ ਹੈ। ਇੰਞ ਸੰਘਵਾਦ ਅਤੇ ਇਸ ਦਾ ਢੁਕਵਾਂ ਸੰਸਥਾਗਤ ਢਾਂਚਾ ਕਿਸੇ ਸਮਾਜ ਜਾਂ ਸਿਆਸੀ ਪ੍ਰਣਾਲੀ ਨੂੰ ਕਮਜ਼ੋਰ ਨਹੀਂ ਸਗੋਂ ਮਜ਼ਬੂਤ ਕਰਦਾ ਹੈ ਅਤੇ ਸ਼ਮੂਲੀਅਤ ਵਾਲੇ ਸਿਆਸੀ ਸ਼ਾਸਨ ਅਤੇ ਨੀਤੀਆਂ ਬਣਾਉਣ ਦੇ ਮੌਕੇ ਪ੍ਰਦਾਨ ਕਰਦਾ ਹੈ।

ਕਿਹਾ ਜਾ ਸਕਦਾ ਹੈ ਕਿ ਸਿਆਸੀ ਲੋਕਰਾਜ ਸ਼ਾਸਨ ਅਤੇ ਜਨਤਕ ਮਾਮਲਿਆਂ ਵਿਚ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨਾਲ ਸੰਬੰਧਿਤ ਹੈ ਜਿਸ ਵਿਚ ਅਰਾਜਕਤਾ ਲਈ ਕੋਈ ਸਥਾਨ ਨਹੀਂ ਹੈ ਜੋ ਸਿਆਸੀ ਸਿਲਸਿਲੇ ਦੇ ਇਕ ਵਿਗੜੇ ਹੋਏ ਵਿਧਾਨਕ ਸੰਸਥਾਗਤ ਢਾਂਚੇ ਨੂੰ ਢਾਹ ਲਾ ਸਕਦੀ ਹੈ। ਇਸ ਲਈ ਸੰਘੀਕਰਨ ਇਕ ਮੱਠਾ ਅਮਲ ਹੋਵੇਗਾ ਜੋ ਵਿਕਾਸ ਦੀ ਰਫ਼ਤਾਰ ਅਤੇ ਬਦਲਾਵਾਂ ਨੂੰ ਵਾਜਬ ਅਤੇ ਸੁਭਾਵਿਕ ਢੰਗ ਨਾਲ ਆਕਾਰ ਲੈਣ ਵਿਚ ਮਦਦਗਾਰ ਹੋਵੇ।

ਆਧੁਨਿਕ ਸਮੇਂ ਨਾਲ ਦੋ ਉੱਘੇ ਆਰਥਿਕ ਸਿਲਸਿਲਿਆਂ ਨੇ ਵਧੇਰੇ ਕੇਂਦਰੀਕ੍ਰਿਤ ਸਿਆਸੀ ਪ੍ਰਣਾਲੀਆਂ ਦੀ ਵਕਾਲਤ ਕੀਤੀ ਹੈ ਕਿਉਂਕਿ ਸੰਸਥਾਗਤ ਪ੍ਰਬੰਧ ਦੀ ਵੰਨ-ਸੁਵੰਨਤਾ ਅਤੇ ਵਧੇਰੇ ਪੱਧਰਾਂ ਨੂੰ ਇਹ ਸੋਚ ਕੇ ਸੁਗਮ-ਆਰਥਿਕ ਵਿਕਾਸ ਦੇ ਰਾਹ ਵਿਚ ਰੋੜਾ ਮੰਨਿਆ ਜਾਂਦਾ ਹੈ ਕਿ ਇਹ ਸਿਆਸੀ ਪ੍ਰਣਾਲੀ ਵਿਚ ਸਥਿਰਤਾ ਅਤੇ ਇਕਸਾਰਤਾ ਲਿਆਉਣ ਦੇ ਸਮਰੱਥ ਨਹੀਂ ਹਨ। ਵਧੇਰੇ ਕੇਂਦਰੀਕ੍ਰਿਤ ਸਿਆਸੀ ਪ੍ਰਣਾਲੀ ਨੂੰ ਆਰਥਿਕ ਵਿਕਾਸ ਲਈ ਚੰਗੇਰਾ ਮੰਨਿਆ ਜਾਂਦਾ ਹੈ ਕਿਉਂਕਿ ਇਸ ਤੋਂ ਸਿਆਸੀ ਸਥਿਰਤਾ ਭਵਿੱਖ-ਸੂਚਕ, ਨੀਤੀਆਂ ਵਿਚ ਇਕਸਾਰਤਾ ਅਤੇ ਉਨ੍ਹਾਂ ਦਾ ਕੇਂਦਰੀ, ਨੌਕਰਸ਼ਾਹੀ ਅਤੇ ਪ੍ਰਸ਼ਾਸਨ ਰਾਹੀਂ ਲਾਗੂ ਕੀਤੇ ਜਾਣ ਦੀ ਆਸ ਕੀਤੀ ਜਾਂਦੀ ਹੈ ਅਤੇ ਸਭ ਤੋਂ ਵੱਧ, ਸਥਾਨਕ ਆਰਥਿਕ ਸਰੋਕਾਰਾਂ ਤੋਂ ਕਿਸੇ ਖ਼ਤਰੇ ਦੀ ਅਣਹੋਂਦ ਵਿਚ, ਜੋ ਕਿ ਘੱਟ ਪ੍ਰਭਾਵਸ਼ਾਲੀ ਸੰਘੀ ਸਿਆਸੀ ਪ੍ਰਣਾਲੀ ਵਿਚ ਘੱਟ ਸਿਆਸੀ ਅਖ਼ਤਿਆਰ ਅਤੇ ਸਥਾਨਕ ਸਿਆਸਤ ਉਥੋਂ ਦੇ ਅਦਾਰਿਆਂ ਅਤੇ ਸਥਾਨਕ ਮੰਡੀ ਨੂੰ ਅਸਰਅੰਦਾਜ਼ ਨਹੀਂ ਕਰ ਸਕਦੇ, ਇਸ ਲਈ ਮਾਲੀ ਸਿਲਸਿਲਾ, ਆਰਥਿਕ ਅਭਿਜਾਤ ਸ਼੍ਰੇਣੀ ਸਭ ਤੋਂ ਵੱਧ ਸ਼ਕਤੀ ਨਾਲ ਉੱਠ ਖੜੋਂਦੇ ਹਨ ਅਤੇ ਸੰਘੀ ਪ੍ਰਣਾਲੀ ਦੇ ਰਾਹ ਵਿਚ ਵੱਡਾ ਅੜਿੱਕਾ ਬਣਦੇ ਹਨ। ਆਰਥਿਕ ਤਰਜੀਹਾਂ ਨਾਲ ਚੱਲਣ ਵਾਲੀ ਅਜਿਹੀ ਕੇਂਦਰੀਕ੍ਰਿਤ ਸੰਸਕਾਰਾਂ ਦੀ ਸ਼ਿਕਾਰ ਸ਼੍ਰੇਣੀ ਨੂੰ ਯਕੀਨਨ ਵਧ ਰਹੇ ਆਰਥਿਕ ਵਿਸ਼ਵੀਕਰਨ, ਵਿਸ਼ਵੀ ਪੂੰਜੀ ਦੇ ਵਧੇਰੇ ਦਖ਼ਲ ਅਤੇ ਮੰਡੀ ਆਰਥਿਕਤਾ ਦੇ ਡੂੰਘੇਰੇ ਹੁੰਦੇ ਜਾਣ ਨਾਲ ਹੋਰ ਤਾਕਤ ਮਿਲੀ ਹੈ। ਭਾਵੇਂ ਕੇਂਦਰੀਕ੍ਰਿਤ ਹੋਣ ਦੇ ਇਸ ਰੁਝਾਨ ਵਿਚ ਆਧੁਨਿਕ ਸਮਕਾਲੀ ਸਮਿਆਂ ਦੇ ਯੋਜਨਾਬੰਦੀ ਅਦਾਰੇ ਸਮੇਤ ਸਾਰੀਆਂ ਸੰਬੰਧਿਤ ਧਿਰਾਂ ਜ਼ਿੰਮੇਵਾਰ ਹਨ। ਮੰਡੀ ਆਰਥਿਕ ਤੁਪਕਾ-ਤੁਪਕਾ ਉਪਰੋਂ ਹੇਠਾਂ ਆਉਣਾ ਧਾਰਨਾ ਅਤੇ ਆਰਥਿਕਤਾ ਦੇ ਸਿੱਟਿਆਂ ਦੀ ਮੁੜ ਵੰਡ ਲਈ ਅਨੁਕੂਲਤਾ ਨਾਲ ਕਾਰਜ ਕਰਨ ਵਾਲੀ ਆਰਥਿਕਤਾ ਨੂੰ ਸਾਹਮਣੇ ਰੱਖ ਕੇ ਚਲਦੀ ਹੈ ਜੋ ਅਸਲ, ਢੁਕਵੇਂ ਪ੍ਰਬੰਧਨ ਅਤੇ ਮੁੜ ਵੰਡ ਪ੍ਰਣਾਲੀ ਤੋਂ ਕੀਤਾ ਹੁੰਦਾ ਹੈ ਅਤੇ ਜਿਸ ਕਾਰਨ ਵਸੋਂ ਦਾ ਵੱਡਾ ਹਿੱਸਾ ਮੁੱਖ ਧਾਰਾ ਵਾਲੀ ਆਰਥਿਕਤਾ ਤੋਂ ਬਾਹਰ ਰਹਿ ਜਾਂਦਾ ਹੈ। ਤੁਪਕਾ-ਤੁਪਕਾ ਉਪਰੋਂ ਹੇਠਾਂ ਲਾਭ ਲੈਣ ਦੀ ਧਾਰਨਾ ਵੀ

*ਬਾਕੀ ਸਫ਼ਾ 53 ਉੱਤੇ*

# ਸ਼ਕਤੀਆਂ ਦਾ ਵਿਕੇਂਦਰੀਕਰਨ ਤੇ ਸੰਘੀ ਗਣਰਾਜ

ਰਤਨ ਸਲਦੀ

ਭਾਰਤ ਨੂੰ ਆਜ਼ਾਦ ਹੋਏ 67 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਵਿਕਾਸ ਮੁੱਦਿਆਂ ਨੂੰ ਲੈ ਕੇ ਅੱਜ ਵੀ ਕੇਂਦਰ ਅਤੇ ਰਾਜ ਸਰਕਾਰਾਂ ਵਿਚ ਤਾਲਮੇਲ ਦੀ ਘਾਟ ਅਤੇ ਕਈ ਵਾਰ ਟਕਰਾਉ ਦੀ ਸਥਿਤੀ ਸਪੱਸ਼ਟ ਨਜ਼ਰ ਆਉਂਦੀ ਹੈ। ਅਜਿਹੇ ਹਾਲਾਤ ਕੇਂਦਰ ਵਿਚ ਇਕ ਵੱਖਰੇ ਦਲ ਜਾਂ ਕੁੱਝ ਦਲਾਂ ਦੀ ਗਠਬੰਧਨ ਸਰਕਾਰ ਅਤੇ ਰਾਜਾਂ ਵਿਚ ਵੱਖਰੇ ਖੇਤਰੀ ਦਲ ਜਾਂ ਰਲੀ-ਮਿਲੀ ਸਰਕਾਰ ਹੋਣ ਨਾਲ ਹੋਰ ਵੀ ਗੰਭੀਰ ਹੋ ਜਾਂਦੇ ਹਨ। ਦੇਸ਼ ਦੇ ਸੰਵਿਧਾਨ ਵਿਚ, ਜੋ ਭਾਰਤ ਦੇ ਸੰਵਿਧਾਨ ਨਿਰਮਾਤਾਵਾਂ ਨੇ 26 ਨਵੰਬਰ 1949 ਨੂੰ ਸੰਵਿਧਾਨ ਸਭਾ ਵਿਚ ਮਨਜ਼ੂਰ ਕੀਤਾ, ਸਮੇਂ ਦੇ ਬਦਲਾਅ ਨਾਲ ਅਤੇ ਦੇਸ਼ ਵਿਚ ਰਾਜਨੀਤਕ ਹਾਲਾਤ ਬਦਲਣ ਨਾਲ, ਕਈ ਊਣਤਾਈਆਂ ਨਜ਼ਰ ਆਈਆਂ ਅਤੇ ਸਮੇਂ-ਸਮੇਂ ਸੰਵਧਾਨ ਦੀਆਂ ਕੁੱਝ ਮਦਾਂ ਵਿਚ ਤਰਮੀਮਾਂ ਕਰ ਕੇ ਉਨ੍ਹਾਂ ਨਾਲ ਨਜਿੱਠਣ ਦੇ ਯਤਨ ਕੀਤੇ ਗਏ। 26 ਜਨਵਰੀ 1950 ਨੂੰ ਦੇਸ਼ ਦਾ ਸੰਵਿਧਾਨ ਲਾਗੂ ਹੋ ਗਿਆ ਜਿਸ ਨੇ ਅੰਗਰੇਜ਼ੀ ਹਕੂਮਤ ਵੇਲੇ ਤੋਂ ਚਲੇ ਆ ਰਹੇ 1935 ਦੇ ਕਾਨੂੰਨ ਅਤੇ ਹੋਰ ਪ੍ਰਬੰਧਕੀ ਹੁਕਮਾਂ ਦਾ ਸਥਾਨ ਲਿਆ। ਸੰਵਿਧਾਨ ਨਿਰਮਾਤਾਵਾਂ ਨੇ ਭਾਰਤ ਨੂੰ ਇਕ ਖੁਦਮੁਖ਼ਤਿਆਰ, ਸਮਾਜਵਾਦੀ, ਧਰਮ ਨਿਰਪੇਖ ਅਤੇ ਲੋਕਤੰਤਰਿਕ ਗਣਰਾਜ ਐਲਾਨ ਕੀਤਾ ਜੋ ਸੰਸਦੀ ਪ੍ਰਣਾਲੀ ਵਾਲਾ ਰਾਜਾਂ ਦਾ ਇਕ ਸੰਘ ਹੈ। ਡਾ. ਭੀਮ ਰਾਓ ਅੰਬੇਡਕਰ ਦੀ ਪ੍ਰਧਾਨਗੀ ਹੇਠ ਸਥਾਪਤ ਸੰਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਦੀ ਰਚਨਾ ਕਰਨ ਵੇਲੇ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਆਦਿ ਦੇਸ਼ਾਂ ਦੀ ਸੰਵਿਧਾਨਕ ਕਾਰਜ ਪ੍ਰਣਾਲੀ ਦਾ ਅਧਿਐਨ ਕੀਤਾ ਅਤੇ ਅੰਤ ਵਿਚ ਭਾਰਤ ਨੂੰ ਇਕ ਸੰਘੀ ਗਣਰਾਜ ਦਾ ਦਰਜਾ ਦਿਤਾ ਜਿਸ ਵਿਚ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਕਾਰਜ ਖੇਤਰ ਦੀ ਸਪੱਸ਼ਟ ਰੂਪਰੇਖਾ ਦਰਜ ਕੀਤੀ ਗਈ ਹੈ। ਸੰਵਿਧਾਨ ਦੀ ਸਭ ਤੋਂ ਪਹਿਲੀ ਮਦ (ਆਰਟੀਕਲ ਇਕ) ਵਿਚ ਦਰਜ ਹੈ ਕਿ ਭਾਰਤ ਰਾਜਾਂ ਦਾ ਇਕ ਸੰਘ ਹੋਵੇਗਾ ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਰਤ ਦਾ ਰਾਜ ਪ੍ਰਬੰਧਕੀ ਢਾਂਚਾ ਇਕ ਸੰਘੀ ਢਾਂਚਾ ਹੈ ਅਤੇ ਸੰਵਿਧਾਨ ਸਰਵੋਚ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੋਹਾਂ ਨੂੰ ਸੰਵਿਧਾਨ ਅਨੁਸਾਰ ਦੇਸ਼ ਦਾ ਰਾਜ ਪ੍ਰਬੰਧ ਚਲਾਉਣਾ ਹੁੰਦਾ ਹੈ ਅਤੇ ਉਹ ਸੰਵਿਧਾਨ ਤੋਂ ਬਾਹਰ ਨਹੀਂ ਜਾ ਸਕਦੀਆਂ ਅਤੇ ਸੰਵਿਧਾਨ ਵਿਚ ਦਰਜ ਆਪਣੀ-ਆਪਣੀ ਭੂਮਿਕਾ ਅਨੁਸਾਰ ਕਾਰਜ ਕਰਦੀਆਂ ਹਨ।

ਦੇਸ਼ ਦੀ ਆਜ਼ਾਦੀ ਤੋਂ ਬਾਅਦ 1947 ਦੇ ਸਮੇਂ ਵਿਚਕਾਰ ਜਿਸ ਵੇਲੇ ਸਾਡਾ ਸੰਵਿਧਾਨ ਰਚਿਆ ਜਾ ਰਿਹਾ ਸੀ, ਉਸ ਵੇਲੇ ਦੇਸ਼ ਦੇ ਹਾਲਾਤ ਅੱਜ ਨਾਲੋਂ ਉੱਕਿਆਂ ਅਲਗ ਸਨ। ਭਾਰਤ ਨੇ ਭਾਰਤ-ਪਾਕਿਸਤਾਨ ਵੰਡ ਦੀ ਮਾਰ ਝੱਲੀ ਸੀ ਅਤੇ ਸਭ ਪਾਸੇ ਅਰਾਜਕਤਾ ਦਾ ਮਾਹੌਲ ਬਣਿਆ ਹੋਇਆ ਸੀ। ਸਾਡੇ ਸੰਵਿਧਾਨ ਨਿਰਮਾਤਾਵਾਂ ਸਾਹਮਣੇ ਦੇਸ਼ ਨੂੰ ਇਕ ਜੁੱਟ ਬਣਾਉਣਾ ਅਤੇ ਯੋਜਨਾਬਧ ਤਰੀਕੇ ਵਿਕਾਸ ਦੇ ਹਰ ਪਹਿਲੂ ਦਾ ਲਾਭ ਦੇਸ਼ ਦੇ ਹਰ ਨਾਗਰਿਕ ਤਕ ਪਹੁੰਚਾਉਣਾ ਮੁੱਖ ਮੁੱਦਾ ਸੀ ਜਿਸ ਨੂੰ ਧਿਆਨ ਵਿਚ ਰਖਦੇ ਹੋਏ ਸੰਵਿਧਾਨ ਦੀ ਰਚਨਾ ਕੀਤੀ ਗਈ ਸੀ। ਦੇਸ਼ ਦੀ ਵੰਡ ਦੇ ਕਾਰਨ ਪੈਦਾ ਹੋਏ ਦੁਖਦਾਈ ਹਾਲਾਤ ਨਾਲ ਨਜਿੱਠਣਾ ਵੀ ਸੰਵਿਧਾਨ ਨਿਰਮਾਤਾਵਾਂ ਦੇ ਦਿਲ ਦਿਮਾਗ਼ ਉੱਪਰ ਛਾਇਆ ਹੋਇਆ ਸੀ। ਮਹਾਤਮਾ ਗਾਂਧੀ ਵੱਧ ਤੋਂ ਵੱਧ ਰਾਜ ਪ੍ਰਬੰਧਕੀ ਸ਼ਕਤੀਆਂ ਦੇ ਪਿੰਡਾਂ ਤਕ ਵਿਕੇਂਦਰੀਕਰਨ ਦੇ ਹਾਮੀ ਸਨ ਪਰ ਸੰਵਿਧਾਨ ਸਭਾ ਵਿਚ ਇਸ ਬਾਰੇ ਇਕ ਰਾਏ ਨਹੀਂ ਸੀ। ਹੰਗਾਮੀ ਹਾਲਾਤ ਨੂੰ ਦੇਖਦੇ ਹੋਏ ਬਹੁਤੇ ਨੇਤਾ ਵਧੇਰੇ ਸ਼ਕਤੀਆਂ ਕੇਂਦਰ ਕੋਲ ਰਖਣ ਦੇ ਹਾਮੀ ਸਨ। ਸਮੇਂ ਦੇ ਹਾਲਾਤ ਦੇ ਮੱਦੇ ਨਜ਼ਰ ਉਹ ਚਾਹੁੰਦੇ ਸਨ ਕਿ ਕੇਂਦਰ ਸਰਕਾਰ ਵਧੇਰੇ ਮਜ਼ਬੂਤ ਹੋਵੇ ਅਤੇ ਭਾਰਤ ਦੇ ਸੰਵਿਧਾਨ ਤੋਂ ਅਜਿਹਾ ਆਭਾਸ ਵੀ ਹੁੰਦਾ ਹੈ। ਸ਼ਾਇਦ ਉਸ ਵੇਲੇ ਵਧੇਰੇ ਸ਼ਕਤੀਆਂ ਕੇਂਦਰ ਕੋਲ ਰਖਣਾ ਸੁਭਾਵਕ ਵੀ ਸੀ ਪਰ ਅੱਜ ਦੇਸ਼ ਦੇ ਹਾਲਾਤ ਬਦਲ ਗਏ ਹਨ। ਰਾਜ ਸਰਕਾਰਾਂ ਲੋਕਾਂ ਦੀਆਂ ਸਮੱਸਿਆਵਾਂ ਨਾਲ ਸਿੱਧਿਆਂ ਜੁੜੀਆਂ ਹੋਣ ਕਾਰਨ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਵਧੇਰੇ ਸੰਵੇਦਨਸ਼ੀਲ ਹਨ ਅਤੇ ਇਨ੍ਹਾਂ ਸਮੱਸਿਆਵਾਂ ਨਾਲ ਢੁਕਵੇਂ ਤਰੀਕੇ ਜੂਝਣ ਲਈ ਅਤੇ ਸਮੁੱਚੇ ਵਿਕਾਸ ਲਈ ਉਨ੍ਹਾਂ ਨੂੰ ਵਧੇਰੇ ਸ਼ਕਤੀਆਂ ਦੀ ਲੋੜ ਹੈ।

ਕੇਂਦਰ ਅਤੇ ਰਾਜਾਂ ਦੀ ਵੱਖਰੀ-ਵੱਖਰੀ ਭੂਮਿਕਾ ਨੂੰ ਧਿਆਨ ਵਿਚ ਰਖਦੇ ਹੋਏ, ਸੰਵਿਧਾਨ ਦੀ ਧਾਰਾ 246 ਤਹਿਤ ਸੱਤਵੇਂ ਸ਼ਡਿਊਲ ਵਿਚ ਕੇਂਦਰ ਅਤੇ ਰਾਜਾਂ ਦੀਆਂ ਸ਼ਕਤੀਆਂ ਅਤੇ ਉਨ੍ਹਾਂ ਤਹਿਤ ਵਿਸ਼ਿਆਂ ਦੀ ਵਿਆਖਿਆ ਕੀਤੀ ਗਈ ਹੈ। ਕੇਂਦਰ ਅਧੀਨ ਵਿਸ਼ਿਆਂ ਉਪਰ ਕਾਨੂੰਨ ਬਣਾਉਣ ਦਾ ਅਧਿਕਾਰ ਸੰਸਦ ਨੂੰ ਅਤੇ ਰਾਜਾਂ ਅਧੀਨ ਵਿਸ਼ਿਆਂ ਉਪਰ ਰਾਜਾਂ ਦੀਆਂ ਲੋਕਾਂ ਵਲੋਂ ਚੁਣੀਆਂ ਵਿਧਾਨ ਸਭਾਵਾਂ ਨੂੰ ਹੁੰਦਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਸੰਵਿਧਾਨ ਤੋਂ ਬਾਹਰ ਨਹੀਂ ਜਾ ਸਕਦੀਆਂ ਅਤੇ ਕਿਸੇ ਵਿਵਾਦ ਦੀ ਸੂਰਤ ਵਿਚ ਸੰਵਿਧਾਨ ਦੀ ਵਿਆਖਿਆ ਦੇਸ਼ ਦੀ ਸਰਵੋਚ ਅਦਾਲਤ, ਭਾਰਤ ਦੀ ਸੁਪਰੀਮ ਕੋਰਟ ਵਲੋਂ ਕੀਤੀ ਜਾਂਦੀ ਹੈ ਜੋ ਸਭ ਨੂੰ ਮੰਨਣੀ ਪੈਂਦੀ ਹੈ। ਸੰਵਿਧਾਨ ਦੀ ਧਾਰਾ 79 ਅਨੁਸਾਰ ਰਾਸ਼ਟਰਪਤੀ ਦੇਸ਼ ਦਾ ਸੰਵਿਧਾਨਕ ਮੁਖੀ ਹੈ ਅਤੇ ਸੰਸਦ ਦੇ ਦੋ ਸਦਨ ਲੋਕ ਸਭਾ ਅਤੇ ਰਾਜ ਸਭਾ ਹਨ। ਲੋਕਤੰਤਰੀ ਪ੍ਰਣਾਲੀ ਅਨੁਸਾਰ ਸਰਕਾਰ ਦੇ ਗਠਨ ਤੋਂ ਬਾਅਦ

ਮੰਤਰੀ ਪਰਿਸ਼ਦ ਦੀ ਸਥਾਪਨਾ ਹੁੰਦੀ ਹੈ ਜਿਸ ਦਾ ਕੇਂਦਰ ਵਿਚ ਪ੍ਰਧਾਨ ਮੰਤਰੀ ਅਤੇ ਰਾਜਾਂ ਵਿਚ ਮੁੱਖ ਮੰਤਰੀ ਹੁੰਦਾ ਹੈ। ਮੰਤਰੀ ਪਰਿਸ਼ਦ ਸੰਵਿਧਾਨ ਅਨੁਸਾਰ ਦੇਸ਼ ਅਤੇ ਰਾਜਾਂ ਦੀ ਪ੍ਰਬੰਧਕੀ ਵਿਵਸਥਾ ਚਲਾਉਂਦੀ ਹੈ। ਸੰਸਦ ਰਾਸ਼ਟਰੀ ਮਹੱਤਵ ਦੇ ਕੇਂਦਰ ਅਧੀਨ ਵਿਸ਼ਿਆਂ ਉਪਰ ਕਾਨੂੰਨ ਬਣਾਉਂਦੀ ਹੈ ਜਿਨ੍ਹਾਂ ਨੂੰ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੋਵੇਂ ਲਾਗੂ ਕਰਦੀਆਂ ਹਨ। ਰਾਜ ਅਧੀਨ ਵਿਸ਼ਿਆਂ ਲਈ ਕਾਨੂੰਨ ਰਾਜਾਂ ਦੀਆਂ ਵਿਧਾਨ ਸਭਾਵਾਂ ਬਣਾਉਂਦੀਆਂ ਹਨ ਅਤੇ ਸਮੇਂ ਦੀ ਮੰਗ ਅਨੁਸਾਰ ਪਹਿਲਾਂ ਤੋਂ ਚਲੇ ਆ ਰਹੇ ਕਾਨੂੰਨਾਂ ਵਿਚ ਤਰਮੀਮਾਂ ਕਰਦੀਆਂ ਹਨ।

ਸੰਵਿਧਾਨ ਵਿਚ ਕੇਂਦਰ ਸਰਕਾਰ ਦੇ ਕਾਰਜ ਖੇਤਰ ਅਧੀਨ ਰਾਸ਼ਟਰੀ ਮਹੱਤਵ ਦੇ 100 ਵਿਸ਼ੇ ਹਨ ਜਿਨ੍ਹਾਂ ਵਿਚ ਬਾਹਰੀ ਮਸਲੇ ਅਤੇ ਵਿਦੇਸ਼ਾਂ ਨਾਲ ਸੰਬੰਧ, ਸੁਰੱਖਿਆ, ਪ੍ਰਮਾਣੂ ਸ਼ਕਤੀ, ਦੇਸ਼ ਦੀ ਰੱਖਿਆ ਨਾਲ ਜੁੜੇ ਮਸਲੇ, ਰੇਲਵੇ, ਜਹਾਜ਼ਰਾਨੀ, ਹਵਾਈ ਸੇਵਾਵਾਂ, ਸੰਚਾਰ, ਪ੍ਰਮਾਣੂ ਊਰਜਾ, ਵਿਦੇਸ਼ੀ ਵਪਾਰ, ਬੈਂਕਿੰਗ, ਬੀਮਾ, ਉਦਯੋਗ ਅਤੇ ਉਦਯੋਗਿਕ ਨੀਤੀ, ਖਾਣਾਂ, ਖਣਿਜ ਅਤੇ ਤੇਲ ਭੰਡਾਰ ਆਦਿ ਸ਼ਾਮਿਲ ਹਨ। ਸਥਾਨਕ ਮਹੱਤਵ ਦੇ ਵਿਸ਼ੇ ਜਿਵੇਂ ਕਿ ਕਾਨੂੰਨ ਅਤੇ ਵਿਵਸਥਾ, ਪੁਲਿਸ, ਖੇਤੀਬਾੜੀ, ਸਿੰਜਾਈ, ਪਸ਼ੂ-ਪਾਲਣ, ਸਿਹਤ ਸੇਵਾਵਾਂ, ਟਰਾਂਸਪੋਰਟ, ਬਿਜਲੀ ਆਦਿ 61 ਵਿਸ਼ੇ ਰਾਜ ਸਰਕਾਰਾਂ ਦੇ ਕਾਰਜ ਖੇਤਰ ਅਧੀਨ ਆਉਂਦੇ ਹਨ। ਸੰਵਿਧਾਨ ਵਿਚ ਵਿਸ਼ਿਆਂ ਦੀ ਇਕ ਤੀਸਰੀ ਸੂਚੀ ਵੀ ਦਰਜ ਹੈ ਜਿਸ ਨੂੰ ਸਮਵਰਤੀ ਸੂਚੀ ਦਾ ਨਾਮ ਦਿਤਾ ਗਿਆ ਹੈ। ਇਹ ਅਜਿਹੇ ਵਿਸ਼ੇ ਹਨ ਜਿਨ੍ਹਾਂ ਦਾ ਸਿੱਧਿਆਂ ਸੰਬੰਧ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੋਹਾਂ ਨਾਲ ਰਹਿੰਦਾ ਹੈ। ਇਸ ਸੂਚੀ ਵਿਚ ਦਰਜ ਵਿਸ਼ਿਆਂ ਉਪਰ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੋਵੇਂ ਸਮੇਂ ਦੀ ਲੋੜ ਅਨੁਸਾਰ ਨੀਤੀ ਨਿਰਧਾਰਨ ਕਰ ਸਕਦੀਆਂ ਹਨ ਅਤੇ ਕਾਨੂੰਨ ਬਣਾ ਸਕਦੀਆਂ ਹਨ ਪਰ ਕਿਸੇ ਕਾਨੂੰਨ ਉਪਰ ਵਿਵਾਦ ਪੈਦਾ ਹੋ ਜਾਣ ਦੀ ਸੂਰਤ ਵਿਚ ਕੇਂਦਰ ਵਲੋਂ ਬਣਾਇਆ ਕਾਨੂੰਨ ਮਾਨਤਾ ਪ੍ਰਾਪਤ ਹੁੰਦਾ ਹੈ। ਇਸ ਸੂਚੀ ਵਿਚ 52 ਵਿਸ਼ੇ ਹਨ ਜਿਨ੍ਹਾਂ ਵਿਚ ਸਿੱਖਿਆ, ਜੰਗਲਾਤ, ਵਪਾਰ, ਸ਼ਾਦੀ ਨਾਲ ਸੰਬੰਧਿਤ ਮਸਲੇ, ਵਿਰਾਸਤ, ਮਜ਼ਦੂਰ ਕਲਿਆਣ, ਟਰੇਡ ਯੂਨੀਅਨ ਮਸਲੇ, ਸਟੈਂਪ ਡਿਊਟੀ, ਸਮਾਜ ਕਲਿਆਣ ਮਸਲੇ ਆਦਿ ਸ਼ਾਮਿਲ ਹਨ।

ਇਸ ਤਰ੍ਹਾਂ ਸੰਵਿਧਾਨ ਵਿਚ ਭਾਰਤ ਨੂੰ ਰਾਜਾਂ ਦੇ ਇਕ ਸੰਘ ਦਾ ਦਰਜਾ ਦਿਤਾ ਗਿਆ ਹੈ ਅਤੇ ਇਥੋਂ ਦੇ ਸੰਘੀ ਗਣਰਾਜ ਦੀ ਸਪੱਸ਼ਟ ਵਿਆਖਿਆ ਕੀਤੀ ਗਈ ਹੈ। ਪਰ ਫਿਰ ਵੀ ਕੇਂਦਰ ਅਤੇ ਰਾਜ ਸਰਕਾਰਾਂ ਵਿਚ ਕਈ ਮੁੱਦਿਆਂ ਉਪਰ ਖਿੱਚਤਾਣ ਬਣੀ ਰਹਿੰਦੀ ਹੈ। ਭਾਰਤ ਦੇ ਸੰਵਿਧਾਨ ਨਿਰਮਾਤਾਵਾਂ ਨੇ ਦੇਸ਼ ਨੂੰ ਇਕ ਅਜਿਹਾ ਰਾਜਨੀਤਕ ਢਾਂਚਾ ਦਿਤਾ ਸੀ ਜਿਸ ਵਿਚ ਕੇਂਦਰ ਅਤੇ ਰਾਜ ਸਰਕਾਰਾਂ ਦੋਹਾਂ ਨੂੰ ਵਿਕਾਸ ਦੇ ਬਰਾਬਰ ਦੇ ਭਾਗੀਦਾਰ ਬਣਾਉਣਾ ਮੁੱਖ ਮੁੱਦਾ ਸੀ। ਉਨ੍ਹਾਂ ਨੇ ਕਲਪਨਾ ਕੀਤੀ ਸੀ ਕਿ ਕੇਂਦਰ ਅਤੇ ਰਾਜ ਸਰਕਾਰਾਂ, ਦੋਵੇਂ ਮਿਲ ਕੇ ਸੰਘੀ ਪ੍ਰਣਾਲੀ ਅਨੁਸਾਰ ਆਪਣੇ-ਆਪਣੇ ਕਾਰਜ ਖੇਤਰ ਅਧੀਨ ਵਿਸ਼ਿਆਂ ਉਪਰ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਦੇਸ਼ ਨੂੰ ਇਕ ਮਜ਼ਬੂਤ ਆਰਥਿਕ, ਸਮਾਜਿਕ, ਸਭਿਆਚਾਰਕ, ਧਾਰਮਿਕ, ਬਹੁ-ਭਾਸ਼ੀ ਅਤੇ ਬਹੁ-ਨਸਲੀ ਦੇਸ਼ ਹੋਣ ਦਾ ਮਾਣ ਪ੍ਰਾਪਤ ਕਰਨ ਦੀ ਸਮਰਥਾ ਤਿਆਰ ਕਰਨਗੇ। ਪਰ ਰਾਜਾਂ ਨੂੰ ਅਕਸਰ ਸ਼ਿਕਾਇਤ ਰਹਿੰਦੀ ਹੈ ਕਿ ਕੇਂਦਰ ਸਰਕਾਰ ਕੋਲ ਵਧੇਰੇ ਸ਼ਕਤੀਆਂ ਹੋਣ ਕਾਰਨ ਭਾਰਤੀ ਗਣਰਾਜ ਸਹੀ ਮਾਅਨਿਆਂ ਵਿਚ ਸੰਘੀ ਢਾਂਚਾ ਨਾ ਹੋ ਕੇ ਇਕ ਅਰਧ ਕਿਸਮ ਦਾ ਸੰਘੀ ਢਾਂਚਾ ਹੈ ਜਿਸ ਤੋਂ ਇਸ ਦੇ ਏਕਾਤਮਕ ਹੋਣ ਦਾ ਅਹਿਸਾਸ ਵੀ ਹੁੰਦਾ ਹੈ। ਪਿਛਲੇ ਕੁਝ ਸਾਲਾਂ ਵਿਚ ਕੇਂਦਰ ਅਤੇ ਕਈ ਰਾਜਾਂ ਵਿਚ ਵੱਖ-ਵੱਖ ਦਲਾਂ ਦੀਆਂ ਸਰਕਾਰਾਂ ਹੋਣ ਕਾਰਨ ਅਕਸਰ ਟਕਰਾਉ ਦੇ ਹਾਲਾਤ ਪੈਦਾ ਹੁੰਦੇ ਰਹੇ ਹਨ ਜਿਸ ਨਾਲ ਸ਼ਕਤੀਆਂ ਦੇ ਲੋਕਤੰਤਰਿਕ ਵਿਕੇਂਦਰੀਕਰਨ ਦਾ ਮੁੱਦਾ ਹੋਰ ਜ਼ੋਰ ਫੜ ਗਿਆ ਹੈ।

ਸੰਵਿਧਾਨ ਦੀਆਂ ਕਈ ਧਾਰਾਵਾਂ, ਖ਼ਾਸ ਕਰਕੇ ਧਾਰਾ 352 ਤੋਂ 356 ਤਕ ਸੰਵਿਧਾਨ ਦੀਆਂ ਅਜਿਹੀਆਂ ਧਾਰਾਵਾਂ ਹਨ ਜੋ ਵਿਸ਼ੇਸ਼ ਹਾਲਾਤ ਵਿਚ ਕੇਂਦਰ ਨੂੰ ਰਾਜਾਂ ਵਿਚ ਸਿੱਧਿਆਂ ਦਖ਼ਲਅੰਦਾਜ਼ੀ ਦੀ ਇਜਾਜ਼ਤ ਦਿੰਦੀਆਂ ਹਨ। ਰਾਸ਼ਟਰੀ ਸੁਰੱਖਿਆ ਦੇ ਮੁੱਦੇ ਉਪਰ ਅਤੇ ਕਿਸੇ ਰਾਜ ਵਿਚ ਸੰਵਿਧਾਨਕ ਮਸ਼ੀਨਰੀ ਦੇ ਫੇਲ੍ਹ ਹੋ ਜਾਣ ਤੋਂ ਜਾਂ ਕਿਸੇ ਇਕ ਦਲ ਜਾਂ ਦਲਾਂ ਦੇ ਗਠਬੰਧਨ ਰਾਹੀਂ ਬਹੁ-ਗਿਣਤੀ ਸਰਕਾਰ ਨਾ ਬਣਾ ਸਕਣ ਦੀ ਸੂਰਤ ਵਿਚ, ਸੰਵਿਧਾਨ ਦੀ ਧਾਰਾ 356 ਅਧੀਨ ਰਾਜ ਦੇ ਗਵਰਨਰ ਦੀ ਰਿਪੋਰਟ 'ਤੇ ਕੇਂਦਰੀ ਮੰਤਰੀ ਮੰਡਲ ਰਾਜ ਸਰਕਾਰ ਨੂੰ ਬਰਤਰਫ਼ ਕਰਕੇ ਸਿੱਧਿਆਂ ਰਾਸ਼ਟਰਪਤੀ ਰਾਜ ਲਾਗੂ ਕਰ ਸਕਦਾ ਹੈ। ਇਸ ਤਰ੍ਹਾਂ ਗਵਰਨਰ ਦੀ ਰਿਪੋਰਟ ਉੱਪਰ ਜੋ ਕੇਂਦਰ ਵਲੋਂ ਨਿਯੁਕਤ ਕੀਤਾ ਹੁੰਦਾ ਹੈ, ਕਿਸੇ ਵੀ ਰਾਜ ਦੀ ਵਿਧਾਨ ਸਭਾ ਨੂੰ ਭੰਗ ਕੀਤਾ ਜਾ ਸਕਦਾ ਹੈ ਅਤੇ ਉਥੇ ਸਿੱਧਿਆਂ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾ ਸਕਦਾ ਹੈ। ਹੁਣ ਤਕ ਸੰਵਿਧਾਨ ਦਾ ਇਸ ਧਾਰਾ ਅਧੀਨ 100 ਤੋਂ ਵੀ ਵੱਧ ਮੌਕਿਆਂ 'ਤੇ ਲੋਕਾਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਭੰਗ ਕੀਤਾ ਜਾ ਚੁੱਕਾ ਹੈ ਅਤੇ ਇਸ ਦੀ ਦੁਰਵਰਤੋਂ ਦੀਆਂ ਰਾਜਨੀਤਕ ਦਲਾਂ ਨੂੰ ਅਕਸਰ ਸ਼ਿਕਾਇਤਾਂ ਰਹਿੰਦੀਆਂ ਹਨ। ਇਹ ਵੀ ਸ਼ਿਕਾਇਤ ਅਕਸਰ ਰਹਿੰਦੀ ਹੈ ਕਿ ਗਵਰਨਰ ਦੇ ਅਹੁਦੇ ਦੀ ਕੇਂਦਰ ਵਿਚ ਰਾਜ ਸਰਕਾਰ ਨਾਲੋਂ ਵੱਖਰੇ ਦਲ ਦੀ ਸਰਕਾਰ ਹੋਣ ਕਾਰਨ ਕੇਂਦਰ ਵਲੋਂ ਦੁਰਵਰਤੋਂ ਕੀਤੀ ਜਾਂਦੀ ਹੈ। ਰਾਜਾਂ ਵਿਚ ਗਵਰਨਰ ਦੀ ਨਿਯੁਕਤੀ ਦੀ ਕੇਂਦਰ ਸਰਕਾਰ ਦੀ ਮਰਜ਼ੀ ਅਨੁਸਾਰ ਹੁੰਦੀ ਹੈ ਅਤੇ ਕਿਸੇ ਵਿਅਕਤੀ ਦੀ ਇਸ ਅਹੁਦੇ ਉਪਰ ਹੋਂਦ ਵੀ ਕੇਂਦਰ ਦੀ ਮਰਜ਼ੀ ਅਨੁਸਾਰ ਰਹਿੰਦੀ ਹੈ। ਇਹ ਵੀ ਸ਼ਿਕਾਇਤ ਅਕਸਰ ਰਹਿੰਦੀ ਹੈ ਕਿ ਕਈ ਗਵਰਨਰ ਵੀ ਆਪਣੇ ਅਹੁਦੇ ਦੀ ਦੁਰਵਰਤੋਂ ਕਰਦੇ ਹਨ ਅਤੇ ਸੰਵਿਧਾਨ ਵਿਚ ਅਜਿਹੇ ਹਾਲਤ ਨਾਲ ਨਜਿੱਠਣ ਲਈ ਕੋਈ ਵਿਵਸਥਾ ਨਹੀਂ ਹੈ ਜਿਸ ਕਾਰਨ ਰਾਜਾਂ ਵਿਚ ਹੰਗਾਮੀ ਹਾਲਾਤ ਦੀ ਸੂਰਤ ਵਿਚ ਕੇਂਦਰ ਸਰਕਾਰ ਦਾ ਵਧੇਰੇ ਬੋਲਬਾਲਾ ਰਹਿੰਦਾ ਹੈ ਜੋ ਸੰਵਿਧਾਨ ਨੂੰ ਅਰਧ ਸੰਘੀ ਹੋਣ ਦਾ ਅਹਿਸਾਸ ਕਰਾਉਂਦਾ ਹੈ।

ਭਾਰਤ ਦੇ ਸੰਘੀ ਗਣਰਾਜ ਦਾ ਇਕ ਹੋਰ ਅੰਗ ਸਰਬ ਭਾਰਤੀ ਸੇਵਾਵਾਂ ਹਨ ਜੋ ਅਕਸਰ ਵਿਵਾਦ ਦਾ ਮੁੱਦਾ ਬਣਦੀਆਂ ਹਨ। ਸਰਬ ਭਾਰਤੀ ਸੇਵਾਵਾਂ ਦੇ ਅਧਿਕਾਰੀਆਂ ਦੀ ਨਿਯੁਕਤੀ ਕੇਂਦਰ ਸਰਕਾਰ ਵਲੋਂ ਕੀਤੀ ਜਾਂਦੀ ਹੈ ਪਰ ਉਹ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਪ੍ਰਬੰਧਕੀ ਢਾਂਚੇ ਨੂੰ ਚਲਾਉਂਦੀ ਅਤੇ ਕੇਂਦਰ ਅਤੇ ਰਾਜਾਂ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਦਾ ਕੰਮ ਕਰਦੇ ਹਨ। ਇਨ੍ਹਾਂ ਸੇਵਾਵਾਂ ਨੂੰ ਹੋਂਦ ਵਿਚ ਲਿਆਉਣ ਅਤੇ ਉਨ੍ਹਾਂ ਉਪਰ ਨਿਯੰਤ੍ਰਣ ਰੱਖਣ ਦਾ ਅਧਿਕਾਰ ਕੇਂਦਰ ਸਰਕਾਰ ਕੋਲ ਹੈ ਅਤੇ ਸੰਵਿਧਾਨ ਤਹਿਤ ਉਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਕਰਨ ਵਾਲੇ ਅਹੁਦੇਦਾਰ ਤੋਂ ਬਿਨਾਂ ਹੋਰ ਕੋਈ ਅਧਿਕਾਰੀ ਉਨ੍ਹਾਂ ਖ਼ਿਲਾਫ਼ ਅਨੁਸ਼ਾਸਨਾਤਮਕ ਕਾਰਵਾਈ ਨਹੀਂ ਕਰ ਸਕਦਾ। ਰਾਜਾਂ ਦੇ ਮੰਤਰੀਆਂ ਅਤੇ ਹੋਰ

ਰਾਜਨੇਤਾਵਾਂ ਨੇ ਆਪਣੀਆਂ ਵਿਕਾਸ ਯੋਜਨਾਵਾਂ ਜ਼ਿਲ੍ਹਿਆਂ ਵਿਚ ਇਨ੍ਹਾਂ ਅਧਿਕਾਰੀਆਂ ਰਾਹੀਂ ਲਾਗੂ ਕਰਵਾਉਣਾ ਹੁੰਦਾ ਹੈ ਅਤੇ ਜੇ ਨਤੀਜੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਨਹੀਂ ਤਾਂ ਅਕਸਰ ਅਧਿਕਾਰੀਆਂ ਅਤੇ ਰਾਜਨੀਤਕ ਲੀਡਰਸ਼ਿਪ ਵਿਚ ਖਿੱਚਤਾਣ ਬਣ ਜਾਂਦੀ ਹੈ ਪਰ ਉਹ ਇਨ੍ਹਾਂ ਅਧਿਕਾਰੀਆਂ ਖ਼ਿਲਾਫ਼ ਕੇਂਦਰ ਨੂੰ ਅਨੁਸ਼ਾਸਨਾਤਮਕ ਕਾਰਵਾਈ ਕਰਨ ਲਈ ਸ਼ਿਕਾਇਤ ਕਰਨ ਦੇ ਸਿਵਾਏ ਕੁਝ ਨਹੀਂ ਕਰ ਸਕਦੇ।

ਭਾਰਤ ਦੇ ਸੰਵਿਧਾਨ ਨੇ ਕੇਂਦਰ ਸਰਕਾਰ ਨੂੰ ਨਵੇਂ ਰਾਜਾਂ ਦੇ ਗਠਨ ਕਰਨ, ਰਾਜਾਂ ਦੇ ਆਕਾਰ ਬਦਲਣ ਜਾਂ ਇਕ ਰਾਜ ਵਿਚੋਂ ਕੁਝ ਇਲਾਕੇ ਦੂਸਰੇ ਰਾਜ ਵਿਚ ਜੋੜਨ ਦਾ ਅਧਿਕਾਰ ਦਿਤਾ ਹੈ। ਇਸ ਮਕਸਦ ਲਈ ਮੰਤਰੀ ਪਰਿਸ਼ਦ ਦੀ ਮਨਜ਼ੂਰੀ ਤੋਂ ਬਾਅਦ ਸਰਕਾਰ ਸੰਸਦ ਰਾਹੀ ਕਾਨੂੰਨ ਪਾਸ ਕਰਵਾ ਸਕਦੀ ਹੈ ਪਰ ਇਸ ਉਪਰ ਬੰਦਸ਼ ਸਿਰਫ਼ ਇਹੋ ਹੈ ਕਿ ਅਜੋਕਾ ਕਾਨੂੰਨ ਸੰਬੰਧਿਤ ਰਾਜਾਂ ਦੀਆਂ ਵਿਧਾਨ ਸਭਾਵਾਂ ਰਾਹੀਂ ਵੀ ਪਾਸ ਹੋਣਾ ਜ਼ਰੂਰੀ ਹੁੰਦਾ ਹੈ ਪਰ ਕਿਸੇ ਝਗੜੇ ਦੀ ਸੂਰਤ ਵਿਚ ਸੰਸਦ ਵਲੋਂ ਪਾਸ ਕੀਤੇ ਕਾਨੂੰਨ ਨੂੰ ਮਾਨਤਾ ਦਿਤੀ ਜਾਂਦੀ ਹੈ। ਸੰਵਿਧਾਨ ਵਿਚ ਅਜਿਹੀ ਵਿਵਸਥਾ ਸੀ ਇਸ ਦੇ ਅਰਧ ਸੰਘੀ ਹੋਣ ਦਾ ਆਭਾਸ ਕਰਾਉਂਦੀ ਹੈ। ਇਸ ਤੋਂ ਇਲਾਵਾ ਕੇਂਦਰ ਅਤੇ ਰਾਜਾਂ ਵਿਚਕਾਰ ਤਣਾਅ ਦਾ ਮੁੱਖ ਮੁੱਦਾ ਕੇਂਦਰੀ ਯੋਜਨਾਵਾਂ ਨੂੰ ਰਾਜਾਂ ਵਿਚ ਲਾਗੂ ਕਰਨ ਤੇ ਰਾਜਾਂ ਨੂੰ ਵਿੱਤੀ ਵਿਕੇਂਦਰੀਕਰਨ ਦਾ ਹੈ। ਰਾਜਾਂ ਨੂੰ ਅਕਸਰ ਸ਼ਿਕਾਇਤ ਰਹਿੰਦੀ ਹੈ ਕਿ ਉਨ੍ਹਾਂ ਨੂੰ ਵਿਕਾਸ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਕੇਂਦਰ ਵਲੋਂ ਉੱਚਿਤ ਫ਼ੰਡ ਨਹੀਂ ਦਿਤੇ ਜਾਂਦੇ। ਸੰਵਿਧਾਨ ਅੰਦਰ ਹਰ ਪੰਜ ਸਾਲ ਦੀ ਮਿਆਦ ਬਾਅਦ ਵਿੱਤ ਕਮਿਸ਼ਨ ਨਿਯੁਕਤ ਕਰਨ ਦੀ ਵਿਵਸਥਾ ਹੈ ਜੋ ਕੇਂਦਰ ਅਤੇ ਰਾਜਾਂ ਵਿਚਕਾਰ ਫ਼ੰਡਾਂ ਦੇ ਬਟਵਾਰੇ ਵੀ ਸਾਲਾਨਾ ਕਰਦਾ ਹੈ। ਇਸ ਤੋਂ ਇਲਾਵਾ, ਰਾਜਾਂ ਨੂੰ ਇਹ ਵੀ ਸ਼ਿਕਾਇਤ ਰਹਿੰਦੀ ਹੈ ਕਿ ਉਨ੍ਹਾਂ ਨੂੰ ਆਪਣੇ ਕਾਰਜ ਖੇਤਰ ਅਧੀਨ ਮੁੱਦਿਆਂ ਲਈ ਛੋਟੇ-ਛੋਟੇ ਪ੍ਰਾਜੈਕਟਾਂ ਦੀ ਮਨਜ਼ੂਰੀ ਵੀ ਕੇਂਦਰ ਕੋਲੋਂ ਲੈਣੀ ਪੈਂਦੀ ਹੈ। ਰਾਜਾਂ ਨੂੰ ਯੋਜਨਾ ਆਯੋਗ ਤੋਂ ਆਪਣੀਆਂ ਸਾਲਾਨਾ ਯੋਜਨਾਵਾਂ ਦੀ ਮਨਜ਼ੂਰੀ ਲੈਣੀ ਪੈਂਦੀ ਸੀ ਪਰ ਹੁਣ 1 ਜਨਵਰੀ 2015 ਤੋਂ ਯੋਜਨਾ ਆਯੋਗ ਨੂੰ ਖਤਮ ਕਰ ਦਿਤਾ ਗਿਆ ਹੈ ਅਤੇ ਉਸ ਦੇ ਸਥਾਨ 'ਤੇ ਨੀਤੀ ਆਯੋਗ ਗਠਨ ਕੀਤਾ ਗਿਆ ਹੈ। ਫ਼ਰਵਰੀ 2015 ਦੇ ਪਹਿਲੇ ਹਫ਼ਤੇ ਨੀਤੀ ਆਯੋਗ ਦੀ ਪਹਿਲੀ ਬੈਠਕ ਹੋਈ ਸੀ। ਪ੍ਰਧਾਨ ਮੰਤਰੀ ਨੀਤੀ ਆਯੋਗ ਦੇ ਪ੍ਰਧਾਨ ਹਨ ਅਤੇ ਸਭ ਰਾਜਾਂ ਦੇ ਮੁੱਖ ਮੰਤਰੀ ਇਸ ਦੇ ਮੈਂਬਰ ਹਨ। ਰਾਸ਼ਟਰੀ ਵਿਕਾਸ ਪਰਿਸ਼ਦ ਨੂੰ ਖਤਮ ਕਰ ਕੇ, ਮੁੱਖ ਮੰਤਰੀਆਂ ਦੀਆਂ ਪ੍ਰਬੰਧਕੀ ਪਰਿਸ਼ਦਾਂ ਅਤੇ ਖੇਤਰੀ ਪ੍ਰਬੰਧਕੀ ਪਰਿਸ਼ਦਾਂ ਸਥਾਪਤ ਕੀਤੀਆਂ ਗਈਆਂ ਹਨ ਤਾਂ ਜੋ ਅਲਗ ਅਲਗ ਰਾਜਾਂ ਦੀਆਂ ਵਿਸ਼ੇਸ਼ ਲੋੜਾਂ ਵੱਲ ਉਚੇਚਾ ਧਿਆਨ ਦਿਤਾ ਜਾ ਸਕੇ ਜੋ ਯੋਜਨਾ ਆਯੋਗ ਦੀ ਵਿਕਸਤ ਅਤੇ ਘੱਟ ਵਿਕਸਤ ਰਾਜਾਂ ਨੂੰ ਇਕੋ ਨਜ਼ਰੇ ਦੇਖਣ ਦੀ ਨੀਤੀ ਤੋਂ ਪਰੇ ਹਟ ਕੇ ਹੈ। ਯੋਜਨਾ ਆਯੋਗ ਦੀ ਤਰ੍ਹਾਂ ਨੀਤੀ ਆਯੋਗ ਵਲੋਂ ਰਾਜਾਂ ਦੀਆਂ ਸਾਲਾਨਾ ਯੋਜਨਾਵਾਂ ਨੂੰ ਮਨਜ਼ੂਰੀ ਨਹੀਂ ਦਿਤੀ ਜਾਵੇਗੀ ਸਗੋਂ ਉਨ੍ਹਾਂ ਨਾਲ ਤਾਲਮੇਲ ਰਾਹੀਂ ਉਨ੍ਹਾਂ ਦੀਆਂ ਵਿਕਾਸ ਯੋਜਨਾਵਾਂ ਵਿਚ ਸਹਿਯੋਗ ਦਿਤਾ ਜਾਵੇਗਾ। ਰਾਜਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਲਈ, ਰਾਜਾਂ ਵਿਚ ਕੇਂਦਰੀ ਭੂਮਿਕਾ ਘੱਟ ਕਰ ਕੇ ਸਹਿਕਾਰੀ ਸੰਘਵਾਦ ਉਪਰ ਜ਼ੋਰ ਦਿਤਾ ਜਾਵੇਗਾ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਨੀਤੀ ਆਯੋਗ ਦੀ ਬੈਠਕ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮਾਵੇਸ਼ੀ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਰਾਜਾਂ ਦੀ ਵਧੇਰੇ ਭਾਗੀਦਾਰੀ ਯਕੀਨੀ ਬਣਾਈ ਜਾਵੇ ਅਤੇ ਇਸ ਕਾਰਜ ਲਈ ਰਾਜਾਂ ਨੂੰ ਵਧੇਰੇ ਵਿੱਤੀ ਵਿਕੇਂਦਰੀਕਰਨ ਅਤੇ ਉਨ੍ਹਾਂ ਦੀਆਂ ਆਪਣੀਆਂ ਯੋਜਨਾਵਾਂ ਲਈ ਫ਼ੈਸਲੇ ਲੈਣ ਵਿਚ ਵਧੇਰੇ ਖੁੱਲ੍ਹ ਦਿਤੀ ਜਾਵੇਗੀ। ਉਨ੍ਹਾਂ ਨੀਤੀ ਆਯੋਗ ਨੂੰ ਕੇਂਦਰ ਵਲੋਂ ਰਾਜਾਂ ਵਿਚ ਚਲਾਈਆਂ ਜਾ ਰਹੀਆਂ 66 ਕੇਂਦਰੀ ਯੋਜਨਾਵਾਂ ਉਪਰ ਪੁਨਰ ਵਿਚਾਰ ਲਈ ਵੀ ਕਿਹਾ। ਇਸ ਮੁੱਦੇ ਉਪਰ ਮੁੱਖ ਮੰਤਰੀਆਂ ਦਾ ਇਕ ਸਬ ਗਰੁੱਪ ਵਿਚਾਰ ਕਰੇਗਾ। ਕੁਝ ਮੁੱਖ ਮੰਤਰੀਆਂ ਨੇ ਇਨ੍ਹਾਂ ਯੋਜਨਾਵਾਂ ਨੂੰ ਘੱਟ ਕਰਨ ਜਾਂ ਉੱਕਿਆਂ ਖਤਮ ਕਰਨ ਅਤੇ ਇਨ੍ਹਾਂ ਦੇ ਬਦਲੇ ਰਾਜਾਂ ਨੂੰ ਵਧੇਰੇ ਵਿੱਤੀ ਅਧਿਕਾਰ ਦੇਣ ਦੀ ਮੰਗ ਕੀਤੀ ਸੀ।

ਨੀਤੀ ਆਯੋਗ ਦੀ ਸਥਾਪਨਾ, ਅਜਿਹੇ ਸਮੇਂ ਕੀਤੀ ਗਈ ਹੈ ਜਦੋਂ ਦੇਸ਼ ਸਾਹਮਣੇ ਬਦਲੇ ਹੋਏ ਹਾਲਾਤ ਵਿਚ ਨਵੀਆਂ ਚੁਣੌਤੀਆਂ ਅਤੇ ਉਨ੍ਹਾਂ ਨਾਲ ਨਜਿੱਠਣ ਲਈ ਨਵੀਆਂ ਪਹਿਲਾਂ ਕਰਨ ਦੀ ਲੋੜ ਮੂੰਹ ਅੱਡੀ ਖੜ੍ਹੀ ਹੈ। ਸੰਘੀ ਗਣਰਾਜ ਨੂੰ ਮਜ਼ਬੂਤ ਕਰਨ ਲਈ ਇਨ੍ਹਾਂ ਪਹਿਲਾਂ ਦੀ ਸਖ਼ਤ ਜ਼ਰੂਰਤ ਹੈ ਅਤੇ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਸਾਡੀ ਰਾਜਨੀਤਕ ਇੱਛਾ ਸ਼ਕਤੀ ਇਸ ਨੂੰ ਕਿੰਨੀ ਤੇਜ਼ੀ ਨਾਲ ਲਾਗੂ ਕਰਦੀ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*
*e-mail :rcsaldi@yahoo.com*

**ਸਕੈਟਿੰਗ ਅਤੇ ਗਾਇਡਿੰਗ ਸੰਗਠਨਾਂ ਲਈ ਯੁਵਾ ਹੋਸਟਲ ਤੇ ਸਹਾਇਤਾ**

ਯੁਵਾ ਵਿਦਿਆਰਥੀਆਂ ਦੇ ਹੋਸਟਲ ਦਾ ਨਿਰਮਾਣ ਯੁਵਕਾਂ ਨੂੰ ਯਾਤਰਾ ਲਈ ਪ੍ਰੋਤਸਾਹਨ ਦੇਣ ਅਤੇ ਉਨ੍ਹਾਂ ਨੂੰ ਦੇਸ਼ ਦੀ ਖ਼ੁਸ਼ਹਾਲ ਸੰਸਕ੍ਰਿਤਕ ਵਿਰਾਸਤ ਦਾ ਤਜਰਬਾ ਪ੍ਰਾਪਤ ਕਰਨ ਵਿਚ ਸਮਰੱਥਾ ਬਣਾਉਣ ਲਈ ਕੀਤਾ ਗਿਆ ਹੈ। ਯੁਵਾ ਹੋਸਟਲਾਂ ਦਾ ਨਿਰਮਾਣ ਕੇਂਦਰ ਅਤੇ ਰਾਜ ਸਰਕਾਰਾਂ ਦਾ ਸਾਂਝੇ ਰੂਪ ਵਿਚ ਕੀਤਾ ਗਿਆ ਕੰਮ ਹੈ, ਜਿਸ ਵਿਚ ਕੇਂਦਰ ਸਰਕਾਰ ਨਿਰਮਾਣ ਦੀ ਲਾਗਤ ਦਿੰਦੀ ਹੈ ਅਤੇ ਰਾਜ ਸਰਕਾਰਾਂ ਜਲ ਪੂਰਤੀ, ਬਿਜਲੀ ਕੁਨੈਕਸ਼ਨ ਅਤੇ ਸੜਕ ਸੰਪਰਕ ਦੇ ਨਾਲ-ਨਾਲ ਮੁਫ਼ਤ ਵਿਕਸਤ ਜ਼ਮੀਨ ਉਪਲਬਧ ਕਰਾਉਂਦੀ ਹੈ। ਯੁਵਾ ਹੋਸਟਲ ਇਤਿਹਾਸਕ ਅਤੇ ਸੰਸਕ੍ਰਿਤਕ ਮਹੱਤਵ, ਵਿਦਿਅਕ ਕੇਂਦਰਾਂ, ਸੈਰ-ਸਪਾਟੇ ਦੀਆਂ ਥਾਵਾਂ ਆਦਿ ਵਰਗੇ ਖੇਤਰਾਂ ਵਿਚ ਸਥਿਤ ਹੁੰਦੇ ਹਨ। ਯੁਵਾ ਹੋਸਟਲ ਵਿਚ ਉੱਚਿਤ ਮੁੱਲ 'ਤੇ ਯੁਵਕਾਂ ਲਈ ਚੰਗੀਆਂ ਰਿਹਾਇਸ਼ਾਂ ਉਪਲਬਧ ਕਰਵਾਈਆਂ ਜਾਂਦੀਆਂ ਹਨ। ਯੁਵਾ ਹੋਸਟਲਾਂ ਦੀ ਦੇਖਭਾਲ ਕੇਂਦਰ ਸਰਕਾਰ ਵਲੋਂ ਨਿਯੁਕਤ ਪ੍ਰਬੰਧਕ ਕਰਦੇ ਹਨ।

ਹੁਣ ਤਕ ਦੇਸ਼ ਭਰ ਵਿਚ 83 ਯੁਵਾ ਹੋਸਟਲਾਂ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ ਅਤੇ ਅਰੁਣਾਚਲ ਪ੍ਰਦੇਸ਼ ਦੇ ਰੋਇੰਗ ਵਿਚ ਇਕ ਯੁਵਾ ਹੋਸਟਲ ਤਿਆਰ ਹੋਣ ਦੇ ਆਖ਼ਰੀ ਪੜਾਅ 'ਤੇ ਹੈ। 83 ਯੁਵਾ ਹੋਸਟਲਾਂ ਵਿਚ 11 ਹੋਸਟਲਾਂ ਨੂੰ ਯੁਵਕਾਂ ਅਤੇ ਖੇਡਾਂ ਦੇ ਵਿਕਾਸ ਦੇ ਜ਼ਿਆਦਾਤਰ ਇਸਤੇਮਾਲ ਲਈ ਸੰਬੰਧਿਤ ਰਾਜ ਸਰਕਾਰਾਂ ਦੇ ਨਹਿਰੂ ਯੁਵਾ ਕੇਂਦਰ ਸੰਗਠਨ ਭਾਰਤੀ ਖੇਡ ਅਥਾਰਿਟੀ ਨੂੰ ਤਬਦੀਲ ਕੀਤੇ ਜਾ ਚੁੱਕੇ ਹਨ ਅਤੇ ਬਾਕੀ 72 ਹੋਸਟਲ ਸਿੱਧੇ ਮੰਤਰਾਲਾ ਤਹਿਤ ਹਨ। ਯੁਵਾ ਮਾਮਲੇ ਅਤੇ ਖੇਡ ਮੰਤਰਾਲਾ ਦਾ ਯੁਵਾ ਮਾਮਲੇ ਵਿਭਾਗ ਯੁਵਾ ਹੋਸਟਲਾਂ ਲਈ ਆਈ ਐੱਸ ਓ ਪ੍ਰਮਾਣ ਪੱਤਰ ਪ੍ਰਾਪਤ ਕਰਨ ਦੇ ਯਤਨ ਕਰ ਰਿਹਾ ਹੈ। ਹੁਣ ਤਕ ਡਲਹੌਜ਼ੀ, ਮਸੂਰ, ਜੋਧਪੁਰ, ਪੁੱਡੂਚੇਰੀ, ਆਗਰਾ ਅਤੇ ਪੰਜਿਮ ਨਾਂ ਦੇ 6 ਯੁਵਾ ਹੋਸਟਲਾਂ ਲਈ ਆਈ ਐੱਸ ਓ ਪ੍ਰਮਾਣ ਪੱਤਰ ਪ੍ਰਾਪਤ ਹੋ ਚੁੱਕੇ ਹਨ।

# ਭਾਰਤ 'ਚ ਉੱਚ ਤਕਨਾਲੋਜੀ ਵਸਤਾਂ ਉਤਪਾਦਨ : ਜੰਜ਼ੀਰ ਮੁਕਤ ਸਮਰਥਾ

ਅਨੰਦ ਸ਼ਰਮਾ ਤੇ ਵੀਰਪਾਲ ਕੌਰ

ਜਾਣ-ਪਛਾਣ

ਮਈ 2014 ਵਿਚ ਹੋਂਦ ਵਿਚ ਆਉਣ ਤੋਂ ਬਾਅਦ ਨਵੀਂ ਸਰਕਾਰ ''ਭਾਰਤ ਵਿਚ ਬਣਾਓ'' ਦੀ ਪਹਿਲ ਨੂੰ ਉਤਸ਼ਾਹਤ ਕਰਦੀ ਰਹੀ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਭਾਰਤ ਨੂੰ ਇਕ 'ਸੱਨਅਤੀ ਵਾਸਤੂ ਉਤਪਾਦਨ ਧੁਰੀ' ਦੇ ਤੌਰ ਤੇ ਵਿਕਸਤ ਕਰਨਾ ਅਤੇ ਵਧੇਰੇ ਉਤਪਾਦਨ ਕਰਨਾ ਅਤੇ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰ ਕੇ ਭਾਰਤੀ ਅਰਥਤੰਤਰ ਵਿਚ ਨਵੀਂ ਲਹਿਰ ਲਿਆਉਣਾ ਹੈ। 'ਭਾਰਤ ਵਿਚ ਬਣਾਓ' ਨੀਤੀ ਤਹਿਤ ਸਰਕਾਰ ਦਾ ਉਦੇਸ਼ ਸੱਨਅਤੀ ਵਸਤੂ ਉਤਪਾਦਨ ਦਾ ਸਮੁੱਚੇ ਘਰੇਲੂ ਉਤਪਾਦਨ ਵਿਚ ਹਿੱਸਾ, ਜੋ ਪਿਛਲੇ ਦੋ ਦਹਾਕਿਆਂ ਤੋਂ 15-16 ਪ੍ਰਤਿਸ਼ਤ ਦਰ ਉਪਰ ਰਹਿ ਰਿਹਾ ਹੈ, ਨੂੰ 2025 ਤਕ ਵਧਾ ਕੇ 25 ਪ੍ਰਤਿਸ਼ਤ ਕਰਨਾ ਹੈ। ਭਾਰਤ ਬੁਨਿਆਦੀ ਢਾਂਚੇ ਵਿਚ ਮੁਢਲੀਆਂ ਤਬਦੀਲੀਆਂ ਦੀ ਪ੍ਰਕਿਰਿਆ ਦਾ ਮੋਹਰੀ ਰਿਹਾ ਹੈ ਅਤੇ ਇਥੇ ਸੇਵਾਵਾਂ ਦੇ ਖੇਤਰ ਵਿਚ 57 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ ਜੋ ਉਦਯੋਗਿਕ ਖੇਤਰ ਵਿਚ ਵਾਧੇ, 24 ਪ੍ਰਤਿਸ਼ਤ ਨੂੰ ਪਾਰ ਕਰ ਗਿਆ। ਉਦਯੋਗਿਕ ਖੇਤਰ ਵਿਚ ਘੱਟ ਵਿਕਾਸ ਦਾ ਕਾਰਨ ਇਥੋਂ ਦੇ ਸੱਨਅਤੀ ਵਸਤੂ ਉਤਪਾਦਨ ਖੇਤਰ ਵਿਚ ਘੱਟ ਵਾਧਾ ਸੀ। ਆਰਥਿਕ ਸਰਵੇਖਣ 2014-15 ਅਨੁਸਾਰ, ਨਿਰਮਾਣਸਾਜ਼ੀ ਖੇਤਰ ਢਿੱਲਾ-ਮੱਠਾ ਹੀ ਰਿਹਾ ਅਤੇ ਇਸ ਵਿਚ ਅਪ੍ਰੈਲ ਤੋਂ ਦਸੰਬਰ 2014-15 ਵਿਚ 1.2 ਪ੍ਰਤਿਸ਼ਤ ਵਾਧਾ ਹੀ ਦਰਜ ਕੀਤਾ ਗਿਆ। ਇਸ ਵਿਚ ਘੱਟ ਵਾਧੇ ਦਾ ਕਾਰਨ ਵਿਆਜ ਦੀ ਉੱਚੀ ਦਰ, ਬੁਨਿਆਦੀ ਢਾਂਚੇ ਵਿਚ ਅੜਚਨਾਂ ਅਤੇ ਘਰੇਲੂ ਤੇ ਵਿਦੇਸ਼ੀ ਮੰਗ ਦੀ ਘਾਟ ਹੈ। ਸਮੁੱਚੇ ਤੌਰ ਤੇ, ਅਰਥਚਾਰੇ ਲਈ ਸੱਨਅਤੀ ਵਸਤੂ ਉਤਪਾਦਨ ਦੀ ਘੱਟ ਵਿਕਾਸ ਦਰ ਬਹੁਤ ਨਿਰਾਸ਼ਾਜਨਕ ਹੈ। ਪੂਰੇ ਵਿਸ਼ਵ ਦੇ ਸੱਨਅਤੀ ਵਸਤੂ ਉਤਪਾਦਨ ਵਿਚ ਭਾਰਤ ਦਾ 1.5 ਪ੍ਰਤਿਸ਼ਤ ਹਿੱਸਾ ਲਗਭਗ ਨਾਂਮਾਤਰ ਹੀ ਹੈ, ਜਿਥੋਂ ਤਕ ਚੀਨ ਦਾ ਹਿੱਸਾ ਲਗਭਗ 14 ਪ੍ਰਤਿਸ਼ਤ ਹੈ। ਇਸ ਦਾ ਇਕ ਕਾਰਨ ਭਾਰਤੀ ਵਸਤੂ ਉਤਪਾਦਨ ਵਿਚ ਉੱਚ ਤਕਨਾਲੋਜੀ ਉਤਪਾਦਨ ਨੂੰ ਘੱਟ ਅਹਿਮੀਅਤ ਦੇਣਾ ਹੈ।

ਨਵੀਂ ਸਰਕਾਰ ਸੱਨਅਤੀ ਵਸਤੂ ਦਾ ਇੰਜਨ ਬਣ ਜਾਣ ਦੀ ਸਮਰਥਾ ਰੱਖਦੀ ਹੈ ਅਤੇ ਅਰਥਤੰਤਰ ਨੂੰ ਘੱਟ ਆਮਦਨ ਤੋਂ ਵੱਧ ਆਮਦਨ ਦੇ ਦਰਜੇ ਵੱਲ ਲੈ ਜਾ ਸਕਦੀ ਹੈ। ਅਜਿਹਾ ਇੰਗਲੈਂਡ ਵਿਚ ਆਈ ਉਦਯੋਗਿਕ ਕ੍ਰਾਂਤੀ ਤੋਂ ਸਪੱਸ਼ਟ ਹੈ ਜਿਸ ਨਾਲ ਪ੍ਰਤਿ ਜੀਅ ਆਮਦਨ ਅਤੇ ਰਹਿਣ-ਸਹਿਣ ਦੇ ਮਿਆਰ ਵਿਚ ਬਹੁਤ ਵਾਧਾ ਹੋਇਆ ਸੀ। ਕੁਜ਼ਨੈਟਸ ਨੇ ਵੀ ਅਰਥਚਾਰੇ ਵਿਚ ਬੁਨਿਆਦੀ ਤੋਂ ਦੂਸਰੇ ਅਤੇ ਤੀਸਰੇ ਕਰਜ਼ੇ ਦੇ ਪਰਿਵਰਤਨ ਦਾ ਉਲੇਖ ਕੀਤਾ ਹੈ ਜੋ ਆਧੁਨਿਕ ਵਿਕਾਸ ਨਾਲ ਜੁੜਿਆ ਹੋਇਆ ਹੈ। ਜਦੋਂ ਵੀ ਅਰਥਤੰਤਰ ਵਿਚ ਢਾਂਚਾਗਤ ਪਰਿਵਰਤਨ ਆਉਂਦਾ ਹੈ, ਉਸ ਦੀ ਵਪਾਰਕ ਬਣਤਰ ਵੀ ਬਦਲ ਜਾਂਦੀ ਹੈ। ਇਸ ਗਤੀਸ਼ੀਲ ਤੁਲਨਾ ਨੂੰ ਦੱਖਣੀ ਕੋਰੀਆ, ਸਿੰਗਾਪੁਰ ਅਤੇ ਹਾਲ ਹੀ ਵਿਚ ਹੋਈ ਚੀਨ ਦੀ ਕਾਮਯਾਬੀ ਨਾਲ ਦੇਖਿਆ ਜਾ ਸਕਦਾ ਹੈ। ਇਸ ਸੰਦਰਭ ਵਿਚ, ਸੱਨਅਤੀ ਵਸਤੂ ਨਿਰਯਾਤ, ਸੱਨਅਤੀ ਵਸਤੂ ਉਤਪਾਦਨ ਖੇਤਰ ਦੇ ਵਿਕਾਸ ਅਤੇ ਉਸ ਦੀ ਕਾਰਜ ਕੁਸ਼ਲਤਾ ਅਤੇ ਸਮੁੱਚੇ ਅਰਥਤੰਤਰ ਦੇ ਵਿਕਾਸ ਅਤੇ ਉਸ ਦੀ ਕਾਰਜਕੁਸ਼ਲਤਾ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਇਸ ਨਿਰਯਾਤ ਤੋਂ ਵਿਦੇਸ਼ੀ ਮੁਦਰਾ ਆਉਂਦੀ ਹੈ, ਤਕਨਾਲੋਜੀ ਵਿਚ ਵਿਕਾਸ ਹੁੰਦਾ ਹੈ, ਵਧੇਰੇ ਆਰਥਿਕ ਲਾਭ ਅਤੇ ਸਿੱਧਾ ਪੂੰਜੀ ਨਿਵੇਸ਼ ਆਉਂਦਾ ਹੈ (ਲਾਲ 2000)। ਇਸ ਲਈ, ਜੇ ਸਰਕਾਰ ਦੀ ਮਨਸ਼ਾ ਇਕ ਕਾਮਯਾਬ 'ਭਾਰਤ ਵਿਚ ਬਣਾਓ' ਮੁਹਿੰਮ ਚਲਾਉਣ ਦੀ ਹੈ ਤਾਂ ਇਸ ਨੂੰ ਕੌਸ਼ਲ ਆਧਾਰਿਤ ਸੱਨਅਤੀ ਵਸਤੂ ਉਤਪਾਦਨ ਉਪਰ ਜ਼ੋਰ ਦੇਣਾ ਹੋਵੇਗਾ ਕਿਉਂਕਿ ਇਸ ਨਾਲ ਆਰਥਿਕ ਵਿਕਾਸ ਵਿਚ ਤੇਜ਼ੀ ਆਉਂਦੀ ਹੈ ਅਤੇ ਨਿਰਯਾਤ ਢਾਂਚੇ ਵਿਚ, ਅੰਤਰਰਾਸ਼ਟਰੀ ਪੱਧਰ ਦਾ ਹੋਣ ਨਾਲ ਸੁਧਾਰ ਆਉਂਦਾ ਹੈ।

ਕਿਸੇ ਵੀ ਅਰਥਤੰਤਰ ਵਿਚ, ਸੱਨਅਤੀ ਵਸਤੂ ਨਿਰਯਾਤ ਅਲਗ-ਅਲਗ ਤਕਨਾਲੋਜੀ ਦਰਜੇ ਦਾ ਹੋ ਸਕਦਾ ਹੈ, ਜਿਵੇਂ ਕਿ ਘੱਟ, ਦਰਮਿਆਨਾ ਅਤੇ ਉੱਚ ਤਕਨਾਲੋਜੀ ਵਾਲਾ। ਸੱਨਅਤੀ ਵਸਤੂ ਨਿਰਯਾਤ ਦੇ ਖੇਤਰ ਵਿਚ ਮੋਢੀ ਚੀਨ, ਜਰਮਨੀ ਅਤੇ ਅਮਰੀਕਾ ਅਤੇ ਨਿਰਯਾਤ ਦੀ ਬਣਤਰ ਘੱਟ ਤੋਂ ਦਰਮਿਆਨੀ ਅਤੇ ਉੱਚ-ਤਕਨਾਲੋਜੀ ਵੱਲ ਲੈ ਜਾਣ ਵਿਚ ਕਾਮਯਾਬ ਹੋਏ ਹਨ। ਉੱਚ ਤਕਨਾਲੋਜੀ ਉਤਪਾਦਤ ਵਸਤਾਂ ਨੂੰ ਵਿਦੇਸ਼ੀ ਪੂੰਜੀ ਕਮਾਉਣ ਦਾ ਸਭ ਤੋਂ ਵੱਡਾ ਸਰੋਤ ਗਿਣਿਆ ਜਾਂਦਾ ਹੈ (ਅਗਰਵਾਲ, ਗੁਪਤਾ ਅਤੇ ਗਾਂਧੀ, 2004) ਅਤੇ ਕੌਸ਼ਲ ਪ੍ਰਾਪਤ ਨੌਕਰੀਆਂ ਦਾ ਸਰੋਤ ਵੀ ਹੈ। (ਐਗਜ਼ਿਮ ਬੈਂਕ, 2014)। ਤਜਰਬੇ ਆਧਾਰਿਤ ਸਾਹਿਤ ਨੇ ਵੀ ਉਤਪਾਦਤ ਵਸਤੂ ਨਿਰਯਾਤ ਉਪਰ ਉੱਚ ਤਕਨਾਲੋਜੀ ਭਰਪੂਰ ਨਿਰਯਾਤ ਦੇ ਅਸਰ ਨੂੰ ਸਿੱਧ ਕੀਤਾ ਹੈ (ਕਰੁਗਮੈਨ, 1995, ਲਾਲ, 1999)। ਭਾਰਤ ਜਿਹੇ ਵਿਕਾਸਸ਼ੀਲ ਦੇਸ਼ ਲਈ ਵੱਖ-ਵੱਖ ਤਰ੍ਹਾਂ ਦਾ ਨਿਰਯਾਤ ਢਾਂਚਾ ਬਹੁਤ ਮਹੱਤਵਪੂਰਨ ਹੈ। ਭਾਵੇਂ ਭਾਰਤ ਘੱਟ ਤਕਨਾਲੋਜੀ ਵਾਲੀਆਂ ਗ਼ੈਰ ਮਹਾਰਤ ਪ੍ਰਾਪਤ ਕਿਰਤੀ ਭਰਪੂਰ ਵਸਤਾਂ ਦੇ ਉਤਪਾਦਨ ਤੋਂ ਲੈ ਕੇ ਪੂੰਜੀ ਮੁਖੀ ਉੱਚ-ਤਕਨਾਲੋਜੀ ਵਸਤਾਂ ਦਾ ਉਤਪਾਦਨ ਕਰਦਾ ਹੈ ਪਰ ਫਿਰ ਵੀ, ਵਿਸ਼ਵੀ ਮੰਡੀ ਵਿਚ ਇਸ ਦੀ ਨਾਂਮਾਤਰ ਹੀ ਹੋਂਦ ਹੈ ਅਤੇ ਇਹ ਆਪਣੇ ਨਜ਼ਦੀਕੀ ਗੁਆਂਢੀ ਚੀਨ ਅਤੇ ਹੋਰ ਏਸ਼ੀਆਈ ਦੇਸ਼ਾਂ ਨਾਲੋਂ ਬਹੁਤ ਪਿੱਛੇ ਹੈ।

ਅੰਤਰਰਾਸ਼ਟਰੀ ਮੰਡੀ ਵਿਚ ਭਾਰਤ ਦੇ ਮਾੜੇ ਪ੍ਰਦਰਸ਼ਨ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਨੂੰ ਉੱਚ-ਤਕਨਾਲੋਜੀ ਆਧਾਰਤ ਵਸਤੂ ਨਿਰਯਾਤ ਉਪਰ ਹਾਲੇ ਬਹੁਤ ਕੁਝ ਕਰਨਾ ਹੈ। ਉੱਚ-ਤਕਨਾਲੋਜੀ ਆਧਾਰਤ ਵਸਤੂ ਨਿਰਯਾਤ, ਵਿਸ਼ਵੀ ਮਾਪਦੰਡਾਂ ਦੇ ਸੰਦਰਭ ਵਿਚ ਵਧੇਰੇ ਖਰੇ ਉਤਰਦੇ ਹਨ, ਉਨ੍ਹਾਂ ਦੀ ਮੰਗ ਵਿਚ ਲਚਕਤਾ ਰਹਿੰਦੀ ਹੈ ਅਤੇ ਦੂਸਰੇ ਕਿਸੇ ਕਿਸਮ ਦੇ ਵੀ ਨਿਰਯਾਤ ਨਾਲੋਂ ਵਧੇਰੇ ਪੂੰਜੀ ਕਮਾਉਂਦੇ ਹਨ।

## ਵਿਸ਼ਵ ਸੱਨਅਤੀ ਵਸਤੂ ਉਤਪਾਦਨ ਵਿਚ ਭਾਰਤ ਦਾ ਸਥਾਨ

ਤਾਲਿਕਾ-1 ਵਿਚ ਦਰਸਾਇਆ ਗਿਆ ਹੈ ਕਿ ਭਾਰਤ ਦਾ ਦੁਨੀਆਂ ਦੇ ਸੱਨਅਤੀ ਵਸਤੂ ਨਿਰਯਾਤ ਵਿਚ 2012 ਵਿਚ ਹਿੱਸਾ ਮਾਮੂਲੀ ਜਿਹਾ 2.1 ਪ੍ਰਤਿਸ਼ਤ ਸੀ। ਚੀਨ ਨੇ ਇਸ ਸੰਦਰਭ ਵਿਚ ਵਿਕਸਤ ਦੇਸ਼ਾਂ ਜਿਵੇਂ ਕਿ ਅਮਰੀਕਾ, ਜਾਪਾਨ, ਅਤੇ ਜਰਮਨੀ ਨੂੰ ਵੀ 2012 ਵਿਚ 22.4 ਪ੍ਰਤਿਸ਼ਤ ਹਿੱਸੇ ਨਾਲ ਮਾਤ ਦੇ ਦਿਤੀ ਹੈ। ਬਰਿਕਸ ਦੇਸ਼ਾਂ ਦੇ ਚਾਰ ਉੱਭਰ ਰਹੇ ਅਰਥਤੰਤਰ ਨੂੰ 2012 ਦੀ ਲਿਸਟ ਵਿਚ ਦਿਖਾਇਆ ਗਿਆ ਹੈ। ਅੱਗੇ ਅਸੀਂ ਭਾਰਤ, ਚੀਨ ਅਤੇ ਕੁੱਝ ਵਿਕਸਤ ਅਰਥਤੰਤਰਾਂ ਦੇ ਸਮੁੱਚੇ ਦੁਨੀਆਂ ਦੇ ਸੱਨਅਤੀ ਵਸਤੂ ਨਿਰਯਾਤ ਦੇ ਮੁਕਾਬਲੇ ਪੜਚੋਲ ਕਰਦੇ ਹਾਂ।

ਦੁਨੀਆਂ ਦੇ ਦੂਜੇ ਦੇਸ਼ਾਂ ਦੇ ਸੰਦਰਭ ਵਿਚ ਭਾਰਤ ਦੀ ਕਾਰਗੁਜ਼ਾਰੀ ਦਾ ਅੰਦਾਜ਼ਾ ਲਗਾਉਣ ਲਈ ਅਸੀਂ ਇਸ ਦੀ ਤੁਲਨਾ 21 ਵੱਡੇ ਨਿਰਯਾਤਕ ਦੇਸ਼ਾਂ, ਜੋ ਵਿਕਾਸ ਦੇ ਹਰ ਪੱਖ, ਘੱਟ ਵਿਕਸਤ, ਵਿਕਾਸਸ਼ੀਲ ਅਤੇ ਵਿਕਸਤ ਹਨ, ਨਾਲ ਕੀਤੀ ਹੈ। ਚਿੱਤਰ-1 ਵਿਚ ਭਾਰਤ ਦਾ ਦੁਨੀਆਂ ਦੇ ਕੁੱਲ ਸੱਨਅਤੀ ਵਸਤੂ ਨਿਰਯਾਤ ਵਿਚ ਹਿੱਸਾ ਦਿਖਾਇਆ ਗਿਆ ਹੈ। ਇਹ ਸਪੱਸ਼ਟ ਹੈ ਕਿ ਇਨ੍ਹਾਂ ਦੇਸ਼ਾਂ ਦੇ ਗਰੁੱਪ ਦੇ ਸੱਨਅਤੀ ਵਸਤੂ ਨਿਰਯਾਤ ਵਿਚ ਭਾਰਤ ਦਾ ਹਿੱਸਾ ਲਗਭਗ ਖੜੋਤ 'ਤੇ ਰਿਹਾ ਹੈ ਅਤੇ ਨਾਂਮਾਤਰ ਹੈ ਜੋ 1991 ਵਿਚ 0.57 ਪ੍ਰਤਿਸ਼ਤ ਤੋਂ ਥੋੜ੍ਹਾ ਜਿਹਾ ਵੱਧ ਹੈ 2013 ਵਿਚ 1.81 ਪ੍ਰਤਿਸ਼ਤ ਹੋ ਗਿਆ ਸੀ। ਇਸ ਦੇ ਮੁਕਾਬਲੇ, ਚੀਨ ਦਾ ਹਿੱਸਾ 2013 ਵਿਚ ਸਭ ਤੋਂ ਵੱਧ 18.6 ਪ੍ਰਤਿਸ਼ਤ ਸੀ। ਇਹ ਅੰਕੜੇ ਸੱਨਅਤੀ ਵਸਤੂ ਨਿਰਯਾਤ ਵਿਚ ਚੀਨ ਦੀ ਵਧ ਰਹੀ ਸ਼ਕਤੀ ਦੇ ਸੂਚਕ ਹਨ। ਭਾਰਤ ਅਤੇ ਚੀਨ ਨੂੰ ਛੱਡ ਕੇ, ਬਾਕੀ ਦੇਸ਼ਾਂ ਦਾ ਸੱਨਅਤੀ ਵਸਤੂ ਨਿਰਯਾਤ ਦਾ ਹਿੱਸਾ 1991 ਤੋਂ 2013 ਦੇ ਸਮੇਂ ਦੌਰਾਨ ਘਟਿਆ ਹੈ। ਇਹ ਹੋਰ ਵੀ ਦਿਲਚਸਪ ਹੈ ਕਿ ਪਿਛਲੇ 13 ਸਾਲਾਂ ਵਿਚ ਚੀਨ ਦੇ ਹਿੱਸੇ ਵਿਚ ਬਹੁਤ ਵੱਡਾ ਵਾਧਾ ਹੋਇਆ ਹੈ ਜਦ ਕਿ ਇਸੇ ਸਮੇਂ ਵਿਚ ਭਾਰਤ ਦਾ ਹਿੱਸਾ ਬਹੁਤ ਥੋੜ੍ਹਾ ਜਿਹਾ ਵਧਿਆ ਹੈ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ 2013 ਵਿਚ ਦੁਨੀਆਂ ਦੇ ਸੱਨਅਤੀ ਵਸਤੂ ਨਿਰਯਾਤ ;ਵਿਚ ਚੀਨ ਇਕ ਨੰਬਰ 'ਤੇ ਸੀ ਅਤੇ ਭਾਰਤ 9ਵੇਂ ਉਤੇ।


ਤਾਲਿਕਾ-1

10 ਸਭ ਤੋਂ ਵੱਧ ਸੱਨਅਤੀ ਵਸਤੂ ਨਿਰਯਾਤ ਵਾਲੇ ਦੇਸ਼

| ਦਰਜਾ | ਦੁਨੀਆਂ ਵਿਚ ਸੱਨਅਤੀ ਵਸਤੂ ਉਤਪਾਦਨ % | | | |
|---|---|---|---|---|
| | **2012** | **2012** | **2002** | **1992** |
| 1 | 22.4 | ਚੀਨ | ਅਮਰੀਕਾ | ਅਮਰੀਕਾ |
| 2 | 17.4 | ਅਮਰੀਕਾ | ਜਾਪਾਨ | ਜਾਪਾਨ |
| 3 | 9.7 | ਜਾਪਾਨ | ਚੀਨ | ਜਰਮਨੀ |
| 4 | 6 | ਜਰਮਨੀ | ਜਰਮਨੀ | ਇਟਲੀ |
| 5 | 2.8 | ਕੋਰੀਆ | ਇਟਲੀ | ਫਰਾਂਸ |
| 6 | 2.4 | ਇਟਲੀ | ਇੰਗਲੈਂਡ | ਇੰਗਲੈਂਡ |
| 7 | 2.3 | ਰੂਸ | ਫਰਾਂਸ | ਚੀਨ |
| 8 | 2.2 | ਬ੍ਰਾਜ਼ੀਲ | ਕੋਰੀਆ | ਰੂਸ |
| 9 | **2.1** | **ਭਾਰਤ** | ਮੈਕਸਿਕੋ | ਸਪੇਨ |
| 10 | 2 | ਫਰਾਂਸ | ਕਨੇਡਾ | ਕੈਨੈਡਾ |

*ਸਰੋਤ : ਐੱਮ ਏ ਪੀ-1*

ਚਿੱਤਰ-1 : ਸੱਨਅਤੀ ਵਸਤੂ ਨਿਰਯਾਤ ਦਾ ਦੁਨੀਆਂ ਦੇ ਕੁੱਲ ਸੱਨਅਤੀ ਵਸਤੂ ਨਿਰਯਾਤ ਵਿਚ ਹਿੱਸਾ




*ਸਰੋਤ : ਡਬਲਯੂ ਆਈ ਟੀ ਐੱਸ ਸੰਯੁਕਤ ਰਾਸ਼ਟਰ-ਕੌਮਟਰੇਡ ਵਿਚੋਂ ਮਿਥਿਆ*


ਤਾਲਿਕਾ-2 ਵਿਚ ਦੁਨੀਆਂ ਦੇ 21 ਦੇਸ਼ਾਂ ਵਿਚ ਉੱਚ ਤਕਨਾਲੋਜੀ ਨਿਰਯਾਤ ਦਾ ਹਿੱਸਾ ਦਰਸਾਇਆ ਗਿਆ ਹੈ। ਚੀਨ ਦੀ ਉੱਚ ਤਕਨਾਲੋਜੀ ਨਿਰਯਾਤ ਵਿਚ ਬਾਕੀ ਦੇਸ਼ਾਂ ਉਪਰ ਭਾਰੀ ਹੋਣ ਦੀ ਸਥਿਤੀ ਸਪੱਸ਼ਟ ਹੈ। ਚੀਨ ਦਾ 2013 ਵਿਚ ਦੁਨੀਆਂ ਦੇ ਉੱਚ ਤਕਨਾਲੋਜੀ ਨਿਰਯਾਤ ਵਿਚ ਹਿੱਸਾ 27.56 ਪ੍ਰਤਿਸ਼ਤ ਸੀ ਜੋ ਸਭ ਤੋਂ ਵੱਧ ਸੀ। ਇਸ ਦਾ ਮੁੱਖ ਸਚੇਤਕ ਇਸ ਦੀ 2000 ਅਤੇ 2013 ਵਿਚਕਾਰ ਹਿੱਸੇ ਵਿਚ ਵਾਧਾ ਸੀ। ਜਰਮਨੀ, ਅਮਰੀਕਾ ਅਤੇ ਜਾਪਾਨ ਜਿਹੇ ਵਿਕਸਤ ਦੇਸ਼ 1995 ਵਿਚ ਚੀਨ ਨਾਲੋਂ ਅੱਗੇ ਸਨ ਪਰ ਹਾਲ ਹੀ ਸਾਲਾਂ ਵਿਚ ਉਹ ਚੀਨ ਨਾਲੋਂ ਬਹੁਤ ਪਛੜ ਗਏ ਹਨ। ਭਾਰਤ 2013 ਵਿਚ 0.62 ਪ੍ਰਤਿਸ਼ਤ ਹਿੱਸੇ ਨਾਲ 13ਵੇਂ ਸਥਾਨ 'ਤੇ ਸੀ। ਇਸ ਤਰ੍ਹਾਂ; ਇਹ ਸਪੱਸ਼ਟ ਹੈ ਕਿ ਭਾਰਤ ਦਾ ਦੁਨੀਆਂ ਦੇ ਉੱਚ ਤਕਨਾਲੋਜੀ ਨਿਰਯਾਤ ਵਿਚ ਹਿੱਸਾ ਨਾਂਮਾਤਰ ਹੀ ਹੈ। ਭਾਰਤ ਦੇ ਨੀਤੀ ਨਿਰਧਾਰਕਾਂ ਨੂੰ ਇਸ ਨਾਂਮਾਤਰ ਹਿੱਸੇ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਕਾਫ਼ੀ ਮਾਤਰਾ ਵਿਚ ਵਧਾਉਣ ਲਈ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ।

ਭਾਰਤ ਵਿਚ 1991 ਵਿਚ ਉੱਚ ਤਕਨਾਲੋਜੀ ਨਿਰਯਾਤ ਕੁੱਲ ਸੱਨਅਤੀ ਵਸਤੂ ਨਿਰਯਾਤ ਦਾ ਸਿਰਫ਼ 3.3 ਪ੍ਰਤਿਸ਼ਤ ਹਿੱਸਾ ਸੀ। ਇਹ 2013 ਵਿਚ ਵਧ ਕੇ 8.2 ਪ੍ਰਤਿਸ਼ਤ ਹੋ ਗਿਆ। ਪੰਜ ਦੇਸ਼ ਜੋ ਚਿੱਤਰ-2 ਵਿਚ ਦਿਖਾਏ ਗਏ ਹਨ,

| ਤਾਲਿਕਾ-2 : ਦੁਨੀਆਂ ਦੇ ਕੁੱਲ ਉੱਚ ਤਕਨਾਲੋਜੀ ਨਿਰਯਾਤ ਵਿਚ ਮੁੱਖ **ਦੇਸ਼ਾਂ ਦੇ ਨਿਰਯਾਤ ਦਾ ਹਿੱਸਾ** | | | | | | | |
|---|---|---|---|---|---|---|---|
| **ਦੇਸ਼** | **1990** | **1995** | **2000** | **2005** | **2010** | **2013** | **2013 ਵਿਚ ਰੈਂਕ** |
| ਚੀਨ | | 2.27 | 4.32 | 14.55 | 23.55 | 27.56 | 1 |
| ਜਰਮਨੀ | 11.77 | 8.78 | 7.30 | 9.18 | 8.59 | 8.48 | 2 |
| ਅਮਰੀਕਾ | 21.88 | 16.67 | 16.79 | 11.16 | 6.96 | 6.27 | 3 |
| ਕੋਰੀਆ ਰੀਪਲਿਕ | 3.03 | 4.55 | 4.79 | 5.76 | 6.25 | 5.91 | 4 |
| ਸਿੰਗਾਪੁਰ | 4.27 | 7.45 | 6.28 | 6.48 | 6.34 | 5.75 | 5 |
| ਜਾਪਾਨ | 17.38 | 16.30 | 11.51 | 8.02 | 6.41 | 4.90 | 6 |
| ਫ਼ਰਾਂਸ | 6.21 | 5.53 | 4.73 | 4.08 | 4.16 | 4.15 | 7 |
| ਮਲੇਸ਼ੀਆ | 1.72 | 3.58 | 4.01 | 3.55 | 3.13 | 2.66 | 8 |
| ਇੰਗਲੈਂਡ | 7.44 | 6.60 | 5.38 | 4.14 | 2.12 | 1.97 | 9 |
| ਸਵਿਟਜ਼ਰਲੈਂਡ | 1.76 | 1.37 | 0.91 | 1.20 | 1.55 | 1.72 | 10 |
| ਹੰਗਰੀ | | 0.27 | 0.90 | 1.41 | 1.70 | 1.02 | 11 |
| ਫਿਲੀਪੀਨਜ਼ | | 0.62 | 3.02 | 2.10 | 1.03 | 1.01 | 12 |
| **ਭਾਰਤ** | **0.09** | **0.10** | **0.10** | **0.18** | **0.44** | **0.62** | **13** |
| ਇਜ਼ਰਾਈਲ | 0.42 | 0.40 | 0.53 | 0.34 | 0.53 | 0.54 | 14 |
| ਰੂਸ ਸੰਘ | | | 0.20 | 0.23 | 0.24 | 0.38 | 15 |
| ਇੰਡੋਨੇਸ਼ੀਆ | 0.05 | 0.21 | 0.57 | 0.41 | 0.38 | 0.33 | 16 |
| ਦੱਖਣੀ ਅਫ਼ਰੀਕਾ | 0.13 | 0.13 | 0.15 | 0.15 | 0.12 | 0.12 | 17 |
| ਕੋਸਟਾ ਰੀਕਾ | | 0.00 | 0.15 | 0.10 | 0.08 | 0.11 | 18 |
| ਮਾਲਟਾ | 0.11 | 0.13 | 0.12 | 0.07 | 0.05 | 0.04 | 19 |
| ਕੀਨੀਆ | 0.00 | 0.00 | 0.00 | 0.00 | 0.01 | 0.00 | 20 |
| ਸਾਈਪਰਸ | 0.00 | 0.00 | 0.00 | 0.00 | 0.00 | 0.00 | 21 |

*ਸਰੋਤ : ਡਬਲਯੂ ਆਈ ਟੀ ਐੱਸ ਸੰਯੁਕਤ ਰਾਸ਼ਟਰ - ਕੌਮਟਰੇਡ ਵਿਚੋਂ ਮਿਥਿਆ*

ਚਿੱਤਰ-2 : ਦੇਸ਼ ਦੇ ਕੁੱਲ ਸੱਨਅਤੀ ਵਸਤੂ ਨਿਰਯਾਤ ਵਿਚ ਉੱਚ ਤਕਨਾਲੋਜੀ ਨਿਰਯਾਤ ਦਾ ਹਿੱਸਾ




*ਸਰੋਤ : ਡਬਲਯੂ ਆਈ ਟੀ ਐੱਸ ਸੰਯੁਕਤ ਰਾਸ਼ਟਰ-ਕੌਮਟਰੇਡ ਵਿਚੋਂ ਮਿਥਿਆ*

ਉਨ੍ਹਾਂ ਵਿਚੋਂ ਚੀਨ ਦਾ ਉੱਚ ਤਕਨਾਲੋਜੀ ਨਿਰਯਾਤ 2013 ਵਿਚ ਸਭ ਤੋਂ ਵੱਧ 35.5 ਪ੍ਰਤਿਸ਼ਤ ਸੀ। ਪਿਛਲੇ ਦਹਾਕੇ ਵਿਚ ਅਮਰੀਕਾ ਅਤੇ ਜਾਪਾਨ ਦਾ ਇਹ ਹਿੱਸਾ ਘਟਿਆ ਹੈ। ਜਰਮਨੀ ਵਿਚ ਇਸ ਅਨੁਪਾਤ ਵਿਚ ਖੜੋਤ ਰਹੀ। ਤੁਲਨਾਤਮਕ ਤੌਰ ਤੇ, ਚੀਨ ਦਾ ਉੱਚ ਤਕਨਾਲੋਜੀ ਨਿਰਯਾਤ ਦਾ ਹਿੱਸਾ 1995 ਤੋਂ 2005 ਵਿਚਕਾਰ ਕਾਫ਼ੀ ਵਧਿਆ ਅਤੇ ਉਸ ਤੋਂ ਬਾਅਦ ਇਹ ਵਾਧਾ ਘੱਟ ਰਿਹਾ। ਇਹ ਮਾਲੂਮ ਹੁੰਦਾ ਹੈ ਕਿ ਵਿਕਸਤ ਦੇਸ਼ਾਂ ਜਿਵੇਂ ਕਿ ਅਮਰੀਕਾ ਅਤੇ ਜਰਮਨੀ ਦੇ ਉੱਚ ਤਕਨਾਲੋਜੀ ਨਿਰਯਾਤ ਵਿਚ ਕਮੀ ਨਾਲ ਚੀਨ ਦੇ ਨਿਰਯਾਤ ਵਿਚ ਵਾਧਾ ਹੋਇਆ ਹੈ। ਇਹ ਸਪੱਸ਼ਟ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਚੀਨ ਸੱਨਅਤੀ ਵਸਤੂ ਉਤਪਾਦਨ ਦੀ ਵੱਡੀ ਸ਼ਕਤੀ ਬਣ ਕੇ ਉੱਭਰਿਆ ਹੈ ਜਿਸ ਨੇ ਦੁਨੀਆਂ ਦੀਆਂ ਸਭ ਵੱਡੀਆਂ ਆਰਥਿਕ ਸ਼ਕਤੀਆਂ ਨੂੰ ਮਾਤ ਦੇ ਦਿਤੀ ਹੈ। ਚੀਨ ਦੇ ਸੱਨਅਤੀ ਵਸਤੂ ਉਤਪਾਦਨ ਦੀ ਕਾਮਯਾਬੀ ਕਾਫ਼ੀ ਹੱਦ ਤਕ ਇਸ ਦੇ ਉੱਚ ਤਕਨਾਲੋਜੀ ਨਿਰਯਾਤ ਵਿਚ ਵਾਧੇ ਕਾਰਨ ਹੋਈ ਹੈ। ਕਿਸੇ ਵੀ ਦੇਸ਼ ਦੇ ਨਿਰਯਾਤ ਪੋਰਟਫੋਲਿਓ ਨੂੰ ਦੇਖਦੇ ਹੋਏ, ਭਾਰਤੀ ਨੀਤੀ ਨਿਰਧਾਰਕਾਂ ਨੂੰ ਅਜਿਹੀਆਂ ਨੀਤੀਆਂ ਅਪਣਾਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਉੱਚ-ਤਕਨਾਲੋਜੀ ਨਿਰਯਾਤ ਨੂੰ ਹੁੰਗਾਰਾ ਮਿਲੇ।

## ਭਾਰਤ ਅਤੇ ਚੀਨ ਵਿਚਕਾਰ ਉੱਚ ਤਕਨਾਲੋਜੀ ਸੱਨਅਤੀ ਵਸਤੂ ਉਤਪਾਦਨ ਦੀ ਤੁਲਨਾ

ਜਿਵੇਂ ਕਿ ਉਪਰ ਦਿਤੀ ਪੜਚੋਲ ਤੋਂ ਪਤਾ ਲਗਦਾ ਹੈ, ਚੀਨ ਵਿਸ਼ਵੀ ਮੰਡੀ ਵਿਚ ਮੋਢੀ ਬਣ ਗਿਆ ਹੈ। ਭਾਰਤ ਅਤੇ ਚੀਨ ਵਿਚ ਬਹੁਤ ਸਮਾਨਤਾਵਾਂ ਹਨ - 1980 ਦੇ ਦਹਾਕੇ ਵਿਚ ਦੋਹਾਂ ਨੇ ਵਿਕਾਸ ਦੀ ਇਕੋ ਪੱਧਰ ਤੋਂ ਅੱਗੇ ਵਧਣਾ ਸ਼ੁਰੂ ਕੀਤਾ, ਦੋਹਾਂ ਦੀ ਘਰੇਲੂ ਮਾਰਕੀਟ ਬਹੁਤ ਵੱਡੀ ਹੈ ਅਤੇ ਦੋਹਾਂ ਨੇ ਘੱਟ ਵਿਕਾਸ ਦੇ ਚਲਦੇ, ਉਦਾਰੀਕਰਨ ਦਾ ਰਸਤਾ ਅਪਣਾਇਆ ਹੈ।

ਤਾਲਿਕਾ-3 ਵਿਚ 1995-2013 ਵਿਚਕਾਰ ਭਾਰਤ ਅਤੇ ਚੀਨ ਦੇ ਉੱਚ ਤਕਨਾਲੋਜੀ ਨਿਰਯਾਤ ਦੀ ਤੁਲਨਾ ਕੀਤੀ ਗਈ ਹੈ। ਲਾਲ (2000) ਅਨੁਸਾਰ, ਉੱਚ ਤਕਨਾਲੋਜੀ ਨਿਰਯਾਤ ਨੂੰ ਦੋ ਸ਼੍ਰੇਣੀਆਂ ਐੱਚ ਟੀ-1 ਅਤੇ ਐੱਚ ਟੀ-2 ਵਿਚ ਵੰਡਿਆ ਗਿਆ ਹੈ, ਐੱਚ ਟੀ। ਵਿਚ ਇਲੈਕਟ੍ਰਾਨਿਕ ਅਤੇ ਬਿਜਲੀ ਵਸਤਾਂ ਅਤੇ ਸਾਜ਼ ਸਾਮਾਨ ਸ਼ਾਮਿਲ ਹਨ ਅਤੇ ਐੱਚ ਟੀ-2 ਵਿਚ ਉੱਚ ਤਕਨਾਲੋਜੀ ਉਤਪਾਦਤ ਵਸਤਾਂ ਹਨ। ਚੀਨ ਵਿਚ ਐੱਚ ਟੀ-1 ਉਤਪਾਦਤ ਵਸਤਾਂ ਦੇ ਖੇਤਰ ਵਿਚ ਘੁੰਮਣ ਵਾਲੇ ਬਿਜਲੀ ਪਲਾਂਟ (716), ਦਫ਼ਤਰੀ ਮਸ਼ੀਨਾਂ (751), ਦਫ਼ਤਰੀ ਮਸ਼ੀਨਾਂ ਦੇ ਪੁਰਜ਼ੇ (759), ਟੈਲੀਵਿਜ਼ਨ ਰਿਸੀਵਰ (761), ਬਿਜਲੀ ਮਸ਼ੀਨਰੀ

ਤਾਲਿਕਾ-3 : ਭਾਰਤ ਅਤੇ ਚੀਨ **ਵਿਚ ਉੱਚ ਤਕਨਾਲੋਜੀ ਨਿਰਯਾਤ ਦਾ ਢਾਂਚਾ (1995-2013**

| | **ਚੀਨ** | | | **ਭਾਰਤ** | | |
|---|---|---|---|---|---|---|
| **ਉੱਚ-ਤਕਨਾਲੋਜੀ-1 ਉਤਪਾਦ** | **1995** | **2002** | **2013** | **1995** | **2002** | **2013** |
| 716 ਘੁੰਮਣ ਵਾਲੇ ਬਿਜਲੀ ਪਲਾਂਟ | 6.7 | 3.2 | 2.7 | 5.2 | 9.6 | 1.7 |
| 718 ਹੋਰ ਬਿਜਲੀ ਉਤਪਾਦਨ ਮਸ਼ੀਨਰੀ | 0.2 | 0.1 | 0.3 | 0.5 | 1.4 | 10.8 |
| 751 ਦਫ਼ਤਰੀ ਮਸ਼ੀਨਾਂ | 5.3 | 2.7 | 2.9 | 1.1 | 0.9 | 0.6 |
| 752 ਸਵੈਚਾਲਤ ਡਾਟਾ ਪ੍ਰੋਸੈਸਿੰਗ ਸਾਜ਼-ਸਾਮਾਨ | 14.3 | 24.9 | 24.8 | 14.1 | 11.3 | 3.2 |
| 759 ਦਫ਼ਤਰੀ ਮਸ਼ੀਨਾਂ ਦੇ ਹਿੱਸੇ-ਪੁਰਜ਼ੇ | 10.3 | 17.2 | 5.6 | 18.5 | 10.6 | 3.3 |
| 761 ਟੈਲੀਵਿਜ਼ਨ ਰੀਸੀਵਰ, ਆਦਿ | 5.0 | 3.0 | 3.2 | 5.7 | 3.2 | 3.2 |
| 764 ਦੂਰ-ਸੰਚਾਰ ਸਾਜ਼-ਸਾਮਾਨ ਹਿੱਸੇ-ਪੁਰਜ਼ੇ | 25.2 | 24.8 | 30.5 | 14.1 | 8.7 | 42.1 |
| 771 ਬਿਜਲੀ ਉਤਪਾਦਨ ਮਸ਼ੀਨਰੀ ਹਿੱਸੇ-ਪੁਰਜ਼ੇ | 9.6 | 5.2 | 4.2 | 7.0 | 9.1 | 11.1 |
| 774 ਇਲੈਕਟਰੋ-ਮੈਡੀਕਲ, ਐਕਸਰੇ-ਸਾਜ਼-ਸਾਮਾਨ | 0.3 | 0.3 | 0.4 | 2.4 | 13.4 | 3.9 |
| 776 ਟਰਾਂਸਿਸਟਰਜ, ਵਾਲਵ, ਆਦਿ | 8.1 | 9.0 | 17.4 | 15.4 | 12.2 | 5.2 |
| 778 ਬਿਜਲੀ ਮਸ਼ੀਨਰੀ ਉਪਕਰਨ | 14.9 | 9.7 | 7.8 | 16.0 | 19.6 | 15.0 |

| | **ਚੀਨ** | | | **ਭਾਰਤ** | | |
|---|---|---|---|---|---|---|
| **ਉੱਚ ਤਕਨਾਲੋਜੀ-2 ਉਤਪਾਦ** | **1995** | **2002** | **2013** | **1995** | **2002** | **2013** |
| 525 ਰੇਡੀਓ ਐਕਟਿਵ ਵਸਤਾਂ | 7.3 | 3.9 | 1.0 | 0.1 | 0.1 | 0.1 |
| 541 ਦਵਾਈਆਂ ਆਦਿ | 38.1 | 31.1 | 13.5 | 18.4 | 24.7 | 12.7 |
| 542 ਦਵਾ ਦਾਰੂ ਅਤੇ ਮਲੱਮਪੱਟੀ | 9.7 | 4.7 | 4.3 | 76.0 | 63.3 | 59.1 |
| 712 ਭਾਫ਼ ਨਾਲ ਚਲਣ ਵਾਲੇ ਟਰਬਾਈਨ | 0.2 | 0.6 | 2.0 | 0.6 | 1.6 | 0.5 |
| 792 ਹਵਾਈਜਹਾਜ਼ ਅਤੇ ਸੰਬੰਧਿਤ ਹਿੱਸੇ-ਪੁਰਜ਼ੇ | 4.3 | 6.7 | 2.8 | 1.0 | 5.1 | 22.6 |
| 871 ਅੱਖਾਂ ਦੀ ਨਜ਼ਰ ਦਾ ਸਾਜ਼-ਸਾਮਾਨ | 8.4 | 18.2 | 56.7 | 0.2 | 0.2 | 0.1 |
| 874 ਨਾਪ ਤੋਲ, ਨਿਯੰਤ੍ਰਣ ਔਜ਼ਾਰ | 11.8 | 18.5 | 18.2 | 3.6 | 4.5 | 4.6 |
| 881 ਫੋਟੋਗਰਾਫ਼ੀ ਸਾਜ਼-ਸਾਮਾਨ | 20.3 | 16.3 | 1.4 | 0.2 | 0.5 | 0.2 |

***ਸਰੋਤ : ਡਬਲਯੂ ਆਈ ਟੀ ਐੱਸ ਸੰਯੁਕਤ ਰਾਸ਼ਟਰ - ਕੌਮਟਰੇਡ ਵਿਚੋਂ ਮਿਥਿਆ***

ਤਾਲਿਕਾ-4 : ਭਾਰਤ ਅਤੇ ਚੀਨ **ਵਿਚ ਉੱਚ-ਤਕਨਾਲੋਜੀ ਸਹੂਲਤਾ ਦੀ ਤੁਲਨਾ 2013**

| ਉੱਚ ਤਕਨਾਲੋਜੀ-1 | | ਚੀਨ | ਭਾਰਤ |
|---|---|---|---|
| 716 | ਘੁੰਮਣ ਵਾਲੇ ਬਿਜਲੀ ਪਲਾਂਟ | 1.1 | 0.6 |
| 718 | ਹੋਰ ਬਿਜਲੀ ਉਤਪਾਦਨ ਮਸ਼ੀਨਰੀ | 0.5 | 0.4 |
| 751 | ਦਫ਼ਤਰੀ ਮਸ਼ੀਨਾਂ | 2.3 | 0.1 |
| 752 | ਸਵੈਚਾਲਤ ਡਾਟਾ ਪ੍ਰੋਸੈਸਿੰਗ ਸਾਜ਼-ਸਾਮਾਨ | 2.8 | 0.1 |
| 759 | ਦਫ਼ਤਰੀ ਮਸ਼ੀਨਾਂ ਦੇ ਹਿੱਸੇ-ਪੁਰਜ਼ੇ | 1.5 | 0.1 |
| 761 | ਟੈਲੀਵਿਜ਼ਨ ਰੀਸੀਵਰ, ਆਦਿ | 1.5 | 0.2 |
| 764 | ਦੂਰ-ਸੰਚਾਰ ਸਾਜ਼-ਸਾਮਾਨ ਹਿੱਸੇ-ਪੁਰਜ਼ੇ | 2.4 | 0.5 |
| 771 | ਬਿਜਲੀ ਉਤਪਾਦਨ ਮਸ਼ੀਨਰੀ ਹਿੱਸੇ-ਪੁਰਜ਼ੇ | 1.8 | 0.7 |
| 774 | ਇਲੈਕਟਰੋ-ਮੈਡੀਕਲ, ਐਕਸਰੇ-ਸਾਜ਼-ਸਾਮਾਨ | 0.4 | 0.5 |
| 776 | ਟਰਾਂਸਿਸਟਰਜ, ਵਾਲਵ, ਆਦਿ | 1.2 | 0.1 |
| 778 | ਬਿਜਲੀ ਮਸ਼ੀਨਰੀ ਉਪਕਰਨ | 1.3 | 0.3 |
| ਉੱਚ ਤਕਨਾਲੋਜੀ-2 | | ਚੀਨ | ਭਾਰਤ |
| 525 | ਰੇਡੀਓ ਐਕਟਿਵ ਵਸਤਾਂ | 0.3 | 0.1 |
| 541 | ਦਵਾਈਆਂ ਆਦਿ | 0.3 | 0.8 |
| 542 | ਦਵਾ ਦਾਰੂ ਅਤੇ ਮਲੱਮਪੱਟੀ | 0.1 | 1.9 |
| 712 | ਭਾਫ਼ ਨਾਲ ਚਲਣ ਵਾਲੇ ਟਰਬਾਈਨ | 1.0 | 0.7 |
| 792 | ਹਵਾਈਜਹਾਜ਼ ਅਤੇ ਸੰਬੰਧਿਤ ਹਿੱਸੇ-ਪੁਰਜ਼ੇ | 0.1 | 1.3 |
| 871 | ਅੱਖਾਂ ਦੀ ਨਜ਼ਰ ਦਾ ਸਾਜ਼-ਸਾਮਾਨ | 2.1 | 0.0 |
| 874 | ਨਾਪ ਤੋਲ, ਨਿਯੰਤ੍ਰਣ ਔਜ਼ਾਰ | 0.4 | 0.3 |
| 881 | ਫੋਟੋਗਰਾਫ਼ੀ ਸਾਜ਼-ਸਾਮਾਨ | 0.8 | 0.3 |

***ਸਰੋਤ : ਡਬਲਯੂ ਆਈ ਟੀ ਐੱਸ ਸੰਯੁਕਤ ਰਾਸ਼ਟਰ - ਕੌਮਟਰੇਡ ਵਿਚੋਂ ਮਿਥਿਆ***

ਹਿੱਸੇਪੁਰਜ਼ੇ (771) ਅਤੇ ਬਿਜਲੀ ਮਸ਼ੀਨਰੀ ਉਪਕਰਨ (778) ਵਿਚ 1995-2013) ਵਿਚਕਾਰ ਨਰਮੀ ਆਈ ਹੈ। ਦੂਸਰੇ ਪਾਸੇ ਸਵੈਚਾਲਿਤ ਡਾਟਾ ਪ੍ਰੋਸੈਸਿੰਗ ਸਾਜ਼-ਸਾਮਾਨ (752), ਦੂਰਸੰਚਾਰ ਸਾਜ਼-ਸਾਮਾਨ ਹਿੱਸੇਪੁਰਜ਼ੇ (764) ਅਤੇ ਟਰਾਂਸਿਸਟਰ ਵਾਲਵ ਦੇ ਸੰਬੰਧ 'ਚ ਇਸ ਸਮੇਂ ਦੌਰਾਨ ਵਧੇਰੇ ਰੌ ਦੇਖਣ ਨੂੰ ਮਿਲੀ ਹੈ। ਇਸੇ ਤਰ੍ਹਾਂ ਭਾਰਤ ਵਿਚ, ਘੁੰਮਣ ਵਾਲੇ ਬਿਜਲੀ ਪਲਾਂਟ (776), ਦਫ਼ਤਰੀ ਮਸ਼ੀਨਰੀ (751), ਸਵੈਚਾਲਤ ਡਾਟਾ ਪ੍ਰਾਸੈਸਿੰਗ ਸਾਜ਼-ਸਾਮਾਨ (752), ਦਫ਼ਤਰੀ ਮਸ਼ੀਨਾਂ ਦੇ ਹਿੱਸੇਪੁਰਜ਼ੇ (759), ਟੈਲੀਵੀਜ਼ਨ ਰੀਸੀਵਰ (761), ਟਰਾਂਸਿਸਟਰ ਵਾਲਵ (776) ਅਤੇ ਬਿਜਲੀ ਮਸ਼ੀਨਰੀ ਹਿੱਸੇਪੁਰਜ਼ੇ (778) ਵਿਚ ਨਰਮੀ ਦੇਖਣ ਵਿਚ ਆਈ ਹੈ। ਭਾਰਤ ਵਿਚ, ਐੱਚ ਟੀ-2 ਵਿਚ ਵੱਡਾ ਹਿੱਸਾ ਦਵਾ ਦਾਰੂ ਅਤੇ ਮਲ੍ਹਮ ਪੱਟੀ (59.1 ਪ੍ਰਤਿਸ਼ਤ) ਅਤੇ ਹਵਾਈ ਜਹਾਜ਼ ਅਤੇ ਸੰਬੰਧਿਤ ਸਾਜ਼-ਸਾਮਾਨ (22.7 ਪ੍ਰਤਿਸ਼ਤ ਤੋਂ ਆਉਂਦਾ ਹੈ। ਦਵਾ ਦਾਰੂ ਅਤੇ ਮਲ੍ਹਮ ਪੱਟੀ ਬਹੁਤ ਪੂੰਜੀ ਨਿਵੇਸ਼ ਵਾਲਾ ਖੇਤਰ ਹੈ ਜਦੋਂ ਕਿ ਹਵਾਈ ਜਹਾਜ਼ ਅਤੇ ਸੰਬੰਧਿਤ ਸਾਜ਼-ਸਾਮਾਨ ਕੌਸ਼ਲ ਆਧਾਰਿਤ ਕਿਰਤ ਪ੍ਰਧਾਨ ਖੇਤਰ ਹੈ।

ਤਾਲਿਕਾ-4 ਵਿਚ 2013 ਵਿਚ ਭਾਰਤ ਅਤੇ ਚੀਨ ਵਿਚਕਾਰ ਉੱਚ ਤਕਨਾਲੋਜੀ ਨਿਰਯਾਤ ਲਾਭ ਦੀ ਤੁਲਨਾ ਕੀਤੀ ਗਈ ਹੈ। ਇਸ ਲੇਖ ਵਿਚ ਅਸੀਂ ਬਲਾਸਾ (1965) ਦੀ ਵਰਤੋਂ ਨਾਲ ਕਿਸੇ ਦੇਸ਼ ਦੇ ਨਿਰਯਾਤ ਨੂੰ ਉਸ ਦੇਸ਼ ਦੇ ਉਸ ਖ਼ਾਸ ਵਸਤੂ ਦੀ ਵਿਸ਼ਵੀ ਨਿਰਯਾਤ ਵਿਚ ਮਾਤਰਾ ਨੂੰ ਉਸ ਦੇ ਵਿਸ਼ਵ ਦੇ ਕੁੱਲ ਨਿਰਯਾਤ ਵਿਚ ਹਿੱਸੇ ਨਾਲ ਵੰਡ ਕੇ ਹਾਸਲ ਕੀਤਾ ਹੈ। ਐੱਚ ਟੀ-1 ਉਤਪਾਦਨਾਂ ਦੇ ਸੰਬੰਧ ਵਿਚ ਚੀਨ ਦਾ ਤੁਲਨਾਤਮਕ ਲਾਭ ਭਾਰਤ ਨਾਲੋਂ ਹਰ ਵਸਤੂ ਵਿਚ ਵਾਧੂ ਹੈ। ਇਹ ਉੱਚ ਤਕਨਾਲੋਜੀ ਵਸਤਾਂ ਦੇ ਨਿਰਯਾਤ ਵਿਚ ਚੀਨ ਦਾ ਭਾਰਤ ਉਪਰ ਦਬਦਬਾ ਜ਼ਾਹਰ ਕਰਦਾ ਹੈ। ਪਰ ਐੱਚ ਟੀ-2 ਉਤਪਾਦਨਾਂ ਦੇ ਨਿਰਯਾਤ ਵਿਚ ਭਾਰਤ ਦਾ ਤੁਲਨਾਤਮਕ ਲਾਭ ਚੀਨ ਨਾਲੋਂ ਥੋੜ੍ਹਾ ਜਿਹਾ ਵਾਧੂ ਹੈ। ਭਾਰਤ ਦਾ ਤੁਲਨਾਤਮਕ ਲਾਭ ਦਵਾ ਦਰੂ ਅਤੇ ਮਲ੍ਹਮ ਪੱਟੀ (542) ਅਤੇ ਹਵਾਈ ਜਹਾਜ਼ (792) ਆਦਿ ਵਿਚ ਹੈ।

## ਸਿੱਟਾ ਅਤੇ ਨੀਤੀ ਸੰਕੇਤ

ਉਪਰ ਦਿਤੀ ਪੜਚੋਲ ਵਿਚ ਸੱਨਅਤੀ

ਅੰਤਿਕਾ

ਏ :1 ਦੁਨੀਆਂ ਸੱਨਅਤੀ ਵਸਤੂ ਨਿਰਯਾਤ ਵਿਚ ਵੱਖ-ਵੱਖ ਦੇਸ਼ਾਂ ਦਾ ਹਿੱਸਾ

| ਦੇਸ਼ | 1990 | 1995 | 2000 | 2005 | 2010 | 2013 | 2013 'ਚ ਦਰਜਾ |
|---|---|---|---|---|---|---|---|
| ਚੀਨ | | 3.53 | 4.92 | 10.04 | 15.69 | 18.60 | 1 |
| ਜਰਮਨੀ | 16.14 | 12.47 | 10.29 | 12.05 | 11.05 | 10.76 | 2 |
| ਅਮਰੀਕਾ | 12.63 | 11.89 | 13.14 | 9.19 | 7.79 | 7.50 | 3 |
| ਜਾਪਾਨ | 12.54 | 11.89 | 10.08 | 7.84 | 7.23 | 5.61 | 4 |
| ਕੋਰੀਆ ਰੀਪਬਲਿਕ | 2.76 | 3.23 | 3.47 | 3.70 | 4.38 | 4.31 | 5 |
| ਫ਼ਰਾਂਸ | 7.35 | 6.33 | 5.36 | 4.99 | 4.25 | 3.91 | 6 |
| ਇੰਗਲੈਂਡ | 6.74 | 5.41 | 4.97 | 4.24 | 3.04 | 2.84 | 7 |
| ਸਿੰਗਾਪੁਰ | 1.71 | 2.79 | 2.64 | 2.66 | 2.70 | 2.58 | 8 |
| ਭਾਰਤ | **0.57** | **0.65** | **0.74** | **1.02** | **1.47** | **1.81** | **9** |
| ਸਵਿਟਜ਼ਰਲੈਂਡ | 2.72 | 2.15 | 1.57 | 1.68 | 1.80 | 1.80 | 10 |
| ਮਲੇਸ਼ੀਆ | 0.72 | 1.55 | 1.77 | 1.51 | 1.42 | 1.24 | 11 |
| ਹੰਗਰੀ | | 0.24 | 0.54 | 0.76 | 0.83 | 0.79 | 12 |
| ਰੂਸ ਸੰਘ | | | 0.56 | 0.65 | 0.60 | 0.78 | 13 |
| ਇੰਡੋਨੇਸ਼ੀਆ | 0.41 | 0.65 | 0.79 | 0.58 | 0.62 | 0.61 | 14 |
| ਇਜ਼ਰਾਈਲ | 0.48 | 0.48 | 0.58 | 0.51 | 0.58 | 0.55 | 15 |
| ਫਿਲਪੀਨਜ਼ | | 0.32 | 0.98 | 0.82 | 0.42 | 0.44 | 16 |
| ਦੱਖਣੀ ਅਫ਼ਰੀਕਾ | 0.55 | 0.39 | 0.58 | 0.58 | 0.43 | 0.38 | 17 |
| ਕੋਸਟਾ ਰੀਕਾ | | 0.02 | 0.08 | 0.07 | 0.06 | 0.06 | 18 |
| ਮਾਲਟਾ | 0.05 | 0.05 | 0.05 | 0.03 | 0.03 | 0.02 | 19 |
| ਕੀਨੀਆ | 0.01 | 0.01 | 0.01 | 0.02 | 0.02 | 0.02 | 20 |
| ਸਾਈਪਰਸ | 0.01 | 0.01 | 0.00 | 0.00 | 0.00 | 0.00 | 21 |

ਏ :2 ਦੇਸ਼ ਦੇ ਕੁੱਲ ਸੱਨਅਤੀ ਵਸਤੂ ਨਿਰਯਾਤ ਵਿਚ ਉੱਚ-ਤਕਨਾਲੋਜੀ ਨਿਰਯਾਤ ਦਾ ਹਿੱਸਾ

| ਦੇਸ਼ | 1990 | 1995 | 2000 | 2005 | 2010 | 2013 | 2013 'ਚ ਦਰਜਾ |
|---|---|---|---|---|---|---|---|
| ਫਿਲੀਪੀਨਜ਼ | | 39.3 | 73.4 | 73.5 | 61.8 | 56.4 | 1 |
| ਸਿੰਗਾਪੁਰ | 50.7 | 63.5 | 68.7 | 61.1 | 58.2 | 53.4 | 2 |
| ਮਲੇਸ਼ੀਆ | 48.3 | 54.8 | 65.4 | 58.7 | 54.8 | 51.5 | 3 |
| ਮਾਲਟਾ | 47.9 | 61.6 | 71.9 | 52.3 | 49.0 | 42.5 | 4 |
| ਕੋਸਟਾ ਰੀਕਾ | | 3.7 | 51.9 | 38.8 | 35.6 | 39.8 | 5 |
| ਕੋਰੀਆ ਰੀਪਬਲਿਕ | 22.2 | 33.5 | 39.8 | 38.9 | 35.4 | 32.9 | 7 |
| ਹੰਗਰੀ | | 13.9 | 31.5 | 34.3 | 38.0 | 27.0 | 8 |
| ਫ਼ਰਾਂਸ | 17.1 | 20.8 | 25.4 | 20.4 | 24.2 | 25.4 | 9 |
| ਇਜ਼ਰਾਈਲ | 18.0 | 20.1 | 26.7 | 16.7 | 22.8 | 23.6 | 10 |
| ਸਵਿਟਜ਼ਰਲੈਂਡ | 13.1 | 15.2 | 16.7 | 17.8 | 21.4 | 22.9 | 11 |
| ਜਾਪਾਨ | 28.1 | 32.6 | 32.9 | 25.6 | 22.0 | 20.9 | 12 |
| ਅਮਰੀਕਾ | 35.1 | 33.4 | 36.8 | 30.4 | 22.1 | 20.0 | 13 |
| ਜਰਮਨੀ | 14.8 | 16.8 | 20.4 | 19.1 | 19.3 | 18.9 | 14 |
| ਇੰਗਲੈਂਡ | 22.4 | 29.0 | 31.2 | 24.4 | 17.2 | 16.6 | 15 |
| ਇੰਡੋਨੇਸ਼ੀਆ | 2.5 | 7.7 | 20.8 | 17.8 | 15.3 | 13.1 | 16 |
| ਰੂਸ ਸੰਘ | | | 10.1 | 8.6 | 10.1 | 11.6 | 17 |
| ਭਾਰਤ | **3.3** | **3.7** | **4.0** | **4.3** | **7.5** | **8.2** | **18** |
| ਦੱਖਣੀ ਅਫ਼ਰੀਕਾ | 4.8 | 7.6 | 7.5 | 6.4 | 7.0 | 7.7 | 19 |
| ਸਾਈਪਰਸ | 0.5 | 0.8 | 1.4 | 6.5 | 30.4 | 6.0 | 20 |
| ਕੀਨੀਆ | 4.8 | 2.5 | 1.2 | 2.3 | 6.7 | 4.9 | 21 |
| ਵਿਸ਼ਵ | 20.3 | 23.8 | 28.8 | 25.0 | 24.8 | 24.0 | |

ਵਸਤੂ ਨਿਰਯਾਤ ਦੇ ਵੱਖ-ਵੱਖ ਪਹਿਲੂ ਦਰਸਾਏ ਗਏ ਹਨ ਜਿਨ੍ਹਾਂ ਵਿਚ ਉੱਚ-ਤਕਨਾਲੋਜੀ ਨਿਰਯਾਤ ਉਪਰ ਜ਼ੋਰ ਹੈ।

**ਭਾਰਤ ਵਿਚ ਉੱਚ ਤਕਨਾਲੋਜੀ ਨਿਰਯਾਤ ਖੇਤਰ ਵਿਚ ਵੱਡਾ ਹਿੱਸਾ ਪਾਉਣ ਵਾਲੇ ਖੇਤਰ ਗਿਣੇ ਜਾ ਸਕਦੇ ਹਨ ਦੂਰਸੰਚਾਰ ਸਾਜ਼-ਸਾਮਾਨ, ਊਰਜਾ ਉਤਪਾਦਨ ਮਸ਼ੀਨਰੀ, ਬਿਜਲੀ ਦਾ ਸਾਜ਼-ਸਾਮਾਨ, ਦਵਾਈਆਂ ਅਤੇ ਮਲ੍ਹਮ ਪੱਟੀ ਆਦਿ ਅਤੇ ਹਵਾਈ ਜਹਾਜ਼ਾਂ ਦੇ ਹਿੱਸੇਪੁਰਜ਼ੇ। ਇਨ੍ਹਾਂ ਖੇਤਰਾਂ ਵਿਚ ਸਿਵਾਏ ਦਵਾਈਆਂ ਅਤੇ ਮਲੱਮ ਪੱਟੀ ਖੇਤਰ ਦੇ ਸਾਰੇ ਹੋਰ ਖੇਤਰ ਕੌਸ਼ਲ ਆਧਾਰਿਤ ਕਿਰਤ ਪ੍ਰਧਾਨ ਖੇਤਰ ਹਨ ਜੋ ਭਾਰਤ ਦੀ ਵਧ ਰਹੀ ਨੌਜਵਾਨ ਆਬਾਦੀ ਦਾ ਲਾਭ ਉਠਾ ਸਕਦੇ ਹਨ।**

ਚੀਨ ਦਾ ਭਾਰਤ ਦੇ ਮੁਕਾਬਲੇ ਉੱਚ ਤਕਨਾਲੋਜੀ ਨਿਰਯਾਤ ਤੁਲਨਾਤਮਕ ਲਾਭਕਾਰੀ ਹੈ ਅਤੇ ਵਧੇਰੇ ਖੇਤਰਾਂ ਵਿਚ ਹੈ। ਭਾਰਤ ਨੂੰ ਆਪਣੇ ਨਿਰਯਾਤ ਢਾਂਚੇ ਵਿਚ ਵਧੇਰੇ ਵਸਤਾਂ ਲਿਆਉਣ ਲਈ ਕੌਸ਼ਲ ਪ੍ਰਧਾਨ ਸੱਨਅਤੀ ਵਸਤਾਂ ਉਤਪਾਦਨ ਉਪਰ ਵਧੇਰੇ ਧਿਆਨਦੇਣਾ ਹੋਵੇਗਾ। ਹੁਣ ਤਕ, ਭਾਰਤ ਦਾ ਖੋਜ ਅਤੇ ਵਿਕਾਸ ਖਰਚਾ ਬਹੁਤ ਘੱਟ ਹੈ। 2012 ਵਿਚ ਇਹ ਸਮੁੱਚੇ ਘਰੇਲੂ ਉਤਪਾਦਨ ਦਾ ਸਿਰਫ਼ 0.7 ਪ੍ਰਤਿਸ਼ਤ ਸੀ। ਦੂਰ ਸੰਚਾਰ ਦੇ ਖੇਤਰ ਵਿਚ, ਤਕਨਾਲੋਜੀ ਦੇ ਨਵੀਨੀਕਰਨ ਲਈ ਵਧੇਰੇ ਪ੍ਰੇਰਕ ਦੇਣੇ ਚਾਹੀਦੇ ਹਨ। ਪਛਾਣ ਕੀਤੇ ਖੇਤਰਾਂ ਲਈ ਵਿੱਤ ਉਪਲਬਧੀ ਅਤੇ ਸੁਖਾਵਾਂ ਕਰ ਢਾਂਚਾ ਬਣਾਇਆ ਜਾਣਾ ਚਾਹੀਦਾ ਹੈ। ਸਿੱਧੇ ਵਿਦੇਸ਼ੀ ਨਿਵੇਸ਼ ਵਿਚ ਵਾਧਾ ਹੋਣਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਮੰਡੀ ਵਿਚ ਤਕਨਾਲੋਜੀ ਦੇ ਖੇਤਰ ਵਿਚ ਵੱਡੇ ਖਿਲਾੜੀਆਂ ਨੂੰ ਭਾਰਤੀ ਮਾਰਕੀਟ ਵਿਚ ਹਿੱਸਾ ਪਾਉਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ।

*(ਲੇਖਕ ਭਾਰਤੀ ਪ੍ਰਬੰਧਨ ਸੰਸਥਾਨ, ਹੈਦਰਾਬਾਦ ਵਿਚ ਅਰਥਸ਼ਾਸਤਰੀ ਦੇ ਖੇਤਰ ਵਿਚ ਡਾਕਟਰ ਦੀ ਉਪਾਧੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਖੇਤਰੀ ਵਿਕਾਸ ਅਧਿਐਨ ਕੇਂਦਰ ਵਿਚ ਡਾਕਟਰ ਦੀ ਉਪਾਧੀ ਲਈ ਖੋਜ ਕਰ ਰਹੀ ਹੈ ਅਤੇ ਆਨੰਦ ਰਿਮਾ ਲਈ ਖੋਜ ਕਰ ਰਿਹਾ ਹੈ।)*

*e-mail :nand.hansraj@gmail.com*

*veerpalh@gmail.com*

# ਪੂਰਬੀ ਭਾਰਤ 'ਚ ਬਦਲਦੀ ਖੇਤੀਬਾੜੀ : ਚੁਨੌਤੀਆਂ ਤੇ ਮੌਕੇ

ਅੰਜਨੀ ਕੁਮਾਰ ਅਤੇ ਪੀ.ਕੇ. ਜੋਸ਼ੀ

## ਪਿਛੋਕੜ

ਅਮੀਰ ਕੁਦਰਤੀ ਸਰੋਤਾਂ ਅਤੇ ਉੱਦਮੀ ਕਾਮਿਆਂ ਸਦਕਾ ਪੂਰਬੀ ਭਾਰਤ ਵਲੋਂ ਦੇਸ਼ ਅੰਦਰ ਖੇਤੀਬਾੜੀ ਉਤਪਾਦਨ ਵਿਚ ਭਰਪੂਰ ਯੋਗਦਾਨ ਪਾਉਣ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਫਿਰ ਵੀ, ਇਸ ਖੇਤਰ ਨੂੰ ਸਭ ਤੋਂ ਪਛੜੇ ਖੇਤਰ ਵਜੋਂ ਜਾਣਿਆ ਜਾਂਦਾ ਹੈ, ਜਿਥੇ ਨਿਮਨ ਖੇਤੀ ਉਤਪਾਦਿਕਤਾ, ਨਾਕਾਫ਼ੀ ਬੁਨਿਆਦੀ ਢਾਂਚਾ, ਲਗਾਤਾਰ ਗਰੀਬੀ, ਪੇਚੀਦਾ ਸਮਾਜਿਕ ਸੰਕੀਰਣਤਾ ਅਤੇ ਸੀਮਤ ਸੰਸਥਾਗਤ ਸਮਰੱਥਾਵਾਂ ਹਨ। ਭਾਵੇਂ ਕਿ ਇਹ ਖੇਤਰ ਪ੍ਰਮੁੱਖ ਤੌਰ ਤੇ ਖੇਤੀ ਪ੍ਰਧਾਨ ਹੈ, ਤਾਂ ਵੀ ਇਹ ਨਿਮਨ ਲਾਗਤ-ਨਿਮਨ ਉਤਪਾਦਨ ਵਾਲੀ ਖੇਤੀਬਾੜੀ ਦੇ ਜ਼ਹਿਰੀਲੇ ਚੱਕਰਵਿਊ ਵਿਚ ਜਕੜਿਆ ਹੋਇਆ ਹੈ। ਖੇਤ ਜ਼ਿਆਦਾਤਰ ਛੋਟੇ ਹਨ ਅਤੇ ਕਿਸਾਨਾਂ ਕੋਲ ਸੀਮਤ ਸਰੋਤ ਹਨ। ਖੇਤਰ ਵਿਚ ਖੇਤੀਬਾੜੀ ਖੇਤਰ ਨੂੰ ਹਾਲੇ ਵੀ ਗੁਜ਼ਾਰੇ ਵਾਲਾ, ਪਛੜਿਆ ਅਤੇ ਜੋਖ਼ਮ ਵਾਲਾ ਸਮਝਿਆ ਜਾਂਦਾ ਹੈ। ਅਨੇਕ ਚੁਨੌਤੀਆਂ ਜਿਵੇਂ ਵਾਰ-ਵਾਰ ਹੜ੍ਹ ਆਉਣਾ ਜਾਂ ਸੋਕਾ ਪੈਣਾ, ਤੂਫ਼ਾਨ, ਅਣਗਿਣਤ ਕੀਟ ਅਤੇ ਬੀਮਾਰੀਆਂ, ਦੂਜੀਆਂ ਮਜਬੂਰੀਆਂ ਜਿਵੇਂ ਉਤਪਾਦਨ ਦੀ ਵਧਦੀ ਲਾਗਤ, ਖੇਤਾਂ ਤੋਂ ਘਟਦਾ ਮੁਨਾਫ਼ਾ, ਕੁਦਰਤੀ ਸਰੋਤਾਂ 'ਤੇ ਵਧਦਾ ਭਾਰ ਅਤੇ ਹੋਰ ਕਾਰਨ ਇਸ ਖੇਤਰ ਵਿਚ ਖੇਤੀਬਾੜੀ ਵਿਕਾਸ ਵਿਚ ਖੜੋਤ ਲਈ ਜ਼ਿੰਮੇਵਾਰ ਹਨ। ਦੂਜੇ ਪਾਸੇ, ਇਸ ਖੇਤਰ ਵਿਚ ਲੋੜੋਂ ਵੱਧ ਬਰਸਾਤ, ਧਰਤੀ ਹੇਠਲੇ ਪਾਣੀ, ਧੁੱਪ ਅਤੇ ਮਜ਼ਦੂਰਾਂ ਜਿਹੀਆਂ ਨਿਆਮਤਾਂ ਵੀ ਨਹੀਂ ਹਨ ਜੋ ਇਸ ਖੇਤਰ ਵਿਚ ਵਿਕਾਸ ਦੇ ਲਈ ਪ੍ਰਮੁੱਖ ਜ਼ਰੂਰਤਾਂ ਹੁੰਦੀਆਂ ਹਨ। ਅਨੁਕੂਲ ਜ਼ਮੀਨ ਅਤੇ ਖੇਤੀ-ਵਾਤਾਵਰਨਿਕ ਹਾਲਾਤ ਜੋ ਵੱਖ-ਵੱਖ ਖੇਤੀ ਵਸਤਾਂ ਲਈ ਸਹਾਇਕ ਹੁੰਦੇ ਹਨ, ਦੂਜੇ ਉਤਪਾਦਨ ਕੇਂਦਰਾਂ ਦੇ ਮੁਕਾਬਲੇ ਪੂਰਬੀ ਭਾਰਤ ਨੂੰ ਮੁਕਾਬਲਤਨ ਅੱਗੇ ਰੱਖਣ ਵਿਚ ਯੋਗਦਾਨ ਪਾਉਂਦੇ ਹਨ। ਬਾਕੀ ਉਤਪਾਦਨ ਕੇਂਦਰਾਂ ਵਿਚੋਂ ਜ਼ਿਆਦਾਤਰ ਸਾਹਮਣੇ ਲੰਮੇ ਸਮੇਂ ਤਕ ਕਾਇਮ ਰਹਿਣ ਵਾਲੀਆਂ ਗੰਭੀਰ ਸਮੱਸਿਆਵਾਂ ਹਨ।

ਪੂਰਬੀ ਭਾਰਤ ਦੇ ਛੇ ਰਾਜਾਂ ਵਿਚੋਂ ਬਿਹਾਰ ਅਤੇ ਓਡੀਸ਼ਾ ਦੇ ਪ੍ਰਮੁੱਖ ਰਾਜ ਹਨ ਜਿਨ੍ਹਾਂ ਨੂੰ ਹੇਠਾਂ ਦਿਤੇ ਕਾਰਨਾਂ ਕਰਕੇ ਮਜ਼ਬੂਤ ਦਖ਼ਲ-ਅੰਦਾਜ਼ੀ ਦੀ ਲੋੜ ਹੈ : ਦੋਵਾਂ ਰਾਜਾਂ ਅੰਦਰ ਪੂਰਬੀ ਭਾਰਤ ਦੀ ਵੱਡੀ ਪੇਂਡੂ ਵਸੋਂ ਵਸਦੀ ਹੈ ਜੋ ਸਭ ਤੋਂ ਜ਼ਿਆਦਾ ਗਰੀਬ ਅਤੇ ਸਰੋਤਾਂ ਤੋਂ ਸੱਖਣੇ ਹਨ ਤੇ ਜਿਨ੍ਹਾਂ ਦੀ ਰੋਜ਼ੀ-ਰੋਟੀ ਮੁੱਖ ਤੌਰ ਤੇ ਖੇਤੀਬਾੜੀ ਅਤੇ ਸਹਾਇਕ ਖੇਤਰਾਂ 'ਤੇ ਨਿਰਭਰ ਹੈ। ਹੋਰ, ਇਹ ਦੋ ਰਾਜ ਪਿਛਲੇ ਸਾਲਾਂ ਵਿਚ ਸਭ ਤੋਂ ਤੇਜ਼ੀ ਨਾਲ ਵਿਕਸਤ ਹੋਏ ਹਨ ਅਤੇ ਪੇਂਡੂ ਬੁਨਿਆਦੀ ਢਾਂਚਾ ਸੁਧਾਰ, ਉੱਭਰਦੇ ਸੰਸਥਾਨਾਂ, ਸ਼ਾਸਨ ਵਿਚ ਚੁਸਤੀ ਅਤੇ ਦੂਸਰੇ ਸਮਾਜਿਕ ਅਤੇ ਆਰਥਿਕ ਸੂਚਕਾਂ ਦੇ ਮਾਮਲੇ ਵਿਚ ਉੱਭਰਦੀਆਂ ਹੋਈਆਂ ਭਵਿੱਖੀ ਸੰਭਾਵਨਾਵਾਂ ਹਨ।

***ਇਸ ਲੇਖ ਵਿਚ ਬਿਹਾਰ ਤੇ ਓਡੀਸ਼ਾ ਰਾਜਾਂ 'ਤੇ ਧਿਆਨ ਦਿਤਾ ਗਿਆ ਹੈ ਜੋ ਇਨ੍ਹਾਂ ਨੂੰ ਵਿਕਸਤ ਕਰਨ ਲਈ ਵਿਆਪਕ ਅਤੇ ਸੰਪੂਰਨ ਰਣਨੀਤੀ ਮੁਹੱਈਆ ਕਰਦਾ ਹੈ, ਜਿਸ ਲਈ ਮੌਕਿਆਂ ਅਤੇ ਚੁਨੌਤੀਆਂ ਨੂੰ ਦਿਮਾਗ਼ ਵਿਚ ਰੱਖਿਆ ਗਿਆ ਹੈ।***

ਪਿਛਲੇ ਕੁਝ ਸਾਲਾਂ ਅੰਦਰ ਬਿਹਾਰ ਰਾਜ ਨੇ ਸ਼ਾਸਨ ਵਿਚ ਸੁਧਾਰ ਅਤੇ ਸੰਨ 2000 ਤੋਂ ਨਿਰੰਤਰ ਉੱਚ ਆਰਥਿਕ ਵਿਕਾਸ ਕਾਰਨ ਜਨਤਾ ਦਾ ਧਿਆਨ ਖਿੱਚਿਆ ਹੈ। 2000-01 ਤੇ 2010-11 ਦਰਮਿਆਨ ਰਾਜ ਦੀ ਕੁੱਲ ਆਰਥਿਕਤਾ 8.4 ਪ੍ਰਤਿਸ਼ਤ ਦੀ ਸਾਲਾਨਾ ਦਰ ਨਾਲ ਵਿਕਸਤ ਹੋਈ (ਬਿਹਾਰ, ਯੋਜਨਾਬੰਦੀ ਤੇ ਵਿਕਾਸ ਮੰਤਰਾਲਾ)। ਪਰ ਇਹ ਰਾਜ ਹਾਲੇ ਵੀ ਗਰੀਬੀ, ਅਪੌਸ਼ਟਿਕਤਾ ਅਤੇ ਨਿਮਨ ਖੇਤੀ ਉਤਪਾਦਿਕਤਾ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੈ। ਬਿਹਾਰ ਦੀ ਪ੍ਰਤਿ ਵਿਅਕਤੀ ਆਮਦਨ ਸਰਵ ਭਾਰਤ ਔਸਤ ਦਾ ਲਗਭਗ 40 ਪ੍ਰਤਿਸ਼ਤ ਹੈ ਅਤੇ ਲਗਾਤਾਰ ਭਾਰਤ ਦੇ 28 ਰਾਜਾਂ ਵਿਚੋਂ ਸਭ ਤੋਂ ਘੱਟ ਰਹੀ ਹੈ। ਵਿਆਪਕ ਗਰੀਬੀ ਹੈ, ਲਗਭਗ 54 ਪ੍ਰਤਿਸ਼ਤ ਵਸੋਂ ਹਾਲੇ ਵੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੈ – ਜੋ ਭਾਰਤ ਵਿਚ ਸਭ ਤੋਂ ਵੱਧ ਪ੍ਰਤਿਸ਼ਤ ਬੈਠਦੀ ਹੈ। ਰਾਜ ਦੀ ਕੁੱਲ ਮਨੁੱਖੀ ਸ਼ਕਤੀ ਦਾ ਦੋ-ਤਿਹਾਈ ਤੋਂ ਵੱਧ ਖੇਤੀ ਵਿਚ ਲੱਗਾ ਹੋਇਆ ਹੈ। ਰਾਜ ਦੇ ਕੁੱਲ ਗਰੀਬ ਤਬਕੇ ਦਾ 90 ਪ੍ਰਤਿਸ਼ਤ ਤੋਂ ਵੱਧ ਪੇਂਡੂ ਖੇਤਰ ਦੇ ਨਿਵਾਸੀ ਹਨ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਗੁਜ਼ਾਰੇ ਵਾਲੀ ਖੇਤੀ ਅਤੇ ਮਜ਼ਦੂਰੀ ਕਰਨ ਵਾਲੇ ਹਨ।

ਬਿਹਾਰ ਵਾਂਗ ਓਡੀਸ਼ਾ ਵਿਚ ਭਾਰਤ ਦੀ ਸਭ ਤੋਂ ਉੱਚੀ ਗਰੀਬੀ ਦਰ ਹੈ : ਰਾਜ ਦੀ 37 ਪ੍ਰਤਿਸ਼ਤ ਜਨਸੰਖਿਆ ਗਰੀਬ ਹੈ। ਕੁੱਲ ਰਾਸ਼ਟਰੀ ਵਸੋਂ ਦਾ 3.5 ਪ੍ਰਤਿਸ਼ਤ ਰਾਜ ਵਿਚ ਵਸਦਾ ਹੈ ਪਰ ਦੇਸ਼ ਦੀ ਕੁੱਲ ਗਰੀਬ ਜਨਸੰਖਿਆ ਦਾ 4.3 ਪ੍ਰਤਿਸ਼ਤ ਓਡੀਸ਼ਾ ਅੰਦਰ ਰਹਿੰਦਾ ਹੈ। ਗਰੀਬੀ ਅਤੇ ਭੁੱਖਮਰੀ ਕਾਰਨ ਵੱਡੀ ਗਿਣਤੀ ਵਿਚ ਮੌਤਾਂ ਪਿਛਲੇ ਸਾਲਾਂ ਅੰਦਰ ਓਡੀਸ਼ਾ ਦੇ ਦਿਹਾਤੀ ਖੇਤਰਾਂ ਵਿਚ ਹੋਈਆਂ ਹਨ, ਜਿਥੇ ਬਹੁ-ਗਿਣਤੀ ਜਨਸੰਖਿਆ ਖੇਤੀਬਾੜੀ 'ਤੇ ਨਿਰਭਰ ਕਰਦੀ ਹੈ। 2010-11 ਵਿਚ ਰਾਜ ਦੀ ਔਸਤ ਪ੍ਰਤਿ ਵਿਅਕਤੀ ਆਮਦਨ 47000 ਰੁਪਏ ਸੀ ਜੋ ਭਾਰਤ ਦੇ 28 ਰਾਜਾਂ ਵਿਚੋਂ ਚੌਥੀ ਸਭ ਤੋਂ ਘੱਟ ਸੀ ਅਤੇ ਕੁੱਲ ਭਾਰਤ ਦੀ ਔਸਤ ਨਾਲੋਂ 33 ਪ੍ਰਤਿਸ਼ਤ ਘੱਟ (ਭਾਰਤ, ਖੇਤੀਬਾੜੀ ਮੰਤਰਾਲਾ, 2011)। ਓਡੀਸ਼ਾ ਮੁੱਖ ਤੌਰ ਤੇ ਖੇਤੀ ਪ੍ਰਧਾਨ ਹੈ, ਕੁੱਲ ਜਨਸੰਖਿਆ


ਦਾ 65 ਪ੍ਰਤਿਸ਼ਤ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ – ਇਸ ਕਰਕੇ ਇਸ ਖੇਤਰ ਦਾ ਵਿਕਾਸ ਵੱਡੀ ਗਿਣਤੀ ਜਨਸੰਖਿਆ ਦੇ ਜੀਵਨ ਪੱਧਰ ਨੂੰ ਉੱਚਾ ਚੁੱਕੇਗਾ।

ਕੁਝ ਤਾਜ਼ਾ ਅਧਿਐਨਾਂ (ਬਿਹਾਰ, ਖੇਤੀਬਾੜੀ ਵਿਭਾਗ 2010; ਭਾਰਤ, ਬਿਹਾਰ ਬਾਰੇ ਕਾਰਜ ਦਲ 2008) ਅੰਦਰ ਬਿਹਾਰ ਅਤੇ ਓਡੀਸ਼ਾ ਵਿਚ ਖੇਤੀਬਾੜੀ ਦੇ ਵਿਕਾਸ ਵਿਚ ਰੋੜਾ ਬਣ ਰਹੀਆਂ ਮਜਬੂਰੀਆਂ ਨੂੰ ਉਜਾਗਰ ਕੀਤਾ ਗਿਆ ਹੈ, ਜਿਵੇਂ ਕਿ ਵਾਰ-ਵਾਰ ਆਉਣ ਵਾਲੇ ਹੜ੍ਹਾਂ ਅਤੇ ਸੋਕੇ ਕਰਕੇ ਪੈਦਾ ਹੋਣ ਵਾਲਾ ਜੋਖ਼ਮ, ਛੋਟੇ ਅਤੇ ਟੁਕੜਿਆਂ ਵਿਚ ਜ਼ਮੀਨ, ਕਮਜ਼ੋਰ ਸੰਸਥਾਨ ਅਤੇ ਮਾੜਾ ਸ਼ਾਸਨ, ਖੇਤੀ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਦੀ ਗ਼ੈਰ-ਹਾਜ਼ਰੀ ਅਤੇ ਦੂਜੇ ਕਾਰਨ। ਪਰ, ਇਨ੍ਹਾਂ ਖੋਜਾਂ ਵਿਚ ਵਾਧੇ ਅਤੇ ਵਿਕਾਸ ਲਈ ਬੇਸ਼ੁਮਾਰ ਮੌਕਿਆਂ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ ਬਸ਼ਰਤੇ ਕੁਦਰਤੀ ਸਰੋਤਾਂ ਦੀ ਕਿਫ਼ਾਇਤ ਨਾਲ ਵਰਤੋਂ ਕੀਤੀ ਜਾਵੇ, ਨੀਤੀਆਂ ਅਤੇ ਸੰਸਥਾਨ ਬਣੇ ਹੋਏ ਹੋਣ ਅਤੇ ਖੇਤੀ-ਬੁਨਿਆਦੀ ਢਾਂਚਾ ਪੂਰੀ ਤਰ੍ਹਾਂ ਵਿਕਸਤ ਹੋਵੇ। ਸੀਮਤ ਸਰੋਤਾਂ ਕਰਕੇ ਇਹ ਅਹਿਮ ਹੈ ਕਿ ਉਨ੍ਹਾਂ ਦਖ਼ਲਾਂ ਨੂੰ ਪਛਾਣ ਕੇ ਉਨ੍ਹਾਂ ਦੀ ਪ੍ਰਾਥਮਿਕਤਾ ਬਣਾਈ ਜਾਵੇ ਜਿਸ ਨਾਲ ਉੱਚੀ ਅਤੇ ਜਾਰੀ ਰਹਿਣ ਯੋਗ ਖੇਤੀਬਾੜੀ ਵਿਕਾਸ ਦੀ ਸੰਭਾਵਨਾ ਤੋਂ ਫ਼ਾਇਦਾ ਲਿਆ ਜਾ ਸਕੇ ਅਤੇ ਗਰੀਬੀ ਅਤੇ ਭੁੱਖਮਾਰੀ ਦੂਰ ਕੀਤੀ ਜਾ ਸਕੇ।

***ਇਸ ਲੇਖ ਵਿਚ ਬਿਹਾਰ ਅਤੇ ਓਡੀਸ਼ਾ ਅੰਦਰ ਖੇਤੀਬਾੜੀ ਖੇਤਰ ਨੂੰ ਦਰਪੇਸ਼ ਮੁੱਖ ਚੁਨੌਤੀਆਂ ਅਤੇ ਕਾਰਗੁਜ਼ਾਰੀ ਨੂੰ ਦਸਤਾਵੇਜ਼ੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ; ਜਿਸ ਲਈ ਅੰਕੜੇ ਉੱਪ ਸਰੋਤਾਂ ਤੋਂ ਲਏ ਗਏ ਹਨ ਜਿਸ ਲਈ ਕਿਸਾਨਾਂ, ਵਪਾਰੀਆਂ, ਨਿੱਜੀ ਖੇਤਰ ਅਤੇ ਸਿਵਲ ਸੋਸਾਇਟੀ ਦੀਆਂ ਸਭਾਵਾਂ ਨਾਲ ਸਮੂਹਿਕ ਮੁਲਾਕਾਤਾਂ ਕੀਤੀਆਂ ਗਈਆਂ ਹਨ।***

ਅਸੀ ਇਸ ਖੇਤਰ ਵਿਚ ਤਬਦੀਲੀ ਲਿਆਉਣ ਲਈ ਛੋਟੇ, ਮੱਧਮ ਅਤੇ ਲੰਮੇ ਸਮੇਂ ਦੀਆਂ ਤਰਜੀਹਾਂ ਵੀ ਸੁਝਾਈਆਂ ਹਨ ਅਤੇ ਉੱਚ, ਸਥਿਰ ਅਤੇ ਸੰਮਿਲਤ ਖੇਤੀਬਾੜੀ ਵਿਕਾਸ ਲਈ ਉੱਭਰਦੇ ਮੌਕਿਆਂ ਦੀ ਪਛਾਣ ਵੀ ਕੀਤੀ ਗਈ ਹੈ।

ਚਿੱਤਰ-1 : ਰਾਜ ਦੇ ਕੁੱਲ ਘਰੇਲੂ ਉਤਪਾਦ ਵਿਚ ਮੁੱਖ, ਉੱਪ ਅਤੇ ਨਿਮਨ ਖੇਤਰਾਂ ਦਾ ਯੋਗਦਾਨ





*ਸਰੋਤ : ਭਾਰਤ ਸਰਕਾਰ (2012)*

## ਖੇਤੀਬਾੜੀ ਕਾਰਗੁਜ਼ਾਰੀ

*ਖੇਤੀਬਾੜੀ ਆਰਥਿਕਤਾ ਦਾ ਢਾਂਚਾ :* ਬਿਹਾਰ ਅਤੇ ਓਡੀਸ਼ਾ ਦੋਵਾਂ ਰਾਜਾਂ ਅੰਦਰ ਖੇਤੀ ਖੇਤਰ ਦੀ ਕਾਰਗੁਜ਼ਾਰੀ ਨੀਤੀ ਅਤੇ ਯੋਜਨਾ ਦਾ ਇਕ ਕੇਂਦਰੀ ਤੌਖ਼ਲਾ ਹੈ ਜਿਸ ਦਾ ਕਾਰਨ ਇਸ ਖੇਤਰ ਦੇ ਰਾਜਾਂ ਦੀ ਆਰਥਿਕਤਾ ਅਤੇ ਰੁਜ਼ਗਾਰ ਵਿਚ ਪ੍ਰਮੁੱਖਤਾ ਹੈ। ਸਰਬਪੱਖੀ ਆਰਥਿਕ ਵਿਕਾਸ ਦੇ ਚਲਦਿਆਂ ਲੋਕ ਖੇਤੀ ਖੇਤਰ ਵਿਚੋਂ ਨਿਕਲ ਕੇ ਗ਼ੈਰ-ਖੇਤੀ ਖੇਤਰ ਵਿਚ ਰੋਜ਼ੀ-ਰੋਟੀ ਦੀ ਤਲਾਸ਼ ਕਰ ਰਹੇ ਹਨ। ਦੂਜੇ ਪਾਸੇ, ਪਿਛਲੇ ਕੁਝ ਸਾਲਾਂ ਦੌਰਾਨ ਕੁੱਲ ਘਰੇਲੂ ਉਤਪਾਦ ਵਿਚ ਖੇਤੀ ਦੇ ਘਟਦੇ ਹਿੱਸੇ ਦੇ ਰਾਸ਼ਟਰੀ ਰੁਝਾਨ ਦੇ ਅਨੁਸਾਰ, ਬਿਹਾਰ ਅਤੇ ਓਡੀਸ਼ਾ ਦੇ ਮੁੱਖ ਖੇਤਰ ਦਾ ਰਾਜ ਦੇ ਕੁੱਲ ਘਰੇਲੂ ਉਤਪਾਦ ਵਿਚ ਹਿੱਸਾ ਵੀ ਘਟ ਰਿਹਾ ਹੈ। ਬਿਹਾਰ ਅੰਦਰ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦੀ ਰਾਜ ਦੇ ਕੁੱਲ ਘਰੇਲੂ ਉਤਪਾਦ ਵਿਚ ਹਿੱਸੇਦਾਰੀ 1995 ਦੇ 47.4 ਪ੍ਰਤਿਸ਼ਤ ਦੇ ਮੁਕਾਬਲੇ 2011 ਵਿਚ ਘਟ ਕੇ 26.2 ਪ੍ਰਤਿਸ਼ਤ ਰਹਿ ਗਈ ਹੈ। ਓਡੀਸ਼ਾ ਦਾ ਰੁਝਾਨ ਵੀ ਕੋਈ ਵੱਖਰਾ ਨਹੀਂ ਸੀ ਜਿਥੇ ਇਸੇ ਸਮੇਂ ਦੌਰਾਨ ਮੁੱਖ ਖੇਤਰ ਦਾ ਹਿੱਸਾ 45 ਪ੍ਰਤਿਸ਼ਤ ਤੋਂ ਘਟ ਕੇ 20 ਪ੍ਰਤਿਸ਼ਤ ਦੇ ਲਗਭਗ ਰਹਿ ਗਿਆ। ਦੂਜੇ ਪਾਸੇ, ਦੋਵਾਂ ਰਾਜਾਂ ਅੰਦਰ ਉਦਯੋਗ ਅਤੇ ਸੇਵਾਵਾਂ ਦੀ ਹਿੱਸੇਦਾਰੀ ਅਨੁਪਾਤਕ ਤੌਰ ਤੇ ਵਧੀ ਹੈ ਜਿਸ ਕਾਰਨ ਰਾਜ ਦੀ ਆਮਦਨ ਵਿਚ ਇਨ੍ਹਾਂ ਖੇਤਰਾਂ ਦੀ ਪ੍ਰਮੁੱਖਤਾ ਵਿਚ ਵਾਧਾ ਹੋਇਆ ਹੈ।

ਬਿਹਾਰ ਅਤੇ ਓਡੀਸ਼ਾ ਵਿਚ ਫ਼ਸਲਾਂ ਦਾ ਖੇਤਰ ਹਾਲੇ ਵੀ ਉਤਪਾਦਨ ਦਾ ਮੁੱਖ ਸਰੋਤ ਹੈ ਜਿਸ ਤੋਂ ਬਾਅਦ ਪਸ਼ੂਧਨ ਦਾ ਸਥਾਨ ਆਉਂਦਾ ਹੈ (ਚਿੱਤਰ 2.2)। ਪਰ, ਬਿਹਾਰ ਅੰਦਰ ਕੁੱਲ ਖੇਤੀ ਉਤਪਾਦਨ ਦੀ ਕੀਮਤ ਵਿਚ ਫ਼ਸਲਾਂ ਦਾ ਹਿੱਸਾ ਵੱਡੀ ਪੱਧਰ 'ਤੇ ਘਟਿਆ ਹੈ, ਪਰ ਪਿਛਲੇ ਦਹਾਕੇ

ਚਿੱਤਰ-2 : ਬਿਹਾਰ ਅਤੇ ਓਡੀਸ਼ਾ ਵਿਚ ਖੇਤੀ ਆਰਥਿਕਤਾ ਦੀ ਬਣਤਰ ਵਿਚ ਬਦਲਾਅ।




*ਸਰੋਤ : ਭਾਰਤ ਸਰਕਾਰ (2012)*

ਵਿਚ ਓਡੀਸ਼ਾ ਅੰਦਰ ਅਜਿਹਾ ਨਹੀਂ ਵਾਪਰਿਆ। ਦੂਜੇ ਪਾਸੇ, ਇਸ ਅਨੁਸਾਰ ਦੋਵਾਂ ਰਾਜਾਂ ਅੰਦਰ ਪਸ਼ੂਧਨ ਅਤੇ ਮੱਛੀ-ਪਾਲਣ ਦੀ ਹਿੱਸੇਦਾਰੀ ਵਧੀ ਹੈ ਜੋ ਮੁੱਖ ਖੇਤਰ ਵਿਚ ਵਿਭਿੰਨਤਾ ਵੱਲ ਇਸ਼ਾਰਾ ਕਰਦਾ ਹੈ। ਜਦ ਕਿ ਓਡੀਸ਼ਾ ਅੰਦਰ ਜੰਗਲਾਤ ਦਾ ਹਿੱਸਾ ਵਧਿਆ ਹੈ, ਬਿਹਾਰ ਵਿਚ ਇਸ ਨੇ ਪਸ਼ੂਧਨ ਅਤੇ ਮੱਛੀ-ਪਲਣ ਦੇ ਮਾਮਲੇ ਵਿਚ ਆਪਣੀ ਹਿੱਸੇਦਾਰੀ ਗੁਆਈ ਹੈ।

## ਖੇਤੀਬਾੜੀ ਵਿਕਾਸ

ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦੀ ਨਿਰੰਤਰ ਕਾਰਗੁਜ਼ਾਰੀ ਅਤੇ ਪਿਛਲੇ ਦਹਾਕੇ ਅੰਦਰ ਬਿਹਾਰ ਅਤੇ ਓਡੀਸ਼ਾ ਦੀ ਸਮੂਹਿਕ ਆਰਥਿਕਤਾ ਇਨ੍ਹਾਂ ਦੋ ਪਛੜੇ ਰਾਜਾਂ ਦੀ ਪੁਨਰ-ਸੁਰਜੀਤੀ ਦੀ ਵੱਡੀ ਆਸ ਜਗਾਉਂਦੀ ਹੈ ਜਿਸ ਸਦਕਾ ਗਰੀਬੀ ਅਤੇ ਕੁਪੋਸ਼ਣ ਵਿਚ ਵੱਡੀ ਗਿਰਾਵਟ ਦੀ ਆਸ ਕੀਤੀ ਜਾ ਸਕਦੀ ਹੈ। ਜੰਗਲਾਤ ਅਤੇ ਲੱਕੜੀ ਨੂੰ ਛੱਡ ਕੇ, ਖੇਤੀ ਅਤੇ ਸਹਾਇਕ ਖੇਤਰਾਂ ਦਾ ਵਿਕਾਸ 2001-02 ਤੋਂ 2011-12 ਦਰਮਿਆਨ ਪਿਛਲੇ ਦਹਾਕੇ ਨਾਲੋਂ ਦੋਹਾਂ ਰਾਜਾਂ ਅੰਦਰ ਵਧੀਆ ਰਿਹਾ ਹੈ। ਬਾਅਦ ਵਾਲੇ ਸਮੇਂ ਦੌਰਾਨ, ਫ਼ਸਲਾਂ ਅਤੇ ਪਸ਼ੂਧਨ ਦੋਵਾਂ ਖੇਤਰਾਂ ਵਿਚ, ਬਿਹਾਰ ਅਤੇ ਓਡੀਸ਼ਾ ਵਿਚ ਸਾਲਾਨਾ ਵਿਕਾਸ ਦਰ ਕ੍ਰਮਵਾਰ 4.4 ਪ੍ਰਤਿਸ਼ਤ ਅਤੇ 4.3 ਪ੍ਰਤਿਸ਼ਤ ਰਹੀ (ਤਾਲਿਕਾ-2.1)।

ਬਿਹਾਰ ਅਤੇ ਓਡੀਸ਼ਾ ਵਿਚ ਕ੍ਰਮਵਾਰ 3.4 ਪ੍ਰਤਿਸ਼ਤ ਅਤੇ 3.8 ਪ੍ਰਤਿਸ਼ਤ ਸਾਲਾਨਾ ਵਿਕਾਸ ਦਰ ਨਾਲ ਮੱਛੀ ਪਾਲਣ ਦੀ ਕਾਰਗੁਜ਼ਾਰੀ ਵੀ ਵਧੀਆ ਰਹੀ। ਭਾਵੇਂ ਕਿ ਬਿਹਾਰ ਵਿਚ ਕਿਤੇ-ਕਿਤੇ ਫ਼ਸਲਾਂ ਦੇ ਖੇਤਰ ਦੀ ਕਾਰਗੁਜ਼ਾਰੀ ਬਹੁਤ ਪ੍ਰੇਰਨਾਦਾਇਕ ਨਹੀਂ ਸੀ, ਪਸ਼ੂਧਨ ਅਤੇ ਮੱਛੀ-ਪਾਲਣ ਵਿਚ ਸ਼ਾਨਦਾਰ ਵਿਕਾਸ ਨੇ ਸਮੂਹਿਕ ਵਿਕਾਸ ਨੂੰ ਤਸੱਲੀਬਖ਼ਸ਼ ਬਣਾਈ ਰੱਖਿਆ। ਓਡੀਸ਼ਾ ਅੰਦਰ ਖੇਤੀਬਾੜੀ ਨੇ ਸਾਰੇ ਖੇਤਰਾਂ ਵਿਚ ਸ਼ਾਨਦਾਰ ਵਿਕਾਸ ਦਰਜ ਕੀਤਾ ਹੈ, ਖ਼ਾਸ ਕਰਕੇ ਫ਼ਸਲਾਂ ਅਤੇ ਪਸ਼ੂਧਨ ਦੇ ਖੇਤਰਾਂ ਵਿਚ। ਕੁੱਲ ਮਿਲਾ ਕੇ ਖੇਤੀ ਅਤੇ ਸਹਾਇਕ ਖੇਤਰ ਬਿਹਾਰ ਅਤੇ ਓਡੀਸ਼ਾ ਵਿਚ 3.8 ਪ੍ਰਤਿਸ਼ਤ ਦੀ ਦਰ ਨਾਲ ਵਿਕਸਤ ਹੋਏ। ਇਨ੍ਹਾਂ ਖੇਤਰਾਂ ਨੂੰ ਹੋਰ ਸ਼ਕਤੀ ਅਤੇ ਰਫ਼ਤਾਰ ਦੇਣ ਨਾਲ ਇਹ ਰਾਜ ਦੀ ਆਰਥਿਕਤਾ ਨੂੰ ਜ਼ਿਆਦਾ ਚਮਕੀਲੀ ਬਣਾ ਦੇਣਗੇ ਜਿਸ ਦਾ ਇਨ੍ਹਾਂ ਰਾਜਾਂ ਅੰਦਰ ਗਰੀਬੀ ਤੇ ਭੁੱਖ 'ਤੇ ਪ੍ਰਤਿਕੂਲ ਅਸਰ ਪਵੇਗਾ।

## ਖੇਤੀ ਖੇਤਰ ਸਾਹਮਣੇ ਚੁਣੌਤੀਆਂ

ਪਿਛਲੇ ਸਾਲਾਂ ਵਿਚ ਵਿਆਪਕ ਵਿਕਾਸ ਦੇ ਬਾਵਜੂਦ ਬਿਹਾਰ ਅਤੇ ਓਡੀਸ਼ਾ ਹਾਲੇ ਵੀ ਕਈ ਚੁਨੌਤੀਆਂ ਨਾਲ ਜੂਝ ਰਹੇ ਹਨ ਜੋ ਇਸ ਖੇਤਰ ਦੇ ਸਥਾਈ ਉੱਚ ਵਿਕਾਸ ਨੂੰ ਦਾਅ ਲਾ ਰਹੇ ਹਨ। ਇਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਕੇ ਹੱਲ ਕਰਨ ਦੀ ਲੋੜ ਹੈ ਤਾਂ ਕਿ ਭਵਿੱਖ ਵਿਚ ਵਿਕਾਸ ਦੀ ਗਤੀ ਨੂੰ ਬਰਕਰਾਰ ਰੱਖਿਆ ਜਾ ਸਕੇ। ਅਗਲੇ ਹਿੱਸਿਆਂ ਵਿਚ ਕੁਝ ਪ੍ਰਮੁੱਖ ਚੁਣੌਤੀਆਂ ਨੂੰ ਪਛਾਣ ਕੇ ਉਨ੍ਹਾਂ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਗਈ ਹੈ।

## ਫ਼ਸਲ ਦਾ ਘੱਟ ਝਾੜ ਤੇ ਵੱਧ ਜੋਖ਼ਮ

ਪੂਰਬੀ ਰਾਜਾਂ ਵਿਚ ਖੇਤੀ ਘੱਟ ਝਾੜ ਵਾਲੀ ਅਤੇ ਉੱਚ ਜੋਖ਼ਮ ਵਜੋਂ ਜਾਣੀ ਜਾਂਦੀ ਹੈ ਅਤੇ ਬਿਹਾਰ ਅਤੇ ਓਡੀਸ਼ਾ ਇਸ ਤੋਂ ਬਾਹਰ ਨਹੀਂ ਹਨ। ਭਾਰਤ ਭਰ ਦੀ ਔਸਤ ਦੀ ਤੁਲਨਾ ਵਿਚ ਬਿਹਾਰ ਅਤੇ ਓਡੀਸ਼ਾ ਵਿਚ ਪ੍ਰਮੁੱਖ ਫ਼ਸਲਾਂ ਦਾ ਝਾੜ ਆਮ ਤੌਰ ਤੇ ਘੱਟ ਸੀ। ਬਿਹਾਰ 'ਚ ਝੋਨੇ ਦਾ ਝਾੜ 1662 ਕਿਲੋਗ੍ਰਾਮ ਪ੍ਰਤਿ ਹੈਕਟੇਅਰ (ਟੀ ਈ 2009) ਵਿਚ ਸੀ ਪਰ ਭਾਰਤ ਵਿਚ 2168 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਦੇ ਆਸਪਾਸ ਸੀ। ਇਕ ਅਪਵਾਦ ਦੇ ਤੌਰ ਤੇ, ਓਡੀਸ਼ਾ 'ਚ ਝੋਨੇ ਦਾ ਝਾੜ 2,537 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਸੀ। ਬਿਹਾਰ ਅਤੇ ਓਡੀਸ਼ਾ ਵਿਚ ਕਣਕ ਦਾ ਝਾੜ ਕ੍ਰਮਵਾਰ 2,062 ਕਿਲੋਗ੍ਰਾਮ ਅਤੇ 1,467 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਸੀ (ਟੀ ਈ 2009-10) ਜਦ ਕਿ ਪੂਰੇ ਭਾਰਤ ਦੀ ਔਸਤ 2,850 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਸੀ (ਭਾਰਤ, ਖੇਤੀਬਾੜੀ ਮੰਤਰਾਲਾ, 2011)। ਇਸੇ ਤਰ੍ਹਾਂ ਹੀ ਦੂਸਰੀਆਂ ਬਹੁਤ ਸਾਰੀਆਂ ਫ਼ਸਲਾਂ ਜਿਵੇਂ ਮੱਕੀ, ਛੋਲੇ, ਅਰਹਰ, ਤੇਲੀ ਬੀਜ ਅਤੇ ਸਰ੍ਹੋਂ, ਮੂੰਗਫਲੀ, ਗੰਨਾ ਅਤੇ ਦੂਜੀਆਂ ਕਈ ਫ਼ਸਲਾਂ ਦਾ ਝਾੜ ਰਾਸ਼ਟਰੀ ਔਸਤ ਨਾਲੋਂ ਘੱਟ ਸੀ। ਫ਼ਸਲ ਦੇ ਝਾੜ ਵਿਚ ਵੱਡੀ ਭਿੰਨਤਾ ਹੋਣ ਕਾਰਨ ਖੇਤੀਬਾੜੀ ਵਿਚਲੇ ਜੋਖ਼ਮ ਕਰਕੇ ਇਕ ਹੋਰ ਰੁਕਾਵਟ ਖੜ੍ਹੀ ਹੋ ਜਾਂਦੀ ਹੈ ਜਿਸ ਨੂੰ ਦਰੁਸਤ ਕੀਤੇ ਜਾਣ ਦੀ ਜ਼ਰੂਰਤ ਹੈ।

## ਜੈਵਿਕ ਅਤੇ ਅਜੈਵਿਕ ਰੁਕਾਵਟਾਂ

ਪੂਰਬੀ ਭਾਰਤ ਵਿਚ ਪ੍ਰਮੁੱਖ ਫ਼ਸਲਾਂ ਦੇ ਘੱਟ ਝਾੜ ਦਾ ਕਾਰਨ ਬਹੁਤ ਸਾਰੀਆਂ ਜੈਵਿਕ ਅਤੇ ਅਜੈਵਿਕ ਰੁਕਾਵਟਾਂ ਹਨ। ਬਿਹਾਰ ਅਤੇ ਓਡੀਸ਼ਾ ਦੇ ਵੱਖ-ਵੱਖ ਸਥਾਨਾਂ 'ਤੇ ਹੋਈਆਂ *ਫੋਕਸ ਗਰੁੱਪ* ਦੀਆਂ ਮੁਲਾਕਾਤਾਂ ਵਿਚ ਇਹ ਪ੍ਰਗਟਾਵਾ ਹੋਇਆ ਕਿ ਅਨੇਕ ਕੀੜਿਆਂ ਅਤੇ ਬੀਮਾਰੀਆਂ ਦੀ ਵਜਹ ਕਰਕੇ 25 ਤੋਂ 40 ਪ੍ਰਤਿਸ਼ਤ ਝਾੜ ਵਿਚ ਕਮੀ ਆ ਜਾਂਦੀ ਹੈ। ਪੂਰਬੀ ਰਾਜਾਂ ਵਿਚ ਕੀਟਨਾਸ਼ਕਾਂ ਦੀ ਵਰਤੋਂ ਬਹੁਤ ਹੀ ਮਾਮੂਲੀ ਹੈ, ਜਿਸ ਕਰਕੇ ਫ਼ਸਲ ਦੇ ਨੁਕਸਾਨ ਦੀ ਸੰਭਾਵਨਾ ਵਧ ਜਾਂਦੀ ਹੈ ਜਿਸ ਦਾ ਅਸਰ ਜ਼ਿਆਦਾਤਰ ਫ਼ਸਲਾਂ ਦੇ ਘੱਟ ਝਾੜ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸੇ ਤਰ੍ਹਾਂ ਹੀ, ਜੈਵਿਕ ਰੁਕਾਵਟਾਂ ਜਿਵੇਂ ਹੜ੍ਹ, ਸੋਕਾ, ਤੂਫ਼ਾਨ, ਮਿੱਟੀ ਦਾ ਖਾਰਾਪਨ, ਮਿੱਟੀ ਦਾ ਤੇਜ਼ਾਬੀਪਨ ਅਤੇ ਬਿਹਾਰ ਅਤੇ ਓਡੀਸ਼ਾ ਵਿਚ ਸੇਮ ਫ਼ਸਲਾਂ ਨੂੰ ਬਰਬਾਦ ਕਰ ਦਿੰਦੇ ਹਨ। ਬਿਹਾਰ ਵਿਚ ਫ਼ਸਲਾਂ ਹੇਠਲਾ ਲਗਭਗ 41 ਪ੍ਰਤਿਸ਼ਤ ਖੇਤਰ (2.2 ਮਿਲੀਅਨ ਹੈਕਟੇਅਰ) ਹੜ੍ਹਾਂ ਦੀ ਮਾਰ ਹੇਠ ਹੈ। ਇਸੇ ਤਰ੍ਹਾਂ ਹੀ, ਮਿੱਟੀ ਦਾ ਖਾਰਾਪਨ ਲਗਭਗ 300,000 ਹੈਕਟੇਅਰ ਵਿਚ ਫ਼ਸਲਾਂ ਦੇ ਝਾੜ 'ਤੇ ਅਸਰਅੰਦਾਜ਼ ਹੁੰਦਾ ਹੈ। ਲਗਭਗ 2,36,000 ਹੈਕਟੇਅਰ ਭੂਮੀ ਵਿਚ ਤੇਜ਼ਾਬੀਪਨ ਇਕ ਸਮੱਸਿਆ ਹੈ। ਓਡੀਸ਼ਾ ਵਿਚ

ਤਾਲਿਕਾ-2.1 : ਬਿਹਾਰ ਅਤੇ ਓਡੀਸ਼ਾ ਦੇ ਰਾਜਾਂ ਦੇ ਕੁੱਲ ਘਰੇਲੂ ਉਤਪਾਦ ਦੇ ਉੱਪ-ਖੇਤਰਾਂ ਵਿਚ ਸਾਲਾਨਾ ਮਿਸ਼ਰਤ ਵਿਕਾਸ ਦਰ

ਪ੍ਰਤਿਸ਼ਤ ਸਾਲਾਨਾ

| | 1993-94 ਤੋਂ 2000-01 | | | 2001-02 ਤੋਂ 2011-12 | | |
|---|---|---|---|---|---|---|
| ਵੇਰਵਾ | ਬਿਹਾਰ | ਓਡੀਸ਼ਾ | ਭਾਰਤ | ਬਿਹਾਰ | ਓਡੀਸ਼ਾ | ਭਾਰਤ |
| ਖੇਤੀਬਾੜੀ ਅਤੇ ਪਸ਼ੂਧਨ | 2.6 | -1.2 | 3.0 | 4.4 | 4.3 | 3.3 |
| ਜੰਗਲਾਤ ਅਤੇ ਲੱਕੜ | 2.2 | 2.0 | 2.0 | -0.5 | 0.7 | 1.8 |
| ਮੱਛੀ ਪਾਲਣ | 5.3 | 3.5 | 3.4 | 2.5 | 3.4 | 3.8 |
| ਖੇਤੀ ਅਤੇ ਸਹਾਇਕ ਸਰਗਰਮੀਆਂ | 2.6 | -0.7 | 3.0 | 3.8 | 3.8 | 3.2 |
| ਰਾਜ ਦਾ ਕੁੱਲ ਘਰੇਲੂ ਉਤਪਾਦ | 4.5 | 3.7 | 6.3 | 8.4 | 9.2 | 8.3 |

*ਸਰੋਤ : ਭਾਰਤ ਸਰਕਾਰ (2012)*

ਲਗਭਗ 2.57 ਮਿਲੀਅਨ ਹੈਕਟੇਅਰ ਰਕਬੇ ਵਿਚ ਹੜ੍ਹਾਂ ਕਰਕੇ ਖੇਤੀ ਉਤਪਾਦਨ 'ਤੇ ਮਾਰ ਪੈਂਦੀ ਹੈ (1.16 ਮਿਲੀਅਨ ਹੈਕਟੇਅਰ ਹੜ੍ਹਾਂ ਕਰਕੇ), (1.26 ਮਿਲੀਅਨ ਹੈਕਟੇਅਰ ਸੋਕੇ ਕਰਕੇ) ਅਤੇ (1.26 ਮਿਲੀਅਨ ਹੈਕਟੇਅਰ ਤੱਟੀ ਖਾਰੇਪਨ ਕਰਕੇ (0.15 ਮਿਲੀਅਨ ਹੈਕਟੇਅਰ)। ਓਡੀਸ਼ਾ ਵਿਚ ਸੂਖ਼ਮ-ਪੋਸ਼ਕ ਤੱਤਾਂ ਦੀ ਘਾਟ ਵੀ ਬਹੁਤ ਜ਼ਿਆਦਾ ਹੈ, ਜ਼ਿੰਕ, ਬੋਰੋਨ ਅਤੇ ਸਲਫਰ ਦੀ ਕਮੀ ਖ਼ਾਸ ਕਰਕੇ ਉਪਰਲੇ ਖੇਤਰਾਂ ਵਿਚ ਫ਼ਸਲਾਂ ਦੇ ਝਾੜ 'ਤੇ ਮਾੜਾ ਅਸਰ ਪਾ ਰਹੀ ਹੈ। ਇਸ ਕਰਕੇ ਢੁੱਕਵੇਂ ਤਕਨਾਲੋਜੀਕਲ, ਸੰਸਥਾਗਤ ਅਤੇ ਨੀਤੀਗਤ ਦਖ਼ਲਾਂ ਨਾਲ ਜੈਵਿਕ ਅਤੇ ਅਜੈਵਿਕ ਰੁਕਾਵਟਾਂ ਦੇ ਅਸਰ ਨੂੰ ਘੱਟ ਕਰਨ ਦੀ ਚੁਨੌਤੀ ਹੈ। ਸੋਧੀਆਂ ਕਿਸਮਾਂ ਜਾਂ ਦੋਗਲੇ ਬੀਜ ਅਤੇ ਪ੍ਰਬੰਧਨ ਦੀਆਂ ਪ੍ਰਥਾਵਾਂ ਜੋ ਫ਼ਸਲਾਂ ਦੇ ਨੁਕਸਾਨ ਨੂੰ ਘੱਟ ਕਰ ਸਕਦੀਆਂ ਹਨ, ਨੂੰ ਕਿਸਾਨਾਂ ਦੇ ਖੇਤਾਂ ਵਿਚ ਅਪਣਾਉਣ ਦੀ ਜ਼ਰੂਰਤ ਹੈ। ਏਕੀਕ੍ਰਿਤ ਕੀਟ ਪ੍ਰਬੰਧਨ ਅਤੇ ਏਕੀਕ੍ਰਿਤ ਜਲ-ਪ੍ਰਬੰਧਨ ਦੂਜੇ ਸੰਭਵ ਵਿਕਲਪ ਹਨ ਜੋ ਫ਼ਸਲਾਂ ਦੇ ਝਾੜ ਵਿਚ ਵਾਧਾ ਕਰ ਸਕਦੇ ਹਨ।

## ਖੇਤੀ ਵਾਲੀ ਜ਼ਮੀਨ ਦਾ ਛੋਟਾ ਆਕਾਰ

ਪੂਰਬੀ ਭਾਰਤ ਵਿਚ ਖੇਤੀਬਾੜੀ ਵਿਕਾਸ ਦੇ ਰਸਤੇ ਵਿਚ ਵੱਡੀਆਂ ਚੁਨੌਤੀਆਂ ਵਿਚੋਂ ਇਕ ਛੋਟੀ ਮਾਲਕੀ ਦੀ ਭਰਮਾਰ ਹੋਣਾ ਹੈ। ਬਿਹਾਰ ਅਤੇ ਓਡੀਸ਼ਾ ਵਿਚ ਕ੍ਰਮਵਾਰ 90 ਅਤੇ 60 ਪ੍ਰਤਿਸ਼ਤ ਜ਼ਮੀਨ ਸੀਮਾਂਤ ਮਾਲਕੀ ਦੇ ਵਰਗ ਵਿਚ ਆਉਂਦੀ ਹੈ। ਸੀਮਾਂਤ ਮਾਲਕੀ ਦਾ ਬਿਹਾਰ ਅਤੇ ਓਡੀਸ਼ਾ ਵਿਚ ਕੁੱਲ ਭੂਮੀ ਖੇਤਰ ਵਿਚ ਹਿੱਸਾ ਕ੍ਰਮਵਾਰ 53 ਅਤੇ 27 ਪ੍ਰਤਿਸ਼ਤ ਸੀ (ਤਾਲਿਕਾ-3)। ਬਿਹਾਰ ਵਿਚ ਜ਼ਮੀਨ ਮਾਲਕੀ ਦਾ ਔਸਤ ਆਕਾਰ 1995-96 ਦੇ 0.60 ਹੈਕਟੇਅਰ ਤੋਂ ਘਟ ਕੇ 2005-06 ਵਿਚ 0.43 ਹੈਕਟੇਅਰ ਦੇ ਨਿਊਨਤਮ ਪੱਧਰ 'ਤੇ ਪਹੁੰਚ ਗਿਆ। ਓਡੀਸ਼ਾ ਵਿਚ ਜ਼ਮੀਨ ਮਾਲਕੀ ਦਾ ਔਸਤ ਆਕਾਰ 1.15 ਹੈਕਟੇਅਰ ਸੀ ਜੋ ਕੁੱਲ ਭਾਰਤੀ ਔਸਤ ਨਾਲੋਂ ਤਾਂ ਘੱਟ ਸੀ ਪਰ ਬਿਹਾਰ ਨਾਲੋਂ ਥੋੜ੍ਹਾ ਚੰਗਾ ਸੀ। ਅਸਮਾਨਤਾ ਦਾ ਵੱਡਾ ਪੱਧਰ ਇਨ੍ਹਾਂ ਦੋਵਾਂ ਰਾਜਾਂ ਅੰਦਰ ਜ਼ਮੀਨ ਮਾਲਕੀ ਦੀ ਇਕ ਹੋਰ ਵਿਸ਼ੇਸ਼ਤਾ ਸੀ। ਜਦ ਕਿ ਬਿਹਾਰ ਅੰਦਰ ਦਰਮਿਆਨੇ ਅਤੇ ਵੱਡੀ ਮਾਲਕੀ ਵਾਲੇ 1 ਪ੍ਰਤਿਸ਼ਤ ਘਰਾਂ ਕੋਲ ਭੂਮੀ ਖੇਤਰ ਦਾ 93 ਪ੍ਰਤਿਸ਼ਤ ਸੀ, ਓਡੀਸ਼ਾ ਵਿਚ 4 ਹੈਕਟੇਅਰ ਤੋਂ ਵਧੇਰੇ ਮਾਲਕੀ ਵਾਲੇ 3 ਪ੍ਰਤਿਸ਼ਤ ਘਰਾਂ ਕੋਲ ਜ਼ਮੀਨ ਦਾ 17 ਪ੍ਰਤਿਸ਼ਤ ਸੀ। ਵੱਡੀ ਮਾਲਕੀ ਦੇ ਹੱਕ ਵਿਚ ਅਜਿਹੀ ਕਾਣੀ ਵੰਡ ਨੇ ਪੇਂਡੂ ਖੇਤਰਾਂ 'ਚ ਆਮਦਨ ਅਸਮਾਨਤਾ ਤੇ ਖੇਤੀ ਕਿੱਤੇ ਵਿਚਲੀ ਨਿਰਾਸ਼ਾ ਨੂੰ ਹੋਰ ਵਧਾ ਦਿਤਾ ਹੈ।

ਛੋਟੀ ਮਾਲਕੀ ਤੋਂ ਬਿਨਾਂ ਠੇਕੇ 'ਤੇ ਜ਼ਮੀਨ ਦੇਣ, ਮੁਜਾਰਾ ਪ੍ਰਥਾ ਅਤੇ ਫ਼ਸਲਾਂ ਹਿੱਸੇ 'ਤੇ ਬੀਜਣ ਦੀਆਂ ਸਮੱਸਿਆਵਾਂ ਖੇਤੀਬਾੜੀ ਵਿਚ ਨਿਵੇਸ਼ ਦੇ ਰਾਹ ਦਾ ਰੋੜਾ ਬਣਦੀਆਂ ਹਨ। ਮੁਜਾਰਾ ਪ੍ਰਥਾ ਬਿਹਾਰ ਅਤੇ ਓਡੀਸ਼ਾ ਵਿਚ ਪ੍ਰਚਲਿਤ ਹੈ ਅਤੇ ਇਨ੍ਹਾਂ ਕਿਸਾਨਾਂ ਨੂੰ ਜ਼ਮੀਨ ਦੇ ਮਾਲਕ ਨਾਲ ਨਗਦ ਜਾਂ ਫ਼ਸਲ ਸਾਂਝਾ ਕਰਨਾ ਕਰਨਾ ਪੈਂਦਾ ਹੈ। ਓਡੀਸ਼ਾ ਵਿਚ ਪੱਟੇ ਹੇਠਲਾ ਲਗਭਗ 75 ਪ੍ਰਤਿਸ਼ਤ ਖੇਤਰ ਜ਼ਮੀਨ ਦੇ ਮਾਲਕ ਨਾਲ ਉਪਜ ਸਾਂਝੀ ਕਰਦਾ ਹੈ। ਨਾਲ ਦੀ ਨਾਲ, ਕਾਰਜ ਕਾਲ ਸੁਰੱਖਿਆ ਤੋਂ ਸੱਖਣੀ ਪੱਟਾ ਪ੍ਰਣਾਲੀ ਹਿੱਸੇਦਾਰ ਨੂੰ ਖੇਤੀਬਾੜੀ ਵਿਚ ਨਿਵੇਸ਼ ਕਰਨ ਤੋਂ ਨਿਰਉਤਸ਼ਾਹਿਤ ਕਰਦੀ ਹੈ, ਖ਼ਾਸ ਕਰਕੇ ਜ਼ਮੀਨ ਵਿਕਾਸ ਅਤੇ ਸਿੰਜਾਈ ਖੇਤਰ ਵਿਚ।

## ਕਮਜ਼ੋਰ ਸੰਸਥਾਨ

ਵਿੱਤੀ ਬੀਮਾ ਅਤੇ ਬਾਜ਼ਾਰੀ ਸੰਸਥਾਨ, ਜੋ ਖੇਤੀਬਾੜੀ ਖੇਤਰ ਅਤੇ ਇਸ ਦੀਆਂ ਸਰਗਰਮੀਆਂ ਦੀ ਸਹਾਇਤਾ ਲਈ ਬਹੁਤ ਜ਼ਰੂਰੀ ਹੁੰਦੇ ਹਨ, ਬਹੁਤ ਕਮਜ਼ੋਰ ਹਨ ਅਤੇ ਬਿਹਾਰ ਤੇ ਓਡੀਸ਼ਾ ਵਿਚ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਇਨ੍ਹਾਂ ਦੋਹਾਂ ਰਾਜਾਂ ਅੰਦਰ ਬੈਂਕਾਂ ਦਾ ਬੁਨਿਆਦੀ ਢਾਂਚਾ ਨਾਕਾਫ਼ੀ ਪਾਇਆ ਗਿਆ ਹੈ, ਭਾਵੇਂ ਕਿ ਸਮੇਂ ਦੇ ਨਾਲ ਖੇਤੀਬਾੜੀ ਲਈ ਕਰਜ਼ੇ ਦੀ ਆਮਦ ਵਿਚ ਕਾਫ਼ੀ ਵਾਧਾ ਹੋਇਆ ਹੈ। ਇਸ ਦੇ ਨਤੀਜੇ ਵਜੋਂ ਲਾਭਪਾਤਰੀਆਂ ਦੀ ਗਿਣਤੀ ਘੱਟ ਰਹਿੰਦੀ ਹੈ ਅਤੇ ਟੀਚੇ ਦੇ ਮੁਕਾਬਲੇ ਕਰਜ਼ੇ ਘੱਟ ਦਿਤੇ ਜਾਂਦੇ ਹਨ। ਇਕ ਤਾਜ਼ਾ ਅਧਿਐਨ (ਰਾਇ, ਕੁਮਾਰ ਅਤੇ ਵਿਰਮਾਨੀ, 2010) ਵਿਚ ਬਿਆਨ ਕੀਤਾ ਗਿਆ ਹੈ ਕਿ ਪੰਜਾਬ ਵਿਚਲੇ ਆਪਣੇ ਭਾਈਵਾਲ ਦੇ ਮੁਕਾਬਲੇ ਬਿਹਾਰ ਵਿਚਲੀ ਬੈਂਕ ਦੀ ਇਕ ਸ਼ਾਖਾ ਚਾਰ ਗੁਣਾ ਵੱਧ ਜਨਸੰਖਿਆ ਨੂੰ ਸੇਵਾਵਾਂ ਦੇ ਰਹੀ ਹੈ। ਓਡੀਸ਼ਾ ਵਿਚ ਵੀ ਸਥਿਤੀ ਕੋਈ ਵੱਖ ਨਹੀਂ ਹੈ, ਕਿਉਂਕਿ ਇਨ੍ਹਾਂ ਦੋਵਾਂ ਰਾਜਾਂ ਅੰਦਰ ਕਰਜ਼ਾ ਦੇਣ ਦੀ ਪ੍ਰਣਾਲੀ ਦੂਜੇ ਖੇਤੀਬਾੜੀ ਪੱਖੋਂ ਵਿਕਸਤ ਰਾਜਾਂ ਦੇ ਮੁਕਾਬਲੇ ਬਹੁਤ ਪਛੜੀ ਹੋਈ ਹੈ। ਖੇਤੀ ਬੀਮਾ ਖੇਤਰ ਅਤੇ ਤਕਨਾਲੋਜੀ, ਲਾਗਤ ਅਤੇ ਪਸਾਰ ਸੇਵਾਵਾਂ ਦੇਣ ਦੀ ਪ੍ਰਣਾਲੀ ਵੀ ਬਿਹਾਰ ਅਤੇ ਓਡੀਸ਼ਾ ਵਿਚ ਘੱਟ ਵਿਕਸਤ ਹੈ। ਛੋਟੀ ਮਾਲਕੀ ਦੇ ਚਲਦਿਆਂ ਚੁਨੌਤੀ ਖੋਜੀ ਸੰਸਥਾਨ ਵਿਕਸਤ ਕਰਨ ਦੀ ਹੈ - ਜਿਨ੍ਹਾਂ ਦੀਆਂ ਸੇਵਾਵਾਂ ਲੈਣ, ਲਾਗਤ ਅਤੇ ਉਤਪਾਦ ਬਾਜ਼ਾਰ ਦੀਆਂ ਲੈਣ ਦੀਆਂ ਕੀਮਤਾਂ ਬਹੁਤ ਜ਼ਿਆਦਾ ਹਨ।

## ਨਾਕਾਫ਼ੀ ਬੁਨਿਆਦੀ ਢਾਂਚਾ

ਭਾਵੇਂ ਕਿ ਪਿਛਲੇ ਕੁਝ ਕੁ ਵਰ੍ਹਿਆਂ ਦੌਰਾਨ ਬਿਹਾਰ ਅਤੇ ਓਡੀਸ਼ਾ ਨੇ ਬੁਨਿਆਦੀ ਢਾਂਚਾ ਅਤੇ ਸੰਬੰਧਿਤ ਸੇਵਾਵਾਂ ਵਿਕਸਤ ਕਰਨ ਵਿਚ ਸ਼ਾਨਦਾਰ ਕਾਰਗੁਜ਼ਾਰੀ ਵਿਖਾਈ ਹੈ, ਪਰ ਉਨ੍ਹਾਂ ਦਾ ਰੁਤਬਾ ਹਾਲੇ ਵੀ ਘੱਟ ਹੀ ਹੈ। ਦੋਹਾਂ ਰਾਜਾਂ ਵਿਚ ਖੇਤੀਬਾੜੀ ਬਾਜ਼ਾਰ ਘੱਟ ਵਿਕਸਤ ਅਤੇ ਦੂਰ-ਦੂਰ ਫ਼ੈਲੇ ਹੋਏ ਹਨ। ਮਾੜੀ ਕਵਰੇਜ਼ ਕਾਰਨ ਅਕਸਰ ਕਿਸਾਨਾਂ ਨੂੰ ਝੋਨੇ, ਕਣਕ, ਮੱਕੀ ਅਤੇ ਦੂਸਰੀਆਂ ਵਸਤਾਂ ਦੀਆਂ ਕੀਮਤਾਂ ਘੱਟੋ-ਘੱਟ ਸਮਰਥਨ ਮੁੱਲ ਨਾਲੋਂ ਘੱਟ ਮਿਲਦੀਆਂ ਹਨ। ਹੋਰ, ਵਰਤਮਾਨ ਬਾਜ਼ਾਰਾਂ ਕੋਲ ਬੁਨਿਆਦੀ ਢਾਂਚੇ ਜਿਵੇਂ ਕੋਲਡ ਸਟੋਰ, ਗੁਦਾਮ, ਦਰਜਾਬੰਦੀ ਸਹੂਲਤਾਂ, ਦੂਜੀਆਂ ਜਨ ਸਹੂਲਤਾਂ ਆਦਿ ਦੀ ਘਾਟ ਹੈ। ਬੁਨਿਆਦੀ ਢਾਂਚੇ ਦੀਆਂ ਰੁਕਾਵਟਾਂ ਦੇ ਨਾਲ ਹੀ ਪਿਛਲੇ ਕੁਝ

ਤਾਲਿਕਾ-3 : ਬਿਹਾਰ ਅਤੇ ਓਡੀਸ਼ਾ ਵਿਚ ਜ਼ਮੀਨ ਦੀ ਵੰਡ, 2005-06

| | ਬਿਹਾਰ | | | ਓਡੀਸ਼ਾ | | |
|---|---|---|---|---|---|---|
| ਜ਼ਮੀਨ ਦਾ ਆਕਾਰ (ਹੈਕ) | ਜ਼ਮੀਨ ਵਾਲਿਆਂ ਦੀ ਗਿਣਤੀ (%) | ਰਕਬਾ ਪ੍ਰਤਿਸ਼ਤ | ਔਸਤ ਜ਼ਮੀਨ ਦਾ ਆਕਾਰ (ਹੈਕ) | ਜ਼ਮੀਨ ਵਾਲਿਆਂ ਦੀ ਗਿਣਤੀ (%) | ਰਕਬਾ ਪ੍ਰਤਿਸ਼ਤ | ਔਸਤ ਜ਼ਮੀਨ ਦਾ ਆਕਾਰ (ਹੈਕ) |
| <1 | 89.64 | 53.00 | 0.25 | 59.6 | 26.7 | 0.52 |
| 1.0-2.0 | 6.68 | 19.58 | 1.25 | 26.5 | 31.6 | 1.37 |
| 2-4 | 2.99 | 18.15 | 2.59 | 10.8 | 24.9 | 2.65 |
| 4-10 | 0.67 | 8.09 | 5.16 | 2.7 | 13.1 | 5.51 |
| >10 | 0.02 | 1.18 | 20.16 | 0.3 | 3.6 | 15.89 |
| ਸਾਰੇ ਵਰਗ | 100.00 | 100.00 | 0.43 | 100.0 | 100.0 | 1.15 |

*ਸਰੋਤ : ਖੇਤੀਬਾੜੀ ਮਰਦਮਸ਼ੁਮਾਰੀ 2005-06 (ਭਾਰਤ ਸਰਕਾਰ)*

ਦਹਾਕਿਆਂ ਤੋਂ ਚਲਦੇ ਆ ਰਹੇ ਨੀਤੀ ਖਲਾਅ ਨੇ ਵੀ ਇਨ੍ਹਾਂ ਰਾਜਾਂ ਅੰਦਰ ਖੇਤੀਬਾੜੀ ਬਾਜ਼ਾਰਾਂ ਦੀ ਕਾਰਜ ਸਮਰਥਾ ਨੂੰ ਪ੍ਰਭਾਵਿਤ ਕੀਤਾ ਹੈ। ਬਿਹਾਰ ਵਿਚ ਬਾਜ਼ਾਰ ਨਿਯਮਨ ਦੀ ਅਣਹੋਂਦ ਅਤੇ ਓਡੀਸ਼ਾ ਅੰਦਰ ਮਾਡਲ ਮਾਰਕੀਟਿੰਗ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਨਾ ਕਰਨ ਕਰਕੇ ਬਾਜ਼ਾਰਾਂ ਦੇ ਵਿਕਾਸ ਵਿਚ ਰੁਕਾਵਟਾਂ ਆਈਆਂ ਹਨ।

ਖੇਤੀਬਾੜੀ ਸੰਬੰਧਿਤ ਮੰਡੀਆਂ ਤੋਂ ਇਲਾਵਾ, ਬਿਹਾਰ ਅੰਦਰ ਆਮ ਬੁਨਿਆਦੀ ਢਾਂਚਾ ਨਿਰਾਸ਼ਾ ਦੀ ਹੱਦ ਤਕ ਅਵਿਕਸਤ ਹੈ। ਰਾਜ ਦੇ ਸਾਹਮਣੇ ਮਾੜੀਆਂ ਸੜਕਾਂ ਦੇ ਜਾਲ, ਕਮਜ਼ੋਰ ਬਿਜਲੀ ਖੇਤਰ ਅਤੇ ਅਕੁਸ਼ਲ ਸਿੰਜਾਈ ਪ੍ਰਣਾਲੀ ਦੀਆਂ ਚੁਨੌਤੀਆਂ ਹਨ। ਓਡੀਸ਼ਾ ਵਿਚ ਭਾਵੇਂ ਸੜਕੀ ਅਤੇ ਰੇਲਵੇ ਜਾਲ ਵਧੀਆ ਹੈ, ਪਰ ਇਹ ਰਾਜ ਮਾੜੇ ਪੇਂਡੂ ਬਿਜਲੀਕਰਨ ਅਤੇ ਅਕੁਸ਼ਲ ਸਿੰਜਾਈ ਪ੍ਰਣਾਲੀ ਤੋਂ ਪੀੜਤ ਹੈ। ਬੁਨਿਆਦੀ ਢਾਂਚੇ ਵਿਚ ਸੁਧਾਰ ਕਰਨ ਨਾਲ ਇਨ੍ਹਾਂ ਰਾਜਾਂ ਅੰਦਰ ਖੇਤੀਬਾੜੀ ਵਿਕਾਸ ਨੂੰ ਵੱਡਾ ਹੁਲਾਰਾ ਮਿਲੇਗਾ।

## ਪੂਰਬੀ ਭਾਰਤ ਵਿਚ ਖੇਤੀਬਾੜੀ ਨੂੰ ਮੁੜ-ਤਾਕਤ ਦੇਣਾ

ਪੂਰਬੀ ਭਾਰਤ ਵਿਚ ਚੁਨੌਤੀਆਂ ਨਾਲ ਨਜਿੱਠਣ ਅਤੇ ਮੌਕੇ ਪੈਦਾ ਕਰਨ ਲਈ ਕੁਝ ਮਹੱਤਵਪੂਰਨ ਮੁੱਦੇ ਇਸ ਖੰਡ ਵਿਚ ਸੰਖੇਪ ਵਿਚ ਪੇਸ਼ ਕੀਤੇ ਜਾ ਰਹੇ ਹਨ :

***ਖੇਤੀ 'ਚ ਨਿਵੇਸ਼ ਨੂੰ ਪਹਿਲ ਦੇਣਾ :*** ਬਿਹਾਰ ਅਤੇ ਓਡੀਸ਼ਾ ਵਿਚ ਆਰਥਿਕ ਤੇ ਸਮਾਜਿਕ ਸੇਵਾਵਾਂ ਦੇ ਮੁਕਾਬਲੇ ਖੇਤੀਬਾੜੀ ਵਿਚ ਨਿਵੇਸ਼ ਕਾਫ਼ੀ ਘੱਟ ਹੈ। ਵੱਖ-ਵੱਖ ਉਪ-ਖੇਤਰਾਂ ਜਿਵੇਂ ਫ਼ਸਲਾਂ, ਪਸ਼ੂ-ਪਾਲਣ, ਡੇਅਰੀ, ਮੱਛੀ-ਪਾਲਣ ਅਤੇ ਦੂਜੇ ਖੇਤਰਾਂ ਲਈ ਸਰੋਤਾਂ ਦੀ ਵੰਡ ਉਨ੍ਹਾਂ ਦੇ ਉਤਪਾਦਨ ਦੀ ਹਿੱਸੇਦਾਰੀ ਦੇ ਅਨੁਪਾਤ ਵਿਚ ਨਹੀਂ ਹੈ (ਭਾਰਤ, ਯੋਜਨਾ ਆਯੋਗ, ਵੱਖ-ਵੱਖ ਸਾਲ)। ਖੇਤੀਬਾੜੀ ਖੇਤਰ ਜ਼ਿਆਦਾ ਸਰੋਤਾਂ ਦੀ ਮੰਗ ਕਰਦਾ ਹੈ ਖ਼ਾਸ ਕਰਕੇ ਉਤਪਾਦਿਕਤਾ ਵਿਚ ਸੁਧਾਰ, ਖੇਤੀ ਵਿਭਿੰਨਤਾ ਨੂੰ ਉਤਸ਼ਾਹ ਅਤੇ ਹੜ੍ਹ ਰੋਕਣ, ਸਿੰਜਾਈ, ਨਿਕਾਸੀ ਪ੍ਰਬੰਧਨ ਅਤੇ ਭੂਮੀ ਵਿਕਾਸ ਲਈ ਬੁਨਿਆਦੀ ਢਾਂਚਾ ਵਿਕਸਤ ਕਰਨ ਵਾਸਤੇ। ਪਸ਼ੂਧਨ ਵਾਸਤੇ ਨਿਵੇਸ਼ ਵਧਾਉਣਾ ਪਵੇਗਾ ਤਾਂ ਕਿ ਬੇਹਤਰ ਪ੍ਰਜਨਣ ਅਤੇ ਪਸ਼ੂ ਚਿਕਿਤਸਾ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਪਿਛਵਾੜੇ ਵਿਚ ਮੁਰਗੀ-ਪਾਲਣ ਬਿਹਾਰ ਅਤੇ ਓਡੀਸ਼ਾ ਦੇ ਦੂਰ-ਦਰਾਜ਼ ਦੇ ਪਿੰਡਾਂ ਵਿਚ ਵੱਡੀਆਂ ਸੰਭਾਵਨਾਵਾਂ ਤਜਵੀਜ਼ ਕਰਦਾ ਹੈ। ਇਸੇ ਤਰ੍ਹਾਂ ਹੀ, ਇਸ ਖੇਤਰ ਵਿਚ ਡੇਅਰੀ ਦੀਆਂ ਅਸੀਮ ਸੰਭਾਵਨਾਵਾਂ ਹਨ ਜਿਸ ਵਿਚ ਛੋਟੀ ਮਾਲਕੀ ਵਾਲਿਆਂ ਦਾ ਦਬਦਬਾ ਹੈ। ਫਲਾਂ ਅਤੇ ਸਬਜ਼ੀਆਂ ਦੇ ਖੇਤਰ ਵਿਚ ਵੀ ਵੱਡੇ ਮੌਕੇ ਹਨ ਜਿਸ ਵਾਸਤੇ ਬਾਜ਼ਾਰ, ਕੋਲਡ ਸਟੋਰ, ਠੰਢੀਆਂ ਕੜੀਆਂ-ਲੜੀਆਂ, ਗੁਦਾਮ ਅਤੇ ਹੋਰ ਸਹੂਲਤਾਂ ਵਿਕਸਤ ਕਰਨ ਦੀ ਜ਼ਰੂਰਤ ਹੈ। ਉਤਪਾਦਨ ਪੱਧਰ ਅਤੇ ਵਾਢੀ ਮਗਰੋਂ ਦੇ ਬਾਜ਼ਾਰ ਲਈ ਨਿੱਜੀ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਵਪਾਰਕ ਮਾਡਲ ਬਣਾਏ ਜਾਣੇ ਚਾਹੀਦੇ ਹਨ। ਖੇਤੀ ਖੋਜ ਅਤੇ ਪਸਾਰ ਪ੍ਰਣਾਲੀ ਨੂੰ ਦੁਬਾਰਾ ਮੁੜ-ਜਾਗ੍ਰਿਤ ਕਰਨ ਦੀ ਲੋੜ ਹੈ ਅਤੇ ਜ਼ਰੂਰਤ ਮੁਤਾਬਕ ਖੋਜ ਕਰਨ ਲਈ ਢੁੱਕਵੇਂ ਸਰੋਤ ਵੀ ਵੰਡੇ ਜਾਣੇ ਚਾਹੀਦੇ ਹਨ। ਖੇਤੀਬਾੜੀ ਮਾਹਿਰ ਜ਼ਿਆਦਾ ਸਰੋਤ ਵੰਡਣ ਨਾਲ ਸੰਮਿਲਤ ਵਿਕਾਸ ਨਜ਼ਰ ਆਵੇਗਾ, ਗਰੀਬੀ ਅਤੇ ਕੁਪੋਸ਼ਣ ਦਾ ਖਾਤਮਾ ਹੋਵੇਗਾ।

| ਤਾਲਿਕਾ-4.1 : ਬਿਹਾਰ ਅਤੇ ਓਡੀਸ਼ਾ ਦੇ ਜ਼ਿਲ੍ਹਿਆਂ ਅੰਦਰ ਝਾੜ ਦੇ ਖੱਪੇ | | | | | |
|---|---|---|---|---|---|
| | | ਬਿਹਾਰ | | ਓਡੀਸ਼ਾ | |
| ਫ਼ਸਲ | ਪ੍ਰਤਿ ਸਾਲ | ਟੀ ਈ 1999-00 | ਟੀ ਈ 2009-10 | ਟੀ ਈ 1999-00 | ਟੀ ਈ 2009-10 |
| ਝੋਨਾ | ਔਸਤ ਝਾੜ | 1,495 | 1,335 | 1,154 | 1,528 |
| | ਸੰਭਾਵਿਤ ਝਾੜ | 2,511 | 2,532 | 2,143 | 2,305 |
| | ਸੀ ਵੀ (ਪ੍ਰਤਿਸ਼ਤ) | 28.2 | 37.2 | 38.2 | 27.5 |
| ਕਣਕ | ਔਸਤ ਝਾੜ | 2,086 | 2,170 | 1,351 | 1,346 |
| | ਸੰਭਾਵਿਤ ਝਾੜ | 2,631 | 3,089 | 2,000 | 2,000 |
| | ਸੀ ਵੀ (ਪ੍ਰਤਿਸ਼ਤ) | 15.1 | 19.8 | 25.7 | 24.0 |
| ਮੱਕੀ | ਔਸਤ ਝਾੜ | 2,056 | 2,585 | 1,182 | 1,124 |
| | ਸੰਭਾਵਿਤ ਝਾੜ | 2,949 | 3,629 | 1,780 | 2,750 |
| | ਸੀ ਵੀ (ਪ੍ਰਤਿਸ਼ਤ) | 29.1 | 36.6 | 30.2 | 45.8 |
| ਦਾਲਾਂ | ਔਸਤ ਝਾੜ | 835 | 846 | 399 | 292 |
| | ਸੰਭਾਵਿਤ ਝਾੜ | 1,271 | 1,313 | 594 | 432 |
| | ਸੀ ਵੀ (ਪ੍ਰਤਿਸ਼ਤ) | 20 | 22 | 24.9 | 23.6 |

*ਸਰੋਤ : ਭਾਰਤ, ਖੇਤੀਬਾੜੀ ਮੰਤਰਾਲਾ (2011)*

## ਉਤਪਾਦਨ ਦੇ ਪਾੜੇ ਨੂੰ ਪੂਰਨਾ

ਕਿਸਾਨਾਂ ਅਤੇ ਵਧੀਆ ਪ੍ਰਥਾਵਾਂ ਦਰਮਿਆਨ ਸਾਰੀਆਂ ਫ਼ਸਲਾਂ ਲਈ ਉਤਪਾਦਨ ਦਾ ਵੱਡਾ ਪਾੜਾ ਪੂਰਬੀ ਭਾਰਤ ਵਿਚ ਖੇਤੀ ਵਿਚ ਇਨਕਲਾਬ ਲਿਆਉਣ ਦੇ ਵੱਡੇ ਮੌਕੇ ਪੇਸ਼ ਕਰਦਾ ਹੈ, ਤਕਨਾਲੋਜੀ ਦੇ ਮੌਜੂਦਾ ਪੱਧਰ ਦੇ ਨਾਲ ਵੀ। ਔਸਤ ਝਾੜ, ਸਰਵੋਤਮ ਝਾੜ, ਝਾੜ ਵਿਚ ਭਿੰਨਤਾ ਦਾ ਗੁਣਕ (ਪ੍ਰਮੁੱਖ ਫ਼ਸਲਾਂ ਦੇ ਮਾਮਲੇ ਵਿਚ) ਬਿਹਾਰ ਅਤੇ ਓਡੀਸ਼ਾ ਦੀ ਤੁਲਨਾ ਤਾਲਿਕਾ-4.1 ਵਿਚ ਦਰਸਾਈ ਗਈ ਹੈ।

ਵਿਚਾਰ ਅਧੀਨ ਸਾਰੀਆਂ ਫ਼ਸਲਾਂ ਦੇ ਸੰਭਾਵਿਤ ਝਾੜ ਅਤੇ ਔਸਤ ਝਾੜ ਵਿਚ ਕਾਫ਼ੀ ਵੱਡਾ ਪਾੜਾ ਸਪੱਸ਼ਟ ਨਜ਼ਰ ਆਉਂਦਾ ਹੈ। ਪਰ, ਵੱਧ ਝਾੜ ਵਾਲੀਆਂ ਕਿਸਮਾਂ ਅਪਣਾਉਣ ਅਤੇ ਸੁਧਰੀਆਂ ਤਕਨਾਲੋਜੀਆਂ ਅਤੇ ਤਰਜੀਹਾਂ ਨਾਲ ਸਥਾਨਕ ਤਰੀਕਿਆਂ ਨਾਲ ਉਗਾਈ ਫ਼ਸਲ ਦੇ ਮੁਕਾਬਲੇ ਫ਼ਸਲਾਂ ਦਾ ਝਾੜ ਕਾਫ਼ੀ ਵਧਾਇਆ ਜਾ ਸਕਦਾ ਹੈ। ਮੋਹਰੀ ਰੇਖਾ ਕਾਰਗੁਜ਼ਾਰੀ ਤਹਿਤ ਪ੍ਰਾਪਤ ਝਾੜ, ਜੋ ਕਿਸਾਨਾਂ ਦੇ ਹਾਲਾਤ ਵਿਚ ਸੁਧਰੀ ਤਕਨਾਲੋਜੀ ਦਾ ਸੂਚਕ ਹੈ, ਇਸ ਮੌਕੇ ਲਈ ਵਧੀਆ ਸਬੂਤ ਪੇਸ਼ ਕਰਦਾ ਹੈ ਜਿਸ ਨੂੰ ਪੇਸ਼ਗੀ ਕੋਸ਼ਿਸ਼ਾਂ ਨਾਲ ਫ਼ਾਇਦੇ ਵਿਚ ਲਿਆ ਜਾ ਸਕਦਾ ਹੈ। ਉੱਚ ਝਾੜ ਵਾਲੀਆਂ ਕਿਸਮਾਂ ਤੋਂ ਬਿਨਾਂ ਚੰਗੇ ਪ੍ਰਬੰਧਨ ਦੀਆਂ ਪ੍ਰਥਾਵਾਂ ਵਿਚ ਵੀ ਖੇਤੀਬਾੜੀ ਉਤਪਾਦਿਕਤਾ ਵਧਾਉਣ ਦੀਆਂ ਅਪਾਰ ਸੰਭਾਵਨਾਵਾਂ ਹਨ। ਮਿੱਟੀ ਅਤੇ ਪਾਣੀ ਦਾ ਚੰਗਾ ਪ੍ਰਬੰਧਨ, ਬੀਜਾਂ ਨੂੰ ਬਦਲਨਾ, ਸਰੋਤ ਸੰਚਿਤ ਕਰਨ ਵਾਲੀਆਂ ਤਕਨਾਲੋਜੀਆਂ ਨੂੰ ਅਪਨਾਉਣਾ ਜਿਵੇਂ ਜ਼ਮੀਨ ਸੁਰੱਖਿਆ, ਕਰਾਹ, ਚੌਲਾਂ ਦੀ ਤੀਬਰਤਾ ਵਧਾਉਣ ਦੀ ਪ੍ਰਣਾਲੀ (ਐੱਸ ਆਰ ਆਈ) ਅਤੇ ਅਜਿਹੇ ਹੋਰ ਕਦਮ ਪੂਰਬੀ ਭਾਰਤ ਅੰਦਰ ਫ਼ਸਲਾਂ ਦਾ ਝਾੜ ਵਧਾਉਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

| ਤਾਲਿਕਾ-4.2 : ਓਡੀਸ਼ਾ ਵਿਚ ਉਚੇਰੇ ਖੇਤੀ ਵਿਕਾਸ ਲਈ ਦਖ਼ਲਾਂ ਦਾ ਕ੍ਰਮ | |
|---|---|
| ਪੂਰਾ ਹੋਣ ਦਾ ਪੜਾਅ | ਦਖ਼ਲ ਪੂਰਾ ਹੋਇਆ |
| ਤੁਰੰਤ | • ਪਸ਼ੂਧਨ, ਬਾਗ਼ਬਾਨੀ ਅਤੇ ਮੱਛੀ-ਪਾਲਣ ਖੇਤਰਾਂ ਨੂੰ ਉਤਸ਼ਾਹਿਤ ਕਰਨਾ<br>• ਸੁਧਾਰੀਆਂ ਕਿਸਮਾਂ, ਦੋਗਲੇ ਬੀਜਾਂ ਅਤੇ ਸਰੋਤ ਸੰਚਿਤ ਕਰਨ ਵਾਲੀਆਂ ਤਕਨਾਲੋਜੀਆਂ ਨੂੰ ਅਪਨਾਉਣਾ<br>• ਸੂਖਮ ਸਿੰਜਾਈ ਵਿਕਾਸ ਲਈ ਨਿਵੇਸ਼<br>• ਕਿਸਾਨ ਕਲੱਬਾਂ, ਕਿਸਾਨ ਸਭਾਵਾਂ ਜਾਂ ਕਿਸਾਨ ਸਹਿਕਾਰੀ ਸਭਾਵਾਂ ਬਣਾਉਣ ਲਈ ਕਿਸਾਨਾਂ ਨੂੰ ਸੰਗਠਿਤ ਕਰਨਾ ਤਾਂ ਕਿ ਖੇਤੀਬਾੜੀ ਵਸਤਾਂ ਦਾ ਉਤਪਾਦਨ ਅਤੇ ਬਾਜ਼ਾਰੀਕਰਨ ਸਮੂਹਿਕ ਰੂਪ ਵਿਚ ਕੀਤਾ ਜਾ ਸਕੇ। |
| 1-2 ਸਾਲ | • ਬੀਜ ਖੇਤਰ ਨੂੰ ਮਜ਼ਬੂਤ ਕਰਨਾ, ਖ਼ਾਸ ਕਰਕੇ ਚੌਲ, ਮੱਕੀ, ਸਬਜ਼ੀਆਂ<br>• ਮੰਡੀਆਂ ਨੂੰ ਵਿਕਸਤ ਕਰਨਾ<br>• ਕੋਲਡ ਸਟੋਰ ਅਤੇ ਗੁਦਾਮਾਂ ਦੇ ਨਿਰਮਾਣ ਲਈ ਨਿੱਜੀ ਖੇਤਰ ਦੇ ਨਿਵੇਸ਼ ਵਿਚ ਤੇਜ਼ੀ ਲਿਆਉਣੀ<br>• ਲਾਗਤ ਸੇਵਾਵਾਂ ਦੇਣ ਵਿਚ ਸੁਧਾਰ ਜਿਸ ਵਿਚ ਵਿਸਤਾਰ, ਕਰਜ਼ਾ ਤੇ ਬੀਮਾ ਸ਼ਾਮਿਲ ਹੈ।<br>• ਖੇਤੀ ਖੋਜ ਦੀ ਮੁੜ ਤਰਜੀਹ<br>• ਮਸਨੂਈ ਗਰਭਧਾਰਨ ਅਤੇ ਨਸਲ ਸੁਧਾਰ ਨੂੰ ਮਜ਼ਬੂਤ ਕਰਨਾ |
| 2-5 ਸਾਲ | • ਭੂਮੀ ਸੁਧਾਰ ਵਿਕਾਸ (ਜਿਸ ਵਿਚ ਲੇਜ਼ਰ ਕਰਾਹ ਸ਼ਾਮਿਲ ਹੈ)।<br>• ਘਰੇਲੂ ਅਤੇ ਨਿਰਯਾਤ ਬਾਜ਼ਾਰ ਲਈ ਬੀਜ ਉਤਪਾਦਨ ਦਾ ਵਪਾਰੀਕਰਨ ਕਰਨਾ<br>• ਜ਼ਮੀਨੀ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨਾ<br>• ਪੇਂਡੂ ਸੜਕਾਂ ਨੂੰ ਰਾਜ ਅਤੇ ਰਾਸ਼ਟਰੀ ਰਾਜਮਾਰਗਾਂ ਨਾਲ ਜੋੜਨਾ<br>• ਪਸ਼ੂ ਚਿਕਿਤਸਾ ਸੇਵਾਵਾਂ ਨੂੰ ਮਜਬੂਤ ਕਰਨਾ। |
| 5-7 ਸਾਲ | • ਚੌਲ ਪ੍ਰਤਿਕਰਨ ਪ੍ਰਣਾਲੀ ਦੀ ਵਰਤੋਂ ਅਤੇ ਪ੍ਰਬੰਧਨ<br>• ਜਲ ਵਿਕਾਸ ਅਤੇ ਪ੍ਰਬੰਧਨ ਵਿਚ ਜ਼ਿਆਦਾ ਨਿਪੁੰਨਤਾ ਲਿਆਉਣਾ<br>• ਸਤਹੀ ਨਿਕਾਸੀ ਅਤੇ ਹੜ੍ਹ ਰੋਕੂ ਕਦਮ ਯਕਨੀਕੀ ਬਣਾਉਣਾ<br>• ਊਰਜਾ ਖੇਤਰ ਨੂੰ ਵਿਕਸਤ ਕਰਨਾ ਅਤੇ ਖੇਤੀ ਖੇਤਰ ਲਈ ਗੁਣਵੱਤਾ ਵਾਲੀ ਊਰਜਾ ਪੂਰਤੀ ਯਕੀਨੀ ਬਣਾਉਣਾ। |

*ਸਰੋਤ : ਲੇਖਕ ਦਾ ਆਪਣਾ ਮੁੱਲੰਕਣ*

## ਕਿਸਾਨਾਂ ਨੂੰ ਮੰਡੀ ਨਾਲ ਜੋੜਨਾ

ਪੂਰਬੀ ਭਾਰਤ ਦੀ ਖੇਤੀਬਾੜੀ ਵਿਚ ਸੀਮਾਂਤ ਅਤੇ ਛੋਟੇ ਵਾਹੀਕਾਰਾਂ ਦਾ ਬੋਲਬਾਲਾ ਹੈ। ਉਨ੍ਹਾਂ ਦੀ ਸੀਮਤ ਆਰਥਿਕਤਾ ਖਰਾਬ ਹੋਣ ਵਾਲੀਆਂ ਅਤੇ ਉੱਚ ਮੁੱਲ ਦੀਆਂ ਵਸਤੂਆਂ ਦੇ ਮੰਡੀਕਰਨ ਅਤੇ ਪ੍ਰਚੂਨ ਵਿਚ ਵੇਚਣ ਤੋਂ ਰੋਕਦੀ ਹੈ। ਕਿਸਾਨਾਂ ਕੋਲ ਦਰਜਾਬੰਦੀ ਅਤੇ ਮਿਆਰੀਕਰਨ ਦੀ ਜਾਣਕਾਰੀ ਵੀ ਨਹੀਂ ਹੈ ਸੋ ਸੁਪਰ-ਮਾਰਕੀਟ ਅਤੇ ਸਾਫ਼-ਸਫ਼ਾਈ ਅਤੇ ਫਾਈਟੋ-ਸੈਨੇਟਰੀ ਵਲੋਂ ਵਰਤਮਾਨ ਵਪਾਰ ਨਿਜ਼ਾਮ ਤਹਿਤ ਥੋਪੇ ਗਏ ਹਨ। ਇਸ ਕਰਕੇ, ਇਨ੍ਹਾਂ ਛੋਟੇ ਉਤਪਾਦਕਾਂ ਨੂੰ ਲਾਹੇਵੰਦ ਘਰੇਲੂ ਅਤੇ ਵਿਸ਼ਵ ਬਾਜ਼ਾਰਾਂ ਨਾਲ ਜੋੜਨ ਦੀ ਲੋੜ ਹੈ। ਖੇਤਰ ਵਿਚ ਸਫਲਤਾ ਵਾਲੇ ਮਾਡਲ ਪਹਿਲਾਂ ਹੀ ਮੌਜੂਦਾ ਹਨ ਪਰ ਇਨ੍ਹਾਂ ਨੂੰ ਹੋਰ ਵਿਸ਼ਾਲ ਕਰਨ ਦੀ ਲੋੜ ਹੈ। ਇਨ੍ਹਾਂ ਤੋਂ ਖੇਤਰ ਬਣਾਉਣਾ (ਉਦਾਹਰਣ ਵਜੋਂ ਦਾਲਾਂ, ਫਲ, ਸਬਜ਼ੀਆਂ, ਮੁਰਗੀ-ਪਾਲਣ, ਮੱਛੀ, ਦੁੱਧ; (2) ਠੇਕਾ ਆਧਾਰਿਤ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਮਾਡਲ ਮਾਰਕੀਟਿੰਗ ਐਕਟ ਨੂੰ ਅਪਨਾਉਣਾ; (3) ਮੰਡੀ, ਡੱਬਾਬੰਦੀ ਅਤੇ ਭੂਮੀ ਵਿਕਾਸ ਲਈ ਕਾਰਪੋਰੇਟ ਖੇਤਰ ਨੂੰ ਆਕਰਸ਼ਿਤ ਕਰਨਾ; (4) ਨਿਯਮਕ ਤੰਤਰ ਲਾਗੂ ਕਰਨਾ ਤਾਂ ਕਿ ਕੀਮਤਾਂ ਅਤੇ ਬਾਜ਼ਾਰ ਸੰਬੰਧਿਤ ਦੂਸਰੇ ਜੋਖ਼ਮਾਂ ਨੂੰ ਯਕੀਨੀ ਬਣਾਇਆ ਜਾ ਸਕੇ।

## ਸੰਸਥਾਨਾਂ ਨੂੰ ਮਜ਼ਬੂਤ ਕਰਨਾ ਅਤੇ ਬੁਨਿਆਦੀ ਢਾਂਚੇ ਵਿਚ ਸੁਧਾਰ

ਸੰਸਥਾਨਾਂ ਨੂੰ ਮਜ਼ਬੂਤ ਕਰਨ ਅਤੇ ਬੁਨਿਆਦੀ ਢਾਂਚੇ ਵਿਚ ਸੁਧਾਰ ਲਈ, ਪੂਰਬੀ ਭਾਰਤ ਵਿਚ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ। ਸਭ ਤੋਂ ਪਹਿਲਾ ਅਤੇ ਜ਼ਰੂਰੀ ਕਦਮ ਹੈ ਤੇਜ਼ੀ ਨਾਲ ਭੂਮੀ ਸੁਧਾਰ ਲਾਗੂ ਕਰਨੇ, ਮਤਲਬ ਜ਼ਮੀਨ ਦੇ ਰਿਕਾਰਡ ਨੂੰ ਠੀਕ ਕਰਨਾ, ਮਾਲਕੀ ਦੇ ਝਗੜੇ ਨਿਪਟਾਉਣਾ ਅਤੇ ਭੂਮੀ ਪੱਟਾ ਬਾਜ਼ਾਰ ਨੂੰ ਠੀਕ ਕਰਨਾ। ਛੋਟੇ ਕਿਸਾਨਾਂ ਦੀ ਹਿੱਸੇਦਾਰੀ ਵਧਾਉਣ ਲਈ ਇਹ ਜ਼ਰੂਰੀ ਹੈ ਕਿ ਸਹਿਕਾਰੀ ਸਭਾਵਾਂ, ਠੇਕਾ ਖੇਤੀ ਸਭਾਵਾਂ, ਸਵੈ-ਸਹਾਇਤਾ ਸਮੂਹਾਂ ਅਤੇ ਅਜਿਹੀਆਂ ਹੋਰ ਇਕਾਈਆਂ ਨੂੰ ਸਮੂਹਿਕ ਉਤਪਾਦਨ ਅਤੇ ਮੰਡੀਕਰਨ ਲਈ ਮਜ਼ਬੂਤ ਕੀਤਾ ਜਾਵੇ। ਇਸੇ ਤਰ੍ਹਾਂ ਹੀ, ਕਰਜ਼ਾ, ਬੀਮਾ, ਲਾਗਤ ਸੇਵਾਵਾਂ ਅਤੇ ਪਸਾਰ ਸੇਵਾਵਾਂ ਨੂੰ ਮਜ਼ਬੂਤ ਕਰਨ ਨਾਲ ਛੋਟੇ ਕਿਸਾਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਮਦਦ ਮਿਲੇਗੀ। ਨਾਲ ਦੀ ਨਾਲ ਬੁਨਿਆਦੀ ਢਾਂਚਾ, ਖ਼ਾਸ ਕਰਕੇ ਪੇਂਡੂ ਸੜਕਾਂ ਦਾ ਜਾਲ, ਮੰਡੀ ਸਹੂਲਤਾਂ ਅਤੇ ਊਰਜਾ ਖੇਤਰ ਵਿਚ ਵੀ ਸੁਧਾਰ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਖੇਤੀ ਖੇਤਰ ਵਿਚ ਵਿਕਾਸਮੁਖੀ ਸਰਗਰਮੀਆਂ ਨੂੰ ਹੁਲਾਰਾ ਦਿਤਾ ਜਾ ਸਕੇ। ਉਤਪਾਦਨ ਵਧਾਉਣ ਅਤੇ ਜੋਖ਼ਮ ਘੱਟ ਕਰਨ ਲਈ ਸਿੰਜਾਈ ਅਤੇ ਨਿਕਾਸ ਦੇ ਜਾਲ ਨੂੰ ਪਹਿਲ ਦਿਤੀ ਜਾਣੀ ਚਾਹੀਦੀ ਹੈ।

## ਦਖ਼ਲਾਂ ਦੀ ਤਰਜੀਹ ਤੇ ਕ੍ਰਮ ਨਿਰਧਾਰਤ ਕਰਨਾ

ਤੇਜ਼, ਸੰਮਿਲਤ ਅਤੇ ਸਥਾਈ ਖੇਤੀ ਵਿਕਾਸ, ਯਕੀਨੀ ਬਣਾਉਣ ਲਈ, ਜ਼ਰੂਰਤ ਅਤੇ ਲਾਗੂਕਰਨ 'ਤੇ ਆਧਾਰਿਤ, ਵੱਖ-ਵੱਖ ਦਖ਼ਲਾਂ ਦੀ ਪਛਾਣ ਕਰਕੇ ਉਨ੍ਹਾਂ ਦੀ ਪਹਿਲ ਅਤੇ ਕ੍ਰਮ ਨਿਸ਼ਚਿਤ ਕਰਨ ਦੀ ਜ਼ਰੂਰਤ ਹੈ। ਤਾਲਿਕਾ-4.2 ਵਿਚ ਲਘੂ, ਦਰਮਿਆਨੇ ਅਤੇ ਲੰਮੇ ਸਮੇਂ ਦੇ ਦਖ਼ਲਾਂ ਨੂੰ ਪੂਰਬੀ ਭਾਰਤ ਲਈ ਸਾਰਅੰਸ਼ ਵਿਚ ਕੀਤਾ ਗਿਆ ਹੈ ਜਿਨ੍ਹਾਂ ਨੂੰ ਉੱਚ, ਸਥਾਈ ਅਤੇ ਸੰਮਿਲਤ ਖੇਤੀ ਵਿਕਾਸ ਲਈ ਵੱਖ-ਵੱਖ ਪੜਾਵਾਂ 'ਤੇ ਸ਼ੁਰੂ ਕਰਨ ਦੀ ਲੋੜ ਹੈ। ਦਖ਼ਲਾਂ ਦਾ ਪ੍ਰਸਤਾਵਿਤ ਕ੍ਰਮਣ ਅਨੁਭਵ ਸਬੂਤ, ਵੱਖ-ਵੱਖ ਕਾਰਜਸ਼ਾਲਾਵਾਂ ਤੇ ਪ੍ਰਾਪਤ ਹੁੰਗਾਰੇ ਅਤੇ ਅਨੇਕ ਧਿਰਾਂ ਨਾਲ ਹੋਏ ਵਿਆਪਕ ਸੰਵਾਦ ਤੋਂ ਉਪਜਿਆ ਹੈ।

## ਸਿੱਟਾ

ਪੂਰਬੀ ਭਾਰਤ ਵਿਚ ਖੇਤੀਬਾੜੀ ਵਿਚ ਬਦਲਾਅ ਆ ਰਿਹਾ ਹੈ, ਪਰ ਨੀਤੀ, ਸੰਸਥਾਨਾਂ ਅਤੇ ਮੰਡੀ ਵਿਚ ਖੇਤੀ ਬੁਨਿਆਦੀ ਢਾਂਚਾ ਵਿਕਸਤ ਕਰਕੇ ਇਸ ਤਬਦੀਲੀ ਦੀ ਰਫ਼ਤਾਰ ਵਧਾਉਣ ਦੀ ਲੋੜ ਹੈ। ਇਸ ਪਰਚੇ ਵਿਚ ਬਿਹਾਰ ਅਤੇ

ਓਡੀਸ਼ਾ ਦੇ ਖੇਤੀ ਖੇਤਰ ਨੂੰ ਦਰਪੇਸ਼ ਵੱਖ-ਵੱਖ ਚੁਣੌਤੀਆਂ ਅਤੇ ਮੌਕਿਆਂ ਨੂੰ ਦਸਤਾਵੇਜ਼ੀ ਰੂਪ ਦਿਤਾ ਗਿਆ ਹੈ। ਮੁੱਖ ਚੁਣੌਤੀਆਂ ਵਿਚ ਫ਼ਸਲਾਂ ਦਾ ਘੱਟ ਝਾੜ ਅਤੇ ਵੱਧ ਜੋਖ਼ਮ, ਜੈਵਿਕ ਅਤੇ ਅਜੈਵਿਕ ਰੁਕਾਵਟਾਂ, ਜ਼ਮੀਨ ਦਾ ਘੱਟ ਆਕਾਰ, ਕਮਜ਼ੋਰ ਸੰਸਥਾਨ ਅਤੇ ਨਾਕਾਫ਼ੀ ਬੁਨਿਆਦੀ ਢਾਂਚਾ ਆਦਿ ਸ਼ਾਮਿਲ ਹਨ। ਦੂਜੇ ਪਾਸੇ, ਇਨ੍ਹਾਂ ਦੋ ਰਾਜਾਂ ਅੰਦਰ ਖੇਤੀਬਾੜੀ ਵਿਚ ਬਦਲਾਅ ਲਈ ਬੇਸ਼ੁਮਾਰ ਮੌਕੇ ਹਨ ਕਿਉਂਕਿ ਇਨ੍ਹਾਂ ਰਾਜਾਂ ਕੋਲ ਸਰਵੋਤਮ ਕੁਦਰਤੀ ਸਰੋਤਾਂ ਅਤੇ ਢੁਕਵੀਂ ਮਨੁੱਖੀ ਸ਼ਕਤੀ/ਪੂੰਜੀ ਦਾ ਸਰਮਾਇਆ ਹੈ ਜਿਸ ਨੂੰ ਮੌਕਿਆਂ ਦਾ ਲਾਭ ਲੈਣ ਲਈ ਵਰਤਿਆ ਜਾ ਸਕਦਾ ਹੈ। ਚੁਨੌਤੀਆਂ ਤੋਂ ਪਾਰ ਪਾਉਣ ਅਤੇ ਮੌਕੇ ਪੈਦਾ ਕਰਨ ਲਈ ਲੋੜ ਹੈ ਖੇਤੀਬਾੜੀ, ਝਾੜ ਵਿਚ ਮੌਜੂਦਾ ਪਾੜੇ ਨੂੰ ਭਰਨ, ਕਿਸਾਨਾਂ ਨੂੰ ਮੰਡੀ ਨਾਲ ਜੋੜਨ, ਸੰਸਥਾਨਾਂ ਨੂੰ ਮਜ਼ਬੂਤ ਕਰਨ ਅਤੇ ਬੁਨਿਆਦੀ ਢਾਂਚੇ ਵਿਚ ਸੁਧਾਰ, ਖ਼ਾਸ ਦਖ਼ਲਾਂ ਲਈ ਜ਼ਿਲ੍ਹਿਆਂ ਦੇ ਤਰਜੀਹੀਕਰਨ ਲਈ ਜ਼ਿਆਦਾ ਨਿਵੇਸ਼ ਜੁਟਾਇਆ ਜਾਵੇ। ਉੱਚ-ਮੁੱਲ ਖੇਤਰਾਂ ਜਿਵੇਂ ਡੇਅਰੀ, ਮੁਰਗੀ-ਪਾਲਣ, ਮੱਛੀ-ਪਲਣ ਅਤੇ ਬਾਗ਼ਬਾਨੀ ਵਸਤਾਂ ਲਈ ਢੁਕਵੀਆਂ ਨੀਤੀਆਂ, ਸੰਸਥਾਨ ਅਤੇ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾਵੇ। ਉਪਰ ਪ੍ਰਸਤਾਵਿਤ ਦਖ਼ਲਾਂ 'ਤੇ ਆਧਾਰਿਤ ਵੱਖ-ਵੱਖ ਵਿਭਾਗਾਂ ਅਤੇ ਧਿਰਾਂ, ਜਿਨ੍ਹਾਂ ਵਿਚ ਕਿਸਾਨ, ਸੇਵਾਵਾਂ ਦੇਣ ਵਾਲੇ, ਨਿੱਜੀ ਖੇਤਰ, ਖੇਤੀ ਅਤੇ ਸਿਵਲ ਸੋਸਾਇਟੀ ਸਭਾਵਾਂ ਵੀ ਸ਼ਾਮਿਲ ਹਨ। ਇਕ ਵਿਆਪਕ ਖ਼ਾਕਾ ਤਿਆਰ ਕਰਨ ਦੀ ਲੋੜ ਹੈ। ਉੱਚ, ਸਥਾਈ ਅਤੇ ਸੰਮਿਲਤ ਵਿਕਾਸ ਲਈ ਖੇਤੀਬਾੜੀ ਵਿਚ ਬਦਲਾਅ ਕਰਨ ਦੇ ਲਈ ਜ਼ਰੂਰਤ ਹੈ ਜਿਸ ਸਦਕਾ ਪੂਰਬੀ ਭਾਰਤ ਵਿਚ ਗਰੀਬੀ ਅਤੇ ਕੁਪੋਸ਼ਣ ਤੋਂ ਨਿਜ਼ਾਤ ਪਾਉਣ ਵਿਚ ਮਦਦ ਮਿਲੇਗੀ।

*(ਲੇਖਕ ਕ੍ਰਮਵਾਰ ਰਿਸਰਚ ਫੈਲੋ ਅਤੇ ਡਾਇਰੈਕਟਰ ਸਾਊਥ ਏਸ਼ੀਆ ਆਫਿਸ ਦਿ ਇੰਟਰਨੈਸ਼ਨਲ ਫੂਡ ਪਾਲਿਸੀ ਰਿਸਰਚ ਇੰਸਟੀਚਿਊਟ, ਨਵੀਂ ਦਿੱਲੀ ਹਨ।)*

***ਸਫ਼ਾ 38 ਦੀ ਬਾਕੀ***

ਅਮਲੀ ਰੂਪ ਵਿਚ ਕੰਮ ਨਹੀਂ ਕਰਦੀ ਅਤੇ ਜਾਂ ਬਹੁਤ ਉਚਾਈਆਂ ਵਾਲੇ ਸੀਮਤ ਢੰਗ ਨਾਲ ਚਲਦੀ ਹੈ। ਮੰਡੀ ਆਰਥਿਕਤਾ 'ਚੇਤਨ' ਮੁੜ ਵੰਡ ਅਮਲ ਦੀ ਸੰਭਾਵਨਾ ਵਿਚ ਵਿਸ਼ਵਾਸ ਨਹੀਂ ਕਰਦੀ ਜਿਵੇਂ ਕਿ ਯੋਜਨਾਬਧ ਆਰਥਿਕਤਾ ਵਿਚ ਹੁੰਦਾ ਹੈ, ਭਾਵੇਂ ਯੋਜਨਾਬਧ ਆਰਥਿਕਤਾ ਨੂੰ ਸਿਲਸਿਲੇਬਧ ਪ੍ਰਸ਼ਾਸਨ ਮਸ਼ੀਨਰੀ 'ਤੇ ਬਹੁਤ ਜ਼ਿਆਦਾ ਨਿਰਭਰ ਹੋਣ ਦੀ ਮੁਸ਼ਕਿਲ ਪੇਸ਼ ਆਉਂਦੀ ਹੈ। ਇੰਝ ਇਹ ਸਾਰਾ ਅਮਲ ਅਮੀਰ ਅਤੇ ਗਰੀਬ ਵਿਚ ਪਾੜੇ ਨੂੰ ਚੌੜਾ ਕਰਦਾ ਅਤੇ ਉੱਚੀ ਅਬਰਾਬਰੀ ਨੂੰ ਮਜ਼ਬੂਤ ਕਰਦਾ ਅਤੇ ਕਿਸੇ ਮਾਲੀ ਵਿਕਾਸ ਦੇ ਫ਼ਾਇਦਿਆਂ ਦੀ ਵੰਡ ਦਾ ਝੂਠਾ ਯਥਾਰਥ ਪੇਸ਼ ਕਰਦਾ ਹੈ। ਇੰਝ ਲੋਕਾਂ ਦੀ ਉਪਯੋਗੀ ਆਰਥਿਕ ਸਰਗਰਮੀਆਂ ਦੇ ਵੱਡੇ ਮੌਕਿਆਂ ਉਪਰ ਜ਼ੋਰਦਾਰ ਬੰਦਿਸ਼ ਲੱਗ ਜਾਂਦੀ ਹੈ ਅਤੇ ਸਮਾਜ ਦੀ ਵੱਡੀ ਵਸੋਂ ਦੀ ਖ਼ੁਸ਼ਹਾਲੀ ਦੀਆਂ ਸੰਭਾਵਨਾਵਾਂ ਰੁਕ ਜਾਂਦੀਆਂ ਹਨ। ਇਕ ਢੁਕਵੇਂ ਸੰਘੀ ਸਿਆਸੀ ਸਿਲਸਿਲੇ ਵਿਚ ਅਜਿਹੀ ਵੰਡ, ਅਖ਼ਤਿਆਰਾਂ ਦੀ ਹਵਾਲਗੀ ਅਤੇ ਪ੍ਰਸ਼ਾਸਨਿਕ ਵਿਕੇਂਦਰੀਕਰਨ ਕਾਰਨ ਵਧੇਰੇ ਕਾਰਜ-ਕੁਸ਼ਲਤਾ ਹੁੰਦੀ ਹੈ। ਇਹ ਇਕ 'ਚੇਤਨ ਦਖ਼ਲ' ਦਿੰਦੀ ਹੈ ਜੋ ਕਿ ਵਧੇਰੇ ਸਮਾਜਿਕ, ਆਰਥਿਕ ਰੂਪ ਵਿਚ ਜ਼ਿੰਮੇਵਾਰ ਅਤੇ ਮਨੁੱਖੀ ਤੇ ਭੌਤਿਕ ਵਿਕਾਸ ਲਈ ਬਿਹਤਰ ਸੰਭਾਵਨਾਵਾਂ ਅਤੇ ਵੱਡੇ ਮੌਕੇ ਯਕੀਨੀ ਬਣਾਉਂਦਾ ਹੈ। ਇਹ ਅਜਿਹਾ ਸਥਾਨਕ ਵਸੋਂ ਯਥਾਰਥਕ ਨੀਤੀ ਨਿਰਧਾਰਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੇ ਅਮਲ ਵਿਚ ਸ਼ਮੂਲੀਅਤ ਕਾਰਨ ਅਸਰਦਾਰ ਢੰਗ ਨਾਲ ਕਰ ਸਕਦਾ ਹੈ। ਇਸ ਲਈ ਸਿਖਰ ਮੰਡੀ ਆਰਥਿਕਤਾ ਜਾਂ ਕੱਟੜ ਯੋਜਨਾਬੰਦੀ ਦੀਆਂ ਵਧੀਕੀਆਂ ਤੋਂ ਬਚਿਆ ਜਾ ਸਕਦਾ ਹੈ।

ਲੰਮੇ ਸਮਿਆਂ ਤੋਂ, ਪਹਿਲਾਂ ਰਿਆਸਤਾਂ ਅਤੇ ਬਾਅਦ ਵਿਚ ਰਾਸ਼ਟਰਾਂ ਦੇ ਰੂਪ ਵਿਚ ਸਿਆਸੀ ਭੂਗੋਲਿਕ ਸਰਹੱਦਾਂ ਨੂੰ ਵਿਉਂਤਿਆ ਤੇ ਮੁੜ ਵਿਉਂਤਿਆ ਗਿਆ ਹੈ। ਜੰਗਾਂ, ਜਿੱਤਾਂ ਅਤੇ ਬਗਾਵਤਾਂ ਨਾਲ ਸਰਹੱਦਾਂ ਮੁੜ-ਮੁੜ ਉਲੀਕੀਆਂ ਗਈਆਂ ਹਨ। ਆਧੁਨਿਕ ਯੁਗ ਵਿਚ ਜਾਤੀਗਤ, ਉਪ-ਜਾਤੀਗਤ, ਭਾਸ਼ਾਈ, ਧਾਰਮਿਕ, ਨਸਲੀ ਅਤੇ ਅਜਿਹੀਆਂ ਹੋਰ ਸ਼੍ਰੇਣੀਆਂ ਰਾਸ਼ਟਰ-ਰਾਜਾਂ ਦੀ ਬਣਤਰ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਚੁੱਕੀਆਂ ਹਨ। ਅੱਜ ਦੇ ਸਮੇਂ ਵਿਚ ਇਹ ਉਕਾਈ ਵਾਲੇ ਰੁਝਾਨ ਵੱਖਰੇ ਰਾਸ਼ਟਰ ਅਤੇ ਰਾਸ਼ਟਰ-ਰਾਜਾਂ ਨੂੰ ਬਣਾਉਣ ਦੀ ਮੰਗ ਬਾਰੇ ਮੁਹਿੰਮਾਂ ਦਾ ਆਧਾਰ ਹਨ ਜਿਨ੍ਹਾਂ ਵਿਚੋਂ ਕੁਝ ਪ੍ਰਭਾਵਕਾਰੀ ਅਤੇ ਸਹਾਇਕ ਜਾਤੀਆਂ, ਉਪ-ਜਾਤੀਆਂ, ਭਾਸ਼ਾਈ, ਕੱਟੜਤਾ, ਧਾਰਮਿਕ, ਨਸਲੀ, ਸ਼ਨਾਖਤਾਂ ਦੀ ਮੌਜੂਦਗੀ ਦੇ ਨਜ਼ਰੀਏ ਵਿਚ ਖੁੱਭੀਆਂ ਹਨ। ਆਧੁਨਿਕ ਧਰਮ ਨਿਰਪੇਖ ਸਿਆਸੀ ਆਦਰਸ਼ਾਂ 'ਤੇ ਆਧਾਰਿਤ ਰਾਸ਼ਟਰ-ਰਾਜਾਂ ਨੂੰ ਕਾਇਮ ਕੀਤੇ ਜਾਣ ਨਾਲ ਧਰਮ-ਨਿਰਪੇਖ ਸੰਵਿਧਾਨਕ ਅਤੇ ਕਾਨੂੰਨੀ ਪ੍ਰਣਾਲੀਆਂ ਵਾਲੇ ਸਿਆਸੀ ਸਿਲਸਿਲਿਆਂ ਦੀ ਹੋਂਦ ਬਣੀ ਜਿਸ ਵਿਚ ਸੰਘਵਾਦ ਆਪਣੇ ਅਦਾਰਾਗਤ, ਢਾਂਚਾਗਤ ਅਤੇ ਕਾਰਜਸ਼ੀਲ ਤੱਤ ਵਜੋਂ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਸੀ। ਇਹ ਆਧੁਨਿਕ ਸਿਆਸੀ ਪ੍ਰਣਾਲੀਆਂ ਨਾਗਰਿਕਤਾ, ਧਰਮ-ਨਿਰਪੇਖਤਾ, ਰਾਸ਼ਟਰ-ਰਾਜਾਂ ਜਮਹੂਰੀਅਤ ਆਦਿ ਦੀਆਂ ਧਾਰਨਾਵਾਂ ਉਪਰ ਖੜ੍ਹੀਆਂ ਹਨ ਅਤੇ ਬਹੁ-ਭਾਸ਼ਾਈ, ਬਹੁ-ਨਸਲੀ, ਬਹੁ-ਧਾਰਮਿਕ, ਬਹੁ-ਸਭਿਆਚਾਰਕ, ਸਿਆਸੀ ਸਿਲਸਿਲੇ ਅਤੇ ਸਮਾਜਾਂ ਵਿਚ ਆਧੁਨਿਕਤਾਵਾਦੀ ਹਾਂ-ਮੁਖੀ ਸਿਲਸਿਲੇਬਧ ਤਾਕਤ ਨਾਲ ਚਲਦੀਆਂ ਹਨ। ਵਧੇਰੇ ਸਮਾਜ ਆਦਿ ਕਾਲ ਵਾਲੇ ਸਮਾਜਾਂ ਦੇ ਵਧੇਰੇ ਸਾਮੰਤਵਾਦੀ ਸਿਆਸੀ ਸਭਿਆਚਾਰ ਤੋਂ ਅਜਿਹੇ ਨਵੇਂ ਸਿਆਸੀ ਸਭਿਆਚਾਰ ਵੱਲ ਯਾਤਰਾ ਕਰ ਰਹੀਆਂ ਹਨ ਜੋ ਕਿ ਵਧੇਰੇ ਲੋਕਰਾਜੀ ਧਰਮ ਨਿਰਪੇਖ ਤੇ ਵਿਕੇਂਦ੍ਰਿਤ ਹੈ। ਯਕੀਨਨ ਇਹ ਪਰਿਵਰਤਨ ਸਿੱਧੀ ਰੇਖਾ ਵਿਚ ਨਹੀਂ ਹੈ। ਸੰਘਵਾਦ ਜੋ ਕਿ ਤਾਕਤਾਂ ਦੀ ਹਵਾਲਗੀ ਅਤੇ ਪ੍ਰਸ਼ਾਸਨਿਕ ਵਿਕੇਂਦਰੀਕਰਨ ਨੂੰ ਸਥਾਨਕਤਾਵਾਂ ਤਕ ਲੈ ਜਾਣ ਦਾ ਨਾਂ ਹੈ, ਇਸ ਉਸਾਰੂ ਪਰਿਵਰਤਨ ਦਾ ਅਨਿੱਖੜਵਾਂ ਅੰਗ ਹੈ। ਇਸ ਲਈ ਲੋਕਰਾਜ ਅਤੇ ਧਰਮ-ਨਿਰਪੇਖ ਨੂੰ ਇਸ ਦੇ ਵਿਆਪਕ ਪ੍ਰਸੰਗ ਵਿਚ ਅੱਗੇ ਜਾਣ ਵਿਚ ਢੁਕਵੇਂ ਅਤੇ ਵਾਜਬ ਸੰਘਵਾਦ ਦਾ ਮਹੱਤਵ ਬਹੁਤ ਜ਼ਿਆਦਾ ਹੈ।

ਵਿਚਾਰ

- ਵਿਹਾਰ ਉਹ ਦਰਪਨ ਹੈ, ਜਿਸ ਵਿਚ ਹਰ ਕੋਈ ਆਪਣਾ ਪ੍ਰਤਿਬਿੰਬ ਵੇਖ ਸਕਦਾ ਹੈ।

  – ਗੇਟੇ
- ਵਿਹਾਰ ਛੋਟੇ ਸਦਾਚਾਰ ਹਨ।

  – ਪੇਲੇ
- ਨਾ ਤੇ ਕੋਈ ਕਿਸੇ ਦਾ ਮਿੱਤਰ ਹੈ, ਤੇ ਨਾ ਹੀ ਕੋਈ ਦੁਸ਼ਮਣ। ਵਿਹਾਰ ਨਾਲ ਹੀ ਮਿੱਤਰ ਤੇ ਦੁਸ਼ਮਦ ਬਣਦੇ ਹਨ।

  – ਹਿਤਉਪਦੇਸ਼
- ਚੰਗਾ ਵਿਹਾਰ ਛੋਟੇ-ਛੋਟੇ ਤਿਆਗ ਤੋਂ ਜਨਮ ਲੈਂਦਾ ਹੈ।

  – ਐਮਰਸਨ

# ਈ-ਮੰਡੀ

ਈ-ਮੰਡੀ, ਸਮੁੱਚੀ ਮੰਡੀਕਰਨ ਪ੍ਰਣਾਲੀ ਵਿਚ ਪਾਰਦਰਸ਼ਿਤਾ ਬਣਾਏ ਰੱਖ ਕੇ, ਪ੍ਰਚੂਨ ਤੇ ਥੋਕ ਵਪਾਰੀਆਂ ਨੂੰ ਸਬਜ਼ੀਆਂ ਸਭ ਤੋਂ ਵਧੀਆ ਕੀਮਤਾਂ 'ਤੇ ਆਨ ਲਾਈਨ ਵੇਚਣ ਲਈ ਇਕ ਇਲੈਕਟ੍ਰਾਨਿਕ ਮਾਰਕੀਟ ਪਲੇਟਫਾਰਮ ਹੈ। ਈ-ਮੰਡੀ ਪ੍ਰਾਜੈਕਟ ਦੀ ਮਦ ਨਾਲ, ਸਮੁੱਚੇ ਦੇਸ਼ ਵਿਚ ਕਿਸਾਨਾਂ ਅਤੇ ਵਪਾਰੀਆਂ, ਪ੍ਰਚੂਨ ਅਤੇ ਥੋਕ ਵਪਾਰੀਆਂ ਨੂੰ ਖੇਤੀਬਾੜੀ ਉਤਪਾਦਨ ਲਾਭਕਾਰੀ ਕੀਮਤਾਂ 'ਤੇ ਪਾਰਦਰਸ਼ੀ ਤਰੀਕੇ ਵੇਚਣ ਅਤੇ ਖਰੀਦਣ ਲਈ ਨਿਯਮਤ ਮੰਡੀਆਂ ਨੂੰ ਪੂਰੇ ਦੇਸ਼ ਵਿਚ ਜੋੜ ਕੇ ਇਕ ਸਾਂਝਾ ਪਲੇਟਫਾਰਮ ਮੁਹੱਈਆ ਕਰਦਾ ਹੈ। ਇਸ ਨਾਲ, ਮੰਡੀਆਂ ਦੇ ਦੁਕਾਨਦਾਰਾਂ ਵਲੋਂ ਕਿਸਾਨਾਂ ਨੂੰ ਬੇਵਕੂਫ਼ ਬਣਾਉਣ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ। ਇਸ ਤੋਂ ਇਲਾਵਾ, ਈ-ਪਲੇਟਫਾਰਮ ਉਪਰ ਨਿੱਜੀ ਮੰਡੀ ਨੂੰ ਵੀ ਪਹੁੰਚ ਦਿਤੀ ਜਾਵੇਗੀ ਜਿਸ ਨਾਲ ਇਸ ਦਾ ਦਾਇਰਾ ਹੋਰ ਵੀ ਵਧ ਜਾਵੇਗਾ।

ਈ-ਮੰਡੀ ਦੀ ਧਾਰਨਾ ਦੀ ਲੋੜ ਇਸ ਵਿਚਾਰ ਤੋਂ ਪੈਦਾ ਹੁੰਦੀ ਹੈ ਕਿ ਦੇਸ਼ ਵਿਚ ਖੇਤੀਬਾੜੀ ਮੰਡੀਆਂ ਦਾ ਇਕ ਸਾਂਝੇ ਪਲੇਟਫਾਰਮ ਰਾਹੀਂ ਜੋੜਮੇਲ ਖੇਤੀਬਾੜੀ ਮੰਡੀਕਰਨ ਪ੍ਰਣਾਲੀ ਵਿਚ ਚੁਨੌਤੀਆਂ ਨਾਲ ਨਜਿੱਠਣ ਲਈ, ਜਿਵੇਂ ਕਿ ਅਲਗ-ਅਲਗ ਦਾਣਾ ਮੰਡੀ ਕਮੇਟੀਆਂ ਵਲੋਂ ਰਾਜ ਵਿਚ ਬਹੁਤੇ ਮੰਡੀ ਖੇਤਰਾਂ ਦੇ ਪ੍ਰਬੰਧਨ ਦੀ ਸਮੱਸਿਆ, ਮੰਡੀ ਫੀਸ ਦੀਆਂ ਅਲਗ ਅਲਗ ਦਰਾਂ, ਵੱਖ-ਵੱਖ ਮੰਡੀਆਂ ਵਿਚ ਦੁਕਾਨਦਾਰੀ ਲਈ ਅਲਗ ਅਲਗ ਲਾਇਸੰਸਾਂ ਦੀ ਲੋੜ, ਲਾਇਸੰਸ ਬੰਦਸ਼ਾਂ ਜਿਨ੍ਹਾਂ ਨਾਲ ਏਕਾਧਿਕਾਰ ਜਿਹੇ ਹਾਲਾਤ ਪੈਦਾ ਹੁੰਦੇ ਹਨ, ਘਟੀਆ ਆਧਾਰਕ ਢਾਂਚਾ, ਤਕਨਾਲੋਜੀ ਦੀ ਘੱਟ ਵਰਤੋਂ, ਸੂਚਨਾ ਪ੍ਰਣਾਲੀ ਵਿਚ ਅਸਮਾਨਤਾਵਾਂ, ਕੀਮਤਾਂ ਜਾਣਨ ਦੀ ਪ੍ਰਕਿਰਿਆ ਵਿਚ ਅਸਪੱਸ਼ਟਤਾ, ਮੰਡੀ ਖਰਚਿਆਂ ਦੀਆਂ ਉੱਚੀਆਂ ਦਰਾਂ, ਇਕ ਸਥਾਨ ਤੋਂ ਦੂਜੇ ਸਥਾਨ 'ਤੇ ਅਦਲਾ-ਬਦਲੀ ਉਪਰ ਬੰਦਸ਼ਾਂ ਆਦਿ ਲਈ ਬਹੁਤ ਲਾਭਕਾਰੀ ਸਾਬਤ ਹੋਵੇਗਾ। ਇਸ ਲਈ, ਕਿਸਾਨਾਂ ਨੂੰ ਲਾਭਕਾਰੀ ਕੀਮਤਾਂ ਦੇਣ, ਸਪਲਾਈ ਚੇਨ ਵਿਚ ਸੁਧਾਰ, ਬਰਬਾਦੀ ਤੋਂ ਬਚਾਉਣ ਅਤੇ ਰਾਸ਼ਟਰੀ ਅਤੇ ਰਾਜ ਪੱਧਰ 'ਤੇ ਇਕ ਏਕੀਕ੍ਰਿਤ ਰਾਸ਼ਟਰੀ ਮੰਡੀ ਸਥਾਪਤ ਕਰਨ ਲਈ ਇਕ ਸਾਂਝੇ ਈ-ਪਲੇਟਫਾਰਮ ਦੀ ਲੋੜ ਸੀ।

ਈ-ਮੰਡੀਆਂ ਖੇਤੀਬਾੜੀ ਅਤੇ ਸਹਿਕਾਰਤਾ ਵਿਭਾਗ ਵਲੋਂ, ਛੋਟੇ ਕਿਸਾਨਾਂ ਦੇ ਖੇਤੀਬਾੜੀ ਵਪਾਰਕ ਸੰਘ ਰਾਹੀਂ ਇਕ ਸਾਂਝਾ ਇਲੈਕਟ੍ਰਾਨਿਕ ਪਲੇਟਫਾਰਮ ਬਣਾ ਕੇ ਜੋ ਪੂਰੇ ਦੇਸ਼ ਵਿਚ ਚੋਣਵੀਆਂ ਨਿਯੰਤ੍ਰਿਤ ਮੰਡੀਆਂ ਵਿਚ ਵਰਤੋਂ ਵਿਚ ਲਿਆ ਕੇ ਸਥਾਪਤ ਕੀਤਾ ਜਾਵੇਗਾ। ਇਸ ਸਕੀਮ ਲਈ 2015-16 ਤੋਂ 2017-18 ਤਕ ਲਈ 200 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ।

ਇਸ ਸਕੀਮ ਤਹਿਤ ਦੇਸ਼ ਵਿਚ 585 ਚੁਣੀਆਂ ਹੋਈਆਂ ਨਿਯੰਤ੍ਰਿਤ ਮੰਡੀਆਂ ਨੂੰ ਲਿਆਂਦਾ ਜਾਵੇਗਾ : 2015-16 ਵਿਚ 250 ਮੰਡੀਆਂ, 2016-17 ਵਿਚ 200 ਮੰਡੀਆਂ ਅਤੇ 2017-18 'ਚ 135 ਮੰਡੀਆਂ। ਇਸ ਵਿਚ, ਖੇਤੀਬਾੜੀ ਅਤੇ ਸਹਿਕਾਰਤਾ ਵਿਭਾਗ ਵਲੋਂ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਮੁਫ਼ਤ ਸਹਾਇਤਾ ਦੇਣਾ ਭਾਰਤ ਸਰਕਾਰ ਵਲੋਂ ਆਧਾਰਕ ਢਾਂਚਾ ਤਿਆਰ ਕਰਨ ਲਈ ਹਰ ਇਕ ਮੰਡੀ ਨੂੰ 30 ਲੱਖ ਰੁਪਏ ਤਕ ਦੀ ਸਬਸਿਡੀ ਦੇਣਾ ਵੀ ਸ਼ਾਮਿਲ ਹੈ।

ਇਹ ਮਾਡਲ ਕਰਨਾਟਕ ਰਾਜ ਵਿਚ ਪਹਿਲਾਂ ਤੋਂ ਹੀ ਚਲ ਰਿਹਾ ਹੈ ਅਤੇ ਇਸ ਨੇ ਪੂਰੇ ਦੇਸ਼ ਸਾਹਮਣੇ ਇਕ ਉਦਾਹਰਣ ਪੇਸ਼ ਕੀਤੀ ਹੈ। ਕਰਨਾਟਕ ਨੇ ਆਪਣੀਆਂ ਸਭ 55 ਵੱਡੀਆਂ ਮੰਡੀਆਂ ਨੂੰ ਜੋੜ ਦਿਤਾ ਹੈ ਅਤੇ ਵੈੱਬਸਾਈਟ ਰਾਹੀਂ ਚਲਣ ਵਾਲੀ ਪੋਰਟਲ ਤਿਆਰ ਕੀਤੀ ਹੈ ਜਿਸ ਵਿਚ ਉਹ ਸਭ ਉਤਪਾਦਨ ਦਰਜ ਹੋ ਜਾਂਦੇ ਹਨ ਜੋ ਵੇਚਣ ਲਈ ਉਪਲਬਧ ਹੁੰਦੇ ਹਨ। ਦੇਸ਼ ਦੇ 30,000 ਵਪਾਰੀਆਂ ਵਿਚੋਂ ਹਰ ਇਕ ਨੂੰ ਵਰਤੋਂਕਾਰ ਦਾ ਨਾਮ ਅਤੇ ਪਾਸਵਰਡ ਦਿਤਾ ਗਿਆ ਹੈ। ਇਸ ਤਰ੍ਹਾਂ, ਬੰਗਲੁਰੂ ਵਿਚ ਬੈਠਾ ਇਕ ਵਪਾਰੀ ਦੂਸਰੇ ਜ਼ਿਲ੍ਹਿਆਂ ਵਿਚ ਕਿਸੇ ਉਤਪਾਦਨ ਦੀਆਂ ਵੇਚਣ ਲਈ ਉਪਲਬਧ ਬੋਰੀਆਂ ਦੀ ਗਿਣਤੀ ਬਾਰੇ ਜਾਣ ਸਕਦਾ ਹੈ। ਦੂਰੀ ਅਨੁਸਾਰ ਵਪਾਰੀ ਨੇ ਜੋ ਸਾਮਾਨ ਖਰੀਦ ਕੇ ਲਿਆਉਣਾ ਹੁੰਦਾ ਹੈ, ਉਸ ਨੂੰ ਧਿਆਨ ਵਿਚ ਰੱਖ ਕੇ ਉਹ ਉਪਲਬਧ ਬੋਰੀਆਂ ਉਪਰ ਬੋਲੀ ਲਗਾਉਂਦਾ ਹੈ। ਕਿਸਾਨ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਨੂੰ ਵੱਧ ਤੋਂ ਵੱਧ ਕਿੰਨੀ ਕੀਮਤ ਮਿਲਣ ਵਾਲੀ ਹੈ ਅਤੇ ਉਹ ਉਸ ਅਨੁਸਾਰ ਫ਼ੈਸਲਾ ਲੈਂਦਾ ਹੈ। ਪਲੇਟਫਾਰਮ ਦੁਵੱਲੇ ਵਪਾਰ ਦੀ ਵੀ ਅਤੇ ਘੱਟੋ-ਘੱਟ ਸਮਰਥਨ ਮੁੱਲ ਜਿਹੀ ਸਰਕਾਰ ਵਲੋਂ ਦਿਤੀ ਜਾ ਰਹੀ ਨਿਸ਼ਚਿਤ ਕੀਮਤ ਦੀ ਸਹੂਲਤ ਵੀ ਦਿੰਦਾ ਹੈ। ਹੁਣ ਤਕ, ਕਰਨਾਟਕ ਦੀ ਈ-ਮੰਡੀ ਪ੍ਰਣਾਲੀ ਨੇ ਪਿਛਲੇ 16 ਮਹੀਨਿਆਂ ਵਿਚ 8,521 ਕਰੋੜ ਰੁਪਏ ਖੋਪਾ, ਤੂੜਦਾਲ, ਝੋਨਾ, ਰਾਗੀ, ਮੂੰਗਫਲੀ, ਤਿਲ, ਮੱਕੀ ਆਦਿ ਦੇ ਵਪਾਰ ਤੋਂ ਆਮਦਨ ਕੀਤੀ ਹੈ। ਭਾਵੇਂ ਇਹ ਧਾਰਨਾ, ਇਕ ਉੱਭਰ ਰਹੀ ਮੰਡੀਕਰਨ ਪ੍ਰਣਾਲੀ ਦੇ ਤੌਰ ਤੇ ਫੈਲ ਰਹੀ ਹੈ ਪਰ ਇਹ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਕਿਸਾਨਾਂ ਨੂੰ ਇਸ ਬਾਰੇ ਜਾਗਰੂਕ ਕਰਨ ਅਤੇ ਦੱਸਣ ਕਿ ਇਹ ਪ੍ਰਣਾਲੀ ਕਿਵੇਂ ਕੁਸ਼ਲ ਤਰੀਕੇ ਕਾਰਜ ਕਰ ਰਹੀ ਹੈ। ❑❑

**ਜਰਨਲ ਯੂਨਿਟ ਦਾ ਨਵਾਂ ਪਤਾ**

*ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,*
*ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,*
*ਲੋਧੀ ਰੋਡ, ਨਵੀਂ ਦਿੱਲੀ-110003*
ਫ਼ੋਨ: 011-24367260 ਫੈਕਸ : 011-24365609
ਈਮੇਲ : *pdjucir@gmail.com*

# ਯੋਜਨਾ

ਸਾਲ 31 • ਅੰਕ 2 • ਸਤੰਬਰ 2015 • ਕੁੱਲ ਪੰਨੇ 56

ਮੁੱਖ ਸੰਪਾਦਕ
**ਦੀਪਿਕਾ ਕੱਛਲ**

ਸਲਾਹਕਾਰ ਸੰਪਾਦਕ
**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**
ਈਸਟ ਬਲਾਕ-4, ਲੈਵਲ-7
ਆਰ. ਕੇ. ਪੁਰਮ, ਨਵੀਂ ਦਿੱਲੀ-110066
ਫ਼ੋਨ ਤੇ ਫ਼ੈਕਸ : 011-26177591
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)
**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ
**ਸੂਰੀਆਕਾਂਤ ਸ਼ਰਮਾ**
ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)
**ਜਰਨਲ ਯੂਨਿਟ**
ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**

## ਇਸ ਅੰਕ ਵਿਚ


- ਸੰਪਾਦਕੀ – ਮੁੱਖ ਸੰਪਾਦਕ 4
- ਸਮਾਰਟ ਸ਼ਹਿਰਾਂ ਵਿਚ ਡਿਜ਼ੀਟਲ ਸ਼ਾਸਨ – ਆਰ. ਚੰਦਰਸ਼ੇਖਰ 5
- ਸਮਾਰਟ ਸ਼ਹਿਰਾਂ ਲਈ ਸਮਾਰਟ ਮਕਾਨ – ਪੀ ਐੱਸ ਐੱਨ ਰਾਓ 8
- ਸਮਾਰਟ ਸ਼ਹਿਰਾਂ ਦੀ ਕਲਪਨਾ – ਏ.ਕੇ. ਜੈਨ 12
- ਸਮਾਰਟ ਸ਼ਹਿਰਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਅ ਕੇ ਰੱਖਣਾ – ਆਰ ਕੇ ਭਸੀਨ 18
- ਗਤੀਸ਼ੀਲਤਾ ਜਾਂ ਬੇਲੋੜਾ ਨੁਕਸਾਨ – ਮਾਧਵ ਪਾਈ ਤੇ ਪ੍ਰਿਅੰਕਾ ਵਾਸੂਦੇਵਨ 20
- ਰਾਸ਼ਟਰਪਤੀ ਭਵਨ : ਇਕ ਸਮਾਰਟ ਵਿਰਾਸਤੀ ਨਗਰ – ਸੁਰੇਸ਼ ਯਾਦਵ 26
- ਭਾਰਤੀ ਸ਼ਹਿਰਾਂ 'ਚ ਸਵੱਛਤਾ ਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ – ਕਲਾ ਸੀਤਾਰਾਮ ਸ੍ਰੀਧਰ 30
- ਸਮਾਰਟ ਸਿਟੀ : ਸ਼ਹਿਰੀ ਵਿਕਾਸ ਦੀ ਨਵੀਂ ਨੀਤੀ – ਮਨਧੀਰ ਸਿੰਘ ਦਿਓਲ 33
- ਭਾਰਤ ਵਿਚ ਸਮਾਰਟ ਸਿਟੀ ਮਾਡਲ : ਵਿਕਾਸ ਤੇ ਸੰਭਾਵਨਾਵਾਂ – ਸਰਬਜੀਤ ਸਿੰਘ ਛੀਨਾ 36
- ਸਮਾਰਟ ਸ਼ਹਿਰ ਅਤੇ ਵਿਕਾਸ – ਰਤਨ ਸਲਦੀ 39
- ਸ਼ਕਤੀਸ਼ਾਲੀ ਭਾਰਤ ਬਣਾਉਣ ਲਈ ਡਿਜ਼ੀਟਲ ਤਕਨਾਲੋਜੀ – ਵਿਜੈ ਕੁਮਾਰ ਕੌਲ 42
- ਭਾਰਤ 'ਚ ਸਮਾਵੇਸ਼ੀ ਵਿਕਾਸ ਤੇ ਸਮਾਜਿਕ ਪਰਿਵਰਤਨ – ਐੱਨ ਆਰ ਭਾਨੂਮੂਰਤੀ ਤੇ – ਵਰਸ਼ਾ ਸਿਵਾਰਾਮ 49
- ਕੀ ਭਾਰਤ ਦਾ ਵਿਕਾਸ ਸਮੁੱਚਤਾ ਵਾਲਾ ਰਿਹਾ ਹੈ : ਧਾਰਨਾ ਤੇ ਸਬੂਤ – ਸ੍ਰੀਪਦ ਮੋਤੀਰਾਮ 52


**_ਯੋਜਨਾ_ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਸਾਹਮਣੇ ਲਿਖੇ ਪਤੇ 'ਤੇ ਭੇਜੋ : ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ, ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003,**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੁਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ 100 ਰੁ., 2 ਸਾਲ 180 ਰੁ., 3 ਸਾਲ 250ਰੁ. – ਸਾਰਕ ਦੇਸ਼ਾਂ ਲਈ ਸਾਲਾਨਾ 530 ਰੁ., ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ 730ਰੁ.,**
**_ਯੋਜਨਾ_ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਸਮਾਰਟ ਭਾਰਤ ਵਲ ਵਧਦੇ ਕਦਮ

ਪਿਛਲੇ ਵਰ੍ਹਿਆਂ ਵਿਚ ਇਹ ਸਵਾਲ ਕਿ ਅਸੀਂ 'ਸਮਾਰਟ' ਜ਼ਿੰਦਗੀ ਕਿਵੇਂ ਜੀਅ ਸਕਦੇ ਹਾਂ, ਹਰ ਕਿਸੇ ਦੀ ਕਲਪਨਾ ਦਾ ਕੇਂਦਰ ਬਣਿਆ ਰਿਹਾ ਹੈ। ਵਧਦੀ ਜਨਸੰਖਿਆ ਅਤੇ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ ਨੇ ਪਿੰਡਾਂ ਤੋਂ ਸ਼ਹਿਰਾਂ ਵਲ ਵੱਡੇ ਪੱਧਰ 'ਤੇ ਪਰਵਾਸ ਨੂੰ ਹੁਲਾਰਾ ਦਿਤਾ ਹੈ। ਇਸ ਨਾਲ ਊਰਜਾ, ਆਵਾਜਾਈ, ਪਾਣੀ, ਇਮਾਰਤਾਂ ਅਤੇ ਜਨਤਕ ਥਾਵਾਂ 'ਤੇ ਵੱਡਾ ਬੋਝ ਪਿਆ ਹੈ। ਨੀਤੀ ਨਿਰਮਾਤਾ ਇਨ੍ਹਾਂ ਮੁੱਦਿਆਂ ਦੇ ਹੱਲ ਦੇ ਤਰੀਕੇ ਲੱਭਣ ਲਈ ਸਿਰਤੋੜ ਯਤਨ ਕਰ ਰਹੇ ਹਨ। 'ਸਮਾਰਟ' ਸ਼ਹਿਰਾਂ ਦੇ ਹੱਲ ਲਈ ਲਗਾਤਾਰ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਜੋ ਇਕ ਪਾਸੇ ਕੁਸ਼ਲ ਅਤੇ ਸਥਾਈ ਵੀ ਹੋਵੇ ਅਤੇ ਦੂਜੇ ਪਾਸੇ ਆਰਥਿਕ ਖ਼ੁਸ਼ਹਾਲੀ ਅਤੇ ਸਮਾਜਿਕ ਭਲਾਈ ਵੀ ਪੈਦਾ ਕਰ ਸਕੇ।

ਭਾਰਤੀ ਆਰਥਿਕਤਾ ਨਿਰੰਤਰ ਵਿਕਸਤ ਹੋ ਰਹੀ ਹੈ ਜਿਸ ਨੇ ਵਿਸ਼ਵ ਦਾ ਧਿਆਨ ਆਪਣੇ ਵਲ ਖਿੱਚਿਆ ਹੈ। ਵਿਸ਼ਲੇਸ਼ਕ ਇਸ਼ਾਰਾ ਕਰਦੇ ਹਨ ਕਿ ਉਦਾਰਵਾਦ ਅਤੇ ਨਵੀਂ ਪੀੜ੍ਹੀ ਦੇ ਸੁਧਾਰਾਂ ਦੇ ਨਾਲ-ਨਾਲ, ਪ੍ਰਣਾਲੀਗਤ ਯੋਜਨਾਬੰਦੀ ਅਤੇ ਭਾਰਤੀ ਆਰਥਿਕਤਾ ਦੀ ਜਨਮਜਾਤ ਤਾਕਤ ਨੇ ਸਫਲਤਾ ਦੀ ਇਸ ਕਹਾਣੀ ਦਾ ਰਾਹ ਪੱਧਰਾ ਕੀਤਾ ਹੈ। ਇਸੇ ਹੀ ਸਮੇਂ ਸਮੁੱਚੇ ਵਿਕਾਸ ਨੂੰ ਯਕੀਨੀ ਬਣਾ ਕੇ ਅੱਗੇ ਵਧਣਾ ਸੌਖਾ ਕੰਮ ਨਹੀਂ। ਵਧਦੀਆਂ ਹੋਈਆਂ ਆਰਥਿਕ ਸਰਗਰਮੀਆਂ ਅਤੇ ਸ਼ਹਿਰੀਕਰਨ ਇਤਿਹਾਸਕ ਤੌਰ ਤੇ ਨਾਲ-ਨਾਲ ਚੱਲੇ ਹਨ। ਸ਼ਹਿਰਾਂ ਵਿਚ ਆਰਥਿਕ ਸਰਗਰਮੀਆਂ ਦੀ ਤੇਜ਼ ਰਫ਼ਤਾਰ ਨਾਲ, ਬੇਹਤਰ ਰੁਜ਼ਗਾਰ ਦੀ ਤਲਾਸ਼ ਵਿਚ ਪਿੰਡਾਂ ਤੋਂ ਸ਼ਹਿਰਾਂ ਵਲ ਵੱਡੀ ਪੱਧਰ 'ਤੇ ਪਰਵਾਸ ਹੋਇਆ ਹੈ। ਸਾਡੇ ਬਹੁਤ ਸਾਰੇ ਸ਼ਹਿਰ ਮਾਸਟਰ ਪਲਾਨ ਦੀ ਅਣਹੋਂਦ ਵਿਚ, ਗ਼ੈਰ ਯੋਜਨਾਬੱਧ ਵਿਕਾਸ ਦੇ ਬੁਰੇ ਪ੍ਰਭਾਵਾਂ ਨਾਲ ਜੂਝ ਰਹੇ ਹਨ। ਜ਼ਿਆਦਾਤਰ ਸ਼ਹਿਰਾਂ ਵਿਚ ਬੁਨਿਆਦੀ ਢਾਂਚੇ ਅਤੇ ਸੂਚਨਾ ਤਕਨਾਲੋਜੀ ਆਧਾਰਿਤ ਸੇਵਾਵਾਂ ਦੇ ਮੌਕੇ ਪੂਰਤੀ ਪੱਖੋਂ ਬੇਹੱਦ ਘੱਟ ਹਨ। ਸ਼ਹਿਰਾਂ ਦੇ ਅਮੀਰਾਂ ਅਤੇ ਗਰੀਬਾਂ ਵਿਚਾਲੇ ਤੇਜ਼ੀ ਨਾਲ ਵਧ ਰਿਹਾ ਖੱਪਾ ਵੀ ਚਿੰਤਾ ਦਾ ਵਿਸ਼ਾ ਹੈ।

ਇਹ ਸੱਚ ਹੈ ਕਿ ਖੇਤੀ ਖੇਤਰ ਭਾਰਤੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ। ਪਰ, ਵਰਤਮਾਨ ਸਮੇਂ ਸਾਡੇ ਕੁੱਲ ਘਰੇਲੂ ਉਤਪਾਦ ਦਾ ਦੋ ਤਿਹਾਈ ਸ਼ਹਿਰੀ ਖੇਤਰ ਵਲੋਂ ਪੈਦਾ ਕੀਤਾ ਜਾਂਦਾ ਹੈ। ਇਸ ਤੱਥ ਦੇ ਚਲਦਿਆਂ ਕਿ ਸ਼ਹਿਰ ਭਾਰਤ ਦੇ ਆਰਥਿਕ ਵਿਕਾਸ ਨੂੰ ਗਤੀ ਪ੍ਰਦਾਨ ਕਰਦੇ ਹਨ, ਸਿੱਟੇ ਵਜੋਂ, ਸ਼ਹਿਰਾਂ ਵਿਚ ਨਵੀਨਤਮ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਅਤੇ ਸੇਵਾਵਾਂ ਦੇਣ ਦੇ ਤੰਤਰ ਦੀ ਲੋੜ ਜ਼ਰੂਰੀ ਹੋ ਜਾਂਦੀ ਹੈ। ਸਮਾਰਟ ਸ਼ਹਿਰਾਂ ਦੇ ਮਿਸ਼ਨ ਦਾ ਕੇਂਦਰ ਬਿੰਦੂ ਪ੍ਰਮੁੱਖ ਬੁਨਿਆਦੀ ਢਾਂਚਾ ਸੇਵਾਵਾਂ ਦੇਣ, ਜਿਵੇਂ ਸਾਫ਼ ਪੀਣ ਵਾਲੇ ਪਾਣੀ ਦੀ ਢੁਕਵੀਂ ਪੂਰਤੀ, ਸਾਫ਼-ਸਫ਼ਾਈ, ਠੋਸ ਕਚਰਾ ਪ੍ਰਬੰਧਨ, ਕੁਸ਼ਲ ਸ਼ਹਿਰੀ ਗਤੀਸ਼ੀਲਤਾ ਅਤੇ ਜਨਤਕ ਆਵਾਜਾਈ, ਵਿਸ਼ਾਲ ਸੂਚਨਾ ਤਕਨਾਲੋਜੀ ਸੰਪਰਕ ਅਤੇ ਗਰੀਬਾਂ ਲਈ ਵਾਜਬ ਕੀਮਤ 'ਤੇ ਘਰ ਮੁਹੱਈਆ ਕਰਵਾਉਣ 'ਤੇ ਜ਼ੋਰ ਦੇਣਾ ਹੈ। ਸਰਕਾਰ ਦਾ 100 ਸਮਾਰਟ ਸ਼ਹਿਰ ਬਣਾਉਣ ਦਾ ਮਹੱਤਵਪੂਰਨ ਪ੍ਰੋਗਰਾਮ, ਸਮੁੱਚੇ ਵਿਕਾਸ 'ਤੇ ਆਧਾਰਿਤ, ਸਮਾਰਟ ਅਤੇ ਸਥਿਰ ਵਿਕਾਸ ਯਕੀਨੀ ਬਣਾਉਣ ਦੇ ਟੀਚੇ ਦੁਆਲੇ ਕੇਂਦਰਿਤ ਹੈ। 2015-16 ਤੋਂ 2019-2020 ਤਕ ਪੰਜਾਂ ਸਾਲਾਂ ਵਿਚ ਇਸ ਮਿਸ਼ਨ ਦੇ ਦਾਇਰੇ ਹੇਠ 100 ਸ਼ਹਿਰ ਲਿਆਂਦੇ ਜਾਣਗੇ। ਸਮੁੱਚੇ ਵਿਕਾਸ ਵਾਲੇ ਇਹ ਸ਼ਹਿਰ ਅਤਿ-ਆਧੁਨਿਕ ਸੂਚਨਾ ਤਕਨਾਲੋਜੀ ਯੰਤਰਾਂ/ਸਾਧਨਾਂ ਦੇ ਇਸਤੇਮਾਲ ਨਾਲ ਸਰਬ ਪੱਖੀ ਵਿਕਾਸ ਲਈ ਸ਼ਹਿਰੀ ਗਰੀਬਾਂ ਅਤੇ ਕਮਜ਼ੋਰ ਵਰਗਾਂ ਲਈ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਕਰਨਗੇ।

ਨਵੀਨੀਕਰਨ ਅਤੇ ਸ਼ਹਿਰੀ ਬਦਲਾਅ ਲਈ ਅਟਲ ਮਿਸ਼ਨ (ਏ ਐੱਮ ਆਰ ਯੂ ਟੀ) ਨਾਮੀ ਇਕ ਹੋਰ ਮਹੱਤਵਪੂਰਨ ਪ੍ਰੋਗਰਾਮ ਸਮਾਰਟ ਸ਼ਹਿਰਾਂ ਦੇ ਮਿਸ਼ਨ ਦਾ ਪੂਰਕ ਹੋਵੇਗਾ। ਸਮਾਰਟ ਸ਼ਹਿਰਾਂ ਦੇ ਮਿਸ਼ਨ ਅਤੇ ਏ ਐੱਮ ਆਰ ਯੂ ਟੀ ਦਾ ਕੁੱਲ ਖਰਚ ਕ੍ਰਮਵਾਰ 48,000 ਕਰੋੜ ਰੁਪਏ ਅਤੇ 50,000 ਕਰੋੜ ਰੁਪਏ ਹੋਵੇਗਾ।

ਪ੍ਰਧਾਨ ਮੰਤਰੀ ਆਵਾਸ ਯੋਜਨਾ ਨਾਮੀ ਇਕ ਹੋਰ ਯੋਜਨਾ ਵਿਚ ਸਰਕਾਰ ਅਗਲੇ 7 ਸਾਲਾਂ ਵਿਚ ਸ਼ਹਿਰੀ ਖੇਤਰਾਂ ਅੰਦਰ ਝੁੱਗੀ ਵਾਲਿਆਂ ਅਤੇ ਘੱਟ ਆਮਦਨ ਅਤੇ ਕਮਜ਼ੋਰ ਵਰਗਾਂ ਦੇ ਲੋਕਾਂ ਲਈ 2 ਕਰੋੜ ਕਿਫ਼ਾਇਤੀ ਘਰ ਉਸਾਰਨ 'ਤੇ 3 ਲੱਖ ਕਰੋੜ ਰੁਪਏ ਖਰਚ ਕਰੇਗੀ। ਇਹ ਲੱਖਾਂ ਝੁੱਗੀ-ਝੌਂਪੜੀ ਵਾਸੀਆਂ ਅਤੇ ਸ਼ਹਿਰੀ ਗਰੀਬਾਂ ਲਈ ਇਕ ਵਰਦਾਨ ਹੋਵੇਗਾ ਜੋ ਜੀਵਨ ਦੀ ਗੱਡੀ ਚੱਲਦੀ ਰੱਖਣ ਲਈ ਜੱਦੋ ਜਹਿਦ ਕਰ ਰਹੇ ਹਨ।

ਅਤਿ-ਆਧੁਨਿਕ ਬੁਨਿਆਦੀ ਢਾਂਚਾ ਸੇਵਾਵਾਂ ਦੇਣ ਅਤੇ ਸੂਚਨਾ ਤੇ ਡਿਜ਼ੀਟਲ ਤਕਨਾਲੋਜੀ ਦੀ ਵਰਤੋਂ ਕਰਕੇ ਕੁਸ਼ਲ ਸੇਵਾਵਾਂ ਪ੍ਰਦਾਨ ਕਰਨ ਦੇ ਟੀਚੇ ਨਾਲ ਸਮਾਰਟ ਸਿਟੀ ਮਿਸ਼ਨ ਆਰਥਿਕ ਤੇ ਸਮਾਜਿਕ ਖੱਪੇ ਨੂੰ ਭਰਨ ਲਈ ਢੁਕਵਾਂ ਹੁਲਾਰਾ ਪ੍ਰਦਾਨ ਕਰੇਗਾ। ਇਸੇ ਹੀ ਸਮੇਂ, ਦੂਜੇ ਦੇਸ਼ਾਂ ਦੇ ਸਮਾਰਟ ਸ਼ਹਿਰਾਂ ਦੇ ਮਾਡਲ ਦੀ ਨਕਲ ਕਰਨ ਦੀ ਬਜਾਇ, ਭਾਰਤ ਨੂੰ ਆਪਣੀਆਂ ਲੋੜਾਂ ਮੁਤਾਬਕ ਆਪਣੀ ਰਣਨੀਤੀ ਉਲੀਕਣੀ ਪਵੇਗੀ। ਸਮਾਰਟ ਸ਼ਹਿਰਾਂ ਦੇ ਪ੍ਰਜੈਕਟ ਨੂੰ ਲਾਗੂ ਕਰਨ ਸਮੇਂ, ਤਕਨਾਲੋਜੀ ਤੇ ਖ਼ਾਸ ਕਰਕੇ ਸੂਚਨਾ ਤਕਨਾਲੋਜੀ ਖੇਤਰ ਅਤੇ ਬਹੁਤਾਤ ਵਿਚ ਹੁਨਰਮੰਦ ਮਨੁੱਖੀ ਸ਼ਕਤੀ ਦੀ ਉਪਲਬਧਤਾ ਦੇ ਮਾਮਲੇ ਵਿਚ ਭਾਰਤ ਦੀ ਝੰਡੀ ਹੋਣਾ, ਇਸ ਲਈ ਫ਼ਾਇਦੇਮੰਦ ਹੋਵੇਗਾ। ਜਨਤਾ ਦੀ ਠੀਕ ਪਹੁੰਚ, ਪ੍ਰਭਾਵੀ ਸ਼ਾਸਨ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾ ਕੇ ਭਾਰਤ ਸਮਾਰਟ ਜ਼ਿੰਦਗੀ ਦੇ ਯੁਗ ਵਿਚ ਦਾਖ਼ਲ ਹੋ ਕੇ ਆਪਣੇ ਨਾਗਰਿਕਾਂ ਲਈ ਸਮਾਰਟ ਦੁਨੀਆਂ ਸਿਰਜਣ ਦੀ ਆਸ ਰੱਖ ਸਕਦਾ ਹੈ।

– ***ਮੁੱਖ ਸੰਪਾਦਕ***

# ਸਮਾਰਟ ਸ਼ਹਿਰਾਂ ਵਿਚ ਡਿਜ਼ੀਟਲ ਸ਼ਾਸਨ

✍ ਆਰ. ਚੰਦਰਸ਼ੇਖਰ

ਪ੍ਰਚੱਲਤ ਅਨੁਮਾਨਾਂ ਮੁਤਾਬਕ 2050 ਈ. ਤਕ, ਵਿਕਾਸਸ਼ੀਲ ਦੁਨੀਆਂ ਦੀ 64 ਪ੍ਰਤਿਸ਼ਤ ਵਸੋਂ ਸ਼ਹਿਰੀ ਖੇਤਰਾਂ ਵਿਚ ਨਿਵਾਸ ਕਰੇਗੀ ਅਤੇ ਵਿਕਸਤ ਦੇਸ਼ਾਂ ਵਿਚ ਇਹ ਸੰਖਿਆ 86 ਪ੍ਰਤਿਸ਼ਤ ਦੇ ਆਸ ਪਾਸ ਹੋਵੇਗੀ। ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ ਨਾਲ ਧਿਆਨ ਦੇ ਕੇਂਦਰ ਸ਼ਹਿਰ ਅਤੇ ਉਨ੍ਹਾਂ ਦੇ 'ਸਮਾਰਟ' ਹੋਣ ਦੀ ਲੋੜ ਹੈ। ਵੱਖ-ਵੱਖ ਪਹਿਲਕਦਮੀਆਂ ਦੀ ਪਹਿਲ ਨਿਰਧਾਰਤ ਕਰਨਾ – ਜੋ ਸਮਾਰਟ ਸ਼ਹਿਰਾਂ ਦੇ ਦਾਇਰੇ ਹੇਠ ਆਉਂਦੇ ਹਨ, ਜ਼ਰੂਰੀ ਹੋ ਜਾਂਦਾ ਹੈ ਜਿਸ ਦਾ ਕਾਰਨ ਇਕ ਸ਼ਹਿਰ ਦੀਆਂ ਵਿਸ਼ੇਸ਼ ਲੋੜਾਂ ਹੋ ਸਕਦੀਆਂ ਹਨ। ਅਗਲਾ ਕਦਮ ਨਿਵੇਸ਼ ਅਤੇ ਪ੍ਰਮੁੱਖ ਭੌਤਿਕ ਅਤੇ ਸੂਚਨਾ ਤਕਨਾਲੋਜੀ ਬੁਨਿਆਦੀ ਢਾਂਚੇ ਨੂੰ ਆਕਰਸ਼ਤ ਕਰਨਾ ਹੋਵੇਗਾ, ਜਿਸ ਦੀ ਸਹੀ ਅਰਥਾਂ ਵਿਚ ਜ਼ਰੂਰਤ ਪਵੇਗੀ।

## ਸ਼ਹਿਰੀ ਸ਼ਾਸਨ ਅਤੇ ਇਸ ਦੀਆਂ ਬੇਸ਼ੁਮਾਰ ਚੁਨੌਤੀਆਂ

ਜਨਤਕ ਅਤੇ ਨਿੱਜੀ ਏਜੰਸੀਆਂ ਨਾਗਰਿਕਾਂ ਨੂੰ ਸੇਵਾਵਾਂ ਦੇਣ ਵਿਚ ਮਦਦ ਕਰਦੀਆਂ ਹਨ। ਇਹ ਸੇਵਾਵਾਂ ਬਹੁਤ ਸਾਰੀਆਂ ਅਤੇ ਵਿਭਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ ਅਤੇ ਅਕਸਰ ਜਟਿਲ ਸੰਬੰਧਾਂ ਦੇ ਮਿਲਗੋਭੇ 'ਤੇ ਆ ਕੇ ਨਿਬੜੀਆਂ ਹਨ ਅਤੇ ਜਿਸ ਵਿਚ ਸਾਰੀਆਂ ਧਿਰਾਂ ਸ਼ਾਮਿਲ ਹੁੰਦੀਆਂ ਹਨ ਜੋ ਸਹਿਯੋਗ ਅਤੇ ਸ਼ਾਸਨ ਦੀ ਥਾਂ ਲੈ ਲੈਂਦੀਆਂ ਹਨ। ਵਾਤਾਵਰਨ ਪ੍ਰਣਾਲੀ – ਜੇ ਇਸ ਨੂੰ ਅਜਿਹਾ ਆਖਿਆ ਜਾ ਸਕੇ – ਸ਼ਹਿਰੀ ਸ਼ਾਸਨ, ਸੰਚਾਲਨ ਅਤੇ ਰੱਖ-ਰਖਾਅ, ਜਨਤਕ ਬੁਨਿਆਦੀ ਢਾਂਚੇ ਦੇ ਅਸਾਸਿਆਂ ਦਾ ਪ੍ਰਬੰਧਨ, ਸੰਪੂਰਨ ਸੰਚਾਲਨ ਅਤੇ ਨਾਗਰਿਕ ਸੇਵਾਵਾਂ ਦਾ ਮਿਸ਼ਰਣ ਹੁੰਦੀ ਹੈ। ਡਿਜ਼ੀਟਲ ਤਰੀਕੇ ਦੀ ਬਜਾਇ ਹੱਥੀ ਕੰਮ ਕਰਨ ਦੇ ਨਤੀਜੇ ਅਕੁਸ਼ਲ ਪੂਰੀ ਵਰਤੋਂ ਨਾ ਹੋਣ ਅਤੇ ਚੋਰੀ ਦੇ ਰੂਪ ਵਿਚ ਨਿਕਲਦੇ ਹਨ। ਆਉ, ਵੇਖੀਏ ਕਿ ਇਨ੍ਹਾਂ ਸ਼ਹਿਰਾਂ ਦੇ ਪ੍ਰਭਾਵੀ ਸ਼ਾਸਨ ਅਤੇ ਸਹੀ ਅਰਥਾਂ ਵਿਚ ਵਿਸ਼ਵ ਪੱਧਰ ਦੇ ਬਣਾਉਣ ਲਈ ਤਕਨਾਲੋਜੀ ਦਾ ਇਸਤੇਮਾਲ ਕਿਵੇਂ ਕੀਤਾ ਜਾ ਸਕਦਾ ਹੈ। ਆਮ ਨਜ਼ਰੇ ਸ਼ਹਿਰੀ ਸ਼ਾਸਨ ਨੂੰ ਵੇਖਿਆਂ ਸੰਸਥਾਗਤ ਭੂਮਿਕਾ ਦਾ ਵਿਖੰਡਨ ਅਤੇ ਦੋਹਰਾਪਨ, ਸਮਰੱਥਾ ਦੀ ਕਮੀ, ਫ਼ੰਡ ਦੀ ਕਮੀ, ਸੀਮਤ ਖੁਦਮੁਖ਼ਤਿਆਰੀ ਅਤੇ ਨਾਗਰਿਕਾਂ ਨਾਲ ਕਮਜ਼ੋਰ ਸੰਬੰਧ ਉਜਾਗਰ ਹੋਣਗੇ। ਯੂ ਐੱਲ ਬੀ ਅਤੇ ਦੂਸਰੇ ਵਿਭਾਗਾਂ ਲਈ ਆਨਲਾਈਨ ਸਿਖਲਾਈ ਪ੍ਰਕਿਰਿਆਵਾਂ ਸਮਰੱਥਾ ਵਿਕਾਸ ਵਿਚ ਸਹਾਈ ਹੁੰਦੀਆਂ ਹਨ। ਇਸੇ ਤਰ੍ਹਾਂ ਹੀ, ਸਰੋਤ ਅਨੁਕੂਲਣ ਪ੍ਰਕਿਰਿਆ ਨਾਲ ਮਨੁੱਖੀ ਸ਼ਕਤੀ ਦਾ ਪ੍ਰਬੰਧਨ ਵੱਖਰੇ ਪ੍ਰਭਾਵੀ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਸਵੈ-ਚਾਲਿਤ ਪ੍ਰਕਿਰਿਆਵਾਂ ਮਨੁੱਖੀ ਦਖ਼ਲ ਨੂੰ ਘੱਟ ਕਰਦੀਆਂ ਹਨ। ਨਾਲ ਦੀ ਨਾਲ, ਨਾਗਰਿਕ ਮੁਖੀ ਆਨਲਾਈਨ ਪੋਰਟਲ ਸਰਕਾਰ ਨੂੰ ਨਾਗਰਿਕਾਂ ਨਾਲ ਜੁੜਨ ਅਤੇ ਉਨ੍ਹਾਂ ਦਾ ਰਾਇ-ਮਸ਼ਵਰਾ ਪ੍ਰਾਪਤ ਕਰਨ ਵਿਚ ਮਦਦ ਕਰਦੇ ਹਨ।


ਸੰਚਾਲਨ ਅਤੇ ਰੱਖ-ਰਖਾਅ ਪ੍ਰਤਿ ਪਹੁੰਚ ਆਮ ਕਰਕੇ ਕੰਮ ਚਲਾਊ ਹੁੰਦੀ ਹੈ, ਜਿਥੇ ਸੇਵਾ ਪ੍ਰਦਾਨ ਕਰਨ ਵਾਲੇ ਦੀ ਕਾਰਗੁਜ਼ਾਰੀ ਸਪੱਸ਼ਟ ਨਹੀਂ ਹੁੰਦੀ, ਸ਼ਹਿਰ ਪ੍ਰਬੰਧਨ ਦੀ ਪਹੁੰਚ ਅਸੰਗਠਿਤ ਹੁੰਦੀ ਹੈ ਅਤੇ ਬੇਸ਼ੱਕ ਮਨੁੱਖੀ ਸ਼ਕਤੀ ਦੀ ਘਾਟ ਦੀ ਬਾਰਾਂਮਾਸੀ ਸਮੱਸਿਆ ਮੂੰਹ ਅੱਡੀ ਖੜ੍ਹੀ ਰਹਿੰਦੀ ਹੈ। ਸੰਖੇਪ ਵਿਚ, ਮਾਮਲਿਆਂ ਦੀ ਪ੍ਰਤਿਕਿਰਿਆਤਮਕ ਹਾਲਾਤ ਨੂੰ ਟਾਲਿਆ ਜਾ ਸਕਦਾ ਹੈ। ਸ਼ਹਿਰੀ ਕਾਰਗੁਜ਼ਾਰੀ ਦਾ ਡੈਸ਼ਬੋਰਡ ਕਾਰਗੁਜ਼ਾਰੀ 'ਤੇ ਨਜ਼ਰ ਰੱਖਣ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਨਾਗਰਿਕਾਂ ਨੂੰ ਸੇਵਾ ਦੀ ਗੁਣਵੱਤਾ ਬਾਰੇ ਸਵਾਲ ਕਰਨ ਲਈ ਤਾਕਤ ਦਿੰਦਾ ਹੈ। ਵੱਖ-ਵੱਖ ਵਿਭਾਗਾਂ ਦੇ ਕੰਮ ਕਾਰ ਵਿਚ ਪਾਰਦਰਸ਼ਿਤਾ ਨੂੰ ਸੰਪੂਰਨ ਅਗਵਾਈ ਅਤੇ ਸੰਚਾਲਨ ਕੇਂਦਰ ਦੀ ਮਦਦ ਨਾਲ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਅਨੁਮਾਨਤ ਵਿਸ਼ਲੇਸ਼ਣ ਰੱਖ-ਰਖਾਅ ਦੇ ਚੱਕਰ ਨੂੰ ਬੇਹਤਰ ਸਮਝਣ ਵਿਚ ਮਦਦ ਕਰ ਸਕਦੇ ਹਨ, ਜੋ ਆਖ਼ਰ ਨੂੰ ਬੇਹਤਰ ਕਾਰਗੁਜ਼ਾਰੀ ਨੂੰ ਉਤਸ਼ਾਹਿਤ ਕਰਦੇ ਹਨ।

ਜਨਤਕ ਬੁਨਿਆਦੀ ਢਾਂਚਾ ਅਤੇ ਅਸਾਸਿਆਂ ਦੀ ਪ੍ਰਭਾਵੀ ਯੋਜਨਾਬੰਦੀ ਦਾ ਕੋਈ ਪ੍ਰਾਵਧਾਨ ਨਹੀਂ ਹੈ। ਅਕਸਰ ਸੂਈ ਪੁਰਾਣੀ ਹੁੰਦੀ ਹੈ ਅਤੇ ਰਿਕਾਰਡ ਹੱਥੀਂ ਰੱਖੇ ਜਾਂਦੇ ਹਨ, ਜਿਸ ਨਾਲ ਵਿਆਪਕ ਅਸਾਸੇ ਪ੍ਰਬੰਧਨ ਦੀ ਕਮੀ ਉਪਜਦੀ ਹੈ। ਸੰਗਠਿਤ ਅਸਾਸੇ ਪ੍ਰਬੰਧਨ ਦੇ ਹੱਲ ਅਸਾਸੇ ਦੇ ਰੱਖ-ਰਖਾਅ ਦੀ ਪ੍ਰਥਾ ਸਦਕਾ ਸੰਚਾਲਨ ਲਾਗਤ ਘਟ ਜਾਂਦੀ ਹੈ ਜਿਸ ਨਾਲ ਅਸਾਸਿਆਂ ਦੀ ਦਿੱਖ, ਇਨ੍ਹਾਂ ਦੀ ਵਰਤੋਂ, ਸਮੇਤ ਰੱਖ-ਰਖਾਅ ਜ਼ਿਆਦਾ ਸਪੱਸ਼ਟ ਹੋ ਜਾਂਦੀ ਹੈ।

ਬਹੁ-ਚੈਨਲ ਨਾਗਰਿਕ ਇੰਟਰਫੇਸ/ਮੰਚ ਜਿਵੇਂ ਮੋਬਾਈਲ, ਵੈੱਬ, ਆਹਮਣੇ-ਸਾਹਮਣੇ, ਇਸ਼ਤਿਹਾਰ ਅਤੇ ਸੋਸ਼ਲ ਮੀਡੀਆ ਵੱਖ-ਵੱਖ ਨਾਗਰਿਕ ਸੇਵਾਵਾਂ ਜਿਵੇਂ ਬਿੱਲ ਭੁਗਤਾਨ, ਟੈਕਸ, ਆਨਲਾਈਨ ਪ੍ਰਮਾਣ ਪੱਤਰ ਜਾਰੀ ਕਰਨ ਅਤੇ ਸ਼ਿਕਾਇਤਾਂ ਦਰਜ ਕਰਨ ਵਿਚ ਮਦਦਗਾਰ ਸਾਬਤ ਹੋ ਸਕਦੇ ਹਨ। ਸੋਸ਼ਲ ਮੀਡੀਆ ਦੋ ਪਾਸੀ ਸੰਚਾਰ ਦਾ ਸ਼ਕਤੀਸ਼ਾਲੀ ਮਾਧਿਅਮ ਸਾਬਤ ਹੋਇਆ ਹੈ।

## ਸੰਭਾਵਿਤ ਆਈ ਸੀ ਟੀ ਉੱਤੇ ਉੱਚ ਪੱਧਰੀ ਝਾਤ

- ***ਵਪਾਰਕ ਪ੍ਰਕਿਰਿਆ ਦਾ ਸਵੈਚਾਲਨ :*** ਮੁੜ ਤੋਂ ਬਣਾਉਣਾ, ਅਨੁਕੂਲਣ ਅਤੇ ਸਵੈਚਾਲਿਤ ਵਪਾਰਕ ਪ੍ਰਕਿਰਿਆਵਾਂ, ਵਪਾਰਕ ਪ੍ਰਕਿਰਿਆ ਪ੍ਰਬੰਧਨ




ਦੇ ਹੱਲ ਦੀ ਵਰਤੋਂ ਕਰ ਕੇ ਤਾਂ ਕਿ ਜੋ ਪੂਰਨ ਤੌਰ ਤੇ ਸੰਗਠਿਤ ਅਤੇ ਸਵੈਚਾਲਿਤ ਵਪਾਰਕ ਪ੍ਰਕਿਰਿਆਵਾਂ ਦਾ ਨੀਤੀਗਤ ਜੋੜ ਪੈਦਾ ਕੀਤਾ ਜਾ ਸਕੇ ਜੋ ਕੁਸ਼ਲਤਾ ਵਧਾਉਂਦਾ ਹੈ ਅਤੇ ਸੇਵਾ ਪ੍ਰਦਾਨ ਕਰਨ ਦੀ ਲਾਗਤ ਘੱਟ ਕਰਦਾ ਹੈ।

• ***ਮਲਟੀ-ਚੈਨਲ ਨਾਗਰਿਕ ਸੇਵਾਵਾਂ :*** ਮਲਟੀ-ਚੈਨਲ ਨਾਗਰਿਕ ਇੰਟਰਫੇਸ (ਮੋਬਾਈਲ, ਵੈੱਬ, ਆਨਲਾਈਨ, ਫ਼ੋਨ, ਆਹਮਣੇ-ਸਾਹਮਣੇ, ਇਸ਼ਤਿਹਾਰ, ਸੋਸ਼ਲ ਮੀਡੀਆ ਜੋ ਨਾਗਰਿਕ ਸੇਵਾਵਾਂ ਜਿਵੇਂ ਬਿੱਲ ਭੁਗਤਾਨ, ਕਰ ਭੁਗਤਾਨ, ਜਨਮ ਪ੍ਰਮਾਣ ਪੱਤਰ, ਸ਼ਿਕਾਇਤਾਂ ਦੇ ਪੰਜੀਕਰਨ ਆਦਿ ਲਈ ਵਰਤੀਆਂ ਜਾ ਸਕਦੀਆਂ ਹਨ।

• ***ਸ਼ਹਿਰ ਦੀ ਕਾਰਗੁਜ਼ਾਰੀ:*** ਡਿਜ਼ੀਟਲ ਤਕਨਾਲੋਜੀ ਨਾਲ ਸ਼ਹਿਰ ਦੀਆਂ ਉਪ-ਪ੍ਰਣਾਲੀਆਂ ਦੀ ਕਾਰਗੁਜ਼ਾਰੀ 'ਤੇ ਨਿਗਰਾਨੀ ਰੱਖਣੀ ਤਾਂ ਕਿ ਸ਼ਹਿਰ ਦੇ ਸ਼ਾਸਨ ਕੁਸ਼ਲ ਕਾਰਗੁਜ਼ਾਰੀ ਤੇ ਸੰਕਟ ਦੇ ਅਗਾਊਂ ਪ੍ਰਬੰਧਨ ਵਿਚ ਮਦਦ ਮਿਲ ਸਕੇ।

• ***ਸੰਗਠਿਤ ਅਸਾਮੀਆਂ ਦੇ ਪ੍ਰਬੰਧਨ ਦੇ ਹੱਲ :*** ਸਾਰੇ ਹੀ ਸ਼ਾਸਨ ਦੇ ਬੁਨਿਆਦੀ ਢਾਂਚੇ ਦੇ ਅਸਾਸੇ, ਜਿਸ ਵਿਚ ਸੰਬੰਧਿਤ ਅੰਕੜੇ, ਪ੍ਰਕਿਰਿਆਵਾਂ, ਜਾਣਕਾਰੀ ਪ੍ਰਣਾਲੀਆਂ ਅਤੇ ਪ੍ਰਬੰਧ ਯੋਗ ਸੰਚਾਲਨ ਲਈ ਸ਼ਾਸਨ ਅਤੇ ਉੱਚ ਸਥਿਰਤਾ ਸ਼ਾਮਿਲ ਹੈ, ਦਾ ਪ੍ਰਬੰਧਨ।

• ***ਸੰਗਠਿਤ ਅਗਵਾਈ ਅਤੇ ਸੰਚਾਲਨ ਕੇਂਦਰ :*** ਵਾਸਤਵਿਕ ਅਰਥਾਂ ਵਿਚ ਸ਼ਹਿਰ ਦੀਆਂ ਸੇਵਾਵਾਂ ਦੀ ਨਿਗਰਾਨੀ ਲਈ ਸੰਗਠਿਤ ਅਗਵਾਈ ਅਤੇ ਸੰਚਾਲਨ ਕੇਂਦਰ ਬਣਾਉਣਾ। ਰੱਖ-ਰਖਾਅ ਸਰਗਰਮੀਆਂ ਵਿਚ ਸੁਧਾਰ ਅਤੇ ਤਾਲਮੇਲ ਬਿਠਾਉਣਾ ਤਾਂ ਕਿ ਲਾਗੂਕਰਨ ਦਾ ਸਮਾਂ ਘਟਾਇਆ ਜਾਵੇ ਅਤੇ ਰੱਖ-ਰਖਾਅ ਨੂੰ ਪ੍ਰਭਾਵੀ ਸੁਧਾਰ ਪ੍ਰਦਾਨ ਕੀਤਾ ਜਾ ਸਕੇ।

• ***ਮਲਟੀ-ਚੈਨਲ ਨਾਗਰਿਕ ਸੰਚਾਰ :*** ਮਲਟੀ-ਚੈਨਲ ਗਾਹਕ ਮੰਚ (ਸੇਵਾ ਡੈਸਕ, ਸੰਪਰਕ ਕੇਂਦਰ, ਨਾਗਰਿਕ ਸੇਵਾਵਾਂ ਦਾ ਪੋਰਟਲ) ਸ਼ਹਿਰੀਆਂ ਦੀਆਂ ਬੇਨਤੀਆਂ, ਮੁੱਦੇ ਵੱਖ-ਵੱਖ ਚੈਨਲਾਂ ਜਿਵੇਂ ਆਹਮਣੇ-ਸਾਹਮਣੇ, ਵੈੱਬ, ਮੋਬਾਈਲ, ਇਸ਼ਤਿਹਾਰ ਆਦਿ ਸੇਵਾਵਾਂ ਦੀ ਮਦਦ ਨਾਲ ਦਰਜ ਕਰਨ ਵਿਚ ਮਦਦ ਕਰਦੇ ਹਨ।

• ***ਕਾਮਾ ਸ਼ਕਤੀ ਤੇ ਸਰੋਤ ਪ੍ਰਬੰਧਨ :*** ਕਾਮਾ ਸ਼ਕਤੀ ਤੇ ਸਰੋਤ ਪ੍ਰਬੰਧ ਹੱਲ ਨਾਲ ਕਾਮਾ ਸ਼ਕਤੀ ਨਾਲ ਸੰਪਰਕ ਤੇ ਟੀਚਾ ਪ੍ਰਬੰਧਨ 'ਚ ਸੁਧਾਰ। ਕਾਮਾ ਸ਼ਕਤੀ ਪ੍ਰਬੰਧਨ ਹੱਲਾਂ ਜਿਵੇਂ ਯੋਜਨਾਬੰਦੀ, ਭਵਿੱਖਬਾਣੀ ਅਤੇ ਸਮਾਂ ਨਿਰਧਾਰਨ, ਮੋਬਾਈਲ ਐਪਲੀਕੇਸ਼ਨਜ਼ ਨਾਲ ਕਾਮਾ ਸ਼ਕਤੀ ਵਿਚ ਵਾਧਾ ਕਰਨਾ ਤਾਂ ਕਿ ਟੀਚੇ ਪੂਰੇ ਕੀਤੇ ਜਾ ਸਕਣ ਅਤੇ ਕੁਸ਼ਲ ਕਾਰਗੁਜ਼ਾਰੀ ਪ੍ਰਬੰਧਨ ਦੇ ਯੰਤਰ ਹਾਸਲ ਕੀਤੇ ਜਾ ਸਕਣ।

## ਮੌਜੂਦਾ ਆਈ ਸੀ ਟੀ ਨਿਵੇਸ਼ ਅਤੇ ਪਹਿਲਕਦਮੀਆਂ ਜੋ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ

***ਰਾਸ਼ਟਰੀ ਸੇਵਾ ਪ੍ਰਦਾਨ ਕਰਨ ਦਾ ਬੁਨਿਆਦੀ ਢਾਂਚਾ :*** ਇਹ ਮਾਨਕ ਆਧਾਰਿਤ ਅੰਤਰ-ਸੰਚਾਲਕਤਾ ਹਾਸਲ ਕਰਨ ਲਈ ਪ੍ਰਮੁੱਖ ਬੁਨਿਆਦੀ ਢਾਂਚੇ ਦੇ ਤੌਰ ਤੇ ਕੰਮ ਕਰੇਗਾ।

ਆਖਰ ਨੂੰ ਇਹ ਸਰਕਾਰ ਦੀ ਮਾਲਕੀ ਵਾਲਾ ਕੇਂਦਰੀ ਰਸਤਾ ਨਿਰਮਿਤ ਕਰੇਗਾ। ਇਸ ਨਾਲ ਵੱਖ-ਵੱਖ ਇਲੈਕਟ੍ਰਾਨਿਕ ਸਰਕਾਰੀ ਐਪਲੀਕੇਸ਼ਨਾਂ ਵਿਚਾਲੇ ਸੁਨੇਹੇ ਅਤੇ ਅੰਤਰ-ਸੰਚਾਲਕਤਾ ਨੂੰ ਸੁਰੱਖਿਅਤ ਕਰੇਗਾ; ਪਿਛਲੇ ਵਿਭਾਗਾਂ, ਸੇਵਾ ਪ੍ਰਦਾਨ ਕਰਨ ਵਾਲਿਆਂ ਦਾ ਮੋਹਰੀ ਸੇਵਾ ਪ੍ਰਦਾਨ ਕਰਨ ਵਾਲਿਆਂ ਨਾਲੋਂ ਸੰਬੰਧ ਤੋੜੇਗਾ; ਤੇ ਵਿਭਾਗੀ ਐਪਲੀਕੇਸ਼ਨਾਂ ਜਿਵੇਂ ਭੁਗਤਾਨ, ਸੇਵਾਵਾਂ, ਮੋਬਾਈਲ ਸੇਵਾਵਾਂ ਆਦਿ ਲਈ ਸਾਂਝ. ਸੇਵਾ ਧੁਰੀ ਦੇ ਤੌਰ ਤੇ ਕੰਮ ਕਰੇਗਾ।

***ਆਧਾਰ :*** ਯੂ ਆਈ ਡੀ ਏ ਆਈ/ਆਧਾਰ ਆਨਲਾਈਨ ਪ੍ਰਮਾਣੀਕਰਨ ਦਾ ਇਕ ਮਜ਼ਬੂਤ ਰੂਪ ਹੋਵੇਗਾ ਜਿਥੋਂ ਏਜੰਸੀਆਂ ਨਾਗਰਿਕਾਂ ਦੇ ਪਹਿਲਾਂ ਤੋਂ ਮੌਜੂਦ ਕੇਂਦਰੀ ਡੇਟਾਬੇਸ ਤੋਂ ਰਿਕਾਰਡ ਲੈ ਕੇ ਉਨ੍ਹਾਂ ਦੀ ਜਨਸੰਖਿਆ ਅਤੇ ਬਾਇਓ ਮੈਟਰਿਕ ਜਾਣਕਾਰੀ ਲੈ ਸਕਦੀਆਂ ਹਨ। ਯੂ ਆਈ ਏ ਡੀ ਏ ਆਈ/ਆਧਾਰ ਦਾ ਮੰਤਵ ਸਾਰੇ ਭਾਰਤੀ ਨਾਗਰਿਕਾਂ ਨੂੰ ਇਕ ਵਿਲੱਖਣ ਪਛਾਣ ਜਾਰੀ ਕਰ ਕੇ ਦੋਹਰਾਅ, ਜਾਲੀ ਇੰਦਰਾਜਾਂ ਨੂੰ ਖ਼ਤਮ ਕਰਨਾ ਹੈ।

***ਮੋਬਾਈਲ ਸੇਵਾ ਪ੍ਰਦਾਨ ਕਰਨ ਦਾ ਦੁਆਰ:*** ਮੋਬਾਈਲ ਸ਼ਾਸਨ, ਜਿਸ ਨੂੰ ਆਮ ਭਾਸ਼ਾ ਵਿਚ ਐਮ-ਗਵਰਨੈਂਸ ਆਖਿਆ ਜਾਂਦਾ ਹੈ, ਦਾ ਨਿਸ਼ਾਨਾ ਬੇਤਾਰ ਅਤੇ ਨਵੀ ਮੀਡੀਆ ਤਕਨਾਲੋਜੀ ਮੰਚ, ਮੋਬਾਈਲ ਉਪਕਰਨ ਅਤੇ ਸੇਵਾਵਾਂ ਦਾ ਜਨਤਕ ਜਾਣਕਾਰੀ ਅਤੇ ਸਾਰੇ ਨਾਗਰਿਕਾਂ ਨੂੰ ਸੇਵਾਵਾਂ ਦੇਣਾ ਹੈ। ਇਸ ਨਾਲ ਪੇਂਡੂ ਖੇਤਰਾਂ ਵਿਚ ਸੰਭਾਵਨਾ ਅਤੇ ਪਹੁੰਚ ਦਾ ਦਾਇਰਾ ਹੋਰ ਚੌੜਾ ਹੋਵੇਗਾ ਜਿਥੇ ਇੰਟਰਨੈੱਟ ਨਾਲੋਂ ਮੋਬਾਈਲ ਦੀ ਪੈਂਠ ਜ਼ਿਆਦਾ ਹੈ। ਕੁੱਲ ਰਣਨੀਤੀ ਸਮੁੱਚੇ ਵਿਕਾਸ ਦੀ ਸ਼ਕਤੀ ਦਾ ਇਸਤੇਮਾਲ ਕਰਕੇ ਭਾਰਤ ਨੂੰ ਵਿਸ਼ਵ ਦਾ ਮੋਹਰੀ ਦੇਸ਼ ਬਣਾਉਣ ਦੀ ਹੈ।

***ਰਾਸ਼ਟਰੀ ਕਲਾਊਡ ਪਹਿਲਕਦਮੀ :*** 'ਮੇਘਰਾਜ' ਇਲੈਕਟ੍ਰਾਨਿਕ ਅਤੇ ਸੂਚਨਾ ਤਕਨਾਲੋਜੀ ਵਿਭਾਗ ਭਾਰਤ ਸਰਕਾਰ ਦੀ ਪਹਿਲਕਦਮੀ ਹੈ ਜੋ ਕਲਾਊਡ ਆਧਾਰਿਤ, ਇਕ ਸਾਂਝੇ ਖ਼ਜ਼ਾਨੇ ਵਜੋਂ ਕੰਮ ਕਰੇਗਾ। ਇਸ ਵਿਚ ਆਈ ਸੀ ਟੀ ਬੁਨਿਆਦੀ ਢਾਂਚੇ ਦੀ ਪੂਰੀ ਵਰਤੋਂ, ਤੇਜ਼ ਰਫ਼ਤਾਰ ਵਿਕਾਸ ਅਤੇ ਈ-ਸ਼ਾਸਨ ਐਪਲੀਕੇਸ਼ਨਾਂ ਦੀ ਤਾਇਨਾਤੀ, ਸਫਲ ਐਪਲੀਕੇਸ਼ਨਾਂ ਦੀ ਤੁਰੰਤ ਪੁਨਰ ਵਰਤੋਂ ਅਤੇ ਈ-ਸ਼ਾਸਨ ਸਟੋਰ, ਪ੍ਰਮਾਣਿਤ ਸੇਵਾਵਾਂ ਦੀ ਮੇਜ਼ਬਾਨੀ ਆਦਿ ਸ਼ਾਮਿਲ ਹੈ।

***ਰਾਜ ਅੰਕੜਾ ਕੇਂਦਰ :*** ਰਾਜ ਅੰਕੜਾ ਕੇਂਦਰ ਰਾਜਾਂ ਲਈ ਵਿਸ਼ੇਸ਼ ਤੌਰ ਤੇ ਬਣਾਏ ਗਏ ਹਨ ਤਾਂ ਕਿ ਸੇਵਾਵਾਂ, ਐਪਲੀਕੇਸ਼ਨਾਂ ਅਤੇ ਬੁਨਿਆਦੀ ਢਾਂਚੇ ਨੂੰ ਸੁਦ੍ਰਿੜ ਕਰ ਕੇ ਜੀ 2ਜੀ, ਜੀ 2ਸੀ ਅਤੇ ਜੀ 2ਬੀ ਸੇਵਾਵਾਂ ਦੀ ਕੁਸ਼ਲ ਇਲੈਕਟ੍ਰਾਨਿਕ ਸੇਵਾ ਪ੍ਰਦਾਨ ਕੀਤੀ ਜਾ ਸਕੇ। ਇਹ ਸੇਵਾਵਾਂ ਰਾਜ ਪੱਧਰੀ ਖੇਤਰੀ ਨੈੱਟਵਰਕ (ਐੱਸ ਡਬਲਯੂ ਏ ਐੱਨ) ਅਤੇ ਸਾਂਝੇ ਸੇਵਾ ਕੇਂਦਰਾਂ (ਸੀ ਐੱਸ ਜੀ) ਰਾਹੀਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ ਜੋ ਪਿੰਡ ਪੱਧਰ ਤਕ ਫੈਲੇ ਹੋਏ ਹਨ।

***ਸਾਂਝੇ ਸੇਵਾ ਕੇਂਦਰ :*** ਸਾਂਝੇ ਸੇਵਾ ਕੇਂਦਰ ਉੱਚ ਪੱਧਰ ਅਤੇ ਲਾਗਤ ਪ੍ਰਭਾਵੀ ਵੀਡੀਓ, ਆਡੀਓ ਅਤੇ ਡੇਟਾ ਸੇਵਾ ਈ-ਸ਼ਾਸਨ, ਸਿੱਖਿਆ, ਸਿਹਤ, ਟੈਲੀਮੈਡੀਸਨ, ਮਨਪ੍ਰਚਾਵਾ ਅਤੇ ਦੂਜੀਆਂ ਨਿੱਜੀ ਸੇਵਾਵਾਂ ਲਈ ਪ੍ਰਦਾਨ ਕਰਦੇ ਹਨ। ਇਹ ਪੇਂਡੂ ਖੇਤਰਾਂ ਵਿਚ ਵੈੱਬ ਆਧਾਰਿਤ ਈ-ਸ਼ਾਸਨ ਸੇਵਾਵਾਂ ਜਿਵੇਂ ਕਿ ਬਿਜਲੀ, ਫ਼ੋਨ ਅਤੇ ਪਾਣੀ ਦੇ ਬਿੱਲ ਦੇ ਭੁਗਤਾਨ ਦੀ ਸੇਵਾ ਆਦਿ ਪ੍ਰਦਾਨ ਕਰਦੇ ਹਨ।

## ਰਾਜ ਪੱਧਰੀ ਪੋਰਟਲ ਅਤੇ ਰਾਜ ਸੇਵਾ ਪ੍ਰਦਾਨ ਕਰਨ ਦਾ ਦੁਆਰ

ਰਾਸ਼ਟਰੀ ਈ-ਸ਼ਾਸਨ ਯੋਜਨਾ ਦਾ ਨਿਸ਼ਾਨਾ ਸਾਰੀਆਂ ਸਰਕਾਰੀ ਸਹੂਲਤਾਂ ਆਮ ਆਦਮੀ ਤਕ ਉਸ ਦੇ ਮੁਹੱਲੇ ਵਿਚ, ਸਾਂਝੇ ਸੇਵਾ ਪ੍ਰਦਾਨ ਕਰਨ ਵਾਲੇ ਕੇਂਦਰਾਂ ਤਕ ਪਹੁੰਚਾ ਕੇ ਕੁਸ਼ਲਤਾ, ਪਾਰਦਰਸ਼ਤਾ ਅਤੇ ਭਰੋਸੇਯੋਗਤਾ ਯਕੀਨੀ ਬਣਾਉਣਾ ਹੈ, ਇਹ ਸਾਰਾ ਕੁਝ ਵਾਜਬ ਕੀਮਤ 'ਤੇ। ਸਰਕਾਰ ਦੀ ਇੱਛਾ ਅਜਿਹਾ ਸੰਪੂਰਨ ਸੂਚਨਾ ਦਾ ਬੁਨਿਆਦੀ ਢਾਂਚਾ ਨਿਰਮਾਣ ਕਰਨ ਦੀ ਹੈ ਜੋ ਉਪਯੋਗੀ ਸੇਵਾਵਾਂ ਦਾ ਵਿਸਤਾਰ ਅਤੇ ਵਾਧਾ ਕਰਕੇ ਇਸ ਦਾ ਦਾਇਰਾ ਹੋਰ ਵਿਸ਼ਾਲ ਕਰੇਗਾ।

ਸੂਚਨਾ ਤਕਨਾਲੋਜੀ ਅਤੇ ਬੀ ਪੀ ਐੱਮ ਉਦਯੋਗ ਲਈ ਇਨ੍ਹਾਂ ਪਹਿਲਕਦਮੀਆਂ ਦਾ ਸਮਾਂ ਇਸ ਤੋਂ ਬੇਹਤਰ ਨਹੀਂ ਹੋ ਸਕਦਾ। ਸੰਭਾਵਨਾ ਪੱਖੋਂ ਇਹ ਸਾਰੀਆਂ ਯੋਜਨਾਵਾਂ ਆਕਾਰ ਪੱਖੋਂ ਵਿਸ਼ਾਲ ਹਨ ਜਿਨ੍ਹਾਂ ਦੇ ਸਿਰੇ ਚੜ੍ਹਨ ਅਤੇ ਇੱਛਤ ਨਤੀਜੇ ਪ੍ਰਾਪਤ ਕਰਨ ਲਈ ਸਹਿਯੋਗ ਵਾਲੀ ਪਹੁੰਚ ਦੀ ਜ਼ਰੂਰਤ ਹੈ। 146 ਬਿਲੀਅਨ ਡਾਲਰ ਦਾ ਉਦਯੋਗ, ਜਿਸ ਨੇ ਦੁਨੀਆਂ ਵਿਚ ਥਾਂ ਬਣਾ ਕੇ, ਦੂਰ-ਦੁਰਾਡੇ ਕੁਝ ਸਭ ਤੋਂ ਵਿਸ਼ਾਲ ਹੱਲ ਅਮਲ ਵਿਚ ਲਿਆਂਦੇ ਹਨ, ਹੁਣ ਚੁਰਾਹੇ 'ਤੇ ਖੜ੍ਹਾ ਹੈ। ਇਸ ਸਫਲਤਾ ਨੂੰ ਹੁਣ ਭਾਰਤ ਵਿਚ ਦੁਹਰਾਅ ਦੀ ਜ਼ਰੂਰਤ ਹੈ ਤਾਂ ਕਿ ਘਰੇਲੂ ਵਿਕਾਸ ਨੂੰ ਭਰਪੂਰ ਹੁਲਾਰਾ ਦਿਤਾ ਜਾ ਸਕੇ।

*(ਲੇਖਕ ਨਾਸਕੋਮ (ਐੱਨ ਏ ਐੱਸ ਐੱਸ ਓ ਐੱਮ) ਦੇ ਪ੍ਰਧਾਨ ਹਨ ਜੋ ਭਾਰਤ ਵਿਚ ਆਈ ਟੀ-ਬੀ ਪੀ ਓ ਉਦਯੋਗ ਦਾ ਮੋਹਰੀ ਵਪਾਰਕ ਸੰਗਠਨ ਹੈ।)*

*e-mail :president@nasscom.in*

ਆਰ. ਚੰਦਰਸ਼ੇਖਰ – ਜਾਣ-ਪਛਾਣ : *ਟੈਲੀਕਾਮ ਸਕੱਤਰ ਹੁੰਦਿਆਂ ਉਨ੍ਹਾਂ ਨੇ ਬਹੁਤ ਸਾਰੀਆਂ ਪ੍ਰਮੁੱਖ ਰਣਨੀਤੀਆਂ ਅਤੇ ਨੀਤੀਆਂ ਬਣਾਈਆਂ ਜੋ ਲਾਇਸੰਸ ਦੇਣ, ਸਪੈਕਟ੍ਰਮ ਪ੍ਰਬੰਧਨ, ਰਾਸ਼ਟਰੀ ਬ੍ਰਾਡਬੈਂਡ ਯੋਜਨਾ, ਤਬਦੀਲੀ, ਨਿਰਮਾਣ, ਨਿਵੇਸ਼, ਸੁਰੱਖਿਆ, ਖੋਜ ਤੇ ਵਿਕਾਸ ਅਤੇ 2012 ਦੀ ਰਾਸ਼ਟਰੀ ਦੂਰਸੰਚਾਰ ਨੀਤੀ ਨਾਲ ਸੰਬੰਧਿਤ ਸਨ। ਉਹ ਦੂਰਸੰਚਾਰ, ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਨੀਤੀਆਂ ਦੀ ਤਿੱਕੜੀ ਦੇ ਪ੍ਰਮੁੱਖ ਨਿਰਮਾਤਾ ਸਨ ਜਿਨ੍ਹਾਂ ਨੂੰ ਖਰੜੇ ਦੇ ਰੂਪ ਵਿਚ ਅਕਤੂਬਰ, 2011 ਨੂੰ ਭਾਰਤ ਸਰਕਾਰ ਵਲੋਂ ਪੇਸ਼ ਕੀਤਾ ਗਿਆ। ਇਨ੍ਹਾਂ ਨੀਤੀਆਂ ਦਾ ਸਾਰ ਸੂਚਨਾ ਅਤੇ ਦੂਰਸੰਚਾਰ ਤਕਨਾਲੋਜੀਆਂ ਦਾ ਬੇਹਤਰ ਪਸਾਰ ਕਰਨਾ ਸੀ ਤਾਂ ਕਿ ਸਿੱਖਿਆ, ਸਿਹਤ ਸੰਭਾਲ, ਵਿੱਤੀ ਸਮੂਲੀਅਤ, ਈ-ਸ਼ਾਸਨ, ਹੁਨਰ ਵਿਕਾਸ, ਰੁਜ਼ਗਾਰ ਪੈਦਾ ਕਰਨ ਆਦਿ ਲਈ ਨਵੀਨਤਮ ਹੱਲ ਤਲਾਸ਼ੇ ਜਾ ਸਕਣ। ਸੂਚਨਾ ਤਕਨਾਲੋਜੀ ਵਿਭਾਗ ਦੇ ਸਕੱਤਰ ਵਜੋਂ ਉਨ੍ਹਾਂ ਸੂਚਨਾ ਤਕਨਾਲੋਜੀ ਖੇਤਰ ਅਤੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਖੇਤਰ ਵਿਚ ਇਲੈਕਟ੍ਰਾਨਿਕ ਪ੍ਰਣਾਲੀ ਦੇ ਡਿਜ਼ਾਈਨ ਅਤੇ ਨਿਰਮਾਣ ਅਤੇ ਖੋਜ ਤੇ ਵਿਕਾਸ ਲਈ ਰਾਸ਼ਟਰੀ ਨੀਤੀਆਂ ਬਣਾਉਣ ਦਾ ਰਾਹ ਪੱਧਰਾ ਕੀਤਾ। ਉਹ ਇਨ੍ਹਾਂ ਖੇਤਰਾਂ ਵਿਚ ਬਹੁਤ ਸਾਰੀਆਂ ਪ੍ਰਮੁੱਖ ਰਾਸ਼ਟਰੀ ਪਹਿਲਕਦਮੀਆਂ 'ਤੇ ਅਮਲ ਕਰਨ ਦੀ ਪ੍ਰਕਿਰਿਆ ਲਈ ਵੀ ਜ਼ਿੰਮੇਵਾਰ ਸਨ ਜਿਸ ਵਿਚ ਰਾਸ਼ਟਰੀ ਈ-ਸ਼ਾਸਨ ਯੋਜਨਾ ਸ਼ਾਮਿਲ ਹੈ ਜਿਸ ਦੇ ਡਿਜ਼ਾਈਨ ਅਤੇ ਇਲੈਕਟ੍ਰਾਨਿਕ ਸੇਵਾ ਦੇਣ ਦੇ ਐਕਟ ਨੂੰ ਬਣਾਉਣ ਵਿਚ ਉਨ੍ਹਾਂ ਮੁੱਖ ਭੂਮਿਕਾ ਨਿਭਾਈ। ਇਸ ਤੋਂ ਪਹਿਲਾਂ, ਆਂਧਰ ਪ੍ਰਦੇਸ਼ ਵਿਚ ਸੂਚਨਾ ਤਕਨਾਲੋਜੀ ਦੇ ਪਹਿਲੇ ਵਿਭਾਗ ਦੀ ਉਨ੍ਹਾਂ ਵਲੋਂ ਸਥਾਪਨਾ ਕੀਤੀ ਗਈ। ਉਹ ਜੂਨ 1997 ਤੋਂ ਦਸੰਬਰ 1999 ਤਕ ਇਸ ਵਿਭਾਗ ਦੇ ਸਕੱਤਰ ਰਹੇ। ਉਨ੍ਹਾਂ ਵਲੋਂ ਬਣਾਈਆਂ ਨੀਤੀਆਂ ਤੇ ਰਣਨੀਤੀਆਂ ਸਦਕਾ ਆਂਧਰ ਪ੍ਰਦੇਸ਼ ਇਸ ਖੇਤਰ ਵਿਚ ਦੇਸ਼ ਦਾ ਮੋਹਰੀ ਰਾਜ ਬਣ ਗਿਆ ਅਤੇ ਨਾਲ ਹੀ ਬਹੁਤ ਸਾਰੇ ਰਾਜਾਂ ਅਤੇ ਦੇਸ਼ ਲਈ ਇਕ ਰੋਲ ਮਾਡਲ ਦੀ ਭੂਮਿਕਾ ਵੀ ਨਿਭਾਈ।*

# ਸਮਾਰਟ ਸ਼ਹਿਰਾਂ ਲਈ ਸਮਾਰਟ ਮਕਾਨ

ਪੀ. ਐੱਸ. ਐੱਨ. ਰਾਓ

ਆਖਰ ਨੂੰ, ਭਾਰਤ ਸਰਕਾਰ ਨੇ ਸ਼ਹਿਰੀ ਵਿਕਾਸ ਮੰਤਰਾਲਾ ਅਧੀਨ, ਪ੍ਰਮੁੱਖ ਪ੍ਰੋਗਰਾਮ ਵਜੋਂ ਸਮਾਰਟ ਸ਼ਹਿਰਾਂ ਦੀ ਪਹਿਲਕਦਮੀ ਸ਼ੁਰੂ ਕਰ ਦਿਤੀ ਹੈ। ਜਦ ਕਿ ਭਾਰਤ ਦੀ ਸਿਰਫ਼ 31 ਪ੍ਰਤਿਸ਼ਤ ਆਬਾਦੀ ਸ਼ਹਿਰੀ ਖੇਤਰਾਂ ਵਿਚ ਰਹਿੰਦੀ ਹੈ, ਪਰ 2011 ਦੇ ਅੰਕੜਿਆਂ ਅਨੁਸਾਰ ਕੁੱਲ ਘਰੇਲੂ ਉਤਪਾਦ 'ਚ ਇਸ ਖੇਤਰ ਦੀ ਹਿੱਸੇਦਾਰੀ 63 ਪ੍ਰਤਿਸ਼ਤ ਦੇ ਲਗਭਗ ਹੈ ਜਿਸ ਦੇ 2030 ਈਸਵੀ ਤਕ ਵਧ ਕੇ 75 ਪ੍ਰਤਿਸ਼ਤ ਹੋਣ ਦੀ ਉਮੀਦ ਹੈ। ਜ਼ਾਹਰ ਹੈ ਕਿ ਇਸ ਦੇ ਲਈ ਭੌਤਿਕ, ਸਮਾਜਿਕ, ਆਰਥਿਕ ਅਤੇ ਸੰਸਥਾਗਤ ਬੁਨਿਆਦੀ ਢਾਂਚੇ ਦੇ ਵਿਆਪਕ ਵਿਕਾਸ ਦੀ ਲੋੜ ਪਵੇਗੀ ਤਾਂ ਕਿ ਇਸ ਪ੍ਰਕਾਰ ਦੇ ਵਿਕਾਸ ਵਲੋਂ ਪੇਸ਼ ਕੀਤੀਆਂ ਜਾਣ ਵਾਲੀਆਂ ਚੁਨੌਤੀਆਂ ਲਈ ਤਿਆਰੀ ਅਤੇ ਪ੍ਰਬੰਧਨ ਕੀਤਾ ਜਾ ਸਕੇ।

ਸਮਾਰਟ ਸ਼ਹਿਰਾਂ ਦੇ ਪ੍ਰੋਗਰਾਮ ਦਾ ਉਦੇਸ਼ ਸ਼ਹਿਰਾਂ ਨੂੰ ਬੇਹਤਰ ਬੁਨਿਆਦੀ ਢਾਂਚਾ ਪ੍ਰਾਪਤੀ ਵਿਚ ਮਦਦ ਕਰਨਾ ਹੈ ਜਿਸ ਵਿਚ ਪਾਣੀ ਦੀ ਪੂਰਤੀ, ਬਿਜਲੀ, ਸਾਫ਼-ਸਫ਼ਾਈ, ਗਤੀਸ਼ੀਲਤਾ, ਪਹੁੰਚ ਵਾਲੇ ਘਰ, ਡਿਜ਼ੀਟਲ ਸੰਪਰਕ, ਜਾਰੀ ਰਹਿਣ ਯੋਗ ਵਾਤਾਵਰਨ, ਸੁਰੱਖਿਆ, ਸਿਹਤ ਸਿੱਖਿਆ ਅਤੇ ਨਾਗਰਿਕਾਂ ਦੀ ਸ਼ਮੂਲੀਅਤ ਨਾਲ ਸੁਸ਼ਾਸਨ ਸ਼ਾਮਿਲ ਹਨ।

ਇਨ੍ਹਾਂ ਸਾਰੀਆਂ ਚੀਜ਼ਾਂ ਲਈ ਪੈਸਾ ਪ੍ਰਮੁੱਖ ਹੈ। ਇਸ ਦਾ ਹੱਲ 50,000 ਕਰੋੜ ਰੁਪਏ ਦੇ ਵਿਸ਼ਾਲ ਬਜਟ ਵਿਤਰਣ ਨਾਲ ਕੀਤਾ ਗਿਆ ਹੈ। ਇਹ 100 ਸ਼ਹਿਰਾਂ ਲਈ ਪੰਜ ਸਾਲ ਵਾਸਤੇ, ਹਰੇਕ ਸ਼ਹਿਰ ਲਈ ਪ੍ਰਤਿ ਸਾਲ 100 ਕਰੋੜ ਰੁਪਏ ਦੇ ਲਗਭਗ ਬਹਿੰਦਾ ਹੈ। ਇਹ ਫ਼ੰਡ ਜੋ ਕੇਂਦਰੀ ਸਰਕਾਰ ਤੋਂ ਆਵੇਗਾ, ਦੇ ਨਾਲ ਹੀ ਦੂਜੇ ਸਰੋਤਾਂ ਤੋਂ ਵੀ ਫ਼ੰਡ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਸਾਰੀ ਪ੍ਰਕਿਰਿਆ ਵਿਚ, ਸਮਾਰਟਨੈੱਸ ਹਾਸਲ ਕਰਨ ਲਈ ਕੁਸ਼ਲਤਾ ਮੁੱਖ ਕੁੰਜੀ ਹੈ। ਕੁਸ਼ਲਤਾ ਹਾਸਲ ਕਰਨ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਬਹੁਤ ਜ਼ਰੂਰੀ ਹੈ।

ਭਾਰਤ ਵਿਚ ਸ਼ਹਿਰੀ ਮਕਾਨਾਂ ਦੀ ਘਾਟ ਦੇ ਅੰਕੜੇ ਦਾ ਅਨੁਮਾਨ 25 ਮਿਲੀਅਨ ਘਰਾਂ ਦੇ ਆਸ-ਪਾਸ ਹੈ। ਕਿਸੇ ਵੀ ਕਲਪਨਾ ਪੱਖੋਂ ਇਹ ਬਹੁਤ ਹੀ ਵਿਸ਼ਾਲ ਅੰਕੜਾ ਹੈ ਜਿਸ ਨੂੰ ਸੌਖਿਆਂ ਪੂਰਾ ਨਹੀਂ ਕੀਤਾ ਜਾ ਸਕਦਾ। ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਦੇਸ਼ ਵਿਚ ਮਕਾਨਾਂ ਦੀ ਲੋੜ ਬੇਤਹਾਸ਼ਾ ਹੈ ਅਤੇ ਇਹ ਸਮੱਸਿਆ ਦਿਹਾਤੀ ਖੇਤਰਾਂ ਦੇ ਮੁਕਾਬਲੇ ਸ਼ਹਿਰੀ ਖੇਤਰਾਂ ਵਿਚ ਕਿਤੇ ਵੱਧ ਪ੍ਰਬਲ ਹੈ। ਸਵਾਲ ਹੋਰ ਵੀ ਗੁੰਝਲਦਾਰ ਹੋ ਜਾਂਦਾ ਹੈ ਜਦੋਂ ਅਸੀ ਵਸੋਂ ਦੇ ਉਸ ਵਰਗ ਵਲ ਵੇਖਦੇ ਹਾਂ ਜਿਸ ਨੂੰ ਦੂਜਿਆਂ ਨਾਲੋਂ ਮਕਾਨਾਂ ਦੀ ਵੱਧ ਲੋੜ ਹੈ। ਘੱਟ ਅਤੇ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਦੇ ਵੱਡੇ ਹਿੱਸੇ ਨੂੰ ਅਜਿਹੇ ਘਰਾਂ ਦੀ ਲੋੜ ਹੈ ਜਿਸ ਦੀ ਕੀਮਤ ਵਾਜਬ ਹੋਵੇ ਜਦ ਕਿ ਬਹੁਤ ਥੋੜ੍ਹੀ ਗਿਣਤੀ ਪਰਿਵਾਰ ਉੱਚ ਕੀਮਤ ਵਾਲੇ ਮਕਾਨ ਖਰੀਦ ਸਕਦੇ ਹਨ। ਇਸ ਪ੍ਰਕਾਰ, ਬਜਟ ਵਾਲੇ ਮਕਾਨਾਂ ਦੀ ਮੰਗ ਜ਼ਿਆਦਾ ਹੈ ਜਦ ਕਿ ਵਾਜਬਤਾ ਸੀਮਤ ਹੈ। ਦੁੱਖ ਦੀ ਗੱਲ ਹੈ ਕਿ ਬਾਜ਼ਾਰ ਵਿਚ ਮੌਜੂਦ ਮਕਾਨ ਦੂਸਰੇ ਵਰਗਾਂ ਲਈ ਬਣਾਏ ਜਾ ਰਹੇ ਹਨ, ਬਜਟ ਘਰ ਬਹੁਤ ਸੀਮਤ ਸੰਖਿਆ ਵਿਚ ਬਣਾਏ ਜਾ ਰਹੇ ਹਨ ਅਤੇ ਉੱਚ ਆਮਦਨ ਵਾਲੇ ਘਰਾਂ ਦੇ ਅਨੇਕ ਵਿਕਲਪ ਮੌਜੂਦ ਹਨ। ਭਾਰਤ ਵਿਚ ਮਕਾਨਾਂ ਦੀ ਇਹੀ ਦੁਵਿਧਾ ਹੈ। ਮੰਗ ਅਤੇ ਪੂਰਤੀ ਵਿਚ ਅੰਤਰ ਕੀਮਤਾਂ ਨੂੰ ਹੋਰ ਅੱਗ ਲਾਉਂਦਾ ਹੈ। ਇਸ ਚੱਕਰਵਿਊ ਦਾ ਨਤੀਜਾ ਇਹ ਹੈ ਕਿ ਘੱਟ ਆਮਦਨ ਵਾਲੇ ਅਤੇ ਗਰੀਬ ਲੋਕਾਂ ਕੋਲ ਗ਼ੈਰ ਕਾਨੂੰਨੀ ਵਿਕਲਪਾਂ ਤੋਂ ਬਿਨਾਂ ਕੋਈ ਰਸਤਾ ਨਹੀਂ ਬਚਦਾ।

## ਅਧੂਰਾ ਅਤੀਤ

ਪਿਛਲੇ ਸੱਠ ਸਾਲਾਂ ਦੌਰਾਨ ਭਾਰਤ ਦੇ ਮਕਾਨਾਂ ਦੀ ਗਾਥਾ 1950ਵਿਆਂ ਤੋਂ, ਆਜ਼ਾਦੀ ਦੇ ਸ਼ੁਰੂਆਤੀ ਸਾਲਾਂ ਦੇ ਮਜ਼ਬੂਤ ਸਰਕਾਰੀ ਦਖ਼ਲਾਂ ਤੋਂ, ਸਦੀ ਦੇ ਅੰਤ ਤਕ ਨਿੱਜੀ ਖੇਤਰ ਦੀਆਂ ਪਹਿਲਕਦਮੀਆਂ ਅਤੇ ਭਾਈਵਾਲੀ ਦੇ ਉਦਾਰ ਨਿਜ਼ਾਮ ਤਕ ਅੱਪੜ ਗਈ ਹੈ। ਪਰ ਹਾਲੀਆ ਸਮਿਆਂ ਵਿਚ, ਭਾਰਤ ਅੰਦਰ ਮਕਾਨਾਂ ਦੀ ਉਸਾਰੀ ਨੂੰ ਇਕ ਅਜਿਹੀ ਗਤੀਵਿਧੀ ਵਜੋਂ ਵੇਖਿਆ ਜਾ ਰਿਹਾ ਹੈ ਜੋ ਨਿੱਜੀ ਖੇਤਰ ਦੀ ਸਰਗਰਮ ਭਾਗੀਦਾਰੀ ਤੋਂ ਬਿਨਾਂ ਸੰਭਵ ਨਹੀਂ, ਭਾਵੇਂ ਇਹ ਉੱਦਮੀ, ਕਾਰਪੋਰੇਟ ਕੰਪਨੀਆਂ, ਸਹਿਕਾਰੀ ਸਭਾਵਾਂ ਜਾਂ ਫਿਰ ਨਿੱਜੀ ਵਿਅਕਤੀ ਹੋਣ। ਇਹ ਅਹਿਸਾਸ ਭਾਰਤ ਸਰਕਾਰ ਨੂੰ ਹੋਇਆ ਅਤੇ ਪਿਛਲੇ ਸਮੇਂ ਵਿਚ ਨਿੱਜੀ ਮਕਾਨ ਉਸਾਰੀ ਦੇ ਉੱਦਮਾਂ ਨੂੰ ਉਤਸ਼ਾਹਿਤ ਕਰਨ ਲਈ ਕੋਸ਼ਿਸ਼ਾਂ ਹੋਈਆਂ ਹਨ। ਬਦਕਿਸਮਤੀ ਨੂੰ, ਆਮ ਜਨਤਾ ਦੀ ਸੁਰੱਖਿਆ ਵੱਲ ਧਿਆਨ ਨਹੀਂ ਦਿਤਾ ਗਿਆ।

ਜਨਤਕ ਖੇਤਰ ਦੀਆਂ ਮਕਾਨਾਂ ਬਾਰੇ ਏਜੰਸੀਆਂ, ਜਿਨ੍ਹਾਂ ਨੂੰ ਆਜ਼ਾਦੀ ਤੋਂ ਬਾਅਦ ਰਾਜਾਂ ਦੇ ਮਕਾਨ ਉਸਾਰੀ ਬੋਰਡਾਂ ਅਤੇ ਵਿਕਾਸ ਅਥਾਰਿਟੀਆਂ ਵਾਂਗ ਸਸਤੀ ਕੀਮਤ ਦੇ ਮਕਾਨ ਮੁਹੱਈਆ ਕਰਵਾਉਣ ਲਈ ਬਣਾਇਆ ਗਿਆ ਸੀ, ਵੀ ਬਹੁਤ ਕੁਝ ਨਹੀਂ ਕਰ ਸਕੀਆਂ। ਇਨ੍ਹਾਂ ਏਜੰਸੀਆਂ ਵਲੋਂ ਹਾਲੀਆ ਸਮਿਆਂ ਵਿਚ ਘਰਾਂ ਦੀ ਪੂਰਤੀ ਕਾਫ਼ੀ ਘਟ ਗਈ ਹੈ। ਇਨ੍ਹਾਂ ਏਜੰਸੀਆਂ ਨੂੰ ਜ਼ਿਆਦਾਤਰ ਪੈਸਾ ਮਕਾਨ ਅਤੇ ਸ਼ਹਿਰੀ ਵਿਕਾਸ ਕਾਰਪੋਰੇਸ਼ਨ (ਹੁਡਕੋ) ਵਲੋਂ ਦਿਤਾ ਜਾਂਦਾ ਸੀ ਅਤੇ ਬੀਤੇ ਸਾਲਾਂ ਨਾਲ ਲਏ ਹੋਏ ਕਰਜ਼ੇ ਮੋੜਨ ਵਿਚ ਇਹ ਕਈ ਮੁਸ਼ਕਿਲਾਂ ਵਿਚ ਫਸ ਗਈਆਂ। ਮੁਸੀਬਤ ਵਿਚ ਹੋਰ ਵਾਧਾ ਕਰਨ ਲਈ, ਇਨ੍ਹਾਂ ਏਜੰਸੀਆਂ ਵਲੋਂ ਉੱਚ ਕੀਮਤ ਦੇ

ਮਕਾਨਾਂ ਦੀ ਉਸਾਰੀ ਵਿੱਢੀ ਗਈ ਹੈ ਜੋ ਉੱਚ ਆਮਦਨ ਵਾਲੇ – ਜਨਸੰਖਿਆ ਦੇ ਉੱਚ ਰਸੂਖ ਅਤੇ ਪੈਸੇ ਵਾਲਿਆਂ ਦੀ ਹੀ ਸੇਵਾ ਕਰੇਗੀ। ਪਿਛਲੇ ਕੁਝ ਦਹਾਕਿਆਂ ਵਿਚ ਜਨਤਕ ਨਿੱਜੀ ਭਾਈਵਾਲੀ ਦੀ ਵੱਡੀ ਸੰਖਿਆ ਨੇ ਉੱਚ ਆਮਦਨ ਵਾਲਿਆਂ ਲਈ ਹੀ ਕੰਮ ਕੀਤਾ ਹੈ ਅਤੇ ਘੱਟ ਆਮਦਨ ਵਾਲੀ ਵਸੋਂ ਲਈ ਕੀਤੇ ਕੰਮਾਂ ਦੀ ਗਿਣਤੀ ਨਾ ਦੇ ਬਰਾਬਰ ਹੀ ਹੈ। ਦੁੱਖ ਦੀ ਗੱਲ ਹੈ, ਇਨ੍ਹਾਂ ਭਾਈਵਾਲੀਆਂ ਦੇ ਢਾਂਚੇ ਵਿਚਲੀਆਂ ਛੱਡੀਆਂ ਚੋਰ ਮੋਰੀਆਂ ਕਾਰਨ ਸਰਕਾਰ ਰੀਅਲ ਅਸਟੈਟ ਉਦਮੀਆਂ ਦੇ ਹੱਥਾਂ ਦਾ ਖਿਡੌਣਾ ਬਣ ਕੇ ਰਹਿ ਗਈ ਹੈ।

ਦੂਜੇ ਪਾਸੇ, ਰਾਜ ਸਰਕਾਰਾਂ ਨੂੰ ਟਾਊਨਸ਼ਿਪ ਨੀਤੀਆਂ ਅਤੇ ਜਨਤਕ-ਨਿੱਜੀ ਭਾਈਵਾਲੀਆਂ ਰਾਹੀ ਅਸਲ ਵਿਚ ਉੱਚ ਕੀਮਤ ਵਾਲੀ ਮਕਾਨ ਉਸਾਰੀ ਨੂੰ ਹੀ ਉਤਸ਼ਾਹਿਤ ਕਰ ਰਹੀਆਂ ਹਨ। ਅਸਲ ਵਿਚ, ਭਾਰਤ ਅੰਦਰ ਸਾਰੀ ਹੀ ਮਕਾਨ ਉਸਾਰੀ ਦੀ ਵਿੱਤੀ ਪ੍ਰਣਾਲੀ, ਸੰਗਠਿਤ ਖੇਤਰ ਦੇ ਉੱਚ ਤਨਖ਼ਾਹ ਪ੍ਰਾਪਤ ਕਰਤਾ ਮੁਲਾਜ਼ਮਾਂ ਨੂੰ ਗਹਿਣੇ ਧਰਨ ਦੇ ਅਧਾਰ 'ਤੇ ਕਰਜ਼ਾ ਦੇਣ ਕਰਕੇ ਹੀ ਪ੍ਰਫੁੱਲਤ ਰਹੀਆਂ ਹਨ, ਉਹ ਇਸ ਸਚਾਈ ਦਾ ਆਸਰਾ ਲੈਂਦੇ ਹਨ ਕਿ ਨਿਮਨ ਆਮਦਨ ਵਾਲੀ ਵਸੋਂ ਕਰਜ਼ਾ ਦੇਣ ਦੇ ਕਾਬਲ ਨਹੀਂ। ਇਸ ਕਰਕੇ, ਵੱਡੀ ਬਹੁ-ਸੰਖਿਆ ਨੂੰ ਮਕਾਨ ਦੇਣ ਦੀ ਸਰਕਾਰੀ ਪ੍ਰਤਿਬਧਤਾ ਵਿਚ ਭਾਰੀ ਗਿਰਾਵਟ ਆਈ ਹੈ।

ਸਿੱਟੇ ਵਜੋਂ, ਉੱਚ ਆਮਦਨ ਵਾਲੀ ਵਸੋਂ ਲਈ ਮਕਾਨ ਪੂਰਤੀ ਦੀ ਬਹੁਤਾਤ ਹੈ ਅਤੇ ਮੱਧ ਵਰਗੀ ਅਤੇ ਘੱਟ ਆਮਦਨ ਵਾਲੀ ਜਨਸੰਖਿਆ ਨੂੰ ਆਪਣੇ ਜੀਵਨ ਦੀ ਗੱਡੀ ਤੋਰਨ ਲਈ ਸੌ ਪਾਪੜ ਵੇਲਣੇ ਪੈ ਰਹੇ ਹਨ, ਮਕਾਨ ਦੀ ਗੱਲ ਤਾਂ ਛੱਡ ਹੀ ਦਿਓ। ਸਦਾ ਵਾਂਗ, ਉਨ੍ਹਾਂ ਨੂੰ ਚੰਗੀਆਂ ਥਾਵਾਂ 'ਤੇ ਕਿਰਾਏ ਦੇ ਮਕਾਨ ਲੈਣੇ ਪੈਂਦੇ ਹਨ (ਤਾਂ ਕਿ ਆਉਣ ਜਾਣ 'ਤੇ ਲਗਦਾ ਸਮਾਂ ਅਤੇ ਧਨ ਦੀ ਬਚਤ ਹੋ ਸਕੇ), ਇਹ ਥਾਵਾਂ ਦੂਰ ਹੁੰਦੀਆਂ ਹਨ ਜੋ ਉਨ੍ਹਾਂ ਦੀ ਪਹੁੰਚ ਵਿਚ ਹਨ (ਪਰ ਸਫ਼ਰ ਦੇ ਸਮੇਂ ਅਤੇ ਸਾਧਨ ਪੱਖੋਂ ਔਖੀਆਂ ਹੁੰਦੀਆਂ ਹਨ) ਜਾਂ ਇਹ ਗ਼ੈਰ ਰਸਮੀ/ਅਰਧ-ਪ੍ਰਵਾਨਤ ਬਸਤੀਆਂ ਵਿਚ ਰਹਿਣ ਲਈ ਮਜਬੂਰ ਹੁੰਦੇ ਹਨ, ਜਿਥੇ ਭਾਵੇਂ ਕੀਮਤਾਂ ਤਾਂ ਘੱਟ ਹੁੰਦੀਆਂ ਹਨ ਪਰ ਸਹੂਲਤਾਂ ਦੀ ਕਮੀ ਹੁੰਦੀ ਹੈ। ਰਸਮੀ ਖੇਤਰ ਵਿਚ ਘੱਟ ਆਮਦਨ ਵਾਲੇ ਮਕਾਨਾਂ ਦੇ ਪ੍ਰਾਜੈਕਟ ਅੱਜਕੱਲ੍ਹ ਘੱਟ ਹੀ ਵਿਕਸਤ ਹੋ ਰਹੇ ਹਨ। ਭਾਰਤ ਸਰਕਾਰ ਨੇ 2008 ਵਿਚ ਵਾਜਬ ਕੀਮਤਾਂ 'ਤੇ ਮਕਾਨ ਉਪਲਬਧ ਕਰਵਾਉਣ ਵਾਲੇ ਸਾਰੇ ਪੱਖਾਂ 'ਤੇ ਵਿਚਾਰ ਕਰਨ ਲਈ ਇਕ ਉੱਚ ਪੱਧਰੀ ਟਾਸਕ ਫੋਰਸ ਦਾ ਗਠਨ ਕੀਤਾ। ਇਸ ਟਾਸਕ ਫੋਰਸ ਵਲੋਂ ਵਾਜਬ ਕੀਮਤ ਵਾਲੇ ਮਕਾਨਾਂ ਨੂੰ ਇਸ ਪ੍ਰਕਾਰ ਪ੍ਰਭਾਸ਼ਿਤ ਕੀਤਾ ਗਿਆ – 1) ਈ ਡਬਲਯੂ ਐੱਸ/ਐੱਲ ਆਈ ਜੀ ਮਕਾਨਾਂ ਲਈ 300 ਤੋਂ 600 ਵਰਗ ਫੁੱਟ ਦਾ ਜ਼ਮੀਨੀ ਰਕਬਾ ਜਿਸ ਦੀ ਲਾਗਤ ਉਸ ਪਰਿਵਾਰ ਦੀ ਕੁੱਲ ਸਾਲਾਨਾ ਆਮਦਨ ਦੇ ਚਾਰ ਗੁਣਾ ਤੋਂ ਵੱਧ ਨਾ ਹੋਵੇ ਅਤੇ ਕਿਸ਼ਤ/ਕਿਰਾਇਆ ਕੁੱਲ ਘਰੇਲੂ ਆਮਦਨ ਦੇ 30 ਪ੍ਰਤਿਸ਼ਤ ਤੋਂ ਵੱਧ ਨਾ ਹੋਵੇ, ਅਤੇ 2) ਐੱਮ ਆਈ ਜੀ ਮਕਾਨ ਲਈ 1200 ਵਰਗ ਫੁੱਟ ਦਾ ਜ਼ਮੀਨੀ ਰਕਬਾ ਜਿਸ ਦੀ ਲਾਗਤ ਕੁੱਲ ਸਾਲਾਨਾ ਪਰਿਵਾਰਕ ਆਮਦਨ ਦੇ 5 ਗੁਣਾ ਤੋਂ ਜ਼ਿਆਦਾ ਨਾ ਹੋਵੇ ਅਤੇ ਕਿਸ਼ਤ/ਕਿਰਾਇਆ ਪ੍ਰਤਿ ਮਹੀਨੇ ਦੀ ਕੁੱਲ ਪਰਿਵਾਰਕ ਆਮਦਨ ਦੇ 40 ਪ੍ਰਤਿਸ਼ਤ ਤੋਂ ਵੱਧ ਨਾ ਹੋਵੇ।

ਜੇ ਇਸ ਨੂੰ ਸੱਚ ਮੰਨ ਲਿਆ ਜਾਵੇ ਅਤੇ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਚਲਾਈਆਂ ਜਾ ਰਹੀਆਂ ਨੀਤੀਆਂ ਤੇ ਪ੍ਰਾਜੈਕਟਾਂ 'ਤੇ ਝਾਤ ਪਾਈ ਜਾਵੇ ਤਾਂ ਵੇਖਾਂਗੇ ਕਿ ਬਹੁਤ ਥੋੜ੍ਹੇ ਲੋਕ ਹੀ ਇਸ ਟਾਸਕ ਫੋਰਸ ਦੀਆਂ ਸਿਫ਼ਾਰਸ਼ਾਂ 'ਤੇ ਅਮਲ ਕਰ ਰਹੇ ਹਨ।

ਭਾਰਤ ਸਰਕਾਰ ਪਰੰਪਰਾਗਤ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਹੀ ਅੱਗੇ ਵਧਾ ਰਹੀ ਹੈ ਜਿਨ੍ਹਾਂ ਵਿਚ ਸੱਜਰੀ ਰਾਜੀਵ ਆਵਾਸ ਯੋਜਨਾ ਹੈ ਜੋ ਘੱਟ ਆਮਦਨ ਵਾਲੇ ਘਰ ਬਣਾਉਣ ਲਈ ਸ਼ੁਰੂ ਕੀਤੀ ਗਈ ਸੀ। ਇਹ ਸਾਰੀਆਂ ਯੋਜਨਾਵਾਂ ਨਵੀਂ ਬੋਤਲ ਵਿਚ ਪੁਰਾਣੀ ਸ਼ਰਾਬ ਦੇਣ ਦੇ ਬਰਾਬਰ ਹਨ। ਨਵਾਂ ਕੁਝ ਨਹੀਂ ਕੀਤਾ ਜਾ ਰਿਹਾ ਕਿ ਬਾਜ਼ਾਰ ਦੇ ਪੂਰਤੀ ਪੱਖ ਵਿਚ ਕੁਝ ਵਿਸ਼ੇਸ਼ ਕੀਤਾ ਜਾ ਸਕੇ। ਇਹ ਯੋਜਨਾਵਾਂ ਜ਼ਿਆਦਾਤਰ ਰੂੜ੍ਹੀਵਾਦੀ ਨੌਕਰਸ਼ਾਹੀ ਦੀ ਨਿਰੰਤਰਤਾ ਅਤੇ ਤੇਜ਼ ਰਫ਼ਤਾਰ ਅਤੇ ਗੁਣਵੱਤਾ ਵਾਲੇ ਅਮਲ ਦੀਆਂ ਅਦੁਕਵੀਆਂ ਅਸਮਰੱਥਾਵਾਂ ਦਾ ਸ਼ਿਕਾਰ ਹਨ। ਕਈ ਰੀਅਲ ਐਸਟੇਟ ਕੰਪਨੀਆਂ ਅਜਿਹੀਆਂ ਵੀ ਹਨ ਜੋ ਹਾਲ ਹੀ ਵਿਚ ਵਾਜਬ ਕੀਮਤ ਵਾਲੇ ਬਜਟ ਮਕਾਨਾਂ ਦੀ ਵਰਗ-ਵੰਡ ਵਿਚ ਦਾਖ਼ਲ ਹੋਈਆਂ ਹਨ। ਇਹ ਸਮਾਂ ਹੀ ਦੱਸੇਗਾ ਕਿ ਉਨ੍ਹਾਂ ਦੀ ਕਾਰਗੁਜ਼ਾਰੀ ਕਿਹੋ ਜਿਹੀ ਹੋਵੇਗੀ।

## ਵਿਸ਼ਵੀ ਅਨੁਭਵ

ਬਹੁਤ ਸਾਰੇ ਅਜਿਹੇ ਦੇਸ਼ ਹਨ ਜਿਤਥੇ ਬੀਤੇ ਵਿਚ ਮਕਾਨਾਂ ਦੀ ਵੱਡੀ ਸਮੱਸਿਆ ਰਹੀ ਹੈ, ਅਤੇ ਜਿਨ੍ਹਾਂ ਨੇ ਕਾਰਵਾਈ ਕਰਕੇ ਇਸ 'ਤੇ ਕਾਬੂ ਪਾਇਆ ਹੈ। ਸਿੰਗਾਪੁਰ ਅਤੇ ਹਾਂਗਕਾਂਗ ਦੇ ਦੱਖਣੀ ਏਸ਼ਿਆਈ ਮਾਮਲੇ ਇਨ੍ਹਾਂ ਵਿਚੋਂ ਹਨ। ਦੋਵਾਂ ਨੇ ਮਕਾਨਾਂ ਸੰਬੰਧੀ ਅਜਿਹੀਆਂ ਨੀਤੀਆਂ ਬਣਾਈਆਂ ਹਨ ਜਿਨ੍ਹਾਂ ਨੇ ਲੋੜਾਂ ਦਾ ਹੱਲ ਕਰਕੇ ਤੇ ਮਕਾਨਾਂ ਦੀ ਵੱਡੀ ਪੂਰਤੀ ਬਾਜ਼ਾਰ ਵਿਚ ਮੁਹੱਈਆ ਕਰਵਾਈ ਕਿ ਅੱਜ ਕਿਸੇ ਵੀ ਕਿਸਮ ਦੀ ਘਾਟ ਨਹੀਂ ਅਤੇ ਸਾਰਿਆਂ ਵਾਸਤੇ ਵਾਧੂ ਮਕਾਨ ਹਨ। ਮਜ਼ਬੂਤ ਰਾਜਨੀਤਕ ਇੱਛਾ-ਸ਼ਕਤੀ, ਚੁਸਤ ਵਿਕਾਸ ਤੰਤਰ, ਸਪੱਸ਼ਟ ਉਸਾਰੀ ਰਣਨੀਤੀਆਂ, ਨਵੀਨ ਵਿੱਤੀ ਪ੍ਰਣਾਲੀਆਂ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨੇ 'ਸਮਾਰਟ ਮਕਾਨਾਂ' ਨੂੰ ਸੰਭਵ ਕਰ ਕੇ ਦਿਖਾ ਦਿਤਾ ਹੈ।

ਵਿਸ਼ਵ ਜੰਗ ਤੋਂ ਉਪਰੰਤ ਯੂਰਪ ਵਿਚ ਮਕਾਨ ਉਸਾਰੀ ਮਜ਼ਬੂਤ ਸਰਕਾਰੀ ਦਖ਼ਲ ਅਤੇ ਰਾਜਨੀਤਕ ਇੱਛਾ ਸ਼ਕਤੀ ਦੀ ਇਕ ਹੋਰ ਮਿਸਾਲ ਹੈ ਜਿਸ ਤਹਿਤ ਸ਼ਹਿਰਾਂ ਅਤੇ ਮੁਹੱਲਿਆਂ ਦੀ ਉਸਾਰੀ ਕੀਤੀ ਗਈ। ਸੰਪੂਰਨ ਮਿਸਾਲਾਂ ਸਮਾਜਵਾਦੀ ਖੇਮੇ ਵਿਚ ਮਿਲਦੀਆਂ ਹਨ ਜਿਥੇ ਮਜ਼ਬੂਤ ਦ੍ਰਿੜ੍ਹ ਰਾਜਨੀਤਕ ਇੱਛਾ ਸ਼ਕਤੀ ਨੇ ਵਿਸ਼ਾਲ ਸੰਖਿਆ ਵਿਚ ਘਰਾਂ ਦੇ ਨਿਰਮਾਣ ਦਾ ਰਾਹ ਪੱਧਰਾ ਕੀਤਾ। ਵੱਖ-ਵੱਖ ਰਾਜਨੀਤਕ ਵਿਚਾਰਧਾਰਾ ਵਾਲੇ ਹੋਰ ਬਹੁਤ ਸਾਰੇ ਅਜਿਹੇ ਦੇਸ਼ ਹਨ ਜਿਨ੍ਹਾਂ ਨੇ ਮਜ਼ਬੂਤ ਅਤੇ ਗੰਭੀਰ ਕਦਮ ਚੁੱਕ ਕੇ ਮਕਾਨਾਂ ਦੇ ਸੰਕਟ 'ਤੇ ਕਾਬੂ ਪਾਇਆ ਹੈ। ਅਸੀਂ ਭਾਰਤ ਵਿਚ, ਅਜਿਹੇ ਤਜਰਬਿਆਂ ਤੋਂ ਲਗਦਾ ਹੈ ਕੋਈ ਸਬਕ ਨਹੀਂ ਸਿੱਖਿਆ। ਜ਼ਮੀਨ ਅਤੇ ਬੁਨਿਆਦੀ ਢਾਂਚੇ ਦੀ ਕੀਮਤ ਨੂੰ ਇਕ ਪਾਸੇ ਵੀ ਰੱਖ ਦਈਏ, ਜੇ ਅਸੀਂ ਬਣਾਏ ਮਕਾਨਾਂ ਵੱਲ ਵੇਖੀਏ ਤਾਂ ਤੇਜ਼ ਰਫ਼ਤਾਰ ਨਾਲ ਅਜਿਹੀ ਵਿਸ਼ਾਲ ਸੰਖਿਆ ਵਿਚ ਉਸਾਰੀ ਦਾ ਟੀਚਾ ਹਾਸਲ ਕਰਨ ਲਈ ਤਕਨਾਲੋਜੀ ਮੁੱਖ ਕੁੰਜੀ ਹੋ ਨਿਬੜਦੀ ਹੈ। ਵੱਡੇ ਪੱਧਰ 'ਤੇ ਮਕਾਨ ਉਸਾਰੀ ਸਿਰਫ਼ ਉਦਯੋਗੀਕ੍ਰਿਤ ਬਹੁ-ਉਤਪਾਦਨ ਨਾਲ ਹੀ ਵਿਕਸਤ ਕੀਤੀ ਜਾ ਸਕਦੀ ਹੈ। ਬਦਕਿਸਮਤੀ ਨੂੰ, ਭਾਰਤ ਵਿਚ ਅਸੀਂ ਹਾਲੇ ਵੀ ਰਵਾਇਤੀ (ਆ-ਲਾ-ਕਰਟ' ਤਰਜ਼

'ਤੇ ਇਕਹਿਰੇ ਜਾਂ ਬਹੁਮੰਜ਼ਲੀ ਅਪਾਰਟਮੈਂਟ ਬਣਾਈ ਜਾ ਰਹੇ ਹਾਂ। ਇਹ ਸਾਡੇ ਲਈ ਚੰਗਾ ਨਹੀਂ ਹੋਵੇਗਾ। ਸਾਨੂੰ ਪ੍ਰਣਾਲੀਆਂ 'ਤੇ ਪ੍ਰਕਿਰਿਆਵਾਂ ਦੀ ਲੋੜ ਹੈ ਜੋ ਮਕਾਨ ਉਸਾਰੀ ਦੀ ਸਾਰੀ ਪ੍ਰਕਿਰਿਆ ਨੂੰ ਗਤੀ ਦੇਣ ਤਾਂ ਕਿ ਉਤਪਾਦਨ ਅਤੇ ਨਤੀਜਨਤਨ ਬੱਚਤਾਂ ਵਿਚ ਅਸੀਂ ਟੀਚੇ ਹਾਸਲ ਕਰ ਸਕੀਏ।

## ਭਾਰਤ ਵਿਚ ਕੋਸ਼ਿਸ਼ਾਂ

ਭਾਰਤ ਵਿਚ ਮਕਾਨ ਉਸਾਰੀ ਲਈ ਤਕਨਾਲੋਜੀ ਦ੍ਰਿਸ਼ ਦਹਾਕਿਆਂ ਬੱਧੀ ਬਹੁਤ ਹੀ ਪ੍ਰੰਪਰਾਗਤ ਰਿਹਾ ਹੈ। ਅਸੀਂ ਹਾਲੇ ਵੀ ਰਵਾਇਤੀ ਸਮੱਗਰੀ ਅਤੇ ਨਿਰਮਾਣ ਪ੍ਰਣਾਲੀਆਂ ਵਿਚ ਉਲਝੇ ਹੋਏ ਹਾਂ। ਭਾਵੇਂ ਕਿ ਕੁੱਝ ਵਿਕਲਪਕ ਸਮੱਗਰੀਆਂ ਦੇ ਮਾਮਲੇ ਵਿਚ ਕੁਝ ਛੋਟੀ-ਮੋਟੀ ਤਰੱਕੀ ਹੋਈ ਹੈ, ਪਰ ਉਨ੍ਹਾਂ ਦਾ ਅਨੁਕੂਲਣ ਅਤੇ ਅਮਲ ਹਾਲੇ ਸਿਰਫ਼ ਤਜਰਬਾ ਕੀਤੇ ਜਾਣ ਵਾਲੇ ਪ੍ਰਾਜੈਕਟਾਂ ਤਕ ਹੀ ਸੀਮਤ ਹੈ, ਉਹ ਵੀ ਕੁਝ ਕੁ ਮਾਮਲਿਆਂ ਵਿਚ। ਇੰਜੀਨੀਅਰਿੰਗ ਅਤੇ ਭਵਨ ਨਿਰਮਾਣ ਕਲਾ ਦੇ ਕਾਲਜ ਹਾਲੇ ਵੀ ਸਦੀਆਂ ਪੁਰਾਣੀ ਸਮੱਗਰੀ ਅਤੇ ਤਰੀਕਿਆਂ ਦੀ ਵਰਤੋਂ ਦੀ ਵਕਾਲਤ ਕਰਦੇ ਹਨ ਜੋ ਵਿਸ਼ਵੀ ਦ੍ਰਿਸ਼ ਵਿਚ ਮੁਕੰਮਲ ਤੌਰ ਤੇ ਮਹੱਤਵਹੀਣ ਹੋ ਗਏ ਹਨ।

ਪ੍ਰਯੋਗਸ਼ਾਲਾ ਤੋਂ ਜ਼ਮੀਨ ਤਕ ਤਕਨਾਲੋਜੀ ਦੀ ਤਬਦੀਲੀ ਵੀ ਬਹੁਤ ਨਿਰਾਸ਼ਾਜਨਕ ਰਹੀ ਹੈ। ਜ਼ਿਆਦਾਤਰ ਕੋਸ਼ਿਸ਼ਾਂ ਡਰਾਇੰਗ ਬੋਰਡਾਂ ਜਾਂ ਤਜਰਬੇ ਦੇ ਪੜਾਅ ਤਕ ਹੀ ਦਮ ਤੋੜ ਦਿੰਦੀਆਂ ਹਨ। ਜੇ ਥੋੜ੍ਹਾ-ਬਹੁਤ ਕੰਮ ਹੋ ਵੀ ਰਿਹਾ ਹੈ ਤਾਂ ਉਸ ਦਾ ਪ੍ਰਚਾਰ ਨਹੀਂ ਹੋ ਰਿਹਾ। ਭਾਰਤ ਸਰਕਾਰ ਵਲੋਂ ਉਸਾਰੀ ਕੇਂਦਰਾਂ ਦੀ ਸ਼ੁਰੂਆਤ ਕੀਤੀ ਗਈ ਜਿਨ੍ਹਾਂ ਤੋਂ ਆਸ ਸੀ ਕਿ ਉਹ ਵੱਖ-ਵੱਖ ਤਕਨਾਲੋਜੀਆਂ ਦਾ ਪ੍ਰਚਾਰ-ਪ੍ਰਸਾਰ ਕਰਨਗੇ। ਬਦਕਿਸਮਤੀ ਨੂੰ, ਅਜਿਹੇ ਬਹੁਤ ਸਾਰੇ ਕੇਂਦਰ ਬੰਦ ਹੋ ਚੁੱਕੇ ਹਨ ਅਤੇ ਬਾਕੀ ਵੀ ਇਸੇ ਰਾਹ 'ਤੇ ਤੁਰੇ ਹੋਏ ਹਨ। ਜ਼ਿਆਦਾਤਰ ਸਿਵਲ ਇੰਜੀਨੀਅਰ ਅਤੇ ਭਵਨ ਨਿਰਮਾਣਕਾਰਾਂ ਨੂੰ 'ਬਿਲਡਿੰਗ ਮਟੀਰੀਅਲ ਐਂਡ ਟੈਕਨਾਲੋਜੀ ਪ੍ਰਮੋਸ਼ਨ ਕੌਂਸਲ' ਦੀ ਹੋਂਦ ਬਾਰੇ ਜਾਗਰੂਕ ਵੀ ਨਹੀਂ ਕਰਵਾਇਆ ਜਾਂਦਾ ਜਿਸ ਨੂੰ ਭਾਰਤ ਸਰਕਾਰ ਵਲੋਂ ਤਕਨਾਲੋਜੀ ਦੇ ਪ੍ਰਚਾਰ ਲਈ ਸਥਾਪਤ ਕੀਤਾ ਗਿਆ ਸੀ।

ਅਫ਼ਸੋਸ ਦੀ ਗੱਲ ਹੈ, ਭਾਰਤ ਵਿਚ ਮਕਾਨ ਉਸਾਰੀ ਤਕਨਾਲੋਜੀ ਦੇ ਹੱਲ ਲਈ ਸਾਰੀ ਪਹੁੰਚ ਬਹੁਤ ਹੀ ਅਢੁਕਵੀ ਅਤੇ ਵਿਸ਼ਵੀ ਵਰਤਾਰੇ ਤੋਂ ਬਿਲਕੁਲ ਅਣਭਿੱਜ ਸਾਬਤ ਹੋਈ ਹੈ।

## ਉਦਯੋਗੀਕ੍ਰਿਤ ਮਕਾਨ ਉਸਾਰੀ ਉਤਪਾਦਨ ਲਈ ਇਕ ਮਾਮਲਾ

ਵਿਸ਼ਵ ਪੱਧਰ 'ਤੇ ਵਿਆਪਕ ਮਾਤਰਾ ਵਿਚ ਮਕਾਨ ਉਸਾਰੀ ਨੂੰ, ਭਾਰਤ ਦੇ ਉਲਟ, ਇਕ ਫੈਕਟਰੀ ਵਿਚ ਬਣੇ ਉਤਪਾਦ ਦੇ ਤੌਰ ਤੇ ਲਿਆ ਜਾਂਦਾ ਹੈ। ਵਿਆਪਕ ਉਤਪਾਦਨ ਦੇ ਅਨੇਕ ਫ਼ਾਇਦੇ ਹਨ। ਪਹਿਲਾ, ਮਾਣਕੀਕਰਨ, ਜਿਸ ਦੇ ਚਲਦਿਆਂ ਫ਼ਾਇਦੇ ਤਾਂ ਹਨ ਹੀ, ਅਨੁਕੂਲਣ ਦੀ ਸੌਖ ਹੈ ਅਤੇ ਬਰਬਾਦੀ ਬਿਲਕੁਲ ਵੀ ਨਹੀਂ। ਦੂਜਾ, ਫੈਕਟਰੀ ਉਤਪਾਦਨ ਨਾਲ ਨਿਰਮਾਣ ਦੀ ਰਫ਼ਤਾਰ ਵਧਦੀ ਹੈ। ਸਮੇਂ ਅਤੇ ਧਨ ਦੀ ਬਚਤ ਹੁੰਦੀ ਹੈ। ਤੀਜਾ, ਉਸਾਰੀ ਉਤਪਾਦਾਂ ਦੀ ਗੁਣਵੱਤਾ 'ਤੇ ਆਸਾਨੀ ਨਾਲ ਨਿਗਰਾਨੀ ਰੱਖੀ ਜਾ ਸਕਦੀ ਹੈ ਅਤੇ ਨਿਯੰਤ੍ਰਿਤ ਵਾਤਾਵਰਨ ਯਕੀਨੀ ਬਣਾਇਆ ਜਾ ਸਕਦਾ ਹੈ। ਚੌਥਾ, ਕਿਫ਼ਾਇਤ ਹਾਸਲ ਕੀਤੀ ਜਾ ਸਕਦੀ ਹੈ, ਜਿਸ ਨਾਲ ਵਾਜਬਤਾ ਸੰਭਵ ਹੋ ਸਕੇਗੀ। ਆਖਰੀ, ਪੂਰਵ ਨਿਰਮਿਤ ਮਕਾਨਾਂ ਵਿਚ ਕੋਈ ਬਰਬਾਦੀ ਨਹੀਂ ਹੁੰਦੀ ਜੋ ਆਰਥਿਕਤਾ ਵਿਚ ਹਿੱਸਾ ਪਾਉਂਦੀ ਹੈ। ਬਹੁਤ ਸਾਰੇ ਵਿਕਸਤ ਦੇਸ਼ਾਂ, ਜਿਥੇ ਮਜ਼ਦੂਰਾਂ ਦੀ ਸਮੱਸਿਆ ਹੈ ਅਤੇ ਮੌਸਮ ਦੇ ਹਾਲਾਤ ਕਰਕੇ ਜ਼ਿਆਦਾ ਦਿਨਾਂ ਤਕ ਉਸਾਰੀ ਦਾ ਕੰਮ ਸੰਭਵ ਨਹੀਂ ਹੁੰਦਾ, ਉਥੇ ਮਕਾਨ ਉਸਾਰੀ ਦਾ ਕੰਮ ਘੱਟ ਤੋਂ ਘੱਟ ਸਮੇਂ ਵਿਚ ਸਿਰੇ ਚੜ੍ਹਾਉਣਾ ਹੁੰਦਾ ਹੈ। ਇਸ ਨੇ ਤਕਨਾਲੋਜੀ ਦਾ ਵਿਕਾਸ ਅਤੇ ਉਤਪਾਦਨ ਪ੍ਰਣਾਲੀਆਂ ਅਤੇ ਫੌਰੀ ਤੌਰ ਤੇ ਉਸ ਨੂੰ ਜੋੜਨਾ ਜ਼ਰੂਰੀ ਬਣਾ ਦਿਤਾ ਹੈ ਜਿਥੇ ਕੁਝ ਦਿਨਾਂ ਵਿਚ ਹੀ ਮਕਾਨ ਖੜ੍ਹੇ ਕੀਤੇ ਜਾ ਸਕਣ, ਭਾਰਤ ਦੇ ਮੁਕਾਬਲੇ ਜਿਥੇ ਇਸ ਕੰਮ ਨੂੰ ਵਰ੍ਹੇ ਲੱਗ ਜਾਂਦੇ ਹਨ।

## ਅੰਤਰਰਾਸ਼ਟਰੀ ਪ੍ਰਥਾਵਾਂ

ਸਾਰੇ ਹੀ ਵਿਕਸਤ ਦੇਸ਼ਾਂ ਵਿਚ ਵਿਆਪਕ ਪੱਧਰ 'ਤੇ ਮਕਾਨ ਉਸਾਰੀ ਫੈਕਟਰੀ ਉਤਪਾਦਨ ਦੇ ਤਰੀਕੇ ਨਾਲ ਕੀਤੀ ਜਾਂਦੀ ਹੈ। ਅਸਲ ਵਿਚ, ਇਹ ਤਕਨਾਲੋਜੀ ਪਹਿਲੇ ਵਿਸ਼ਵ ਯੁੱਧ ਉਪਰੰਤ 100 ਸਾਲ ਪਹਿਲਾਂ ਵਿਕਸਤ ਕੀਤੀ ਗਈ ਸੀ ਜਿਸ ਨੂੰ ਆਉਣ ਵਾਲੇ ਦਹਾਕਿਆਂ ਵਿਚ ਹੋਰ ਸਵਾਰਿਆ ਗਿਆ। ਇਹ ਬਹੁਤ ਸਾਰੇ ਤਰੀਕਿਆਂ ਨਾਲ ਵਿਕਸਤ ਹੋਈ ਜਿਨ੍ਹਾਂ ਬਾਰੇ ਹੇਠਾਂ ਚਰਚਾ ਕੀਤੀ ਜਾ ਰਹੀ ਹੈ :

***ਬਣੇ-ਬਣਾਏ ਘਰ :*** ਇਸ ਪ੍ਰਣਾਲੀ ਵਿਚ ਮਕਾਨ ਉਸਾਰੀ ਦੇ ਵੱਖ-ਵੱਖ ਹਿੱਸਿਆਂ ਨੂੰ ਨਿਯੰਤ੍ਰਿਤ ਫੈਕਟਰੀ ਵਾਤਾਵਰਨ ਵਿਚ ਬਣਾ ਕੇ ਮਕਾਨ ਵਾਲੀ ਥਾਂ 'ਤੇ ਜੋੜਨਾ ਸ਼ਾਮਿਲ ਹੈ। ਲਗਭਗ 90 ਪ੍ਰਤਿਸ਼ਤ ਘਰ, ਜਿਵੇਂ ਕੰਧਾਂ, ਫ਼ਰਸ਼, ਛੱਤ, ਪੌੜੀਆਂ ਅਤੇ ਸਜਾਵਟੀ ਸਮਾਨ ਫੈਕਟਰੀ ਵਿਚ ਬਣਾਇਆ ਜਾਂਦਾ ਹੈ। ਮਕਾਨ ਉਸਾਰੀ ਵਾਲੀ ਥਾਂ 'ਤੇ ਇਨ੍ਹਾਂ ਨੂੰ ਜੋੜਨ ਵਿਚ ਪ੍ਰਤਿ ਮਕਾਨ ਮਸਾਂ ਇਕ ਦਿਨ ਲਗਦਾ ਹੈ। ਸਮੇਂ ਅਤੇ ਧਨ ਦੀ ਬਚਤ ਤੋਂ ਇਲਾਵਾ, ਉੱਚ ਪਾਇ ਦੀ ਗੁਣਵੱਤਾ ਅਤੇ ਅੰਤਮ ਛੋਹਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ।

***ਪੈਨਲ ਵਾਲੇ ਘਰ :*** ਇਸ ਪ੍ਰਣਾਲੀ ਵਿਚ ਅਗਾਂਹ ਵਧੂ ਨਿਰਮਾਣ ਤਕਨਾਲੋਜੀਆਂ ਨੂੰ ਅਪਣਾ ਕੇ ਊਰਜਾ ਦੀ ਬੱਚਤ ਕਰਨ ਵਾਲੇ ਘਰਾਂ ਦੀ ਉਸਾਰੀ ਕਰਨਾ ਸ਼ਾਮਿਲ ਹੈ ਜੋ ਫੈਕਟਰੀਆਂ ਵਿਚ ਬਣਾਏ ਜਾਂਦੇ ਹਨ। ਆਪਣੀ ਪਸੰਦ ਮੁਤਾਬਕ ਡਿਜ਼ਾਈਨ ਬਣਾਉਣ ਦੀ ਇਸ ਵਿਚ ਵਧੇਰੇ ਸੰਭਾਵਨਾ ਹੈ। ਕੰਪਿਊਟਰ 'ਤੇ ਬਣਾਏ ਡਿਜ਼ਾਈਨਾਂ ਦੀ ਮਦਦ ਨਾਲ, ਵਿਅਕਤੀ ਦੀ ਜੇਬ ਦੇ ਅਨੁਸਾਰ ਫੈਕਟਰੀਆਂ ਵਿਚ ਘਰ ਬਣਾਏ ਜਾ ਸਕਦੇ ਹਨ। ਕੰਧ ਅਤੇ ਛੱਤ ਦੇ ਪੈਨਲ ਇਕ ਨਿਰਮਾਣ ਇਕਾਈ ਵਿਚ ਡਿਜ਼ਾਈਨ ਕਰਕੇ ਬਣਾਏ ਜਾਂਦੇ ਹਨ ਅਤੇ ਕੁਝ ਹੀ ਦਿਨਾਂ ਵਿਚ ਉਨ੍ਹਾਂ ਨੂੰ ਮਕਾਨ ਵਾਲੀ ਜਗ੍ਹਾ 'ਤੇ ਜੋੜਨ ਲਈ ਰਵਾਨਾ ਕਰ ਦਿਤਾ ਜਾਂਦਾ ਹੈ। ਆਧੁਨਿਕ ਤਕਨਾਲੋਜੀ ਇਹ ਸੰਭਵ ਬਣਾਉਂਦੀ ਹੈ ਕਿ ਪੈਨਲ ਉੱਚ ਗੁਣਵੱਤਾ, ਕੁਸ਼ਲਤਾ ਅਤੇ ਨਿਰਧਾਰਤ ਮਾਪਦੰਡਾਂ ਅਨੁਸਾਰ ਤਿਆਰ ਕੀਤੇ ਜਾਣ। ਇਹ ਕੁਦਰਤੀ ਆਫ਼ਤਾਂ ਨੂੰ ਝੱਲਣ ਦੇ ਸਮਰੱਥ ਵੀ ਹੁੰਦੇ ਹਨ। ਕਾਰਖ਼ਾਨੇ ਵਿਚ ਜੋੜਨ ਦਾ ਮਤਲਬ ਹੈ ਨਿਰਮਾਣ ਸਮੱਗਰੀ ਦੀ ਘੱਟ ਤੋਂ ਘੱਟ ਬਰਬਾਦੀ, ਕੰਮ ਵਾਲੀ ਥਾਂ 'ਤੇ ਘੱਟ ਸ਼ੋਰ-ਸ਼ਰਾਬਾ ਅਤੇ ਸੌਖੀ ਸਾਫ਼-ਸਫ਼ਾਈ। ਪੈਨਲਾਂ ਨਾਲ ਉਸਾਰੀ ਪ੍ਰਦੂਸ਼ਣ ਰਹਿਤ ਉਸਾਰੀ ਦਾ ਤਰੀਕਾ ਹੈ ਅਤੇ ਇਸ ਨੂੰ ਇਮਾਰਤਸਾਜ਼ੀ ਦੇ ਮਾਨਕੀਕਰਨ ਦੀਆਂ ਅਨੇਕ ਸੰਸਥਾਵਾਂ ਵਲੋਂ ਮਾਨਤਾ ਪ੍ਰਾਪਤ ਹੈ। ਇਸ ਸਾਰੇ ਕੁੱਝ ਨਾਲ ਆਖਰ ਨੂੰ ਸਮੇਂ, ਸ਼ਕਤੀ ਅਤੇ ਧਨ ਦੀ ਬਚਤ ਹੁੰਦੀ ਹੈ।

***ਲੱਕੜ ਦੇ ਘਰ :*** ਪ੍ਰਚਲਤ ਮਾਨਤਾ ਦੇ ਉਲਟ ਲੱਕੜ ਨਾਲ ਉਸਾਰੀ ਵਾਤਾਵਰਨ ਪੱਖੀ

ਨਹੀਂ ਹੁੰਦੀ, ਵਪਾਰਕ ਪੱਧਰ 'ਤੇ ਲੱਕੜ ਦਾ ਉਤਪਾਦਨ ਵਾਤਾਵਰਨ ਨੂੰ ਗੰਭੀਰ ਨੁਕਸਾਨ ਪਹੁੰਚਾਏ ਬਿਨਾਂ ਕੀਤਾ ਜਾਂਦਾ ਹੈ। ਦਰਖ਼ਤ ਨਵਿਆਉਣਯੋਗ ਸਰੋਤ ਹਨ ਅਤੇ ਲੱਕੜ ਦੇ ਬਣੇ ਘਰ ਪ੍ਰਦੂਸ਼ਣ ਰਹਿਤ ਨਿਰਮਾਣ ਸਮੱਗਰੀ ਵਜੋਂ ਵੀ ਨਾਮਣਾ ਖੱਟਦੇ ਹਨ। ਉਸਾਰੀ ਦਾ ਇਹ ਜੈਵਿਕ ਅਤੇ ਸਾਦਾ ਤਰੀਕਾ ਹੈ। ਅਜਿਹੀਆਂ ਇਮਾਰਤਾਂ ਊਰਜਾ ਪੱਖੋਂ ਕਿਫ਼ਾਇਤੀ ਅਤੇ ਤਾਪਮਾਨ ਪੱਖੋਂ ਆਰਾਮਦਾਇਕ ਹੁੰਦੀਆਂ ਹਨ।

***ਕਾਂਸਰਵਾਲ ਪ੍ਰਣਾਲੀ :*** ਇਕ ਪ੍ਰਸਿੱਧ ਯੂਰਪੀ ਪ੍ਰਣਾਲੀ, ਜਿਸ ਨੇ ਹਾਲ ਹੀ ਵਿਚ ਭਾਰਤ ਅੰਦਰ ਪੈਰ ਜਮਾਏ ਹਨ, ਉਹ ਹੈ ਕਾਂਸਰਵਾਲ ਪ੍ਰਣਾਲੀ। ਉਸਾਰੀ ਦੀ ਇਹ ਪ੍ਰਣਾਲੀ ਬਣੇ ਬਣਾਏ ਤੱਤਾਂ 'ਤੇ ਆਧਾਰਿਤ ਹੈ ਜੋ ਪੋਲੀਸਟੀਰੀਨ ਪੈਨਲਾਂ ਤੋਂ ਬਣੇ ਹੁੰਦੇ ਹਨ ਜੋ ਜਿਸਤ ਚੜ੍ਹੀਆਂ ਦੋ ਚਾਦਰਾਂ ਦੇ ਦਰਮਿਆਨ ਵੈਲਡਿੰਗ ਕੀਤੀ ਜਾਲੀ ਦੇ ਵਿਚਕਾਰ ਸਥਾਪਤ ਹੁੰਦੇ ਹਨ। ਜਾਲੀ ਦੀਆਂ ਉਤੋਂ ਹੇਠਾਂ ਨੂੰ ਤਾਰਾਂ ਪੋਲੀਸਟੀਰੀਨ 'ਤਰੰਗਾਂ' ਨਾਲ ਸਥਾਪਤ ਹੁੰਦੀਆਂ ਹਨ, ਜਿਸ ਨਾਲ ਕੰਕਰੀਟ ਦੇ ਲਘੂ ਸਤੰਭ ਪੈਦਾ ਹੋ ਜਾਂਦੇ ਹਨ, ਜਦੋਂ ਪੈਨਲਾਂ ਨੂੰ ਇਕ ਵਾਰੀ ਕੰਕਰੀਟ ਨਾਲ ਢਕ ਦਿਤਾ ਜਾਵੇ। ਉਪਰੋਕਤ ਤਾਰਾਂ ਨੂੰ ਜਾਲੀ ਦੀਆਂ ਸੱਜਿਉਂ ਖੱਬੇ ਵਾਲੀਆਂ ਤਾਰਾਂ ਦੀ ਮਦਦ ਨਾਲ ਇਕ ਦੂਜੇ ਨਾਲ ਬੰਨ੍ਹ ਦਿਤਾ ਜਾਂਦਾ ਹੈ ਅਤੇ ਉੱਤੋਂ-ਹੇਠਾਂ ਨੂੰ ਜੋੜ ਦਿਤਾ ਜਾਂਦਾ ਹੈ ਜੋ ਦੋਵਾਂ ਜਾਲੀਆਂ ਨੂੰ ਇਕੱਠਾ ਰੱਖਦੀ ਹੈ। ਜੋੜਾਂ ਨੂੰ ਟੁੱਟਣ ਤੋਂ ਵੈਲਡਿੰਗ ਬਚਾਉਂਦੀ ਹੈ; ਦੂਜੇ ਸ਼ਬਦਾਂ ਵਿਚ, ਕਿਉਂਕਿ ਇਹ ਸਾਰੇ ਜੋੜ ਵੈਲਡਿੰਗ ਕੀਤੇ ਹੁੰਦੇ ਹਨ, ਚੌੜਾਈ ਅਤੇ ਲੰਬਾਈ ਦੀ ਗਤੀਸ਼ੀਲਤਾ ਨਹੀਂ ਹੁੰਦੀ, ਸਿੱਟੇ ਵਜੋਂ ਬਿਨਾਂ ਟੁੱਟ-ਭੱਜ ਵਾਲੇ ਪੈਨਲ ਹੋਂਦ ਵਿਚ ਆ ਜਾਂਦੇ ਹਨ।

ਅਸੀਂ ਇਕਦਮ ਦਲੀਲ ਦਿਆਂਗੇ ਕਿ ਭਾਰਤ ਵਿਚ ਉਦਯੋਗੀਕ੍ਰਿਤ ਮਕਾਨ ਉਸਾਰੀ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਅਸੀਂ ਅਸਫਲ ਹੋ ਗਏ, ਜਿਸ ਕਰਕੇ ਇਹ ਪ੍ਰਣਾਲੀ ਇਥੇ ਕਾਮਯਾਬ ਨਹੀਂ। ਇਸ ਦਲੀਲ ਵਿਚ ਕੋਈ ਵਜ਼ਨ ਨਹੀਂ ਕਿਉਂਕਿ ਭਾਰਤ ਦੀ ਆਜ਼ਾਦੀ ਦੇ ਸ਼ੁਰੂਆਤੀ ਦਹਾਕਿਆਂ ਵਿਚ 'ਹਿੰਦੁਸਤਾਨ ਹਾਊਸਿੰਗ ਫੈਕਟਰੀ' ਦਾ ਤਜਰਬਾ ਘਾਟਾ ਖਾ ਰਹੇ ਕਿਸੇ ਜਨਤਕ ਖੇਤਰ ਦੇ ਅਦਾਰੇ ਵਰਗਾ ਹੀ ਸੀ ਜਿਸ ਲਈ ਵੇਲਾ ਵਿਹਾਅ ਚੁੱਕੀ ਤਕਨਾਲੋਜੀ ਦਾ ਇਸਤੇਮਾਲ ਕੀਤਾ ਗਿਆ ਅਤੇ ਜਿਸ ਨੂੰ ਪਹਿਲਾਂ ਹੀ ਬੇਹਤਰ ਤਕਨਾਲੋਜੀਆਂ ਦੇ ਚਲਦਿਆਂ ਰੱਦ ਕੀਤਾ ਜਾ ਚੁੱਕਾ ਸੀ। ਇਸ ਕਰਕੇ ਇਹ ਢੁੱਕਵਾਂ ਸਮਾਂ ਹੈ ਕਿ ਅਸੀਂ ਮਕਾਨ ਉਸਾਰੀ ਦੇ ਬੁਨਿਆਦੀ ਸਿਧਾਂਤ ਵਿਚ ਮੁਕੰਮਲ ਤੇ ਮਿਸਾਲੀ ਤਬਦੀਲੀ ਲਿਆਈਏ।

## ਅਗਾਂਹ ਵਲ ਵਧਣਾ-ਮਕਾਨ ਉਸਾਰੀ ਦੀ ਕ੍ਰਾਂਤੀ ਸਮਾਰਟ ਤਕਨਾਲੋਜੀਆਂ ਨਾਲ

ਅੱਜ ਭਾਰਤ ਦੇ ਮੌਸਮੀ ਹਾਲਾਤ ਦੇ ਅਨੁਕੂਲ ਅਤੇ ਸਮਾਜਿਕ ਤੌਰ ਤੇ ਪ੍ਰਵਾਨਤ ਆਧੁਨਿਕ ਤਕਨਾਲੋਜੀਆਂ ਮੌਜੂਦ ਹਨ ਜਿਸ ਦੀ ਕੀਮਤ ਜੇ ਘੱਟ ਨਹੀਂ ਤਾਂ ਰਵਾਇਤੀ ਉਸਾਰੀ ਪ੍ਰਣਾਲੀਆਂ ਨਾਲੋਂ ਜ਼ਿਆਦਾ ਵੀ ਨਹੀਂ। ਜੇ ਅਸੀਂ ਦੂਜੇ ਪੱਖਾਂ ਜਿਵੇਂ ਸਮੇਂ ਦੀ ਬਚਤ ਅਤੇ ਗੁਣਵੱਤਾ ਨੂੰ ਧਿਆਨ ਵਿਚ ਰੱਖੀਏ, ਤਾਂ ਫ਼ਾਇਦੇ ਕਿਤੇ ਜ਼ਿਆਦਾ ਹਨ। ਸਾਨੂੰ ਸਿਰਫ਼ ਸਹਾਇਕ ਵਾਤਾਵਰਨ ਸਿਰਜਣ ਦੀ ਲੋੜ ਹੈ। ਅੰਤਰਰਾਸ਼ਟਰੀ ਕੰਪਨੀਆਂ ਲਈ ਢੁਕਵਾਂ ਕਾਨੂੰਨੀ, ਵਿੱਤੀ ਅਤੇ ਤਕਨਾਲੋਜੀ ਨਿਯਮਨ ਦਾ ਨਿਜ਼ਾਮ ਤਾਂ ਕਿ ਇਨ੍ਹਾਂ ਤਕਨਾਲੋਜੀਆਂ ਦੀ ਭਾਰਤ ਵਿਚ ਵਰਤੋਂ ਕੀਤੀ ਜਾ ਸਕੇ। ਤਾਂ ਕਿ ਅਸੀਂ ਸਦੀਆਂ ਪੁਰਾਣੇ 'ਵਾਧੂ' ਪ੍ਰਣਾਲੀ ਵਾਲੇ ਢੰਗ ਤੋਂ ਆਧੁਨਿਕ ਫੈਕਟਰੀ ਉਤਪਾਦਨ ਪ੍ਰਣਾਲੀ ਵਲ ਜਾਣ ਲਈ ਮਕਾਨ ਉਸਾਰੀ ਪ੍ਰਣਾਲੀ ਵਿਚ ਮਿਸਾਲੀ ਬਦਲਾਅ ਹਾਸਲ ਕਰ ਸਕੀਏ। ਸ਼ਹਿਰੀ ਵਿਕਾਸ ਮੰਤਰਾਲਾ ਅਤੇ ਐੱਮ ਓ ਐੱਚ ਯੂ ਪੀ ਏ ਦੋਵਾਂ ਨੂੰ ਕਦਮ ਉਠਾਉਣੇ ਪੈਣਗੇ ਜੇ ਉਹ ਦੇਸ਼ ਵਿਚ ਮਕਾਨਾਂ ਦੇ ਸੰਕਟ ਨੂੰ ਹੱਲ ਕਰਨਾ ਚਾਹੁੰਦੇ ਹਨ।

ਅਖੀਰ ਵਿਚ, ਇਹ ਸਾਰੀ ਅੰਕੜਿਆਂ ਦੀ ਖੇਡ ਹੈ। ਸਾਨੂੰ ਬਹੁਤ ਸਾਰੇ ਕਦਮ ਚੁਕਣੇ ਪੈਣਗੇ ਜਿਸ ਨਾਲ ਭਾਰਤ ਵਿਚ ਵੀ ਮਕਾਨਾਂ ਦਾ ਇਨਕਲਾਬ ਵਾਪਰ ਸਕੇ। ਪਹਿਲਾਂ, ਸਾਨੂੰ ਪੂਰਤੀ ਦੀ ਲੋੜ ਹੈ ਅਤੇ ਇਹ ਤਾਂ ਹੀ ਹੋਵੇਗਾ ਜੇ ਤੇਜ਼ੀ ਨਾਲ ਉਸਾਰੀ ਹੋਵੇਗੀ। ਅਜਿਹਾ ਸੰਭਵ ਹੋਣ ਲਈ ਆਧੁਨਿਕ ਨਿਰਮਾਣ ਤਕਨਾਲੋਜੀਆਂ ਮੌਜੂਦ ਹਨ। ਪਹਿਲਾਂ ਤੋਂ ਬਣੀਆਂ ਉਸਾਰੀ ਤਕਨਾਲੋਜੀਆਂ ਵਿਚ ਪਿਛਲੇ ਸਮੇਂ ਅੰਦਰ ਵਿਸ਼ਾਲ ਤਰੱਕੀ ਹੋਈ ਹੈ। ਬਹੁਤ ਸਾਰੀਆਂ ਕੰਪਨੀਆਂ ਭਾਰਤ ਵਿਚ ਇਨ੍ਹਾਂ ਤਕਨਾਲੋਜੀਆਂ ਨੂੰ ਵੇਚਣ ਦੇ ਯਤਨ ਕਰ ਰਹੀਆਂ ਹਨ। ਮਾੜੀ ਕਿਸਮਤ ਨੂੰ ਸਾਡੀਆਂ ਸਰਕਾਰਾਂ ਇਨ੍ਹਾਂ ਤੋਂ ਅਣਜਾਣ ਹਨ, ਲਾਗੂ ਕਰਨ ਦੀ ਤਾਂ ਗੱਲ ਹੀ ਭੁੱਲ ਜਾਉ। ਦੂਜਾ, ਪੂਰਤੀ ਸੰਭਵ ਬਣਾਉਣ ਲਈ ਸਾਨੂੰ ਜ਼ਮੀਨ ਚਾਹੀਦੀ ਹੈ, ਜੋ ਵਾਜਬ ਕੀਮਤ 'ਤੇ ਸਭ ਤੋਂ ਅਹਿਮ ਅੰਗ ਹੈ। ਇਥੇ ਹੀ ਸਰਕਾਰਾਂ ਨੂੰ ਸਬਸਿਡੀ ਦੇਣੀ ਪਵੇਗੀ। ਵਿਕਲਪਕ ਤੌਰ ਤੇ, ਸਰਕਾਰਾਂ ਨੂੰ ਜ਼ਮੀਨ ਸਾਂਝਾ ਕਰਨ ਦੇ ਉਸਾਰੂ ਮਾਡਲ ਬਣਾਉਣੇ ਪੈਣਗੇ ਅਤੇ ਹੋਰ ਜ਼ਿਆਦਾ ਜ਼ਮੀਨ ਨੂੰ ਸ਼ਹਿਰੀ ਵਿਕਾਸ ਹੇਠ ਲਿਆਉਣਾ ਪਵੇਗਾ। ਬਹੁਤ ਉੱਚ ਘਣਤਾ ਦੀ ਆਗਿਆ ਦੇਣੀ ਪਵੇਗੀ, ਕਿਉਂਕਿ ਵਰਤਮਾਨ ਵਿਚ ਸਾਡੀ ਘਣਤਾ ਬਹੁਤ ਘੱਟ ਹੈ ਅਤੇ ਸ਼ਹਿਰੀ ਜ਼ਮੀਨ ਦਾ ਢੁਕਵਾਂ ਇਸਤੇਮਾਲ ਨਹੀਂ ਹੋ ਰਿਹਾ। ਇਸ ਦਾ ਮੁੱਖ ਕਾਰਨ ਵੇਲਾ ਵਿਹਾਅ ਚੁੱਕੇ ਕਾਨੂੰਨ ਹਨ। ਤੀਜਾ, ਸਾਨੂੰ ਵਿੱਤੀ ਵਿਚੋਲਗਿਰੀ ਦੀ ਲੋੜ ਹੈ ਤਾਂ ਕਿ ਸਮੁੱਚਿਤਾ ਦਾ ਟੀਚਾ ਹਾਸਲ ਕੀਤਾ ਜਾ ਸਕੇ। ਜ਼ਿਆਦਾਤਰ ਮੱਧ ਵਰਗੀ ਅਤੇ ਘੱਟ ਆਮਦਨ ਵਾਲੀ ਵਸੋਂ, ਜੋ ਕਰਜ਼ਾ ਲੈਣ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ, ਨੂੰ ਨਵੇਂ ਤਰੀਕਿਆਂ ਸਹਿਤ ਅਪਣਾ ਕੇ ਨਾਲ ਤੋਰਨਾ ਪਵੇਗਾ ਜੋ ਕੁੱਝ ਲਘੂ-ਮਕਾਨ ਉਸਾਰੀ ਵਿੱਤੀ ਸੰਸਥਾਨਾਂ ਵਲੋਂ ਪਹਿਲਾਂ ਹੀ ਵਰਤੇ ਜਾ ਰਹੇ ਹਨ। ਇਨ੍ਹਾਂ ਰਣਨੀਤੀਆਂ ਨੂੰ ਅਪਣਾ ਕੇ, ਯਕੀਨਨ ਹੀ ਅਸੀਂ ਅਗਾਂਹ ਵਧ ਸਕਦੇ ਹਾਂ ਅਤੇ ਆਉਣ ਵਾਲੇ ਦਹਾਕਿਆਂ ਵਿਚ ਸੰਪੂਰਨ ਤੌਰ ਤੇ ਨਹੀਂ ਤਾਂ ਕਿਸੇ ਹੱਦ ਤਕ ਮੰਗ ਪੂਰੀ ਕਰ ਸਕਾਂਗੇ। ਅਖੀਰ ਵਿਚ, ਚੰਗੀ ਆਵਾਜਾਈ ਦੇ ਸਾਧਨ ਅਤੇ ਬੁਨਿਆਦੀ ਢਾਂਚਾ ਜਿਵੇਂ ਪਾਣੀ ਆਦਿ ਤੋਂ ਸੱਖਣੇ ਮਕਾਨ ਸਾਨੂੰ ਸਿਰਫ਼ ਭੂਤਾਂ ਦੇ ਸ਼ਹਿਰ ਹੀ ਦੇਣਗੇ।

ਮਕਾਨ ਉਸਾਰੀ ਇਕ ਆਰਥਿਕ ਸਰਗਰਮੀ ਹੈ ਜੋ 260 ਦੇ ਲਗਭਗ ਉਦਯੋਗਾਂ ਨਾਲ ਅੱਗੇ ਪਿੱਛੇ ਜੁੜੀ ਹੋਈ ਹੈ। ਕੁਸ਼ਲ ਰੁਜ਼ਗਾਰ ਜੋ ਇਹ ਹਰ ਹਾਲਤ ਵਿਚ ਮੁਹੱਈਆ ਕਰਵਾਏਗੀ, ਦੇ ਮੁਕਾਬਲੇ ਜ਼ਿਆਦਾਤਰ ਰੁਜ਼ਗਾਰ ਜੋ ਇਸ ਵਲੋਂ ਪੈਦਾ ਕੀਤਾ ਜਾਵੇਗਾ, ਉਹ ਅਰਧ-ਸਿੱਖਿਅਤ ਅਤੇ ਅਸਿੱਖਿਅਤ ਖੇਤਰਾਂ ਵਿਚ ਹੋਵੇਗਾ। ਪੇਂਡੂ ਬੇਰੁਜ਼ਗਾਰ, ਔਰਤ ਮਜ਼ਦੂਰ, ਮੌਸਮੀ ਅਤੇ ਹਾਸ਼ੀਏ 'ਤੇ ਪਏ ਕਾਮਿਆਂ ਨੂੰ ਸਾਲ ਦੇ ਵੱਡੇ ਹਿੱਸੇ ਲਈ ਲਾਭਕਾਰੀ ਰੁਜ਼ਗਾਰ ਮਿਲ ਸਕੇਗਾ। ਮਕਾਨ ਉਸਾਰੀ ਵਿਕਾਸ ਲਈ ਉੱਚੀ ਦਰ ਪ੍ਰਾਪਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਮਕਾਨ ਉਸਾਰੀ ਖੇਤਰ ਵਲ ਵਧੇਰੇ ਜ਼ੋਰ ਦੇਣਾ ਹੈ। ਜਦੋਂ ਤਕ

***ਬਾਕੀ ਸਫ਼ਾ 17 ਉੱਤੇ***

# ਸਮਾਰਟ ਸ਼ਹਿਰਾਂ ਦੀ ਕਲਪਨਾ

ਏ.ਕੇ. ਜੈਨ

*"ਮੈਂ ਨੂੰ ਵਿਸ਼ਵਾਸ ਹੈ ਕਿ ਆਈ.ਟੀ.+ ਆਈ.ਟੀ.= ਆਈ.ਟੀ. ਜਿਸ ਦਾ ਮਤਲਬ ਹੈ ਕਿ ਭਾਰਤੀ ਯੋਗਤਾ ਅਤੇ ਸੂਚਨਾ ਤਕਨਾਲੋਜੀ ਮਿਲ ਕੇ ਕੱਲ੍ਹ ਦਾ ਭਾਰਤ ਹਨ। ਇਹ ਮੇਰਾ ਪੱਕਾ ਵਿਸ਼ਵਾਸ ਹੈ ਕਿ ਸੂਚਨਾ ਤਕਨਾਲੋਜੀ ਦੀ ਮਦਦ ਨਾਲ ਸਾਡੀ ਯੋਗਤਾ ਭਾਰਤ ਦਾ ਭਵਿੱਖ ਬਣਾਵੇਗੀ।"*

*- ਪ੍ਰਧਾਨ ਮੰਤਰੀ, ਨਰੇਂਦਰ ਮੋਦੀ*

ਭਾਰਤ ਬਹੁਤ ਵੱਡੇ ਪੈਮਾਨੇ 'ਤੇ ਸ਼ਹਿਰੀਕਰਨ ਵੱਲ ਵਧ ਰਿਹਾ ਹੈ। ਭਾਰਤ ਦੀ ਅੱਜ ਦੀ 37 ਕਰੋੜ 70 ਲੱਖ ਦੀ ਸ਼ਹਿਰੀ ਆਬਾਦੀ ਜੋ 7936 ਸ਼ਹਿਰਾਂ ਅਤੇ ਕਸਬਿਆਂ ਵਿਚ ਰਹਿ ਰਹੀ ਹੈ, 2030 ਤਕ ਵਧ ਕੇ ਸ਼ਹਿਰੀ ਖੇਤਰ ਦੀ ਆਬਾਦੀ 60 ਕਰੋੜ ਹੋ ਜਾਵੇਗੀ ਅਤੇ ਭਾਰਤ ਦੇ 78 ਸ਼ਹਿਰ, 10 ਲੱਖ ਤੋਂ ਵੱਧ ਆਬਾਦੀ ਵਾਲੇ ਵੱਡੇ ਸ਼ਹਿਰਾਂ ਦੀ ਗਿਣਤੀ ਵਿਚ ਆ ਜਾਣਗੇ। ਭਾਵੇਂ ਸ਼ਹਿਰ ਕੁੱਲ ਘਰੇਲੂ ਉਤਪਾਦ ਦਾ 60 ਪ੍ਰਤਿਸ਼ਤ ਅਤੇ ਨੌਕਰੀਆਂ ਦਾ 70 ਪ੍ਰਤਿਸ਼ਤ ਹਿੱਸਾ ਪੈਦਾ ਕਰਦੇ ਹਨ ਪਰ ਫਿਰ ਵੀ ਮਕਾਨ ਅਤੇ ਬੁਨਿਆਦੀ ਢਾਂਚਾ ਸੇਵਾਵਾਂ ਬੇਹੱਦ ਘਟੀਆ ਹਨ ਜਿਸ ਨਾਲ ਪਾਇਦਾਰੀ ਅਤੇ ਅਰਥਵਿਵਸਥਾ ਉਪਰ ਮਾੜਾ ਅਸਰ ਪੈਂਦਾ ਹੈ। ਸਾਡੇ ਸ਼ਹਿਰਾਂ ਦਾ ਬੇਤਰਤੀਬਾ ਵਿਕਾਸ, ਉਨ੍ਹਾਂ ਉਪਰ ਬੱਧਾ ਹੋਇਆ ਹੈ।

ਇਸ ਸਚਾਈ ਦੇ ਚਲਦਿਆਂ ਕਿ ਹਾਲੇ ਵੀ ਬਹੁਤ ਸਾਰੇ ਭਾਰਤੀ ਸ਼ਹਿਰਾਂ ਵਿਚ ਘੋਰ ਗਰੀਬੀ ਹੈ, ਉਹ ਉਤਪਾਦਕਤਾ ਅਤੇ ਧਨ ਸੰਪਤੀ ਪੈਦਾ ਕਰਨ ਦੇ ਸਾਧਨ ਹਨ। ਸ਼ਹਿਰੀਕਰਨ ਅਤੇ ਮਕਾਨ ਉਸਾਰੀ, ਸੇਵਾਵਾਂ, ਉਪਯੋਗਤਾਵਾਂ ਅਤੇ ਤਕਨਾਲੋਜੀ ਨਾਲ ਪੈਦਾ ਧਨ ਸੰਪਤੀ ਨਾਲ ਲੋਕਾਂ ਦੇ ਜੀਵਨ ਪੱਧਰ ਵਿਚ ਸੁਧਾਰ ਹੁੰਦਾ ਹੈ। ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਸਾਲ 2031 ਤਕ ਕੁੱਲ ਘਰੇਲੂ ਉਤਪਾਦਨ ਦਾ 70 ਪ੍ਰਤਿਸ਼ਤ ਹਿੱਸਾ ਅਤੇ 70 ਪ੍ਰਤਿਸ਼ਤ ਨਵੀਆਂ ਨੌਕਰੀਆਂ ਸ਼ਹਿਰਾਂ ਤੋਂ ਆਉਣਗੀਆਂ।

## ਸਮਾਰਟ ਸਿਟੀ ਮਿਸ਼ਨ

ਸਮਾਰਟ ਸਿਟੀ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਨੇ 25 ਜੂਨ 2015 ਨੂੰ ਕੀਤੀ। ਸਮਾਰਟ ਸਿਟੀ ਦਾ ਉਦੇਸ਼ ਹੈ, ਸਥਾਨਕ ਖੇਤਰੀ ਵਿਕਾਸ ਰਾਹੀਂ ਅਤੇ ਤਕਨਾਲੋਜੀ ਦੀ ਵਰਤੋਂ ਕਰ ਕੇ ਜਿਸ ਨਾਲ ਸੁੰਦਰ ਨਤੀਜੇ ਮਿਲ ਸਕਣ, ਲੋਕਾਂ ਦੇ ਜੀਵਨ ਪੱਧਰ ਵਿਚ ਸੁਧਾਰ ਕਰਨਾ ਅਤੇ ਆਰਥਿਕ ਵਿਕਾਸ ਹਾਸਲ ਕਰਨਾ। ਸ਼ਹਿਰੀ ਵਿਕਾਸ ਮੰਤਰਾਲੇ ਵਲੋਂ ਸ਼ੁਰੂ ਕੀਤੇ ਗਏ ਸਮਾਰਟ ਸਿਟੀ ਮਿਸ਼ਨ ਦਾ ਉਦੇਸ਼ ਅਜਿਹੇ ਸ਼ਹਿਰ ਬਣਾਉਣਾ ਹੈ ਜਿਨ੍ਹਾਂ ਵਿਚ ਬੁਨਿਆਦੀ ਢਾਂਚਾ ਉਪਲਬਧ ਹੋਵੇ ਅਤੇ ਜੋ ਉਥੇ ਵਸਦੇ ਨਾਗਰਿਕਾਂ ਲਈ ਇਕ ਵਧੀਆ ਜੀਵਨ, ਸਵੱਛਤਾ ਅਤੇ ਪਾਇਦਾਰ ਵਾਤਾਵਰਨ ਤੇ ਸਮਾਵੇਸ਼ੀ ਵਿਕਾਸ ਲਈ ਸੁੰਦਰ ਹੱਲ ਲਾਗੂ ਕਰੇ। ਸਮਾਰਟ ਸਿਟੀ ਮਿਸ਼ਨ ਦੇ ਅਭਿੰਨ ਅੰਗ ਹਨ, ਸ਼ਹਿਰੀ ਵਿਕਾਸ (ਪਿਛੋਕੜ ਵਿਕਾਸ), ਸ਼ਹਿਰੀ ਪੁਨਰ ਉਸਾਰੀ (ਮੁੜ ਵਿਕਾਸ) ਅਤੇ ਸ਼ਹਿਰੀ ਵਿਸਥਾਰ (ਹਰਿਆ ਭਰਿਆ ਵਿਕਾਸ) ਜਿਨ੍ਹਾਂ ਦੇ ਨਾਲ-ਨਾਲ ਇਕ ਸਰਬ ਸ਼ਹਿਰੀ ਪਹਿਲ ਜਿਸ ਵਿਚ ਸਮੁੱਚੇ ਸ਼ਹਿਰ ਵਿਚ ਚੁਸਤ ਹੱਲ ਲਾਗੂ ਕੀਤੇ ਜਾਣ।

| ਤਾਲਿਕਾ-1 : ਭਾਰਤ ਦੀ ਸ਼ਹਿਰੀ ਪ੍ਰਪੇਖ ਪਥ | | |
|---|---|---|
| ਸਾਲ | 2011 | 2031 |
| ਆਬਾਦੀ | 121 ਕਰੋੜ | 144 ਕਰੋੜ |
| ਸ਼ਹਿਰੀ ਆਬਾਦੀ | 37 ਕਰੋੜ 70 ਲੱਖ | 60 ਕਰੋੜ |
| ਸ਼ਹਿਰ ਅਤੇ ਕਸਬੇ | 7936 | - |
| ਦਸ ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰ | 53 | 78 |
| ਮਕਾਨਾਂ ਦੀ ਕਮੀ | 1,87,60,000 | 3-4 ਕਰੋੜ |
| ਝੁੱਗੀ-ਝੌਂਪੜੀ ਆਬਾਦੀ | 9 ਕਰੋੜ 50 ਲੱਖ | 15-20 ਕਰੋੜ |

*ਸਰੋਤ : ਭਾਰਤ ਦੀ ਮਰਦਮਸ਼ੁਮਾਰੀ, 2011 ਤੇ ਮੈਕਿੰਸੇ ਰਿਪੋਰਟ, 2010*

- ਪਿਛੋਕੜ ਵਿਕਾਸ ਵਿਚ ਸ਼ਾਮਿਲ ਹੈ ਪਹਿਲਾਂ ਤੋਂ ਉਸਾਰੇ ਹੋਏ ਸ਼ਹਿਰ ਨੂੰ ਸੁੰਦਰ, ਕੁਸ਼ਲ ਅਤੇ ਰਹਿਣ ਕਾਬਲ ਬਣਾਉਣਾ। ਇਸ ਲਈ, ਸ਼ਹਿਰ ਵਿਚ ਨਾਗਰਿਕਾਂ ਨਾਲ ਸਲਾਹ-ਮਸ਼ਵਰੇ ਅਨੁਸਾਰ 500 ਏਕੜ ਤੋਂ ਵੱਧ ਖੇਤਰਫਲ ਜਗ੍ਹਾ ਦੀ ਚੋਣ ਕੀਤੀ ਜਾਵੇਗੀ।

- ਮੁੜ ਵਿਕਾਸ ਦਾ ਅਰਥ ਹੈ ਖਰਾਬ ਵਾਤਾਵਰਨ ਨੂੰ ਬਦਲ ਕੇ ਮਿਸ਼ਰਤ ਭੂਮੀ ਵਰਤੋਂ ਵਾਲਾ ਵਧੇਰੇ ਉਪਯੋਗੀ ਬੁਨਿਆਦੀ ਢਾਂਚਾ ਅਤੇ ਘਣੀ ਵਸੋਂ ਲਈ ਨਵਾਂ ਖ਼ਾਕਾ ਤਿਆਰ ਕਰਨਾ। ਮੁੜ ਵਿਕਾਸ ਲਈ 50 ਏਕੜ ਤੋਂ ਵੱਧ ਖੇਤਰ ਦੀ ਨਾਗਰਿਕਾਂ ਦੀ ਮਦਦ ਨਾਲ ਸ਼ਹਿਰੀ ਸਥਾਨਕ ਅਥਾਰਿਟੀ ਵਲੋਂ ਪਛਾਣ ਕੀਤੀ ਜਾਂਦੀ ਹੈ।

ਹਰੇ-ਭਰੇ ਵਿਕਾਸ ਤਹਿਤ ਖਾਲੀ ਜਗ੍ਹਾ ਵਿਚ (250 ਏਕੜ ਤੋਂ ਵੱਧ) ਨਵੀਨ ਯੋਜਨਾਬੰਦੀ, ਵਿੱਤ ਅਤੇ ਲਾਗੂਕਰਨ ਦੇ ਸਾਧਨ (ਜਿਵੇਂ ਕਿ ਭੂਮੀ ਸੰਗ੍ਰਿਹਣ/ਭੂਮੀ ਪੁਨਰ ਸੰਗਠਨ) ਜਿਸ ਵਿਚ ਪੁੱਜਤ ਵਾਲੀ ਮਕਾਨ ਉਸਾਰੀ, ਖ਼ਾਸ ਤੌਰ ਤੇ ਗਰੀਬਾਂ ਲਈ ਅਤੇ ਵਧ ਰਹੀ ਜਨਸੰਖਿਆ ਦੀਆਂ ਲੋੜਾਂ ਦੀ ਪੂਰਤੀ ਕਰਨ ਦੀ ਵਿਵਸਥਾ ਹੋਵੇ।

ਸਰਬ ਸ਼ਹਿਰੀ ਵਿਕਾਸ ਦਾ ਅਰਥ ਹੈ ਪਹਿਲਾਂ ਤੋਂ ਮੌਜੂਦ ਬੁਨਿਆਦੀ ਢਾਂਚੇ ਉਪਰ ਤਕਨਾਲੋਜੀ, ਸੂਚਨਾ ਅਤੇ ਅੰਕੜੇ ਵਰਤੋਂ ਵਿਚ ਲਿਆ ਕੇ ਬੁਨਿਆਦੀ ਢਾਂਚਾ ਸੇਵਾਵਾਂ ਨੂੰ ਚੁਸਤ ਹੱਲਾਂ ਨਾਲ ਹੋਰ ਬੇਹਤਰ ਬਣਾਉਣਾ। ਉਦਾਹਰਣ

ਵਜੋਂ, ਟਰਾਂਸਪੋਰਟ ਦੇ ਖੇਤਰ ਵਿਚ ਚੰਗੇਰਾ ਹੱਲ ਲਾਗੂ ਕਰਨ (ਵਧੀਆ ਟਰੈਫਿਕ ਪ੍ਰਬੰਧਨ ਪ੍ਰਣਾਲੀ) ਅਤੇ ਇਕ ਸਥਾਨ ਤੋਂ ਦੂਸਰੇ ਸਥਾਨ 'ਤੇ ਜਾਣ ਵਿਚ ਲੱਗਣ ਵਾਲੇ ਔਸਤ ਸਮੇਂ ਵਿਚ ਕਮੀ ਲਿਆਉਣ ਨਾਲ ਆਮ ਨਾਗਰਿਕਾਂ ਦੇ ਖਰਚੇ ਵਿਚ ਕਮੀ ਆ ਸਕੇਗੀ ਅਤੇ ਇਸ ਨਾਲ ਉਨ੍ਹਾਂ ਦੀ ਉਪਜਾਇਕਤਾ ਅਤੇ ਜੀਵਨ ਪੱਧਰ ਉਪਰ ਚੰਗਾ ਅਸਰ ਪਵੇਗਾ। ਇਸ ਕਿਸਮ ਦੇ ਹੋਰ ਉਦਾਹਰਣ ਹੋ ਸਕਦੇ ਹਨ, ਵਰਤੋਂ ਵਿਚ ਆਏ ਪਾਣੀ ਨੂੰ ਸਾਫ਼ ਕਰਕੇ ਉਸ ਦੀ ਮੁੜ ਵਰਤੋਂ ਅਤੇ ਸ਼ਹਿਰਾਂ ਵਿਚ ਸਮਾਰਟ ਮੀਟਰ ਲਗਾਉਣੇ ਅਤੇ ਪਾਣੀ ਦੀ ਵਧੇਰੇ ਸੁਚੱਜੀ ਵਰਤੋਂ ਕਰਨਾ ਆਦਿ।

ਵਧੀਆ ਹੱਲ ਸ਼ਹਿਰਾਂ ਨੂੰ ਵਿਕਾਸ ਦੇ ਇੰਜਨ ਬੁਲਾਉਂਦੇ ਹਨ। ਜੋ ਸ਼ਹਿਰ ਯੋਜਨਾਬਧ ਤਰੀਕੇ ਉਸਾਰੇ ਜਾਂਦੇ ਹਨ ਅਤੇ ਉਨ੍ਹਾਂ ਵਿਚ ਸੇਵਾਵਾਂ ਦਿਤੀਆਂ ਜਾਂਦੀਆਂ ਹਨ, ਪਾਇਦਾਰ ਅਤੇ ਵਧੀਆ ਹੁੰਦੇ ਹਨ ਅਤੇ ਉਹ ਵਧੇਰੇ ਆਵਾਜਾਈ ਦੇ ਸਾਧਨਾਂ ਵਾਲੇ, ਸਵੈਚਾਲਿਤ ਅਤੇ ਉੱਚ ਕੋਟੀ ਦੀਆਂ ਸੇਵਾਵਾਂ ਰਾਹੀਂ ਜੁੜੇ ਹੋਣਗੇ ਅਤੇ ਭਵਨ ਉਸਾਰੀ ਵੀ ਉੱਚੇ ਦਰਜੇ ਦੀ ਹੋਵੇਗੀ। ਮਿਆਰੀਕਰਨ, ਸਵੈਚਲਨ, ਸੇਵਾਵਾਂ ਆਪਸੀ ਤਾਲਮੇਲ ਵਾਲੀ ਸੁਚੱਜੀ ਪ੍ਰਣਾਲੀ, ਆਵਾਜਾਈ ਦੇ ਵਸੀਲੇ, ਸੂਚਨਾ ਤਕਨਾਲੋਜੀ, ਊਰਜਾ ਬਚਤ, ਜੈਵਿਕ ਨਿਯੰਤ੍ਰਣ, ਨਵਾਂ ਰੂਪ, ਸਵੈਚਾਲਿਤ ਆਵਾਜਾਈ ਸਿਗਨਲ, ਮੁੜ ਬਹਾਲੀ ਊਰਜਾ, ਸੂਰਜੀ ਮਾਨਚਿਤਰ, ਸਟੀਰੀਓ ਲਿਥੋਗਰਾਫੀ ਅਤੇ ਨੈਨੋ ਤਕਨਾਲੋਜੀ ਸਮਾਰਟ ਸਿਟੀ ਦੀਆਂ ਨਿਸ਼ਾਨੀਆਂ ਹਨ। ਇਹ ਇਕ ਨਵੇਂ ਕਿਸਮ ਦੇ ਨਮੂਨੇ ਅਤੇ ਪਰਸਥਿਤੀ ਵਿਗਿਆਨ ਅਤੇ ਮਨੁੱਖੀ ਕਾਰਗੁਜ਼ਾਰੀਆਂ ਦੀ ਸਹਿਜੀਵਤਾ ਦਾ ਪ੍ਰਗਟਾਵਾ ਹੈ।

## ਸ਼ਹਿਰਾਂ ਨੂੰ ਫੱਬਵਾਂ ਬਣਾਉਣਾ

ਸ਼ਹਿਰ ਇਕ ਗੁੰਝਲਦਾਰ ਪ੍ਰਣਾਲੀ ਹੈ ਜਿਸ ਵਿਚ ਬਹੁ ਏਜੰਸੀਆਂ, ਵਿਭਾਗ ਅਤੇ ਸੰਸਥਾਨ ਕੰਮ ਕਰਦੇ ਹਨ। ਇਹ ਇੰਨੇ ਸਮੱਸਿਆ ਭਰਪੂਰ ਹੋ ਗਏ ਹਨ ਕਿ ਰਵਾਇਤੀ ਤਰੀਕੇ ਨਾਲ ਇਨ੍ਹਾਂ ਨੂੰ ਚਲਾਉਣਾ ਔਖਾ ਹੋ ਗਿਆ ਹੈ। ਨਵੇਂ ਤਰੀਕੇ, ਕ੍ਰਮਬਧ ਤਬਦੀਲੀਆਂ ਅਤੇ ਤਕਨਾਲੋਜੀ, ਉਨ੍ਹਾਂ ਦੀ ਕਾਬਲੀਅਤ, ਸੇਵਾਵਾਂ ਅਤੇ ਕੰਮ ਕਾਜ ਦੇ ਤਰੀਕੇ ਚੰਗੇ ਬਣਾ ਸਕਦੇ ਹਨ। ਸ਼ਹਿਰੀ ਸੇਵਾਵਾਂ ਅਤੇ ਪ੍ਰਬੰਧਨ ਵਿਚ ਸੂਚਨਾ ਤਕਨਾਲੋਜੀ ਲਾਗੂ ਕਰਨ ਨਾਲ ਸ਼ਹਿਰੀ ਚੁਣੌਤੀਆਂ ਦੇ ਚੰਗੇ ਹੱਲ ਲੱਭੇ ਜਾ ਸਕਦੇ ਹਨ ਅਤੇ ਲੋਕਾਂ ਦੇ ਜੀਵਨ ਨੂੰ ਹੋਰ ਆਰਾਮਦਾਇਕ, ਪਾਇਦਾਰ ਅਤੇ ਸਿਹਤਮੰਦ ਬਣਾਇਆ ਜਾ ਸਕਦਾ ਹੈ।

**ਸਮਾਰਟ ਸਿਟੀ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਨਵੇਂ-ਨਵੇਂ ਤਰੀਕੇ ਲੱਭਣ, ਸਿੱਖਿਆ, ਗਿਆਨ ਤੇ ਖੋਜੀ ਸੋਚ ਵਿਚ ਵਾਧਾ ਕਰਨ ਦੇ ਨਾਲ-ਨਾਲ ਉਥੋਂ ਦੇ ਅਰਥਤੰਤਰ ਅਤੇ ਉਪਜਾਇਕਤਾ ਵਿਚ ਵਾਧਾ ਕਰਦੀ ਹੈ। ਸਮਾਰਟ ਸਿਟੀ ਤਕਨਾਲੋਜੀ ਅਤੇ ਸਵੈਚਾਲਨ ਦੀ ਸਮਝਦਾਰੀ ਨਾਲ ਅਤੇ ਵਿਆਪਕ ਤਰੀਕੇ ਵਰਤੋਂ ਕਰਕੇ ਬੇਹਤਰ ਨਾਗਰਿਕ ਸੇਵਾਵਾਂ ਦਿੰਦੇ ਹਨ, ਊਰਜਾ ਪ੍ਰਬੰਧਨ ਲਈ ਗਰਿਡ ਵਰਤੋਂ ਦਾ ਸੁਚੱਜਾ ਹੱਲ ਦਿੰਦੇ ਹਨ, ਕੁਸ਼ਲ ਟਰਾਂਸਪੋਰਟ ਸਿਸਟਮ ਕਾਇਮ ਕਰਦੇ ਹਨ ਅਤੇ ਮੁਸ਼ਕਿਲ ਅਤੇ ਹੰਗਾਮੀ ਹਾਲਾਤ ਵਿਚ ਟਰੈਫਿਕ ਜਾਮ ਰੋਕਣ ਅਤੇ ਭੀੜ ਘਟਾਉਣ ਦਾ ਕੰਮ ਕਰਦੇ ਹਨ।**

ਡਿਜ਼ੀਟਲ ਬੁਨਿਆਦੀ ਢਾਂਚਾ, ਜੋ ਸਰਕਾਰ ਵਲੋਂ ਵਧੇਰੇ ਸੁਚੱਜੀਆਂ ਸੇਵਾਵਾਂ ਦੇਣ, ਘੱਟ ਕਾਰਬਨਡਾਈਆਕਸਾਈਡ ਪੈਦਾ ਹੋਣ ਦੇਣ, ਆਪਣੇ ਨਾਗਰਿਕਾਂ ਲਈ ਚੰਗਾ ਵਾਤਾਵਰਨ ਬਣਾ ਕੇ ਰੱਖਣ ਅਤੇ ਉੱਤਮ ਕਿਸਮ ਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦੀ ਵਰਤੋਂ ਨਾਲ ਸ਼ਹਿਰੀ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਦੇ ਜੀਵਨ ਵਿਚ ਸੁਧਾਰ ਲਿਆਉਣ ਵਿਚ ਮਦਦ ਕਰਦਾ ਹੈ। ਇਸ ਵਿਚ ਕ੍ਰਾਂਤੀ ਆਉਣ ਨਾਲ ਪੁਲਾੜ, ਊਰਜਾ ਅਤੇ ਸਮੇਂ ਵਿਚ ਕਈ ਗੁਣਾ ਵਾਧਾ ਹੋਇਆ ਹੈ। ਸ਼ਹਿਰੀ ਸੇਵਾਵਾਂ ਵਿਚ ਮਾਈਕ੍ਰੋਚਿੱਪ, ਮਾਈਕਰੋ ਕੰਪਿਊਟਰ, ਮਾਈਕਰੋਵੇਵਜ਼, ਨੈਨੋ ਤਕਨਾਲੋਜੀ ਆਦਿ ਦੀ ਵਰਤੋਂ ਨਾਲ ਇਕ ਕ੍ਰਾਂਤੀ ਲਿਆਂਦੀ ਜਾ ਸਕਦੀ ਹੈ। ਊਰਜਾ ਦੀਆਂ ਨਵੀਆਂ ਕਿਸਮਾਂ, ਊਰਜਾ ਦੀ ਮੁੜ ਸੁਰਜੀਤੀ ਅਤੇ ਮੁੜ ਵਰਤੋਂ ਸ਼ਹਿਰੀ ਸੇਵਾਵਾਂ ਦੀਆਂ ਮੁੱਖ ਧਾਰਨਾਵਾਂ ਹਨ। ਸਮਾਜ, ਸਾਈਬਰ-ਸਪੇਸ, ਈ-ਟੋਪੀਆ ਆਦਿ ਦਾ ਨੈੱਟਵਰਕ, ਜਾਣੀਆਂ-ਪਛਾਣੀਆਂ ਧਾਰਨਾਵਾਂ ਜਿਵੇਂ ਕਿ ਅੰਦਰ-ਬਾਹਰ, ਨਿੱਜੀ-ਜਨਤਕ, ਇਥੇ-ਉਥੇ, ਸ਼ਹਿਰ-ਦੇਸ਼ ਅਤੇ ਪਿਛਲੇ ਕੱਲ੍ਹ ਅਤੇ ਆਉਣ ਵਾਲੇ ਕੱਲ੍ਹ ਨੂੰ ਬਦਲ ਰਿਹਾ ਹੈ। ਪੁਲਾੜ ਅਤੇ ਸਥਾਨ ਦੀ ਦੁਨੀਆਂ ਵਿਚ ਹੁਣ ਸੂਚਨਾ ਦੀ ਆਨਲਾਈਨ ਅਦਾਲਾ-ਬਦਲੀ, ਗੱਲਬਾਤ, ਗਤੀਸ਼ੀਲ ਨੈੱਟਵਰਕ ਅਤੇ ਖਲਾਅ ਵਿਚ ਚਲਦੇ ਫਿਰਦੇ ਤੇ ਨੋਡ ਆਦਿ ਦਾ ਬੋਲਬਾਲਾ ਹੋ ਗਿਆ ਹੈ।

## ਸੂਚਨਾ ਤੇ ਸੰਚਾਰ ਤਕਨਾਲੋਜੀ ਨਾਲ ਸੰਬੰਧਿਤ ਬੁਨਿਆਦੀ ਢਾਂਚਾ ਸੇਵਾਵਾਂ

ਸਮਾਰਟ ਸਿਟੀ ਬੁਨਿਆਦੀ ਢਾਂਚਾ ਸੇਵਾਵਾਂ ਜਿਵੇਂ ਕਿ ਪਾਣੀ, ਸਾਫ਼-ਸਫ਼ਾਈ, ਪਾਣੀ ਨਿਕਾਸੀ, ਠੋਸ ਕੂੜੇ ਦਾ ਪ੍ਰਬੰਧਨ, ਗੰਦੇ ਪਾਣੀ ਦੀ ਨਿਕਾਸੀ, ਊਰਜਾ ਅਤੇ ਆਵਾਜਾਈ ਦੇ ਸਾਧਨ ਚੁਸਤ ਅਤੇ ਸੁਚੱਜੇ ਨੈੱਟਵਰਕ ਰਾਹੀਂ ਉਪਲਬਧ ਕਰਾਉਂਦਾ ਹੈ। ਸਮਾਰਟ ਸਿਟੀ, ਸਾਈਬਰ ਭੌਤਿਕੀ ਪ੍ਰਣਾਲੀ ਰਾਹੀਂ ਨਵੀਨਤਮ ਕੰਪਿਊਟਰ ਢਾਂਚੇ ਉਪਰ ਅਤੇ ਨਵੀਆਂ-ਨਵੀਆਂ ਖੋਜਾਂ ਦੀ ਮਦਦ ਉਪਰ ਜ਼ੋਰ ਦਿੰਦਾ ਹੈ। ਕਿਉਂਕਿ ਕਿਸੇ ਵੀ ਸ਼ਹਿਰ ਵਿਚ ਬੇਸ਼ੁਮਾਰ ਇਮਾਰਤਾਂ ਹੁੰਦੀਆਂ ਹਨ, ਇਸ ਲਈ ਉਨ੍ਹਾਂ ਦਾ ਵੀ ਵਧੀਆ ਅਤੇ ਵਾਤਾਵਰਨ ਅਨੁਕੂਲ ਹੋਣਾ ਚਾਹੀਦਾ ਹੈ। ਨਵੀਆਂ ਖੋਜਾਂ ਅਤੇ ਚਾਲੂ ਓਪਰੇਸ਼ਨਾਂ ਦੇ ਨਵੀਨੀਕਰਨ ਨਾਲ ਊਰਜਾ ਖਪਤ ਨੂੰ ਘੱਟ ਕਰਨਾ ਸੰਭਵ ਹੋ ਸਕਦਾ ਹੈ। ਮੁੱਖ ਪ੍ਰਣਾਲੀਆਂ ਨੂੰ ਇਕ ਸਾਂਝੇ ਨੈੱਟਵਰਕ ਨਾਲ ਜੋੜਨ ਨਾਲ ਵਰਤੋਂ ਅਤੇ ਸਥਾਨ ਕਿਫਾਇਤ ਨੂੰ ਆਸ਼ਾਵਾਦੀ ਕੀਤਾ ਜਾ ਸਕਦਾ ਹੈ ਅਤੇ ਗ਼ੈਰ ਵਰਤੋਂ ਜਾਂ ਘੱਟ ਵਰਤੋਂ ਵਾਲੇ ਸਥਾਨ ਹਟਾਏ ਜਾ ਸਕਦੇ ਹਨ।

ਸੂਚਨਾ ਅਤੇ ਸੰਚਾਰ ਤਕਨਾਲੋਜੀ ਲੋਕਾਂ ਦੀ ਸ਼ਮੂਲੀਅਤ ਹਾਸਲ ਕਰਨ, ਚੰਗੇ ਪ੍ਰਸ਼ਾਸਨ ਅਤੇ ਸਥਾਨਕ ਵਿਕਾਸ ਦੀਆਂ ਯੋਜਨਾਵਾਂ ਅਤੇ ਪ੍ਰੋਗਰਾਮਾਂ ਵਿਚ ਆਨਲਾਈਨ ਵਿਚਾਰ-ਵਟਾਂਦਰਾ ਕਰਨ ਵਿਚ ਮਦਦ ਕਰਦੀ ਹੈ। ਸਮਾਰਟ ਸਿਟੀ ਦੀ ਧਾਰਨਾ ਵਿਚ ਹੇਠ ਲਿਖੇ ਸ਼ਾਮਿਲ ਹਨ :

***ਸਮਾਰਟ ਊਰਜਾ :*** ਸ਼ਹਿਰਾਂ ਵਿਚ ਊਰਜਾ ਮੰਗ ਬਹੁਤ ਤੇਜ਼ੀ ਨਾਲ ਵਧ ਰਹੀ ਹੈ ਜਿਸ ਦਾ ਉਤਪਾਦਨ ਕਾਰਬਨ ਪੈਦਾ ਕਰਨ ਦੇ ਇਕ ਚੌਥਾਈ ਹਿੱਸੇ ਲਈ ਜ਼ਿੰਮੇਵਾਰ ਹੈ। ਊਰਜਾ ਦੀ ਮੰਗ ਘੱਟ ਕਰਨ ਤੋਂ ਇਲਾਵਾ, ਊਰਜਾ ਪ੍ਰਣਾਲੀ ਨੂੰ ਵੀ ਸੁਚੱਜਾ ਅਤੇ ਪਾਇਦਾਰ ਹੋਣਾ ਜ਼ਰੂਰੀ ਹੈ। ਊਰਜਾ ਅਤੇ ਸਹੂਲਤਾਂ ਦੇਣ ਵਾਲੀਆਂ ਬਹੁਤੀਆਂ ਕੰਪਨੀਆਂ ਨੂੰ ਸਹੂਲਤਾਂ ਨੈੱਟਵਰਕ ਵਿਚ ਬਦਲਾਅ ਲਿਆ ਕੇ, ਊਰਜਾ ਉਤਪਾਦਨ ਵਿਚ ਸੁਧਾਰ ਕਰ ਕੇ ਅਤੇ ਗਾਹਕ ਸੇਵਾ ਓਪਰੇਸ਼ਨਾਂ ਨੂੰ ਸੁਚੱਜੇ

ਬਣਾ ਕੇ ਕਾਮਯਾਬੀ ਮਿਲ ਸਕਦੀ ਹੈ। ਉਹ ਗਰਿਡ ਦੀ ਸਮਰਥਾ ਵਧਾਉਣ ਅਤੇ ਉਪਭੋਗਤਾ ਵਲੋਂ ਸਮਾਰਟ ਮੀਟਰਾਂ, ਜੋੜਨ ਵਾਲੇ ਉਪਕਰਨਾਂ ਅਤੇ ਵੈੱਬ ਪੋਰਟਲਾਂ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਆਪਣੀ ਊਰਜਾ ਵਰਤੋਂ ਵਿਚ ਵਧੇਰੇ ਵਧ ਚੜ੍ਹ ਕੇ ਹਿੱਸਾ ਲੈਣ ਲਈ ਪੂੰਜੀ ਲਗਾ ਰਹੀਆਂ ਹਨ। ਇਹ ਸਹੂਲਤਾਂ ਦੇਣ ਵਾਲੀਆਂ ਕੰਪਨੀਆਂ ਅਜਿਹੀ ਤਕਨਾਲੋਜੀ ਲਗਾ ਰਹੀਆਂ ਹਨ ਜੋ ਗਰਿਡ ਦੀ ਸਮਰਥਾ ਵਿਚ ਸੁਧਾਰ ਲਿਆਉਂਦੀ ਹੈ, ਨਵਿਆਉਣਯੋਗ ਊਰਜਾ ਨੂੰ ਗਰਿਡ ਵਿਚ ਸ਼ਾਮਿਲ ਕਰਨ ਲਈ ਨਵੀਂ ਸਮਰਥਾ ਬਣਾ ਰਹੀਆਂ ਹਨ ਅਤੇ ਊਰਜਾ ਭੰਡਾਰਨ ਲਈ ਸਾਜ਼-ਸਾਮਾਨ ਬਣਾ ਰਹੀਆਂ ਹਨ ਤਾਂ ਕਿ ਇਹ ਲੋੜ ਵੇਲੇ ਵਰਤੋਂ ਵਿਚ ਲਿਆਂਦੀ ਜਾ ਸਕੇ। ਇਨ੍ਹਾਂ ਉਪਰਾਲਿਆਂ ਨਾਲ ਬਣੀ ਊਰਜਾ ਪ੍ਰਣਾਲੀ ਊਰਜਾ ਉਤਪਾਦਨ ਵਿਚ ਕਿਫ਼ਾਇਤ ਕਰੇਗੀ ਅਤੇ ਵਧੇਰੇ ਸਮਰਥਾ ਬਣਾਉਣ ਦੀ ਲੋੜ ਨੂੰ ਵੀ ਘਟਾਏਗੀ। ਇਸ ਨਾਲ ਸ਼ਿਕਾਇਤਾਂ ਨੂੰ ਤੇਜ਼ੀ ਨਾਲ ਸਮਝਣ, ਉਨ੍ਹਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਜਲਦੀ ਦੂਰ ਕਰਨ ਵਿਚ ਵੀ ਮਦਦ ਮਿਲੇਗੀ, ਉਪਭੋਗਤਾਵਾਂ ਦਾ ਸ਼ਕਤੀਕਰਨ ਹੋਵੇਗਾ ਅਤੇ ਨਵਿਆਉਣਯੋਗ ਊਰਜਾ ਸੋਰਤਾਂ ਅਤੇ ਬਿਜਲੀ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ ਨੂੰ ਜੋੜਨ ਵਿਚ ਵੀ ਮਦਦ ਮਿਲੇਗੀ। ਸਮਾਰਟ ਸਿਟੀ ਏਕੀਕ੍ਰਿਤ, ਮਾਪਦੰਡ ਯੋਗ ਪ੍ਰਣਾਲੀ ਦੀ ਵਿਆਖਿਆ ਕਰਦੀ ਹੈ ਜੋ ਊਰਜਾ ਦੇ ਮੁੜ ਵਰਤੋਂ ਸਰੋਤਾਂ ਉਪਰ ਆਧਾਰਿਤ ਵੰਡ ਅਤੇ ਸੰਚਾਰ ਪ੍ਰਣਾਲੀ ਰਾਹੀਂ ਵਪਾਰ ਅਤੇ ਘਰਾਂ ਤਕ ਲਾਗੂ ਹੈ। ਸਮਾਰਟ ਊਰਜਾ ਪ੍ਰਣਾਲੀ ਦੇ ਅਮਲ ਵਿਚ ਸੰਵੇਦਕ ਅਤੇ ਨਿਯੰਤ੍ਰਣ ਲੱਗੇ ਹੋਏ ਹਨ। ਇਸ ਵਿਚ ਆਪਸੀ ਤਾਲਮੇਲ ਹੈ ਜਿਸ ਰਾਹੀਂ ਕੀਮਤਾਂ ਅਤੇ ਊਰਜਾ ਸਮੇਤ ਸੂਚਨਾ ਦੀ ਆਵਾਜਾਈ ਦੀ ਪੂਰੀ ਜਾਣਕਾਰੀ ਸੰਭਵ ਹੋ ਜਾਂਦੀ ਹੈ। ਵਿਸ਼ਲੇਸ਼ਣ ਅਤੇ ਸਵੈਚਲਨ ਰਾਹੀਂ ਅੰਕੜਿਆਂ ਨੂੰ ਅੰਤਰਦ੍ਰਿਸ਼ਟੀ ਵਿਚ ਬਦਲਣਾ ਅਤੇ ਸਰੋਤਾਂ ਦੀ ਵਧੇਰੇ ਕੁਸ਼ਲ ਵਰਤੋਂ ਕਰਨਾ ਬਹੁਤ ਸਮਝਦਾਰੀ ਹੈ।

***ਸਮਾਰਟ ਇਕਾਈਆਂ :*** ਕੁਸ਼ਲ ਗਰਿਡ ਵਧੇਰੇ ਖ਼ਤਰੇ ਅਤੇ ਕੁਦਰਤੀ ਆਫ਼ਤਾਂ ਝੱਲ ਸਕਦੀ ਹੈ। ਅਗਲੀ ਪੀੜ੍ਹੀ ਦੀ ਗਰਿਡ ਜੋ ਸਮੱਸਿਆਵਾਂ ਦੀਆਂ ਸੰਭਾਵਨਾਵਾਂ, ਉਨ੍ਹਾਂ ਨੂੰ ਲੱਭਣ ਅਤੇ ਉਨ੍ਹਾਂ ਦਾ ਹੱਲ ਤੇਜ਼ੀ ਨਾਲ ਕਰ ਸਕਦੀ ਹੈ। ਉਸ ਦੀ ਸਮਰਥਾ ਬਹੁਤ ਵੱਡੇ ਖੇਤਰ ਵਿਚ ਮੁਸ਼ਕਿਲਾਂ ਨੂੰ ਘੱਟ ਖਰਚੇ ਲਗਭਗ ਜ਼ੀਰੋ ਤਕ ਲੈ ਆਉਣ ਦੀ ਹੁੰਦੀ ਹੈ। ਵਧੇਰੇ ਜਾਣਕਾਰੀ ਨਾਲ ਉਪਭੋਗਤਾ ਆਪਣੀ ਊਰਜਾ ਵਰਤੋਂ ਪਸੰਦ ਦੀ ਕਰ ਸਕਦੇ ਹਨ। ਨਵਿਆਉਣ-ਯੋਗ ਊਰਜਾ ਪੂਰਤੀ ਵਾਲੇ ਸਰੋਤਾਂ ਜਿਵੇਂ ਕਿ ਸੂਰਜੀ ਊਰਜਾ ਅਤੇ ਵਾਧੂ ਊਰਜਾ ਨੂੰ ਗਰਿਡ ਨਾਲ ਜੋੜਨ ਨਾਲ, ਵਾਤਾਵਰਨ ਉਪਰ ਮਾੜੇ ਅਸਰ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਸ਼ਹਿਰ ਊਰਜਾ ਦੇ ਖੇਤਰ ਵਿਚ ਵਧੇਰੇ ਸਵੈ-ਨਿਰਭਰ ਹੋ ਸਕਦੇ ਹਨ।

***ਸਮਾਰਟ ਸਹੂਲਤਾਂ*** ਦਾ ਉਦੇਸ਼ ਵਧ ਰਹੀ ਆਬਾਦੀ ਦੀਆਂ ਪਾਣੀ ਦੀ ਸਪਲਾਈ, ਗੰਦੇ ਪਾਣੀ ਦੀ ਨਿਕਾਸੀ, ਸੀਵਰੇਜ਼, ਗਲੀਆਂ ਅਤੇ ਕਚਰਾ ਪ੍ਰਬੰਧਨ ਦੀਆਂ ਲੋੜਾਂ ਦੀ ਪੂਰਤੀ ਵਧੀਆ ਢੰਗ ਨਾਲ ਕਰਨਾ ਹੈ। ਪਾਣੀ ਦੀ ਸਪਲਾਈ ਲਈ, ਸੂਚਨਾ ਅਤੇ ਸੰਚਾਰ ਤਕਨਾਲੋਜੀ ਹੱਲ, ਜਿਵੇਂ ਕਿ ਸਕਾਡਾ ਪ੍ਰਣਾਲੀ (ਐੱਸ ਸੀ ਏ ਡੀ ਏ) ਵਧੇਰੇ ਕੁਸ਼ਲਤਾ ਅਤੇ ਪਾਰਦਰਸ਼ਤਾ ਲਿਆਉਂਦੀ ਹੈ। ਅਜਿਹੇ ਹੀ ਪ੍ਰਬੰਧ ਕਚਰਾ ਪ੍ਰਬੰਧਨ ਅਤੇ ਹੋਰ ਸਹੂਲਤਾਂ ਲਈ ਵੀ ਮੌਜੂਦ ਹਨ। ਸੂਚਨਾ ਅਤੇ ਸੰਚਾਰ ਤਕਨਾਲੋਜੀ ਵਲੋਂ ਮੁੜ ਵਰਤੋਂ ਲਈ ਨਿਯੰਤ੍ਰਣ ਕੀਤੇ ਜਾਣ ਵਾਲੇ ਤਿੰਨ ਕਚਰੇ ਦੇ ਡੱਬਿਆਂ, ਕੂੜਾ-ਕਚਰਾ, ਮੁੜ ਤੋਂ ਵਰਤੋਂ ਵਿਚ ਆ ਸਕਣ ਵਾਲਾ ਕੂੜਾ ਅਤੇ ਖਾਦ ਬਣਾਉਣ ਯੋਗ ਕੂੜਾ ਅਲਗ-ਅਲਗ ਰਖਿਆ ਜਾਂਦਾ ਹੈ। ਜਿਉਂ-ਜਿਉਂ ਕੂੜਾ-ਕਚਰਾ, ਕੂੜਾ ਚੁੱਕਣ ਦੇ ਖਰਚੇ ਵਿਚ ਵੀ ਕਮੀ ਆਉਂਦੀ ਹੈ। ਪਾਰਕਾਂ ਅਤੇ ਘਰਾਂ ਅੱਗੇ ਛੋਟੇ ਬਗੀਚਿਆਂ ਵਿਚ ਲਘੂ ਸਿੰਜਾਈ ਪ੍ਰਣਾਲੀ ਨੂੰ ਸੈਟੇਲਾਈਟ ਰਾਹੀਂ ਨਿਯੰਤ੍ਰਣ ਕਰਕੇ ਪਾਣੀ ਦੀ ਖਪਤ ਅਤੇ ਪੰਪ ਰਾਹੀਂ ਪਾਣੀ ਕੱਢਣ ਵਿਚ ਖਰਚ ਹੋਣ ਵਾਲੀ ਬਿਜਲੀ ਦੇ ਖਰਚੇ ਵਿਚ ਕਮੀ ਲਿਆਂਦੀ ਜਾ ਸਕਦੀ ਹੈ।

***ਸਮਾਰਟ ਗਤੀਸ਼ੀਲਤਾ*** : ਚੁਸਤ-ਸੁਚੱਜੇ ਟਰਾਂਸਪੋਰਟ ਹੱਲ, ਬੇਰੋਕਟੋਕ, ਸੁਰੱਖਿਅਤ, ਕੁਸ਼ਲ ਅਤੇ ਕਾਰਗਰ ਜਨਤਕ ਟਰਾਂਸਪੋਰਟ ਪ੍ਰਣਾਲੀ ਦੇ ਸਕਦੇ ਹਨ। ਸੂਚਨਾ ਤਕਨਾਲੋਜੀ ਦੀ ਟਰਾਂਸਪੋਰਟ ਬੁਨਿਆਦੀ ਢਾਂਚੇ ਅਤੇ ਸੇਵਾਵਾਂ, ਜਿਵੇਂ ਕਿ ਟੈਕਸੀਆਂ, ਆਟੋ ਤਿਪਹੀਆਂ, ਮਾਲ-ਢੋ-ਢੁਆਈ ਵਾਲਾ ਟਰਾਂਸਪੋਰਟ, ਸਿਗਨਲ ਪ੍ਰਣਾਲੀ, ਸੰਕੇਤਕ ਚਿੰਨ੍ਹ, ਟਰਾਂਸਪੋਰਟ ਦਾ ਰੂਪ ਬਦਲਨਾ, ਪਾਰਕਿੰਗ ਆਦਿ ਵਿਚ ਵਰਤੋਂ ਨਾਲ ਅਜਿਹੇ ਹੀ ਨਤੀਜੇ ਹਾਸਲ ਕੀਤੇ ਜਾ ਸਕਦੇ ਹਨ।

***ਸੁਚੱਜਾ ਸਮਾਜਿਕ ਢਾਂਚਾ :*** ਸਮਾਜਿਕ ਸਹੂਲਤਾਂ, ਜਿਵੇਂ ਕਿ ਸਿਹਤ, ਸਿੱਖਿਆ, ਮਨ ਪ੍ਰਚਾਵਾ ਅਤੇ ਹੋਰ ਗੁਆਂਢ ਦੀਆਂ ਸੇਵਾਵਾਂ ਦਾ ਊਰਜਾ ਅਤੇ ਵਾਤਾਵਰਨ ਡਿਜ਼ਾਈਨ ਉੱਚੇ ਮਿਆਰ ਵਾਲਾ ਮੋਢੀ ਕਿਸਮ ਦਾ ਹੋਣ ਦੀ ਦੀ ਲੋੜ ਹੈ ਜੋ ਊਰਜਾ , ਸਾਜ਼-ਸਾਮਾਨ ਅਤੇ ਗੈਸ ਨਿਕਾਸੀ ਦੀ ਬੱਚਤ ਵਾਲਾ ਹੋਵੇ। ਇਕ ਸਮਾਰਟ ਗੁਆਂਢ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਬੁਨਿਆਦੀ ਢਾਂਚਾ ਕੁਸ਼ਲਤਾ ਅਤੇ ਪਾਣੀ, ਬਿਜਲੀ ਅਤੇ ਕੁਦਰਤੀ ਸਰੋਤਾਂ ਦੀ ਬਚਤ ਕਰੇ।

***ਸਮਾਰਟ ਅਤੇ ਸੁਖਾਵੇਂ ਵਾਤਾਵਰਨ ਵਾਲੇ ਭਵਨ*** 30 ਪ੍ਰਤਿਸ਼ਤ ਤਕ ਊਰਜਾ ਖਪਤ ਵਿਚ ਬਚਤ ਕਰ ਸਕਦੇ ਹਨ, ਕਾਰਬਨ ਨਿਕਾਸੀ ਘੱਟ ਕਰ ਸਕਦੇ ਹਨ ਅਤੇ ਘੱਟ ਊਰਜਾ ਖਪਤ ਨਾਲ ਵਧੇਰੇ ਕੁਸ਼ਲਤਾ ਅਤੇ ਆਰਾਮ ਦੇ ਸਕਦੇ ਹਨ। ਸ਼ਹਿਰਾਂ ਅਤੇ ਭਵਨਾਂ ਨੂੰ ਨਾ ਸਿਰਫ਼ ਆਰਾਮਦੇਹ, ਸੁਖਾਵੇਂ ਅਤੇ ਕੁਸ਼ਲ ਹੋਣਾ ਹੈ ਸਗੋਂ ਉਹ ਚੁਸਤ ਦਰੁਸਤ ਅਤੇ ਸੰਪੂਰਨ ਹੋਣੇ ਚਾਹੀਦੇ ਹਨ। ਉੱਚ ਤਾਪ ਰੋਕੂ ਖਿੜਕੀਆਂ, ਦੋਹਰੇ ਸ਼ੀਸ਼ਿਆਂ ਦੀ ਤਾਪ ਰੋਕੂ ਸਮਰਥਾ ਚਾਰ ਗੁਣਾ ਵਧਾ ਦਿੰਦੀਆਂ ਹਨ ਅਤੇ ਪਹਿਲਾਂ ਤੋਂ ਮੌਜੂਦ ਖਿੜਕੀਆਂ ਵਿਚ ਹੀ ਸ਼ੀਸ਼ੇ ਲਗਾ ਕੇ ਤਿਆਰ ਕੀਤੀਆਂ ਜਾ ਸਕਦੀਆਂ ਹਨ। ਸੈਂਸਰਾਂ ਰਾਹੀਂ ਨਿਯੰਤ੍ਰਣ ਕੀਤੇ ਜਾਣ ਵਾਲੇ ਫੋਟੋਵੋਲਟੇਕ ਸੈੱਲ ਅਤੇ ਸਮਾਰਟ ਸ਼ੀਸ਼ਾ ਤਕਨਾਲੋਜੀ ਏਅਰਕੰਡੀਸ਼ਨਿੰਗ ਅਤੇ ਵਾਧੂ ਊਰਜਾ ਖਪਤ ਤੋਂ ਬਚਾਉਂਦੇ ਹਨ।

***ਸੂਚਨਾ ਅਤੇ ਸੰਚਾਰ ਤਕਨਾਲੋਜੀ ਵਾਲੀਆਂ ਜਨਤਕ ਸੇਵਾਵਾਂ :*** ਸੂਚਨਾ ਅਤੇ ਸੰਚਾਰ ਤਕਨਾਲੋਜੀ ਵੱਖ-ਵੱਖ ਸ਼ਹਿਰੀ ਵਿਭਾਗਾਂ, ਨਾਗਰਿਕਾਂ ਅਤੇ ਹੋਰ ਸੰਬੰਧਿਤ ਧਿਰਾਂ ਵਲੋਂ ਸੂਚਨਾ ਆਪਸੀ ਸਾਂਝੀ ਕਰਨ ਤੋਂ ਇਲਾਵਾ ਤਾਲਮੇਲ ਅਤੇ ਈ ਪ੍ਰਸ਼ਾਸਨ ਵਿਚ ਮਦਦ ਕਰ ਸਕਦੀ ਹੈ।

***ਪਰਸਥਿਤੀ ਵਿਗਿਆਨ ਰਸਤਾ :*** ਸਮਾਰਟ ਸਿਟੀ ਵਾਤਾਵਰਨ ਮੁਖੀ ਪਾਇਦਾਰ ਵਿਕਾਸ ਦਾ ਜ਼ਰੀਆ ਹੈ। ਇਹ ਕੁਦਰਤੀ ਸਰੋਤਾਂ (ਭੂਮੀ, ਹਰਿਆਲੀ, ਹਵਾ ਅਤੇ ਪਾਣੀ), ਊਰਜਾ ਕੁਸ਼ਲਤਾ, ਕੂੜਾ ਕਚਰਾ ਪ੍ਰਬੰਧਨ, ਜਨਤਕ ਤੌਰ ਤੇ ਘੱਟ ਕਾਰਬਨ ਨਿਕਾਸੀ ਅਤੇ ਵਾਤਾਵਰਨ ਪ੍ਰਬੰਧਨ ਦਾ ਇਕ ਸੁਚੱਜਾ ਤਰੀਕਾ ਹੈ। ਇਕ ਸਮਾਰਟ ਸਿਟੀ ਦੇ ਮੁੱਖ ਸੇਵਾ ਖੇਤਰ ਅਤੇ ਵਿਸ਼ੇਸ਼ ਮੁੱਦੇ ਜੋ ਇਸ

ਨੂੰ ਪਾਇਦਾਰ ਬਣਾਉਂਦੇ ਹਨ, ਅੱਗੇ ਦਿਤੀ ਤਾਲਿਕਾ-2 ਵਿਚ ਦਿਖਾਏ ਗਏ ਹਨ।

ਕਿਸੇ ਵੀ ਸ਼ਹਿਰ ਵਿਚ 100 ਤੋਂ ਵੱਧ ਅਜਿਹੀਆਂ ਨਾਗਰਿਕ ਸੇਵਾਵਾਂ ਹਨ ਜਿਨ੍ਹਾਂ ਲਈ ਨਗਰ ਪ੍ਰਬੰਧਕਾਂ ਨਾਲ ਪੁੱਛ-ਗਿੱਛ, ਰਜਿਸਟਰੀ, ਫਾਰਮ ਜਮ੍ਹਾਂ ਕਰਨ, ਅਦਾਇਗੀ, ਸ਼ਿਕਾਇਤਾਂ ਆਦਿ ਲਈ ਤਾਲਮੇਲ ਰਖਣਾ ਪੈਂਦਾ ਹੈ। ਨਾਗਰਿਕਾਂ ਲਈ ਇਹ ਬਹੁਤ ਸਮਾਂ ਖਰਾਬ ਕਰਨ ਵਾਲੀ ਪ੍ਰਕਿਰਿਆ ਹੁੰਦੀ ਹੈ। ਨਾਗਰਿਕ ਸੇਵਾਵਾਂ ਦੇਣ ਲਈ ਈ-ਗੇਟਵੇ ਦੀ ਉਪਲਬਧੀ ਨੇ ਮਿਊਨਸੀਪਲ ਪ੍ਰਸ਼ਾਸਨ 'ਚ ਬਹੁਤ ਧਿਆਨ ਖਿੱਚਿਆ ਹੈ ਤੇ ਕਈ ਸ਼ਹਿਰਾਂ ਦੀਆਂ ਕਾਰਪੋਰੇਸ਼ਨਾਂ ਵਿਚ ਚੁਪ-ਚਪੀਤੇ ਬਹੁਤ ਬਦਲਾਅ ਲਿਆ ਦਿਤਾ ਹੈ ਅਤੇ ਦੂਰੀ, ਵਰਗ ਅਤੇ ਲਿੰਗਭੇਤ ਮਿਟਾ ਦਿਤੇ ਹਨ। ਸੂਚਨਾ ਤਕਨਾਲੋਜੀ ਦੀ ਮਦਦ ਨਾਲ ਕੋਈ ਵੀ ਨਾਗਰਿਕ ਆਪਣੀ ਫੋਟੋ ਖਿੱਚ ਕੇ ਪ੍ਰਸ਼ਾਸਨ ਨੂੰ ਐੱਸ ਐੱਮ ਐੱਸ ਰਾਹੀਂ ਭੇਜ ਸਕਦਾ ਹੈ। ਇਹ ਡੈਸ਼ਬੋਰਡ ਵਿਚ ਦਰਜ ਹੋ ਜਾਵੇਗੀ ਅਤੇ ਸ਼ਿਕਾਇਤ ਉਪਰ ਕਾਰਵਾਈ ਸ਼ੁਰੂ ਹੋ ਜਾਵੇਗੀ ਅਤੇ ਇਥੋਂ ਤਕ ਕਿ ਮਾਮਲਾ ਜੇਕਰ ਗੌਰ ਕੀਤੇ ਬਿਨਾਂ ਰਹਿ ਜਾਵੇ ਤਾਂ ਉੱਚ ਅਧਿਕਾਰੀਆਂ ਕੋਲ ਵੀ ਪਹੁੰਚਾਇਆ ਜਾਵੇਗਾ।

ਚਿੱਤਰ-1 : ਹੁਣ ਤਕ ਈ-ਪ੍ਰਸ਼ਾਸਨ ਸੇਵਾਵਾਂ ਬਹੁਤ ਕਰਕੇ ਇਕਵੱਲੇ ਤੌਰ ਤੇ ਹੀ ਮੁਹੱਈਆ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਇਨ੍ਹਾਂ ਦੇ ਏਕੀਕਰਨ ਵਲ ਕੋਈ ਵਿਸ਼ੇਸ਼ ਕੋਸ਼ਿਸ਼ ਨਹੀ ਕੀਤੀ ਗਈ। ਸੂਚਨਾ ਅਤੇ ਸੰਚਾਰ ਤਕਨਾਲੋਜੀ ਬੁਨਿਆਦੀ ਢਾਂਚੇ ਨੂੰ ਵੈੱਬ ਅਤੇ ਮੋਬਾਈਲ ਪਲੇਟਫਾਰਮਾਂ ਰਾਹੀਂ ਸੰਪੂਰਨ ਸੇਵਾਵਾਂ ਮੁਹੱਈਆ ਕਰਨ ਲਈ ਵਰਤੋਂ ਵਿਚ ਲਿਆਉਣਾ ਈ-ਪ੍ਰਸ਼ਾਸਨ ਦਾ ਸੰਕੇਤ ਹੈ। ਮੁੰਬਈ ਵਿਚ 60 ਪਰਤਾਂ ਵਾਲੀ ਜੀ ਆਈ ਐੱਸ ਪ੍ਰਣਾਲੀ ਹੈ, ਜੋ ਜੀਓ ਸੰਦਰਭ ਵਾਲੀ ਹੈ ਅਤੇ ਉਸ ਵਿਚ ਸ਼ਾਮਿਲ ਹਨ :

- ਸ਼ਿਕਾਇਤ ਦੂਰ ਕਰਨ ਦਾ ਪਲੇਟਫਾਰਮ
- ਪਾਣੀ ਅਤੇ ਜਾਇਦਾਦ ਕਰ ਪ੍ਰਸ਼ਾਸਨ
- ਜਨਤਕ ਕਾਰਜ-ਅੰਦਾਜ਼ੇ ਤੇ ਅਦਾਇਗੀਆਂ
- ਚੁੰਗੀ ਪ੍ਰਬੰਧਨ
- ਜਨਮ ਅਤੇ ਮਰਨ ਸਰਟੀਫਿਕੇਟ
- ਜਾਇਦਾਦ ਰਜਿਸਟਰੀ


| ਤਾਲਿਕਾ-2 : ਸਮਾਰਟ ਸਿਟੀ ਦੇ ਮੁੱਖ ਸੇਵਾ ਖੇਤਰ | |
|---|---|
| ਊਰਜਾ | • ਊਰਜਾ ਨੈੱਟਵਰਕ, ਸਮਾਰਟ ਗਰਿਡ<br>• ਸਮਾਰਟ ਮੀਟਰ, ਸਮਾਰਟ ਭਵਨ<br>• ਨਵਿਆਉਣਯੋਗ ਊਰਜਾ ਗਰਿਡ<br>• ਬਿਜਲੀ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ<br>• ਬਿਜਲੀ ਉਤਮਤਾ ਦੀ ਨਿਗਰਾਨੀ<br>• ਊਰਜਾ ਬਚਤ, ਕੁਸ਼ਲਤਾ ਅਤੇ ਨਿਗਰਾਨੀ<br>• ਬਾਇਓਨਿਕ ਕੰਟਰੋਲ<br>• ਸੁਚੱਜਾ ਪ੍ਰਬੰਧਨ/ਰਖ-ਰਖਾਅ, ਐੱਮ ਆਈ ਐੱਸ |
| ਜਨਤਕ ਸਹੂਲਤਾਂ | • ਸੁਚੱਜੇ ਪਾਣੀ ਅਤੇ ਸੀਵਰ ਨੈੱਟਵਰਕ ਜੋ ਘੱਟੋ-ਘੱਟ ਰਿਸਾਅ ਅਤੇ ਘੱਟ ਨੁਕਸਾਨ ਵਾਲੇ ਹੋਣ<br>• ਸੁਚੱਜੇ ਮੀਟਰ, ਬਿਲ ਅਤੇ ਅਦਾਇਗੀ<br>• ਕੂੜਾ ਕਚਰਾ ਪ੍ਰਬੰਧਨ<br>• ਗ਼ੈਰ ਮਾਲੀ ਉਤਪਾਦਨ ਵਾਲੇ ਪਾਣੀ ਦਾ ਨੁਕਸਾਨ ਰੋਕਣਾ<br>• ਗ਼ੈਰ ਵਿਘਨ ਵਾਲੀਆਂ ਤਕਨਾਲੋਜੀਆਂ ਅਤੇ ਆਧੁਨਿਕ ਖੋਜ ਨਾਲ ਅਤੇ ਪੰਪਾਂ ਅਤੇ ਵਾਲਵਾਂ ਵਿਚ ਪਾਣੀ ਦਾ ਦਬਾਅ ਠੀਕ ਰਖ ਕੇ ਲੀਕ ਹੋਣ ਦੀ ਪਛਾਣ ਕਰਨਾ ਅਤੇ ਊਰਜਾ ਬਚਤ ਕਰਨਾ |
| ਸਮਾਰਟ ਗਤੀਸ਼ੀਲਤਾ | • ਪ੍ਰਤੱਖ ਰੂਪੀ ਮਾਡਲ ਤਿਆਰ ਕਰਨਾ<br>• ਸਮਾਰਟ ਕਾਰਡ<br>• ਸਮਾਰਟ ਸਿਗਨਲ, ਟਰੈਫਿਕ ਕੰਟਰੋਲ, ਪਰਿਵਰਤਨਸ਼ੀਲ ਸਾਈਨੇਜ਼, ਮੋਬਾਈਲ ਰਾਹੀਂ ਅਸਲੀ ਰਸਤੇ ਦਿਖਾਉਣਾ<br>• ਸੂਚਨਾ ਅਤੇ ਸੰਚਾਰ ਤਕਨਾਲੋਜੀ ਆਧਾਰਿਤ ਟਰੈਫਿਕ ਕੰਟਰੋਲ<br>• ਹਿਫ਼ਾਜ਼ਤ ਅਤੇ ਸੁਰੱਖਿਆ, ਦੁਰਘਟਨਾ ਨਿਗਰਾਨੀ, ਅਪਰਾਧਾਂ ਦੀ ਵਿਗਿਆਨਕ ਜਾਂਚ-ਪੜਤਾਲ<br>• ਬੁਨਿਆਦੀ ਢਾਂਚਾ ਸੰਪੂਰਨਤਾ<br>• ਰਖ-ਰਖਾਅ, ਐੱਮ ਆਈ ਐੱਸ ਅਤੇ ਪ੍ਰਬੰਧਨ |
| ਸੁਚੱਜਾ ਸਮਾਜਿਕ ਢਾਂਚਾ | • ਸੁਚੱਜੀ ਸਮਾਜਿਕ ਯੋਜਨਾਬੰਦੀ ਲਈ ਦਿਸ਼ਾ ਨਿਰਦੇਸ਼<br>• ਸਿੱਖਿਆ ਅਤੇ ਸਿਹਤ ਬੁਨਿਆਦੀ ਢਾਂਚਾ<br>• ਮਿਸ਼ਰਤ ਭੂਮੀ ਵਰਤੋਂ, ਗਠੇ ਹੋਏ ਅਤੇ ਸਮਾਰਟ ਗੁਆਂਢ |
| ਸਮਾਰਟ ਅਤੇ ਸੁਚੱਜੇ ਭਵਨ | • ਸੰਪੂਰਨ ਵਾਤਾਵਰਨ ਤਰੀਕੇ<br>• ਸਮਾਰਟ ਭਵਨ<br>• ਭਵਨ ਸੂਚਨਾ ਪ੍ਰਬੰਧਨ<br>• ਸ਼ਹਿਰੀ ਪ੍ਰਸ਼ਾਸਨ ਕੇਂਦਰ<br>• ਵਾਤਾਵਰਨ ਪ੍ਰਬੰਧਨ<br>• ਤਕਨਾਲੋਜੀ ਅਤੇ ਨਵੀਂ ਖੋਜ ਕੇਂਦਰ |
| ਦੂਰਸੰਚਾਰ ਨੈੱਟਵਰਕ, ਜਨਤਕ ਸੇਵਾਵਾਂ ਅਤੇ ਪ੍ਰਸ਼ਾਸਨ | • ਭੂਮੀ ਸੂਚਨਾ ਪ੍ਰਣਾਲੀ, ਡਿਜ਼ੀਟਲ ਨਕਸ਼ੇ, ਐੱਸ ਡੀ ਆਈ ਜੀਓ ਪੋਰਟਲ, ਸੂਚਨਾ ਤਕਨਾਲੋਜੀ ਆਧਾਰਿਤ ਜਾਇਦਾਦ ਰਿਕਾਰਡ, ਨਕਸ਼ੇ ਅਤੇ ਲੈਣ-ਦੇਣ<br>• ਭਵਨ ਨਕਸ਼ਿਆਂ ਦੀ ਆਨਲਾਈਨ ਮਨਜ਼ੂਰੀ<br>• ਬ੍ਰਾਡਬੈਂਡ ਵਿਕਾਸ<br>• ਘਰਾਂ ਦਾ ਸਵੈਚਲਣ ਅਤੇ ਇੰਟਰਨੈੱਟ ਪਹੁੰਚ<br>• ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਮਦਦ ਅਤੇ ਸਿਖਲਾਈ<br>• ਛੋਟੇ ਵਾਪਰ ਲਈ ਵਪਾਰਕ ਕੇਂਦਰ<br>• ਜਨਤਕ ਸੁਰੱਖਿਆ ਪ੍ਰਣਾਲੀ ਅਤੇ ਹਿਫ਼ਾਜ਼ਤ ਲਈ ਨੈੱਟਵਰਕ ਰਾਹੀਂ ਜੁੜੀ ਪੋਰਟਲ<br>• ਡਿਜ਼ੀਟਲ ਵਪਾਰਕ ਕੇਂਦਰ, ਸਵੈ ਸੰਦੇਸ਼ ਦੇਣ ਦੀ ਪ੍ਰਕਿਰਿਆ, ਐੱਸ ਐੱਮ ਐੱਸ<br>• ਬਿਲਾਂ ਦਾ ਜੋੜ ਮੇਲ<br>• ਜਲਵਾਯੂ ਗਲੀ<br>• ਇਲੈਕਟ੍ਰਾਨਿਕ ਵਪਾਰ ਅਤੇ ਪ੍ਰਚੂਨ ਕੇਂਦਰ<br>• ਜੀਓ-ਪੋਰਟਲ, ਮੋਬਾਈਲ/ਈ-ਪ੍ਰਸ਼ਾਸਨ |

***ਈ-ਪ੍ਰਸ਼ਾਸਨ***

*'ਮੇਰੇ ਲਈ ਈ-ਪ੍ਰਸ਼ਾਸਨ ਇਕ ਆਸਾਨ, ਕਿਫ਼ਾਇਤੀ ਅਤੇ ਅਸਰਦਾਰ ਪ੍ਰਸ਼ਾਸਨ ਹੈ। ਈ-ਪ੍ਰਸ਼ਾਸਨ ਚੰਗੇ ਪ੍ਰਸ਼ਾਸਨ ਦਾ ਇਕ ਮੁੱਖ ਅੰਗ ਹੈ ਜੋ ਪਾਇਦਾਰ ਵਿਕਾਸ ਲਈ ਬਹੁਤ ਅਹਿਮ ਹੈ।"*

*- ਪ੍ਰਧਾਨ ਮੰਤਰੀ ਨਰੇਂਦਰ ਮੋਦੀ*

ਚਿੱਤਰ-1





- ਭੂਮੀ ਸੇਵਾਵਾਂ ਅਤੇ ਝੁੱਗੀ-ਝੌਂਪੜੀਆਂ ਦੇ ਸਰਵੇਖਣ
- ਜੀ ਆਈ ਐੱਸ ਆਧਾਰਿਤ ਪੁਲਾੜ ਅੰਕੜੇ ਢਾਂਚਾ।

ਰਾਜਕੋਟ ਮਿਊਂਨਸੀਪਲ ਕਾਰਪੋਰੇਸ਼ਨ ਨੇ ਕਈ ਨਾਗਰਿਕ ਸੇਵਾਵਾਂ ਮੋਬਾਈਲ ਨਾਲ ਜੋੜ ਦਿਤੀਆਂ ਹਨ। ਇਸ ਨੂੰ ਐੱਮ ਪ੍ਰਬੰਧਨ ਕਰ ਕੇ ਜਾਣਿਆ ਜਾਂਦਾ ਹੈ ਅਤੇ ਇਕ ਪ੍ਰਾਜੈਕਟ ਦਾ ਨਾਮ 'ਰਾਈਟ' ਆਰ ਆਈ ਟੀ ਈ ਰਖਿਆ ਗਿਆ ਹੈ ਜਿਸ ਦਾ ਅਰਥ ਹੈ ਜਵਾਬਦੇਹ, ਸੁਚੱਜਾ, ਪਾਰਦਰਸ਼ੀ ਅਤੇ ਅਸਰਦਾਰ।

ਡਿਜ਼ੀਟਲ ਪ੍ਰਣਾਲੀਆਂ ਸ਼ਹਿਰੀ ਖੇਤਰਾਂ ਵਿਚ ਹੋਰ ਵਧੇਰੇ ਸਮਾਜਿਕ ਵਿਗਿਆਨ ਤਿਆਰ ਕਰ ਰਹੀਆਂ ਹਨ। ਇਹ ਬਾਹਰ ਛੱਡੇ ਜਾਣ ਅਤੇ ਸ਼ਮੂਲੀਅਤ ਦੇ ਵਿਚਾਰ ਦੀ ਮੁੜ ਵਿਆਖਿਆ ਕਰ ਰਹੀਆਂ ਹਨ ਅਤੇ ਉਸ ਨੂੰ ਅਪਣਾ ਰਹੀਆਂ ਹਨ। ਟਰੈਵਲ ਸਮਾਰਟ ਕਾਰਡ ਪਹਿਲਾਂ ਤੋਂ ਹੀ ਜਨਤਕ ਟਰਾਂਸਪੋਰਟ ਵਿਚ ਬੇਰੋਕਟੋਕ ਆਉਣ ਜਾਣ, ਜਨਤਕ ਸਥਾਨਾਂ ਵਿਚ ਪਹੁੰਚ, ਅਦਾਇਗੀ ਪ੍ਰਣਾਲੀ/ਗੇਟਵੇ ਅਤੇ ਸਮਾਜਿਕ ਸੇਵਾਵਾਂ ਲਈ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਜਨਤਕ ਸੇਵਾਵਾਂ ਲਈ ਸਥਾਨਕ ਦਫ਼ਤਰਾਂ, ਬੈਂਕਾਂ ਜਾਂ ਸਰਕਾਰੀ ਦਫ਼ਤਰਾਂ ਵਿਚ ਚੱਕਰ ਲਗਾਉਣਾ ਵੀ ਫਜ਼ੂਲ ਹੋ ਗਿਆ ਹੈ। ਡਿਜ਼ੀਟਲ ਤਕਨਾਲੋਜੀ 'ਚ ਆਈ ਕ੍ਰਾਂਤੀ ਨਾਲ ਨਵੀਨਤਮ ਅਤੇ ਵਾਤਾਵਰਨ ਸੁਖਾਵੀਆਂ ਸ਼ਹਿਰੀ ਕਿਰਿਆਵਾਂ ਜਿਵੇਂ ਕਿ ਸੱਚਮੁਚ ਦਾ ਟਾਊਨ ਹਾਲ, ਸੁਰੱਖਿਆ, ਟਰੈਫਿਕ, ਜਾਇਦਾਦ ਰਜਿਸਟਰੀ, ਕਰ ਉਗਰਾਹੀ ਆਦਿ ਵਿਚ ਮਦਦ ਮਿਲਦੀ ਹੈ। ਸਮਾਰਟ ਚਿਪਸ ਅਤੇ ਪ੍ਰਣਾਲੀਆਂ ਲਗਭਗ ਹਰ ਸ਼ਹਿਰੀ ਸੇਵਾ ਅਤੇ ਢਾਂਚੇ ਵਿਚ ਇਸਤੇਮਾਲ ਕੀਤੇ ਜਾ ਸਕਦੇ ਹਨ ਜਿਸ ਨਾਲ ਕਾਰਜ-ਕੁਸ਼ਲ ਅਤੇ ਸੁਚੱਜੇ ਹੋ ਜਾਂਦੇ ਹਨ। ਇਹ ਖੁਦ ਉਣਤਾਈ ਲੱਭਣ ਅਤੇ ਉਸ ਨੂੰ ਠੀਕ ਕਰਨ ਕਾਬਲ ਵੀ ਬਣਾ ਦਿੰਦੇ ਹਨ। ਭਵਿੱਖ ਸਾਡੇ ਸਾਹਮਣੇ ਹੈ। ਡਿਜ਼ੀਟਲ ਚਿਪ ਸ਼ਹਿਰਾਂ ਦੀ ਸਰੀਰ ਰੂਪੀ ਚਮੜੀ ਵਿਚ ਜਗ੍ਹਾ, ਪਿੰਜਰ ਦੇ ਬਾਹਰ ਲਗ ਰਹੇ ਹਨ ਅਤੇ ਇਸ ਦੇ ਜੋੜਮੇਲ ਦੇ ਨਰਮ ਪੁਲੰਦੇ ਵਿਚ ਲਗ ਰਹੇ ਹਨ ਜਿਸ ਨਾਲ ਸ਼ਹਿਰ ਡਿਜ਼ੀਟਲ ਪ੍ਰਣਾਲੀ ਅਤੇ ਕੋਡ ਵਾਲੇ ਬਣ ਰਹੇ ਹਨ।

ਹਿਫ਼ਾਜ਼ਤ ਅਤੇ ਸੁਰੱਖਿਆ ਭਾਰਤ ਦੇ ਸ਼ਹਿਰਾਂ ਵਿਚ ਵਧ ਰਹੀ ਚਿੰਤਾ ਦਾ ਵਿਸ਼ਾ ਬਣ ਰਹੇ ਹਨ। ਇਸ ਵਿਚ ਕਈ ਪੱਧਰ, ਵਿਭਾਗ ਅਤੇ ਸੇਵਾ ਏਜੰਸੀਆਂ ਸ਼ਾਮਿਲ ਹਨ। ਪੀੜਤ ਲੋਕਾਂ ਨੂੰ ਪ੍ਰਸ਼ਾਸਕੀ ਅਧਿਕਾਰ ਖੇਤਰ ਅਤੇ ਡੋਮੇਨ ਅਧੀਨ ਨਾ ਹੋਣ ਕਾਰਨ ਇਕ ਵਿਭਾਗ ਤੋਂ ਦੂਜੇ ਵਿਭਾਗ ਵਿਚ ਭੇਜਿਆ ਜਾਂਦਾ ਹੈ। ਇਹ ਬਹੁਤ ਜ਼ਰੂਰੀ ਹੈ ਕਿ ਨਾਗਰਿਕਾਂ ਨੂੰ ਤੁਰੰਤ ਜਵਾਬਦੇਹੀ, ਬਚਾਅ ਕਾਰਜ ਅਤੇ ਇਕ ਤਾਲਮੇਲ ਵਾਲੀ ਕਾਰਵਾਈ ਕਰਕੇ ਸਹਾਇਤਾ ਦਿਤੀ ਜਾਵੇ ਅਤੇ ਇਸ ਲਈ ਸਾਂਝਾ ਪਲੇਟਫਾਰਮ ਹੰਗਾਮੀ ਪ੍ਰਤਿਕਿਰਿਆ ਅਤੇ ਹਿਫ਼ਾਜ਼ਤੀ ਕੇਂਦਰ ਖੋਲ੍ਹਿਆ ਜਾਵੇ। ਡਿਜ਼ੀਟਲ ਅਤੇ ਨੈੱਟਵਰਕ ਤਕਨਾਲੋਜੀ ਨੂੰ ਵਰਤੋਂ ਵਿਚ ਲਿਆ ਕੇ ਇਕ ਅਜਿਹਾ ਸਮੁੱਚਾ ਆਦੇਸ਼ ਅਤੇ ਸੂਚਨਾ ਪਲੇਟਫਾਰਮ ਸਥਾਪਤ ਕੀਤਾ ਜਾਵੇ ਜੋ ਹਰ ਖੇਤਰ ਵਿਚ, ਕੁਦਰਤੀ ਤੌਰ ਤੇ ਜਾਂ ਮਨੁੱਖ ਵਲੋਂ ਪੈਦਾ ਕੀਤੀਆਂ ਆਫ਼ਤਾਂ, ਜੁਰਮ ਅਤੇ ਦੁਰਘਟਨਾ ਦੀ ਸੂਰਤ ਵਿਚ ਵਿਆਪਕ ਹੰਗਾਮੀ ਸੇਵਾਵਾਂ, ਪੁਲਿਸ, ਅੱਗ ਬੁਝਾਊ ਸੇਵਾਵਾਂ, ਮੈਡੀਕਲ, ਟਰੈਫਿਕ ਅਤੇ ਹੋਰ ਸੇਵਾਵਾਂ ਦੇਵੇ।




ਚਿੱਤਰ-2 : ਦਿੱਲੀ-ਮੁੰਬਈ ਉਦਯੋਗਿਕ ਕੋਰੀਡੋਰ

ਭਾਰਤ ਵਿਚ ਸਮਾਰਟ ਸਿਟੀ ਨੂੰ ਸਮਾਜ ਦੇ ਹਰ ਵਰਗ, ਗਰੀਬ, ਔਰਤਾਂ, ਬੱਚੇ ਅਤੇ ਅਸੰਗਠਿਤ ਖੇਤਰਾਂ ਦੀਆਂ ਲੋੜਾਂ ਦੀ ਪੂਰਤੀ ਦਾ ਧਿਆਨ ਰਖਣਾ ਚਾਹੀਦਾ ਹੈ। ਉਹ ਸਥਾਨ ਸਭਿਆਚਾਰ ਅਤੇ ਮੌਸਮ ਨਾਲ ਵੀ ਸੰਬੰਧਿਤ ਰਹਿਣੇ ਚਾਹੀਦੇ ਹਨ। ਅੰਤਰਰਾਸ਼ਟਰੀ ਨਮੂਨਿਆਂ ਦੀ ਨਕਲ ਨਾਲੋਂ ਵਧੇਰੇ ਮਹੱਤਵਪੂਰਨ ਹਨ। ਸੁਚੱਜੇ ਸ਼ੀਸ਼ੇ ਦੇ ਭਵਨ, ਜਨਤਕ ਸਥਾਨ, ਸਿਹਤ ਅਤੇ ਸਿੱਖਿਆ ਸਹੂਲਤਾਂ, ਵਿੱਤ ਵਿਚ ਮਕਾਨ ਉਸਾਰੀ, ਜਨਤਕ ਆਵਾਜਾਈ ਸਾਧਨ, ਪਾਣੀ ਸਪਲਾਈ, ਸਾਫ਼-ਸਫ਼ਾਈ, ਜਨਤਕ ਪਖ਼ਾਨੇ, ਨਵਿਆਉਣ ਯੋਗ ਊਰਜਾ ਅਤੇ ਠੋਸ ਤੇ ਤਰਲ ਕੂੜੇ ਕਰਚੇ ਦਾ ਪ੍ਰਬੰਧਨ। ਇਕ ਸਮਾਰਟ ਸਿਟੀ ਨੂੰ ਸਮਾਵੇਸ਼ੀ ਹੋਣਾ ਚਾਹੀਦਾ ਹੈ ਜੋ ਨੌਕਰੀਆਂ, ਰੁਜ਼ਗਾਰ, ਸਥਾਨਕ ਆਰਥਿਕ ਗਤੀਸ਼ੀਲਤਾ, ਸਭਿਆਚਾਰਕ ਪ੍ਰਗਟਾਵੇ ਦਾ ਮੰਚ, ਗਿਆਨ ਅਤੇ ਸੰਚਾਰ ਸਹੂਲਤਾਂ ਦੇਵੇ।

ਭਾਰਤ ਵਿਚ ਕਈ ਸਮਾਰਟ ਸ਼ਹਿਰ ਪ੍ਰਾਜੈਕਟ ਪਛਾਣ ਕੀਤੇ ਗਏ ਹਨ, ਜਿਨ੍ਹਾਂ ਵਿਚ ਦਿੱਲੀ-ਮੁੰਬਈ ਉਦਯੋਗਿਕ ਕੋਰੀਡੋਰ ਵਿਚ ਸਮਾਰਟ ਸ਼ਹਿਰਾਂ ਦਾ ਇਕ ਨੈੱਟਵਰਕ ਅਤੇ ਗਿਫਟ (ਜੀ ਆਈ ਐੱਫ ਟੀ) ਗਾਂਧੀਨਗਰ। ਕਈ ਰਾਜ ਸਰਕਾਰਾਂ ਵੀ ਸਮਾਰਟ ਸ਼ਹਿਰਾਂ ਦੇ ਬਲਿਊਪ੍ਰਿੰਟ ਤਿਆਰ ਕਰ ਰਹੀਆਂ ਹਨ ਜਿਨ੍ਹਾਂ ਵਿਚੋਂ ਸਭ ਤੋਂ ਤਾਜ਼ਾ, ਆਂਧਰ ਪ੍ਰਦੇਸ਼ ਦੀ ਨਵੀਂ ਰਾਜਧਾਨੀ ਅਨੰਤਪੁਰ ਲਈ।

## ਦਿੱਲੀ-ਮੁੰਬਈ ਉਦਯੋਗਿਕ ਕੋਰੀਡੋਰ

ਦਿੱਲੀ-ਮੁੰਬਈ ਉਦਯੋਗਿਕ ਕੋਰੀਡੋਰ ਸਭ ਤੋਂ ਵੱਡੇ ਸ਼ਹਿਰ ਵਿਕਾਸ ਪ੍ਰਾਜੈਕਟਾਂ ਵਿਚੋਂ ਇਕ ਹੈ ਜਿਥੇ 24 ਸਮਾਰਟ ਸਿਟੀ ਬਣਨ ਦੀ ਉਮੀਦ ਹੈ (7ਖੇਤਰੀ ਉਦਯੋਗਿਕ) ਜੋ 6 ਰਾਜਾਂ ਉੱਤਰ ਪ੍ਰਦੇਸ਼, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ ਅਤੇ ਮਹਾਂਰਾਸ਼ਟਰ ਵਿਚ ਹਨ। ਦਿੱਲੀ-ਮੁੰਬਈ ਉਦਯੋਗਿਕ ਕੋਰੀਡੋਰ ਦੇ ਸਮਾਰਟ ਸ਼ਹਿਰਾਂ ਦੀ ਮੁੱਖ ਨੁਹਾਰ ਵਿਚ ਸ਼ਾਮਿਲ ਹੈ ਡਿਜ਼ੀਟਲ ਯੋਜਨਾਬੰਦੀ ਅਤੇ ਪ੍ਰਸ਼ਾਸਨ, ਪੁਖਤਾ ਉਚੇਰਾ ਵਿਕਾਸ, ਕੁਸ਼ਲ ਜਨਤਕ ਟਰਾਂਸਪੋਰਟ, ਸਮਾਰਟ ਗਰਿਡ ਅਤੇ ਨਾਗਰਿਕ ਬੁਨਿਆਦੀ ਢਾਂਚੇ ਦੇ ਚੰਗੇ

ਪ੍ਰਬੰਧਨ ਲਈ ਤਕਨਾਲੋਜੀ, ਸੀਵਰ ਦੇ ਪਾਣੀ ਨੂੰ ਸਾਫ਼ ਕਰਕੇ ਉਸ ਦੀ ਉਦਯੋਗਿਕ ਵਰਤੋਂ, ਸਵੱਛ ਵਾਤਾਵਰਨ ਅਤੇ ਲੋੜੀਂਦੀਆਂ ਵਸਤੂਆਂ, ਸੇਵਾਵਾਂ ਅਤੇ ਹੋਰ ਸਮਾਜਿਕ ਸੇਵਾਵਾਂ ਤਕ ਸੁਖਾਲੀ ਪਹੁੰਚ। ਇਹ ਪ੍ਰਜੈਕਟ ਸਮਾਰਟ ਸ਼ਹਿਰੀ ਬੁਨਿਆਦੀ ਢਾਂਚੇ ਅਤੇ ਭਾਰਤ ਵਿਚ ਘੱਟ ਕਾਰਬਨ ਨਿਕਾਸ ਦਰਸਾਉਣ ਦੇ ਬੈਂਚਮਾਰਕ ਬਣਨ ਦੀ ਸਮਰਥਾ ਰੱਖਦੇ ਹਨ।

### ਗਿਫਟ ਸਮਾਰਟ ਸਿਟੀ, ਗਾਂਧੀ ਨਗਰ

ਗੁਜਰਾਤ ਅੰਤਰਰਾਸ਼ਟਰੀ ਵਿੱਤ ਤਕਨਾਲੋਜੀ-ਸ਼ਹਿਰ (ਗਿਫਟ), ਗਾਂਧੀ ਨਗਰ ਵਿਚ ਬਣ ਰਿਹਾ ਸਮਾਰਟ ਸਿਟੀ ਹੈ। ਇਸ ਦਾ ਪਸਾਰ 886 ਏਕੜ (359 ਹੈਕਟੇਅਰ) ਖੇਤਰ ਵਿਚ ਹੈ। ਇਥੇ ਉੱਚ ਦਰਜੇ ਦਾ ਭੌਤਿਕੀ ਬੁਨਿਆਦੀ ਢਾਂਚਾ (ਬਿਜਲੀ, ਪਾਣੀ, ਗੈਸ, ਭੂਖੰਡੀ ਠੰਢਾਕਰਨ, ਸੜਕਾਂ, ਦੂਰ ਸੰਚਾਰ ਅਤੇ ਬ੍ਰਾਡ ਬੈਂਡ), ਵਿਸ਼ੇਸ਼ ਆਰਥਿਕ ਜ਼ੋਨ (ਐੱਸ ਈ ਜ਼ੈੱਡ), ਅੰਤਰਰਾਸ਼ਟਰੀ ਸਿੱਖਿਆ ਜ਼ੋਨ, ਇਕ ਅੰਤਰਰਾਸ਼ਟਰੀ ਟੈਕਨੋ ਪਾਰਕ, ਸ਼ਾਪਿੰਗ ਮਾਲ, ਸਟਾਕ ਐਕਸਚੇਂਜ ਅਤੇ ਸੇਵਾ ਇਕਾਈਆਂ ਦੀਆਂ ਸਹੂਲਤਾਂ ਹੋਣਗੀਆਂ। ਇਸ ਪ੍ਰਜੈਕਟ ਦੇ ਵਿਕਾਸ ਲਈ ਗੁਜਰਾਤ ਸ਼ਹਿਰੀ ਵਿਕਾਸ ਕੰਪਨੀ ਲਿਮਟਿਡ (ਗੁਡਕੋਲ) ਅਤੇ ਬੁਨਿਆਦੀ ਢਾਂਚਾ ਲੀਜ਼ਿੰਗ ਅਤੇ ਵਿੱਤੀ ਸੇਵਾਵਾਂ (ਆਈ ਐੱਲ ਐਂਡ ਐਫ ਐੱਸ) ਨੇ ਮਿਲ ਕੇ ਇਕ ਸਾਂਝੀ ਕੰਪਨੀ ਗੁਜਰਾਤ ਅੰਤਰਰਾਸ਼ਟਰੀ ਵਿੱਤੀ ਤਕਨਾਲੋਜੀ ਸ਼ਹਿਰ ਕੰਪਨੀ ਲਿਮਟਿਡ (ਜੀ ਆਈ ਐੱਫ ਟੀ ਸੀ) ਬਣਾਈ ਹੈ। ਇਸ ਪ੍ਰਜੈਕਟ ਦੀ ਅੰਦਾਜ਼ਨ ਲਾਗਤ 70,000 ਕਰੋੜ ਰੁਪਏ ਹੈ।

ਇਹ ਇਕ ਵਿਸ਼ਵੀ ਬੈਂਚਮਾਰਕ ਵਾਲਾ ਸਮਾਰਟ ਸਿਟੀ ਹੋਵੇਗਾ ਜਿਸ ਦਾ ਨਿਰਮਾਣ ਕੀਤਾ ਖੇਤਰਫਲ 85,000,000 ਵਰਗ ਫੁੱਟ (7,900,000 ਵਰਗ ਮੀਟਰ) ਹੋਵੇਗਾ ਜਿਸ ਵਿਚ ਆਧੁਨਿਕ ਸੰਪਰਕ ਸਹੂਲਤਾਂ, ਸੰਚਾਰ, ਤਕਨਾਲੋਜੀ, ਸੁਰੱਖਿਆ ਅਤੇ ਹੋਰ ਸੇਵਾਵਾਂ ਦੀ ਯੋਜਨਾਬੰਦੀ ਕੀਤੀ ਗਈ ਹੈ। ਇਸ ਨੂੰ ਸਮਾਰਟ ਅਤੇ ਪਾਇਦਾਰ ਸ਼ਹਿਰਾਂ ਦੇ ਮਾਡਲ ਦੇ ਤੌਰ ਤੇ ਪੇਸ਼ ਕੀਤਾ ਜਾਵੇਗਾ। ਇਸ ਵਿਚ ਸੁਰੱਖਿਆ ਅਤੇ ਸਵੱਛ ਵਾਤਾਵਰਨ ਅਤੇ ਘੱਟ ਊਰਜਾ ਖਪਤ ਨਾਲ ਵਾਤਾਵਰਨ ਦੀ ਸੰਪੂਰਨਤਾ, ਸਮਾਰਟ ਊਰਜਾ ਗਰਿਡ, ਪਾਈਪ ਰਾਹੀਂ ਗੈਸ ਸਪਲਾਈ, ਇੰਟਰਨੈੱਟ ਗੇਟਵੇ, ਭੂਖੰਡੀ ਠੰਢਾਕਰਨ ਪ੍ਰਣਾਲੀ, ਹਵਾਦਾਰ

ਮਾਸਟਰ ਪਲਾਨ



*ਚਿੱਤਰ-3 : ਗਿਫਟ ਸਮਾਰਟ ਸਿਟੀ, ਗਾਂਧੀਨਗਰ ਜੋ ਅੰਤਰਰਾਸ਼ਟਰੀ ਕਾਰਪੋਰੇਟ ਵਿੱਤੀ ਜ਼ਿਲ੍ਹੇ ਦੇ ਤੌਰ ਤੇ ਮੁੰਬਈ ਨਾਲ ਮੁਕਾਬਲਾ ਕਰਨ ਵਾਲਾ ਯੋਜਨਾਬਧ ਕੀਤਾ ਗਿਆ ਸੀ ਪਰ ਇਸ ਵਿਚ ਆਬਾਦੀ, ਸਥਾਨਕ ਪਛਾਣ, ਸਮਾਵੇਸ਼ੀ ਮਕਾਨ ਉਸਾਰੀ ਅਤੇ ਅਸੰਗਠਿਤ ਖੇਤਰ ਲਈ ਜਗ੍ਹਾ ਦੀ ਕਮੀ ਹੈ।*

ਕੂੜਾ ਕਚਰਾ ਪ੍ਰਬੰਧਨ ਅਤੇ ਸੁਚੱਜੀ ਬਾਇਓਨਿਕ ਪ੍ਰਣਾਲੀ ਮੁਹੱਈਆ ਕੀਤੀ ਜਾਵੇਗੀ। ਸਾਫ਼ ਕਰਕੇ ਮੁੜ ਵਰਤੋਂ ਅਤੇ ਕੂੜੇ ਕਚਰੇ ਵਿਚ ਕਮੀ ਨਾਲ ਕੁਦਰਤੀ ਵਾਤਾਵਰਨ ਨੂੰ ਬਚਾਉਣ ਵਿਚ ਮਦਦ ਮਿਲੇਗੀ। ਇਸ ਸ਼ਹਿਰ ਦੀ ਯੋਜਨਾਬੰਦੀ ਈਸਟ ਚੀਨ ਆਰਕੀਟੈਕਚਰਲ ਡਿਜ਼ਾਈਨ ਅਤੇ ਰੀਸਰਚ ਇੰਸਟੀਚਿਊਟ ਅਤੇ ਫੇਅਰਵੁਡ ਕੰਸਲਟੈਂਟਸ ਇੰਡੀਆ ਵਲੋਂ ਯੋਜਨਾਬਧ ਕੀਤਾ ਗਿਆ ਹੈ।

ਟਰਾਂਸਪੋਰਟ ਪ੍ਰਣਾਲੀ ਦਾ ਇਕ ਮਲਟੀਮਾਡਲ (ਐੱਮ ਆਰ ਟੀ ਐੱਸ/ਐੱਲਆਰ ਟੀ ਐੱਸ/ਬੀ ਆਰ ਈ ਐੱਸ ਆਦਿ) ਸ਼ਹਿਰ ਨੂੰ ਅਹਿਮਦਾਬਾਦ, ਹਵਾਈ ਅੱਡੇ, ਗਾਂਧੀਨਗਰ ਅਤੇ ਹੋਰ ਸ਼ਹਿਰਾਂ ਨਾਲ ਜੋੜਦਾ ਹੈ। ਪ੍ਰਾਈਵੇਟ ਅਤੇ ਜਨਤਕ ਟਰਾਂਸਪੋਰਟ ਦੀ 10:90 ਦੇ ਅਨੁਪਾਤ ਨਾਲ ਕੰਮ 'ਤੇ ਪੈਰੀਂ ਚਲ ਕੇ ਜਾਣ ਦਾ ਮਾਡਲ ਵਰਤਿਆ ਗਿਆ ਹੈ। ਇਸ ਤੋਂ ਇਲਾਵਾ, ਸ਼ਹਿਰ ਦੇ ਅੰਦਰ ਆਵਾਜਾਈ ਲਈ ਇਸ ਰੈਪਿਡ ਸਿਸਟਮ (ਬੀ ਆਰ ਟੀ) ਮੈਟਰੋ ਅਤੇ ਬਿਜਲੀ ਨਾਲ ਚਲਣ ਵਾਲੇ ਵਿਅਕਤੀਗਤ ਤੇਜ਼ ਰਫ਼ਤਾਰ ਆਵਾਜਾਈ ਪ੍ਰਣਾਲੀ ਨੂੰ ਯੋਜਨਾਬਧ ਕੀਤਾ ਗਿਆ ਹੈ।

*(ਲੇਖਕ ਸਾਬਕਾ ਕਮਿਸ਼ਨਰ (ਯੋਜਨਾਬੰਦੀ) ਡੀ ਡੀ ਏ ਹੈ ਜਿਸ ਨੇ ਦਿੱਲੀ 2021 ਦੇ ਮਾਸਟਰ ਪਲਾਨ ਉਪਰ ਕੰਮ ਕੀਤਾ ਹੈ ਅਤੇ ਸ਼ਹਿਰੀ ਵਿਕਾਸ ਮੰਤਰਾਲਾ ਦੀ ਦਿੱਲੀ ਵਿਕਾਸ ਬਾਰੇ ਬਣੀ ਕਮੇਟੀ ਦਾ ਮੈਂਬਰ ਹੈ ਅਤੇ ਸੰਯੁਕਤ ਰਾਸ਼ਟਰ ਹੈਬੀਟੈਟ ਵਿਚ ਸਲਾਹਕਾਰ ਹੈ।)*

*e-mail :ak.jain6@gmail.com*

**ਸਫ਼ਾ 11 ਦੀ ਬਾਕੀ**

ਅਸੀਂ ਆਪਣੇ ਭੂ-ਰਾਜਨੀਤਕ ਗੁਆਂਢ ਦੀਆਂ ਸਫਲਤਾ ਦੀਆਂ ਕਹਾਣੀਆਂ ਤੋਂ ਸਬਕ ਨਹੀਂ ਲੈਂਦੇ, ਅਸੀਂ ਅੱਗੇ ਨਹੀਂ ਵਧ ਸਕਾਂਗੇ। ਇਹ ਸਾਡੀਆਂ ਢਿੱਲੀਆਂ-ਮੱਠੀਆਂ ਆਰਥਿਕ ਨੀਤੀਆਂ ਦਾ ਨਤੀਜਾ ਹੈ ਜਿਨ੍ਹਾਂ 'ਤੇ ਅਸੀਂ ਚੱਲ ਰਹੇ ਹਾਂ, ਅਸੀਂ ਇਸ ਖੇਤਰ ਵਿਚ ਬਹੁਤ ਜ਼ਿਆਦਾ ਫਜ਼ੂਲ ਦੀਆਂ ਗੱਲਾਂ ਕੀਤੀਆਂ ਹਨ, ਹਕੀਕਤ ਵਿਚ ਬਹੁਤ ਘੱਟ। ਅਸੀਂ ਸਿਰਫ਼ ਆਸ ਕਰ ਸਕਦੇ ਹਾਂ ਕਿ '2020 ਤਕ ਸਾਰਿਆਂ ਲਈ ਘਰ ਅਸਲ ਵਿਚ ਸਮਾਰਟ ਤਕਨਾਲੋਜੀਆਂ' ਲੈ ਕੇ ਆਵੇਗਾ ਜੋ ਭਾਰਤ ਵਿਚ ਮਕਾਨ ਉਸਾਰੀ ਦੇ ਇਨਕਲਾਬ ਦਾ ਮੁੱਢ ਬੰਨ੍ਹੇਗਾ।

*(ਲੇਖਕ ਪ੍ਰੋਫ਼ੈਸਰ ਤੇ ਮੁਖੀ, ਡਿਪਾਰਟਮੈਂਟ ਆਫ਼ ਹਾਊਸਿੰਗ ਸਕੂਲ ਆਫ਼ ਪਲਾਨਿੰਗ ਐਂਡ ਆਰਕੀਟੈਕਚਰ (ਐੱਸ ਪੀ ਏ) ਨਵੀਂ ਦਿੱਲੀ ਅਤੇ ਚੇਅਰਮੈਨ, ਦਿੱਲੀ ਅਰਬਨ ਆਰਟ ਕਮਿਸ਼ਨ, ਭਾਰਤ ਸਰਕਾਰ ਹੈ।)*

*e-mail :drpsnrao@hotmail.com*

**ਜਰਨਲ ਯੂਨਿਟ ਦਾ ਨਵਾਂ ਪਤਾ**

*ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,*
*ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,*
*ਲੋਧੀ ਰੋਡ, ਨਵੀਂ ਦਿੱਲੀ-110003*
ਫ਼ੋਨ: 011-24367260 ਫੈਕਸ : 011-24365609
ਈਮੇਲ : *pdjucir@gmail.com*

# ਸਮਾਰਟ ਸ਼ਹਿਰਾਂ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਅ ਕੇ ਰੱਖਣਾ

**ਆਰ ਕੇ ਭਸੀਨ**

ਜਦੋਂ ਤੋਂ ਪ੍ਰਧਾਨ ਮੰਤਰੀ ਨੇ ਸਰਕਾਰ ਦੀ ਵਾਗਡੋਰ ਸੰਭਾਲੀ ਹੈ, ਉਦੋਂ ਤੋਂ ਹੀ ਉਨ੍ਹਾਂ ਨੇ ਬੜੇ ਜ਼ੋਰ-ਸ਼ੋਰ ਨਾਲ 'ਸਮਾਰਟ ਸ਼ਹਿਰਾਂ' 'ਤੇ ਧਿਆਨ ਕੇਂਦਰਿਤ ਕੀਤਾ ਹੋਇਆ ਹੈ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ 100 ਸਮਾਰਟ ਸ਼ਹਿਰ ਉਸਾਰਨ ਦੀ ਪ੍ਰਕਿਰਿਆ ਸ਼ੁਰੂ ਕਰੇਗੀ ਜਿਸ ਲਈ ਚਾਲੂ ਮਾਲੀ ਸਾਲ ਦੇ ਬਜਟ ਪ੍ਰਸਤਾਵਾਂ ਵਿਚ 7060 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਮੌਜੂਦਾ ਦਰਮਿਆਨੇ ਆਕਾਰ ਦੇ ਕੁਝ ਸ਼ਹਿਰਾਂ ਦੀ ਨਿਸ਼ਾਨਦੇਹੀ ਨੈਸ਼ਨਲ ਸਸਟੇਨੇਬਲ ਹੈਬੀਟੈਟ ਐਂਡ ਸਮਾਰਟ ਸਿਟੀ ਮਿਸ਼ਨ (ਐੱਨ ਐੱਸ ਐੱਚ ਐੱਸ ਸੀ ਐੱਮ) ਵਲੋਂ ਕੀਤੀ ਜਾਵੇਗੀ ਜੋ ਇਨ੍ਹਾਂ ਪ੍ਰਾਜੈਕਟਾਂ ਪਿੱਛੇ ਮੁੱਖ ਸ਼ਕਤੀ ਦਾ ਕੰਮ ਕਰਨਗੇ।


ਜਿਵੇਂ ਕਿ ਅਸੀਂ ਜਾਣਦੇ ਹਾਂ, ਸ਼ਹਿਰੀਕਰਨ ਦਾ ਰੁਝਾਨ ਰੁਕਣ ਵਾਲਾ ਨਹੀਂ। ਹਰੇਕ ਦੇਸ਼ ਲਈ ਸ਼ਹਿਰ ਵਿਕਾਸ ਦਾ ਕਾਰਕ ਹੁੰਦੇ ਹਨ ਅਤੇ ਭਾਰਤ ਵੀ ਇਸ ਤੋਂ ਵੱਖਰਾ ਨਹੀਂ। 2011 ਦੀ ਹਾਲੀਆ ਭਾਰਤੀ ਜਨਗਣਨਾ ਮੁਤਾਬਕ ਲਗਭਗ 31 ਪ੍ਰਤਿਸ਼ਤ ਜਨਸੰਖਿਆ ਸ਼ਹਿਰਾਂ ਵਿਚ ਵਸਦੀ ਹੈ ਅਤੇ ਇਸ ਦੇ ਵਧ ਕੇ 40 ਪ੍ਰਤਿਸ਼ਤ ਹੋਣ ਦੀ ਆਸ ਹੈ, ਅਗਲੇ 15 ਸਾਲਾਂ ਵਿਚ ਇਸ ਦੀ ਕੁੱਲ ਘਰੇਲੂ ਉਤਪਾਦ ਵਿਚ ਹਿੱਸੇਦਾਰੀ 75 ਪ੍ਰਤਿਸ਼ਤ ਦੇ ਲਗਭਗ ਹੋਵੇਗੀ। ਵਿਸ਼ਵੀ ਅਨੁਭਵਾਂ ਦੇ ਸੰਦਰਭ ਵਿਚ ਵੇਖੀਏ ਤਾਂ 30 ਪ੍ਰਤਿਸ਼ਤ ਤੋਂ ਅੱਗੇ ਕਿਸੇ ਵੀ ਦੇਸ਼ ਦਾ ਸ਼ਹਿਰੀਕਰਨ ਬਹੁਤ ਤੇਜ਼ ਗਤੀ ਨਾਲ ਹੁੰਦਾ ਹੈ। ਇਹ ਭਾਰਤ ਨੂੰ ਇਕ ਅਜਿਹੇ ਮੋੜ 'ਤੇ ਲਿਆ ਖੜ੍ਹਾ ਕਰਦਾ ਹੈ ਜਿਸ ਕਾਰਨ ਸ਼ਹਿਰਾਂ ਵਿਚ ਗਿਰਾਵਟ ਆਉਂਦੀ ਹੈ।

ਇਸ ਕਰਕੇ ਹਰ ਪ੍ਰਕਾਰ ਦੇ ਬੁਨਿਆਦੀ ਢਾਂਚੇ ਤੋਂ ਅਗਾਂਹ ਨਿਵੇਸ਼ ਅਹਿਮ ਹੈ ਤਾਂ ਕਿ ਵਿਕਾਸਮੁਖੀ ਸੰਭਾਵਨਾ ਨੂੰ ਉਜਾਗਰ ਅਤੇ ਗਿਰਾਵਟ ਨੂੰ ਠੱਲ੍ਹ ਪਾਈ ਜਾ ਸਕੇ। ਲੋੜ ਅਤੇ ਭਵਿੱਖ ਦੀ ਦ੍ਰਿਸ਼ਟੀ ਨੂੰ ਮੁੱਖ ਰੱਖਦਿਆਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠਲੀ ਭਾਰਤ ਸਰਕਾਰ ਨੇ ਦੇਸ਼ ਅੰਦਰ 100 ਸਮਾਰਟ ਸ਼ਹਿਰ ਵਿਕਸਤ ਕਰਨ ਦਾ ਖ਼ਾਕਾ ਉਲੀਕਿਆ ਹੈ।

## ਸਮਾਰਟ ਸ਼ਹਿਰ ਹੈ ਕੀ?

ਇਸ ਦੀ ਦ੍ਰਿਸ਼ਟੀ ਨੂੰ ਵੇਖਦਿਆਂ ਸਮਾਰਟ ਸ਼ਹਿਰਾਂ ਨੂੰ ਕਈ ਤਰੀਕਿਆਂ ਨਾਲ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਸ ਦੀ ਕੋਈ ਪੱਕੀ ਪਰਿਭਾਸ਼ਾ ਤਾਂ ਨਹੀਂ, ਕੁਝ ਰੂਪ ਹੇਠਾਂ ਦਿਤੇ ਜਾ ਰਹੇ ਹਨ :-

ਅਮਰੀਕਾ ਦਾ ਵਿਗਿਆਨਕ ਤੇ ਤਕਨੀਕੀ ਸੂਚਨਾ ਵਿਭਾਗ ਇਸ ਦੀ ਪਰਿਭਾਸ਼ਾ ਦਿੰਦਾ ਹੈ, *"ਜੋ ਅਹਿਮ ਬੁਨਿਆਦੀ ਢਾਂਚਿਆਂ ਦੇ ਹਾਲਾਤ ਦੀ ਨਿਗਰਾਨੀ ਅਤੇ ਏਕੀਕਰਨ ਕਰਦਾ ਹੈ, ਸਰੋਤਾਂ ਦਾ ਬੇਹਰਤ ਇਸਤੇਮਾਲ ਕਰਦਾ ਹੈ, ਰੱਖ-ਰਖਾਅ ਦੀਆਂ ਸਰਗਰਮੀਆਂ ਦੀ ਯੋਜਨਾ ਬਣਾਉਂਦਾ ਹੈ ਅਤੇ ਸੇਵਾਵਾਂ ਨੂੰ ਵਧਾਉਣ ਵੇਲੇ ਸੁਰੱਖਿਆ ਦੇ ਪੱਖਾਂ ਦੀ ਨਿਗਰਾਨੀ ਕਰਦਾ ਹੈ।"* ਇੰਗਲੈਂਡ ਦਾ ਵਪਾਰਕ ਖੋਜ ਅਤੇ ਹੁਨਰ ਵਿਭਾਗ ਇਸ ਦੀ ਵਿਆਖਿਆ ਕਰਦਾ ਹੈ, *"ਇਕ ਪ੍ਰਕਿਰਿਆ, ਉਪਰਾਲਿਆਂ ਦੀ ਲੜੀ ਜਿਨ੍ਹਾਂ ਕਰਕੇ ਸ਼ਹਿਰ ਹੋਰ ਜ਼ਿਆਦਾ 'ਰਹਿਣਯੋਗ' ਅਤੇ ਲਚਕਦਾਰ ਬਣਦੇ ਹਨ, ਨਤੀਜਤਨ ਨਵੀਆਂ ਚੁਨੌਤੀਆਂ ਪ੍ਰਤਿ ਜਲਦੀ ਹੁੰਗਾਰਾ ਭਰਦੇ ਹਨ। ਇਸ ਤਰ੍ਹਾਂ ਇਕ ਸਮਾਰਟ ਸ਼ਹਿਰ ਨੂੰ ਹਰੇਕ ਸ਼ਹਿਰੀ ਨੂੰ ਪੇਸ਼ ਕੀਤੀਆਂ ਜਾ ਰਹੀਆਂ ਸਾਰੀਆਂ ਸੇਵਾਵਾਂ ਦਾ ਲਾਭ ਲੈਣ ਦੇ ਸਮਰੱਥ ਬਣਾਉਣਾ ਚਾਹੀਦਾ ਹੈ, ਭਾਵੇਂ ਇਹ ਜਨਤਕ ਹੋਣ ਜਾਂ ਨਿੱਜੀ, ਉਹ ਵੀ ਉਸ ਦੀਆਂ ਲੋੜਾਂ ਦੇ ਅਨੁਸਾਰ ਬਿਲਕੁਲ ਢੁਕਵੀਆਂ।"* ਮੋਟੇ ਤੌਰ ਤੇ ਜਦੋਂ ਅਸੀਂ ਅਮਲ ਕਰਨ ਦੇ ਪਰਿਪੇਖ ਤੋਂ ਵੇਖਦੇ ਹਾਂ ਤਾਂ ਇਕ ਸਮਾਰਟ ਸ਼ਹਿਰ ਨੂੰ ਮੌਜੂਦਾ ਰਵਾਇਤੀ ਸਾਧਨਾਂ ਨੂੰ ਨਾਮ ਦੇਣਾ ਹੋਵੇਗਾ ਅਤੇ ਆਧੁਨਿਕਤਾ ਨੂੰ ਗਲੇ ਲਾਉਣਾ ਹੋਵੇਗਾ ਤਾਂ ਕਿ ਰਹਿਣ-ਬਹਿਣ ਦਾ ਬੇਹਤਰ ਪੱਧਰ, ਸਥਿਰ ਵਿਕਾਸ ਅਤੇ ਸਰੋਤਾਂ ਦਾ ਬੇਹਤਰ ਪ੍ਰਬੰਧਨ ਕੀਤਾ ਜਾ ਸਕੇ।





*ਚਾਰਟ-1 : ਵਧ ਰਿਹਾ ਸ਼ਹਿਰੀਕਰਨ*

## ਖ਼ਾਕਾ ਅਤੇ ਵਿਸ਼ੇਸ਼ਤਾਵਾਂ

ਸ਼ਹਿਰੀ ਵਿਕਾਸ ਮੰਤਰਾਲਾ ਦੀ ਸਮੂਹਿਕ ਅਗਵਾਈ ਹੇਠ ਇਕ ਸੰਗਠਿਤ ਸਮਰਥਾ ਦੇਣਾ ਜਿਸ ਦੇ ਤਿੰਨ ਪ੍ਰਮੁੱਖ ਸਹਾਇਕ ਹਨ, ਨੂੰ ਅਮਲਦਾਰੀ ਦਾ ਮਾਡਲ ਆਖਿਆ ਜਾ ਸਕਦਾ ਹੈ। ਇਹ ਪ੍ਰਮੁੱਖ ਅੰਗਾਂ ਨੂੰ ਉਜਾਗਰ ਕਰਦਾ ਹੈ ਜੋ ਕਿਸੇ ਸਮਾਰਟ ਸ਼ਹਿਰ ਅਤੇ ਨਾਲ ਹੀ ਸਹਾਇਕਾਂ ਨੂੰ ਵਿਆਖਿਅਤ ਕਰਨ ਲਈ ਅਹਿਮ ਹਨ ਜੋ ਇਸ ਦੇ ਲਾਗੂ ਹੋਣਾ ਯਕੀਨੀ ਬਣਾ ਸਕਦੇ ਹਨ।

ਸਮਾਰਟ ਸ਼ਹਿਰ ਪ੍ਰਣਾਲੀ ਜਨਤਕ ਅਤੇ ਨਿੱਜੀ ਖੇਤਰ ਦਰਮਿਆਨ ਇਕ ਵਡੇਰੀ ਸਾਂਝ ਹੈ। ਸ਼ਹਿਰ ਦੇ ਯੋਜਨਾਕਾਰ ਅਤੇ ਵਿਕਾਸ ਕਰਨ ਵਾਲੇ, ਗ਼ੈਰ ਸਰਕਾਰੀ ਸੰਸਥਾਵਾਂ, ਸੂਚਨਾ ਤਕਨਾਲੋਜੀ ਦੇ ਜਾਣਕਾਰ, ਸਾਫ਼ਟਵੇਅਰ ਵੇਚਣ ਵਾਲੇ, ਊਰਜਾ ਤੇ ਸੇਵਾਵਾਂ ਦੇਣ ਵਾਲੇ, ਮੋਟਰ ਵਾਹਨ ਉਦਯੋਗ ਅਤੇ ਸਹੂਲਤਾਂ ਦੇਣ ਵਾਲੇ ਅਤੇ ਨਾਲ ਦੀ




ਨਾਲ ਮੋਬਾਇਲ ਤਕਨਾਲੋਜੀ ਲਈ ਤਕਨਾਲੋਜੀ ਪ੍ਰਦਾਨ ਕਰਨ ਵਾਲੇ, ਕਲਾਊਡ ਕੰਪਿਊਟਿੰਗ ਨੈੱਟਵਰਕਿੰਗ, ਮਸ਼ੀਨ ਤੋਂ ਮਸ਼ੀਨ ਅਤੇ ਰੇਡੀਓ ਫ੍ਰੀਕੁਐਂਸੀ ਦੀ ਪਛਾਣ ਅਤੇ ਸਮਾਜ, ਸਾਰਿਆਂ ਦੀ ਇਸ ਵਿਚ ਭੂਮਿਕਾ ਬਣਦੀ ਹੈ।

ਸ਼ਹਿਰਾਂ ਨੂੰ ਸੁਰੱਖਿਅਤ ਅਤੇ ਆਫ਼ਤ ਤੋਂ ਬਚਾ ਕੇ ਰੱਖਣ ਦਾ ਮੁੱਦਾ ਅੰਸ਼ਕ ਤੌਰ ਤੇ ਸਥਿਰਤਾ ਅਤੇ ਜੀਵਨ ਪੱਧਰ ਦੇ ਦਾਇਰੇ ਹੇਠ ਆਉਂਦਾ ਹੈ। ਆਉ, ਉਨ੍ਹਾਂ ਸੰਭਾਵਿਤ ਤੌਰ ਤਰੀਕਿਆਂ 'ਤੇ ਝਾਤ ਪਾਈਏ ਤਾਂ ਕਿ ਯਕੀਨੀ ਹੋ ਸਕੇ ਕਿ ਸ਼ਹਿਰ 1) ਕੁਦਰਤੀ ਆਫ਼ਤ ਰਹਿਤ ਅਤੇ 2) ਸੁਰੱਖਿਅਤ ਰਹਿਣ।

## ਜਨਤਕ ਬਚਾਅ ਤੇ ਸੁਰੱਖਿਆ

ਜਨਤਕ ਬਚਾਅ ਤੇ ਸੁਰੱਖਿਆ ਸ਼ਹਿਰ ਪ੍ਰਬੰਧਕਾਂ ਲਈ ਪ੍ਰਮੁੱਖ ਮੁੱਦਾ ਬਣ ਚੁੱਕੇ ਹਨ। ਇਸ ਵਿਚ ਜੁਰਮ ਕੁਦਰਤੀ ਆਫ਼ਤਾਂ, ਦੁਰਘਟਨਾਵਾਂ ਜਾਂ ਅਤਿਵਾਦ ਖ਼ਿਲਾਫ਼ ਸੁਰੱਖਿਆ ਸ਼ਾਮਿਲ ਹੈ। ਸੁਰੱਖਿਆ ਸਿਰਫ਼ ਸੜਕੀ ਹਿੰਸਾ ਤਕ ਹੀ ਸੀਮਤ ਨਹੀਂ ਹੈ ਪਰ ਇਸ ਵਿਚ ਵਿੱਤੀ ਅਪਰਾਧ, ਸਾਈਬਰ ਅਪਰਾਧ, ਅੰਕੜਿਆਂ ਨੂੰ ਚੋਰੀ ਕਰਨਾ ਆਦਿ ਵੀ ਆਉਂਦੇ ਹਨ।

*ਟੈਲੀ-ਨਿਗਰਾਨੀ* ਪ੍ਰਣਾਲੀ ਦੀ ਭੂਮਿਕਾ ਮਹੱਤਵਪੂਰਨ ਬਣ ਜਾਂਦੀ ਹੈ ਅਤੇ ਅਸਲ ਸੰਚਾਰ ਸਮਰੱਥਾਵਾਂ ਦੇ ਨਾਲ ਮਿਲ ਕੇ, ਇਹ ਆਪਾਤ ਕਾਲ ਦੇ ਸਮੇਂ ਵਿਚ ਲਾਭਦਾਇਕ ਹੋ ਸਕਦੀ ਹੈ। ਖ਼ੁਫੀਆ ਜਾਣਕਾਰੀ ਦੇ ਅੰਕੜੇ ਇਕੱਤਰ ਕਰ ਕੇ ਮੁੱਲੰਕਣ ਕਰਨ ਤੋਂ ਲੈ ਕੇ, ਏਜੰਸੀਆਂ ਦਰਮਿਆਨ ਸੂਚਨਾ ਸਾਂਝੀ ਕਰਨਾ, ਕਿਸੇ ਹੰਗਾਮੀ ਹਾਲਾਤ ਵਿਚ ਜਵਾਬੀ ਟੀਮਾਂ ਲਈ ਸੰਚਾਰ ਯਕੀਨੀ ਬਣਾਉਣ ਲਈ ਉੱਚ ਪਾਇ ਦੀ ਤੇ ਨਿਰੰਤਰ ਟੈਲੀ-ਨਿਗਰਾਨੀ ਪ੍ਰਣਾਲੀਆਂ – ਇਹ ਸਭ ਨਾਗਰਿਕਾਂ ਅਤੇ ਬੁਨਿਆਦੀ ਢਾਂਚੇ ਦੀ ਸੁਰੱਖਿਆ ਦਾ ਵਾਤਾਵਰਨ ਸਿਰਜਣ ਵਿਚ ਸਹਾਈ ਹੁੰਦੇ ਹਨ।

ਸੁਰੱਖਿਅਤ ਸ਼ਹਿਰ ਲਈ ਕੁਝ ਤੰਤਰ ਅਤੇ ਦਖ਼ਲਾਂ ਵਿਚ ਇਹ ਸ਼ਾਮਿਲ ਹੋ ਸਕਦੇ ਹਨ :

- ***ਟੈਲੀ-ਨਿਗਰਾਨੀ :*** ਇਹ ਬਹੁਤ ਅਹਿਮ ਹੈ ਕਿ ਪ੍ਰਣਾਲੀਆਂ ਚੌਵੀ ਘੰਟੇ ਉਪਲਬਧ ਰਹਿਣ ਅਤੇ ਹੰਗਾਮੀ ਹਾਲਤਾਂ ਵਿਚ ਕੰਟਰੋਲ ਕੇਂਦਰਾਂ ਤੋਂ ਹਦਾਇਤਾਂ ਲੈਣ ਲਈ ਇਨ੍ਹਾਂ 'ਤੇ ਭਰੋਸਾ ਕੀਤਾ ਜਾ ਸਕੇ। ਨਿਗਰਾਨੀ ਛੋਟੇ-ਮੋਟੇ ਅਪਰਾਧਾਂ ਖ਼ਿਲਾਫ਼ ਇਕ ਵਧੀਆ ਹਥਿਆਰ ਹੈ ਅਤੇ ਖ਼ੁਫ਼ੀਆ ਜਾਣਕਾਰੀ ਇਕੱਤਰ ਕਰਨ ਦਾ ਇਕ ਕਾਰਗਰ ਸਰੋਤ। ਇਹ ਵੀ ਮਹੱਤਵਪੂਰਨ ਹੈ ਕਿ ਇਹ ਅੰਕੜੇ ਅਤੇ ਦ੍ਰਿਸ਼ ਕਿਸੇ ਵੀ ਸਥਾਨ 'ਤੇ, ਕਿਸੇ ਵੀ ਸਕਰੀਨ 'ਤੇ ਸਮਾਰਟ ਫ਼ੋਨ, ਲੈਪਟਾਪ ਜਾਂ ਪੁਲਿਸ ਦੇ ਗਸ਼ਤੀ ਵਾਹਨ 'ਤੇ ਵੇਖੇ ਜਾ ਸਕਣ।

- ***ਅੰਕੜਿਆਂ ਦੀ ਈਮਾਨਦਾਰੀ :*** ਸੰਕੇਤਕ ਹੱਲਾਂ ਨੂੰ ਧਿਆਨ ਵਿਚ ਰੱਖ ਕੇ ਉਪਕਰਣ ਨਮੂਨਿਆਂ ਨੂੰ ਬਣਾਉਣਾ ਤੇ ਵਿਕਸਤ ਕਰਨਾ ਯਕੀਨੀ ਬਣਾਉਂਦਾ ਹੈ ਕਿ ਇਹ ਸਿਰਫ਼ ਨਿਯੰਤ੍ਰਣ ਕੇਂਦਰਾਂ ਨਾਲ ਹੀ ਸੰਚਾਰ ਸਥਾਪਿਤ ਕਰਨ ਅਤੇ ਸੁਨੇਹਿਆਂ ਦਾ ਪ੍ਰਮਾਣੀਕਰਨ ਕੀਤਾ ਜਾ ਸਕੇ। ਪਰ, ਈਮਾਨਦਾਰੀ ਦਾ ਮਤਲਬ ਇਹ ਹੋਵੇਗਾ ਕਿ ਅਸੁਰੱਖਿਅਤ ਲਾਈਨਾਂ ਤੋਂ ਅੰਕੜੇ ਸਾਂਝੇ ਕਰਨ ਲਈ ਉਨ੍ਹਾਂ ਦਾ ਸੰਕੇਤੀਕਰਨ ਕੀਤਾ ਜਾਵੇ। ਪ੍ਰਮਾਣੀਕਰਨ, ਦਸਤਖ਼ਤ ਅਤੇ ਸੰਕੇਤੀਕਰਨ ਲਈ ਡਿਜ਼ੀਟਲ ਪ੍ਰਮਾਣ-ਪੱਤਰ ਵੀ ਵਰਤੇ ਜਾ ਸਕਦੇ ਹਨ। ਖੋਜੀ ਭਾਈਚਾਰੇ ਕੋਲ ਵਰਤਮਾਨ ਸਮੇਂ ਸਮੱਸਿਆਵਾਂ ਦੇ ਹੱਲ ਦੀਆਂ ਪ੍ਰਕਿਰਿਆਵਾਂ ਮੌਜੂਦ ਹਨ, ਜੋ ਖ਼ੁਫ਼ੀਆ ਬਣਾਈ ਰੱਖਣ ਅਤੇ ਅੰਕੜਿਆਂ ਨੂੰ ਸਾਂਝੇ ਕਰਨ ਦੇ ਲਾਭ ਲੈਣ ਲਈ ਵਰਤੇ ਜਾ ਸਕਦੇ ਹਨ।

- ***ਸਾਂਝੀਆਂ ਜਵਾਬੀ ਕੋਸ਼ਿਸ਼ਾਂ :*** ਅਜਿਹਾ ਬੁਨਿਆਦੀ ਢਾਂਚਾ ਹੋਣਾ ਜ਼ਰੂਰੀ ਹੈ ਜੋ ਸੰਗਠਨਾਂ ਨੂੰ ਇਕ ਦੂਜੇ ਤੋਂ ਪ੍ਰਾਪਤ ਅੰਕੜਿਆਂ ਦੇ ਆਧਾਰ 'ਤੇ, ਇਕ ਪ੍ਰਣਾਲੀ ਵਿਚ ਕੰਮ ਕਰਨ ਦੀ ਆਗਿਆ ਦਿੰਦਾ ਹੋਵੇ – ਮਿਸਾਲ ਲਈ ਜੇ ਇਕ ਪ੍ਰਣਾਲੀ ਇਸ਼ਾਰਾ ਕਰੇ ਕਿ ਕੋਈ ਵਾਹਨ ਚੋਰੀ ਹੋ ਗਿਆ ਹੈ, ਤਾਂ ਇਹ ਆਪਣੇ ਆਪ ਨਜ਼ਦੀਕੀ ਕੈਮਰਿਆਂ ਨੂੰ ਚਾਲਕ ਦੀ ਤਸਵੀਰ ਲੈਣ ਲਈ ਤਿਆਰ ਕਰ ਦੇਵੇ। ਬੇਹਤਰ ਪ੍ਰਣਾਲੀਆਂ ਸਮੂਹਿਕ ਕਾਰਜ ਨੂੰ ਸੰਭਵ ਕਰਦੀਆਂ ਹਨ – ਇਸੇ ਦ੍ਰਿਸ਼ ਵਿਚ ਹੀ, ਇਕ ਵਾਰੀ ਵਾਹਨ ਦੀ ਪਛਾਣ ਹੋ ਜਾਵੇ ਤਾਂ ਨੇੜਲੇ ਸਾਰੇ ਥਾਣਿਆਂ ਨੂੰ ਚਿਤਾਵਨੀ ਚਲੀ ਜਾਣੀ ਚਾਹੀਦੀ ਹੈ ਜੋ ਸਾਂਝੀ ਜਾਣਕਾਰੀ ਦੇ ਆਧਾਰ 'ਤੇ ਮਿਲ ਕੇ ਕੰਮ ਕਰਦੇ ਹਨ। ਜਾਂ ਜਦੋਂ ਕਿਸੇ ਨਾਗਰਿਕ ਨੂੰ ਐਂਬੂਲੈਂਸ ਸੇਵਾ ਦੀ ਲੋੜ ਹੋਵੇ ਤਾਂ ਸਾਰੇ ਯਾਤਾਯਾਤ ਸਿਗਨਲਾਂ ਨੂੰ ਅੰਕੜੇ ਭੇਜ ਕੇ ਸਿਗਨਲ ਹਰਾ ਕਰਨ ਲਈ ਸੁਨੇਹੇ ਚਲੇ ਜਾਣੇ ਚਾਹੀਦੇ ਹਨ ਤਾਂ ਕਿ ਨੇੜਲੇ ਹਸਪਤਾਲ ਮਰੀਜ਼ ਨੂੰ ਪਹੁੰਚਾਇਆ ਜਾ ਸਕੇ।

***2. ਆਫ਼ਤ ਰਹਿਤ :*** ਸਮਾਰਟ ਸ਼ਹਿਰਾਂ ਦਾ ਮਤਲਬ ਸਿਰਫ਼ ਆਰਾਮ ਪ੍ਰਦਾਨ ਕਰਨਾ ਹੀ ਨਹੀਂ ਪਰ ਕੁਦਰਤੀ ਆਫ਼ਤਾਂ ਦੇ ਪ੍ਰਭਾਵ ਨੂੰ ਵੀ ਘੱਟ ਤੋਂ ਘੱਟ ਕਰਨਾ ਹੈ। ਇਸ ਦੇ ਲਈ ਸਮਾਰਟ ਸ਼ਹਿਰੀ ਯੋਜਨਾਬੰਦੀ ਅਤੇ ਕੁਦਰਤੀ ਆਫ਼ਤਾਂ ਨੂੰ ਝੱਲਣ ਵਾਲੀਆਂ ਇਮਾਰਤਾਂ ਉਸਾਰਨ ਦੀ ਲੋੜ ਹੈ। ਨਾਲ ਹੀ, ਸ਼ਹਿਰਾਂ ਨੂੰ ਊਰਜਾ ਕੁਸ਼ਲਤਾ ਦੇ ਨਵੇਂ ਤਰੀਕੇ ਵਿਕਸਤ ਕਰਨੇ ਪੈਣਗੇ, ਅਤੇ ਕੁਦਰਤੀ ਸਾਧਨਾਂ ਦੀ ਵਰਤੋਂ 'ਤੇ ਜ਼ੋਰ ਘਟਾਉਣ ਲਈ ਨਿਕਾਸੀ ਪ੍ਰਣਾਲੀ ਨੂੰ ਸੁਧਾਰਨਾ ਹੋਵੇਗਾ ਅਤੇ ਹਵਾ, ਪਾਣੀ ਅਤੇ ਮਿੱਟੀ ਨੂੰ ਸ਼ੁੱਧ ਰੱਖਣ ਲਈ ਸ਼ੁੱਧੀਕਰਨ ਪ੍ਰਣਾਲੀਆਂ ਵਿਕਸਤ ਕਰਨੀਆਂ ਹੋਣਗੀਆਂ। ਧਿਆਨ ਦਾ ਕੇਂਦਰ ਮਾਡੂਲਰ ਅਤੇ ਖ਼ੁਦਮੁਖ਼ਤਿਆਰ ਛੋਟੇ ਰਿਹਾਇਸ਼ੀ ਮਕਾਨਾਂ ਵੱਲ ਹੋ ਜਾਵੇਗਾ ਜਿਥੇ ਵਿਅਕਤੀ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਾਰੇ ਸਾਧਨ ਮੌਜੂਦ ਹੋਣਗੇ। ਮੁੜ ਬਹਾਲੀ ਦੇ ਯੰਤਰ ਅਤੇ ਤੜੀ

***ਬਾਕੀ ਸਫ਼ਾ 25 ਉੱਤੇ***

# ਗਤੀਸ਼ੀਲਤਾ ਜਾਂ ਬੇਲੋੜਾ ਨੁਕਸਾਨ

✍ ਮਾਧਵ ਪਾਈ ਤੇ ਪ੍ਰਿਅੰਕਾ ਵਾਸੂਦੇਵਨ

ਫਲਾਈਓਵਰ, ਧਰਾਤਲ ਤੋਂ ਉੱਚੀਆਂ ਸੜਕਾਂ, ਐਕਸਪ੍ਰੈੱਸ ਵੇਅ ਸਾਡੇ ਸ਼ਹਿਰਾਂ ਵਿਚ ਆਮ ਗੱਲ ਬਣ ਚੁੱਕੇ ਹਨ। 1999 ਤੋਂ ਲੈ ਕੇ, ਮੁੰਬਈ ਅਤੇ ਇਸ ਦੇ ਆਸ-ਪਾਸ 60 ਫਲਾਈਓਵਰ ਬਣਾਏ ਗਏ ਤਾਂ ਕਿ ਭੀੜ ਘੱਟ ਕੀਤੀ ਜਾ ਸਕੇ: ਬਾਂਦਰਾ-ਵਰਲੀ ਸਮੁੰਦਰੀ ਸੰਪਰਕ, ਪੂਰਬੀ ਐਕਸਪ੍ਰੈੱਸ ਵੇਅ, ਇਸ ਦੇ ਨਾਲ ਹੀ ਦੋ ਪੂਰਬ-ਪੱਛਮ ਸੰਪਰਕ, ਜੋਗੇਸ਼ਵਰੀ-ਵਿਖਰੋਲੀ ਸੰਪਰਕ ਸੜਕ ਅਤੇ ਸਾਂਤਾ ਕਰੂਜ਼-ਚੈਂਬੂਰ ਲਿੰਕ ਰੋਡ। ਸ਼ਹਿਰ ਪਹਿਲਾਂ ਹੀ ਇਸ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਲਈ 20,000 ਕਰੋੜ ਰੁਪਏ ਤੋਂ ਵੱਧ ਖਰਚਾ ਕਰ ਚੁੱਕਾ ਹੈ। ਇਸ ਦੇ ਰੱਖ-ਰਖਾਅ ਲਈ ਸ਼ਹਿਰ ਲਗਭਗ ਦੋ ਤੋਂ ਤਿੰਨ ਹਜ਼ਾਰ ਕਰੋੜ ਰੁਪਏ ਖਰਚ ਕਰਦਾ ਹੈ – ਜੋ ਕਿਸੇ ਦਰਮਿਆਨੇ ਆਕਾਰ ਦੇ, ਅਹਿਮਦਾਬਾਦ ਵਰਗੇ ਨਗਰ ਨਿਗਮ ਦੇ ਸਾਲਾਨਾ ਬਜਟ ਦੇ ਲਗਭਗ ਬਰਾਬਰ ਹਨ।


2009 ਵਿਚ ਬਾਂਦਰਾ-ਵਰਲੀ ਸਮੁੰਦਰੀ ਸੰਪਰਕ ਦਾ ਉਦਘਾਟਨ ਬਹੁਤ ਹੀ ਜਸ਼ਨ ਮਨਾਉਣ ਵਰਗੀ ਗੱਲ ਸੀ। ਸਾਰੀ ਮੁੰਬਈ ਇਸ ਨਵੇਂ ਬੁਨਿਆਦੀ ਢਾਂਚੇ 'ਤੇ ਮਾਣ ਮਹਿਸੂਸ ਕਰ ਰਹੀ ਸੀ, ਇਸ ਆਸ ਨਾਲ ਕਿ ਆਉਣ ਵਾਲੇ ਦਿਨਾਂ ਵਿਚ ਸ਼ਹਿਰ ਦੀ ਗਤੀਸ਼ੀਲਤਾ ਵਿਚ ਵੱਡਾ ਬਦਲਾਅ ਆਵੇਗਾ। ਹੋਇਆ ਅਸਲ ਵਿਚ ਕੀ, ਕਿ ਇਕ ਅਜਿਹੀ ਸੜਕ ਹੋਂਦ ਵਿਚ ਆਈ ਕਿ ਮੁੰਬਈ ਵਾਸੀਆਂ ਵਲੋਂ ਪ੍ਰਤਿ ਦਿਨ ਲਾਏ ਜਾਂਦੇ 15 ਮਿਲੀਅਨ ਫੇਰਿਆਂ ਦੇ ਮੁਕਾਬਲੇ ਇਸ ਸੜਕ 'ਤੇ ਪ੍ਰਤਿ ਦਿਨ ਕੇਵਲ 40,000 ਗੇੜੇ ਲਗਦੇ ਹਨ। ਕਾਰਾਂ ਵਾਸਤੇ ਇਸ ਸਮੁੰਦਰੀ ਸੰਪਰਕ 'ਤੇ ਕੀਤਾ ਗਿਆ ਅਥਾਹ ਨਿਵੇਸ਼ ਸਾਨੂੰ ਸ਼ਹਿਰੀ ਗਤੀਸ਼ੀਲਤਾ ਦੇ ਮੁੱਲਾਂ ਦੀ ਮੁੜ-ਸਮੀਖਿਆ ਅਤੇ ਬਹੁ-ਗਿਣਤੀ ਨਾਗਰਿਕਾਂ 'ਤੇ ਪੈ ਰਹੇ ਪ੍ਰਭਾਵਾਂ ਬਾਰੇ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਇਸ ਕਰਕੇ ਸਵਾਲ ਇਹ ਹੈ ਕਿ ਕੀ ਇਸ ਪਹਿਲਕਦਮੀ ਨਾਲ ਗਤੀਸ਼ੀਲਤਾ ਵਾਕਈ ਅਸਾਨ ਹੋਈ ਹੈ; ਜਾਂ ਇਸ ਨੇ ਬੇਲੋੜੇ ਨੁਕਸਾਨ ਨੂੰ ਵਧਾਇਆ ਹੈ?


## ਮੰਗ ਕੀ ਹੈ

ਬਹੁਤੇ ਭਾਰਤੀ ਸ਼ਹਿਰਾਂ ਵਾਂਗ ਮੁੰਬਈ ਵੀ ਅਜਿਹਾ ਹੀ ਸ਼ਹਿਰ ਹੈ ਜੋ ਪੈਦਲ ਚਲਦਾ ਹੈ। ਮੁੰਬਈ ਮਹਾਂਨਗਰ ਖੇਤਰ ਲਈ ਕਰਵਾਏ ਵਿਆਪਕ ਆਵਾਜਾਈ ਸਰਵੇਖਣ (ਐੱਲ ਈ ਏ, ਐਸੋਸੀਏਟਸ 2008) ਦੇ ਮੁਤਾਬਕ, 52 ਪ੍ਰਤਿਸ਼ਤ ਮੁੰਬਈ ਵਾਸੀਆਂ ਲਈ ਪੈਦਲ ਤੁਰਨਾ ਆਵਾਜਾਈ ਦਾ ਮੁੱਖ ਸਾਧਨ ਹੈ। ਇਹ ਖੋਜ ਅੱਗੇ ਸੰਕੇਤ ਕਰਦੀ ਹੈ ਕਿ ਵਾਹਨਾਂ ਦੀ ਪ੍ਰਕਾਰ ਦੀ ਅੱਗੋਂ ਵੰਡ ਦੇ ਮੁਤਾਬਕ 78 ਪ੍ਰਤਿਸ਼ਤ ਨਾਗਰਿਕ ਰੇਲਾਂ ਅਤੇ ਬੱਸਾਂ ਦੀ ਵਰਤੋਂ ਕਰਦੇ ਹਨ। ਜਨਤਕ ਆਵਾਜਾਈ ਦੇ ਸਾਧਨਾਂ ਤਕ ਪਹੁੰਚ ਕਰਨ ਲਈ, ਅੰਕੜੇ ਦੱਸਦੇ ਹਨ ਕਿ ਬਹੁ-ਗਿਣਤੀ ਲੋਕ ਰੇਲਵੇ ਸਟੇਸ਼ਨਾਂ ਤਕ ਪੈਦਲ ਜਾਂਦੇ ਹਨ। ਚਿੱਤਰ-1 ਵਿਚਲੇ ਅੰਕੜੇ ਦਰਸਾਉਂਦੇ ਹਨ ਕਿ ਮੁੰਬਈ ਵਾਸੀ ਜਨਤਕ ਆਵਾਜਾਈ ਤਕ ਕਿਵੇਂ ਪਹੁੰਚ ਕਰਦੇ ਹਨ।

ਅਜਿਹਾ ਸਿਰਫ਼ ਮੁੰਬਈ ਵਿਚ ਹੀ ਨਹੀਂ। ਅਸਲ ਵਿਚ, ਬਹੁਤੇ ਭਾਰਤੀ ਸ਼ਹਿਰਾਂ ਤੋਂ ਯਾਤਰਾ ਪੱਧਤੀਆਂ ਦੇ ਅਧਿਐਨ ਇਸ਼ਾਰਾ ਕਰਦੇ ਹਨ ਕਿ ਪੈਦਲ ਯਾਤਰਾ ਆਵਾਜਾਈ ਦਾ ਸਭ ਤੋਂ ਪ੍ਰਚੱਲਤ ਸਾਧਨ ਹੈ। ਮਿਸਾਲ ਦੇ ਤੌਰ ਤੇ ਚੇ ਨੱਈ, ਦਿੱਲੀ, ਅਹਿਮਦਾਬਾਦ ਦੇ ਮਾਮਲਿਆਂ ਵਿਚ, ਕੁੱਲ ਗੇੜਿਆਂ ਦਾ ਇਕ ਚੌਥਾਈ ਪੈਦਲ ਯਾਤਰੀ ਬਣਦੇ ਹਨ। ਅਜਿਹੇ ਹੀ ਸ਼ਹਿਰਾਂ ਜਿਵੇਂ ਸੂਰਤ, ਜੈਪੁਰ ਅਤੇ ਭੋਪਾਲ ਵਿਚ, ਕੁੱਲ ਗੇੜਿਆਂ ਦਾ 40-50 ਪ੍ਰਤਿਸ਼ਤ ਪੈਦਲ ਯਾਤਰਾ ਬਣਦੀ ਹੈ।

ਜਿਹੜੇ ਪੈਦਲ ਚਲਦੇ ਹਨ ਜਾਂ ਯਾਤਰਾ ਲਈ ਜਨਤਕ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਵਾਸਤੇ ਫਲਾਈਓਵਰ, ਐਕਸਪ੍ਰੈੱਸ ਵੇਅ ਅਤੇ ਦੂਜੀਆਂ ਗੋਲਾਕਾਰ ਸੜਕਾਂ ਦੀ ਉਸਾਰੀ ਨੇ ਸਹੂਲਤਾਂ ਦੀ ਅਣਹੋਂਦ ਨੂੰ ਹੋਰ ਖਰਾਬ ਕਰ ਦਿਤਾ ਹੈ। ਇਸ ਕਰਕੇ ਭਾਰਤੀ ਸ਼ਹਿਰਾਂ ਦੀ ਬਹੁਸੰਖਿਆ ਵਸੋਂ ਜਦੋਂ ਪੈਦਲ, ਰੇਲ ਜਾਂ ਬੱਸ ਦੁਆਰਾ ਯਾਤਰਾ ਕਰਦੀ ਹੈ ਤਾਂ ਸਵਾਲ ਖੜ੍ਹਾ ਹੁੰਦਾ ਹੈ : ਬਹੁ-ਗਿਣਤੀ ਲੋਕਾਂ ਲਈ ਫਲਾਈਓਵਰ ਤੇ ਸਮੁੰਦਰੀ ਸੰਪਰਕ ਕੀ ਮਾਅਨੇ ਰੱਖਦੇ ਹਨ?





ਚਿੱਤਰ-2 : ਪੱਛਮੀ ਐਕਸਪ੍ਰੈੱਸ ਹਾਈ ਵੇਅ ਭੀੜ ਘੱਟ ਕਰਨ ਲਈ ਬਣਾਇਆ ਗਿਆ ਸੀ ਪਰ ਅੱਜ ਮੁੰਬਈ ਦੇ ਬਹੁਤ ਹੀ ਭੀੜ-ਭੜੱਕੇ ਵਾਲਾ ਹਿੱਸਾ ਬਣਿਆ ਹੋਇਆ ਹੈ।

## ਭਾਰਤੀ ਸ਼ਹਿਰਾਂ ਲਈ ਯਾਤਰਾ ਦੀ ਮੰਗ


ਦੁਨੀਆਂ ਦੇ ਅਨੁਭਵ ਨੇ ਸਾਨੂੰ ਦਿਖਾਇਆ ਹੈ ਕਿ ਜਿਵੇਂ-ਜਿਵੇਂ ਤੁਸੀਂ ਜ਼ਿਆਦਾ ਸੜਕਾਂ ਦੀ ਉਸਾਰੀ ਕਰਦੇ ਜਾਂਦੇ ਹੋ ਤਾਂ ਥਾਂ ਦੀ ਮੰਗ ਵਧਦੀ ਜਾਂਦੀ ਹੈ। ਇਸ ਧਾਰਣਾ ਦੀ ਪ੍ਰਮੁੱਖ ਉਦਾਹਰਣ ਲਾਸ ਏਂਜ਼ਲਸ ਦਾ 1-405 ਅੰਤਰਰਾਸ਼ਟਰੀ ਸ਼ਾਹਰਾਹ ਹੈ ਜੋ ਦੁਨੀਆਂ ਦੀਆਂ ਸਭ ਤੋਂ ਲੰਮੀਆਂ ਤੇ ਚੌੜੀਆਂ ਸੜਕਾਂ ਵਿਚੋਂ ਇਕ ਹੈ। ਇਹ ਸ਼ਹਿਰ ਨੂੰ 1.1 ਬਿਲੀਅਨ ਅਮਰੀਕੀ ਡਾਲਰ ਵਿਚ ਪਿਆ। ਪੰਜ ਸਾਲ ਉਪਰੰਤ, ਆਵਾਜ਼ਾਈ ਸ਼ਾਹਰਾਹ ਬਣਨ ਤੋਂ ਪਹਿਲਾਂ ਨਾਲੋਂ ਵੀ ਹੌਲੀ ਹੋ ਗਈ ਹੈ। ਇਹ ਦੇਸ਼ ਵਿਚ ਸਰਵੋਚ ਔਸਤ ਸਾਲਾਨਾ ਆਵਾਜਾਈ (ਪ੍ਰਤਿ ਦਿਨ) ਵਾਲਾ ਸ਼ਾਹਰਾਹ ਬਣ ਗਿਆ ਹੈ। ਭਾਰਤ ਦੇ ਸ਼ਹਿਰਾਂ ਦਾ ਹਾਲ ਵੀ ਇਸ ਤੋਂ ਵੱਖਰਾ ਨਹੀਂ। ਮੁੰਬਈ ਵਿਚ ਭੀੜ ਘੱਟ ਕਰਨ ਲਈ ਫਲਾਈਓਵਰ ਉਸਾਰਨ ਦੇ ਮਿਸ਼ਨ ਕਰਕੇ ਭੀੜ ਵਾਲੇ ਸਮੇਂ ਦੌਰਾਨ ਔਸਤ ਰਫ਼ਤਾਰ ਵਰਤਮਾਨ ਸਮੇਂ ਘਟ ਕੇ 11 ਕਿਲੋਮੀਟਰ ਪ੍ਰਤਿ ਘੰਟਾ ਰਹਿ ਗਈ ਹੈ। ਇਸ ਧਾਰਣਾ ਦੇ ਬਾਵਜੂਦ ਕਿ ਪੱਛਮੀ ਐਕਸਪ੍ਰੈੱਸ ਵੇਅ ਹਵਾਈ ਅੱਡੇ 'ਤੇ ਪੱਛਮੀ ਉੱਪ-ਨਗਰਾਂ ਲਈ ਪਹੁੰਚ ਅਤੇ ਆਵਾਜਾਈ ਨੂੰ ਸੌਖਾ ਕਰਨ ਲਈ ਉਸਾਰਿਆ ਗਿਆ ਸੀ, ਮੌਜੂਦਾ ਸਮੇਂ ਇਸ ਨੂੰ ਜ਼ਬਰਦਸਤ ਭੀੜ ਨਾਲ ਜੂਝਣਾ ਪੈ ਰਿਹਾ ਹੈ (ਵੇਖੋ ਚਿੱਤਰ-2)। ਇਹ ਚਿੱਤਰ ਮੁੰਬਈ ਹਵਾਈ ਅੱਡੇ ਨੂੰ ਜਾਣ ਵਾਲੇ ਫਲਾਈਓਵਰ ਹੇਠਲੀ ਸੜਕ ਦੀ ਹਾਲਤ ਨੂੰ ਦਿਖਾ ਰਿਹਾ ਹੈ ਜੋ ਉੱਤਰ ਅਤੇ ਦੱਖਣ ਨੂੰ ਜਾਣ ਵਾਲੀਆਂ ਸੜਕਾਂ 'ਤੇ ਜ਼ਬਰਦਸਤ ਭੀੜ ਨਾਲ ਭਰਿਆ ਪਿਆ ਹੈ।

## ਭਾਰਤੀ ਸ਼ਹਿਰਾਂ ਲਈ ਸ਼ਹਿਰੀ ਸੜਕੀ ਏਜੰਡਾ

ਬਹਿਸ ਇਸ ਗੱਲ ਦੀ ਨਹੀਂ ਕਿ ਕੀ ਸਾਨੂੰ ਭਾਰਤੀ ਸ਼ਹਿਰਾਂ ਵਿਚ ਸ਼ਹਿਰੀ ਸੜਕਾਂ ਦੀ ਲੋੜ ਹੈ ਜਾਂ ਨਹੀਂ ਕਿਉਂਕਿ ਯਕੀਨਨ ਇਹ ਸਾਨੂੰ ਚਾਹੀਦੀਆਂ ਹਨ। ਅਸਲ ਸਵਾਲ ਹੈ ਕਿ ਆਪਣੇ ਸ਼ਹਿਰਾਂ ਅੰਦਰ ਅਸੀਂ ਇਨ੍ਹਾਂ ਦੀ ਉਸਾਰੀ ਕਿਵੇਂ ਕਰੀਏ। ਸਮਾਰਟ ਸ਼ਹਿਰਾਂ ਲਈ ਸ਼ਹਿਰੀ ਸੜਕੀ ਏਜੰਡੇ ਲਈ ਲੋੜ ਹੋਵੇਗੀ ਕਿ ਭਾਰਤੀ ਸ਼ਹਿਰ ਸੜਕਾਂ ਲਈ ਤਿੰਨ ਅਹਿਮ ਨਿਯਮਾਂ 'ਤੇ ਪੂਰੇ ਉੱਤਰਨ ਤਾਂ ਕਿ ਸ਼ਹਿਰੀ ਗਤੀਸ਼ੀਲਤਾ ਦੇ ਹੱਲ ਵਿਚ ਸਫਲ ਹੋਇਆ ਜਾ ਸਕੇ।

## ਨੈੱਟਵਰਕ ਮੁਕੰਮਲ ਕਰਨ ਲਈ ਸਾਨੂੰ ਹੋਰ ਸੜਕਾਂ ਦੀ ਲੋੜ ਹੈ

ਆਓ, ਦੋ ਮਿਲੀਅਨ ਜਨਸੰਖਿਆ ਦੀ ਗੱਲ ਕਰੀਏ ਜੋ ਦੋ ਪੁਲਾਂ ਦੇ ਵਿਚਕਾਰਲੇ ਖੇਤਰ ਵਿਚ ਵਸਦੀ ਹੈ ਜੋ ਪੱਛਮੀ ਰੇਲਵੇ ਲਾਈਨ ਨੂੰ ਪਾਰ ਕਰਦੇ ਹਨ – ਗੋਖਲੇ ਬਰਿੱਜ (ਅੰਧੇਰੀ) ਅਤੇ ਗੋਰੇਗਾਂਵ – ਮੁਲੁੰਦ ਲਿੰਕ ਰੋਡ। ਸ਼ਹਿਰ ਦੇ ਵੱਖ-ਵੱਖ ਭਾਗਾਂ ਵਿਚ ਜਾਣ ਲਈ ਇਨ੍ਹਾਂ ਨਾਗਰਿਕਾਂ ਨੂੰ ਰੇਲਵੇ ਲਾਈਨ ਪਾਰ ਕਰਨੀ ਪੈਂਦੀ ਹੈ। ਇਸ ਖੇਤਰ ਦੇ ਸੱਤ ਕਿਲੋਮੀਟਰ ਵਿਚ ਦੋ ਸੰਪਰਕ ਪੁਲ ਹਨ ਜੋ ਰੇਲਵੇ ਲਾਈਨ ਪਾਰ ਕਰਨ ਵਿਚ ਮਦਦਗਾਰ ਹਨ। ਅਜਿਹਾ ਸ਼ਹਿਰ ਜੋ ਇਸ ਦੀਆਂ ਰੇਲ ਪਟੜੀਆਂ ਕਰਕੇ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਹੈ, ਕਈ ਪੂਰਬ-ਪੱਛਮ ਸੰਪਰਕ ਇਸ ਨੈੱਟਵਰਕ ਲਈ ਬਹੁਤ ਅਹਿਮ ਹਨ। ਇਸ ਦੇ ਭੌਤਿਕ ਤੇ ਭੂਗੋਲਿਕ ਸੰਦਰਭ ਦੇ ਅਨੁਸਾਰ ਮੁੰਬਈ ਉੱਤਰ-ਪੂਰਬ ਦਿਸ਼ਾ ਵਿਚ ਵਿਕਸਤ ਹੋਈ ਹੈ, ਪੂਰਬ-ਪੱਛਮ ਸੰਪਰਕ ਵਲ ਬਹੁਤ ਘੱਟ ਧਿਆਨ ਦਿਤਾ ਗਿਆ ਹੈ। ਪਰ, ਢੁਕਵੇਂ ਪੂਰਬ-ਪੱਛਮ ਸੰਪਰਕਾਂ ਦੀ ਅਣਹੋਂਦ ਵਿਚ, ਜੋ ਪ੍ਰਮੁੱਖ ਉੱਤਰ-ਪੂਰਬ ਗੋਲਾਕਾਰ ਸੜਕਾਂ ਲਈ ਪਹੁੰਚ ਪ੍ਰਦਾਨ ਕਰਦੇ ਹਨ, ਗਤੀਸ਼ੀਲਤਾ ਪ੍ਰਮੁੱਖ ਤੌਰ ਤੇ ਪ੍ਰਭਾਵਤ ਹੁੰਦੀ ਰਹੇਗੀ।



ਚਿੱਤਰ-3 : ਅਹਿਮਦਾਬਾਦ ਦਾ ਸੜਕ ਨੈੱਟਵਰਕ ਚੰਗੇ ਜੋੜਮੇਲ ਨੂੰ ਦਰਸਾਉਂਦਾ ਹੈ।

ਤੁਲਨਾਤਮਕ ਤੌਰ ਤੇ ਅਹਿਮਦਾਬਾਦ ਵਰਗਾ ਸ਼ਹਿਰ, ਜਿਸ ਨੂੰ ਸਾਬਰਮਤੀ ਦਰਿਆ ਨੇ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ, ਉਸ ਵਿਚ ਆਵਾਜਾਈ ਲਈ 10 ਪੁਲ ਹਨ। ਅੰਦਰੂਨੀ ਅਤੇ ਬਾਹਰੀ ਰਿੰਗ ਰੋਡ ਮੁਕੰਮਲ ਹਨ, ਅਤੇ ਨੈੱਟਵਰਕ ਬਹੁਤ ਵਧੀਆ ਅਤੇ ਪੂਰਾ ਹੈ (ਜਿਵੇਂ ਚਿੱਤਰ-3 ਵਿਚ ਵੇਖਿਆ ਜਾ ਸਕਦਾ ਹੈ)। ਬਹੁਤ ਚੰਗੀ ਤਰ੍ਹਾਂ ਸਥਾਪਤ ਨੈੱਟਵਰਕ ਦਾ ਇਕ ਉਦਾਹਰਣ ਅਹਿਮਦਾਬਾਦ ਵਿਚ ਔਸਤ ਗੇੜੇ ਦੀ 5 ਕਿਲੋਮੀਟਰ ਲੰਬਾਈ ਹੈ।

ਦੂਜੇ ਪਾਸੇ, ਬੰਗਲੌਰ ਦੀ ਔਸਤ ਗੇੜੇ ਦੀ ਲੰਬਾਈ 9 ਕਿਲੋਮੀਟਰ ਹੈ। ਸ਼ਹਿਰ ਵਿਚ ਪ੍ਰਮੁੱਖ ਗੋਲਾਕਾਰ ਸੜਕਾਂ ਹਨ। ਰਿਚਮੰਡ ਰੋਡ, ਐਮ ਜੀ ਰੋਡ ਅਤੇ ਰੈਜ਼ੀਡੈਂਸੀ ਰੋਡ ਜੋ ਸ਼ਹਿਰ ਵਿਚ ਦੀ ਹੁੰਦੇ ਹੋਏ ਉੱਤਰ ਤੇ ਦੱਖਣ ਵਲ ਜਾਂਦੇ ਹਨ। ਮੰਜ਼ਲ 'ਤੇ ਪੁੱਜਣ ਲਈ ਯਾਤਰੀ ਨੂੰ ਸ਼ਹਿਰ ਦੇ ਭੀੜ ਵਾਲੇ ਹਿੱਸਿਆਂ ਵਿਚੋਂ ਗੁਜ਼ਰਨਾ ਪੈਂਦਾ ਹੈ। ਇਨ੍ਹਾਂ ਮਾਰਗਾਂ ਨੂੰ ਤੇਜ਼ ਚੱਲਣ ਵਾਲੇ ਆਮ ਰਸਤਿਆਂ ਵਿਚ ਬਦਲ ਦਿਤਾ ਗਿਆ ਹੈ ਜਿਥੇ ਕੋਈ ਰਹਿਣਾ ਨਹੀਂ ਚਾਹੁੰਦਾ। ਵਪਾਰਕ ਸਥਾਨ ਵੀ ਇਸ ਪ੍ਰਕਾਰ ਦੇ ਵਾਤਾਵਰਨ ਤੋਂ ਹੌਲੀ-ਹੌਲੀ ਦੂਰ ਜਾ ਰਹੇ ਹਨ ਜੋ ਵਿਕਾਸ ਲਈ ਠੀਕ ਗੱਲ ਨਹੀਂ। ਨੈੱਟਵਰਕ ਪੂਰਾ ਕਰਨ ਲਈ ਬੰਗਲੌਰ ਨੂੰ



ਚਿੱਤਰ-4 : ਬੰਗਲੌਰ ਦਾ ਪ੍ਰਮੁੱਖ ਸੜਕੀ-ਸੰਪਰਕ ਸ਼ਹਿਰ ਦੇ ਗੱਭੇ ਜਾਣ ਲਈ ਬਹੁਤ ਹੀ ਭੀੜ-ਭੜੱਕੇ ਵਾਲੇ ਹਿੱਸਿਆਂ ਥਾਣੀ ਜਾਣਾ ਯਕੀਨੀ ਬਣਾਉਂਦਾ ਹੈ।

ਅੰਦਰੂਨੀ ਰਿੰਗ ਰੋਡ ਦੀ ਲੋੜ ਹੈ ਜੋ ਸੁਧਾਰੀ ਹੋਈ ਗਤੀਸ਼ੀਲਤਾ ਲਈ ਇਕ ਤੋਂ ਵੱਧ ਵਿਕਲਪ ਪ੍ਰਦਾਨ ਕਰੇਗਾ।

ਦੂਜਾ, ਅਸੂਲ ਸੜਕੀ ਨੈੱਟਵਰਕ ਦੀ ਸਮਰੱਥਾ ਨੂੰ ਕਈ ਗੁਣਾ ਵਧਾਉਣਾ ਹੈ। ਇਸ ਨੂੰ ਹਾਸਲ ਕਰਨ ਲਈ ਕੁਝ ਅਜਿਹੇ ਥੋੜ੍ਹੇ ਸਮੇਂ ਦੇ ਕਦਮ ਹਨ ਜੋ ਮਦਦਗਾਰ ਹੋ ਸਕਦੇ ਹਨ। ਪਹਿਲਾ, ਸਿਗਨਲ ਤਾਲਮੇਲ ਵਿਚ ਸੁਧਾਰ ਅਤੇ ਮੰਗ ਦੇ ਅਨੁਸਾਰ ਸਿਗਨਲ ਨੂੰ ਤਿਆਰ ਕਰਨਾ। ਦਿਨ ਅਤੇ ਹਫ਼ਤੇ ਵਿਚ ਯਾਤਰਾ ਪੱਧਤੀ ਵੱਖ-ਵੱਖ ਹੁੰਦੀ ਹੈ, ਮਤਲਬ ਸਵੇਰ ਦਾ ਉੱਚ ਭੀੜ ਭੜੱਕਾ, ਸੈਰ ਭੀੜ ਭੜੱਕਾ, ਦੁਪਹਿਰ ਦਾ ਸਮਾਂ, ਸ਼ਾਮ ਦਾ ਭੀੜ ਭੜੱਕੇ ਦਾ ਸਮਾਂ। ਮੰਗ ਦੇ ਹਿਸਾਬ ਨਾਲ ਸਿਗਨਲ ਨੂੰ ਤਿਅਰ ਕਰਨ ਨਾਲ ਗਤੀਸ਼ੀਲ ਪ੍ਰਬੰਧਨ ਵਿਚ ਸੁਧਾਰ ਹੋਵੇਗਾ। ਸਿਗਨਲ ਤਾਲਮੇਲ ਲਈ ਤਕਨਾਲੋਜੀ ਦੀ ਵਰਤੋਂ ਭਾਰੀ ਆਵਾਜਾਈ ਸਮੇਂ ਸਿਗਨਲ ਦੇ ਸੁਚਾਰੂ ਰੂਪ ਵਿਚ ਚੱਲਣ ਲਈ ਮਦਦਗਾਰ ਹੋਵੇਗੀ, ਬਜਾਇ ਕਿ ਛੋਟੀ ਆਵਾਜਾਈ ਦੇ।


ਥੋੜ੍ਹੇ ਸਮੇਂ ਦਾ ਇਕ ਹੋਰ ਉਪਰਾਲਾ ਸੜਕਾਂ 'ਤੇ ਵਾਹਨ ਖੜ੍ਹੇ ਕਰਨ ਨੂੰ ਖਤਮ ਕਰਨਾ ਹੈ। ਰਾਸ਼ਟਰੀ ਸਬਸਿਡੀ ਦੇ ਪ੍ਰੋਗਰਾਮਾਂ ਜਿਵੇਂ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਐਕਟ (ਨਰੇਗਾ) ਨਾਲ ਤੁਲਨਾ ਕਰਦਿਆਂ, ਪਾਰਕਿੰਗ ਸ਼ਹਿਰੀ ਨਾਗਰਿਕਾਂ ਨੂੰ ਦਿਤੀ ਜਾਣ ਵਾਲੀ ਸਭ ਤੋਂ ਵੱਡੀ ਸਬਸਿਡੀ ਹੈ। ਸੜਕਾਂ 'ਤੇ ਵਾਹਨ ਖੜ੍ਹੇ ਕਰਨ ਨਾਲ ਸੜਕ ਦੀ ਸਮਰਥਾ ਬਹੁਤ ਘਟ ਜਾਂਦੀ ਹੈ ਅਤੇ ਆਵਾਜਾਈ ਹੌਲੀ ਹੋ ਜਾਂਦੀ ਹੈ। ਇਸ ਨੂੰ ਰੋਕਣ ਲਈ ਪਿਛਲੇ ਇਕ ਦਹਾਕੇ ਵਿਚ ਮੁੰਬਈ ਦੇ ਉਸਾਰੀਕਾਰਾਂ ਨੂੰ ਸ਼ਹਿਰ ਵਿਚ ਪਾਰਕਿੰਗ ਦੀ ਸਹੂਲਤ ਉਸਾਰਨ ਲਈ ਜ਼ੋਰ ਦਿਤਾ ਜਾ ਰਿਹਾ ਹੈ। ਪਰ, ਮੁਫ਼ਤ ਜਾਂ ਘੱਟ ਕੀਮਤ ਅਤੇ ਬਿਨਾਂ ਨਿਯੰਤ੍ਰਣ ਵਿਚ ਸੜਕਾਂ 'ਤੇ ਵਾਹਨ ਖੜ੍ਹੇ ਕਰਨ ਦੀ ਸਹੂਲਤ ਨੇ ਪਾਰਕਿੰਗ ਦੀਆਂ ਸਹੂਲਤਾਂ ਨੂੰ ਨਕਾਰਾ ਕਰਕੇ ਰੱਖ ਦਿਤਾ ਹੈ। ਸੜਕਾਂ 'ਤੇ ਪਾਰਕਿੰਗ ਸਖਤੀ ਨਾਲ ਰੋਕੀ ਜਾਵੇ ਤਾਂ ਕਿ ਲੋਕ ਪੈਸੇ ਦੇ ਕੇ ਪਾਰਕਿੰਗ ਸਹੂਲਤ ਦਾ ਇਸਤੇਮਾਲ ਕਰਨ ਲੱਗ ਪੈਣਗੇ ਅਤੇ ਸੜਕਾਂ 'ਤੇ ਵਾਹਨ ਖੜ੍ਹੇ ਕਰਨ ਤੋਂ ਟਲ ਜਾਣਗੇ ਜਿਸ ਨਾਲ ਸੜਕਾਂ 'ਤੇ ਬਹੁਤ ਸਾਰਾ ਥਾਂ ਖਾਲੀ ਹੋ ਜਾਵੇਗਾ।

ਤੀਜਾ ਉਪਰਾਲਾ, ਸੜਕਾਂ ਦੀ ਲੋੜੀਂਦੀ ਚੌੜਾਈ ਬਣਾ ਕੇ ਰੱਖਣਾ ਹੈ ਤਾਂ ਕਿ ਆਵਾਜਾਈ ਬਿਨਾਂ ਰੁਕਾਵਟ ਚਲਦੀ ਰਹੇ। ਸ਼ਹਿਰ ਦੀਆਂ ਸੜਕਾਂ 'ਤੇ ਸੜਕੀ ਸਰਗਰਮੀਆਂ ਜਿਵੇਂ ਸਾਮਾਨ ਆਦਿ ਵੇਚਣ ਲਈ ਕਬਜ਼ਾ ਕਰ ਲਿਆ ਜਾਂਦਾ ਹੈ। ਇਨ੍ਹਾਂ ਸਹੂਲਤਾਂ ਦਾ ਬੇਹਤਰ ਪ੍ਰਬੰਧਨ ਅਤੇ ਸੜਕਾਂ 'ਤੇ ਕਬਜ਼ੇ ਨੂੰ ਰੋਕਣ ਲਈ ਸੜਕਾਂ ਤੋਂ ਰੁਕਾਵਟਾਂ ਦੂਰ ਹੋ ਸਕਣਗੀਆਂ ਜਿਸ ਨਾਲ ਆਵਜਾਈ ਸਹੀ ਤਰ੍ਹਾਂ ਚਲਦੀ ਰਹੇਗੀ।

ਥਾਂ ਲਈ ਤਰਸਦੇ ਸਾਡੇ ਸ਼ਹਿਰਾਂ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਬਣਾਈ ਗਈ ਕਿਸੇ ਵੀ ਸੜਕ ਦਾ ਸਮਰੱਥਾ ਦੇ ਮੁਤਾਬਕ ਇਸਤੇਮਾਲ ਹੋਵੇ। ਜਿਵੇਂ ਕਿ ਰਾਸ਼ਟਰੀ ਸ਼ਹਿਰੀ ਆਵਾਜਾਈ (ਐੱਨ ਯੂ ਟੀ ਪੀ) ਵਿਚ ਆਖਿਆ ਗਿਆ ਹੈ ਕਿ ਇਹ ਉਪਰਾਲੇ ਲੋਕਾਂ ਦੀ ਆਵਾਜਾਈ ਵਿਚ ਸਹਾਈ ਹੁੰਦੇ ਹਨ ਨਾ ਕਿ ਵਾਹਨਾਂ ਦੀ। ਅਸਲ ਸੁਧਾਰ ਸਮਰੱਥਾ ਵਿਚ ਕਈ ਗੁਣਾ ਵਾਧਾ ਕਰ ਕੇ ਪ੍ਰਾਪਤ ਹੋਣਗੇ। ਦੂਜੇ ਸ਼ਬਦਾਂ ਵਿਚ, ਲੋਕਾਂ ਦੀ ਗਤੀਸ਼ੀਲਤਾ ਉਨ੍ਹਾਂ ਦੀ ਗਿਣਤੀ ਵਿਚ ਵਾਧਾ ਕਰਕੇ, ਸੁਧਾਰ ਕੀਤਾ ਜਾ ਸਕਦਾ ਹੈ ਨਾ ਕਿ ਵਾਹਨਾਂ ਦੀ ਗਿਣਤੀ ਵਧਾ ਕੇ। ਇਸ ਲਈ ਬੀ.ਆਰ ਟੀ 'ਤੇ ਅਮਲ ਕਰਨਾ ਹੋਵੇਗਾ। ਮੈਕਸੀਕੋ ਸ਼ਹਿਰ ਦਾ ਬੀ ਆਰ ਟੀ ਮੈਟਰੋਬੱਸ ਸਪੱਸ਼ਟ ਤੌਰ ਤੇ ਦਰਸਾਉਂਦਾ ਹੈ ਕਿ ਕਿਵੇਂ ਸ਼ਹਿਰ ਸੜਕੀ ਥਾਂ ਨੂੰ ਮੁੜ ਗਠਿਤ ਕਰਕੇ ਇਸ ਨੂੰ ਹੋਰ ਜ਼ਿਆਦਾ ਕੁਸ਼ਲਤਾ ਨਾਲ, ਵਰਤਣ ਦੇ ਕਾਬਲ ਹੋਇਆ। ਇਹ ਸੜਕ 3 ਲੇਨ ਦੀ ਗੋਲਾਕਾਰ ਸੀ ਜਿਸ 'ਤੇ ਅੰਦਾਜ਼ਨ ਪ੍ਰਤਿ ਘੰਟਾ, ਪ੍ਰਤਿ ਲੇਨ 2000 ਵਿਅਕਤੀ ਕੁੱਲ 6000 ਵਿਅਕਤੀ ਪ੍ਰਤਿ ਘੰਟਾ ਇਕ ਦਿਸ਼ਾ ਵਿਚ ਸਫਰ ਕਰਦੇ ਹਨ। 2005 ਵਿਚ ਮੈਟਰੋਬੱਸ ਲਾਈਨ-1 ਅਵੇਨਿਡਾ ਡੀ ਲਾਸ ਇਨਸਰਜੇਂਟਸ ਦੇ ਦੁਆਲੇ ਉਸਾਰੀ ਗਈ, ਜੋ ਮੈਕਸੀਕੋ ਸ਼ਹਿਰ ਦੇ ਦਿਲ ਵਿਚੋਂ ਲੰਘਦੀ ਉੱਤਰ-ਦੱਖਣ ਗੋਲਾਕਾਰ ਸੜਕ ਹੈ। ਸੜਕੀ ਥਾਂ ਦਾ ਇਕ ਤਿਹਾਈ ਬੀ ਆਰ ਟੀ ਨੂੰ ਦੇ ਕੇ, ਬੀ ਆਰ ਟੀ ਲੇਨ ਤੋਂ ਸਮਰੱਥਾ ਵਿਚ ਵਾਧੂ 15,000 ਵਿਅਕਤੀ ਪ੍ਰਤਿ ਘੰਟਾ ਦਾ ਵੱਡਾ ਇਜ਼ਾਫ਼ਾ ਕੀਤਾ ਗਿਆ (ਵੇਖੋ ਚਿੱਤਰ-5)। ਅਜਿਹਾ ਅਮਲ 30-40 ਮੀਟਰ ਚੌੜੀਆਂ ਸੜਕਾਂ 'ਤੇ ਕੀਤਾ ਗਿਆ, ਜੋ ਭਾਰਤ ਦੀਆਂ ਸੜਕਾਂ ਦੀ ਚੌੜਾਈ ਜਿੰਨੇ ਸਨ। ਜ਼ਰੂਰੀ ਤੌਰ ਤੇ ਸੜਕਾਂ 'ਤੇ ਸਭ ਤੋਂ ਵਧੀਆ ਥਾਂ, ਮਤਲਬ ਉੱਚ ਰਫ਼ਤਾਰ ਵਾਲੀ ਮੱਧ ਲੇਨ, ਵੱਡੇ ਵਾਹਨਾਂ ਵਾਸਤੇ ਰਾਖਵੀਂ ਕਰ ਦਿਤੀ ਗਈ ਜਿਥੇ ਸਭ ਤੋਂ ਜ਼ਿਆਦਾ ਲੋਕ ਸਫ਼ਰ ਕਰਦੇ ਸਨ।

ਸਮਰੱਥਾ ਵਿਚ ਵਾਧਾ ਸਿਰਫ਼ ਗੋਲਾਕਾਰ ਸੜਕਾਂ 'ਤੇ ਹੀ ਨਹੀਂ ਸਗੋਂ ਸਾਰੀਆਂ ਸੜਕਾਂ 'ਤੇ ਹੀ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਤੀਬਰਤਾ ਅਤੇ ਸਮਰੱਥਾ ਵਿਚ ਵਾਧਾ ਹੋ ਸਕੇ। ਭਾਰਤੀ ਸ਼ਹਿਰਾਂ ਦੇ ਹਰੇਕ ਗੋਲਾਕਾਰ ਮਾਰਗ 'ਤੇ ਬੀ ਆਰ ਟੀ ਦੀ ਲੋੜ ਹੈ। ਸਾਲ ਦਰ ਸਾਲ ਮੈਟਰੋਬੱਸ ਦਾ ਸਫਲ ਵਿਸਥਾਰ ਹੋਇਆ ਹੈ ਅਤੇ ਹੁਣ ਇਹ ਸ਼ਹਿਰ ਦੇ ਪ੍ਰਮੁੱਖ ਗੋਲਾਕਾਰ ਬੀ ਆਰ ਟੀ ਮਾਰਗ 'ਤੇ 105 ਕਿਲੋਮੀਟਰ ਦਾ ਸਫਰ ਕਰਦੀ ਹੈ। ਜਿਸ 'ਤੇ ਪ੍ਰਤਿ ਦਿਨ 900,000 ਮੁਸਾਫ਼ਰ ਸਫ਼ਰ ਕਰਦੇ ਹਨ। ਵਿਆਪਕ ਬੀ ਆਰ ਟੀ ਪ੍ਰਣਾਲੀ ਦੀ ਕੁੰਜੀ ਇਹ ਹੈ ਕਿ ਇਸ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ ਜੋ ਇਸ ਦੀ ਸਮਰੱਥਾ ਨੂੰ ਵਧਾਉਣ :

- ਚੜ੍ਹਨ ਤੇ ਉੱਤਰਨ ਲਈ ਨਿਮਨ ਪੱਧਰ।
- ਬੰਦ ਅਤੇ ਸਮਰਪਿਤ ਸਟੇਸ਼ਨ।
- ਸੁਰੱਖਿਅਤ ਪੈਦਲ ਪਾਰ ਪਥ।
- ਵੱਡੀਆਂ (ਉੱਚ ਸਮਰੱਥਾ ਵਾਲੀਆਂ) ਆਰਾਮਦਾਇਕ ਬੱਸਾਂ।
- ਸਟੇਸ਼ਨਾਂ 'ਤੇ ਭਾੜਾ ਲੈਣ ਦੀ ਸਵੈਚਾਲਿਤ ਪ੍ਰਣਾਲੀ ਤਾਂ ਕਿ ਟਿਕਟ ਖਰੀਦਣ 'ਤੇ ਲੱਗਣ



ਚਿੱਤਰ-5

ਵਾਲਾ ਸਮਾਂ ਬਚਾਇਆ ਜਾ ਸਕੇ।

- ਸ਼ਕਤੀਸ਼ਾਲੀ, ਉੱਚ ਪਾਇ ਦੀ ਛਬੀ।

ਬੀ ਆਰ ਟੀ ਦੇ ਪਸਾਰ ਲਈ ਤਕਨਾਲੋਜੀ 'ਤੇ ਅਮਲ ਕਰਨ ਨਾਲ ਵੀ ਯਾਤਰੀਆਂ ਦੀ ਗਿਣਤੀ 'ਤੇ ਵੱਡਾ ਅਸਰ ਪਵੇਗਾ। ਬੀ ਆਰ ਟੀ ਦੀ ਇਕ ਮੁੱਖ ਰੁਕਾਵਟ ਬਾਹਰੀ ਆਵਾਜਾਈ ਕਰਕੇ ਚੌਕਾਂ ਵਿਚ ਹੋਣ ਵਾਲੀ ਦੇਰੀ ਹੈ। ਸਿਗਨਲ ਦੀ ਪਹਿਲ, ਜਿਵੇਂ ਕਿ ਚੁਸਤ ਸਿਗਨਲ ਪ੍ਰਣਾਲੀ ਨਾਲ ਚੌਕਾਂ 'ਤੇ ਹੋਣ ਵਾਲੀ ਦੇਰੀ ਨੂੰ ਘੱਟ ਕੀਤਾ ਜਾ ਸਕਦਾ ਹੈ। ਚੌਕਾਂ 'ਤੇ ਬੱਸਾਂ ਦੀ ਆਮਦ ਦਾ ਅੰਦਾਜ਼ਾ ਲਾਉਣ ਲਈ ਵਾਹਨ ਖੋਜੀ ਯੰਤਰਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਇਸ ਸਮੇਂ ਦੌਰਾਨ ਸਿਗਨਲ ਹਰਾ ਰੱਖਿਆ ਜਾਂਦਾ ਹੈ। ਇੰਦੌਰ ਟੀ ਬੀ ਆਰ ਟੀ ਐੱਸ ਪ੍ਰਣਾਲੀ ਸਿਗਨਲ ਦੀ ਲੰਬਾਈ ਅਤੇ ਬੱਸਾਂ ਨੂੰ ਪਹਿਲ ਦੇਣ ਲਈ ਬੇਤਾਰ ਆਵਾਜਾਈ ਸਿਗਨਲ ਦਾ ਪ੍ਰਯੋਗ ਕਰਦੀ ਹੈ। ਇੰਦੌਰ ਅਤੇ ਅਹਿਮਦਾਬਾਦ ਦੀਆਂ ਉਦਾਹਰਣਾਂ ਇਸ਼ਾਰਾ ਕਰਦੀਆਂ ਹਨ ਕਿ ਇਹ ਭਾਰਤੀ ਸ਼ਹਿਰਾਂ ਦੇ ਸੰਦਰਭ ਵਿਚ ਵੀ ਵਿਹਾਰਕ ਹੈ। ਇੰਦੌਰ ਦੀ *ਆਈ-ਬੱਸ* ਵਿਚ ਇਹ ਸਾਰੇ ਤੱਤ ਸ਼ਾਮਿਲ ਕੀਤੇ ਗਏ ਹਨ ਅਤੇ ਉਥੇ ਹੁਣ ਪੂਰੀ ਬੀ ਆਰ ਟੀ ਪ੍ਰਣਾਲੀ ਕੰਮ ਕਰ ਰਹੀ ਹੈ। ਇਹ ਪ੍ਰਣਾਲੀ ਵੱਖ-ਵੱਖ ਬੱਸ ਮਾਰਗਾਂ 'ਤੇ ਕੰਮ ਕਰਦੀ ਹੈ, ਜਿਸ ਵਿਚ ਪੂਰਵ ਭੁਗਤਾਨ ਅਤੇ ਘੱਟ ਉੱਚਾਈ ਵਾਲੇ ਸਟੇਸ਼ਨਾਂ, ਇਕ ਕੇਂਦਰੀ ਨਿਯੰਤ੍ਰਣ ਪ੍ਰਣਾਲੀ, ਆਰਾਮਦਾਇਕ ਬੱਸਾਂ, ਵੱਡੇ ਦਰਵਾਜ਼ੇ ਅਤੇ ਵਿਸ਼ੇਸ਼ ਪਛਾਣ ਸ਼ਾਮਿਲ ਹੈ ਜੋ ਲੋਕ ਇਸ ਪ੍ਰਣਾਲੀ ਨਾਲ ਜੋੜਦੇ ਹਨ। ਜਿਵੇਂ ਕਿ ਹੇਠਲੇ ਚਿੱਤਰ ਵਿਚ ਵੇਖਿਆ ਜਾ ਸਕਦਾ ਹੈ, ਭਾਵੇਂ ਕਿ ਵੱਖ-ਵੱਖ ਬੱਸ ਮਾਰਗ ਖਾਲੀ ਜਾਪਦੇ ਹਨ, ਹਰੇਕ ਬੱਸ 70 ਕਾਰਾਂ ਦੇ ਬਰਾਬਰ ਯਾਤਰੀ ਲੈ ਕੇ ਜਾਂਦੀ ਹੈ - ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਕਾਰਾਂ ਨਾਲੋਂ ਵੱਧ ਮੁਸਾਫ਼ਰ ਇਨ੍ਹਾਂ ਬੱਸਾਂ ਵਿਚ ਸਫ਼ਰ ਕਰਦੇ ਹਨ। ਸ਼ਹਿਰ ਦੇ ਵਿਚਕਾਰ 11 ਕਿਲੋਮੀਟਰ ਲੰਮੇ ਇਸ ਲਾਂਘੇ 'ਤੇ ਪ੍ਰਤਿ ਦਿਨ 50,000 ਯਾਤਰੀ ਸਫ਼ਰ ਕਰਦੇ ਹਨ।

ਤੀਜੇ ਸਿਧਾਂਤ ਨੂੰ 40-40 ਦਾ ਸਿਧਾਂਤ ਆਖਿਆ ਜਾਂਦਾ ਹੈ - ਸ਼ਹਿਰ ਦੀਆਂ ਸਾਰੀਆਂ ਸੜਕਾਂ ਦੀ ਬਣਤਰ 40 ਕਿਲੋਮੀਟਰ ਪ੍ਰਤਿ ਘੰਟਾ ਦੀ ਰਫ਼ਤਾਰ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ



ਚਿੱਤਰ-6 : ਇੰਦੌਰ ਵਿਚ, ਇਕਹਿਰੀ ਬੀ ਆਰ ਟੀ ਲੇਨ ਦੀ ਸਮਰੱਥਾ ਆਮ ਆਵਾਜਾਈ ਵਾਲੀਆਂ ਦੋ ਲੇਨਾਂ ਵਾਲੀਆਂ ਨਾਲੋਂ ਕਿਤੇ ਵੱਡੀਆਂ ਹਨ।

ਸੜਕਾਂ 40 ਮੀਟਰ ਤੋਂ ਘੱਟ ਚੌੜੀਆਂ ਹੋਣੀਆਂ ਚਾਹੀਦੀਆਂ ਹਨ। ਦੁਰਘਟਨਾ ਸਮੇਂ ਰਫ਼ਤਾਰ ਦੀ ਸੀਮਾ ਨੁਕਸਾਨ ਦੇ ਖ਼ਤਰੇ ਨੂੰ ਕਾਫ਼ੀ ਘੱਟ ਕਰ ਦਿੰਦੀ ਹੈ। ਖੋਜਾਂ ਵਿਚ ਪਾਇਆ ਗਿਆ ਹੈ ਕਿ 30 ਕਿਲੋਮੀਟਰ ਪ੍ਰਤਿ ਘੰਟੇ ਦੀ ਰਫ਼ਤਾਰ ਮੌਤ ਦੀ ਦਰ ਨੂੰ ਕਾਫ਼ੀ ਘੱਟ ਕਰ ਦਿੰਦੀ ਹੈ (ਰੋਜ਼ਨ ਅਤੇ ਸੈਂਡਰ 2009)। ਨਿਊਯਾਰਕ ਸ਼ਹਿਰ ਵਿਚ ਸੜਕ ਸੁਰੱਖਿਆ ਲਈ ਇਕ ਇਸ਼ਤਿਹਾਰ ਮੁਹਿੰਮ ਰਫ਼ਤਾਰ ਸੀਮਾ ਅਤੇ ਪੈਦਲ ਯਾਤਰੀਆਂ 'ਤੇ ਇਸ ਦੇ ਪ੍ਰਭਾਵਾਂ ਨੂੰ ਢੁਕਵੇਂ ਤਰੀਕੇ ਨਾਲ ਬਿਆਨ ਕਰਦੀ ਹੈ (ਵੇਖੋ ਚਿੱਤਰ-7)। ਜਦੋਂ ਕੋਈ ਪੈਦਲ ਯਾਤਰੀ 40 ਮੀਲ ਪ੍ਰਤਿ ਘੰਟਾ (64 ਕਿਲੋਮੀਟਰ ਪ੍ਰਤਿ ਘੰਟਾ) ਦੀ ਰਫ਼ਤਾਰ ਵਾਲੇ ਵਾਹਨ ਨਾਲ ਟਕਰਾਉਂਦਾ ਹੈ ਤਾਂ ਬਚਣ ਦੀ 70 ਪ੍ਰਤਿਸ਼ਤ ਉਮੀਦ ਹੁੰਦੀ ਹੈ, ਜਦੋਂ ਉਹ 30 ਮੀਲ ਪ੍ਰਤਿ ਘੰਟਾ (48 ਕਿਲੋਮੀਟਰ ਪ੍ਰਤਿ ਘੰਟਾ) ਦੀ ਰਫ਼ਤਾਰ ਨਾਲ ਟਕਰਾਉਂਦੇ ਹਨ ਤਾਂ ਬਚਣ ਦੇ ਮੌਕੇ 80 ਪ੍ਰਤਿਸ਼ਤ ਹੋ ਜਾਂਦੇ ਹਨ। ਵਾਹਨਾਂ ਦੀ ਸੁਰੱਖਿਅਤ ਰਫ਼ਤਾਰ ਦਾ ਸੜਕੀ ਮੌਤਾਂ 'ਤੇ ਵੱਡਾ ਪ੍ਰਭਾਵ ਪੈਂਦਾ ਹੈ ਅਤੇ ਸੜਕਾਂ ਨੂੰ ਬਣਾਉਣ ਲੱਗਿਆਂ ਰਫ਼ਤਾਰ ਸੀਮਾ ਦਾ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ।

ਭਾਰਤ ਅਤੇ ਵਿਸ਼ਵ ਦੇ ਸ਼ਹਿਰਾਂ ਦੇ




ਚਿੱਤਰ-7 : ਨਿਊਯਾਰਕ ਸ਼ਹਿਰ ਵਿਚ ਇਸ਼ਤਿਹਾਰ ਮੁਹਿੰਮ, ਇਹ ਚਿੱਤਰ ਰਫ਼ਤਾਰ ਸੀਮਾ ਨੂੰ ਦਰਸਾਉਂਦਾ ਹੈ।

ਦੁਰਘਟਨਾ ਅੰਕੜੇ ਇਸ਼ਾਰਾ ਕਰਦੇ ਹਨ ਕਿ ਪੈਦਲ ਯਾਤਰੀ ਸਭ ਤੋਂ ਜ਼ਿਆਦਾ ਖ਼ਤਰੇ ਹੇਠ ਹੁੰਦੇ ਹਨ ਅਤੇ ਮਰਨ ਵਾਲਿਆਂ ਵਿਚ ਉਨ੍ਹਾਂ ਦੀ ਸੰਖਿਆ ਸਭ ਤੋਂ ਵੱਧ ਹੁੰਦੀ ਹੈ। ਹੋਰ ਪੜਤਾਲ ਸਾਨੂੰ ਦਰਸਾਉਂਦੀ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਦੁਰਘਟਨਾਵਾਂ ਚੌਕਾਂ ਵਿਚ ਹੁੰਦੀਆਂ ਹਨ। ਇਹ ਇਸ ਗੱਲ ਵਲ ਇਸ਼ਾਰਾ ਹੈ ਕਿ ਅਜਿਹੀਆਂ ਸੜਕਾਂ ਬਣਾਉਣ ਵੱਲ ਧਿਆਨ ਦੇਣਾ ਹੋਵੇਗਾ ਜਿਨ੍ਹਾਂ ਨੂੰ ਪੈਦਲ ਯਾਤਰੀ ਆਰਾਮ ਨਾਲ ਪਾਰ ਕਰ ਸਕਣ, ਬਜਾਇ ਕਿ ਚੌੜੇ ਪੈਦਲ ਪਥ ਬਣਾਏ ਜਾਣ। ਸੜਕਾਂ ਖੁੱਲ੍ਹੀਆਂ ਅਤੇ ਚੌੜੇ ਚੌਕਾਂ ਵਾਲੀਆਂ ਨਹੀਂ ਬਣਾਉਣੀਆਂ ਚਾਹੀਦੀਆਂ ਜਿਨ੍ਹਾਂ ਨੂੰ ਪਾਰ ਕਰਨ ਲਈ ਪੈਦਲ ਯਾਤਰੀਆਂ ਨੂੰ ਉਲੰਪਿਕ ਦੌੜਾਕ ਬਣਨਾ ਪਵੇ। ਸੜਕਾਂ ਆਮ ਪੈਦਲ ਯਾਤਰੀਆਂ ਦੇ ਆਰ-ਪਾਰ ਜਾਣ ਲਈ ਸਹਿਜ ਸੁਖੈਨ ਹੋਣੀਆਂ ਚਾਹੀਦੀਆਂ ਹਨ। ਛੋਟੇ ਚੌਰਾਹੇ, ਤੰਗ ਸੜਕਾਂ ਜਿਨ੍ਹਾਂ ਨੂੰ ਪਾਰ ਕਰਨਾ ਅਸਾਨ ਹੁੰਦਾ ਹੈ ਅਤੇ ਮਿਡ-ਬਲਾਕ ਚੌਰਾਹੇ ਜੋ ਛੋਟੇ ਅਤੇ ਸਭ ਤੋਂ ਸਿੱਧਾ ਰਸਤਾ ਪ੍ਰਦਾਨ ਕਰਦੇ ਹਨ, 40 ਮੀਟਰ ਤੋਂ ਘੱਟ ਚੌੜੀ ਸੜਕ 'ਤੇ ਅਰਾਮ ਨਾਲ ਬਣਾਏ ਜਾ ਸਕਦੇ ਹਨ।

ਸਾਨੂੰ ਸੜਕਾਂ ਦੀ ਵਰਤੋਂ ਯੋਗਤਾ 'ਤੇ ਵੀ ਸਵਾਲ ਖੜ੍ਹੇ ਕਰਨ ਦੀ ਲੋੜ ਹੈ। ਕੀ ਇਕ ਅੱਸੀ ਸਾਲਾਂ ਦਾ ਵਿਅਕਤੀ ਅਰਾਮ ਨਾਲ ਸੜਕ ਪਾਰ ਕਰ ਸਕਦਾ ਹੈ? ਕੀ ਅਸੀਂ 8 ਸਾਲ ਦੇ ਬੱਚੇ ਨੂੰ ਬਿਨਾਂ ਨਿਗਰਾਨੀ ਦੇ ਸੜਕ ਪਾਰ ਕਰਨ ਦੀ ਆਗਿਆ ਦੇਵਾਂਗੇ? ਚੰਗੀ ਤਰ੍ਹਾਂ ਡਿਜ਼ਾਈਨ ਕੀਤੀਆਂ ਸੜਕਾਂ ਬਜ਼ੁਰਗਾਂ ਤੇ ਅੱਲ੍ਹੜਾਂ ਲਈ ਦੁਨੀਆਂ ਭਰ ਵਿਚ ਸੌਖੀ ਵਰਤੋਂ ਦੇ ਕਾਬਲ ਹੁੰਦੀਆਂ ਹਨ। 40 ਮੀਟਰ ਤੋਂ ਘੱਟ ਚੌੜਾਈ ਵਾਲੀਆਂ ਸੜਕਾਂ 'ਤੇ ਅਜਿਹਾ ਸਫਲਤਾ ਨਾਲ ਕੀਤਾ ਜਾ ਸਕਦਾ ਹੈ। ਨਿਊਯਾਰਕ ਸ਼ਹਿਰ ਦਾ ਤਜਰਬਾ ਇਸ਼ਾਰਾ ਕਰਦਾ ਹੈ ਕਿ ਆਮ ਆਵਾਜਾਈ ਲੇਨ ਦੀ ਚੌੜਾਈ 3.5 ਮੀਟਰ ਤੋਂ 2.75 ਮੀਟਰ ਕਰਨ ਨਾਲ ਰਫ਼ਤਾਰ 'ਤੇ ਕਾਬੂ ਪਾਇਆ ਜਾ ਸਕਦਾ ਹੈ, ਜਿਵੇਂ ਕਿ ਚਿੱਤਰ-8 ਵਿਚ ਦਿਖਾਇਆ ਗਿਆ ਹੈ। ਦੋਨਾਂ ਦਿਸ਼ਾਵਾਂ ਵਿਚ 2.75 ਮੀਟਰ ਚੌੜੀਆਂ ਦੋ ਲੇਨਾਂ 11 ਮੀਟਰ ਚੌੜੀਆਂ ਵਾਧੂ ਤਿੰਨ ਲੇਨਾਂ (ਇਕ ਲੇਨ ਅੱਗੇ ਨਿਕਲਣ ਲਈ) ਤੇਜ਼ ਰਫ਼ਤਾਰ ਵਾਹਨਾਂ ਅਤੇ ਬੀ ਆਰ ਟੀ ਪ੍ਰਵਾਹ ਲਈ ਲੋੜੀਂਦੀਆਂ ਹਨ। ਪੈਦਲ ਯਾਤਰੀਆਂ ਅਤੇ



*ਚਿੱਤਰ-8 : ਨਿਊਯਾਰਕ ਸ਼ਹਿਰ ਨੇ ਆਪਣੀਆਂ ਲੇਨਾਂ ਦੀ ਚੌੜਾਈ 3.5 ਮੀਟਰ ਤੋਂ ਘਟਾ ਕੇ 2.75 ਮੀਟਰ ਕੀਤੀ ਤੇ ਰਫ਼ਤਾਰ ਨੂੰ ਘਟਾਇਆ।*


ਸਾਈਕਲਾਂ ਵਾਸਤੇ 10 ਮੀਟਰ ਦੀ ਇਕ ਹੋਰ ਜਗ੍ਹਾ ਸੜਕ ਨੂੰ ਮੁਕੰਮਲ ਕਰ ਦੇਵੇਗੀ। ਜ਼ਰੂਰੀ ਤੌਰ ਤੇ, ਆਵਾਜਾਈ ਦਾ ਬਹੁਤ ਹੀ ਵਧੀਆ ਪੱਧਰ 32 ਮੀਟਰ ਚੌੜੀ ਸੜਕ ਵਿਚ ਸੰਚਾਲਿਤ ਕੀਤਾ ਜਾ ਸਕਦਾ ਹੈ ਜੇ ਬੀ ਆਰ ਟੀ ਲੇਨ ਪ੍ਰਣਾਲੀ ਨੂੰ ਲਾਗੂ ਕੀਤਾ ਜਾਵੇ ਜੋ ਯਾਤਰੀਆਂ ਦੀ ਸੰਖਿਆ ਨੂੰ ਵਧਾ ਦੇਵੇਗੀ।

ਇਸੇ ਤਰ੍ਹਾਂ ਹੀ, ਅੰਦਰੂਨੀ ਸੜਕਾਂ ਵੀ 20 ਮੀਟਰ ਦੀ ਚੌੜਾਈ ਦੀਆਂ ਬਣਾਈਆਂ ਜਾ ਸਕਦੀਆਂ ਹਨ ਜਿਥੇ ਰਫ਼ਤਾਰ ਦੀ ਸੀਮਾ 20 ਕਿਲੋਮੀਟਰ ਪ੍ਰਤਿ ਘੰਟਾ ਹੋਵੇ। ਮੁਹੱਲਿਆਂ ਦੀਆਂ 10 ਮੀਟਰ ਚੌੜੀਆਂ ਅਤੇ 10 ਕਿਲੋਮੀਟਰ ਪ੍ਰਤਿ ਘੰਟਾ ਰਫ਼ਤਾਰ ਵਾਲੀਆਂ ਗਲੀਆਂ ਅਜਿਹੀਆਂ ਹੋ ਸਕਦੀਆਂ ਹਨ ਜਿਥੇ ਸਾਈਕਲ, ਲੋਕ ਅਤੇ ਕਾਰਾਂ ਸੁਰੱਖਿਅਤ ਤਰੀਕੇ ਨਾਲ ਇਧਰ-ਉਧਰ ਜਾ ਸਕਦੇ ਹਨ। ਮਹੱਤਵਪੂਰਨ ਗੱਲ ਹੈ ਕਿ ਰਫ਼ਤਾਰ 'ਤੇ ਕਾਬੂ ਰਫ਼ਤਾਰ ਦੇ ਚਿੰਨ੍ਹਾਂ ਜਾਂ ਕੈਮਰੇ ਦੀ ਮਦਦ ਨਾਲ ਨਹੀਂ ਪਾਇਆ ਜਾ ਸਕਦਾ। ਸਗੋਂ ਸਾਨੂੰ ਅਜਿਹੀਆਂ ਸੜਕਾਂ ਦੀ ਰੂਪ-ਰੇਖਾ ਬਣਾਉਣੀ ਚਾਹੀਦੀ ਹੈ ਜਿਥੇ ਇੱਛਤ ਰਫ਼ਤਾਰ ਯਕੀਨੀ ਹੋਵੇ – ਡਿਜ਼ਾਈਨ ਰਫ਼ਤਾਰ ਅਜਿਹਾ ਸ਼ਹਿਰੀ ਡਿਜ਼ਾਈਨ ਤੱਤਾਂ ਜਿਵੇਂ ਰੁਕਾਵਟਾਂ ਅਤੇ ਦੂਜੇ ਸਾਧਨਾਂ ਲੇਨ ਦੀ ਘੱਟ ਚੌੜਾਈ ਨਾਲ ਹਾਸਲ ਕੀਤਾ ਜਾ ਸਕਦਾ ਹੈ ਜੋ ਰਫ਼ਤਾਰ ਨੂੰ ਘੱਟ ਕਰਦੇ ਹਨ ਅਤੇ ਸੁਰੱਖਿਅਤ ਪੈਦਲ ਪਥ ਅਤੇ ਸਾਈਕਲ ਲੇਨ ਜੋ ਜ਼ਿਆਦਾ ਜੋਖ਼ਮ ਵਿਚ ਆਉਣ ਵਾਲਿਆਂ ਦਾ ਬਚਾਅ ਕਰਦੇ ਹਨ।

ਸ਼ਹਿਰੀ ਡਿਜ਼ਾਈਨ ਸਮੱਸਿਆਵਾਂ ਪੈਦਾ ਕਰਨ ਵਾਲੇ ਯਾਤਰੀ ਪੈਦਲ ਪਥ ਨੂੰ ਵੀ ਠੀਕ ਕਰ ਸਕਦਾ ਹੈ ਜੋ ਲੋਕਾਂ ਨੂੰ ਭੱਜ ਕੇ, ਵਾਹਨਾਂ ਤੋਂ ਬਚ ਕੇ ਸੜਕ ਪਾਰ ਕਰਨ ਲਈ ਮਜਬੂਰ ਕਰਦੇ ਹਨ। ਪੈਦਲ ਯਾਤਰੀ ਅਕਸਰ ਕਾਰਾਂ ਨੂੰ ਚਕਮਾ ਦਿੰਦੇ ਵੇਖੇ ਜਾ ਸਕਦੇ ਹਨ। ਪੈਦਲ ਯਾਤਰੀਆਂ ਨੂੰ ਭੱਜ ਕੇ ਸੜਕ ਪਾਰ ਕਰਨ ਤੋਂ ਬਚਾਉਣ ਲਈ ਘੱਟ ਚੌੜੀਆਂ ਸੜਕਾਂ ਡਿਜ਼ਾਈਨ ਕਰਨੀਆਂ ਚਾਹੀਦੀਆਂ ਹਨ। ਪੈਦਲ ਯਾਤਰੀ ਓਟ ਵਾਲੇ ਸਥਾਨਾਂ, ਸਿੱਧੇ ਅਤੇ ਛੋਟੇ ਆਰ-ਪਾਰ ਰਸਤੇ ਪੈਦਲ ਯਾਤਰੀਆਂ ਦੀ ਗਤੀਸ਼ੀਲਤਾ ਨੂੰ ਸੁਰੱਖਿਅਤ ਕਰਨਗੇ।

ਸੜਕਾਂ ਦਾ ਡਿਜ਼ਾਈਨ ਇਕ ਵਿਗਿਆਨ ਵਜੋਂ ਬਦਲ ਚੁੱਕਾ ਹੈ, ਸ਼ਾਹਰਾਹ ਮੁਖੀ ਡਿਜ਼ਾਈਨ ਦੇ ਨਿਰਮਾਣ ਤੋਂ ਲੋਕਾਂ ਲਈ ਡਿਜ਼ਾਈਨ ਬਣਾਉਣ ਤਕ। ਨਿਊਯਾਰਕ ਵਰਗੇ ਸ਼ਹਿਰਾਂ ਵਲੋਂ ਜਾਰੀ ਕੀਤੇ ਡਿਜ਼ਾਈਨ ਕਿਤਾਬਚਿਆਂ ਵਿਚ ਧਿਆਨ ਦਾ ਕੇਂਦਰ ਸੜਕੀ ਸਥਾਨ ਦੀ ਬਰਾਬਰ ਵੰਡ 'ਤੇ ਕੇਂਦਰਿਤ ਹੋ ਗਿਆ ਹੈ। ਜੁਲਾਈ 2006 ਤੋਂ ਜੂਨ 2009 ਤਕ ਨਿਊਯਾਰਕ ਵਿਚ 200 ਮੀਲ (320 ਕਿਲੋਮੀਟਰ) ਤੋਂ ਵੱਧ ਸਾਈਕਲ ਟਰੈਕ ਬਣਾਏ ਗਏ ਹਨ। ਦਿੱਲੀ ਵਿਚ ਯੂ ਟੀ ਟੀ ਆਈ ਪੀ ਸੀ ਈ ਦੇ ਡਿਜ਼ਾਈਨ ਦਿਸ਼ਾ-ਨਿਰਦੇਸ਼ ਸੜਕ ਨਿਰਮਾਣ ਦੇ ਮਾਮਲੇ ਵਿਚ ਕਈ ਚੰਗੀਆਂ ਪ੍ਰਥਾਵਾਂ ਦਾ ਸੁਨੇਹਾ ਦਿੰਦੇ ਹਨ; ਪਰ ਇਸ 'ਤੇ ਅਮਲ ਹੋਣਾ ਹਾਲੇ ਬਾਕੀ ਹੈ। ਭਾਰਤੀ ਸੜਕ ਕਾਂਗਰਸ (ਆਈ ਆਰ ਸੀ) 103 ਪੈਦਲ ਪਥ ਡਿਜ਼ਾਈਨ, ਖੰਭਿਆਂ ਅਤੇ ਆਵਾਜਾਈ ਨੂੰ ਨਿਯੰਤ੍ਰਣ ਵਿਚ ਰੱਖਣ ਵਾਲੇ ਦੂਜੇ ਤਰੀਕਿਆਂ ਬਾਰੇ ਵਧੀਆ ਵਿਆਖਿਆ ਦਿੰਦੀ ਹੈ। ਇਸ ਕਿਤਾਬਚੇ ਵਿਚ ਸੰਦਰਭ ਆਧਾਰਿਤ ਸੜਕ ਡਿਜ਼ਾਈਨ ਦੇ ਤੱਤ ਸ਼ਾਮਿਲ ਹਨ, ਬਜਾਇ ਕਿ ਸੜਕ ਡਿਜ਼ਾਈਨ ਦਿਸ਼ਾ ਨਿਰਦੇਸ਼ਾਂ ਦੇ।

ਭਾਰਤ ਅੰਦਰ ਸ਼ਹਿਰੀ ਸੜਕਾਂ ਸਭ ਤੋਂ ਵੱਧ ਜਨਤਕ ਸਥਾਨ ਹਨ। ਸੜਕਾਂ ਬਣਾਉਣ ਵਿਚ ਦਿਲਚਸਪੀ ਵਧਦੀ ਜਾ ਰਹੀ ਹੈ। ਮੁੰਬਈ ਵਿਚ ਜੋਗੇਸ਼ਵਰੀ-ਵਿਖਰੋਲੀ ਲਿੰਕ ਰੋਡ (ਜੇ ਵੀ ਐੱਲ ਆਰ) ਅਤੇ ਸਾਂਤਾ ਕਰੂਜ਼-ਚੇਂਬੂਰ ਲਿੰਕ ਰੋਡ (ਐੱਸ ਸੀ ਐੱਲ ਆਰ), ਬਹੁਤ ਲੋੜੀਂਦੇ ਪੱਛਮੀ-ਪੂਰਬ ਸੰਪਰਕ ਬਣਾਏ ਗਏ। ਪਰ ਸਿਧਾਂਤ 2




ਚਿੱਤਰ-9 : ਯੂ ਟੀ ਟੀ ਆਈ ਪੀ ਈ ਸੀ ਡਿਜ਼ਾਈਨ ਗਾਈਡਲਾਈਨਜ਼



*ਚਿੱਤਰ-10 : ਮੁੰਬਈ ਵਿਚ ਜੇ ਵੀ ਐੱਲ ਆਰ ਵਰਗੀਆਂ ਨਵੀਆਂ ਸੜਕਾਂ ਨੇ ਵਧਾਏ ਹੋਏ ਸਮਰੱਥਾ ਸਿਧਾਂਤਾਂ ਅਤੇ ਇਕਸਾਰ ਵੰਡ ਨੂੰ ਅਣਗੌਲਿਆ ਕੀਤਾ ਹੈ।*

ਅਤੇ 3 ਦੇ ਨਤੀਜੇ ਕਿੱਥੇ ਹਨ? ਅਸੀਂ ਲੰਮੀਆਂ ਸੜਕਾਂ ਬਣਾਉਂਦੇ ਹਾਂ ਜੋ ਪੈਦਲ ਯਾਤਰੀਆਂ ਅਤੇ ਬਹੁਸੰਖਿਅਕ ਯਾਤਰੀਆਂ ਨੂੰ ਨਜ਼ਰਅੰਦਾਜ਼ ਕਰਦੇ ਹਨ (ਵੇਖੋ ਚਿੱਤਰ-10)। ਸਿੱਟੇ ਵਜੋਂ, ਉਨ੍ਹਾਂ ਨੂੰ ਸੜਕ ਦੀ ਸੁਰੱਖਿਅਤ ਵਰਤੋਂ ਲਈ ਉੱਚੀ ਛਾਲ ਮਾਰਨ ਵਾਲੇ ਬਣਨਾ ਪੈਂਦਾ ਹੈ। ਸਾਨੂੰ ਇਹ ਯਕੀਨੀ ਬਣਾਉਣ ਲਈ ਸਕ੍ਰਿਅਤਾ ਨਾਲ ਕੰਮ ਕਰਨਾ ਪਵੇਗਾ ਕਿ ਸਾਡੇ ਸ਼ਹਿਰਾਂ ਵਿਚ ਅਜਿਹੀਆਂ ਸੜਕਾਂ ਨਾ ਬਣਨ ਅਤੇ ਡਿਜ਼ਾਈਨ ਬਣਾਉਣ ਵੇਲੇ ਏਜੰਡੇ ਵਿਚ ਸ਼ਾਮਿਲ ਸਿਧਾਂਤਾਂ 'ਤੇ ਅਮਲ ਕੀਤਾ ਜਾਵੇ।

*(ਲੇਖਕ ਕ੍ਰਮਵਾਰ ਮੁੰਬਈ ਸਥਿਤ ਡਾਇਰੈਕਟਰ ਡਬਲਯੂ ਆਰ ਆਈ ਰੌਸ ਸੈਂਟਰ ਫਾਰ ਸਸਟੇਨੇਬਲ ਸਿਟੀਜ਼ ਅਤੇ ਸੀਨੀਅਰ ਐਸੋਸ਼ੀਏਟ - ਅਰਬਨ ਟਰਾਂਸਪੋਰਟ ਵਰਲਡ ਰਿਸੋਰਸਜ਼ ਇੰਸਟੀਚਿਊਟ ਹਨ।)*

*e-mail :mpai@pmbarqindia.org, pvasudevan@embarqindia.org*

***ਸਫ਼ਾ 19 ਦੀ ਬਾਕੀ***

ਪ੍ਰਿੰਟਿੰਗ ਵਰਗੀਆਂ ਨਵੀਆਂ ਖੋਜਾਂ ਦੀ ਅੱਗੇ ਵਧਣ ਵੱਲ ਵੱਡੀ ਭੂਮਿਕਾ ਹੋਵੇਗੀ। ਆਫ਼ਤ ਰਹਿਤ ਸ਼ਹਿਰ ਯਕੀਨੀ ਬਣਾਉਣ ਲਈ ਕੁਝ ਸਾਦਾ ਤਰੀਕਿਆਂ ਵਿਚ ਇਹ ਸ਼ਾਮਿਲ ਹੋ ਸਕਦੇ ਹਨ :-

- ***ਸਾਰਾ ਸਾਲ, ਨਿਰੰਤਰ ਸੰਚਾਰ ਯਕੀਨੀ ਬਣਾਉਣਾ :*** ਹੰਗਾਮੀ ਹਾਲਾਤ ਵਿਚ ਤਕਨਾਲੋਜੀ ਇਕੱਤਰ ਕਰਨ ਦੀ ਭੂਮਿਕਾ ਨਿਭਾਅ ਸਕਦੀ ਹੈ। ਆਫ਼ਤ ਤੋਂ ਬਚਾਅ ਲਈ ਆਨਲਾਈਨ ਭਾਈਚਾਰੇ ਬਣਾ ਕੇ ਉਨ੍ਹਾਂ ਨੂੰ ਖ਼ਾਸ ਆਫ਼ਤਾਂ ਦੀ ਹਾਲਤ ਵਿਚ ਇਕ ਦੂਜੇ ਦੇ ਸੰਪਰਕ ਵਿਚ ਰਹਿਣ ਲਈ ਜਾਗਰੂਕ ਕੀਤਾ ਜਾ ਸਕਦਾ ਹੈ। ਉਦਾਹਰਣ ਵਜੋਂ, ਗੂਗਲ ਨੇ ਆਪਣਾ ਪ੍ਰਾਜੈਕਟ ਲੂਨ ਜਾਰੀ ਕੀਤਾ ਹੈ ਜੋ ਆਫ਼ਤਾਂ ਦੀ ਹਾਲਤ ਵਿਚ ਜਾਂ ਲੋੜਵੰਦ ਖੇਤਰਾਂ ਵਿਚ, ਦੂਰ-ਦਰਾਜ਼ ਦੇ ਇਲਾਕਿਆਂ ਵਿਚ ਲੋਕਾਂ ਨੂੰ ਵਾਈ-ਫਾਈ ਤਕ ਪਹੁੰਚ ਦੇਣ ਲਈ ਉੱਚੇ ਉੱਡਦੇ ਗੁਬਾਰਿਆਂ ਦਾ ਇਸਤੇਮਾਲ ਕਰਦਾ ਹੈ। ਵਿਸ਼ਵ ਦੇ ਕੁਝ ਖ਼ਾਸ ਭਾਗਾਂ ਵਿਚ ਗੁਬਾਰਿਆਂ ਦੀ ਜਾਂਚ ਕਰਨ ਤੋਂ ਬਾਅਦ ਇਹ ਪ੍ਰਾਜੈਕਟ ਆਪਣੇ ਦੂਜੇ ਪੜਾਅ ਵਿਚ ਦਾਖ਼ਲ ਹੋ ਜਾਵੇਗਾ।
- ***ਆਫ਼ਤਾਂ ਵਿਰੋਧੀ ਕੇਂਦਰ :*** ਲਚਕਦਾਰ ਅਤੇ ਸਥਿਰ ਭਾਈਚਾਰੇ ਬਣਾਉਣਾ ਜੋ ਕੁਦਰਤੀ ਆਫ਼ਤਾਂ ਦੀ ਹਾਲਤ ਵਿਚ ਵਿਕਲਪਕ ਊਰਜਾ ਵੀ ਮੁਹੱਈਆ ਕਰਵਾਉਣਗੇ। ਇਹ ਲਾਭਕਾਰੀ ਕੇਂਦਰ ਸੂਰਜੀ ਊਰਜਾ, ਬਰਸਾਤੀ ਪਾਣੀ ਅਤੇ ਰਹਿੰਦ-ਖੂੰਹਦ ਤੋਂ ਖਾਦ ਬਣਾਉਣ ਲਈ ਵਰਤੇ ਜਾਣਗੇ।
- ਮਾਡੂਲਰ ਮਕਾਨ, ਜਿਨ੍ਹਾਂ ਨੂੰ ਲੋੜ ਵੇਲੇ ਰਾਹਤ ਕੇਂਦਰਾਂ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ : ਇਨ੍ਹਾਂ ਵਿਚ ਬੁਨਿਆਦੀ ਸਹੂਲਤਾਂ ਜਿਵੇਂ ਰਸੋਈ, ਗੁਸਲਖ਼ਾਨਾ ਅਤੇ ਸੌਣ ਵਾਲੀ ਥਾਂ ਸ਼ਾਮਿਲ ਹੈ।
- ਸਮਾਰਟ ਫ਼ੋਨ ਅਤੇ ਸੈਂਸਰਾਂ ਦੁਆਰਾ ਪੈਦਾ ਕੀਤੇ ਅੰਕੜੇ ਕੁਦਰਤੀ ਆਫ਼ਤਾਂ ਦੇ ਬੇਹਤਰ ਟਾਕਰੇ ਲਈ ਵਰਤੇ ਜਾ ਸਕਦੇ ਹਨ। ਮਿਸਾਲ ਦੇ ਲਈ, ਭੂਚਾਲ ਦੀ ਹਾਲਤ ਵਿਚ, ਮੈਡੀਕਲ ਯੰਤਰਾਂ ਜਾਂ ਸੈਂਸਰਾਂ ਤੋਂ ਪ੍ਰਾਪਤ ਸਿਗਨਲ ਦੇ ਆਧਾਰ 'ਤੇ ਬਚਾਅ ਦਲਾਂ ਨੂੰ ਪੀੜਤਾਂ ਤਕ ਪਹੁੰਚਣ ਲਈ ਚਿਤਾਵਨੀ ਦਿਤੀ ਜਾ ਸਕਦੀ ਹੈ। ਦੂਜੀ ਮਿਸਾਲ ਭੂਮੀਗਤ ਮੰਚ ਦੀ ਹੈ ਜਿਥੇ ਭੀੜ ਹੋਣ ਦੀ ਨਿਗਰਾਨੀ ਲਈ ਸੈਂਸਰ ਲੱਗੇ ਹੋਣ। ਸੈਂਸਰ ਜਿਵੇਂ ਹੀ ਮੰਗ ਦੀ ਸਮਰਥਾ ਦਾ ਅੰਦਾਜ਼ਾ ਲਾ ਲੈਣਗੇ, ਉਹ ਆਪਣੇ ਆਪ ਪੁਲਿਸ ਅਤੇ ਯਾਤਾਯਤ ਅਧਿਕਾਰੀਆਂ ਨੂੰ ਸੂਚਿਤ ਕਰ ਦੇਣਗੇ ਜੋ ਆਵਾਜਾਈ ਦੇ ਵਾਧੂ ਸਾਧਨਾਂ ਲਈ ਉਸ ਥਾਂ ਵਲ ਬੱਸਾਂ ਨੂੰ ਰਵਾਨਾ ਕਰ ਦੇਣਗੇ। ਸਮੇਂ ਦੀ ਮੰਗ ਹੈ ਕਿ ਦੂਰ ਬੈਠੇ ਅਧਿਕਾਰੀ ਨੂੰ ਅੰਕੜੇ ਸਾਂਝੇ ਕਰਨ ਤੇ ਸਾਰੇ ਮੰਤਰਾਲਿਆਂ 'ਚ ਤਾਲਮੇਲ ਵਾਲੀਆਂ ਇਕਾਈਆਂ ਬਣਾਉਣ ਲਈ ਪ੍ਰੇਰਿਤ ਕੀਤਾ ਜਾਵੇ ਜੋ ਸਾਂਝੀ ਕੋਸ਼ਿਸ਼ ਦੀ ਨਿਗਰਾਨੀ ਕਰਨਗੇ।

**ਸਥਿਰਤਾ ਤਾਂ ਹੀ ਮੁਮਕਿਨ ਹੈ ਜਦੋਂ ਵਸਤਾਂ ਅਤੇ ਏਜੰਸੀਆਂ ਵਿਚਾਲੇ ਭੌਤਿਕ ਅਤੇ ਵਾਸਤਵਿਕ ਸੰਬੰਧ ਸਥਾਪਤ ਕੀਤੇ ਜਾਣ, ਜੋ ਪਹਿਲਾਂ ਨਹੀਂ ਸਨ ਹੁੰਦੇ। ਤਕਨਾਲੋਜੀ ਦੀ ਇਕ ਭੂਮਿਕਾ ਹੋਵੇਗੀ ਅਤੇ ਜਿਵੇਂ ਅਸੀਂ ਈਕੋ-ਪ੍ਰਣਾਲੀ ਤੋਂ ਜਾਣਕਾਰੀ ਹਾਸਲ ਕਰਦੇ ਹਾਂ, ਉਸ ਵਿਚ ਪੂਰਨ ਬਦਲਾਅ ਲਿਆ ਦੇਵੇਗੀ। ਇਸ ਨਾਲ ਪਾਰਦਰਸ਼ਤਾ ਆਵੇਗੀ ਅਤੇ ਭ੍ਰਿਸ਼ਟਾਚਾਰ ਦੀਆਂ ਬੁਰਾਈਆਂ ਨੂੰ ਦੂਰ ਕੀਤਾ ਜਾ ਸਕੇਗਾ ਜਿਸ ਨਾਲ ਵਪਾਰ ਵਿਚ ਸੁਧਾਰ ਹੋਵੇ ਗਾ ਅਤੇ ਆਮ ਨਾਗਰਿਕਾਂ ਦੇ ਜੀਵਨ ਪੱਧਰ ਵਿਚ ਵੀ ਸੁਧਾਰ ਹੋਵੇਗਾ।**

ਇਹ ਪੜਾਅ ਦਰ ਪੜਾਅ ਪ੍ਰਕਿਰਿਆ ਹੋਵੇਗੀ ਜੋ ਹਾਲ ਹੀ ਵਿਚ ਸਮਾਰਟ ਸ਼ਹਿਰਾਂ ਦੀ ਪਹਿਲਕਦਮੀ ਲਈ ਫ਼ੰਡ ਰਾਖਵੇਂ ਕਰਨ ਨਾਲ ਆਰੰਭ ਹੋ ਚੁੱਕੀ ਹੈ। ਨਿਵੇਸ਼ ਨੂੰ ਪ੍ਰਭਾਵੀ ਅਮਲ ਦੀ ਜ਼ਰੂਰਤ ਹੋਵੇਗੀ ਤਾਂ ਜੋ ਇਸ ਪਹਿਲਕਦਮੀ ਦੀ ਸੰਭਾਵਨਾ ਤੋਂ ਸੱਚੇ ਅਰਥਾਂ ਵਿਚ ਲਾਭ ਲਿਆ ਜਾ ਸਕੇ।

*(ਲੇਖਕ ਫੈਡਰੇਸ਼ਨ ਆਫ਼ ਇੰਡਸਟਰੀ ਟ੍ਰੇਡ ਐਂਡ ਸਰਵਿਸਿਸ ਨਾਲ ਜਨਰਲ ਸਕੱਤਰ ਹੈ।)*

*e-mail :sg@federationits.in*

# ਰਾਸ਼ਟਰਪਤੀ ਭਵਨ : ਇਕ ਸਮਾਰਟ ਵਿਰਾਸਤੀ ਨਗਰ

✍ ਸੁਰੇਸ਼ ਯਾਦਵ


## ਰਾਸ਼ਟਰਪਤੀ ਭਵਨ : ਇਕ ਵਿਰਾਸਤੀ ਸਥਾਨ

ਰਾਸ਼ਟਰਪਤੀ ਭਵਨ ਦੀ ਸ਼ਾਨਦਾਰ ਇਮਾਰਤ ਸ਼ਾਇਦ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਇਮਾਰਤਾਂ ਵਿਚੋਂ ਇਕ ਹੈ। ਇਹ ਸ਼ਾਨਦਾਰ ਭਵਨ ਹੈਰਾਨ ਕਰ ਦੇਣ ਵਾਲੀ ਉਸਾਰੀ ਕਲਾ ਦਾ ਨਮੂਨਾ ਹੈ। ਅੰਗਰੇਜ਼ ਭਵਨ ਨਿਰਮਾਤਾ ਸਰ ਐਡਵਿਨ ਲੁਟਿਅਨਜ਼ ਵਲੋਂ ਡਿਜ਼ਾਈਨ ਕੀਤਾ ਇਹ ਭਵਨ, ਭਾਰਤੀ ਅਤੇ ਪੱਛਮੀ ਕਲਾ ਦਾ ਮਿਸ਼ਰਣ ਹੈ। ਇਹ ਅਸਲ ਵਿਚ ਭਾਰਤ ਵਿਚ ਅੰਗਰੇਜ਼ਾਂ ਦੇ ਵਾਇਸਰਾਏ ਦੀ ਰਿਹਾਇਸ਼ ਲਈ ਡਿਜ਼ਾਈਨ ਕੀਤਾ ਗਿਆ ਸੀ ਅਤੇ ਇਸ ਨੂੰ ਵਾਇਸਰਾਏ ਹਾਊਸ ਕਿਹਾ ਜਾਂਦਾ ਸੀ। ਪਰ 26 ਜੂਨ 1950 ਨੂੰ ਇਸ ਦਾ ਨਾਮ ਬਦਲ ਕੇ ਰਾਸ਼ਟਰਪਤੀ ਭਵਨ ਕਰ ਦਿਤਾ ਗਿਆ, ਜੋ ਦੁਨੀਆਂ ਵਿਚ ਸਭ ਤੋਂ ਵੱਡੇ ਲੋਕਤੰਤਰ ਦੇ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਬਣ ਗਿਆ।

ਇਹ ਭਵਨ 330 ਏਕੜ ਖੇਤਰਫਲ ਭੂਮੀ ਉੱਤੇ ਵਸਿਆ ਹੋਇਆ ਹੈ ਅਤੇ ਇਸ ਦਾ ਆਪਣਾ ਰਕਬਾ 5 ਏਕੜ ਹੈ। ਇਹ ਸ਼ਾਨਦਾਰ ਭਵਨ ਅੰਗਰੇਜ਼ੀ ਦੇ ਅੱਖਰ ਐੱਚ ਦੀ ਸ਼ਕਲ ਦੀ ਇਮਾਰਤ ਹੈ ਜੋ 195 ਮੀਟਰ ਚੌੜੀ ਅਤੇ 165 ਮੀਟਰ ਲੰਬੀ ਹੈ। ਇਸ ਵਿਚ 340 ਕਮਰੇ ਹਨ ਅਤੇ ਢਾਈ ਕਿਲੋਮੀਟਰ ਲੰਬੇ ਵਰਾਂਡੇ ਹਨ। ਚਾਰ ਮੰਜ਼ਲਾ ਇਮਾਰਤ ਵਿਚ 227 ਥੰਮ੍ਹ ਅਤੇ 37 ਫੁਆਰੇ। ਇਸ ਦਾ ਕੇਂਦਰੀ ਗੁੰਬਦ ਜੋ ਰਾਸ਼ਟਰਪਤੀ ਭਵਨ ਦਾ ਸਰਤਾਜ ਹੈ, ਸਾਂਚੀ ਦੇ ਸ਼ਾਨਦਾਰ ਸਤੂਪ ਤੋਂ ਪ੍ਰੇਰਨਾ ਲੈ ਕੇ ਬਣਾਇਆ ਗਿਆ ਹੈ। ਰਾਸ਼ਟਰਪਤੀ ਭਵਨ ਦੇ ਥੰਮ੍ਹਿਆਂ 'ਤੇ ਭਾਰਤੀ ਮੰਦਰਾਂ ਦੀਆਂ ਘੰਟੀਆਂ ਹਨ ਜੋ ਇਥੋਂ ਦੇ ਸਮੁੱਚੇ ਹਿੰਦੂ, ਬੋਧੀ ਅਤੇ ਜੈਨ ਸਭਿਆਚਾਰਕ ਰਵਾਇਤਾਂ ਨੂੰ ਦਰਸਾਉਂਦੀਆਂ ਹਨ। ਰਾਸ਼ਟਰਪਤੀ ਭਵਨ ਦੇ ਮੱਥੇ ਵਾਲੇ ਪਾਸੇ ਨੂੰ ਫੋਰਕੋਰਟ ਕਿਹਾ ਜਾਂਦਾ ਹੈ। ਇਹ 200 ਮੀਟਰ ਲੰਬੀ ਥੰਮ੍ਹਦਾਰ ਉਸਾਰੀ ਇਮਾਰਤ ਹੈ। ਫੋਰਕੋਰਟ ਤੋਂ ਡਿਓੜੀ ਦੇ ਰਸਤੇ ਵਿਚ ਮੂਰਤੀ ਕਲਾ ਦਾ ਸ਼ਾਨਦਾਰ ਨਮੂਨਾ ਅਸ਼ੋਕ ਸਤੰਭ ਦੇ ਸ਼ੇਰ ਹਨ। ਇਸ ਇਮਾਰਤ ਵਿਚ 3,000 ਤੋਂ ਵੱਧ ਲੋਕ ਨੌਕਰੀ ਕਰਦੇ ਹਨ ਅਤੇ ਪ੍ਰੈਜ਼ੀਡੈਂਟ ਅਸਟੇਟ 8,000 ਤੋਂ ਵੱਧ ਲੋਕਾਂ ਦਾ ਰਿਹਾਇਸ਼ੀ ਕੰਪਲੈਕਸ ਹੈ।

ਰਾਸ਼ਟਰਪਤੀ ਭਵਨ ਦਾ ਸਵਾਗਤੀ ਕਮਰਾ ਇਕ ਵੱਡਾ ਹਾਲ ਹੈ ਜਿਥੇ ਇਸ ਵਿਰਾਸਤੀ ਇਮਾਰਤ ਵਿਚ ਅਲੌਕਿਕ ਵਸਤਾਂ ਦੇਖਣ ਵਾਲਿਆਂ ਨੂੰ ਦਾਖ਼ਲਾ ਪਾਸ ਜਾਰੀ ਕੀਤੇ ਜਾਂਦੇ ਹਨ। ਇਸ ਸਵਾਗਤੀ ਕਮਰੇ ਤੋਂ ਅੱਗੇ ਲੋਕਾਂ ਨੂੰ ਇਹ ਦੇਖਣ ਦਾ ਮੌਕਾ ਮਿਲਦਾ ਹੈ :-

***(ੳ) ਸੰਗਮਰਮਰ ਦਾ ਹਾਲ :*** ਇਸ ਹਾਲ ਵਿਚ ਅੰਗਰੇਜ਼ੀ ਹਕੂਮਤ ਦੇ ਵੇਲੇ ਦੇ ਵਾਇਸਰਾਇ ਅਤੇ ਸ਼ਾਹੀ ਖ਼ਾਨਦਾਨ ਦੀਆਂ ਤਸਵੀਰਾਂ ਹਨ ਜਿਸ ਦੇ ਨਾਲ-ਨਾਲ ਉਸ ਹਕੂਮਤ ਦੇ ਸਮੇਂ ਦੇ ਕਲਾ ਦੇ ਨਮੂਨੇ ਅਤੇ ਬੁੱਤ-ਤਰਾਸ਼ੀ ਦੇ ਨਮੂਨੇ ਸਜਾਏ ਹੋਏ ਹਨ।




***(ਅ) ਦਰਬਾਰ ਹਾਲ :*** ਇਹ ਇਕ ਵੱਡਾ ਹਾਲ ਹੈ ਜਿਸ ਵਿਚ ਜੈਸਲਮੇਰ ਦਾ ਕੀਮਤੀ ਪੀਲਾ ਸੰਗਮਰਮਰ, ਸ਼ਾਨਦਾਰ ਫਨੂਸ ਅਤੇ ਗੌਤਮ ਬੁੱਧ ਦਾ ਬੁੱਤ ਲੱਗਿਆ ਹੋਇਆ ਹੈ। ਆਜ਼ਾਦੀ ਤੋਂ ਬਾਅਦ, ਭਾਰਤ ਦੀ ਪਹਿਲੀ ਨਵੀਂ ਸਰਕਾਰ ਦੀ ਸਹੁੰ ਚੁਕਾਈ 15 ਅਗਸਤ 1947 ਨੂੰ ਇਸੇ ਦਰਬਾਰ ਹਾਲ ਵਿਚ ਹੋਈ ਸੀ।

***(ੲ) ਲਾਇਬ੍ਰੇਰੀ :*** ਗਿਆਨ ਦੇ ਭੰਡਾਰ ਵਾਲੀ ਸ਼ਾਨਦਾਰ ਗੁੰਬਦ ਵਿਚ 1800 ਤੋਂ 1947 ਦੇ ਵਿਚਕਾਰ ਛਪੀਆਂ 2000 ਤੋਂ ਵੱਧ ਦੁਰਲੱਭ ਪੁਸਤਕਾਂ ਦਾ ਖ਼ਜ਼ਾਨਾ ਹੈ।

***(ਸ) ਅਸ਼ੋਕ ਹਾਲ :*** ਇਹ ਪਹਿਲਾਂ ਵਾਇਸਰਾਏ ਦੇ ਬਾਲ ਰੂਮ ਵਜੋਂ ਜਾਣਿਆ ਜਾਂਦਾ ਸੀ। ਅੱਜਕੱਲ੍ਹ ਇਹ ਰਾਸ਼ਟਰਪਤੀ ਦੇ ਸਭ ਰਸਮੀ ਸਮਾਰੋਹਾਂ ਲਈ ਵਰਤਿਆ ਜਾਂਦਾ ਹੈ। ਇਸ ਦੀ ਛੱਤ 'ਤੇ ਫ਼ਤਹਿ ਅਲੀ ਸ਼ਾਹ ਦੀ ਸ਼ਾਨਦਾਰ ਪੇਂਟਿੰਗ ਇਸ ਨੂੰ ਅਲਗ ਪਛਾਣ ਦਿੰਦੀ ਹੈ।

***(ਹ) ਮੁਗ਼ਲ ਗਾਰਡਨ :*** ਇਸ ਨੂੰ ਰਾਸ਼ਟਰਪਤੀ ਭਵਨ ਦੀ ਰੂਹ ਕਿਹਾ ਜਾਂਦਾ ਹੈ। ਪੰਦਰਾਂ ਏਕੜ ਰਕਬੇ ਵਿਚ ਫ਼ੈਲਿਆ ਇਹ ਅਜਿਹਾ ਭੂ-ਦ੍ਰਿਸ਼ ਹੈ ਜਿਸ ਵਿਚ 120 ਤੋਂ ਵਧੇਰੇ ਬਨਸਪਤੀ ਕਿਸਮਾਂ ਹਨ। ਮੁਗ਼ਲ ਗਾਰਡਨ ਦੇ ਤਿੰਨ ਹਿੱਸੇ ਹਨ, 1) ਸਮਚਤਰਭੁਜ ਬਾਗ਼, 2) ਲੰਬਾ ਬਾਗ਼, 3) ਗੋਲਾਕਾਰ ਬਾਗ਼।

## ਭਾਰਤ ਦੇ ਰਾਸ਼ਟਰਪਤੀ ਦਾ ਵੈੱਬ ਆਧਾਰਿਤ ਪਲੇਟਫਾਰਮ

ਭਾਰਤ ਦੇ ਰਾਸ਼ਟਰਪਤੀ ਦੀ ਆਨਲਾਈਨ ਵੈੱਬਸਾਈਟ ਜਿਸ ਵਿਚ ਮੌਜੂਦਾ ਰਾਸ਼ਟਰਪਤੀ ਬਾਰੇ, ਰਾਸ਼ਟਰਪਤੀ ਭਵਨ ਬਾਰੇ ਵਿਸਤ੍ਰਿਤ ਜਾਣਕਾਰੀ




*ਰਾਸ਼ਟਰਪਤੀ ਦੇ ਐਸਟੇਟ ਵਿਖੇ ਵਾਈਫਾਈ ਸਹੂਲਤ ਦਾ ਉਦਘਾਟਨ*

ਸਮੇਤ, ਇਕ ਵਰਤੋਂਕਾਰ ਲਈ ਸੁਖਾਲੇ ਅਤੇ ਗੱਲਬਾਤ ਵਾਲੇ ਤਰੀਕੇ, ਜਾਣਕਾਰੀ ਦਿਤੀ ਗਈ ਹੈ। ਵੈੱਬਸਾਈਟ ਰਾਸ਼ਟਰਪਤੀ ਭਵਨ ਦੇ ਵੱਖ-ਵੱਖ ਇਤਿਹਾਸਕ ਅਤੇ ਸਭਿਆਚਾਰਕ ਪਹਿਲੂਆਂ ਬਾਰੇ ਉੱਤਮ ਕਿਸਮ ਦੀ ਜਾਣਕਾਰੀ ਦਿੰਦੀ ਹੈ ਅਤੇ ਵਰਤੋਂਕਾਰਾਂ ਦੀ ਇਸ ਦੀ ਫੋਟੋ ਗੈਲਰੀ ਅਤੇ ਆਡਿਓ-ਵਿਜ਼ੂਅਲ ਲਾਇਬ੍ਰੇਰੀ ਤਕ ਪਹੁੰਚ ਬਣਾਉਂਦੀ ਹੈ। ਰਾਸ਼ਟਰਪਤੀ ਦੀ ਵੈੱਬਸਾਈਟ ਦਾ ਸ਼ੋਸ਼ਲ ਮੀਡੀਆ ਦੇ ਹੋਰ ਪਲੇਟਫਾਰਮਾਂ ਜਿਵੇਂ ਕਿ ਫੇਸਬੁੱਕ, ਟਵੀਟਰ ਅਤੇ ਯੂਟਿਊਬ ਨਾਲ ਵੀ ਤਾਲਮੇਲ ਕੀਤਾ ਗਿਆ ਹੈ। ਇਸ ਪਲੇਟਫਾਰਮ ਨੂੰ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀਆਂ ਹੋਰ ਦੇਣਾਂ, ਜਿਵੇਂ ਕਿ ਐਂਡਰਾਇਓਡ ਸਮਾਰਟ ਫ਼ੋਨ ਅਤੇ ਟੇਬਲੈਟ ਨਾਲ ਵਰਤੋਂ ਵਿਚ ਲਿਆਉਣ ਲਈ ਵੀ ਡਿਜ਼ਾਈਨ ਕੀਤਾ ਗਿਆ ਹੈ।

## ਆਨਲਾਈਨ ਈ-ਕਾਨਫਰੰਸ ਪ੍ਰਬੰਧਨ ਪ੍ਰਣਾਲੀ

ਇਹ ਇਕ ਕੁਸ਼ਲ ਅਤੇ ਵਰਤੋਂਕਾਰਾਂ ਲਈ ਸੁਖਾਵਾਂ ਵੈੱਬ-ਆਧਾਰਿਤ ਪਲੇਟਫਾਰਮ ਹੈ ਜਿਸ ਨੂੰ ਸਭ ਕੇਂਦਰੀ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰਾਂ/ਨਿਰਦੇਸ਼ਕਾਂ ਦੀਆਂ ਰਾਸ਼ਟਰਪਤੀ ਭਵਨ ਵਿਚ ਸਾਲਾਨਾ ਕਾਨਫਰੰਸਾਂ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ। ਡਿਜ਼ੀਟਲ ਪਲੇਟਫਾਰਮ ਵਾਈਸ ਚਾਂਸਲਰਾਂ/ਨਿਰਦੇਸ਼ਕਾਂ ਨੂੰ ਆਪਣੀਆਂ ਯੂਨੀਵਰਸਿਟੀਆਂ, ਸੰਸਥਾਨਾਂ ਬਾਰੇ ਸੂਚਨਾ ਸਾਂਝੀ ਕਰਨ ਲਈ, ਜਿਵੇਂ ਕਿ ਉਸ ਦੇ ਟੀਚੇ, ਪ੍ਰਾਪਤੀਆਂ ਅਤੇ ਤਰੱਕੀ ਰਿਪੋਰਟਾਂ ਆਦਿ ਨੂੰ ਸਾਂਝਾ ਕਰਨ ਲਈ ਲਾਗ ਆਨ ਦੀ ਸਹੂਲਤ ਦਿੰਦਾ ਹੈ ਜੋ ਭਵਿੱਖ ਵਿਚ ਸਾਲਾਨਾ ਕਾਨਫਰੰਸਾਂ ਦਾ ਏਜੰਡਾ ਨਿਰਧਾਰਤ ਕਰਨ, ਵਿਚਾਰ-ਵਟਾਂਦਰਾ, ਸ਼ਾਮਿਲ ਹੋਣ ਵਾਲਿਆਂ ਅਤੇ ਬੋਲਣ ਵਾਲੇ ਵਿਅਕਤੀਆਂ ਦੀ ਸੂਚੀ ਆਦਿ ਤਿਆਰ ਕਰਨ ਵਿਚ ਸੰਦਰਭ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ।

## ਆਉਣ ਵਾਲੇ ਵਿਅਕਤੀਆਂ ਦੀ ਈ-ਪ੍ਰਬੰਧਨ ਪ੍ਰਣਾਲੀ (ਈ-ਐੱਮ ਵੀ ਐੱਸ)

ਇਕ ਆਨ ਲਾਈਨ ਵੈੱਬ-ਆਧਾਰਿਤ ਪਲੇਟਫਾਰਮ ਜਿਸ ਨੂੰ ਰਾਸ਼ਟਰਪਤੀ ਭਵਨ ਵਿਚ ਆਉਣ ਵਾਲੇ ਵਿਅਕਤੀਆਂ ਨੂੰ ਆਪਣੇ ਬੇਨਤੀ ਪੱਤਰ ਦੇਣ ਲਈ ਆਸਾਨ ਪਹੁੰਚ ਦੇਣ ਲਈ ਡਿਜ਼ਾਈਨ ਕੀਤਾ ਗਿਆ ਹੈ। ਇਹ ਪ੍ਰਣਾਲੀ ਵੱਡੇ ਪੈਮਾਨੇ 'ਤੇ ਜਾਣਕਾਰੀ ਦੇਣ ਵਾਲੇ ਰਿਕਾਰਡਾਂ ਦੀ ਜਾਂਚ ਰਾਹੀਂ ਜੀ2ਸੀ ਅਤੇ ਸੀ2ਜੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਕੁਸ਼ਲ, ਪਾਰਦਰਸ਼ੀ ਅਤੇ ਅਸਰਦਾਰ ਸੇਵਾ ਮੁਹੱਈਆ ਕਰਦੀ ਹੈ। ਇਸ ਪ੍ਰਣਾਲੀ ਦਾ ਤਾਲਮੇਲ ਐੱਸ ਐੱਮ ਐੱਸ ਅਤੇ ਈ-ਮੇਲ ਨੋਟੀਫਿਕੇਸ਼ਨ ਦੇਣ ਲਈ ਕੀਤਾ ਗਿਆ ਅਤੇ ਇਸ ਨੂੰ ਕਿਸੇ ਸਮੇਂ ਵੀ ਕਿਸੇ ਵੀ ਸੂਚਨਾ ਅਤੇ ਸੰਚਾਰ ਯੰਤਰ ਨਾਲ ਜੋੜਿਆ ਜਾ ਸਕਦਾ ਹੈ।

## ਈ-ਸੱਦਾ ਪੱਤਰ ਪ੍ਰਬੰਧਨ ਪ੍ਰਣਾਲੀ (ਈ-ਆਈ ਐੱਮ ਐੱਸ)


ਇਹ ਆਨ ਲਾਈਨ ਵੈੱਬ ਆਧਾਰਿਤ ਪ੍ਰਣਾਲੀ ਹੈ ਜਿਸ ਨੂੰ ਰਾਸ਼ਟਰਪਤੀ ਭਵਨ ਵਿਚ ਹੋਣ ਵਾਲੇ ਸਿਖਿਅਕ, ਸਭਿਆਚਾਰਕ ਅਤੇ ਰਸਮੀ ਕਾਰਜਾਂ ਲਈ ਡਿਜ਼ੀਟਲ ਸੱਦਾ-ਪੱਤਰ ਭੇਜਣ ਲਈ ਡਿਜ਼ਾਈਨ ਕੀਤਾ ਗਿਆ ਹੈ। ਇਸ ਦਾ ਤਾਲਮੇਲ ਐੱਸ ਐੱਮ ਐੱਸ ਅਤੇ ਈ-ਮੇਲ ਨੋਟੀਫਿਕੇਸ਼ਨ ਦੇਣ ਲਈ ਅਤੇ ਡਿਜ਼ੀਟਲ ਤਰੀਕੇ ਪ੍ਰਾਪਤੀ ਦਾ ਹਵਾਲਾ ਦੇਣ ਲਈ ਕੀਤਾ ਗਿਆ ਹੈ। ਇਸ ਪ੍ਰਣਾਲੀ ਰਾਹੀਂ ਬੇਨਤੀਆਂ ਰਾਸ਼ਟਰੀ ਰਾਜਧਾਨੀ ਖੇਤਰ ਤੋਂ ਬਾਹਰ ਭੇਜਣ ਦਾ ਲਾਭ ਵੀ ਮਿਲਦਾ ਹੈ। ਇਹ ਇਕ ਬਹੁਤ ਹੀ ਕਿਫ਼ਾਇਤੀ ਪ੍ਰਣਾਲੀ ਹੈ ਅਤੇ ਇਸ ਰਾਹੀਂ ਵੱਡੇ ਪੈਮਾਨੇ 'ਤੇ ਸੱਦਾ ਪੱਤਰਾਂ ਦਾ ਪ੍ਰਬੰਧ ਕਰਨ ਲਈ ਕਿਸੇ ਵਾਧੂ ਕਰਮਚਾਰੀ ਦੀ ਲੋੜ ਨਹੀਂ ਹੁੰਦੀ।

## ਈ-ਰਾਸ਼ਟਰਪਤੀ ਸੁਨੇਹੇ ਪ੍ਰਣਾਲੀ (ਈ-ਪੀ ਐੱਮ ਐੱਸ)

ਇਹ ਕਾਗ਼ਜ਼ ਰਹਿਤ ਵਾਤਾਵਰਨ ਵਿਚ ਨਾਗਰਿਕਾਂ ਨਾਲ ਸੂਚਨਾ ਸਾਂਝੀ ਕਰਨ ਲਈ ਡਿਜ਼ਾਈਨ ਕੀਤਾ ਆਨਲਾਈਨ ਵੈੱਬ-ਆਧਾਰਿਤ ਪਲੇਟਫਾਰਮ ਹੈ। ਇਹ ਪ੍ਰਣਾਲੀ ਲੋਕਾਂ ਨੂੰ ਕੁੱਝ ਮਹੱਤਵਪੂਰਨ ਮੌਕਿਆਂ 'ਤੇ ਡਿਜ਼ੀਟਲ ਤਰੀਕੇ ਭਾਰਤ ਦੇ ਰਾਸ਼ਟਰਪਤੀ ਤੋਂ ਉਨ੍ਹਾਂ ਦਾ ਸੰਦੇਸ਼ ਲੈਣ ਬੇਨਤੀ ਪੱਤਰ ਦਾਖ਼ਲ ਕਰਨ ਦੀ ਸਹੂਲਤ ਦਿੰਦਾ ਹੈ। ਲੋਕਾਂ ਨਾਲ ਰਾਸ਼ਟਰਪਤੀ ਦਾ ਸੰਦੇਸ਼ ਡਿਜ਼ੀਟਲ ਫਾਰਮਟ ਵਿਚ (ਪੀ ਡੀ ਐਫ ਫਾਰਮਟ) ਵਿਚ ਈ-ਮੇਲ ਰਾਹੀਂ ਸਾਂਝਾ ਕੀਤਾ ਜਾਂਦਾ ਹੈ ਅਤੇ ਅਰਜ਼ੀਆਂ ਬਾਰੇ ਜਾਣਕਾਰੀ ਐੱਸ ਐੱਮ ਐੱਸ ਰਾਹੀਂ ਦਿਤੀ ਜਾਂਦੀ ਹੈ। ਇਸ ਪ੍ਰਣਾਲੀ ਨੂੰ ਵਰਤੋਂਕਾਰਾਂ ਲਈ ਬਹੁਤ ਸੁਖਾਵੀਂ ਅਤੇ ਗੱਲਬਾਤ ਵਾਲੀ ਡਿਜ਼ਾਈਨ ਕੀਤੀ ਗਈ ਹੈ ਅਤੇ ਇਸ ਦੇ ਨਾਲ-ਨਾਲ ਇਹ ਬਹੁਤ ਤੇਜ਼ ਅਤੇ ਕੁਸ਼ਲ ਹੈ।

## ਈ-ਰਾਸ਼ਟਰਪਤੀ ਸਮਾਗਮ ਪ੍ਰਣਾਲੀ (ਈ-ਪੀ ਐੱਫ ਐੱਸ)

ਰਾਸ਼ਟਰਪਤੀ ਨੂੰ ਕੁਝ ਮਹੱਤਵਪੂਰਨ ਸਿੱਖਿਆ, ਸਭਿਆਚਾਰਕ ਅਤੇ ਰਸਮੀ ਸਮਾਗਮਾਂ 'ਤੇ ਉਨ੍ਹਾਂ ਦੇ ਹਾਜ਼ਰ ਹੋਣ ਲਈ ਨਾਗਰਿਕਾਂ ਵਲੋਂ ਬੇਨਤੀ ਕਰਨ ਲਈ ਉਨ੍ਹਾਂ ਨੂੰ ਆਸਾਨ ਪਹੁੰਚ ਦੇਣ ਲਈ ਡਿਜ਼ਾਈਨ ਕੀਤਾ ਡਿਜ਼ੀਟਲ ਪਲੇਟਫਾਰਮ ਹੈ। ਇਸ ਪ੍ਰਣਾਲੀ ਦਾ ਲਾਭ ਇਹ ਹੈ ਕਿ ਇਹ ਬਹੁਤ ਵੱਡੀ ਗਿਣਤੀ ਵਿਚ ਵੱਖ-ਵੱਖ ਕਿਸਮ ਦੀਆਂ ਬੇਨਤੀਆਂ ਨੂੰ ਬਿਨਾਂ ਵਾਧੂ ਭੌਤਿਕੀ ਜਾਂ



ਰਾਸ਼ਟਰਪਤੀ ਦੇ ਐਸਟੇਟ ਵਿਖੇ ਵਾਈਫਾਈ ਸੇਵਾਵਾਂ ਦੀ ਪੇਸ਼ਕਸ਼



*ਆਰ ਬੀ ਬਾਈਸਾਈਕਲ ਸੁਖਾਵੀਂ ਈਕੋ-ਯਾਤਰਾ ਤੇ ਸਿਹਤਮੰਦ ਰਹਿਣ-ਬਹਿਣ ਨੂੰ ਉੱਨਤ ਕਰਨ ਲਈ*

ਮਾਨਵੀ ਸਰੋਤਾਂ ਦੀ ਵਰਤੋਂ ਦੇ ਸੁਖਾਲਾ ਪ੍ਰਬੰਧਨ ਕਰਨ ਦਾ ਲਾਭ ਦਿੰਦੀ ਹੈ। ਇਸ ਪ੍ਰਣਾਲੀ ਦਾ ਈ-ਮੇਲ ਅਤੇ ਐੱਸ ਐੱਮ ਐੱਸ ਰਾਹੀਂ ਸੂਚਨਾ ਦੇਣ ਲਈ ਤਾਲਮੇਲ ਬਿਠਾਇਆ ਗਿਆ ਹੈ। ਇਹ ਪ੍ਰਣਾਲੀ ਬਹੁਤ ਕਿਫ਼ਾਇਤੀ ਹੈ ਅਤੇ ਇਸ ਦੀ ਪਹੁੰਚ ਬਹੁਤ ਵਿਆਪਕ ਹੈ।

ਇਸ ਦੇ ਨਾਲ-ਨਾਲ, ਉਪਰ ਦਿਤੀਆਂ ਡਿਜ਼ੀਟਲ ਪ੍ਰਣਾਲੀਆਂ ਦਾ ਦੂਸਰੀਆਂ ਲਾਭਕਾਰੀ ਅਤੇ ਅਸਰਦਾਰ ਤਕਨਾਲੋਜੀਆਂ ਨਾਲ ਤਾਲਮੇਲ ਬਿਠਾਇਆ ਗਿਆ ਹੈ ਜੋ ਇਕ ਸਮਾਰਟ ਸਿਟੀ ਦੀ ਸਭ ਖ਼ਾਸੀਅਤਾਂ ਦੀ ਝਲਕ ਦਿੰਦੀਆਂ ਹਨ। ਉਦਾਹਰਣ ਦੇ ਤੌਰ ਤੇ, ਆਉਣ ਵਾਲਿਆਂ ਦੇ ਸਭ ਪਾਸ ਅਤੇ ਡਿਜ਼ੀਟਲ ਸੱਦਾ ਪੱਤਰ ਜੋ ਮਹਿਮਾਨਾਂ ਨੂੰ ਦਿਤੇ ਜਾਂਦੇ ਹਨ, ਬਾਰਕੋਡ ਤਕਨਾਲੋਜੀ ਨਾਲ ਜੋੜੇ ਗਏ ਹਨ ਜਿਸ ਵਿਚ ਉਨ੍ਹਾਂ ਬਾਰੇ ਸਭ ਨਿੱਜੀ ਸੂਚਨਾ ਦਰਜ ਹੁੰਦੀ ਹੈ ਜੋ ਕਿਸੇ ਵੀ ਸੁਰੱਖਿਆ ਕਰਮਚਾਰੀ ਵਲੋਂ ਬਾਰਕੋਡ ਸਕੈਨਰ ਰਾਹੀਂ ਆਸਾਨੀ ਨਾਲ ਜਾਂਚੀ ਜਾ ਸਕਦੀ ਹੈ। ਬਾਰਕੋਡ ਪ੍ਰਣਾਲੀ ਟਰੈਫਿਕ ਅਤੇ ਪਾਰਕਿੰਗ ਸਹੂਲਤਾਂ ਦਾ ਸੁਚੱਜਾ ਪ੍ਰਬੰਧਨ ਕਰਨ ਦੀ ਸਹੂਲਤ ਵੀ ਮੁਹੱਈਆ ਕਰਦਾ ਹੈ।

## ਰੇਡਿਓਫ੍ਰੀਕੁਐਂਸੀ ਸ਼ਨਾਖ਼ਤ ਤਕਨਾਲੋਜੀ

ਇਸ ਤਕਨਾਲੋਜੀ ਨੂੰ ਵਿਸ਼ੇਸ਼ਤਾਵਾਂ ਪ੍ਰਬੰਧਨ ਪਛਾਣ ਸੂਚਨਾ ਪ੍ਰਣਾਲੀ ਤਹਿਤ ਰਾਸ਼ਟਰਪਤੀ ਨੂੰ ਮਿਲੀਆਂ ਸੁਗਾਤਾਂ ਅਤੇ ਵਿਰਾਸਤੀ ਸੰਪਤੀਆਂ ਅਤੇ ਕਲਾ ਕ੍ਰਿਤੀਆਂ ਲਈ ਤਕਨਾਲੋਜੀ ਅਪਣਾਉਣ ਲਈ ਵਿਕਸਤ ਕੀਤਾ ਗਿਆ ਹੈ ਜਿਸ ਨੂੰ ਪ੍ਰੈਜ਼ੀਡੈਂਟ ਅਸਟੇਟ ਦੇ ਸਭ ਨਿਵਾਸੀਆਂ ਨੂੰ ਬਿਨਾਂ ਸੁਰੱਖਿਆ ਨਾਲ ਕੋਈ ਸਮਝੌਤਾ ਕਰੇ ਆਸਾਨੀ ਨਾਲ ਅੰਦਰ ਆਉਣ ਲਈ ਸਮਾਰਟ ਪਛਾਣ ਪੱਤਰਾਂ ਨਾਲ ਜੋੜਿਆ ਗਿਆ ਹੈ। ਇਸ ਤਕਨਾਲੋਜੀ ਦੀ ਵਰਤੋਂ ਉਨ੍ਹਾਂ ਸਭ ਵਿਅਕਤੀਆਂ ਲਈ ਪ੍ਰੈਜ਼ੀਡੈਂਟ ਅਸਟੇਟ ਨਾਲ ਅੰਦਰ ਆਉਣ ਲਈ ਸਮਾਰਟ ਪਛਾਣ ਪੱਤਰਾਂ ਨਾਲ ਜੋੜਿਆ ਗਿਆ ਹੈ। ਇਸ ਤਕਨਾਲੋਜੀ ਦੀ ਵਰਤੋਂ ਉਨ੍ਹਾਂ ਸਭ ਵਿਅਕਤੀਆਂ ਲਈ ਪ੍ਰੈਜ਼ੀਡੈਂਟ ਅਸਟੇਟ ਵਿਚ ਆਸਾਨੀ ਨਾਲ ਅੰਦਰ ਆਉਣ ਨੂੰ ਯਕੀਨੀ ਬਣਾਉਣ ਲਈ ਵੀ ਵਰਤੋਂ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਰਾਸ਼ਟਰਪਤੀ ਭਵਨ ਕਾਮਗਾਰ ਪ੍ਰਣਾਲੀ ਅਧੀਨ ਕੁਝ ਵਿਸ਼ੇਸ਼ ਕਿਸਮ ਦੇ ਤਕਨੀਕੀ ਕਾਰਜਾਂ ਲਈ ਬੁਲਾਇਆ ਜਾਂਦਾ ਹੈ।

ਰਾਸ਼ਟਰਪਤੀ ਭਵਨ ਦੇ ਵੱਖ-ਵੱਖ ਵਿਭਾਗ ਈ-ਆਫ਼ਿਸ ਦੀ ਵਰਤੋਂ ਕਰ ਰਹੇ ਹਨ ਜੋ ਇਕ ਨੈਸ਼ਨਲ ਇਨਫਾਰਮੇਟਿਕਸ ਸੈਂਟਰ ਵਲੋਂ ਸ਼ੁਰੂ ਕੀਤਾ ਪ੍ਰਸ਼ਾਸਨ ਦੀ ਮਦਦ ਲਈ ਇਕ ਡਿਜ਼ੀਟਲ ਪਲੇਟਫਾਰਮ ਹੈ ਜੋ ਵਧੇਰੇ ਅਸਰਦਾਰ ਅਤੇ ਪਾਰਦਰਸ਼ੀ ਤਰੀਕੇ ਆਪਣੇ ਅੰਦਰਲੇ ਵਿਭਾਗਾਂ ਨਾਲ ਅਤੇ ਸਰਕਾਰ ਦੇ ਬਾਹਰੀ ਵਿਭਾਗਾਂ ਨਾਲ ਪ੍ਰਕਿਰਿਆ ਕਰਦਾ ਹੈ। ਇਹ ਸਰਕਾਰ ਦੇ ਵੱਖਰੇ ਵਿਭਾਗਾਂ ਨੂੰ ਸੌਖੇ, ਲੋਕਾਂ ਵਲ ਹੁੰਗਾਰੇ ਵਾਲੇ, ਅਸਰਦਾਰ ਅਤੇ ਪਾਰਦਰਸ਼ੀ ਤਰੀਕੇ ਕੰਮਕਾਜ ਕਰਨ ਦੇ ਤਰੀਕੇ ਚਲਣ ਦੀ ਪੇਸ਼ਕਸ਼ ਕਰਦਾ ਹੈ। ਈ-ਆਫ਼ਿਸ ਪਲੇਟਫਾਰਮ ਬਹੁ-ਪੱਖੀ ਵਿਸ਼ੇਸ਼ਤਾਵਾਂ ਦੀ ਪੇਸ਼ਕਸ਼ ਕਰਦਾ ਹੈ, ਜਿਵੇਂ ਕਿ ਈ-ਫਾਈਲ ਪ੍ਰਬੰਧਨ ਪ੍ਰਣਾਲੀ, ਗਿਆਨ ਪ੍ਰਬੰਧਨ ਪ੍ਰਣਾਲੀ, ਛੁੱਟੀਆਂ ਦਾ ਹਿਸਾਬ-ਕਿਤਾਬ ਰੱਖਣ ਦੀ ਪ੍ਰਕਿਰਿਆ ਜਾਂ ਕਰਮਚਾਰੀਆਂ ਬਾਰੇ ਜਾਣਕਾਰੀ ਦਾ ਪ੍ਰਬੰਧਨ ਜਿਸ ਨੂੰ ਕਿਸੇ ਵੀ ਵਿਭਾਗ ਦੀਆਂ ਜ਼ਰੂਰਤਾਂ ਅਨੁਸਾਰ ਢਾਲਿਆ ਜਾ ਸਕਦਾ ਹੈ। ਸੂਚਨਾ ਦੀ ਸੁਰੱਖਿਅਤ ਆਵਾਜਾਈ ਲਈ ਮਿਲਣ ਵਾਲਿਆਂ/ਦਰਸ਼ਕਾਂ ਦੇ ਬੇਨਤੀ ਪੱਤਰਾਂ ਬਾਰੇ ਆਨਲਾਈਨ ਸੂਚਨਾ ਪ੍ਰਣਾਲੀ ਨੂੰ ਰਾਸ਼ਟਰਪਤੀ ਸਕੱਤਰੇਤ ਵਿਚ ਈ-ਆਫ਼ਿਸ ਨਾਲ ਜੋੜਿਆ ਗਿਆ ਹੈ।

ਮਿਲਣ ਵਾਲਿਆਂ/ਦਰਸ਼ਕਾਂ ਦੇ ਬੇਨਤੀ ਪੱਤਰਾਂ ਬਾਰੇ ਆਨਲਾਈਨ ਸੂਚਨਾ ਪ੍ਰਣਾਲੀ ਇਕ ਡਿਜ਼ੀਟਲ ਪਲੇਟਫਾਰਮ ਹੈ ਜਿਸ ਰਾਹੀਂ ਵਧੇਰੇ ਸੁਰੱਖਿਆ ਦੇ ਨਜ਼ਰੀਏ ਤੋਂ ਸੁਰੱਖਿਆ ਕੰਟਰੋਲ ਰੂਮ ਨੂੰ ਅਗੇਤੀ ਸੂਚਨਾ ਟੈਲੀਫ਼ੋਨ ਕਰਨ ਦੀ ਬਜਾਇ ਡਿਜ਼ੀਟਲੀ ਦਿਤੀ ਜਾਂਦੀ ਹੈ। ਇਹ ਪ੍ਰਣਾਲੀ ਕਰਮਚਾਰੀਆਂ ਵਲੋਂ ਆਪਣੇ ਰਜਿਸਟਰਡ ਮੋਬਾਈਲ ਫ਼ੋਨ ਰਾਹੀਂ ਬੇਨਤੀ ਸਵੀਕਾਰ ਕਰਨ ਵਿਚ ਵੀ ਸਮਰੱਥ ਹੈ। ਇਹ ਸੁਰੱਖਿਆ ਨਾਲ ਬਿਨਾਂ ਕਿਸੇ ਕਿਸਮ ਦੇ ਸਮਝੌਤੇ ਦੇ ਤੇਜ਼ ਗਤੀ ਅਤੇ ਕੁਸ਼ਲ ਸੇਵਾਵਾਂ ਦਿੰਦਾ ਹੈ।

ਰਾਸ਼ਟਰਪਤੀ ਭਵਨ ਦੇ ਸਭ ਮੁੱਖ ਵਿਭਾਗ ਤੇਜ਼ ਗਤੀ ਵਾਈਫਾਈ ਸੇਵਾ ਨਾਲ ਜੋੜੇ ਗਏ ਹਨ। ਇਸ ਨੂੰ ਸਮੁੱਚੇ ਪ੍ਰੈਜ਼ੀਡੈਂਟ ਅਸਟੇਟ ਨਾਲ ਜੋੜਿਆ ਗਿਆ ਹੈ। ਇਸ ਦਾ ਮਕਸਦ ਇਥੇ ਰਹਿਣ ਵਾਲੇ ਪਰਿਵਾਰਾਂ ਨੂੰ ਵਾਇਰਲੈੱਸ ਇੰਟਰਨੈੱਟ ਸੇਵਾਵਾਂ ਦੇਣਾ ਹੈ ਤਾਂ ਕਿ ਉਹ ਸਿੱਖਿਆ, ਸਿਹਤ ਸੰਭਾਲ, ਮਨੋਰੰਜਨ, ਬੈਂਕਿੰਗ ਆਦਿ ਬਾਰੇ ਜਾਣਕਾਰੀ ਹਾਸਲ ਕਰ ਸਕਣ। ਇਸ ਤੋਂ ਇਲਾਵਾ, ਰਾਸ਼ਟਰਪਤੀ ਭਵਨ ਦੇ ਸਭ ਕਰਮਚਾਰੀਆਂ ਅਤੇ ਵਾਸੀਆਂ ਨੂੰ ਰਾਸ਼ਟਰਪਤੀ ਭਵਨ ਸਮਾਰਟ ਚੇਂਜ, ਕਾਰਡ ਜਾਰੀ ਕੀਤੇ ਗਏ ਹਨ ਜਿਨ੍ਹਾਂ ਨਾਲ ਰਾਸ਼ਟਰਪਤੀ ਭਵਨ ਵਿਚ ਮਿਲਣ ਵਾਲੀਆਂ ਸਭ

ਸੇਵਾਵਾਂ ਅਤੇ ਇਥੋਂ ਦੇ ਆਰ ਬੀ ਸਾਈਕਲ ਸਟੋਰ ਤਕ, ਜੋ ਵਾਤਾਵਰਨ ਸੁਖਾਵੀਂ ਅਤੇ ਸਿਹਤਮੰਦ ਆਵਾਜਾਈ ਲਈ ਸਥਾਪਤ ਕੀਤਾ ਗਿਆ ਹੈ, ਤਕ ਬਿਨਾਂ ਨਗਦ ਭੁਗਤਾਨ ਦੇ ਪਹੁੰਚ ਬਣਾਉਂਦੇ ਹਨ।

ਪ੍ਰੈਜ਼ੀਡੈਂਟ ਅਸਟੇਟ ਦੇ ਨਿਵਾਸੀਆਂ ਦੇ ਬੱਚਿਆਂ ਲਈ ਰਾਸ਼ਟਰਪਤੀ ਭਵਨ ਸਮਾਰਟ ਸਕੂਲ ਸਹੂਲਤ ਵੀ ਦਿੰਦਾ ਹੈ। ਇਸ ਦਾ ਉਦੇਸ਼ ਡਾ. ਰਜੇਂਦਰ ਪ੍ਰਸਾਦ ਸਰਵੋਦਯ ਵਿਦਿਆਲੇ ਨੂੰ ਇਨਟੈੱਲ ਇੰਡੀਆ ਦੇ ਤਾਲਮੇਲ ਨਾਲ ਇਕ ਡਿਜ਼ੀਟਲ ਗਿਆਨ ਹੱਬ ਬਣਾਉਣਾ ਸੀ ਤਾਂ ਕਿ 12ਵੀਂ ਜਮਾਤ ਦੇ ਬੱਚਿਆਂ ਨੂੰ ਕੰਪਿਊਟਰ ਮਹਾਰਤ ਅਤੇ ਗਿਆਨ ਦਿਤਾ ਜਾ ਸਕੇ। ਇਸ ਪਹਿਲ ਨੇ ਸਿੱਖਿਆ ਵਿਹਾਰਾਂ ਵਿਚ ਪਰਿਵਰਤਨ ਲਿਆ ਦਿਤਾ ਹੈ ਜਿਸ ਨਾਲ ਬੱਚਿਆਂ ਵਿਚ ਮਜ਼ਬੂਤ ਰਾਸ਼ਟਰ ਬਣਾਉਣ ਲਈ ਗਿਆਨ ਪੈਦਾ ਕਰਨ ਦੀ ਸ਼ਕਤੀ ਪੈਦਾ ਹੁੰਦੀ ਹੈ। ਇਸ ਦੇ ਨਾਲ-ਨਾਲ, ਇਨਟੈੱਲ ਨੇ ਅਧਿਆਪਕਾਂ ਨੂੰ ਡਿਜ਼ੀਟਲ ਤਕਨਾਲੋਜੀ ਦੀ ਕੁਸ਼ਲ ਵਰਤੋਂ ਲਈ ਕਾਬਲ ਬਣਾਉਣ ਲਈ ਸਿਖਲਾਈ ਵਿਚ ਵੀ ਅੱਗੇ ਵਧ ਕੇ ਕੰਮ ਕੀਤਾ ਹੈ। ਇਨਟੈੱਲ ਨੇ ਪੜ੍ਹਾਈ ਲਈ ਟੇਬਲੈੱਟ ਦੇ ਕੇ ਅਤੇ ਸਕੂਲ ਵਿਚ ਇਲੈਕਟ੍ਰਾਨਿਕ ਡਿਸਪਲੇ ਬੋਰਡ ਲਗਾ ਕੇ ਬੁਨਿਆਦੀ ਢਾਂਚਾ ਵਿਕਾਸ ਵਿਚ ਵੀ ਮਦਦ ਕੀਤੀ ਹੈ।

ਰਾਸ਼ਟਰਪਤੀ ਭਵਨ ਦਾ ਸਮਾਰਟ ਸਿਟੀ ਪਾਇਲਟ ਪ੍ਰਾਜੈਕਟ ਆਈ ਬੀ ਐੱਮ ਇੰਡੀਆ ਦੀ ਭਾਈਵਾਲੀ ਵਿਚ ਵੀ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰਾਜੈਕਟ ਵਿਚ ਇਸ ਨਗਰ ਦੀ ਜੀ ਆਈ ਐੱਸ ਨਕਸ਼ਾਬੰਦੀ, ਇਸ ਦੀਆਂ ਮੁੱਖ ਸੰਪਤੀਆਂ ਅਤੇ ਉਪਯੋਗੀ ਨੈੱਟਵਰਕਾਂ ਦੀ ਜਮ੍ਹਾਂਬੰਦੀ ਵੀ ਸ਼ਾਮਿਲ ਹੈ। ਡਿਜ਼ੀਟਲ ਤਕਨਾਲੋਜੀ ਰਾਹੀਂ ਊਰਜਾ, ਪਾਣੀ, ਸੁਰੱਖਿਆ ਅਤੇ ਕੂੜਾ ਕਚਰਾ ਪ੍ਰਬੰਧਨ ਦੀਆਂ ਵੱਖਰੀਆਂ-ਵੱਖਰੀਆਂ ਡੋਮੇਨ ਦਾ ਤਾਲਮੇਲ ਵੀ ਬਿਠਾਇਆ ਜਾਵੇਗਾ ਤਾਂ ਕਿ ਪਾਇਦਾਰੀ ਅਤੇ ਕੰਮਕਾਜੀ ਕੁਸ਼ਲਤਾ ਵਧਾਈ ਜਾ ਸਕੇ। ਪਹਿਲਾਂ ਤੋਂ ਹੀ, ਰਾਸ਼ਟਰਪਤੀ ਭਵਨ ਅਤੇ ਪ੍ਰੈਜ਼ੀਡੈਂਟ ਅਸਟੇਟ ਵਿਚ ਬਿਜਲੀ ਵੰਡ ਨਿਗਰਾਨੀ ਲਈ ਡਿਜ਼ੀਟਲ ਬਿਜਲੀ ਮੀਟਰ ਲਗਾਏ ਗਏ ਹਨ। ਬਿਜਲੀ ਖਪਤ ਅਤੇ ਹੋਰ ਸਰੋਤਾਂ ਜਿਵੇਂ ਕਿ ਪਾਣੀ ਆਦਿ ਮੋਬਾਈਲ ਆਧਾਰਿਤ ਡਾਟਾ ਜਮ੍ਹਾਂ ਕਰਨ ਸਾਫਟਵੇਅਰ ਜੋੜੇ ਜਾਣਗੇ ਜਿਸ ਨਾਲ ਹਰ ਦਿਨ ਦੀ ਖਪਤ ਅਤੇ ਖਪਤ ਪੈਟਰਨ ਅਤੇ ਬਿਲਾਂ ਆਦਿ ਬਾਰੇ ਜਾਣਕਾਰੀ ਮਿਲ ਸਕੇਗੀ। ਆਈ ਬੀ ਐੱਮ ਨੇ ਕੰਮ ਦੇ ਖੇਤਰ ਦੀ ਨਕਸ਼ਾਬੰਦੀ ਸ਼ੁਰੂ ਕਰ ਦਿਤੀ ਹੈ ਅਤੇ ਇਹ ਵਿਕਾਸ ਦੀ ਮੁੱਢਲੇ ਪੜਾਅ 'ਤੇ ਹੈ। ਇਸ ਪ੍ਰਾਜੈਕਟ ਦੇ ਲਾਗੂ ਕਰਨ ਨਾਲ ਸਮਾਂ, ਸ਼ਕਤੀ ਅਤੇ ਸਰੋਤਾਂ ਦੀ ਸੰਪਤੀ ਅਤੇ ਬੁਨਿਆਦੀ ਢਾਂਚੇ ਦਾ ਵਧੇਰੇ ਚੰਗੇ ਅਤੇ ਕੁਸ਼ਲ ਪ੍ਰਬੰਧਨ ਲਈ ਬੱਚਤ ਕਰਨ ਵਿਚ ਮਦਦ ਮਿਲੇਗੀ।



*ਵਿਦਿਆਰਥੀ ਰਾਸ਼ਟਰਪਤੀ ਨੂੰ ਕੰਪਿਊਟਰ ਤੇ ਹੋਰ ਸੂਚਨਾ ਸੰਚਾਰ ਤਕਨਾਲੋਜੀ ਡਿਵਾਈਸਜ਼ ਸੰਬੰਧੀ ਕੰਮ ਕਰਕੇ ਆਪਣੀ ਮਹਾਰਤ ਦਿਖਾਉਂਦੇ ਹੋਏ।*

## ਲਾਭ

ਰਾਸ਼ਟਰਪਤੀ ਭਵਨ ਵਿਚ ਸ਼ੁਰੂ ਕੀਤੀ ਸਮਾਰਟ ਸਿਟੀ ਪਹਿਲ ਤੋਂ ਵੱਖ-ਵੱਖ ਸਾਦੀਆਂ ਪਰ ਖੋਜੀ ਈ-ਪ੍ਰਸ਼ਾਸਨਿਕ ਪ੍ਰਣਾਲੀਆਂ ਜੋ ਤੇਜ਼ ਗਤੀ ਅਤੇ ਕੁਸ਼ਲ ਸੇਵਾਵਾਂ ਦੇਣ ਲਈ ਕੰਮ ਕਰ ਰਹੀਆਂ ਹਨ, ਸਕਾਰਾਤਮਕ ਫੀਡਬੈਕ ਮਿਲ ਰਿਹਾ ਹੈ। ਸਮਾਰਟ ਸਿਟੀ ਪਹਿਲ ਦੇ ਮੁੱਖ ਲਾਭ ਹਨ:

(ੳ) ਰਾਸ਼ਟਰਪਤੀ ਭਵਨ ਦੇ ਵੱਖ-ਵੱਖ ਵਿਭਾਗਾਂ ਅਤੇ ਆਮ ਲੋਕਾਂ ਨਾਲ ਸਿੱਧਿਆਂ ਅਤੇ ਪਾਰਦਰਸ਼ੀ ਤਰੀਕੇ ਕਾਗ਼ਜ਼ ਰਹਿਤ ਸੂਚਨਾ ਦੀ ਆਵਾਜਾਈ।

(ਅ) ਨਗਰ ਦਾ ਸਮੁੱਚਾ ਅਸਰਦਾਰ ਪ੍ਰਬੰਧਨ।

(ੲ) ਡਿਜ਼ੀਟਲ ਤਕਨਾਲੋਜੀ ਦੀ ਵਰਤੋਂ ਨਾਲ ਵਿਕਾਸ ਵਲ ਇਕ ਠੋਸ ਪਹੁੰਚ।

(ਸ) ਸਰੋਤਾਂ ਦੇ ਸਰਵੋਤਮ ਵਰਤੋਂ ਨਾਲ ਪ੍ਰਸ਼ਾਸਨਿਕ ਕੁਸ਼ਲਤਾ ਵਿਚ ਸਮੁੱਚਾ ਵਾਧਾ।

(ਹ) ਨਗਰਿਕਾਂ ਦਾ ਚੁਸਤ-ਦਰੁਸਤ ਨਾਗਰਿਕਾਂ ਵਿਚ ਬਦਲਾਓ ਅਤੇ ਨਾਗਰਿਕਾਂ ਦੀ ਤਸੱਲੀ ਦੇ ਮਿਆਰ ਦੀ ਗੁੰਜਾਇਸ਼।

(ਕ) ਆਮਦਨ ਪ੍ਰਬੰਧਨ ਨੂੰ ਆਦਰਸ਼ ਬਣਾਉਣਾ।

(ਖ) ਸਭ ਤੋਂ ਹੇਠਲੇ ਅਤੇ ਸਭ ਤੋਂ ਉਪਰਲੇ ਪ੍ਰਸ਼ਾਸਨ ਵਿਚ ਤਾਲਮੇਲ ।

(ਗ) ਸਮਾਵੇਸ਼ੀ ਸ਼ਮੂਲੀਅਤ ਅਤੇ ਰਿਹਾਇਸ਼।

(ਘ) ਫਾਲਤੂ ਦੀਆਂ ਬੰਦਸ਼ਾਂ ਹਟਾ ਕੇ ਨਾਗਰਿਕਾਂ ਨੂੰ ਸੁਖਾਵੀਆਂ ਸੇਵਾਵਾਂ ਤਕ ਪਹੁੰਚ ਅਤੇ ਅਸਰਦਾਰ ਫ਼ੈਸਲੇ ਕਰਨ ਦੀ ਪ੍ਰਕਿਰਿਆ ਲਈ ਵਧੇਰੇ ਕਾਰਜਕਾਰੀ ਲਚਕਤਾ।

*(ਲੇਖਕ ਭਾਰਤ ਦੇ ਰਾਸ਼ਟਰਪਤੀ ਦਾ ਓ ਐੱਸ ਡੀ ਹੈ।)*

*e-mail :osdtopresident@rb.nic.in*

# ਭਾਰਤੀ ਸ਼ਹਿਰਾਂ 'ਚ ਸਵੱਛਤਾ ਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ

## ਸੁਧਾਰ ਵਿਚ ਸੂਚਨਾ ਸੰਚਾਰ ਤਕਨਾਲੋਜੀ ਦੀ ਭੂਮਿਕਾ

ਕਲਾ ਸੀਤਾਰਾਮ ਸ੍ਰੀਧਰ

ਸਵੱਛਤਾ ਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਜਿਹੀਆਂ ਬੁਨਿਆਦੀ ਜਨਤਕ ਸੇਵਾਵਾਂ ਹਨ, ਸਿਹਤ ਅਤੇ ਸਾਫ਼-ਸੁਥਰੇਪਨ ਅਤੇ ਜੀਵਨ ਦੇ ਚੰਗੇ ਮਿਆਰ ਨੂੰ ਯਕੀਨੀ ਬਣਾਉਣ ਲਈ ਜਿਨ੍ਹਾਂ ਤਕ ਹਰ ਸ਼ਖ਼ਸ ਦੀ ਪਹੁੰਚ ਹੋਣੀ ਚਾਹੀਦੀ ਹੈ। ਸਵੱਛਤਾ ਤੋਂ ਇਥੇ ਭਾਵ ਪਖ਼ਾਨਾ ਸਹੂਲਤਾਂ ਤੋਂ ਹੈ ਜਦ ਕਿ ਠੋਸ ਰਹਿੰਦ-ਖੂੰਹਦ ਇਸ ਨੂੰ ਇਕੱਠਾ ਕਰਨ ਤੇ ਬਿਲੇ ਲਾਉਣ ਨਾਲ ਸੰਬੰਧਿਤ ਹੈ। ਰਹਿੰਦ-ਖੂੰਹਦ ਤੋਂ ਮੁਕਤ ਅਤੇ ਸਵੱਛ ਸ਼ਹਿਰ ਦਾ ਬਿੰਬ ਉੱਦਮੀਆਂ ਨੂੰ ਉਥੇ ਵਪਾਰਕ ਇਕਾਈਆਂ ਕਾਇਮ ਕਰਨ ਲਈ ਅਤੇ ਆਮ ਲੋਕਾਂ ਨੂੰ ਉਥੇ ਆਪਣੀ ਰਿਹਾਇਸ਼ ਬਣਾਉਣ ਲਈ ਪ੍ਰੇਰਤ ਕਰਦਾ ਹੈ।

2011 ਦੀ ਮਰਦਮਸ਼ੁਮਾਰੀ ਮੁਤਾਬਕ ਸ਼ਹਿਰੀ ਇਲਾਕਿਆਂ ਵਿਚ ਸਵੱਛ ਸਹੂਲਤਾਂ ਲੋੜਾਂ ਤੋਂ ਕਿਤੇ ਘੱਟ ਹਨ। ਸ਼ਹਿਰੀ ਗਰੀਬਾਂ ਵਿਚੋਂ 19 ਪ੍ਰਤਿਸ਼ਤ (ਝੁੱਗੀ-ਝੌਂਪੜੀ ਵਾਲੇ) ਪਰਿਵਾਰ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਂਦੇ ਹਨ ਜਦ ਕਿ 42 ਪ੍ਰਤਿਸ਼ਤ ਲੋਕਾਂ ਕੋਲ ਫਲਸ਼ ਪ੍ਰਣਾਲੀ ਵਾਲੇ ਪਖ਼ਾਨੇ ਨਹੀਂ ਹਨ ਜਦ ਕਿ ਸ਼ਹਿਰੀ ਇਲਾਕੇ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿਚ 60 ਪ੍ਰਤਿਸ਼ਤ ਦਾ ਯੋਗਦਾਨ ਪਾਉਂਦੇ ਹਨ। ਸ਼ਹਿਰੀ ਗਰੀਬਾਂ, ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਲਈ ਸਥਿਤੀ ਹੋਰ ਵੀ ਮਾੜੀ ਹੈ। ਭਾਰਤ ਦੀ ਰਾਸ਼ਟਰੀ ਸ਼ਹਿਰੀ ਸਵੱਛਤਾ ਨੀਤੀ ਮੁਤਾਬਕ ਸਵੱਛ ਸਹੂਲਤਾਂ ਦੀ ਮਾੜੀ ਹਾਲਤ ਕਾਰਨ 14 ਸਾਲਾਂ ਤੋਂ ਹੇਠਾਂ ਦੀ ਉਮਰ ਦੇ ਬੱਚਿਆਂ ਨੂੰ ਹੋਣ ਵਾਲੀਆਂ ਬੀਮਾਰੀਆਂ ਦਾ ਨੁਕਸਾਨ 2001 ਦੇ ਮਾਲੀ ਮਾਪਦੰਡਾਂ ਮੁਤਾਬਕ 500 ਕਰੋੜ ਰੁਪਏ ਹੈ। ਯੋਜਨਾ ਕਮਿਸ਼ਨ – ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਬਾਲ ਹੰਗਾਮੀ ਫ਼ੰਡ (ਯੂਨਿਸੇਫ 2006) ਇਸ ਤੋਂ ਛੁੱਟ ਬਿਨਾਂ ਸ਼ੁੱਧ ਕੀਤਿਆਂ ਛੱਡੇ ਜਾ ਰਹੇ ਘਰੇਲੂ/ਨਾਗਰਿਕ ਗੰਦੇ ਪਾਣੀ ਨੇ ਭਾਰਤ ਵਿਚ ਜ਼ਮੀਨ ਉਪਰਲੇ ਪਾਣੀ ਦੇ ਵਸੀਲਿਆਂ ਦੇ 75 ਪ੍ਰਤਿਸ਼ਤ ਹਿੱਸੇ ਨੂੰ ਪਲੀਤ ਕਰ ਦਿਤਾ ਹੈ। ਦਹਿਸਦੀ ਵਿਕਾਸ ਟੀਚਿਆਂ ਤਹਿਤ (ਐੱਮ ਡੀ ਜੀ ਐੱਸ) ਮੈਂਬਰ ਦੇਸ਼ਾਂ ਵਲੋਂ 2015 ਦੇ ਅੰਤ ਤਕ ਘੱਟੋ-ਘੱਟ ਅੱਧੀ ਸ਼ਹਿਰੀ ਵਸੋਂ ਤਕ ਅਤੇ 2025 ਤਕ 100 ਪ੍ਰਤਿਸ਼ਤ ਵਸੋਂ ਤਕ ਬਿਹਤਰ ਸਵੱਛਤਾ ਸਹੂਲਤਾਂ ਦਾ ਪਾਸਾਰ ਕਰਨਾ ਬਣਦਾ ਹੈ। ਇਸ ਦਾ ਅਰਥ ਬਿਹਤਰ ਸਵੱਛਤਾ ਸਹੂਲਤਾਂ ਤੋਂ ਵਾਂਝੇ ਘਰਾਂ ਤਕ ਪਹੁੰਚ ਬਦਲਨਾ ਅਤੇ ਜਨਤਕ ਸਥਾਨਾਂ 'ਤੇ ਢੁਕਵੀਆਂ ਸਵੱਛਤਾ ਸਹੂਲਤਾਂ ਕਾਇਮ ਕਰਨਾ ਹੈ ਤਾਂ ਕਿ ਸ਼ਹਿਰਾਂ ਨੂੰ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਣ ਤੋਂ ਮੁਕਤ ਕੀਤਾ ਜਾ ਸਕੇ।

ਭਾਰਤ ਸਰਕਾਰ ਵਲੋਂ ਸਮਾਰਟ ਸ਼ਹਿਰਾਂ ਬਾਰੇ ਧਾਰਨਾਗਤ ਦਸਤਾਵੇਜ਼ ਵਿਚ ਠੋਸ ਰਹਿੰਦ-ਖੂੰਹਦ ਨੂੰ "ਠੋਸ-ਰਹਿੰਦ-ਖੂੰਹਦ ਪਦਾਰਥਾਂ ਦੇ ਪੈਦਾ ਹੋਣ, ਰੋਕ ਲਾਉਣ, ਨਿਗਰਾਨੀ, ਢੁਕਵੀਂ ਵਰਤੋਂ, ਟਿਕਾਣੇ ਲਾਉਣ, ਮੁੜ ਵਰਤੋਂ ਵਜੋਂ ਦਰਜ ਕੀਤਾ ਹੈ" ਅਤੇ ਕਿਹਾ ਹੈ ਕਿ ਸਵੱਛਤਾ ਤੋਂ ਰਹਿਤ ਸ਼ਹਿਰਾਂ ਦਾ ਚੰਗਾ ਪ੍ਰਭਾਵ ਨਹੀਂ ਬਣਦਾ। ਦੂਜੇ ਪਾਸੇ, ਸਵੱਛਤਾ ਸ਼ਹਿਰਾਂ ਨੂੰ ਆਧੁਨਿਕ ਮੰਨਦਿਆਂ ਰਹਿੰਦ-ਖੂੰਹਦ ਨੂੰ ਇਕੱਤਰ ਕਰਨ, ਥਾਂ ਦੀ ਸਫ਼ਾਈ ਕਰਨ, ਕੂੜੇ ਦਾ ਭੰਡਾਰੀਕਰਨ, ਇਕ ਥਾਂ ਤੋਂ ਦੂਜੀ ਥਾਂ ਲਿਜਾਉਣ, ਕਿਸੇ ਤਰ੍ਹਾਂ ਦੀ ਵਰਤੋਂ ਯੋਗ ਬਣਾਉਣ ਲਈ ਸੋਧਣ ਅਤੇ ਅੰਤਮ ਰੂਪ ਵਿਚ ਟਿਕਾਣੇ ਲਾਉਣ ਲਈ ਜ਼ਿੰਮੇਵਾਰ ਹਨ।

ਐੱਨ ਆਈ ਯੂ ਏ (2015) ਦੀ ਇਕ ਰਿਪੋਰਟ ਅਨੁਸਾਰ ਭਾਰਤ ਦੇ ਸ਼ਹਿਰੀ ਇਲਾਕੇ ਰੋਜ਼ਾਨਾ ਇਕ ਲੱਖ ਮੀਟਰਿਕ ਟਨ ਕੂੜਾ ਪੈਦਾ ਕਰਦੇ ਹਨ ਜਿਨ੍ਹਾਂ ਵਿਚੋਂ ਮੁੰਬਈ ਦਾ 7000 ਮੀਟਰਿਕ ਟਨ, ਬੰਗਲੌਰ ਦਾ 5 ਹਜ਼ਾਰ ਮੀਟਰਿਕ ਟਨ ਦਾ ਯੋਗਦਾਨ ਹੈ। ਸ਼ਹਿਰੀ ਵਿਕਾਸ ਮੰਤਰਾਲਾ ਨੇ ਠੋਸ ਰਹਿੰਦ-ਖੂੰਹਦ ਦੇ ਪ੍ਰਬੰਧਨ ਅਤੇ ਨਿਬੇੜੇ ਲਈ ਕਈ ਨੇਮ ਜਾਰੀ ਕੀਤੇ ਹਨ ਪਰ ਬਹੁਤੇ ਸ਼ਹਿਰ ਤੇ ਕਸਬੇ ਇਨ੍ਹਾਂ ਨੇਮਾਂ ਮੁਤਾਬਕ ਸਹੂਲਤਾਂ ਦਾ ਪੱਧਰ ਬਣਾਉਣ ਵਿਚ ਅਸਮਰੱਥ ਹਨ। ਰਹਿੰਦ-ਖੂੰਹਦ ਦੇ ਨਿਬੇੜੇ ਨੂੰ ਲੈ ਕੇ ਭਾਰਤ ਦੇ 22 ਸ਼ਹਿਰਾਂ ਬਾਰੇ ਭਾਰਤ ਦੇ ਉਦਯੋਗ ਅਤੇ ਵਪਾਰ ਮੰਡਲਾਂ ਦੀ ਫੈਡਰੇਸ਼ਨ (ਐੱਫ ਆਈ ਸੀ ਸੀ ਆਈ) ਵਲੋਂ 2009 ਵਿਚ ਕਰਵਾਏ ਗਏ ਅਧਿਐਨ ਦੇ ਹਵਾਲੇ ਨਾਲ ਸ੍ਰੀਧਰ ਅਤੇ ਕੁਮਾਰ (2013) ਨੇ ਦਰਸਾਇਆ ਹੈ ਕਿ ਅਧਿਐਨ ਹੇਠਲੇ 22 ਸ਼ਹਿਰਾਂ ਵਿਚੋਂ 14 ਰਹਿੰਦ-ਖੂੰਹਦ ਨੂੰ ਸ਼ੁੱਧ ਜਾਂ ਨੁਕਸਾਨ ਰਹਿਤ ਕਰਨ ਅਤੇ ਉਥੇ ਹੀ ਉਸ ਦਾ ਨਿਬੇੜਾ ਨਾ ਕਰਨ ਕਰਕੇ 75 ਪ੍ਰਤਿਸ਼ਤ ਰਹਿੰਦ-ਖੂੰਹਦ ਨੂੰ ਕੂੜਾ ਭੰਡਾਰ ਕਰਨ ਵਾਲੇ ਸਥਾਨਾਂ 'ਤੇ ਹੀ ਭੇਜ ਦਿੰਦੇ ਹਨ। ਮੁੰਬਈ 100 ਪ੍ਰਤਿਸ਼ਤ ਤੇ ਦਿੱਲੀ 94 ਪ੍ਰਤਿਸ਼ਤ ਅਜਿਹੀ ਰਹਿੰਦ-ਖੂੰਹਦ ਨਿਬੇੜੇ ਲਈ ਡੰਪਿੰਗ ਅਸਥਾਨ 'ਤੇ ਭੇਜ ਦਿੰਦੇ ਹਨ।

ਇੰਝ, 'ਸਮਾਰਟ ਸਿਟੀ' ਦੇ ਧਾਰਨਾਗਤ ਦਸਤਾਵੇਜ਼ ਵਿਚ ਇਹ ਮੰਨਿਆ ਗਿਆ ਹੈ ਕਿ ਭਾਰਤੀ ਸ਼ਹਿਰ ਠੋਸ ਰਹਿੰਦ-ਖੂੰਹਦ ਦੇ ਨਿਬੇੜੇ ਨੂੰ ਲੈ ਕੇ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਜਿਨ੍ਹਾਂ ਵਿਚ ਕੂੜਾ ਪੈਦਾ ਹੋਣ ਵਾਲੇ ਅਸਥਾਨ ਉਤੇ ਹੀ ਇਸ ਨੂੰ ਵੱਖ-ਵੱਖ ਕਰਨ ਦੀ ਅਣਹੋਂਦ, ਤਕਨੀਕੀ ਮਹਾਰਤ ਅਤੇ ਢੁਕਵੇਂ ਸੰਸਥਾਗਤ ਪ੍ਰਬੰਧਾਂ ਦੀ ਘਾਟ, ਅਢੁਕਵੇਂ ਢੰਗ

ਨਾਲ ਕੂੜਾ ਇਕੱਤਰ ਕਰਨ ਅਤੇ ਢੋ-ਢੁਆਈ, ਸੋਧਣ ਅਤੇ ਨਿਬੇੜਾ ਕਰਨ ਵਿਚ ਕਮੀਆਂ ਸ਼ਾਮਿਲ ਹਨ।

ਇਹ ਦਸਤਾਵੇਜ਼ ਇਸ ਸਚਾਈ ਨੂੰ ਮੰਨਦਾ ਹੈ ਕਿ ਸਾਫ਼-ਸਫ਼ਾਈ ਸਹੂਲਤਾਂ ਦੀ ਘਾਟ ਕਾਰਨ ਮਹਾਂਮਾਰੀ, ਸਿਹਤ ਵਿਗਾੜ ਆਦਿ ਪੈਦਾ ਹੁੰਦੇ ਹਨ ਅਤੇ ਮੌਤ ਦੀ ਦਰ ਸਾਧਾਰਨ ਤੌਰ ਤੇ ਉੱਚੀ ਰਹਿੰਦੀ ਹੈ ਜੋ ਕਿ ਗਰੀਬ ਤਬਕੇ ਨੂੰ ਵਧੇਰੇ ਆਪਣਾ ਸ਼ਿਕਾਰ ਬਣਾਉਂਦੀ ਹੈ। ਇਹ ਵੀ ਆਮ ਤੌਰ ਤੇ ਸਭ ਨੂੰ ਪਤਾ ਹੈ ਕਿ ਰੋਗਾਂ ਦੇ ਸ਼ਿਕਾਰ ਹੋਣ ਦੇ ਵਧੇਰੇ ਮੌਕਿਆਂ ਕਾਰਨ ਘੱਟ ਆਮਦਨ ਵਾਲੇ ਪਰਿਵਾਰ ਗਰੀਬੀ ਰੇਖਾ ਤੋਂ ਹੋਰ ਹੇਠਾਂ ਚਲੇ ਜਾਂਦੇ ਹਨ। ਇਸੇ ਲਈ ਉੱਕਤ ਦਸਤਾਵੇਜ਼ ਵਿਚ ਇਹ ਯੀਕਨੀ ਬਣਾਉਣ ਦੀ ਗੱਲ ਕਹੀ ਗਈ ਹੈ ਕਿ ਸ਼ਹਿਰਾਂ ਨੂੰ ਇਸ ਦੇ ਹਰ ਹਿੱਸੇ ਵਿਚ ਸਵੱਛਤਾ ਸਹੂਲਤਾਂ ਨੂੰ ਲੈ ਕੇ ਯੋਜਨਾਬੰਦੀ ਨਾਲ ਚੱਲਣਾ ਹੋਵੇਗਾ। ਅਜਿਹੀ ਯੋਜਨਾ ਦੇ ਇਕ ਵਿਕੇਂਦਰੀਕ੍ਰਿਤ ਸੀਵਰੇਜ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪ੍ਰਣਾਲੀ 'ਤੇ ਆਧਾਰਿਤ ਹੋਣ ਦੀ ਸੰਭਾਵਨਾ ਹੈ। ਦਸਤਾਵੇਜ਼ ਵਿਚ ਇਹ ਜ਼ਰੂਰੀ ਕੀਤਾ ਗਿਆ ਹੈ ਕਿ ਹਰ ਘਰ ਵਿਚ ਪਖ਼ਾਨਾ ਕਾਇਮ ਹੋਵੇ ਤਾਂ ਕਿ ਕੋਈ ਨਾਗਰਿਕ ਖੁੱਲ੍ਹੇ ਵਿਚ ਹਾਜਤ ਲਈ ਨਾ ਜਾਵੇ। ਅੱਗੋਂ ਹਰ ਪਰਿਵਾਰ ਦੀਆਂ ਸਵੱਛਤਾ ਸੰਬੰਧੀ ਲੋੜਾਂ ਦੀ ਪੂਰਤੀ ਹੋਰ ਵੀ ਯਕੀਨੀ ਬਣਾਉਣ ਲਈ ਸਾਰੇ ਵਪਾਰਕ ਅਤੇ ਹੋਰ ਸਰਕਾਰੀ ਇਮਾਰਤਾਂ ਲਈ ਸਾਫ਼-ਸੁਥਰੇ ਗੁਸਲਖ਼ਾਨਿਆਂ ਦੇ ਪ੍ਰਬੰਧ ਆਦਿ ਦੀ ਗੱਲ ਕਹੀ ਗਈ ਹੈ। ਸਵੱਛਤਾ ਪ੍ਰਣਾਲੀ ਵਿਚ ਸੌ ਪ੍ਰਤਿਸ਼ਤ ਮੁੜ-ਵਰਤੋਂ ਯਕੀਨੀ ਬਣਾਉਣ ਦੀ ਲੋੜ ਹੈ, ਭਾਵ ਗ਼ੈਰ-ਵਰਤੋਂਯੋਗ ਪਾਣੀ ਨੂੰ ਸਥਾਨਕ ਇਲਾਕੇ ਤੋਂ ਬਾਹਰ ਨਹੀਂ ਜਾਣਾ ਚਾਹੀਦਾ (ਇਥੇ ਨਵੀਂ ਦਿੱਲੀ ਵਿਖੇ ਨਵੇਂ ਮੋਤੀ ਬਾਗ ਇਲਾਕੇ ਦੀ ਉਦਾਹਰਣ ਦਿਤੀ ਗਈ ਹੈ) ਅਤੇ ਇਹ ਵੀ ਕਿ ਨਹਿਰਾਂ, ਤਲਾਬਾਂ ਅਤੇ ਦਰਿਆਵਾਂ ਨੂੰ ਅੱਗੋਂ ਹੋਰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਸੋਧਿਆ ਹੋਇਆ ਪਾਣੀ ਹੀ ਉਨ੍ਹਾਂ ਵਿਚ ਜਾਵੇ। ਸਾਰੇ ਨੀਤੀਗਤ ਦਸਤਾਵੇਜ਼ਾਂ ਵਿਚ ਇਹ ਮੰਨ ਕੇ ਚਲਿਆ ਗਿਆ ਹੈ ਕਿ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਣ ਦਾ ਚਲਨ ਪੂਰੇ ਦੇਸ਼ ਵਿਚ ਫ਼ੈਲਿਆ ਹੋਇਆ ਹੈ, ਜਿਸ ਨੂੰ ਰੋਕਣ ਲਈ ਢੁਕਵੀਆਂ ਕਾਰਵਾਈਆਂ ਦੀ ਲੋੜ ਹੈ। ਪਰ ਇਸ ਲਈ ਕੋਸ਼ਿਸ਼ ਵਿਚ ਰੁਕਾਵਟ ਦਾ ਵੱਡਾ ਕਾਰਨ ਪਰਿਵਾਰ ਦੇ ਪੱਧਰ 'ਤੇ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਣ ਨਾਲ ਜੁੜੇ ਬੁਨਿਆਦੀ ਸਵਾਲਾਂ ਨੂੰ ਸਮਝਣ ਲਈ ਢੁਕਵੇਂ ਅੰਕੜਿਆਂ ਦੀ ਵੱਡੀ ਘਾਟ ਹੈ ਜਿਵੇਂ ਕਿ ਭਾਰਤੀ ਸ਼ਹਿਰਾਂ ਵਿਚ ਖੁੱਲ੍ਹੇ ਵਿਚ ਜਾਣ ਦੀ ਸੰਭਾਵਨਾ ਨੂੰ ਕਿਹੜੇ ਕਾਰਨ ਨਿਰਧਾਰਿਤ ਕਰਦੇ ਹਨ। ਖੁੱਲ੍ਹੇ ਵਿਚ ਜਾਣ ਵਾਲੇ ਨਾਗਰਿਕਾਂ ਦੇ ਕੀ ਵਿਸ਼ੇਸ਼ ਚਿੰਨ੍ਹ ਹਨ ਅਤੇ ਸ਼ਹਿਰੀਕਰਨ ਦੇ ਵਧ ਰਹੇ ਪੱਧਰ ਦਾ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਣ ਦੀਆਂ ਸੰਭਾਵਨਾਵਾਂ ਉਪਰ ਕੀ ਪ੍ਰਭਾਵ ਹੈ। ਇਸ ਦੇ ਨਾਲ ਹੀ ਠੋਸ ਰਹਿੰਦ-ਖੂੰਹਦ ਨੂੰ ਇਕੱਤਰ ਕਰਨ ਦੇ ਪੱਧਰ ਦੇ ਅੰਕੜਿਆਂ ਨੂੰ ਲੈ ਕੇ ਵੀ ਸਥਿਤੀ ਇਉਂ ਹੀ ਅਸਪੱਸ਼ਟ ਹੈ। ਅੰਕੜਿਆਂ ਦੀ ਸੀਮਾ ਨੂੰ ਸਵੀਕਾਰ ਕਰਦਿਆਂ ਸਮੱਸਿਆਵਾਂ ਦੇ ਹੱਲ ਲਈ ਬਿਹਤਰ ਪ੍ਰਬੰਧਨ ਦੀ ਲੋੜ ਹੈ। ਨੀਤੀ ਨਾਲ ਸੰਬੰਧਿਤ ਵੀ ਅਜਿਹੇ ਸਵਾਲ ਹਨ ਜੋ ਕਿ ਸ਼ਹਿਰੀ ਸਵੱਛਤਾ ਸਮੱਸਿਆਵਾਂ ਨੂੰ ਲੈ ਕੇ ਸੰਸਥਾਗਤ ਪ੍ਰਬੰਧਾਂ ਨਲ ਜੁੜੇ ਹੋਏ ਹਨ ਜਿਵੇਂ ਕਿ ਬੰਗਲੁਰੂ ਵਿਚ ਸਵੱਛਤਾ ਨੂੰ ਲੈ ਕੇ ਸਥਾਨਕ ਸੰਸਥਾ ਕਰਨਾਟਕ ਝੁੱਗੀ-ਝੌਂਪੜੀ ਵਿਕਾਸ ਬੋਰਡ, ਨਿੱਜੀ ਠੇਕੇਦਾਰ ਅਤੇ ਸੁਲਭ ਇੰਟਰਨੈਸ਼ਨਲ ਜੇਹੀਆਂ ਸੰਸਥਾਵਾਂ ਅਤੇ ਰਾਜ ਸਰਕਾਰ ਦੀਆਂ ਸੰਸਥਾਵਾਂ ਹਨ ਜੋ ਕਿ ਸਾਰੀਆਂ ਇਕ ਹੀ ਮੁੱਦੇ ਦੇ ਹੱਲ ਲਈ ਕੰਮ ਕਰ ਰਹੀਆਂ ਹਨ ਜਿਸ ਨਾਲ ਕਈ ਵਾਰ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਣ ਦੀ ਸਮੱਸਿਆ ਦੇ ਸਹੀ ਜਾਇਜ਼ੇ ਵਿਚ ਮੁਸ਼ਕਿਲ ਪੇਸ਼ ਆਉਂਦੀ ਹੈ। ਠੋਸ ਰਹਿੰਦ-ਖੂੰਹਦ ਨੂੰ ਲੈ ਕੇ ਸਥਿਤੀ ਬੇਹਤਰ ਹੈ ਜਿਥੇ ਕਿ ਇਕ ਹੀ ਸਥਾਨਕ ਸੰਸਥਾ ਸਰਗਰਮ ਹੈ ਅਤੇ ਜਿਸ ਵਲੋਂ ਕੁਝ ਵਿਸ਼ੇਸ਼ ਕਾਰਜਾਂ ਲਈ ਹੀ ਨਿੱਜੀ ਠੇਕੇਦਾਰ ਕੰਮ 'ਤੇ ਲਾਏ ਜਾਂਦੇ ਹਨ।

## ਉਦੇਸ਼

ਸਵੱਛਤਾ ਅਤੇ ਠੋਸ ਰਹਿੰਦ-ਖੂਹੰਦ ਦੇ ਮਾੜੇ ਪ੍ਰਬੰਧਨ ਦੇ ਖ਼ਤਰੇ ਨਾਲ ਨਜਿੱਠਣ ਲਈ ਲੋੜੀਂਦੀ ਜਾਣਕਾਰੀ ਦੀ ਅਣਹੋਂਦ ਨੂੰ ਵੇਖਦਿਆਂ ਇਹ ਸਵਾਲ ਸਾਡੇ ਸਨਮੁੱਖ ਮਹੱਤਵਪੂਰਨ ਹੋ ਜਾਂਦਾ ਹੈ ਕਿ ਅਸੀਂ ਕਿਵੇਂ ਬਿਹਤਰ ਢੰਗ ਨਾਲ ਸੂਚਨਾ ਅਤੇ ਸੰਚਾਰ ਤਕਨਾਲੋਜੀਆਂ ਦੀ ਵਰਤੋਂ ਇਨ੍ਹਾਂ ਸੇਵਾਵਾਂ ਵਿਚ ਸੁਧਾਰ ਲਿਆਉਣ ਲਈ ਕਰ ਸਕਦੇ ਹਾਂ? ਇਸ ਲੇਖ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਰਬਸ੍ਰੇਸ਼ਟ ਸੇਵਾਵਾਂ ਦੇ ਚਲਨ ਦਾ ਹਵਾਲਾ ਦਿੰਦਿਆਂ ਅਤੇ ਸਹਾਇਕ ਅੰਕੜਿਆਂ ਨੂੰ ਵਰਤਦਿਆਂ ਇਸੇ ਹੀ ਮੁੱਦੇ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਹੈ।

**ਯੂਨੇਸਕੋ (2002) ਵਲੋਂ ਸੂਚਨਾ ਅਤੇ ਸੰਚਾਰ ਤਕਨਾਲੋਜੀ ਨੂੰ ਇੰਝ ਪਰਿਭਾਸ਼ਿਤ ਕੀਤਾ ਗਿਆ ਹੈ ਕਿ ਇਸ ਵਿਚ ਹਰ ਉਹ ਚੀਜ਼ ਸ਼ਾਮਿਲ ਹੈ ਜੋ ਸੰਚਾਰ ਸਾਧਨਾਂ ਹੇਠ ਆਉਂਦੀ ਹੈ ਜਿਵੇਂ ਕਿ ਮੋਬਾਈਲ ਫ਼ੋਨ, ਕੰਪਿਊਟਰ ਅਤੇ ਨੈੱਟਵਰਕ, ਹਾਰਡਵੇਅਰ, ਸਾਫ਼ਟਵੇਅਰ, ਪ੍ਰਿੰਟ ਮੀਡੀਆ, ਰੇਡੀਓ, ਟੈਲੀਵੀਜ਼ਨ ਅਤੇ ਇੰਟਰਨੈੱਟ ਆਦਿ।**

ਅਜਿਹਾ ਕੋਈ ਕਾਰਨ ਨਹੀਂ ਹੈ ਕਿ ਸੈਚਸ 2011 ਦੇ ਪਿੰਡਾਂ ਬਾਰੇ ਦਹਿਸਦੀ ਪ੍ਰਜੈਕਟ (ਐੱਮ ਵੀ ਡੀ) ਨੂੰ, ਜੋ ਕਿ ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚੇ ਦੇ ਅਹਿਮ ਖੇਤਰਾਂ ਨੂੰ ਦਾਇਰੇ ਹੇਠ ਲੈਂਦੀ, ਸ਼ਹਿਰੀ ਇਲਾਕਿਆਂ ਵਿਚ ਲਾਗੂ ਨਾ ਕੀਤਾ ਜਾਵੇ ਸਗੋਂ ਜੇ ਸੂਚਨਾ ਤੇ ਸੰਚਾਰ ਤਕਨਾਲੋਜੀ ਦਿਹਾਤੀ ਇਲਾਕਿਆਂ ਵਿਚ ਬੁਨਿਆਦੀ ਸਮੱਸਿਆਵਾਂ ਦੇ ਹੱਲ ਵਿਚ ਅਸਰਦਾਰ ਸਾਬਤ ਹੋ ਰਹੀ ਹੈ ਤਾਂ ਸ਼ਹਿਰੀ ਹਲਕਿਆਂ ਵਿਚ ਇਸ ਨੂੰ ਹੋਰ ਵੀ ਅਸਰਦਾਰ ਢੰਗ ਨਾਲ ਵਰਤਿਆ ਜਾ ਸਕਦਾ ਹੈ। ਜਿਵੇਂ ਕਿ ਨਾਇਤਸਾਂਝਾ ਅਤੇ ਚਾਮੁਨਿਕਾ (2014) ਨੇ ਸੰਕੇਤ ਕੀਤਾ ਹੈ ਕਿ ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚਾ ਇਕੋ ਪੈਕੇਜ ਵਿਚ ਆਉਂਦੇ ਹਨ। ਨਾਲੇ ਸਮਾਰਟ ਫ਼ੋਨ ਅਤੇ ਇੰਟਰਨੈੱਟ ਦੇ ਪਾਸਾਰ ਸਦਕਾ ਆਈ ਸੀ ਟੀ ਨੂੰ ਨਾ ਸਿਰਫ਼ ਇਕ ਨਿਵੇਕਲੇ ਪ੍ਰਭਾਵਕਾਰੀ ਸਾਧਨ ਵਜੋਂ ਸਗੋਂ ਜੀਵਨ ਅਤੇ ਸਮੁਦਾਇਕ ਵਿਕਾਸ ਦੇ ਨਵੇਂ ਢੰਗ ਵਾਂਗ ਵੀ ਵੇਖਿਆ ਜਾ ਰਿਹਾ ਹੈ। ਨਾਇਤੇਜ਼ਾਨਾ ਅਤੇ ਚਾਮਿਨੁਕਾ (2014) ਨੇ ਮਹਿਸੂਸ ਕੀਤਾ ਕਿ ਆਈ ਸੀ ਟੀ ਜ਼ਿੰਬਾਬਵੇ ਵਿਚ ਔਰਤਾਂ ਦੇ ਸਸ਼ਕਤੀਕਰਨ ਵਿਚ ਮਦਦਗਾਰ ਹੋਈ ਭਾਵੇਂ ਬਹੁਤੀਆਂ ਔਰਤਾਂ ਆਈ ਸੀ ਟੀ ਮਹਾਰਤਾਂ ਨਾਲ ਭਰਪੂਰ ਨਹੀਂ ਸਨ ਤੇ ਬਸ ਮੋਬਾਈਲ ਫ਼ੋਨ ਦੀ ਵਰਤੋਂ ਵਿਚ ਲਿਆਉਣ ਦੇ ਸਮਰੱਥ ਸਨ। ਇੰਝ, ਇਹ ਅਧਿਐਨ ਸੁਝਾਉਂਦਾ ਹੈ ਕਿ ਸੂਚਨਾ ਤੇ ਸੰਚਾਰ ਤਕਨਾਲੋਜੀ ਨੂੰ ਸੁਰੱਖਿਅਤ ਤਰੀਕਿਆਂ ਦੀ ਵਰਤੋਂ ਕਰਨ ਲਈ ਸੂਚਨਾ ਉਪਲਬਧ ਕਰਾਉਣ ਅਤੇ ਫੈਲਾਉਣ, ਸਵੱਛਤਾ ਸੰਬੰਧਿਤ ਮੁੱਦਿਆਂ ਉਪਰ ਵਿਚਾਰ-ਵਟਾਂਦਰੇ ਅਤੇ ਸ਼ਮੂਲੀਅਤ ਵਿਚ ਸੁਧਾਰ ਲਈ ਸਕਾਈਪ ਦੀ ਵਰਤੋਂ ਅਤੇ ਵੱਖ-ਵੱਖ ਸਵੱਛਤਾ ਕੇਂਦਰਾਂ 'ਤੇ ਟਰੈਕਿੰਗ ਜੰਤਰ ਲਾਉਣ

ਲਈ ਵਰਤਿਆ ਜਾ ਸਕਦਾ ਹੈ। ਸਮਾਰਟ ਸ਼ਹਿਰਾਂ ਬਾਰੇ ਧਾਰਨਾਗਤ ਦਸਤਾਵੇਜ਼ ਵਿਚ ਦਰਸਾਏ ਟੀਚਿਆਂ ਦੀ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਮੰਗ ਤੇ ਪੂਰਤੀ ਦਰਮਿਆਨ ਖੱਪੇ ਦਾ ਪਤਾ ਲਾਉਣ ਲਈ ਹਰ ਸ਼ਹਿਰ/ਕਸਬੇ ਵਿਚ ਸਵੱਛਤਾ ਸਹੂਲਤਾਂ ਬਾਰੇ ਸਟੀਕ ਜਾਣਕਾਰੀ ਲਈ ਜਾਵੇ ਜਿਸ 'ਤੇ ਆਧਾਰਿਤ ਭਵਿੱਖ ਵਿਚ ਨੀਤੀ ਘੜਨ ਅਤੇ ਸਵੱਛਤਾ ਬਾਰੇ ਸਹੂਲਤਾਂ ਦੀ ਮੁੜ-ਸੁਰਜੀਤੀ ਬਾਰੇ ਫ਼ੈਸਲੇ ਲਏ ਜਾ ਸਕਣਗੇ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਦੇਸ਼ ਦੇ ਛੋਟੇ ਕਸਬਿਆਂ ਵਿਚੋਂ ਬਹੁਤਿਆਂ ਵਿਚ ਸਵੱਛਤਾ ਬਾਰੇ ਅੰਕੜੇ ਇਕੱਠੇ ਕਰਨਾ ਬਹੁਤ ਵੱਡੀ ਚੁਨੌਤੀ ਹੈ।

ਮੱਧ ਪ੍ਰਦੇਸ਼ ਦੇ ਚੋਣਵੇਂ ਕਸਬਿਆਂ ਬਾਰੇ ਫਾਂਸਾਲਕਰ (2012) ਨੇ ਸਲਾਹ ਮਸ਼ਵਰੇ ਦੀ ਮਦਦ ਨਾਲ ਜੀ ਆਈ ਐੱਸ ਵਰਤਦਿਆਂ ਸਥਾਨਕ ਲੋਕਾਂ ਏਜੰਸੀਆਂ ਨੂੰ ਨਾਲ ਲੈਂਦਿਆਂ ਇਕ ਮੂਲ ਖ਼ਾਕਾ ਤਿਆਰ ਕੀਤਾ। ਹੱਥ ਦੁਆਰਾ ਵਰਤੇ ਜਾਣ ਵਾਲੇ ਜੀ ਪੀ ਐੱਸ ਦੀ ਵਰਤੋਂ ਕਰਦਿਆਂ ਉਨ੍ਹਾਂ ਵੱਖ-ਵੱਖ ਸਵੱਛਤਾ ਸਹੂਲਤਾਂ ਦੇ ਵੱਖ-ਵੱਖ ਹਿੱਸਿਆਂ ਬਾਰੇ ਜਾਣਕਾਰੀ ਇਕੱਤਰ ਕੀਤੀ ਅਤੇ ਕਈ ਡਿਜ਼ੀਟਲ ਨਕਸ਼ੇ ਉਲੀਕੇ ਜੋ ਯੋਜਨਾਬੰਦੀ ਵਿਚ ਕੰਮ ਆਏ। ਕਿਉਂਕਿ ਇਹ ਨਵੀਨ ਅਤੇ ਸਪੱਸ਼ਟ ਹੋਣਾ ਚਾਹੀਦਾ ਹੈ, ਜੀ ਆਈ ਐੱਸ ਨਕਸ਼ਿਆਂ ਦੀ ਵਰਤੋਂ ਨਾਲ ਅੰਕੜਿਆਂ ਨੂੰ ਲਗਾਤਾਰ ਸੋਧਦੇ ਰਹਿਣ ਵਿਚ ਮਦਦ ਮਿਲਦੀ ਹੈ। ਨਾਲੇ ਇਹ ਸਾਨੂੰ ਢੁਕਵੇਂ ਅੰਕੜੇ ਵਰਤੋਂ ਵਿਚ ਲਿਆਉਣ ਵਿਚ ਮਦਦ ਕਰਦਾ ਹੈ। ਸਾਰੇ ਭਾਈਵਾਲਾਂ ਤਕ ਆਸਾਨੀ ਨਾਲ ਪਹੁੰਚ ਬਣਾਉਂਦਾ ਹੈ, ਜਾਗਰੂਕਤਾ ਅਤੇ ਜਨ ਭਾਗੀਦਾਰੀ ਯਕੀਨੀ ਬਣਾਉਂਦਾ ਹੈ ਅਤੇ ਸਵੱਛਤਾ ਦੇ ਖੇਤਰ ਵਿਚਲੀ ਕਾਰਗੁਜ਼ਾਰੀ ਦੀ ਨਿਗਰਾਨੀ/ਜਾਇਜ਼ੇ ਵਿਚ ਮਦਦ ਕਰਦਾ ਹੈ।

ਨੈਰੋਬੀ ਵਿਖੇ, ਜਿਵੇਂ ਕਿ ਮਾਨ (2013) ਨੇ ਦੱਸਿਆ ਹੈ, ਸਵੱਛਤਾ ਵਿਚ ਸੁਧਾਰ ਲਈ ਸੂਚਨਾ ਤੇ ਸੰਚਾਰ ਸਾਧਨਾਂ ਦੀ ਵਰਤੋਂ ਉਪਰ ਚਾਰ ਢੰਗਾਂ ਨਾਲ ਚਲਣ ਬਾਰੇ ਵਿਚਾਰ-ਵਟਾਂਦਰਾ ਹੋਇਆ। ਪਹਿਲਾ, ਜਲ ਸਹੂਲਤਾਂ ਅਤੇ ਉਨ੍ਹਾਂ ਦੇ ਗਾਹਕਾਂ ਦਰਮਿਆਨ ਬਰਾਬਰ ਸੂਚਨਾ ਪ੍ਰਦਾਨ ਕਰਨ ਵਾਲੇ ਸਲਾਹ ਮਸ਼ਵਰੇ ਕਰਵਾਉਣਾ। ਦੂਜਾ, ਮੋਬਾਈਲ ਭੁਗਤਾਨ ਤੋਂ ਸਮਾਰਟ ਫ਼ੋਨ ਐਪਲੀਕੇਸ਼ਨ ਰਾਹੀਂ ਮੀਟਰ ਰੀਡਿੰਗ ਤਕ ਸੇਵਾ ਮੁਹੱਈਆਕਾਰ ਦੀ ਅੰਦਰੂਨੀ ਕਾਰਜ ਪ੍ਰਣਾਲੀ ਨੂੰ ਸੁਧਾਰਨਾ ਤੇ ਵਧੇਰੇ ਅਸਰਦਾਰ ਬਣਾਉਣਾ। ਤੀਜਾ, ਮਨੁੱਖੀ ਦਖ਼ਲ ਨੂੰ ਖਤਮ ਕਰਦਿਆਂ ਪੂਰੀ ਤਰ੍ਹਾਂ ਸਵੈਚਾਲਤ ਪ੍ਰਣਾਲੀ ਕਾਇਮ ਕਰਨਾ, ਚੌਥਾ, ਅੰਕੜੇ ਇਕੱਤਰ ਕਰਨ ਦੇ ਵੱਖੋ-ਵੱਖਰੇ ਸਰੋਤਾਂ ਦੀ ਭਰਮਾਰ ਦੀ ਵਰਤੋਂ ਕਰਦਿਆਂ ਵਧੇਰੇ ਅਸਰ ਵਾਲੀ ਸ਼ਹਿਰੀ ਯੋਜਨਾਬੰਦੀ ਕਰਨਾ ਅਤੇ ਸੇਵਾ ਡਲਿਵਰੀ ਵਲ ਵਧੇਰੇ ਰੁਚਿਤ ਪ੍ਰਣਾਲੀ ਦਾ ਵਿਕਾਸ ਕਰਨਾ। ਭਾਰਤ ਵਿਚ ਆਈ ਸੀ ਟੀ ਦੀ ਸ਼ਹਿਰ ਵਿਆਪੀ ਸਵੱਛਤਾ ਯੋਜਨਾਬਦੀ ਦੀ ਤਿਆਰੀ ਲਈ ਵਰਤੋਂ ਹੁੰਦੀ ਹੈ। ਪਰ ਵਿਆਪਕ ਰੂਪ ਵਿਚ ਵਰਤੇ ਜਾਣ ਵਾਲੇ ਸ਼ਹਿਰੀ ਨਕਸ਼ਿਆਂ ਦੀ ਘਾਟ ਵੱਡੀ ਚੁਨੌਤੀ ਹੈ।

ਸ੍ਰੀਧਰ ਅਤੇ ਸ੍ਰੀਧਰ (2007) ਨੇ ਵਿਕਾਸਸ਼ੀਲ ਦੁਨੀਆਂ ਵਿਚ ਮੋਬਾਈਲ ਫ਼ੋਨਾਂ ਦੇ ਤੇਜ਼ੀ ਨਾਲ ਪਾਸਾਰ ਦੀ ਗੱਲ ਕਹੀ ਹੈ ਜੋ ਕਿ ਲੈਂਡਲਾਈਨ ਫ਼ੋਨ ਲਾਉਣ ਵਿਚ ਆਉਣ ਵਾਲੀ ਕੁੱਲ ਲਾਗਤ ਦੇ ਮੁਕਾਬਲੇ ਇਕ ਕਿਫ਼ਾਇਤੀ ਸਾਧਨ ਹੈ। ਅੱਜ ਭਾਰਤ ਵਿਚ 100 ਪ੍ਰਤਿਸ਼ਤ ਤੋਂ ਵੱਧ ਫ਼ੋਨ ਘਣਤਾ ਨੂੰ ਦੇਖਦਿਆਂ, ਇਹ ਚੰਗਾ ਹੋਵੇਗਾ ਕਿ ਇਸ ਸਾਧਨ ਦੀ ਵਰਤੋਂ ਕਰਦਿਆਂ ਸਰਵੇਖਣਾਂ ਰਾਹੀਂ ਪ੍ਰਤਿਕਰਮ ਲਏ ਜਾਣ। ਇਸ ਸੰਦੇਸ਼ ਲਈ ਟੈਕਸਟ ਸੰਦੇਸ਼ ਰਾਹੀਂ ਪ੍ਰਤਿਕਰਮ ਹੀ ਕੰਮ ਸਾਰ ਦੇਵੇਗਾ। ਇਹ ਚਾਰ ਸ਼ਹਿਰ ਸਨ; ਗਵਾਲੀਅਰ, ਆਸ਼ਟਾ, ਰਾਇਸਨ ਅਤੇ ਖੁਜਰਾਹੋ/ਗ੍ਰੇਟਰ ਹੈਦਰਾਬਾਦ ਮਿਊਂਸੀਪਲ ਕਾਰਪੋਰੇਸ਼ਨ (ਜੀ ਐੱਸ ਐੱਮ ਸੀ) ਨੇ ਇਕ ਨਵਾਂ ਅਸਲ ਮਿਆਦ ਨਿਗਰਾਨੀ ਸਿਲਸਿਲਾ ਸ਼ੁਰੂ ਕੀਤਾ ਹੈ ਜੋ ਕਿ ਕਿਸੇ ਸ਼ਿਕਾਇਤ ਦੀ ਰਜਿਸਟਰੇਸ਼ਨ ਹੋਣ 'ਤੇ ਸਵੈਚਾਲਿਤ ਰੂਪ ਵਿਚ ਸ਼ਿਕਾਇਤ ਕਰਤਾ ਨੂੰ ਪ੍ਰਾਪਤੀ ਸੰਦੇਸ਼ ਦੇਣ ਅਤੇ ਸ਼ਿਕਾਇਤ ਦੇ ਨਿਬੇੜੇ ਤੋਂ ਬਾਅਦ ਸੰਦੇਸ਼ ਦਾ ਪ੍ਰਬੰਧ ਹੈ।

ਠੋਸ ਰਹਿੰਦ-ਖੂੰਹਦ ਨੂੰ ਇਕੱਤਰ ਕਰਨ, ਢੋਣ ਅਤੇ ਅੰਤਮ ਨਿਬੇੜੇ ਨੂੰ ਵਧੇਰੇ ਅਸਰਦਾਰ ਬਣਾਉਣ ਲਈ ਸ਼ਹਿਰੀ ਵਿਕਾਸ ਮੰਤਰਾਲਾ ਨੇ (2010) ਸਰਬ ਸ੍ਰੇਸ਼ਟ ਵਿਧੀਆਂ ਨੂੰ ਇਕੱਠਾ ਕਰਦਿਆਂ ਕੂੜਾਦਾਨ ਅਤੇ ਕੂੜਾ ਇਕੱਤਰ ਕਰ ਕੇ ਇਕ ਥਾਂ ਸੁੱਟਣ ਵਾਲੀਆਂ ਥਾਵਾਂ ਦੇ ਸਹੀ ਤਾਲਮੇਲ ਲਈ ਜੀ ਆਈ ਐੱਸ ਅਸਥਾਨ, ਜੀ ਪੀ ਐੱਸ ਨਾਲ ਲੈਸ ਕੂੜਾ ਵਾਹਨ, ਕੂੜਾ ਇਕੱਤਰ ਕਰਨ ਦੀ ਸਥਿਤੀ ਦੀ ਸਵੈਚਾਲਤ ਰੂਪ ਵਿਚ ਜਾਣਕਾਰੀ ਮਿਲਣ, (ਕਿੰਨੇ ਕੂੜੇਦਾਨ ਖਾਲੀ ਕਰ ਦਿਤੇ ਗਏ ਤੇ ਕਿੰਨੇ ਬਚ ਗਏ) ਆਨਲਾਈਨ ਨਿਗਰਾਨੀ ਪ੍ਰਣਾਲੀ, ਇਕੱਤਰ ਕਰਨ ਵਾਲੀ ਥਾਂ ਤੋਂ ਡੰਪਿੰਗ ਸਥਾਨ ਤਕ ਪਹੁੰਚਣ ਦਾ ਛੋਟੇ ਤੋਂ ਛੋਟਾ ਰਸਤਾ, ਕੂੜਾ ਇਕੱਤਰ ਕਰਨ ਵਾਲੀਆਂ ਥਾਵਾਂ ਅਤੇ ਢੋ-ਢੁਆਈ ਸਾਧਨਾਂ ਵਿਚ ਵਾਧਾ ਜਿਹੇ ਸੂਚਨਾ ਸੰਚਾਰ ਸਾਧਨਾਂ ਵਾਲੀ ਪ੍ਰਣਾਲੀ ਦਾ ਸੁਝਾਅ ਦਿਤਾ ਹੈ। ਇਸ ਪ੍ਰਣਾਲੀ ਦੇ ਕਈ ਫ਼ਾਇਦੇ ਮੰਤਰਾਲਾ ਨੇ ਗਿਣਵਾਏ ਹਨ ਜਿਵੇਂ ਕਿ ਵਾਹਨ ਦੇ ਇਕ ਥਾਂ ਤੋਂ ਦੂਜੀ ਥਾਂ ਪਹੁੰਚਣ ਦੇ ਸਮੇਂ ਦੀ ਨਿਗਰਾਨੀ ਅਤੇ ਇਸ ਪੂਰੀ ਪ੍ਰਣਾਲੀ ਵਿਚ ਮਨੁੱਖੀ ਦਖ਼ਲ ਦਾ ਖਾਤਮਾ ਪਿੰਪਰੀ ਚਿੰਚਵਾੜੇ ਮਿਊਂਸੀਪਲ ਕਾਰਪੋਰੇਸ਼ਨ ਵਲੋਂ ਇਸ ਪ੍ਰਣਾਲੀ ਨੂੰ ਅਪਣਾਇਆ ਗਿਆ ਹੈ ਅਤੇ ਠੋਸ ਰਹਿੰਦ-ਖੂੰਹਦ ਦੇ ਨਿਬੇੜੇ ਲਈ ਆਪਣੀ ਰਣਨੀਤੀ ਨੂੰ ਤਿਖੇਰਾ ਕੀਤਾ ਗਿਆ ਹੈ। ਜਿਵੇਂ ਕਿ ਬੰਗਲੁਰੂ ਵਿਖੇ ਸਮਾਜਿਕ ਮੀਡੀਆ ਦੀ ਟ੍ਰੈਫਿਕ ਕੰਟਰੋਲ 'ਚ ਅਸਰਦਾਰ ਵਰਤੋਂ ਨੇ ਸੁਝਾਇਆ ਹੈ, ਫੇਸਬੁਕ, ਟਵੀਟਰ ਆਦਿ ਸਾਈਟਾਂ ਰਾਹੀਂ ਠੋਸ ਰਹਿੰਦ-ਖੂੰਹਦ ਦੀ ਸਮੱਸਿਆ ਪੈਦਾ ਹੋਣ 'ਤੇ ਢੁਕਵੇਂ ਅਦਾਰੇ ਤਕ ਸੂਚਨਾ ਪਹੁੰਚਾਉਣ 'ਤੇ ਸਥਾਨਕ ਨਾਗਰਿਕ ਸੰਸਥਾ ਵਲੋਂ ਆਮ ਤੌਰ ਤੇ ਇਸ ਦਾ ਤੁਰੰਤ ਨਿਬੇੜਾ ਕਰ ਦਿਤਾ ਜਾਂਦਾ ਹੈ। ਕੁਝ ਮਾਮਲਿਆਂ ਵਿਚ ਸ਼ਹਿਰਾਂ ਨੇ ਕੂੜਾ ਕਿਰਤੀਆਂ ਅਤੇ ਸੁਪਰਵਾਈਜ਼ਰਾਂ ਦੇ ਕੰਮਾਂ ਦੀ ਨਿਗਰਾਨੀ ਲਈ ਸੀ ਸੀ ਟੀ ਵੀ ਕੈਮਰੇ ਵੀ ਲਾਏ ਹਨ। ਬੰਗਲੁਰੂ ਵਰਗੇ ਸ਼ਹਿਰਾਂ ਜਿਥੇ ਕਿ ਕੂੜੇ ਨੂੰ ਵੱਖ-ਵੱਖ ਸ਼੍ਰੇਣੀਆਂ, ਜਿਵੇਂ ਸੁੱਕਾ, ਗਿੱਲਾ, ਖ਼ਤਰਨਾਕ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ। ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿਚ ਪੂਰੀ ਸਚਾਈ ਦਿਖਾ ਸਕਦੀ ਹੈ, ਸਮਾਜਿਕ ਮੀਡੀਆ ਦੀ ਵਰਤੋਂ ਇਸ ਮੁੱਦੇ ਉਪਰ ਲੋਕਾਂ ਦੇ ਸੁਝਾਅ ਲੈਣ ਲਈ ਵੀ ਕੀਤੀ ਜਾ ਸਕਦੀ ਹੈ।

ਜਿਵੇਂ ਕਿ ਪ੍ਰਭਾਕਰ ਅਤੇ ਮੇਹਰੋਤਰਾ (2015) ਨੇ ਸੁਝਾਅ ਦਿਤਾ ਹੈ ਕਿ ਆਨਲਾਈਨ ਮੰਚ ਵਰਤੋਂਕਾਰ ਨੂੰ ਰਹਿੰਦ-ਖੂੰਹਦ ਨੂੰ ਸੁੱਟਣ ਦੀ ਥਾਂ ਕਈ ਵਾਰ ਉਸ ਦੀ ਮੁੜ-ਵਰਤੋਂ ਦਾ ਵੀ ਵਿਕਲਪ ਦੇ ਦਿੰਦਾ ਹੈ। ਇਸ ਵਿਚ ਸੈਂਸਰ ਆਧਾਰੀ ਕੂੜੇਦਾਨਾਂ ਦਾ ਵੀ ਸੁਝਾਅ ਹੈ ਜਿਸ ਨਾਲ ਕਿ ਰਹਿੰਦ-ਖੂੰਹਦ ਇਕੱਤਰ ਕਰਨ, ਢੋ-

*ਬਾਕੀ ਸਫ਼ਾ 48 ਉੱਤੇ*

# ਸਮਾਰਟ ਸਿਟੀ : ਸ਼ਹਿਰੀ ਵਿਕਾਸ ਦੀ ਨਵੀਂ ਨੀਤੀ

ਮਨਧੀਰ ਸਿੰਘ ਦਿਓਲ

ਕੇਂਦਰ ਸਰਕਾਰ ਵਲੋਂ ਦੇਸ਼ ਅੰਦਰ 100 ਸ਼ਹਿਰਾਂ ਨੂੰ 'ਸਮਾਰਟ ਸਿਟੀ' ਵਜੋਂ ਚੁਣ ਕੇ ਉਨ੍ਹਾਂ ਦਾ ਵਿਕਾਸ ਵੱਖਰੀ ਤਰਜ਼ 'ਤੇ ਕਰਨ ਦੀ ਬਹੁ-ਮੰਤਵੀ ਯੋਜਨਾ ਉਲੀਕੀ ਗਈ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਦੇ ਸ਼ਹਿਰੀ ਵਿਕਾਸ ਮੰਤਰਾਲਾ ਵਲੋਂ ਇਸ 'ਸਮਾਰਟ ਸਿਟੀ' ਯੋਜਨਾ ਨੂੰ ਸਿਰੇ ਚੜ੍ਹਾਇਆ ਜਾਣਾ ਹੈ। ਹਰ ਰਾਜ ਵਿਚੋਂ ਇਹ ਸ਼ਹਿਰ ਲੰਬੀ ਪ੍ਰਕਿਰਿਆ ਪਿਛੋਂ ਚੁਣੇ ਜਾ ਰਹੇ ਹਨ ਤੇ ਸਖਤ ਮਾਪਦੰਡ ਨਿਰਧਾਰਣ ਕੀਤੇ ਗਏ ਹਨ।

ਸਮਾਰਟ ਸਿਟੀ ਨੂੰ ਹਰ ਸਾਲ 100 ਕਰੋੜ ਰੁਪਏ ਮਿਲਣਗੇ ਤੇ ਪੰਜ ਸਾਲਾਂ ਦੌਰਾਨ ਇਸ ਤਰ੍ਹਾਂ ਸਮਾਰਟ ਸ਼ਹਿਰਾਂ ਦਾ ਵਿਕਾਸ/ਵਿਸਥਾਰ ਕੀਤਾ ਜਾਵੇਗਾ। ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਅਨੁਸਾਰ ਚੁਣੇ ਹੋਏ ਸ਼ਹਿਰਾਂ ਨੂੰ ਵਧੀਆ ਸਹੂਲਤਾਂ ਦੇਣ ਦਾ ਵਾਅਦਾ ਕੀਤਾ ਗਿਆ ਹੈ।

ਇਸ ਤਰ੍ਹਾਂ, ਇਹ ਨਵੀਂ ਯੋਜਨਾ ਸ਼ਹਿਰਾਂ ਅੰਦਰ ਬੁਨਿਆਦੀ ਸਹੂਲਤਾਂ ਨੂੰ ਵਧਾਉਣ, ਪਹਿਲਾਂ ਤੋਂ ਚਲ ਰਹੀਆਂ ਯੋਜਨਾਵਾਂ ਨੂੰ ਦਰੁਸਤ ਕਰਨ ਸਮੇਤ ਸ਼ਹਿਰਾਂ ਦੀ ਨੁਹਾਰ ਬਦਲਣ ਲਈ ਕਾਰਗਰ ਸਾਬਤ ਹੋਵੇਗੀ। ਸ਼ਹਿਰੀ ਵਸੋਂ ਵਾਲੇ ਇਲਾਕਿਆਂ ਅੰਦਰ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਟਾਕਰੇ ਲਈ ਪੁਰਾਣੀਆਂ ਸਮੱਸਿਆਵਾਂ ਜੋ ਪ੍ਰਸ਼ਾਸਨ ਸਮੇਤ ਸ਼ਹਿਰੀਆਂ ਲਈ ਸਿਰਦਰਦੀ ਬਣੀਆਂ ਹੋਈਆਂ ਹਨ, ਦਾ ਹੱਲ ਕਰਨ ਦਾ ਵੀ ਯਤਨ ਕੀਤਾ ਜਾਵੇਗਾ ਜੋ ਵਿਕਾਸ ਦੇ ਰਾਹ ਵਿਚ ਰੁਕਾਵਟ ਬਣ ਰਹੀਆਂ ਹਨ।

ਦੇਸ਼ ਅੰਦਰ ਜਦੋਂ ਤੋਂ ਸ਼ਹਿਰੀਕਰਨ ਦੀ ਹਵਾ ਵਗੀ ਹੈ ਤਾਂ ਪਿੰਡਾਂ ਅੰਦਰ ਰੁਜ਼ਗਾਰ ਦੇ ਮੌਕੇ ਘਟੇ ਹਨ, ਉਦੋਂ ਤੋਂ ਹੀ ਸ਼ਹਿਰਾਂ ਵਲ ਨੂੰ ਲੋਕਾਂ ਦੀ ਹਿਜਰਤ ਵਧੀ ਹੈ ਜਿਸ ਦੇ ਸਿੱਟੇ ਵਜੋਂ ਸ਼ਹਿਰਾਂ ਉਪਰ ਆਬਾਦੀ ਦਾ ਦਬਾਅ ਬਹੁਤ ਜ਼ਿਆਦਾ ਵਧ ਗਿਆ ਹੈ। ਅਨੁਮਾਨ ਮੁਤਾਬਕ ਦੇਸ਼ ਦੀ ਆਬਾਦੀ ਦੇ ਤੀਜੇ ਹਿੱਸੇ ਤੋਂ ਘੱਟ ਵਸੋਂ ਸ਼ਹਿਰਾਂ ਅੰਦਰ ਰਹਿੰਦੀ ਹੈ ਤੇ ਇਹ ਦਿਨੋ-ਦਿਨ ਵਧ ਹੀ ਰਹੀ ਹੈ ਤੇ ਪੇਂਡੂ ਇਲਾਕਿਆਂ ਵਿਚੋਂ ਹਿਜਰਤ ਲਗਾਤਾਰ ਹੁੰਦੀ ਆਈ ਹੈ। ਹਿਜਰਤ ਦੀ ਬਹੁਤੀ ਵਜ੍ਹਾ ਰੁਜ਼ਗਾਰ ਦੀ ਭਾਲ ਹੀ ਹੈ ਤੇ ਦੇਸ਼ ਦੇ ਮਹਾਂਨਗਰਾਂ ਵਲ ਨੂੰ ਇਹ ਦੌੜ ਹੋਰ ਵੀ ਤੇਜ਼ ਹੈ ਕਿਉਂਕਿ ਮਹਾਂਨਗਰ ਰੋਜ਼ਾਨਾ ਹੀ ਹਜ਼ਾਰਾਂ ਲੋਕਾਂ ਨੂੰ ਆਪਣੇ ਵਿਚ ਖਪਾ ਲੈਂਦੇ ਹਨ। ਸ਼ਹਿਰਾਂ ਅੰਦਰ ਆਧੁਨਿਕ ਜੀਵਨ-ਸ਼ੈਲੀ ਦੀ ਚਕਾਚੌਂਧ ਵੀ ਸਾਦਾ ਜੀਵਨ ਜਾਂ ਹੀਣੀ ਜ਼ਿੰਦਗੀ ਬਤੀਤ ਕਰਨ ਵਾਲਿਆਂ ਨੂੰ ਖਿੱਚ ਪਾਉਂਦੀ ਹੈ।

ਇਹ ਸਾਫ਼ ਹੈ ਕਿ ਸ਼ਹਿਰਾਂ ਅੰਦਰ ਰੁਜ਼ਗਾਰ ਦੇ ਮੌਕੇ ਕਾਫ਼ੀ ਹੁੰਦੇ ਹਨ ਤੇ ਮਿਹਨਤੀ ਤਬਕੇ ਨੂੰ ਕਿਤੇ ਨਾ ਕਿਤੇ ਢੋਈ ਮਿਲ ਹੀ ਜਾਂਦੀ ਹੈ ਪਰ ਇਸ ਤਰ੍ਹਾਂ ਬਿਨਾਂ ਕਿਸੇ ਯੋਜਨਾ ਦੇ ਸ਼ਹਿਰਾਂ ਵਲ ਨੂੰ ਮੂੰਹ ਕਰਨ ਵਾਲਿਆਂ ਨਾਲ ਕਈ ਹੋਰ ਸਮੱਸਿਆਵਾਂ ਵੀ ਪੈਦਾ ਹੁੰਦੀਆਂ ਹਨ ਪਰ ਸਭ ਤੋਂ ਵੱਡੀ ਸਮੱਸਿਆ ਆਬਾਦੀ ਦੀ ਘਣਤਾ ਦਾ ਵਧਣਾ ਹੈ ਜਿਸ ਤੋਂ ਅੱਗੇ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਸ਼ਹਿਰਾਂ ਅੰਦਰ ਰਹਿੰਦੀ ਆਬਾਦੀ ਦੇਸ਼ ਦੀ ਕੁੱਲ ਆਮਦਨ ਵਿਚ ਚੋਖਾ ਵਾਧਾ ਕਰਦੀ ਹੈ ਤੇ ਇਸ ਤੋਂ ਸਪੱਸ਼ਟ ਹੈ ਕਿ ਇਹ ਖੇਤਰ ਹੋਰ ਸਹੂਲਤਾਂ ਦੀ ਤਵੱਕੋ ਵੀ ਕਰਦਾ ਹੈ। ਦੇਸ਼ ਦੀ ਸ਼ਹਿਰੀ ਆਬਾਦੀ ਕੁੱਲ ਘਰੇਲੂ ਉਤਪਾਦ ਵਿਚ ਲਗਭਗ 60 ਪ੍ਰਤਿਸ਼ਤ ਹਿੱਸਾ ਪਾਉਂਦੀ ਹੈ ਤੇ ਉਮੀਦ ਕੀਤੀ ਜਾ ਰਹੀ ਹੈ ਕਿ ਆਉਣ ਵਾਲੇ 15 ਸਾਲਾਂ ਵਿਚ ਇਹ 70 ਪ੍ਰਤਿਸ਼ਤ ਤਕ ਪੁੱਜ ਜਾਵੇਗੀ। ਇਸੇ ਕਰਕੇ ਹੀ ਸ਼ਹਿਰਾਂ ਵਿਚੋਂ ਪਿੰਡਾਂ ਵਲ ਜਾਣ ਦੀ ਤਦਾਦ ਨਾਂ ਦੇ ਬਰਾਬਰ ਹੀ ਹੈ।

ਸ਼ਹਿਰੀ ਆਬਾਦੀ ਨੂੰ ਕਿਉਂਕਿ ਪੇਂਡੂ ਇਲਾਕਿਆਂ ਦੇ ਮੁਕਾਬਲੇ ਰੁਜ਼ਗਾਰ, ਸਿੱਖਿਆ, ਡਾਕਟਰੀ, ਆਵਾਜਾਈ, ਮਨੋਰੰਜਨ ਤੇ ਹੋਰ ਸਹੂਲਤਾਂ ਵੱਧ ਮਿਲਦੀਆਂ ਹਨ ਇਸ ਲਈ ਸੰਘਣੀ ਆਬਾਦੀ ਦੀਆਂ ਸਮੱਸਿਆਵਾਂ ਦਾ ਟਾਕਰਾ ਕਰਨਾ ਵੱਡੀ ਚੁਨੌਤੀ ਬਣ ਗਈ ਹੈ।

ਸ਼ਹਿਰਾਂ ਅੰਦਰ ਨਵੇਂ 'ਟਾਊਨਸ਼ਿਪ' ਬਣਾਉਣ ਦੀ ਯੋਜਨਾ ਵੀ ਬਣਾਈ ਗਈ ਤੇ ਇਸ ਲਈ ਕਾਰਜ ਵੀ ਸ਼ੁਰੂ ਕੀਤੇ ਗਏ। ਵਿਸ਼ੇਸ਼ ਆਰਥਿਕ ਜ਼ੋਨ ਬਣਾ ਕੇ ਵੀ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਗਏ। ਸ਼ਹਿਰੀ ਆਬਾਦੀ ਦੀਆਂ ਰਿਹਾਇਸ਼ ਦੀਆਂ ਲੋੜਾਂ ਦਿਨੋਂ-ਦਿਨ ਵਧਦੀਆਂ ਜਾ ਰਹੀਆਂ ਹਨ। ਇਥੋਂ ਤਕ ਕਿ 'ਵਿਸ਼ੇਸ਼ ਆਰਥਿਕ ਖਿੱਤੇ' ਵਿਚੋਂ ਵੀ ਕਈ ਸਫਲ ਹੋਏ ਹਨ ਪਰ ਨੇੜੇ ਦੀ ਆਬਾਦੀ ਲਈ ਸਮਾਜਿਕ ਢਾਂਚਾ ਵਿਕਸਤ ਕਰਨ ਵਿਚ ਬਹੁਤ ਸਫਲ ਨਹੀਂ ਹੋਏ ਜਿਸ ਵਿਚ ਸਿਹਤ, ਸਿੱਖਿਆ, ਕਲਾ, ਸੱਭਿਆਚਾਰ ਤੇ ਹੋਰ ਖੇਤਰ ਆਉਂਦੇ ਹਨ। ਮੌਜੂਦਾ ਕੇਂਦਰ ਸਰਕਾਰ ਵਲੋਂ ਸਿੱਖਿਅਕ ਸੰਸਥਾਵਾਂ ਦਾ ਢਾਂਚਾ ਮਜ਼ਬੂਤ ਕਰਨਾ, ਭੌਤਿਕ ਬੁਨਿਆਦੀ ਢਾਂਚਾ ਤੇ ਸਮਾਜਿਕ ਬੁਨਿਆਦੀ ਢਾਂਚਾ ਮੁੜ ਸੁਰਜੀਤ ਕਰਨ ਲਈ 'ਸਮਾਰਟ ਸਿਟੀ' ਨੂੰ ਹੁੰਗਾਰਾ ਭਰਿਆ ਤੇ ਪੇਸ਼ ਕੀਤਾ ਹੈ।

ਭਾਰਤ ਨੂੰ ਆਜ਼ਾਦ ਹੋਏ 7 ਦਹਾਕੇ ਹੋਣ ਵਾਲੇ ਹੋ ਗਏ ਹਨ ਪਰ ਸ਼ਹਿਰਾਂ ਅੰਦਰ ਪੀਣ ਲਈ ਸਾਫ਼ ਪਾਣੀ, ਆਵਾਜਾਈ ਲਈ ਸੜਕਾਂ, ਬਿਜਲੀ, ਟਰਾਂਸਪੋਰਟ ਤੇ ਸਿਹਤ/ਸਿੱਖਿਆ ਸਹੂਲਤਾਂ ਅਜੇ ਵੀ ਲੋੜੀਂਦੇ ਅਨੁਪਾਤ ਵਿਚ ਨਹੀਂ ਦਿਤੀਆਂ ਜਾ ਸਕੀਆਂ ਹਨ। ਸਮਾਰਟ ਸਿਟੀ ਯੋਜਨਾ ਬਾਰੇ ਕਿਹਾ ਜਾ ਰਿਹਾ ਹੈ ਕਿ ਇਹ ਬੁਨਿਆਦੀ ਸਹੂਲਤਾਂ ਨੂੰ ਬਿਹਤਰ ਤਾਂ ਕਰੇਗੀ ਹੀ, ਨਾਲ ਹੀ

ਭਵਿੱਖ ਦੀਆਂ ਚੁਨੌਤੀ ਦੇ ਟਾਕਰੇ ਲਈ ਸ਼ਹਿਰਾਂ ਨੂੰ ਆਬਾਦ ਕਰੇਗੀ।

ਵਿਸ਼ਵ ਪੱਧਰੀ ਸਹੂਲਤਾਂ ਦੇਣ ਵਾਲੇ ਸਰਵਿਸ ਪ੍ਰੋਵਾਈਡਰਾਂ ਵਲੋਂ ਵੀ ਸਮਾਰਟ ਸਿਟੀ ਯੋਜਨਾ ਵਿਚ ਮਦਦ ਕੀਤੀ ਜਾਣੀ ਹੈ ਤੇ ਵਿਕਸਤ ਦੇਸ਼ ਜਾਪਾਨ, ਸਿੰਘਾਪੁਰ, ਜਰਮਨੀ ਤੇ ਹੋਰ ਦੇਸ਼ਾਂ ਵਲੋਂ ਇਸ ਪ੍ਰੋਜੈਕਟ ਵਿਚ ਦਿਲਚਸਪੀ ਦਿਖਾਈ ਗਈ ਹੈ। ਇਸ ਲਈ ਇਸ ਬਹੁ-ਕਰੋੜੀ ਪ੍ਰਾਜੈਕਟ ਲਈ ਜਨਤਕ-ਨਿੱਜੀ ਭਾਈਵਾਲੀ (ਪੀ ਪੀ ਪੀ) ਸਿਧਾਂਤ ਨੂੰ ਲਾਗੂ ਕੀਤਾ ਜਾਣਾ ਹੈ। ਇਨ੍ਹਾਂ ਸਮਾਰਟ ਸ਼ਹਿਰਾਂ ਲਈ ਜਿਥੇ ਬਣਾਉਣ ਤੇ ਸਹੂਲਤਾਂ ਦੇਣੀਆਂ ਚੁਨੌਤੀ ਹੈ ਉਥੇ ਰੁਜ਼ਗਾਰ ਪੈਦਾ ਕਰਨਾ, ਆਪਣੇ ਸਰੋਤਾਂ ਦੀ ਸਹੀ ਵਰਤੋਂ ਕਰਨੀ ਤੇ ਸਿੱਖਿਅਤ ਲੋਕਾਂ ਦੀ ਲੋੜ ਵੀ ਹੋਵੇਗੀ ਜੋ ਇਨ੍ਹਾਂ ਸ਼ਹਿਰਾਂ ਦੇ ਬੁਨਿਆਦੀ ਢਾਂਚੇ/ਸਹੂਲਤਾਂ ਅਗਲੇ ਕਾਲ ਲਈ ਜਾ ਸਕਣ।

ਦਰਅਸਲ, ਭਾਰਤੀ ਸ਼ਹਿਰਾਂ ਅੰਦਰ ਦੋ ਤਰ੍ਹਾਂ ਦੀ ਦੁਨੀਆਂ ਵਸਦੀ ਹੈ। ਇਕ ਉਹ ਲੋਕ ਹਨ ਜਿਨ੍ਹਾਂ ਕੋਲ ਪੈਸੇ ਦੀ ਬਹੁਤਾਤ ਹੈ ਤੇ ਉਹ ਵਧੀਆ ਗੁਜ਼ਾਰਾ ਕਰ ਰਹੇ ਹਨ ਪਰ ਸ਼ਹਿਰਾਂ ਅੰਦਰ ਉਹ ਲੋਕ ਵੀ ਮਾੜੀਆਂ ਹਾਲਤਾਂ ਵਿਚ ਦੁਸ਼ਵਾਰੀ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੁੰਦੇ ਹਨ ਜਿਨ੍ਹਾਂ ਕੋਲ ਕੁਝ ਨਹੀਂ ਹੁੰਦਾ ਸਗੋਂ ਪੇਂਡੂ ਇਲਾਕਿਆਂ ਅੰਦਰ ਸ਼ਹਿਰਾਂ ਵਲ ਨੂੰ ਉਮੀਦ ਤੇ ਸੁਪਨੇ ਪੂਰੇ ਕਰਨ ਦੀ ਲਾਲਸਾ ਨਾਲ ਆ ਜਾਂਦੇ ਹਨ।

ਅਜਿਹੇ ਗੁਰਬਤ ਦੇ ਮਾਰੇ ਗਰੀਬਾਂ ਲਈ ਠਾਹਰ ਬਣਦੀਆਂ ਝੁੱਗੀਆਂ-ਝੌਂਪੜੀਆਂ ਤੇ ਉਹ ਬਸਤੀਆਂ ਜੋ ਬਹੁਤਾ ਕਰਕੇ ਸਰਕਾਰੀ ਜ਼ਮੀਨਾਂ ਉਪਰ ਜ਼ਬਰੀ ਕਬਜ਼ੇ ਕਰਕੇ ਬਣਾਈਆਂ ਜਾਂਦੀਆਂ ਹਨ। ਇਹ ਬਸਤੀਆਂ ਸ਼ਹਿਰਾਂ ਦੇ ਵਿਕਾਸ ਤੇ ਉਨ੍ਹਾਂ ਦੀ ਦਿੱਖ ਵਿਗਾੜਦੀਆਂ ਹਨ ਤੇ ਇਨ੍ਹਾਂ ਬੇਤਰਤੀਬ ਬਸਤੀਆਂ ਅੰਦਰ ਰਹਿੰਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣੀਆਂ ਸਰਕਾਰਾਂ ਜਾਂ ਨਿਗਰ ਨਿਗਮਾਂ ਲਈ ਬਹੁਤ ਹੀ ਔਖਾ ਕਾਰਜ ਹੋ ਜਾਂਦਾ ਹੈ। ਦਿੱਲੀ ਦੀਆਂ ਕਈ ਬਸਤੀਆਂ ਮੁੰਬਈ ਵਰਗੀਆਂ ਤੇ ਹੋਰ ਸ਼ਹਿਰਾਂ ਦੀਆਂ ਝੁੱਗੀ-ਬਸਤੀਆਂ ਇਸ ਦੀਆਂ ਉਦਾਹਰਣਾਂ ਹਨ।

ਸਮਾਰਟ ਸਿਟੀ ਅਜਿਹੀਆਂ ਚੁਨੌਤੀਆਂ ਤੋਂ ਪਾਰ ਪਾਉਣ ਲਈ ਸ਼ੁਰੂ ਕੀਤੀ ਗਈ ਯੋਜਨਾ ਹੈ ਜਿਸ ਉਪਰ ਕੇਂਦਰ ਸਰਕਾਰ ਵਲੋਂ ਆਪਣਾ ਧਿਆਨ ਕੇਂਦਰਤ ਕੀਤਾ ਗਿਆ ਹੈ। ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣੀਆਂ ਤੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਰਹਿਣ-ਬਹਿਣ ਦੇ ਮੌਕੇ ਮੁਹੱਈਆ ਕਰਵਾਉਣੇ, ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲਾ ਦੀ ਕੋਸ਼ਿਸ਼ ਹੈ ਇਹ 'ਸਮਾਰਟ ਸਿਟੀ' ਯੋਜਨਾ।

ਸ਼ਹਿਰਾਂ ਅੰਦਰ ਪਾਰਕਿੰਗ ਇਕ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ। ਦਿਨੋਂ ਦਿਨ ਲੋਕਾਂ ਕੋਲ ਚਾਰ ਪਹੀਆ ਗੱਡੀਆਂ ਆ ਗਈਆਂ ਹਨ ਤੇ ਉਨ੍ਹਾਂ ਨੂੰ ਖੜ੍ਹੀਆਂ ਕਰਨਾ ਇਕ ਸਮੱਸਿਆ ਦਾ ਰੂਪ ਧਾਰ ਗਿਆ ਹੈ। ਇਸ ਲਈ ਕਿ ਸੜਕਾਂ ਉਪਰ ਨਿੱਜੀ ਗੱਡੀਆਂ ਦੀ ਗਿਣਤੀ ਘਟੇ ਇਸ ਲਈ ਜਨਤਕ ਟਰਾਂਸਪੋਰਟ ਨੂੰ ਸਭ ਤੋਂ ਪਹਿਲਾਂ ਮਜ਼ਬੂਤ ਕਰਨਾ ਪਵੇਗਾ। ਸਮਾਰਟ ਸਿਟੀ ਵਜੋਂ ਚੁਣੇ ਗਏ ਸ਼ਹਿਰਾਂ ਵਿਚ ਜਨਤਕ ਟਰਾਂਸਪੋਰਟ ਨੂੰ ਮਜ਼ਬੂਤ ਬਣਾਉਣ ਲਈ ਕੇਂਦਰ ਸਰਕਾਰ ਵਲੋਂ ਆਧੁਨਿਕ ਟਰਾਂਸਪੋਰਟ ਸਿਸਟਮ ਨੂੰ ਲਿਆਉਣ ਲਈ ਯੋਜਨਾ ਉਲੀਕੇ ਜਾਣ ਲਈ ਮੁਢਲੇ ਤੌਰ ਤੇ ਸਮਝ ਬਣੀ ਹੈ।

ਜਨਤਕ ਟਰਾਂਸਪੋਰਟ ਦੀ ਗੱਲ ਕਰੀਏ ਤਾਂ ਹਰ ਕੋਈ ਚਾਹੇਗਾ ਕਿ ਉਹ ਆਪਣੇ ਕੰਮ ਵਾਲੇ ਦਫ਼ਤਰ, ਦੁਕਾਨ ਜਾਂ ਫੈਕਟਰੀ 30-40 ਮਿੰਟ ਵਿਚ ਪੁੱਜ ਜਾਵੇ, ਇਸ ਲਈ ਉਸ ਨੂੰ ਜੇ ਜਨਤਕ ਟਰਾਂਸਪੋਰਟ ਮਿਲ ਜਾਵੇ ਤਾਂ ਉਹ ਕਿਉਂ ਆਪਣਾ ਵਾਹਨ ਸੜਕ ਉਪਰ ਲਿਆਵੇਗਾ। ਚੀਨ, ਜਪਾਨ ਤੇ ਹੋਰ ਏਸ਼ੀਆਈ ਦੇਸ਼ਾਂ ਅੰਦਰ ਲੋਕਾਂ ਨੂੰ ਇਹ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਹ ਆਪਣੀ ਰਿਹਾਇਸ਼ ਦੇ ਨੇੜੇ ਹੀ ਨੌਕਰੀ ਕਰਨ ਤੇ ਸਾਈਕਲ ਦੀ ਵਰਤੋਂ ਵੱਧ ਤੋਂ ਵੱਧ ਕਰਨ।

ਸ਼ਹਿਰੀ ਆਬਾਦੀ ਦੀਆਂ ਮੁਢਲੀਆਂ ਲੋੜਾਂ: ਦੀ ਪੂਰਤੀ ਕਰਨ ਲਈ ਸਮਾਰਟ ਸਿਟੀ ਯੋਜਨਾ ਅੰਦਰ ਕਾਫੀ ਧਨ ਰੱਖਣਾ ਪਵੇਗਾ ਕਿਉਂਕਿ ਆਧੁਨਿਕ ਸ਼ਹਿਰੀ ਖੇਤਰ ਵਿਚ ਰਹਿਣ ਵਾਲਿਆਂ ਲਈ ਵੀ ਇਹ ਮੁੱਖ ਲੋੜ ਹੋਵੇਗੀ। ਬਿਜਲੀ, ਟੈਲੀਫ਼ੋਨ, ਇੰਟਰਨੈੱਟ, ਰੇਲਵੇ ਸੇਵਾ, ਮੈਟਰੋ ਸੇਵਾ, ਸੂਚਨਾ ਤਕਨਾਲੋਜੀ ਦੀ ਵਰਤੋਂ ਕਰਕੇ ਆਮ ਲੋਕਾਂ ਦੀਆਂ ਬੈਂਕਿੰਗ, ਅਦਾਇਗੀ ਤੇ ਹੋਰ ਲੋੜਾਂ ਪੂਰੀਆਂ ਕਰਨ ਦੇ ਯਤਨ ਹੀ ਇਸ ਸਮਾਰਟ ਸਿਟੀ ਯੋਜਨਾ ਦਾ ਹਿੱਸਾ ਹੋ ਸਕਣਗੇ।

ਭਾਰਤ ਅੰਦਰ ਬਹੁਤ ਘੱਟ ਸ਼ਹਿਰ ਹਨ ਜੋ ਯੋਜਨਾਬੰਦੀ ਨਾਲ ਬਣੇ ਹੋਣ। ਸਭ ਤੋਂ ਅੱਗੇ ਚੰਡੀਗੜ੍ਹ ਹੈ ਜੋ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਹੈ। ਇਸ ਸ਼ਹਿਰ ਦਾ ਹਰ ਕੋਨਾਂ ਸਹੀ ਯੋਜਨਾਬੰਦੀ ਤੇ ਭਵਿੱਖ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਉਸਾਰਿਆ ਗਿਆ ਸੀ। ਦੇਖਣ ਵਿਚ ਬੰਗਲੌਰ ਵੀ ਇਸੇ ਤਰਜ਼ 'ਤੇ ਉਸਾਰਿਆ ਗਿਆ ਪਰ ਫਿਰ ਵੀ ਜੋ ਖ਼ੂਬਸੂਰਤੀ ਚੰਡੀਗੜ੍ਹ ਵਿਚ ਹੈ ਉਹ ਹੋਰ ਭਾਰਤੀ ਸ਼ਹਿਰ ਅੰਦਰ ਸ਼ਾਇਦ ਹੀ ਹੋਵੇ। ਇਹ ਆਖਣ ਵਿਚ ਕੋਈ ਗੁਰੇਜ਼ ਨਹੀਂ ਕਿ ਚੰਡੀਗੜ੍ਹ ਨੂੰ ਦੇਸ਼ ਦਾ ਪਹਿਲਾ ਸਮਾਰਟ ਸਿਟੀ ਆਖਿਆ ਜਾ ਸਕਦਾ ਹੈ ਜੋ ਭਾਵੇਂ ਬਣਿਆ ਆਧੁਨਿਕ ਤਰੀਕੇ ਨਾਲ ਹੋਇਆ ਹੈ ਪਰ ਉਸ ਦੀ ਬਣਤਰ ਸਾਰੇ ਸਭਿਆਚਾਰਕ/ਸਮਾਜਿਕ ਖ਼ਾਸੇ ਨੂੰ ਪੇਸ਼ ਕਰਦੀ ਹੈ। ਕਲਾ, ਸਿੱਖਿਆ, ਡਾਕਟਰੀ ਸਹੂਲਤਾਂ, ਆਵਾਜਾਈ ਦੇ ਸਾਰੇ ਸਾਧਨਾਂ ਲਈ ਯੋਗ ਸਥਾਨ ਹਨ।

ਮੌਜੂਦਾ ਸਰਕਾਰ ਵਲੋਂ ਜੋ ਸਮਾਰਟ ਸਿਟੀ ਬਣਾਉਣ ਦੀ ਤਜਵੀਜ਼ ਹੈ ਉਸ ਤਹਿਤ ਸ਼ਹਿਰ ਵਾਸੀਆਂ ਨੂੰ ਸਹੂਲਤਾਂ ਭਰੀ ਆਰਾਮਦਾਇਕ ਜ਼ਿੰਦਗੀ ਜੀਣ ਦਾ ਮੌਕਾ ਮਿਲੇਗਾ। ਸ਼ੁੱਧ ਵਾਤਾਵਰਨ ਤੇ ਹੋਰ ਕਾਰਜਾਂ ਲਈ ਕਈ ਪੱਖ ਇਨ੍ਹਾਂ ਸ਼ਹਿਰਾਂ ਦੇ ਵਿਕਾਸ ਨਾਲ ਉੱਘੜਨਗੇ। ਬੁਨਿਆਦੀ ਢਾਂਚੇ ਵਿਚ ਬਿਜਲੀ ਪੂਰਤੀ ਤਾਂ ਅਹਿਮ ਮੁੱਦਾ ਹੀ ਹੈ ਨਾਲ ਸਵੱਛਤਾ, ਠੋਸ ਕਚਰੇ ਨੂੰ ਸਾਂਭਣ ਦੀ ਵਿਉਂਤਬੰਦੀ ਤੇ ਸ਼ਹਿਰੀ ਆਵਾਜਾਈ ਦੀ ਮਜ਼ਬੂਤ ਸਹੂਲਤ, ਆਈ ਟੀ ਸੰਪਰਕ ਤੋਂ ਇਲਾਵਾ, 'ਈ ਗਵਰਨੈਂਸ' ਅਤੇ ਆਮ ਨਾਗਰਿਕਾਂ ਦੀ ਭਾਗੀਦਾਰੀ ਕਿੰਨੀ ਹੈ?

ਸਮਾਰਟ ਸ਼ਹਿਰਾਂ ਦੀ ਚੋਣ ਲਈ ਨਾਗਰਿਕਾਂ ਦੀ ਸੁਰੱਖਿਆ ਉਪਰ ਬਹੁਤ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਉਸ ਸ਼ਹਿਰ ਨੂੰ ਹੀ ਸਮਾਰਟ ਸਿਟੀ ਵਿਚ ਸ਼ਾਮਿਲ ਕੀਤਾ ਜਾਣਾ ਹੈ ਜਿਥੇ ਅਪਰਾਧ ਦਰ ਘੱਟ ਹੋਵੇ ਤੇ ਨਿਵਾਸੀਆਂ ਦੀ ਸੁਰੱਖਿਆ ਵਿਚ ਸਮੁੱਚੇ ਪ੍ਰਬੰਧ ਹੋਣ। ਸੂਚਨਾ ਤੇ ਸੰਪਰਕ ਦੇ ਸਾਧਨਾਂ ਨੂੰ ਸਹੀ ਤਰੀਕੇ ਨਾਲ ਵਰਤਣਾ ਤੇ ਸ਼ਿਕਾਇਤਾਂ ਦਾ ਨਿਪਟਾਰਾ, ਇਲੈਕਟ੍ਰਾਨਿਕ ਸਰਵਿਸ ਡਲਿਵਰੀ, ਨਾਗਰਿਕਾਂ ਦੀ ਹਿੱਸੇਦਾਰੀ, ਈਧਨ ਪਦਾਰਥਾਂ ਨੂੰ ਠੋਸ ਕਚਰੇ ਤੋਂ ਤਿਆਰ ਕਰਨਾ, ਸੀਵਰੇਜ਼ ਦੇ ਪਾਣੀ ਦਾ ਟ੍ਰੀਟਮੈਂਟ ਕਰਕੇ ਵਰਤੋਂ ਕਰਨੀ ਤੇ ਪਾਣੀ ਦੀ ਸਹੀ ਵੰਡ ਪ੍ਰਣਾਲੀ ਦੇ ਨਾਲ-ਨਾਲ ਨਵਿਆਉਣਯੋਗ ਊਰਜਾ

ਦੇ ਸਰੋਤਾਂ ਨੂੰ ਵਰਤਣਾ, ਵਾਤਾਵਰਨ ਪੱਖੀ ਇਮਾਰਤਾਂ ਤੇ ਹਰਿਆਲੀ ਦੀ ਬਹੁਲਤਾ ਸਮੇਤ ਸਮਾਰਟ ਪਾਰਕਿੰਗ ਸਹੂਲਤਾਂ ਨੂੰ ਧਿਆਨ ਵਿਚ ਰੱਖਿਆ ਜਾ ਰਿਹਾ ਹੈ। ਆਨਲਾਈਨ ਸਹੂਲਤਾਂ ਕਿੰਨੀਆਂ ਦਿਤੀਆਂ ਜਾ ਰਹੀਆਂ ਹਨ ਤੇ ਈ-ਨਿਊਜ਼ਪੇਪਰ ਦਾ ਪ੍ਰਕਾਸ਼ਨ ਤੇ ਸਾਰੇ ਖਰਚੇ ਪਾਰਦਰਸ਼ੀ ਤਰੀਕੇ ਨਾਲ 'ਆਨਲਾਈਨ' ਕਰਨ ਤੋਂ ਇਲਾਵਾ 'ਸਵੱਛ ਭਾਰਤ' ਦੀ ਯੋਜਨਾ ਨੂੰ ਲਾਗੂ ਕਰਨ 'ਤੇ ਵੀ ਨਜ਼ਰ ਰਹੇਗੀ।

ਹਰ ਰਾਜ ਅੰਦਰ ਘੱਟੋ-ਘੱਟ ਇਕ ਸਮਾਰਟ ਸਿਟੀ ਜ਼ਰੂਰ ਬਣੇਗਾ ਤੇ ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਵਲੋਂ ਸਮਾਰਟ ਸਿਟੀ ਯੋਜਨਾ ਲਈ 50 ਹਜ਼ਾਰ ਕਰੋੜ ਰੁਪਏ ਦਾ ਐਲਾਨ ਕਰ ਦਿਤਾ ਹੈ। ਸਮਾਰਟ ਸਿਟੀ ਲਈ ਸ਼ਹਿਰ ਦੀ ਚੋਣ ਕਰਨ ਦਾ ਪਹਿਲਾ ਪੜਾਅ ਪੂਰਾ ਹੋ ਗਿਆ ਹੈ। ਬਹੁਤ ਸਾਰੇ ਰਾਜਾਂ ਨੇ ਆਪਣੇ-ਆਪਣੇ ਸ਼ਹਿਰਾਂ ਦੇ ਨਾਂ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲਾ ਨੂੰ ਦੇ ਦਿਤੇ ਹਨ ਤੇ ਉਹ ਚੁਣੇ ਹੋਏ ਸ਼ਹਿਰ ਸਖ਼ਤ ਮਾਪਦੰਡਾਂ ਨੂੰ ਪਾਰ ਕਰਕੇ ਸਾਹਮਣੇ ਆਏ ਹਨ। ਕਈ ਰਾਜਾਂ ਅੰਦਰ ਵੱਖ-ਵੱਖ ਸ਼ਹਿਰਾਂ ਦਰਮਿਆਨ ਤਕੜੀ ਟੱਕਰ ਦੇਖਣ ਨੂੰ ਮਿਲੀ।

ਕੇਂਦਰੀ ਸਰਕਾਰ ਵਲੋਂ 100 ਸ਼ਹਿਰਾਂ ਨੂੰ ਸਮਾਰਟ ਸਿਟੀ ਬਣਾਉਣ ਦੀ ਯੋਜਨਾ ਲਈ ਕਈ ਮਾਪਦੰਡ ਨਿਰਧਾਰਤ ਕੀਤੇ ਗਏ ਹਨ ਤੇ ਕਈ ਪੜਾਵਾਂ ਵਿਚੋਂ ਲੰਘ ਕੇ ਕੇਂਦਰ ਸਰਕਾਰ ਦੀ ਇਸ ਯੋਜਨਾ ਦੇ ਲਾਭ ਦੇ ਹੱਕਦਾਰ ਉਹ ਸ਼ਹਿਰ ਹੋਣਗੇ ਜੋ ਸਮਾਰਟ ਸਿਟੀ ਦੀ ਦੌੜ ਵਿਚ ਹਨ। ਜਿਨ੍ਹਾਂ ਸ਼ਹਿਰਾਂ ਦੀਆਂ ਅਥਾਰਿਟੀਆਂ ਵਲੋਂ ਖ਼ੁਦ-ਬ-ਖ਼ੁਦ ਵਿਤੀ ਸਾਧਨ ਪੈਦਾ ਕੀਤੇ ਜਾ ਰਹੇ ਹਨ ਤੇ ਉਨ੍ਹਾਂ ਵਲੋਂ ਬੁਨਿਆਦੀ ਸਹੂਲਤਾਂ ਲਈ ਯੋਗ ਤੇ ਠੋਸ ਯੋਜਨਾਵਾਂ ਘੜੀਆਂ ਗਈਆਂ ਹਨ ਜਾਂ ਕੇਂਦਰੀ/ਸੂਬਾਈ ਯੋਜਨਾਵਾਂ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਹੈ। ਸ਼ਹਿਰੀ ਖੇਤਰਾਂ ਦੀਆਂ ਨਗਰ ਨਿਗਮਾਂ/ ਅਥਾਰਿਟੀਆਂ ਵਲੋਂ ਆਪਣੇ ਮੁਲਾਜ਼ਮਾਂ ਨੂੰ ਦਿਤੀਆਂ ਗਈਆਂ ਤਨਖ਼ਾਹਾਂ ਦੀ 2012-13 ਦੀ ਰਿਪੋਰਟ ਨੂੰ ਆਧਾਰ ਬਣਾਇਆ ਜਾਵੇਗਾ। ਇਸ ਤੋਂ ਇਲਾਵਾ 2014-15 ਵਿਤੀ ਵਰ੍ਹੇ ਮੁਤਾਬਕ ਪਾਣੀ ਦੀ ਸਪਲਾਈ ਤੇ ਉਸ ਦੇ ਰੱਖ-ਰਖਾਅ ਦੇ ਖਰਚਿਆਂ ਸਮੇਤ ਅੰਦਰੂਨੀ ਆਮਦਨ 'ਚ ਯੋਗਦਾਨ ਨੂੰ ਵੀ ਵਿਚਾਰਿਆ ਜਾਵੇਗਾ।

ਪਿਛਲੀ ਸਰਕਾਰ ਦੀ ਜਵਾਹਰ ਲਾਲ ਨਹਿਰੂ ਸ਼ਹਿਰੀ ਵਿਕਾਸ ਯੋਜਨਾ ਤਹਿਤ ਮਿਲੇ ਫ਼ੰਡਾਂ/ਪ੍ਰਜੈਕਟਾਂ ਨੂੰ ਪੂਰਾ ਕਰਨ ਵਿਚ ਯੋਗਤਾ ਨੂੰ ਧਿਆਨ ਵਿਚ ਰੱਖਿਆ ਗਿਆ ਹੈ ਕਿ 2012 ਤਕ ਉਪਰੋਕਤ ਵਿਕਾਸ ਯੋਜਨਾ ਅਨੁਸਾਰ ਕੀ ਟੀਚਾ ਪੂਰਾ ਕੀਤਾ ਹੈ। ਇਸ ਤੋਂ ਇਲਾਵਾ, ਪਿਛਲੇ ਤਿੰਨ ਸਾਲਾਂ ਦੇ ਸੰਸਥਾਗਤ ਪ੍ਰਬੰਧਾਂ/ਸ਼ਹਿਰੀ ਪੱਧਰ ਦੇ ਸੁਧਾਰ ਖਰਚ ਸੀਮਾਵਾਂ ਨੂੰ ਵੀ ਧਿਆਨ ਵਿਚ ਰਖਿਆ ਜਾਵੇਗਾ। ਸ਼ਹਿਰ ਦੇ ਆਪਣੇ ਵਿਤੀ ਸਾਧਨ, ਮੌਜੂਦਾ ਸਾਧਨ ਅਤੇ ਉਨ੍ਹਾਂ ਦਾ ਸ਼ੋਸ਼ਣ ਬੁਨਿਆਦੀ ਸਹੂਲਤਾਂ ਤੇ ਉਨ੍ਹਾਂ ਦੀ ਸਮਰੱਥਾ ਵੀ ਦ੍ਰਿਸ਼ਟੀਗੋਚਰ ਰਹਿਣਗੀਆਂ।

ਪਹਿਲੇ ਪੜਾਅ ਵਿਚ 20 ਸ਼ਹਿਰ ਚੁਣੇ ਜਾਣੇ ਹਨ ਤੇ ਇਨ੍ਹਾਂ ਦੇ ਉੱਤਰ ਪ੍ਰਦੇਸ਼ ਦੇ ਅਲਾਹਾਬਾਦ, ਲਖਨਊ, ਕਾਨਪੁਰ, ਵਾਰਾਨਸੀ, ਆਗਰਾ ਤੇ ਅਲੀਗੜ੍ਹ ਸ਼ਾਮਿਲ ਹਨ। ਉਂਝ, ਉੱਤਰ ਪ੍ਰਦੇਸ਼ ਵਲੋਂ ਕੁੱਲ 13 ਸ਼ਹਿਰ 'ਸਮਾਰਟ ਸਿਟੀ' ਵਜੋਂ ਵਿਕਸਤ ਕੀਤੇ ਜਾਣੇ ਹਨ। ਮਹਾਂਰਾਸ਼ਟਰ ਵਲੋਂ ਨਵੀਂ ਮੁੰਬਈ, ਗ੍ਰੇਟਰ ਮੁੰਬਈ, ਨਾਗਪੁਰ, ਥਾਣੇ, ਨਾਸਿਕ, ਸ਼ੋਲਾਪੁਰ ਤੇ ਅਮਰਾਵਤੀ ਦੇ ਨਾਂ ਦਿਤੇ ਹਨ। ਗੁਜਰਾਤ ਨੇ ਅਹਿਮਦਾਬਾਦ, ਗਾਂਧੀ ਨਗਰ, ਸੂਰਤ, ਰਾਜਕੋਟ, ਵਡੋਦਰਾ ਨਾਂ ਤਜਵੀਜ਼ ਕੀਤੇ ਹਨ। ਕਰਨਾਟਕ ਵਲੋਂ ਸ਼ਿਵਾ ਮੋਗਾ, ਮੰਗਲੂਰੂ ਬਾਲਾਗਾਵੀ, ਦਾਵਾਨਗਿਰੀ ਨਾਂ ਭੇਜੇ ਗਏ ਹਨ। ਆਂਧਰ ਪ੍ਰਦੇਸ਼ ਵਲੋਂ ਕਾਕੀਨਾੜਾ, ਤਿਰੂਪਤੀ, ਵਿਸ਼ਾਖਾਪਟਨਮ, ਰਾਜਸਥਾਨ ਨੇ ਜੈਪੁਰ, ਅਜਮੇਰ, ਕੋਟਾ, ਉਦੈਪੁਰ ਦੇ ਨਾਂ ਦਿਤੇ ਹਨ। ਛੱਤੀਗੜ੍ਹ ਨੇ ਰਾਇਪੁਰ, ਬਿਲਾਸਪੁਰ, ਓਡੀਸ਼ਾ ਨੇ ਭੁਬਨੇਸ਼ਵਰ ਤੇ ਰੁੜਕੇਲਾ, ਬਿਹਾਰ ਨੇ ਮੁਜੱਤਰਪੁਰ, ਭਾਗਲਪੁਰ ਤੇ ਬਿਹਾਰ ਸਰੀਫ਼ ਦੇ ਨਾਂ ਦਿਤੇ ਹਨ। ਹਰਿਆਣਾ ਨੇ ਸਮਾਰਟ ਸ਼ਹਿਰਾਂ ਵਾਸਤੇ ਕਰਨਾਲ ਤੇ ਫ਼ਰੀਦਾਬਾਦ ਦੇ ਨਾਂ ਇਕ ਨੋਟੀਫੀਕੇਸ਼ਨ ਰਾਹੀਂ ਕੇਂਦਰ ਸਰਕਾਰ ਨੂੰ ਭੇਜੇ ਹਨ।

ਪ੍ਰਧਾਨ ਮੰਤਰੀ ਨੇ 25 ਜੂਨ 2015 ਨੂੰ ਇਹ ਯੋਜਨਾ ਸ਼ੁਰੂ ਕੀਤੀ ਤੇ ਉਨ੍ਹਾਂ ਇਸ ਯੋਜਨਾ ਲਈ ਲੋਕਾਂ ਦੀ ਹਿੱਸੇਦਾਰੀ ਉਪਰ ਜ਼ਿਆਦਾ ਜ਼ੋਰ ਲਾਇਆ। ਉਨ੍ਹਾਂ ਕਿਹਾ ਕਿ ਸ਼ਹਿਰੀ ਖੇਤਰ ਦਾ ਪ੍ਰਬੰਧ ਕਰਨਾ ਇਕ ਵੱਡੀ ਚੁਨੌਤੀ ਹੈ। ਪ੍ਰਧਾਨ ਮੰਤਰੀ ਦਾ ਮੰਨਣਾ ਹੈ ਕਿ ਨਗਰ ਨਿਗਮਾਂ ਦੇ ਚੁਣੇ ਹੋਏ ਨੁਮਾਇੰਦੇ ਸ਼ਹਿਰੀ ਸਮੱਸਿਆਵਾਂ ਦੇ ਹੱਲ ਕੱਢਣ ਵਿਚ ਬਹੁਤ ਯੋਗਦਾਨ ਪਾ ਸਕਦੇ ਹਨ। ਇਸੇ ਤਰ੍ਹਾਂ, ਸ਼ਹਿਰੀ ਵਿਕਾਸ ਮੰਤਰੀ ਦਾ ਕਹਿਣਾ ਹੈ ਕਿ ਸ਼ਹਿਰੀ ਜੀਵਨ ਵਿਚ ਸੁਧਾਰ ਅੱਜ ਸਮਾਜ ਦੀ ਜ਼ਰੂਰਤ ਹੈ ਤੇ ਸੁਧਾਰ ਦੀ ਦਿਸ਼ਾ ਵਿਚ ਮਜ਼ਬੂਤ ਕੋਸ਼ਿਸ਼ਾਂ ਲੋੜੀਂਦੀਆਂ ਹਨ। ਉਹ ਆਖਦੇ ਹਨ ਕਿ ਸਰਕਾਰ ਦਾ ਪੂਰਾ ਧਿਆਨ ਅਜਿਹੇ ਵਿਕਾਸ 'ਤੇ ਲੱਗਾ ਹੋਇਆ ਹੈ ਜੋ ਸਥਾਈ ਤਾਂ ਹੋਵੇ ਹੀ ਉਸ ਵਿਚ ਸਭ ਦੀ ਹਿੱਸੇਦਾਰੀ ਵੀ ਹੋਵੇ।

ਸਮਾਰਟ ਸਿਟੀ ਦੀ ਯੋਜਨਾ ਨੂੰ ਲਾਗੂ ਕਰਨ ਵੇਲੇ ਸ਼ਹਿਰਾਂ ਅੰਦਰ ਥਾਂ ਅਤੇ 'ਜ਼ਮੀਨੀ ਪ੍ਰਬੰਧ' ਬਹੁਤ ਅਹਿਮ ਭੂਮਿਕਾ ਨਿਭਾਉਣਗੇ। ਸ਼ਹਿਰਾਂ ਅੰਦਰ ਥਾਂ ਦੀ ਘਾਟ ਮੁੱਖ ਸਮੱਸਿਆ ਬਣਦੀ ਆਈ ਹੈ। ਬੇਤਰਤੀਬੀਆਂ ਉਸਾਰੀਆਂ ਇਸ ਵਿਕਾਸ ਵਿਚ ਅੜਿੱਕਾ ਬਣਦੀਆਂ ਹਨ। ਪ੍ਰਧਾਨ ਮੰਤਰੀ ਦੇ ਮੁਤਾਬਕ ਸਮਾਰਟ ਸਿਟੀ ਬਾਰੇ ਕਈ ਲੋਕ ਹੈਰਾਨੀ ਪ੍ਰਗਟਾਉਂਦੇ ਹਨ ਪਰ ਉਨ੍ਹਾਂ ਨੂੰ ਬਹੁਤਾ ਸੋਚਣ ਦੀ ਲੋੜ ਨਹੀਂ ਕਿਉਂਕਿ ਸਮਾਰਟ ਸਿਟੀ ਉਹ ਸ਼ਹਿਰ ਹੈ ਜੋ ਨਾਗਰਿਕਾਂ ਨੂੰ ਉਨ੍ਹਾਂ ਦੀਆਂ ਉਮੀਦਾਂ ਤੋਂ ਵੱਧ ਦੇਵੇਗਾ। ਨਾਗਰਿਕਾਂ ਦੇ ਚਾਹੁਣ ਤੋਂ ਪਹਿਲਾਂ ਹੀ ਅਸੀਂ ਉਸ ਨੂੰ ਦੇਵਾਂਗੇ ਉਹ ਇਹ ਵੀ ਭਰੋਸਾ ਦਿੰਦੇ ਹਨ ਕਿ ਇਹ ਯੋਜਨਾ ਸਿਰਫ਼ ਕਾਗ਼ਜ਼ੀ ਨਹੀਂ ਹੈ।

ਸ਼ਹਿਰਾਂ ਅੰਦਰ ਰਹਿੰਦੇ ਗਰੀਬ ਤਬਕੇ ਲਈ ਸਹੂਲਤਾਂ ਨੂੰ ਹੋਰ ਬਿਹਤਰ ਕਰਨ ਨਾਲ ਸਮਾਰਟ ਸਿਟੀ ਯੋਜਨਾ ਹੀ ਕਾਰਗਰ ਸਿੱਧ ਹੋਵੇਗੀ। 2011 ਦੀ ਮਰਦਮਸ਼ੁਮਾਰੀ ਮੁਤਾਬਕ ਨੰਬਰ ਇਕ ਦਰਜੇ ਦੇ ਸ਼ਹਿਰਾਂ ਅੰਦਰ ਸ਼ਹਿਰੀ ਆਬਾਦੀ ਦਾ ਕੁੱਲ 12 ਪ੍ਰਤਿਸ਼ਤ ਹਿੱਸਾ ਨਿਵਾਸ ਕਰਦਾ ਹੈ ਤੇ ਇਸ ਅੰਕੜੇ ਵਿਚ ਵੀ 17 ਪ੍ਰਤਿਸ਼ਤ ਉਹ ਲੋਕ ਹਨ ਜੋ ਪੱਕੇ ਮਕਾਨਾਂ ਵਿਚ ਨਹੀਂ ਰਹਿੰਦੇ। ਇਸ ਵਰਗ ਕੋਲ ਆਪਣੇ ਪਖ਼ਾਨੇ, ਪੀਣ ਲਈ ਪੂਰੀ ਮਾਤਰਾ ਵਿਚ ਪਾਣੀ ਤੇ ਹੋਰ ਸਹੂਲਤਾਂ ਵੀ ਘੱਟ ਹਨ।

ਸ਼ਹਿਰੀ ਗਰੀਬਾਂ ਵਿਚ ਔਰਤਾਂ ਤੇ ਬੱਚਿਆਂ ਦੀ ਸਥਿਤੀ ਉਪਰ ਗੌਰ ਕਰਨ ਦੀ ਲੋੜ ਹੈ। ਇਨ੍ਹਾਂ ਦੋਨਾਂ ਵਰਗਾਂ ਨੂੰ ਸਮਾਜਿਕ ਸੁਰੱਖਿਆ ਦੀ ਦਰਕਾਰ ਹੈ ਤੇ ਉਨ੍ਹਾਂ ਲਈ ਸਿਹਤ ਸਹੂਲਤਾਂ, ਸਿੱਖਿਆ, ਰੁਜ਼ਗਾਰ ਦੇ ਸਾਧਨ ਪੈਦਾ ਕਰਨਾ ਜ਼ਰੂਰੀ ਹੈ। ਸਮਾਰਟ ਸਿਟੀ ਯੋਜਨਾ ਰਾਹੀਂ 100 ਸ਼ਹਿਰਾਂ ਨੂੰ ਦਿਤੀਆਂ ਜਾਣ ਵਾਲੀਆਂ ਸਹੂਲਤਾਂ

*ਬਾਕੀ ਸਫ਼ਾ 38 ਉੱਤੇ*

# ਭਾਰਤ ਵਿਚ ਸਮਾਰਟ ਸਿਟੀ ਮਾਡਲ : ਵਿਕਾਸ ਤੇ ਸੰਭਾਵਨਾਵਾਂ

**ਸਰਬਜੀਤ ਸਿੰਘ ਛੀਨਾ**

ਐਨ ਡੀ ਏ ਸਰਕਾਰ ਦੇ 2014 ਵਿਚ ਸਥਾਪਿਤ ਹੋਣ ਤੋਂ ਬਾਅਦ ਸਰਕਾਰ ਵਲੋਂ ਕਈ ਦੇਸ਼ ਵਿਆਪੀ ਪ੍ਰਜੈਕਟ ਚਲਾਏ ਗਏ ਸਨ ਜਿਵੇਂ ਜਨ ਧਨ ਯੋਜਨਾ, ਸਵੱਛ ਭਾਰਤ ਅਤੇ ਸਮਾਰਟ ਸਿਟੀ ਆਦਿ। ਸਰਕਾਰ ਵਲੋਂ ਆਦਰਸ਼ ਪਿੰਡਾਂ ਦੇ ਨਾਲ-ਨਾਲ ਪਿੰਡਾਂ ਵਿਚ ਸ਼ਹਿਰਾਂ ਵਰਗੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਸਕੀਮਾਂ ਬਣਾਈਆਂ ਗਈਆਂ ਹਨ। ਸਮਾਰਟ ਸ਼ਹਿਰਾਂ ਵਿਚ ਇਸ ਤਰ੍ਹਾਂ ਦੀ ਵਿਵਸਥਾ ਕੀਤੀ ਜਾਣੀ ਹੈ ਜਿਸ ਵਿਚ ਵਾਤਾਵਰਨ ਲਗਾਤਾਰ ਚੰਗੇ ਬਣੇ ਰਹਿਣ ਦੇ ਪ੍ਰਬੰਧ ਕੀਤੇ ਜਾਣਗੇ। ਸ਼ਹਿਰਾਂ ਵਿਚ ਵਸੋਂ ਦੇ ਜ਼ਿਆਦਾ ਹੋਣ ਕਰਕੇ, ਪ੍ਰਦੂਸ਼ਨ ਵਧਣ ਦੀਆਂ ਜ਼ਿਆਦਾ ਸੰਭਾਵਨਾਵਾਂ ਬਣ ਜਾਂਦੀਆਂ ਹਨ ਜਿਹੜੀਆਂ ਆਵਾਜਾਈ, ਪਾਣੀ ਦੇ ਨਿਕਾਸ, ਫੈਕਟਰੀਆਂ ਦੇ ਧੂੰਏਂ, ਵਪਾਰਕ ਕਾਰੋਬਾਰਾਂ ਵਿਚ ਜ਼ਿਆਦਾ ਊਰਜਾ ਵਰਤਣ ਅਤੇ ਸ਼ਹਿਰ ਦੇ ਕੂੜੇ ਦੇ ਨਾ ਬਿਲੇ ਲਾਉਣ ਕਰਕੇ, ਇਹ ਸੰਭਾਵਨਾਵਾਂ ਬਣ ਜਾਂਦੀਆਂ ਹਨ। ਪਰ ਸਮਾਰਟ ਸ਼ਹਿਰਾਂ ਵਿਚ ਇਸ ਹਰ ਤਰ੍ਹਾਂ ਦੇ ਪ੍ਰਦੂਸ਼ਨ ਨੂੰ ਰੋਕਣ ਦੇ ਤਕਨੀਕੀ ਢੰਗਾਂ ਦੇ ਨਾਲ-ਨਾਲ ਉਹ ਵਿਵਸਥਾ ਕੀਤੀ ਜਾਵੇਗੀ ਜਿਸ ਵਿਚ ਆਵਾਜਾਈ ਦੀ ਭੀੜ ਘੱਟ ਤੋਂ ਘੱਟ ਹੋਵੇ, ਕੂੜੇ ਅਤੇ ਧੂੰਏਂ ਨਾਲ ਸਿੱਝਣ ਦੇ ਸਵੈਚਾਲਿਤ ਪ੍ਰਬੰਧ ਹੋਣ, ਅਤੇ ਉੱਨਤ ਪਾਰਕਾਂ, ਬਾਜ਼ਾਰਾਂ ਵਿਚ ਅਸਾਨ ਪਾਰਕਿੰਗ, ਨਿਰੰਤਰ ਚਲਣ ਵਾਲੀ ਬਿਜਲੀ, ਪੀਣ ਵਾਲਾ ਸਾਫ਼ ਪਾਣੀ, ਵਿੱਦਿਆ ਅਤੇ ਇਲਾਜ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਵਾਲੀਆਂ ਸਹੂਲਤਾਂ ਆਪਣੇ ਆਪ, ਘੱਟ ਤੋਂ ਘੱਟ ਲਾਗਤ ਤੇ ਪ੍ਰਾਪਤ ਹੋਣ ਅਤੇ ਇਸ ਸਭ ਦੇ ਮਗਰ ਮੁੱਖ ਉਦੇਸ਼ ਹੈ ਕਿ ਆਪਣੇ ਆਪ ਚਲਣ ਵਾਲਾ ਅਤੇ ਸਦਾ ਹੀ ਜਾਰੀ ਰਹਿਣਯੋਗ ਵਾਤਾਵਰਨ ਅਤੇ ਸਮਾਜਿਕ ਢਾਂਚਾ ਉਪਲਬਧ ਰਹੇ।

ਇਸ ਸੰਬੰਧੀ ਰਾਜਾਂ ਦੀਆਂ ਸਰਕਾਰਾਂ ਵਲੋਂ ਵੀ ਲੋੜੀਂਦਾ ਯੋਗਦਾਨ ਪਾਇਆ ਜਾਣਾ ਹੈ ਜਿਸ ਸੰਬੰਧੀ ਕੇਂਦਰ ਸਰਕਾਰ ਨੇ ਰਾਜਾਂ ਦੀਆਂ ਸਰਕਾਰਾਂ ਤੋਂ ਵਚਨ ਅਤੇ ਸਹਿਮਤੀ ਲਈ ਹੈ। ਕੇਂਦਰ ਸਰਕਾਰ ਨੇ ਰਾਜਾਂ ਦੀਆਂ ਸਰਕਾਰਾਂ ਨੂੰ ਆਪਣੇ ਵਲੋਂ ਉਨ੍ਹਾਂ ਸ਼ਹਿਰਾਂ ਦੀ ਸੂਚੀ ਭੇਜਣ ਲਈ ਕਿਹਾ ਸੀ ਜਿਨ੍ਹਾਂ ਨੂੰ ਸਮਾਰਟ ਸ਼ਹਿਰ ਬਣਾ ਦਿਤਾ ਜਾਵੇ। ਇਸ ਸੰਬੰਧੀ ਹਰ ਰਾਜ ਦੀਆਂ ਸਰਕਾਰਾਂ ਨੇ ਆਪਣੀ ਸੂਚੀ ਵਿਚ ਵੱਧ ਤੋਂ ਵੱਧ ਸ਼ਹਿਰਾਂ ਦੇ ਨਾਂ ਭੇਜੇ ਸਨ, ਜਿਸ ਤਰ੍ਹਾਂ ਪੰਜਾਬ ਨੇ 6 ਸ਼ਹਿਰਾਂ ਜਿਵੇਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਮੋਹਾਲੀ, ਬਠਿੰਡਾ ਅਤੇ ਪਟਿਆਲਾ ਦੇ ਨਾਂ ਭੇਜੇ ਸਨ ਪਰ ਕੇਂਦਰ ਨੇ ਅਖ਼ੀਰ ਸਿਰਫ਼ ਤਿੰਨ ਸ਼ਹਿਰਾਂ ਨੂੰ ਇਸ ਸਕੀਮ ਦੇ ਤਹਿਤ ਚੁਣਿਆ ਹੈ ਜਿਹੜੇ ਹਨ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ।

ਸਮਾਰਟ ਸ਼ਹਿਰਾਂ ਦੀ ਸਕੀਮ ਵਿਚ ਸਭ ਤੋਂ ਵੱਧ ਉੱਤਰ ਪ੍ਰਦੇਸ਼ ਦੇ 13 ਸ਼ਹਿਰ ਹਨ ਅਤੇ ਇਸ ਤੋਂ ਬਾਅਦ ਤਮਿਲਨਾਡੂ ਅਤੇ ਮਹਾਂਰਾਸ਼ਟਰ ਦਾ ਨੰਬਰ ਆਉਂਦਾ ਹੈ। ਇਸ ਸੂਚੀ ਵਿਚ ਜੰਮੂ-ਕਸ਼ਮੀਰ, ਝਾਰਖੰਡ, ਗੋਆ, ਹਿਮਾਚਲ ਪ੍ਰਦੇਸ਼, ਕੇਰਲ, ਅਰੁਨਾਚਲ ਪ੍ਰਦੇਸ਼ ਦਾ ਇਕ-ਇਕ ਸ਼ਹਿਰ ਹੈ, ਹਰਿਆਣਾ, ਓਡੀਸ਼ਾ, ਛੱਤੀਸਗੜ੍ਹ, ਤੇਲੰਗਾਨਾ ਦੇ ਦੋ-ਦੋ ਸ਼ਹਿਰ ਜਦ ਕਿ ਪੰਜਾਬ, ਬਿਹਾਰ, ਰਾਜਸਥਾਨ ਦੇ ਤਿੰਨ-ਤਿੰਨ ਅਤੇ ਪੱਛਮੀ ਬੰਗਾਲ ਦੇ 4 ਸ਼ਹਿਰ ਹਨ। ਦਿੱਲੀ ਦਾ ਸਾਰਾ ਖੇਤਰ ਅਤੇ ਚੰਡੀਗੜ੍ਹ ਇਸ ਸੂਚੀ ਵਿਚ ਹਨ। ਭਾਵੇਂ ਕਿ ਜ਼ਿਆਦਾਤਰ ਰਾਜਾਂ ਦੀਆਂ ਰਾਜਧਾਨੀਆਂ ਨੂੰ ਇਸ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ ਫਿਰ ਵੀ ਕਈ ਰਾਜਾਂ ਦੀਆਂ ਰਾਜਧਾਨੀਆਂ ਨੂੰ ਛੱਡ ਦਿਤਾ ਗਿਆ ਹੈ ਜਦ ਕਿ ਹੋਰ ਛੋਟੇ ਸ਼ਹਿਰਾਂ ਨੂੰ ਇਸ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਰਾਜਧਾਨੀਆਂ ਵਿਚ ਲਖਨਊ, ਮੁੰਬਈ, ਗਾਂਧੀਨਗਰ, ਜੈਪੁਰ, ਵਿਜੇਵਾੜਾ, ਭੁਬਨੇਸ਼ਵਰ, ਰਾਏਪੁਰ ਅਤੇ ਗੁਹਾਟੀ ਹਨ। ਪਰ ਹੋਰ ਉਹ ਛੋਟੇ ਸ਼ਹਿਰ ਜਿਥੇ ਭਾਵੇਂ ਮਿਉਂਸੀਪਲ ਕਮੇਟੀਆਂ ਹਨ, ਉਨ੍ਹਾਂ ਨੂੰ ਸ਼ਾਮਿਲ ਕੀਤਾ ਹੈ ਜਿਵੇਂ ਬਿਹਾਰ ਸ਼ਰੀਫ਼ ਨੂੰ ਬਿਹਾਰ ਵਿਚੋਂ, ਧਰਮਸ਼ਾਲਾ ਨੂੰ ਹਿਮਾਚਲ ਪ੍ਰਦੇਸ਼ ਵਿਚੋਂ ਅਤੇ ਸ਼ਿਮੋਗਾ ਨੂੰ ਕਰਨਾਟਕ ਵਿਚੋਂ ਲਿਆ ਗਿਆ ਹੈ। ਉੱਤਰ ਪ੍ਰਦੇਸ਼ ਦੇ ਦੋ ਹੋਰ ਵੱਡੇ ਸ਼ਹਿਰ ਮੁਰਾਦਾਬਾਦ ਅਤੇ ਸਹਾਰਨਪੁਰ ਜੋ ਬਹੁਤ ਪੁਰਾਤਨ ਇਤਿਹਾਸਕ ਸ਼ਹਿਰ ਹਨ, ਨੂੰ ਵੀ ਇਸ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ। ਪਰ ਕਿਉਂਕਿ ਇਨ੍ਹਾਂ ਸ਼ਹਿਰਾਂ ਵਿਚ ਸਮਾਰਟ ਸ਼ਹਿਰਾਂ ਦੀਆਂ ਸਹੂਲਤਾਂ ਦੇਣ ਲਈ ਰਾਜਾਂ ਦੀਆਂ ਸਰਕਾਰਾਂ ਨੂੰ ਬਹੁਤ ਕੁਝ ਕਰਨਾ ਪੈਣਾ ਹੈ, ਇਸ ਲਈ ਰਾਜਾਂ ਵਿਚੋਂ ਜਿਹੜੀ ਵੀ ਸੂਚੀ ਭੇਜੀ ਜਾਵੇਗੀ ਉਹ ਲੰਮੇ ਸਮੇਂ ਵਿਚ ਅਪਣਾ ਲਈ ਜਾਵੇਗੀ।

ਇਸ ਸਕੀਮ ਤਹਿਤ ਪਹਿਲੇ ਸਾਲ ਸਿਰਫ਼ 20 ਸ਼ਹਿਰਾਂ ਵਿਚ ਉਹ ਸਥਾਈ ਵਿਵਸਥਾ ਚਾਲੂ ਕੀਤੀ ਜਾਵੇਗੀ ਅਤੇ ਉਸ ਲਈ ਕੇਂਦਰ ਸਰਕਾਰ 500 ਕਰੋੜ ਰੁਪਏ ਖਰਚ ਕਰੇਗੀ। ਉਸ ਤੋਂ ਬਾਅਦ ਆਉਣ ਵਾਲੇ 2 ਸਾਲਾਂ ਵਿਚ ਹਰ ਸਾਲ ਵਿਚ ਉਸ ਤਰ੍ਹਾਂ ਹੀ 40-40 ਸ਼ਹਿਰਾਂ ਵਿਚ ਉਹ ਵਿਵਸਥਾ ਬਣਾਈ ਜਾਵੇਗੀ। ਇਨ੍ਹਾਂ ਸ਼ਹਿਰਾਂ ਨੂੰ ਚੁਣਨ ਲਈ ਕੇਂਦਰ ਸਰਕਾਰ ਨੇ ਮਿਉਂਸੀਪਲ ਖੇਤਰ ਵਿਚ ਪਹਿਲਾਂ ਮਿਲਣ ਵਾਲੀਆਂ ਸਹੂਲਤਾਂ ਦੇ ਆਧਾਰ 'ਤੇ ਕੁਝ ਸ਼ਰਤਾਂ ਰੱਖੀਆਂ ਸਨ ਜਿਨ੍ਹਾਂ ਵਿਚ ਘੱਟੋ-ਘੱਟ ਸ਼ਹਿਰੀਕਰਨ ਮਿਆਰ ਮਿਲਣ ਦੀ ਸ਼ਰਤ ਸੀ ਅਤੇ ਜਿਹੜੇ ਸ਼ਹਿਰ ਉਨ੍ਹਾਂ ਸ਼ਰਤਾਂ ਨੂੰ ਪੂਰਾ ਕਰਦੇ ਸਨ ਉਨ੍ਹਾਂ ਨੂੰ ਇਸ ਸੂਚੀ ਵਿਚ ਸ਼ਾਮਿਲ ਕਰ ਲਿਆ ਗਿਆ ਹੈ। ਇਸ ਸਾਰੇ ਪ੍ਰਜੈਕਟ ਨੂੰ 5 ਸਾਲਾਂ ਵਿਚ ਪੂਰਾ ਕਰ ਦਿਤਾ ਜਾਵੇਗਾ।

ਇਸ ਸਕੀਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ

ਇਸ ਦੇ ਮੁੱਖ ਉਦੇਸ਼ ਇਹ ਹਨ ਕਿ ਉਹ ਲੋਕ ਜਿਹੜੇ ਉਨ੍ਹਾਂ ਸ਼ਹਿਰਾਂ ਦੇ ਵਸਨੀਕ ਹਨ, ਉਨ੍ਹਾਂ ਨੂੰ ਉਸ ਤਰ੍ਹਾਂ ਦਾ ਢਾਂਚਾ ਪ੍ਰਦਾਨ ਕੀਤਾ ਜਾਵੇ ਜਿਸ ਨਾਲ ਉਹ ਆਪਣਾ ਚੰਗਾ ਜੀਵਨ ਬਿਤਾ ਸਕਣ। ਉਹ ਕੁਦਰਤੀ ਵਾਤਾਵਰਨ ਨੂੰ ਮਾਣ ਸਕਣ ਅਤੇ ਸ਼ਹਿਰਾਂ ਵਿਚ ਰਹਿੰਦਿਆਂ ਵੀ ਸ਼ਹਿਰਾਂ ਵਾਲੀ ਭੀੜ, ਪ੍ਰਦੂਸ਼ਨ, ਕੂੜਾ ਬਿਲੇ ਲਾਉਣ ਦੀ ਮੁਸ਼ਕਿਲ ਨਾ ਹੋਵੇ, ਸਾਫ਼ ਹਵਾ ਅਤੇ ਪਾਣੀ ਨੂੰ ਪ੍ਰਾਪਤ ਕਰਦੇ ਹੋਣ। ਇਸ ਦਾ ਮੁੱਖ ਕੇਂਦਰ ਲਗਾਤਾਰ ਚਲਣ ਵਾਲਾ ਅਤੇ ਹਰ ਇਕ ਦੀ ਪਹੁੰਚ ਵਾਲਾ ਵਿਕਾਸ ਹੋਵੇਗਾ ਅਤੇ ਇਹ ਸ਼ਹਿਰ ਬਾਕੀ ਸਾਰੇ ਭਾਰਤ ਵਿਚ ਸ਼ਹਿਰਾਂ ਅਤੇ ਪਿੰਡਾਂ ਲਈ ਮਾਡਲ ਵਜੋਂ ਵਿਕਸਤ ਹੋਣ। ਹੋਰ ਸਭ ਸ਼ਹਿਰ ਅਤੇ ਪਿੰਡ ਲਮੇ ਸਮੇਂ ਵਿਚ ਉਹ ਢਾਂਚਾ ਬਣਾਉਣ 'ਤੇ ਧਿਆਨ ਕੇਂਦਰਿਤ ਕਰਨ ਜਿਹੜਾ ਇਨ੍ਹਾਂ ਸਮਾਰਟ ਸ਼ਹਿਰਾਂ ਵਿਚ ਉਪਲਬਧ ਕਰਵਾਇਆ ਜਾਵੇ।

ਇਨ੍ਹਾਂ ਸ਼ਹਿਰਾਂ ਦੀ ਚੋਣ ਕਰਦੇ ਸਮੇਂ ਇਸ ਗੱਲ ਦਾ ਖ਼ਿਆਲ ਕੀਤਾ ਗਿਆ ਹੈ ਕਿ ਜੇ ਇਕ ਸ਼ਹਿਰ ਦਾ ਢਾਂਚਾ ਬਹੁਤ ਵਿਕਸਤ ਹੈ ਪਰ ਉਥੇ ਪ੍ਰਬੰਧਕੀ ਘਾਟ ਕਰਕੇ ਕੁਝ ਊਣਤਾਈਆਂ ਹਨ ਤਾਂ ਉਨ੍ਹਾਂ ਨੂੰ ਹੱਲ ਕਰ ਲਿਆ ਜਾਵੇਗਾ। ਇਸ ਤਰ੍ਹਾਂ ਪੰਜਾਬ ਦੇ ਜਿਹੜੇ ਤਿੰਨ ਸ਼ਹਿਰ ਚੁਣੇ ਗਏ ਸਨ ਉਨ੍ਹਾਂ ਵਿਚ ਉਹ ਢਾਂਚਾ ਜਿਵੇਂ ਕੂੜੇ ਦਾ ਨਿਕਾਸ ਦਾ ਪ੍ਰਬੰਧ, ਹਰਿਆਵਲ, ਆਵਾਜਾਈ ਦਾ ਢਾਂਚਾ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੋਰ ਸਹੂਲਤਾਂ ਤਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਸ਼ਹਿਰ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਵੀ ਆਉਂਦੀ ਹੈ ਪਰ ਫਿਰ ਵੀ ਉਨ੍ਹਾਂ ਸ਼ਹਿਰਾਂ ਦੇ ਢਾਂਚੇ ਵਿਚ ਕਾਫ਼ੀ ਸੁਧਾਰ ਕਰਨ ਦੀ ਲੋੜ ਹੈ। ਕੇਂਦਰ ਸਰਕਾਰ ਵਲੋਂ ਜਿਹੜੇ ਦਿਸ਼ਾ ਨਿਰਦੇਸ਼ ਦਿਤੇ ਗਏ ਸਨ ਉਨ੍ਹਾਂ ਵਿਚ ਉਨ੍ਹਾਂ ਸ਼ਹਿਰਾਂ ਦੀ ਵਸੋਂ ਅਤੇ ਉਹ ਹੋ ਰਹੇ ਕੰਮ ਅਨੁਸਾਰ 100 ਅੰਕਾਂ ਵਿਚੋਂ ਸਿਰਫ਼ 60 ਅੰਕ ਹੀ ਪ੍ਰਾਪਤ ਕਰਦੇ ਸਨ। ਇਸ ਆਧਾਰ 'ਤੇ ਹੀ ਹੋਰ ਸ਼ਹਿਰਾਂ ਦੀ ਚੋਣ ਕੀਤੀ ਗਈ ਸੀ। ਇਹੋ ਵਜ੍ਹਾ ਹੈ ਕਿ ਚੁਣੇ ਗਏ ਸ਼ਹਿਰਾਂ ਵਿਚੋਂ ਬਹੁਤ ਸਾਰੇ ਛੋਟੇ ਸ਼ਹਿਰਾਂ ਨੂੰ ਚੁਣਿਆ ਗਿਆ ਜਦ ਕਿ ਬਹੁਤ ਵੱਡੇ ਸ਼ਹਿਰਾਂ ਨੂੰ ਅਣਗੌਲਿਆ ਗਿਆ।

ਸਰਕਾਰ ਵਲੋਂ ਚਲਾਏ ਗਏ ਮਿਸ਼ਨ ਨੂੰ ਪੂਰਾ ਕਰਨ ਲਈ ਕਾਫ਼ੀ ਸਮਾਂ ਵੀ ਲੱਗੇਗਾ ਅਤੇ ਇਸ ਲਈ ਬਹੁਤ ਵੱਡੀ ਮਾਤਰਾ ਵਿਚ ਖਰਚ ਵੀ ਕਰਨਾ ਪਵੇਗਾ। ਇਸ ਵੱਡੇ ਕੰਮ ਨੂੰ ਪੂਰਾ ਕਰਨ ਲਈ ਸਰਕਾਰ ਨੇ ਨਿੱਜੀ ਫ਼ਰਮਾਂ, ਵਿਕਾਸ ਕਰਨ ਵਾਲਿਆਂ ਅਤੇ ਇਮਾਰਤਾਂ ਦੇ ਕੰਮ ਵਿਚ ਲੱਗੇ ਹੋਏ ਲੋਕਾਂ ਨੂੰ ਵੀ ਬੁਲਾਇਆ ਹੈ ਕਿ ਉਹ ਆਪਣਾ ਯੋਗਦਾਨ ਪਾਉਣ। ਇਸ ਪ੍ਰਾਜੈਕਟ ਨੂੰ ਪੂਰਾ ਕਰਨ ਲਈ 10 ਤੋਂ 15 ਸਾਲ ਤਕ ਦਾ ਸਮਾਂ ਲੱਗ ਸਕਦਾ ਹੈ। ਕੇਂਦਰ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਵੈਂਕਇਆ ਨਾਇਡੂ ਅਨੁਸਾਰ ਇਹ ਪੁਰਾਣੀ ਸੁਸਤੀ ਅਤੇ ਘੱਟ ਧਿਆਨ ਦੇਣ ਦੀ ਰੁਚੀ ਤੋਂ ਉਲਟ ਹੈ। ਇਸ ਲਈ ਇਹ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਲੋਂ ਇਸ ਦੀ ਫੌਰੀ ਜ਼ਰੂਰਤ ਦੀ ਸੋਚ ਦਾ ਵਿਖਾਵਾ ਕਰਦੀ ਹੈ।

ਇਨ੍ਹਾਂ 100 ਸਮਾਰਟ ਸ਼ਹਿਰਾਂ ਤੋਂ ਇਲਾਵਾ, ਸਰਕਾਰ ਵਲੋਂ ਮੁੜ ਉਸਾਰੀ ਅਤੇ ਸ਼ਹਿਰੀ ਤਬਦੀਲੀ ਦੇ ਅਟਲ ਮਿਸ਼ਨ ਦੇ ਤਹਿਤ 500 ਹੋਰ ਸ਼ਹਿਰਾਂ ਨੂੰ ਚੁਣਿਆ ਗਿਆ ਹੈ ਜਿਨ੍ਹਾਂ ਵਿਚ ਬੁਨਿਆਦੀ ਢਾਂਚਾ ਪ੍ਰਦਾਨ ਕੀਤਾ ਜਾਵੇਗਾ ਅਤੇ ਬਾਅਦ ਵਿਚ ਉਨ੍ਹਾਂ ਨੂੰ ਵੀ ਸਮਾਰਟ ਸ਼ਹਿਰਾਂ ਵਾਲੀਆਂ ਸਹੂਲਤਾਂ ਪ੍ਰਦਾਨ ਕਰ ਕੇ ਉਸ ਦੇ ਬਰਾਬਰ ਕਰ ਦਿਤਾ ਜਾਵੇਗਾ। ਇਨ੍ਹਾਂ ਅਟਲ ਮਿਸ਼ਨ ਦੇ ਸ਼ਹਿਰਾਂ ਵਿਚ ਵੀ ਇਕੱਲੇ ਉੱਤਰ ਪ੍ਰਦੇਸ਼ ਰਾਜ ਤੋਂ 64 ਸ਼ਹਿਰਾਂ ਦੀ ਚੋਣ ਕੀਤੀ ਗਈ ਹੈ ਜਦ ਕਿ ਦੂਸਰੇ ਨੰਬਰ 'ਤੇ ਤਮਿਲਨਾਡੂ ਤੋਂ 33 ਸ਼ਹਿਰ ਚੁਣੇ ਗਏ ਹਨ। ਮਹਾਂਰਾਸ਼ਟਰ ਤੋਂ 37, ਗੁਜਰਾਤ ਤੋਂ 31 ਅਤੇ ਕਰਨਾਟਕ ਤੋਂ 27 ਸ਼ਹਿਰਾਂ ਦੀ ਚੋਣ ਕੀਤੀ ਗਈ ਹੈ। ਪੱਛਮੀ ਬੰਗਾਲ ਤੋਂ 28, ਆਂਧਰ ਪ੍ਰਦੇਸ਼ ਤੋਂ 31, ਰਾਜਸਥਾਨ ਤੋਂ 30 ਅਤੇ ਪੰਜਾਬ ਤੋਂ 27 ਸ਼ਹਿਰਾਂ ਦੀ ਚੋਣ ਕੀਤੀ ਜਾਵੇਗੀ। ਅਟਲ ਮਿਸ਼ਨ ਸ਼ਹਿਰੀ ਕਰਨ ਸਕੀਮ ਤਹਿਤ ਜੰਮੂ-ਕਸ਼ਮੀਰ, ਕੇਰਲ, ਝਾਰਖੰਡ, ਗੋਆ, ਹਿਮਾਚਲ ਪ੍ਰਦੇਸ਼ ਅਤੇ ਅਰੁਨਾਚਲ ਪ੍ਰਦੇਸ਼ ਤੋਂ ਕੋਈ ਵੀ ਸ਼ਹਿਰ ਨਹੀਂ ਚੁਣਿਆ ਗਿਆ। ਇਸ ਸਕੀਮ ਦੇ ਤਹਿਤ ਵੀ ਸ਼ਹਿਰਾਂ ਨੂੰ ਉਸ ਤਰ੍ਹਾਂ ਦਾ ਢਾਂਚਾ ਪ੍ਰਦਾਨ ਕੀਤਾ ਜਾਵੇਗਾ ਜਿਸ ਦੇ ਆਧਾਰ 'ਤੇ ਬਾਅਦ ਵਿਚ ਆਸਾਨੀ ਨਾਲ ਉਨ੍ਹਾਂ ਸ਼ਹਿਰਾਂ ਨੂੰ ਸਮਾਰਟ ਸ਼ਹਿਰਾਂ ਵਿਚ ਬਦਲ ਦਿਤਾ ਜਾਵੇ। ਇਸ ਸਕੀਮ ਦੇ ਤਹਿਤ ਵੱਡੀ ਵਸੋਂ ਵਾਲੇ ਅਤੇ ਘੱਟ ਵਸੋਂ ਵਾਲੇ ਸਭ ਤਰ੍ਹਾਂ ਦੇ ਸ਼ਹਿਰਾਂ ਦੀ ਚੋਣ ਵੀ ਕੁਝ ਦਿਸ਼ਾ ਨਿਰਦੇਸ਼ ਦੇ ਆਧਾਰ 'ਤੇ ਰਾਜਾਂ ਦੀਆਂ ਸਰਕਾਰਾਂ ਦੀ ਸਲਾਹ ਨਾਲ ਕੀਤੀ ਗਈ ਹੈ।

ਸਮਾਰਟ ਸ਼ਹਿਰਾਂ ਦੀ ਚੋਣ ਜਿਹੜੀ ਕੁਝ ਮੁਢਲੇ ਢਾਂਚੇ ਅਤੇ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੀਤੀ ਗਈ ਹੈ। ਇਹੋ ਵਜ੍ਹਾ ਹੈ ਕਿ ਬਿਹਾਰ, ਹਿਮਾਚਲ ਪ੍ਰਦੇਸ਼ ਅਤੇ ਕਰਨਾਟਕ ਵਰਗੇ ਰਾਜਾਂ ਦੀਆਂ ਰਾਜਧਾਨੀਆਂ ਨੂੰ ਛੱਡ ਕੇ ਛੋਟੇ ਸ਼ਹਿਰਾਂ ਦੀ ਚੋਣ ਕੀਤੀ ਗਈ। ਇਸ ਤਰ੍ਹਾਂ ਅਟਲ ਮਿਸ਼ਨ ਸ਼ਹਿਰੀਕਰਨ ਦੇ ਤਹਿਤ ਵੀ ਬਹੁਤ ਸਾਰੇ ਛੋਟੇ ਸ਼ਹਿਰਾਂ ਨੂੰ ਚੁਣਿਆ ਗਿਆ ਹੈ। ਇਸ ਸਕੀਮ ਦੇ ਤਹਿਤ ਬਹੁਤ ਸਾਰੇ ਉਨ੍ਹਾਂ ਸ਼ਹਿਰਾਂ ਨੂੰ ਵੀ ਚੁਣਿਆ ਗਿਆ ਹੈ ਜੋ ਸਮਾਰਟ ਸ਼ਹਿਰਾਂ ਦੀ ਚੋਣ ਵਿਚ ਰਹਿ ਗਏ ਸਨ। ਜਿਸ ਦਾ ਅਰਥ ਸਪੱਸ਼ਟ ਹੈ ਕਿ ਸ਼ਹਿਰੀਕਰਨ ਵਿਕਾਸ ਦੀ ਗਤੀ ਤੇਜ਼ ਕਰਦੇ ਹੋਏ ਕੁਝ ਸ਼ਹਿਰ ਸਮਾਰਟ ਸਿਟੀ ਸਕੀਮ ਅਤੇ ਕੁਝ ਅਟਲ ਮਿਸ਼ਨ ਸ਼ਹਿਰੀਕਰਨ ਤਹਿਤ ਚੁਣੇ ਗਏ ਹਨ। ਪਰ ਇਸ ਦਾ ਇਹ ਅਰਥ ਨਹੀਂ ਕਿ ਉਹ ਸ਼ਹਿਰ ਜਿਹੜੇ ਇਨ੍ਹਾਂ ਦੋਵਾਂ ਸੂਚੀਆਂ ਵਿਚ ਨਹੀਂ ਆਉਂਦੇ, ਉਨ੍ਹਾਂ ਦਾ ਵਿਕਾਸ ਵਲ ਧਿਆਨ ਨਹੀਂ ਦਿਤਾ ਜਾਣਾ ਜਾਂ ਉਨ੍ਹਾਂ ਵਿਚ ਢਾਂਚਾ ਵਧਾਉਣ ਸੰਬੰਧੀ ਰੁਚੀ ਵਿਚ ਕਮੀ ਆਉਣੀ ਹੈ, ਸਗੋਂ ਉਨ੍ਹਾਂ ਦੇ ਵਿਕਾਸ ਨੂੰ ਵੀ ਪਹਿਲਾਂ ਵਾਂਗ ਹੀ ਜਾਰੀ ਰੱਖਣ ਦੀ ਨੀਤੀ ਹੈ। ਸਗੋਂ ਸਮਾਰਟ ਸ਼ਹਿਰ ਅਤੇ ਅਟਲ ਮਿਸ਼ਨ ਸ਼ਹਿਰੀਕਰਨ ਜਿਹੜੇ ਸ਼ਹਿਰਾਂ ਨੂੰ ਚੁਣਿਆ ਜਾਣਾ ਹੈ ਉਨ੍ਹਾਂ ਨੇ ਬਾਕੀ ਸਭ ਸ਼ਹਿਰਾਂ ਲਈ ਮਾਡਲ ਵਾਂਗ ਅੱਗੇ ਆਉਣਾ ਹੈ ਅਤੇ ਬਾਕੀ ਸ਼ਹਿਰਾਂ ਨੇ ਉਸ ਢਾਂਚੇ ਨੂੰ ਆਪਣੇ ਸ਼ਹਿਰਾਂ ਵਿਚ ਬਣਾਉਣ ਵੱਲ ਅੱਗੇ ਵਧਦੇ ਜਾਣਾ ਹੈ।

ਇਥੇ ਇਕ ਹੋਰ ਜਾਣਕਾਰੀ ਦੇਣੀ ਬਹੁਤ ਜ਼ਰੂਰੀ ਹੈ ਕਿ ਜੋ ਸ਼ਹਿਰਾਂ ਦੇ ਢਾਂਚੇ ਅਤੇ ਸਫ਼ਾਈ 'ਤੇ ਰੋਸ਼ਨੀ ਪਾਉਂਦੀ ਹੈ। 2014-15 ਦੇ ਸ਼ਹਿਰੀ ਵਿਕਾਸ ਵਜ਼ਾਰਤ ਵਲੋਂ ਕਰਵਾਏ ਗਏ 476 ਸ਼ਹਿਰਾਂ ਦੇ ਇਕ ਸਰਵੇ ਵਿਚ ਇਹ ਗੱਲ ਸਾਹਮਣੇ ਆਈ ਕਿ ਸਵੱਛ ਭਾਰਤ ਵਲੋਂ ਕੀਤੀ ਗਈ ਦਰਜਾਬੰਦੀ ਅਨੁਸਾਰ ਸਭ ਤੋਂ ਮਾੜੀ ਹਾਲਤ ਵਾਲੇ 100 ਸ਼ਹਿਰਾਂ ਵਿਚੋਂ 74 ਉੱਤਰੀ ਭਾਰਤ ਵਿਚ ਹਨ ਜਦ ਕਿ 21 ਪੂਰਬੀ ਰਾਜਾਂ ਤੋਂ ਸਿਰਫ਼ 3 ਪੱਛਮੀ ਰਾਜਾਂ ਅਤੇ 2 ਦੱਖਣ ਦੇ ਰਾਜਾਂ ਤੋਂ ਜਦ ਕਿ ਸਵੱਛ ਭਾਰਤ ਦੀ ਦਰਜੇਬੰਦੀ ਸਭ ਤੋਂ ਜ਼ਿਆਦਾ ਸਫ਼ਾਈ ਵਾਲੇ 100 ਸ਼ਹਿਰਾਂ ਵਿਚ 39 ਦੱਖਣੀ ਰਾਜਾਂ ਤੋਂ, 27 ਪੂਰਬੀ ਰਾਜਾਂ ਤੋਂ, 15 ਪੱਛਮੀ ਅਤੇ 12 ਉੱਤਰੀ ਅਤੇ ਉੱਤਰ ਪੂਰਬੀ

ਰਾਜਾਂ ਤੋਂ ਹਨ। ਇਹ ਸਰਵੇ ਉਨ੍ਹਾਂ 476 ਸ਼ਹਿਰਾਂ ਦਾ ਕੀਤਾ ਗਿਆ ਸੀ ਜਿਨ੍ਹਾਂ ਵਿਚ 1 ਲੱਖ ਤੋਂ ਵੱਧ ਦੀ ਆਬਾਦੀ ਰਹਿੰਦੀ ਹੈ ਅਤੇ ਦੇਸ਼ ਦੇ 31 ਰਾਜਾਂ ਵਿਚ ਸਥਿਤ ਹਨ। ਇਸ ਸਰਵੇ ਵਿਚ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਣਾ ਅਤੇ ਕੂੜੇ ਨੂੰ ਸੰਭਾਲਣ ਲਈ ਵਰਤਿਆ ਗਿਆ ਢਾਂਚਾ ਮੁੱਖ ਗੱਲਾਂ ਸਨ। ਇਸ ਵਿਚ ਇਹ ਵੀ ਬੜੀ ਦਿਲਚਸਪ ਗੱਲ ਸਾਹਮਣੇ ਆਈ ਕਿ ਭਾਵੇਂ ਚੰਡੀਗੜ੍ਹ ਨੂੰ ਦੇਸ਼ ਦਾ ਬਹੁਤ ਖ਼ੂਬਸੂਰਤ ਸ਼ਹਿਰ ਗਿਣਿਆ ਜਾਂਦਾ ਹੈ ਪਰ ਸਵੱਛ ਭਾਰਤ ਦੀ ਦਰਜੇਬੰਦੀ ਵਿਚ ਉਸ ਦਾ ਨੰਬਰ 21ਵਾਂ ਸੀ। ਜਦੋਂ ਕਿ ਸ਼ਿਮਲਾ ਜੋ ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਹੈ ਉਸ ਦਾ 90ਵੇਂ ਨੰਬਰ ਅਤੇ ਸ੍ਰੀਨਗਰ ਦਾ 152ਵਾਂ ਨੰਬਰ ਸੀ।

ਪੰਜਾਬ ਦੇ ਜਿਹੜੇ ਤਿੰਨ ਸ਼ਹਿਰ ਸਮਾਰਟ ਸ਼ਹਿਰਾਂ ਦੀ ਸਕੀਮ ਤਹਿਤ ਲਏ ਗਏ ਹਨ ਉਨ੍ਹਾਂ ਵਿਚ ਅੰਮ੍ਰਿਤਸਰ ਦਾ 476 ਸ਼ਹਿਰਾਂ ਵਿਚ 430ਵਾਂ ਨੰਬਰ ਜਾਂ ਕਹਿ ਲਓ ਕਿ ਸਫ਼ਾਈ ਦੇ ਹਿਸਾਬ ਬਹੁਤ ਥੱਲੇ ਆਉਂਦਾ ਹੈ। ਇਸ ਤਰਾਂ ਹੀ, ਲੁਧਿਆਣਾ ਦਾ 381ਵਾਂ ਨੰਬਰ ਆਉਂਦਾ ਹੈ ਜਦ ਕਿ ਤੀਸਰੇ ਚੁਣੇ ਹੋਏ ਸ਼ਹਿਰ ਜਲੰਧਰ ਦਾ 28ਵਾਂ ਨੰਬਰ ਹੈ ਜਿਸ ਦਾ ਅਰਥ ਹੈ ਕਿ ਜਲੰਧਰ ਸਾਫ਼-ਸੁਥਰੇ ਸ਼ਹਿਰਾਂ ਵਿਚ ਕਾਫ਼ੀ ਉੱਪਰ ਆਉਂਦਾ ਹੈ। ਇਸ ਦਾ ਇਹ ਵੀ ਅਰਥ ਹੈ ਕਿ ਸਮਾਰਟ ਸ਼ਹਿਰਾਂ ਦੀ ਚੋਣ ਵਿਚ ਆਏ ਇਨ੍ਹਾਂ ਸ਼ਹਿਰਾਂ ਵਿਚੋਂ ਅੰਮ੍ਰਿਤਸਰ ਅਤੇ ਲੁਧਿਆਣਾ ਲਈ ਵੱਡੀ ਪੱਧਰ 'ਤੇ ਢਾਂਚੇ ਵਿਚ ਤਬਦੀਲੀਆਂ ਕਰਨੀਆਂ ਪੈਣਗੀਆਂ।

ਕੁਝ ਰਾਜਧਾਨੀਆਂ ਜਿਨ੍ਹਾਂ ਨੂੰ ਸਮਾਰਟ ਸ਼ਹਿਰਾਂ ਦੀ ਸੂਚੀ ਵਿਚ ਨਹੀਂ ਲਿਆ ਗਿਆ, ਉਹ ਸਵੱਛ ਭਾਰਤ ਸਰਵੇ ਅਨੁਸਾਰ ਵੀ ਬੁਹਤ ਮਗਰ ਹਨ ਜਿਸ ਤਰ੍ਹਾਂ ਪਟਨਾ ਜੋ ਬਿਹਾਰ ਦੀ ਰਾਜਧਾਨੀ ਹੈ ਅਤੇ ਸਮਾਰਟ ਸ਼ਹਿਰ ਲਈ ਨਹੀਂ ਚੁਣਿਆ ਗਿਆ, ਉਹ ਸਵੱਛ ਭਾਰਤ ਦੇ ਸਰਵੇ ਅਨੁਸਾਰ 300ਵੇਂ ਨੰਬਰ 'ਤੇ ਆਉਂਦਾ ਹੈ ਜਦ ਕਿ ਕਰਨਾਟਕ ਦੀ ਰਾਜਧਾਨੀ ਬੈਂਗਲੁਰੂ ਰਾਜਧਾਨੀਆਂ ਵਿਚੋਂ 7ਵੇਂ ਨੰਬਰ ਉਤੇ ਆਉਂਦਾ ਹੈ।

ਸਮਾਰਟ ਸ਼ਹਿਰਾਂ ਵਿਚ ਸ਼ਹਿਰੀਕਰਨ ਦੇ ਢਾਂਚੇ ਵਿਚ ਜਿਨ੍ਹਾਂ ਪੱਖਾਂ 'ਤੇ ਮੁੱਖ ਜ਼ੋਰ ਦਿਤਾ ਜਾਣਾ ਹੈ ਉਨ੍ਹਾਂ ਵਿਚ ਮੁੱਖ ਹੈ ਕੂੜੇ ਦਾ ਪੱਕਾ ਪ੍ਰਬੰਧ, ਪਾਣੀ ਦਾ ਪ੍ਰਬੰਧ, ਪੀਣ ਵਾਲਾ ਸਾਫ਼ ਪਾਣੀ, ਪਾਰਕਾਂ, ਹਰਿਆਵਲ, ਖੁੱਲ੍ਹੀਆਂ ਅਤੇ ਬਗ਼ੈਰ ਭੀੜ ਤੋਂ ਸੜਕਾਂ ਆਦਿ। ਇਨ੍ਹਾਂ ਸ਼ਹਿਰਾਂ ਨੂੰ ਦੂਸਰੇ ਸ਼ਹਿਰਾਂ ਲਈ ਮਾਡਲ ਬਣਨ ਲਈ ਆਵਾਜਾਈ ਲਈ ਨਵੀਂ ਪ੍ਰਣਾਲੀ, ਧੂੰਏਂ ਦਾ ਪ੍ਰਬੰਧ, ਸੀਵਰੇਜ਼ ਦਾ ਪ੍ਰਬੰਧ ਆਦਿ ਕਰਨ ਤੋਂ ਇਲਾਵਾ ਉਸ ਨਵੇਂ ਵਿਕਸਤ ਹੋਏ ਢਾਂਚੇ 'ਤੇ ਲਗਾਤਾਰ ਨਿਗਰਾਨੀ ਅਤੇ ਉਸ ਦੇ ਸਦਾ ਲਈ ਬਗ਼ੈਰ ਕਿਸੇ ਰੁਕਾਵਟ ਤੋਂ ਚਲਦੇ ਰਹਿਣ ਲਈ ਕਰਮਚਾਰੀਆਂ ਦੀ ਨਿਯੁਕਤੀ ਕੀਤੀ ਜਾਵੇਗੀ। ਇਸ ਢਾਂਚੇ ਲਈ ਤਕਨੀਕੀ ਮਾਹਿਰਾਂ ਦੀਆਂ ਸੇਵਾਵਾਂ ਦੀ ਵਿਕਸਤ ਦੇਸ਼ਾਂ ਦੇ ਮਾਹਿਰਾਂ ਨਾਲ ਲੋੜ ਪੂਰੀ ਕੀਤੀ ਜਾ ਸਕਦੀ ਹੈ। ਇਨ੍ਹਾਂ ਸ਼ਹਿਰਾਂ ਵਿਚ ਵਿਕਸਤ ਦੇਸ਼ਾਂ ਦੇ ਸ਼ਹਿਰਾਂ ਦੇ ਮਾਡਲ ਜਿਨ੍ਹਾਂ ਵਿਚ ਘੱਟੋ-ਘੱਟ ਪ੍ਰਦੂਸ਼ਣ ਦੀ ਸੰਭਾਵਨਾ ਅਤੇ ਕੂੜੇ ਦੀ ਸੰਭਾਲ ਅਤੇ ਪਾਣੀ ਦੇ ਨਿਕਾਸ ਦਾ ਸਵੈਚਾਲਕ ਅਤੇ ਆਪਣਾ ਪ੍ਰਬੰਧ ਹੈ, ਉਨ੍ਹਾਂ ਢੰਗਾਂ ਨੂੰ ਅਪਣਾਇਆ ਜਾ ਸਕਦਾ ਹੈ।

ਸਮਾਰਟ ਸ਼ਹਿਰਾਂ ਵਿਚ ਜ਼ਿਆਦਾਤਰ ਉਹ ਸ਼ਹਿਰ ਹਨ ਜਿਹੜੇ ਵੱਡੇ ਉਦਯੋਗਿਕ ਕੇਂਦਰ ਵੀ ਹਨ। ਉਦਯੋਗਿਕ ਇਕਾਈ ਨਾਲ ਪੈਦਾ ਹੋਇਆ ਪ੍ਰਦੂਸ਼ਣ ਅਤੇ ਧੂੰਆਂ ਆਪਣੇ ਆਪ ਵਿਚ ਇਕ ਸਮੱਸਿਆ ਹੈ ਜਿਸ ਤਰ੍ਹਾਂ ਪੰਜਾਬ ਵਿਚੋਂ ਚੁਣੇ ਗਏ ਤਿੰਨ ਸ਼ਹਿਰ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਜੋ ਆਬਾਦੀ ਦੇ ਪੱਖੋਂ ਬਹੁਤ ਵੱਡੇ ਸ਼ਹਿਰ ਹਨ ਉਥੇ ਸਭ ਤੋਂ ਵੱਧ ਉਦਯੋਗਿਕ ਇਕਾਈਆਂ ਵੀ ਇਸ ਹੀ ਸ਼ਹਿਰ ਵਿਚ ਸਥਿਤ ਹਨ ਜਿਸ ਕਰਕੇ ਆਵਾਜਾਈ ਦੀ ਸਮੱਸਿਆ ਪਹਿਲਾਂ ਹੀ ਵੱਡੀਆਂ ਚੁਣੌਤੀਆਂ ਬਣੀਆਂ ਹੋਈਆਂ ਹਨ। ਇਸ ਤਰ੍ਹਾਂ ਹੀ ਹੋਰ ਰਾਜਾਂ ਦੀ ਸਥਿਤੀ ਹੈ ਜਿਨ੍ਹਾਂ ਲਈ ਵੱਡੀ ਪੱਧਰ 'ਤੇ ਉਦਯੋਗਿਕ ਪ੍ਰਦੂਸ਼ਣ ਨੂੰ ਰੋਕਣ ਦੀ ਚੁਣੌਤੀ ਉਨ੍ਹਾਂ ਸਮਾਰਟ ਸ਼ਹਿਰਾਂ ਲਈ ਮੁੱਖ ਰੁਕਾਵਟਾਂ ਵਜੋਂ ਅੱਗੇ ਆਉਣਗੀਆਂ।

ਭਾਰਤ ਵਿਕਾਸ ਕਰ ਰਿਹਾ ਉਹ ਦੇਸ਼ ਹੈ ਜਿਹੜਾ ਉਦਯੋਗਿਕ ਪੱਖੋਂ ਪਛੜਿਆ ਹੋਇਆ ਹੈ। ਵੱਡੀ ਪੱਧਰ 'ਤੇ ਉਦਯੋਗਿਕ ਇਕਾਈਆਂ ਲਾਉਣ ਦੀ ਲੋੜ ਹੈ। ਉਦਯੋਗਿਕ ਪ੍ਰਦੂਸ਼ਣ ਹੀ ਸ਼ਹਿਰਾਂ ਦੀ ਵੱਡੀ ਸਮੱਸਿਆ ਹੈ। ਅਜੇ ਵੀ ਭਾਰਤ ਦੀ ਵੱਡੀ ਵਸੋਂ ਪਿੰਡਾਂ ਵਿਚ ਰਹਿੰਦੀ ਹੈ ਭਾਵੇਂ ਕਿ ਵਾਤਾਵਰਨ ਦੀ ਸਮੱਸਿਆ ਪਿੰਡਾਂ ਵਿਚ ਸ਼ਹਿਰਾਂ ਤੋਂ ਤਾਂ ਘੱਟ ਹੈ ਪਰ ਇਹ ਸਮੱਸਿਆਵਾਂ ਦਿਨ-ਬ-ਦਿਨ ਪਿੰਡਾਂ ਵਿਚ ਵੀ ਵਧ ਰਹੀਆਂ ਹਨ। ਦੂਸਰੀ ਤਰਫ਼ ਭਾਰਤ ਵਿਚ ਸ਼ਹਿਰੀਕਰਨ ਦੀ ਰੁਚੀ ਵਿਚ ਵਾਧਾ ਹੋ ਰਿਹਾ ਹੈ।

*ਉਦਯੋਗਿਕ ਵਿਕਾਸ ਸਮੇਂ ਦੀ ਵੱਡੀ ਲੋੜ ਹੈ ਜਿਸ ਲਈ ਜ਼ਿਆਦਾ ਧਿਆਨ ਵਾਤਾਵਰਨ ਦੇ ਸੰਤੁਲਨ 'ਤੇ ਕੇਂਦਰਿਤ ਕਰਨ ਦੀ ਲੋੜ ਹੈ। ਸਮਾਰਟ ਸ਼ਹਿਰਾਂ ਦਾ ਵਿਚਾਰ ਬਹੁਤ ਵਧੀਆ ਹੈ ਜਿਹੜਾ ਸ਼ਹਿਰੀਕਰਨ, ਉਦਯੋਗੀਕਰਨ ਪਰ ਵਾਤਾਵਰਨ ਦੇ ਲਗਾਤਾਰ ਬਣੇ ਰਹਿਣ ਦੇ ਵਿਚਾਰ ਨਾਲ ਸੰਬੰਧਿਤ ਹੈ। ਉਮੀਦ ਕੀਤੀ ਜਾਂਦੀ ਹੈ ਕਿ 'ਸਮਾਰਟ ਸਿਟੀ' ਦਾ ਮਾਡਲ ਦੇਸ਼ ਦੇ ਵਿਕਾਸ ਲਈ ਸਹਾਇਕ ਹੋਵੇਗਾ ਅਤੇ ਇਨ੍ਹਾਂ ਦੇ ਆਧਾਰ 'ਤੇ ਸਮੁੱਚੇ ਦੇਸ਼ ਦੇ ਵਿਕਾਸ ਵਿਚ ਤੇਜ਼ੀ ਆਵੇਗੀ।*

*(ਲੇਖਕ ਉੱਘਾ ਅਰਥਸ਼ਾਸਤਰੀ ਤੇ ਸੁਤੰਤਰ ਪੱਤਰਕਾਰ ਹੈ।)*

***ਸਫ਼ਾ 35 ਦੀ ਬਾਕੀ***

ਉਪਰੋਕਤ ਗਰੀਬ ਕੋਲ ਤਾਂ ਪੁੱਜੇਗਾ ਹੀ। ਇਸੇ ਲਈ ਸਮਾਰਟ ਸਿਟੀ ਯੋਜਨਾ ਪ੍ਰਤਿ ਹਰੇਕ ਉਸ ਸ਼ਹਿਰ ਵਾਸੀ ਦੀ ਜਗਿਆਸਾ ਵਧੀ ਹੈ ਜਿਸ ਸ਼ਹਿਰ ਦਾ ਨਾਂ ਸਮਾਰਟ ਸਿਟੀ ਦੀ ਸੂਚੀ ਵਿਚ ਦਰਜ ਹੋ ਗਿਆ ਹੈ।

ਸੋਸ਼ੋ-ਇਕਨਾਮਿਕ ਐਂਡ ਕਾਸਟ ਸੈਂਸਜ਼-2011 (ਐੱਸ ਈ ਸੀ ਸੀ) ਵਲੋਂ ਤਿਆਰ ਅੰਕੜਿਆਂ ਅਨੁਸਾਰ 35 ਪ੍ਰਤਿਸ਼ਤ ਸ਼ਹਿਰੀ ਲੋਕ ਗਰੀਬਾਂ ਦੀ ਸ਼੍ਰੇਣੀ ਵਿਚ ਆਏ ਹਨ। ਅਜਿਹੇ ਗਰੀਬਾਂ ਨੂੰ ਧਿਆਨ ਵਿਚ ਰੱਖ ਕੇ ਸਮਾਰਟ ਸਿਟੀ ਦੀ ਕਲਪਨਾ ਕੀਤੀ ਜਾਵੇ ਤਾਂ ਉਹ ਬਹੁਤ ਮਾਅਨੇ ਰੱਖੇਗੀ ਕਿਉਂਕਿ ਗਰੀਬੀ ਰੇਖਾ ਤੋਂ ਲੋਕਾਂ ਨੂੰ ਓਪਰ ਚੁੱਕਣਾ ਹੀ ਭਾਰਤ ਦੇ ਕਲਿਆਣਕਾਰੀ ਰਾਜ ਦਾ ਸੁਪਨਾ ਸੀ। ਮਨੁੱਖ ਦੀਆਂ ਮੁਢਲੀਆਂ ਲੋੜਾਂ ਕੁੱਲੀ, ਗੁੱਲੀ, ਜੁੱਲੀ ਦਾ ਹੁਣ ਦੇ ਯੁਗ ਵਿਚ ਪ੍ਰਕਾਰ ਹੀ ਬਦਲਿਆ ਹੈ ਪਰ ਇਸ ਦੀ ਲੋੜ ਹਮੇਸ਼ਾ ਹੀ ਰਹਿੰਦੀ ਹੈ। ਜੰਗਲ ਛੱਡ ਚੁੱਕਿਆ ਮਨੁੱਖ ਹੁਣ ਸਭਿਅਕ ਹੋ ਗਿਆ ਹੈ। ਸੱਭਿਅਕ ਹੋਏ ਮਨੁੱਖ ਲਈ ਹੀ ਸਮਾਰਟ ਸਿਟੀ ਦੀ ਲੋੜ ਹੈ ਤੇ ਉਹ ਹੀ ਅਜਿਹੇ ਸਮਾਰਟ ਸਿਟੀਆਂ ਨੂੰ ਸਾਂਭ ਸਕਦਾ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :mandhir_deol@yahoo.co.in*

# ਸਮਾਰਟ ਸ਼ਹਿਰ ਅਤੇ ਵਿਕਾਸ

ਰਤਨ ਸਲਦੀ

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 25 ਜੂਨ 2015 ਨੂੰ ਸ਼ਹਿਰੀ ਵਿਕਾਸ ਨੂੰ ਗਤੀਸ਼ੀਲ ਬਣਾਉਣ ਲਈ, ਸਰਕਾਰ ਦੇ ਤਿੰਨ ਫਲੈਗਸ਼ਿਪ ਪ੍ਰੋਗਰਾਮਾਂ; ਸਮਾਰਟ ਸਿਟੀ ਮਿਸ਼ਨ, ਦੇਸ਼ ਦੀ ਆਜ਼ਾਦੀ ਦੇ 75 ਸਾਲ ਪੂਰੇ ਹੋਣ ਦੇ ਮੌਕੇ ਸਾਲ 2022 ਤਕ ਸਭ ਲਈ ਮਕਾਨ ਉਸਾਰੀ ਪ੍ਰੋਗਰਾਮ ਅਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਦੇ ਨਾਮ 'ਤੇ ਸ਼ੁਰੂ ਕੀਤਾ ਗਿਆ ਪ੍ਰੋਗਰਾਮ, ਸ਼ਹਿਰਾਂ ਦੀ ਕਾਇਆ ਪਲਟ ਅਤੇ ਸੁੰਦਰ ਬਣਾਉਣ ਲਈ ਅਟਲ ਮਿਸ਼ਨ (ਅਮਰਤ) ਨੂੰ ਹਰੀ ਝੰਡੀ ਦਿਖਾਈ। ਇਨ੍ਹਾਂ ਪ੍ਰੋਗਰਾਮਾਂ ਦੀ ਘੋਸ਼ਣਾ ਕੇਂਦਰੀ ਬਜਟ 2014-15 ਅਤੇ 2015-16 ਵਿਚ ਕੀਤੀ ਗਈ ਸੀ। ਪ੍ਰਧਾਨ ਮੰਤਰੀ ਦੀ ਸੋਚ ਸੀ ਕਿ ਦੇਸ਼ ਵਿਚ 100 ਨਵੇਂ ਸ਼ਹਿਰਾਂ ਨੂੰ ਸਮਾਰਟ ਸਿਟੀ ਦੇ ਤੌਰ ਤੇ ਵਿਕਸਤ ਕੀਤਾ ਜਾਵੇ, 500 ਸ਼ਹਿਰਾਂ ਦਾ ਨਵੀਨੀਕਰਨ ਅਤੇ ਮੁੜ ਵਿਕਾਸ ਕਰ ਕੇ ਉਨ੍ਹਾਂ ਵਿਚ ਸਭ ਬੁਨਿਆਦੀ ਸਹੂਲਤਾਂ ਜਿਵੇਂ ਕਿ 24 ਘੰਟੇ ਬਿਜਲੀ, ਪੀਣ ਦਾ ਸਵੱਛ ਪਾਣੀ, ਸਿਹਤ ਅਤੇ ਸਿੱਖਿਆ ਸਹੂਲਤਾਂ, ਸੜਕਾਂ ਦੇ ਜਾਲ ਨਾਲ ਜੋੜਮੇਲ ਅਤੇ ਹਰ ਘਰ ਪਰਿਵਾਰ ਦੇ ਘੱਟੋ-ਘੱਟ ਇਕ ਮੈਂਬਰ ਨੂੰ ਪਰਿਵਾਰ ਦੀ ਰੋਜ਼ੀ-ਰੋਟੀ ਚਲਾਉਣ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ ਅਤੇ ਅਗਲੇ 7 ਸਾਲਾਂ ਵਿਚ ਹਰ ਪਰਿਵਾਰ ਦੇ ਸਿਰ 'ਤੇ ਛੱਤ ਹੋਵੇ। ਸਾਲ 2015-16 ਦੇ ਬਜਟ ਵਿਚ ਸ਼ਹਿਰੀ ਵਿਕਾਸ ਅਤੇ ਮਕਾਨ ਉਸਾਰੀ ਲਈ 22,407 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

ਸ਼ਹਿਰਾਂ ਨੂੰ ਵਿਕਾਸ ਦੇ ਇੰਜਨ ਕਿਹਾ ਜਾਂਦਾ ਹੈ ਕਿਉਂਕਿ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਦਾ ਲਗਭਗ 60 ਪ੍ਰਤਿਸ਼ਤ ਹਿੱਸਾ ਸ਼ਹਿਰਾਂ ਵਿਚੋਂ ਪ੍ਰਾਪਤ ਹੁੰਦਾ ਹੈ ਹਾਲਾਂ ਕਿ 2011 ਦੀ ਮਰਦਮ-ਸ਼ੁਮਾਰੀ ਅਨੁਸਾਰ ਦੇਸ਼ ਦੀ ਉਸ ਵੇਲੇ ਦੀ ਕੁੱਲ 121 ਕਰੋੜ ਆਬਾਦੀ ਦਾ 31.2 ਪ੍ਰਤਿਸ਼ਤ ਹਿੱਸਾ ਹੀ ਸ਼ਹਿਰਾਂ ਵਿਚ ਨਿਵਾਸ ਕਰ ਰਿਹਾ ਸੀ। ਪਰ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ ਦੇ ਮੱਦੇਨਜ਼ਰ ਇਹ ਅਨੁਪਾਤ ਛੇਤੀ ਹੀ ਸਮਾਨਅੰਤਰ ਹੋ ਜਾਣ ਦੀ ਆਸ ਹੈ ਅਤੇ ਦੇਸ਼ ਦੀ ਆਬਾਦੀ ਦਾ ਲਗਭਗ ਅੱਧਾ ਹਿੱਸਾ ਸ਼ਹਿਰਾਂ ਵਿਚ ਰਹਿ ਰਿਹਾ ਹੋਵੇਗਾ। ਸ਼ਹਿਰਾਂ ਤੋਂ ਪ੍ਰਾਪਤ ਹੋਣ ਵਾਲਾ ਉਦਯੋਗਿਕ ਅਤੇ ਘਰੇਲੂ ਉਤਪਾਦਨ ਵੀ ਕੁੱਲ ਉਤਪਾਦਨ ਦੇ 60 ਪ੍ਰਤਿਸ਼ਤ ਤੋਂ ਵਧ ਕੇ 70 ਪ੍ਰਤਿਸ਼ਤ ਹੋ ਜਾਣ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਆਮ ਧਾਰਨਾ ਦੇ ਚਲਦਿਆਂ ਕਿ ਸ਼ਹਿਰਾਂ ਵਿਚ ਪਿੰਡਾਂ ਨਾਲੋਂ ਜੀਵਨ ਅਤੇ ਰੁਜ਼ਗਾਰ ਦੇ ਚੰਗੇ ਸਾਧਨ ਉਪਲਬਧ ਹਨ, ਪਿੰਡਾਂ ਵਿਚੋਂ ਸ਼ਹਿਰਾਂ ਵਲ ਪਲਾਇਨ ਵਧ ਰਿਹਾ ਹੈ। ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਜਿਉਂ-ਜਿਉਂ ਵਿਕਾਸ ਦਾ ਲਾਭ ਵੱਧ ਤੋਂ ਵੱਧ ਲੋਕਾਂ ਤਕ ਪਹੁੰਚ ਰਿਹਾ ਹੈ, ਸ਼ਹਿਰਾਂ ਵਿਚ ਨਾਗਰਿਕ ਸਹੂਲਤਾਂ ਪਿੰਡਾਂ ਦੇ ਮੁਕਾਬਲੇ ਵਧੇਰੇ ਗਤੀ ਨਾਲ ਵਿਕਸਤ ਹੋ ਰਹੀਆਂ ਹਨ ਅਤੇ ਆਮ ਨਾਗਰਿਕਾਂ ਦੀ ਪਹੁੰਚ ਵਿਚ ਆ ਰਹੀਆਂ ਹਨ। ਪਿੰਡਾਂ ਤੋਂ ਸ਼ਹਿਰਾਂ ਵਲ ਵਧ ਰਹੇ ਪਲਾਇਨ ਕਾਰਨ, ਉਥੇ ਉਪਲਬਧ ਨਾਗਰਿਕ ਸੇਵਾਵਾਂ ਉਪਰ ਦਬਾਅ ਵਧ ਰਿਹਾ ਹੈ ਅਤੇ ਕਈ ਹਾਲਤਾਂ ਵਿਚ, ਸ਼ਹਿਰਾਂ ਵਿਚ ਗੰਦੀਆਂ ਬਸਤੀਆਂ ਅਤੇ ਝੁੱਗੀ ਝੌਂਪੜੀ ਸਮੂਹ ਬਰਸਾਤੀ ਖੁੰਬਾਂ ਵਾਂਗ ਵਧ ਰਹੇ ਹਨ ਜੋ ਉਥੋਂ ਦੇ ਲੋਕਾਂ ਦੇ ਜੀਵਨ ਉਪਰ ਮਾੜਾ ਅਸਰ ਪਾ ਰਹੇ ਹਨ। ਵਿਸ਼ਵ ਸਹਿਤ ਸੰਗਠਨ (ਡਬਲਯੂ ਐੱਚ ਓ) ਦੀ ਇਕ ਰਿਪੋਰਟ ਅਨੁਸਾਰ, ਭਾਰਤ ਦੇ ਬਹੁਤੇ ਸ਼ਹਿਰ ਦੁਨੀਆਂ ਦੇ ਸਭ ਤੋਂ ਵੱਧ ਪਲੀਤੀ ਵਾਲੇ ਸ਼ਹਿਰਾਂ ਵਿਚ ਸ਼ੁਮਾਰ ਹਨ।

2011 ਦੀ ਜਨਗਣਨਾ ਅਨੁਸਾਰ, ਦੇਸ਼ ਦੀ 37 ਕਰੋੜ 71 ਲੱਖ ਆਬਾਦੀ ਸ਼ਹਿਰਾਂ ਵਿਚ ਰਹਿ ਰਹੀ ਸੀ ਅਤੇ ਪਿਛਲੇ ਇਕ ਦਹਾਕੇ ਵਿਚ ਇਸ ਵਿਚ 9 ਕਰੋੜ ਦਾ ਵਾਧਾ ਹੋਇਆ ਸੀ। ਪਰ ਸ਼ਹਿਰਾਂ ਦੀ ਆਬਾਦੀ ਵਿਚ ਵਾਧੇ ਦੀ ਇਹ ਤੇਜ਼ ਰੌ ਸਿਰਫ਼ ਭਾਰਤ ਵਿਚ ਹੀ ਦੇਖਣ ਨੂੰ ਨਹੀਂ ਮਿਲ ਰਹੀ ਸਗੋਂ ਸਮੁੱਚੀ ਦੁਨੀਆਂ ਵਿਚ ਤੇਜ਼ੀ ਨਾਲ ਸ਼ਹਿਰੀਕਰਨ ਹੋ ਰਿਹਾ ਹੈ ਅਤੇ ਇਕ ਅੰਦਾਜ਼ੇ ਅਨੁਸਾਰ, ਸ਼ਹਿਰੀ ਵਸੋਂ ਵਿਚ ਵਾਧੇ ਦਾ 90 ਪ੍ਰਤਿਸ਼ਤ ਹਿੱਸਾ ਵਿਕਾਸਸ਼ੀਲ ਦੇਸ਼ਾਂ ਵਿਚ ਹੋਣ ਦੀ ਸੰਭਾਵਨਾ ਹੈ।

ਸੰਯੁਕਤ ਰਾਸ਼ਟਰ ਸੰਘ ਵਲੋਂ ਜਾਰੀ ਆਪਣੀ ਤਾਜ਼ਾ ਵਿਸ਼ਵ ਜਨਸੰਖਿਆ ਸੰਭਾਵਨਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਗਲੇ 7 ਸਾਲਾਂ ਵਿਚ, ਸਾਲ 2022 ਤਕ ਭਾਰਤ ਆਬਾਦੀ ਦੇ ਲਿਹਾਜ਼, ਦੁਨੀਆਂ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਚੀਨ ਨੂੰ ਪਿੱਛੇ ਛੱਡ ਜਾਵੇਗਾ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਅਤੇ ਸਾਡੇ ਨੀਤੀਕਾਰਾਂ ਨੂੰ ਇਸ ਦਾ ਗੰਭੀਰਤਾ ਨਾਲ ਨੋਟਿਸ ਲੈਣਾ ਪਵੇਗਾ। ਇਸ ਲਈ ਭਾਰਤ ਸਰਕਾਰ ਸਾਹਮਣੇ ਇਕ ਵੱਡੀ ਚੁਨੌਤੀ ਹੈ ਕਿ ਜਨਸੰਖਿਆ ਵਾਧੇ ਕਾਰਨ ਨਾਗਰਿਕ ਸਹੂਲਤਾਂ ਉਪਰ ਵਧ ਰਹੇ ਦਬਾਅ ਦਾ ਕਿਸ ਤਰ੍ਹਾਂ ਸਾਹਮਣਾ ਕੀਤਾ ਜਾ ਸਕੇ ਤਾਂ ਕਿ ਸ਼ਹਿਰ ਵਿਕਾਸ ਦੇ ਇੰਜਨ ਬਣੇ ਰਹਿਣ ਅਤੇ ਦੇਸ਼ ਦੀ ਆਰਥਿਕ ਪ੍ਰਗਤੀ ਦੀ ਗਤੀ ਵਿਚ ਹੋਰ ਤੇਜ਼ੀ ਲਿਆਂਦੀ ਜਾ ਸਕੇ।

ਆਮ ਚੋਣਾਂ ਤੋਂ ਬਾਅਦ, ਕੇਂਦਰ ਵਿਚ ਸੱਤਾ ਵਿਚ ਆਈ ਸਰਕਾਰ ਨੇ ਆਪਣੇ ਪਹਿਲੇ 2014-15 ਦੇ ਬਜਟ ਵਿਚ 100 ਸਮਾਰਟ ਸਿਟੀ ਬਣਾਉਣ ਦਾ ਐਲਾਨ ਕੀਤਾ ਸੀ। ਇਹ ਸਮਾਰਟ ਸਿਟੀ, ਵੱਡੇ ਸ਼ਹਿਰਾਂ ਦੇ ਲਾਗੇ ਵਸੇ ਛੋਟੇ ਸ਼ਹਿਰਾਂ ਦੇ ਤੌਰ ਤੇ ਜਾਂ ਮੱਧਮ ਵਰਗ ਦੇ ਸ਼ਹਿਰਾਂ ਨੂੰ ਸਭ ਆਧੁਨਿਕ ਨਾਗਰਿਕ ਸਹੂਲਤਾਂ ਨਾਲ ਭਰਪੂਰ ਕਰ ਕੇ ਬਣਾਏ ਜਾਣ ਦਾ ਐਲਾਨ ਕੀਤਾ ਗਿਆ ਸੀ।

ਇਸ ਕਾਰਜ ਉਪਰ ਜ਼ੋਰ ਦੇਣ ਲਈ ਸਰਕਾਰ ਨੇ ਆਪਣੇ ਪਿਛਲੇ ਬਜਟ ਵਿਚ 7,060 ਕਰੋੜ ਰੁਪਏ ਰਾਖਵੇਂ ਕੀਤੇ ਸਨ। ਪਰ ਕਿਉਂਕਿ ਇਹ ਯੋਜਨਾ ਇੰਨੀ ਵੱਡੀ ਅਤੇ ਵਿਆਪਕ ਹੈ, ਇਸ ਦੇ ਲਾਗੂਕਰਨ ਵਿਚ ਸਮਾਂ ਲੱਗਣਾ ਸੁਭਾਵਕ ਹੈ। ਇਸ ਦੇ ਨਾਲ-ਨਾਲ ਇਸ ਤੱਥ ਨੂੰ ਧਿਆਨ ਵਿਚ ਰੱਖਦੇ ਹੋਏ ਕਿ ਮਕਾਨਾਂ ਦੀ ਥੁੜ ਆਮ ਤੌਰ ਤੇ ਸਮਾਜ ਦਾ ਨਿਮਨ ਵਰਗ ਅਤੇ ਗਰੀਬ ਤਬਕਾ ਝੱਲ ਰਿਹਾ ਹੈ, ਸਰਕਾਰ ਨੇ ਹਰ ਕਿਸੇ ਦੀ ਪਹੁੰਚ ਵਿਚ ਹੋਣ ਵਾਲੇ ਘੱਟ ਲਾਗਤ ਵਾਲੇਮਕਾਨਾਂ ਦੀ ਉਸਾਰੀ ਲਈ ਇਕ ਮਿਸ਼ਨ ਦੀ ਵੀ ਸਥਾਪਨਾ ਕੀਤੀ ਹੈ। ਇਸ ਦੇ ਨਾਲ-ਨਾਲ ਸ਼ਹਿਰਾਂ ਦੀ ਨੁਹਾਰ ਬਦਲਣ ਅਤੇ ਸ਼ਹਿਰੀ ਖੇਤਰਾਂ ਵਿਚ ਸਵੱਛ ਪੀਣ ਦਾ ਪਾਣੀ, ਡਿਜ਼ੀਟਲ ਜੋੜਮੇਲ, ਵਿਆਪਕ ਪਸਾਰ ਵਾਲੀਆਂ ਅਤੇ ਅੜਚਨ ਰਹਿਤ ਮੋਬਾਈਲ ਫ਼ੋਨ ਸਹੂਲਤਾਂ, ਸੀਵਰ ਅਤੇ ਕੂੜੇ-ਕਚਰੇ ਦੇ ਕੁਸ਼ਲ ਪ੍ਰਬੰਧਨ ਉਪਰ ਵੀ ਜ਼ੋਰ ਦਿਤਾ ਜਾ ਰਿਹਾ ਹੈ।

ਹਾਲਾਂ ਕਿ ਭਾਰਤ ਵਿਚ ਸ਼ਹਿਰੀ ਵਿਕਾਸ ਦੇ ਪ੍ਰੋਗਰਾਮ ਪਹਿਲੀ ਪੰਜ ਸਾਲਾ ਯੋਜਨਾ ਤੋਂ ਹੀ ਚਲੇ ਆ ਰਹੇ ਹਨ ਪਰ ਇਹ ਪਹਿਲਾ ਮੌਕਾ ਹੈ ਕਿ ਕੇਂਦਰ ਸਰਕਾਰ, ਰਾਜ ਸਰਕਾਰਾਂ ਦੇ ਸੰਬੰਧਿਤ ਵਿਭਾਗ, ਸਥਾਨਕ ਮਿਊਂਸੀਪਲ ਪ੍ਰਸ਼ਾਸਨ ਅਤੇ ਬੁਨਿਆਦੀ ਨਾਗਰਿਕ ਸਹੂਲਤਾਂ ਦੇਣ ਵਾਲੀਆਂ ਸੰਸਥਾਵਾਂ ਮਿਲ ਕੇ ਸਮਾਰਟ ਸਿਟੀ ਯੋਜਨਾ ਬਣਾ ਰਹੇ ਹਨ। ਪਰ ਸਮਾਰਟ ਸਿਟੀ ਸਥਾਪਤ ਕਰਨ ਲਈ ਸਭ ਤੋਂ ਪਹਿਲਾਂ ਇਹ ਦੇਖਣਾ ਹੋਵੇਗਾ ਕਿ ਅਜਿਹੇ ਸ਼ਹਿਰਾਂ ਦੀ ਕਲਪਨਾ ਦਾ ਅਰਥ ਕੀ ਹੈ ਅਤੇ ਉਹ ਕਿਹੜੀਆਂ ਉਪਲਬਧੀਆਂ ਹਨ ਜੋ ਕਿਸੇ ਵੀ ਸ਼ਹਿਰ ਨੂੰ ਸਮਾਰਟ ਸਿਟੀ ਦਾ ਦਰਜਾ ਹਾਸਲ ਕਰਨ ਲਈ ਲੋੜੀਂਦੀਆਂ ਹੋਣਗੀਆਂ। ਅਮਰੀਕਾ ਅਤੇ ਯੂਰਪ ਦੇ ਦੇਸ਼ਾਂ ਵਿਚ ਅਜਿਹੇ ਸ਼ਹਿਰਾਂ ਦੀ ਵਿਆਖਿਆ ਸਭ ਨਾਗਰਿਕ ਸਹੂਲਤਾਂ ਸਪੰਨ ਸ਼ਹਿਰਾਂ ਦੇ ਤੌਰ ਤੇ ਕੀਤੀ ਗਈ ਹੈ ਅਤੇ ਜੋ ਸ਼ਹਿਰ ਮਿਥੇ ਮਿਆਰਾਂ ਉਪਰ ਪੂਰੇ ਉਤਰਦੇ ਹਨ, ਉਨ੍ਹਾਂ ਨੂੰ ਸਮਾਰਟ ਸਿਟੀ ਦੀ ਲੜੀ ਵਿਚ ਰੱਖਿਆ ਜਾਂਦਾ ਹੈ। ਅਜਿਹੇ ਸ਼ਹਿਰਾਂ ਦੀ ਗਿਣਤੀ ਵਿਚ ਆਉਣ ਵਾਲੇ 10 ਸਭ ਤੋਂ ਵਧੀਆ ਅਤੇ ਸੁੰਦਰ ਸ਼ਹਿਰਾਂ ਵਿਚ ਸ਼ਾਮਿਲ ਹਨ - ਪੈਰਿਸ, ਨਿਊਯਾਰਕ, ਲੰਡਨ, ਵੀਆਨਾ, ਕੋਪਨਹੇਗਨ, ਟੋਕੀਓ, ਹਾਂਗਕਾਂਗ ਅਤੇ ਬਰਲਿਨ। ਪਰ ਭਾਰਤ ਦੇ ਸੰਦਰਭ ਵਿਚ, ਜਿਸ ਦੀਆਂ ਆਪਣੀਆਂ ਸਮੱਸਿਆਵਾਂ, ਪਰੰਪਰਾਗਤ ਰਹੁ-ਰੀਤਾਂ ਅਤੇ ਸਭਿਆਚਾਰਕ ਵਖਰੇਵਾਂ ਹੈ, ਸਮਾਰਟ ਸਿਟੀ ਦੀ ਵਿਆਪਕ ਵਿਆਖਿਆ ਦੀ ਲੋੜ ਹੈ ਅਤੇ ਉਸ ਧਾਰਨਾ ਨੂੰ ਲੋਕਾਂ ਤਕ ਪਹੁੰਚਾਉਣ ਅਤੇ ਉਸ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਮੋਟੇ ਤੌਰ ਤੇ ਕਿਸੇ ਵੀ ਸਮਾਰਟ ਸਿਟੀ ਵਿਚ ਉਹ ਸਭ ਸਹੂਲਤਾਂ ਮੌਜੂਦ ਹੋਣੀਆਂ ਚਾਹੀਦੀਆਂ ਹਨ ਜੋ ਕਿਸੇ ਵੀ ਨਾਗਰਿਕ ਨੂੰ ਇਕ ਸੁਖਾਵਾਂ ਜੀਵਨ ਪੱਧਰ ਬਣਾ ਕੇ ਰੱਖਣ ਲਈ ਲੋੜੀਂਦੀਆਂ ਹੋਣ ਅਤੇ ਜੇ ਕੋਈ ਸਮੱਸਿਆ ਖੜ੍ਹੀ ਹੋ ਜਾਵੇ ਤਾਂ ਉਸ ਨੂੰ ਦੂਰ ਕਰਨ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਘੱਟ ਤੋਂ ਘੱਟ ਸਮਾਂ ਲੱਗੇ ਅਤੇ ਘੱਟ ਤੋਂ ਘੱਟ ਖਰਚ ਆਵੇ। ਅਜਿਹੇ ਸਮਾਰਟ ਸਿਟੀ ਟਾਊਨ ਪਲਾਨਿੰਗ ਅਨੁਸਾਰ ਬਣੇ ਹੋਣੇ ਚਾਹੀਦੇ ਹਨ ਜਿਨ੍ਹਾਂ ਵਿਚ ਚੌੜੀਆਂ ਸੜਕਾਂ, ਪੱਕੇ ਬਹੁ-ਮੰਜ਼ਿਲੇ ਰਿਹਾਇਸ਼ੀ ਮਕਾਨ, ਲੋੜੀਂਦੀਆਂ ਵਸਤਾਂ ਦੇ ਉਤਪਾਦਨ ਲਈ ਵੱਖਰੇ ਯੋਜਨਾਬਧ ਤਰੀਕੇ ਬਣਾਏ ਉਦਯੋਗਿਕ ਅਤੇ ਹੋਰ ਸੰਸਥਾਨ, ਆਧੁਨਿਕ ਸੂਚਨਾ ਤਕਨਾਲੋਜੀ ਅਤੇ ਸੰਚਾਰ ਦੀ ਵਰਤੋਂ ਵਾਲਾ ਡਿਜ਼ੀਟਲ ਪ੍ਰਸ਼ਾਸਨ, ਸਰੋਤਾਂ ਦੀ ਕੁਸ਼ਲ ਵਰਤੋਂ, ਊਰਜਾ ਬੱਚਤ, ਪੀਣ ਦੇ ਸਵੱਛ ਪਾਣੀ ਦੀ ਹਰ ਘਰ ਪਰਿਵਾਰ ਤਕ ਪਹੁੰਚ, ਘੱਟ ਕਾਰਬਨ ਨਿਕਾਸੀ ਅਰਥਵਿਵਸਥਾ, ਸ਼ੁੱਧ ਵਾਤਾਵਰਨ, ਸੀਵਰ ਨਿਕਾਸ ਅਤੇ ਕੂੜਾ-ਕਚਰਾ ਪ੍ਰਬੰਧਨ, ਬਿਜਲੀ ਦੀ 24 ਘੰਟੇ ਉਪਲਬਧਤਾ ਅਤੇ ਉੱਚ ਕੋਟੀ ਦਾ ਡਿਜ਼ੀਟਲ ਮੀਟਰ ਸਿਸਟਮ, ਲੋਕਾਂ ਦੀ ਸਹੂਲਤ ਲਈ ਡਿਜ਼ੀਟਲ ਪ੍ਰਣਾਲੀ ਨਾਲ ਜੁੜਿਆ ਟਰਾਂਸਪੋਰਟ ਅਤੇ ਟੈਕਸੀ ਸਿਸਟਮ, ਸੜਕਾਂ ਉਪਰ ਜਾਮ ਨਾ ਲੱਗਣ ਦੇਣ ਵਾਲੀ ਆਧੁਨਿਕ ਸਿਗਨਲ ਪ੍ਰਣਾਲੀ, ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੁੜੀਆਂ ਹੋਰ ਵਿਵਸਥਾਵਾਂ, ਜਿਵੇਂ ਕਿ ਕੁਸ਼ਲ ਸੁਰੱਖਿਆ ਪ੍ਰਸ਼ਾਸਨ, ਖੇਡ ਦੇ ਮੈਦਾਨ ਅਤੇ ਮਨੋਰੰਜਨ ਪਾਰਕ, ਸੈਰਗਾਹਾਂ, ਸਭਿਆਚਾਰਕ ਅਤੇ ਪ੍ਰਾਚੀਨ ਵਿਰਾਸਤੀ ਸਥਾਨਾਂ ਦੀ ਸੰਭਾਲ, ਆਸਾਨੀ ਨਾਲ ਉਪਲਬਧ ਅਤੇ ਕਿਫ਼ਾਇਤੀ ਸਿਹਤ ਸੇਵਾਵਾਂ, ਬੈਂਕਿੰਗ ਸਹੂਲਤਾਂ, ਸਿੱਖਿਆ ਦੇ ਉੱਚੇ ਮਿਆਰ ਕੇਂਦਰ ਅਤੇ ਹਰ ਘਰ ਪਰਿਵਾਰ ਦੇ ਬੱਚਿਆਂ ਲਈ ਮੁੱਢਲੀ ਸਿੱਖਿਆ ਸੰਸਥਾਨਾਂ ਦੀ ਘਰ ਦੇ ਨੇੜੇ ਉਪਲਬਧਤਾ, ਕੁਸ਼ਲ ਨਾਗਰਿਕ ਸੇਵਾਵਾਂ ਅਤੇ ਸ਼ਿਕਾਇਤਾਂ ਦਾ ਡਿਜ਼ੀਟਲ ਤਕਨਾਲੋਜੀ ਦੀ ਵਰਤੋਂ ਨਾਲ ਤੁਰੰਤ ਨਿਵਾਰਨ, ਕੁਦਰਤੀ ਅਤੇ ਮਾਨਵੀ ਆਫ਼ਤਾਂ ਤੋਂ ਨਾਗਰਿਕਾਂ ਦੇ ਬਚਾਅ ਲਈ ਵਧੀਆ ਮਸ਼ੀਨਰੀ ਅਤੇ ਸਭ ਤੋਂ ਉਪਰ ਨਾਗਰਿਕਾਂ ਦੀ ਪ੍ਰਸ਼ਾਸਨ ਵਿਚ ਭਾਗੀਦਾਰੀ ਅਤੇ ਨਿਰਨੇ ਲੈਣ ਦੀ ਸਮਰਥਾ ਪੈਦਾ ਕਰਨਾ ਆਦਿ ਅਜਿਹੇ ਸਮਾਰਟ ਸ਼ਹਿਰਾਂ ਦੀਆਂ ਕੁਝ ਹੋਰ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ। ਅਜਿਹਾ ਕਰਨ ਲਈ ਸ਼ਹਿਰੀ ਖੇਤਰ ਦੀ ਯੋਜਨਾਬੰਦੀ ਵਲ ਵਿਸ਼ੇਸ਼ ਧਿਆਨ ਦੇਣਾ ਪਵੇਗਾ ਅਤੇ ਨਾਗਰਿਕ ਸੇਵਾਵਾਂ ਦਾ ਪਸਾਰ, ਵਾਤਾਵਰਨ ਸੁਰੱਖਿਆ ਅਤੇ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਨਾਲ-ਨਾਲ ਆਰਥਿਕ ਸਰਗਰਮੀ ਵਿਚ ਤੇਜ਼ੀ ਲਿਆਉਣੀ ਪਵੇਗੀ। ਸਥਾਨਕ ਮਿਊਂਸੀਪਲ ਪ੍ਰਸ਼ਾਸਨ ਦੀ ਜਵਾਬਦੇਹੀ ਅਤੇ ਆਮ ਲੋਕਾਂ ਤਕ ਉਸ ਦੀ ਪਹੁੰਚ ਯਕੀਨੀ ਬਣਾਉਣੀ ਹੋਵੇਗੀ ਅਤੇ ਉਸ ਦੇ ਕੰਮਕਾਜ 'ਚ ਪਾਰਦਰਸ਼ਿਤਾ ਲਿਆਉਣੀ ਹੋਵੇਗੀ।

ਇਸ ਤਰ੍ਹਾਂ ਦੇਖਿਆ ਜਾਵੇ ਤਾਂ ਸਮਾਰਟ ਸਿਟੀ ਸਥਾਪਨਾ ਕਰਨ ਦਾ ਕਾਰਜ ਬਹੁਤ ਵੱਡਾ ਹੈ। ਪਰ ਜੇ ਦੇਸ਼ ਦੀ ਆਰਥਿਕ ਹਾਲਤ ਵਿਚ ਸੁਧਾਰ ਲਿਆਉਣਾ ਹੈ, ਕੁੱਲ ਘਰੇਲੂ ਉਤਪਾਦਨ ਨੂੰ 2014-15 ਦੇ 7.3 ਪ੍ਰਤਿਸ਼ਤ ਵਿਕਾਸ ਦਰ ਤੋਂ ਕੁੱਝ ਸਾਲਾਂ ਵਿਚ ਦੋ ਅੰਕੜੇ ਵਿਕਾਸ ਦਰ ਤਕ ਪਹੁੰਚਾਉਣਾ ਹੈ ਤਾਂ ਇਸ ਕਾਰਜ ਨੂੰ ਪਹਿਲ ਦੇ ਤੌਰ ਤੇ ਦੇਖਣਾ ਅਤੇ ਕਰਨਾ ਹੋਵੇਗਾ। ਅੱਜ ਦੇ ਸੰਦਰਭ ਵਿਚ ਸਥਿਤੀ ਚਿੰਤਾਜਨਕ ਹੈ। ਨਾਗਰਿਕ ਸਹੂਲਤਾਂ ਦੀ ਘਾਟ ਤੋਂ ਇਲਾਵਾ, ਸਾਡੇ ਸ਼ਹਿਰ ਟਾਊਨ ਪਲਾਨਿੰਗ ਨਕਸ਼ੇ ਅਨੁਸਾਰ ਯੋਜਨਾਬਧ ਤਰੀਕੇ ਵਿਕਾਸ ਨਹੀਂ ਕਰ ਰਹੇ ਸਗੋਂ ਹਰ ਨਾਗਰਿਕ ਦੀ ਪਹੁੰਚ ਅਨੁਸਾਰ ਉਸ ਦੀ ਮਰਜ਼ੀ ਦੇ ਨਕਸ਼ੇ ਅਨੁਸਾਰ ਨਵੇਂ ਮਕਾਨਾਂ ਦੀ ਉਸਾਰੀ ਨਾਲ ਵਧ ਰਹੇ ਹਨ। ਸ਼ਹਿਰਾਂ ਵਿਚ ਪਿੰਡਾਂ ਵਲੋਂ ਪਲਾਇਨ ਨਾਲ ਉਥੇ ਗੰਦੀਆਂ ਬਸਤੀਆਂ ਅਤੇ ਝੁੱਗੀਆਂ-ਝੌਂਪੜੀਆਂ ਦੀ ਵੀ ਭਰਮਾਰ ਹੋ ਰਹੀ ਹੈ। ਤਾਜ਼ਾ ਮਰਦਮਸ਼ੁਮਾਰੀ ਅੰਕੜਿਆਂ ਅਨੁਸਾਰ, ਸਮੁੱਚੇ ਦੇਸ਼ ਵਿਚ 70.3 ਪ੍ਰਤਿਸ਼ਤ ਲੋਕਾਂ ਦੀ ਘਰੇਲੂ ਬਿਜਲੀ ਤਕ ਪਹੁੰਚ ਸੀ, ਜੋ ਸ਼ਹਿਰੀ ਖੇਤਰਾਂ ਵਿਚ 92.2 ਪ੍ਰਤਿਸ਼ਤ ਅਤੇ ਪੇਂਡੂ ਇਲਾਕਿਆਂ ਵਿਚ 59.8 ਪ੍ਰਤਿਸ਼ਤ ਸੀ। ਇਸੇ ਦੇਸ਼ ਵਿਚ ਪੱਕੇ ਮਕਾਨਾਂ ਦੀ ਉਪਲਬਧਤਾ ਸ਼ਹਿਰੀ ਇਲਾਕਿਆਂ ਵਿਚ 60.2 ਪ੍ਰਤਿਸ਼ਤ ਲੋਕਾਂ ਕੋਲ ਅਤੇ ਪੇਂਡੂ ਖੇਤਰਾਂ ਵਿਚ ਸਿਰਫ਼ 19.6 ਪ੍ਰਤਿਸ਼ਤ ਲੋਕਾਂ ਕੋਲ ਸੀ। ਕੇਂਦਰ ਸਰਕਾਰ ਨੇ, ਰਾਜ ਸਰਕਾਰਾਂ ਅਤੇ ਆਮ ਨਾਗਰਿਕਾਂ ਨਾਲ ਸਾਂਝੇ ਤੌਰ ਤੇ ਹਰ ਘਰ ਅਤੇ ਜਨਤਕ ਸਥਾਨਾਂ ਵਿਚ ਪਖ਼ਾਨਿਆਂ ਦੀ

ਸਹੂਲਤ ਹੋਣ ਲਈ ਇਕ ਮਿਸ਼ਨ ਦੇ ਤੌਰ ਤੇ ਪ੍ਰੋਗਰਾਮ ਚਲਾਇਆ ਹੈ। ਤਾਜ਼ਾ ਅੰਕੜਿਆਂ ਅਨੁਸਾਰ ਇਹ ਸਹੂਲਤ ਸ਼ਹਿਰਾਂ ਵਿਚ 80.8 ਪ੍ਰਤਿਸ਼ਤ ਅਤੇ ਪਿੰਡਾਂ ਵਿਚ ਸਿਰਫ਼ 34.1 ਪ੍ਰਤਿਸ਼ਤ ਘਰ ਪਰਿਵਾਰਾਂ ਨੂੰ ਹੀ ਪ੍ਰਾਪਤ ਹੈ। ਸੈਕੰਡਰੀ ਪੱਧਰ ਤਕ ਜਾਂ ਉੱਚ ਸਿੱਖਿਆ ਅੰਕੜੇ ਵੀ ਕੁਝ ਉਤਸ਼ਾਹਜਨਕ ਨਹੀਂ ਹਨ। ਇਨ੍ਹਾਂ ਕਾਰਜਾਂ ਵਿਚ ਸ਼ਤ ਪ੍ਰਤਿਸ਼ਤ ਸਫਲਤਾ ਹਾਸਲ ਕਰਨ ਲਈ ਵਿਸ਼ਾਲ ਸਰੋਤਾਂ, ਵੱਡੇ ਪੈਮਾਨੇ 'ਤੇ ਪੂੰਜੀ ਅਤੇ ਕੁਸ਼ਲ ਤੇ ਪਾਰਦਰਸ਼ੀ ਪ੍ਰਸ਼ਾਸਨਿਕ ਮਸ਼ੀਨਰੀ ਦੀ ਲੋੜ ਹੋਵੇਗੀ। ਪਰ ਅੱਜ ਸਾਡੀਆਂ ਮਿਊਂਸੀਪਲ ਅਥਾਰਿਟੀਆਂ ਇਹ ਕਾਰਜ ਕਰਨ ਲਈ ਨਾ ਤਾਂ ਪੂਰੀ ਤਰ੍ਹਾਂ ਸਮਰੱਥ ਹਨ ਅਤੇ ਨਾ ਹੀ ਉਨ੍ਹਾਂ ਨੂੰ ਨਵੀਂ ਸੂਚਨਾ ਅਤੇ ਸੰਚਾਰ ਤਕਨਾਲੋਜੀ ਅਤੇ ਹੋਰ ਨਵੀਨ ਖੋਜਾਂ ਦੀ ਵਰਤੋਂ ਦੀ ਜਾਂਚ ਹੈ। ਇਸ ਲਈ ਵੱਡੇ ਪੈਮਾਨੇ 'ਤੇ ਸਿਖਲਾਈ ਅਤੇ ਸਿੱਖਿਆ ਦੀ ਲੋੜ ਹੋਵੇਗੀ। ਸਰਕਾਰ ਇਕੱਲੀ ਇਸ ਕਾਰਜ ਨੂੰ ਪੂਰਾ ਨਹੀਂ ਕਰ ਸਕਦੀ। ਸਾਡੇ ਕਾਰਪੋਰੇਟ ਜਗਤ ਨੂੰ ਇਸ ਲਈ ਅੱਗੇ ਆਉਣਾ ਹੋਵੇਗਾ ਅਤੇ ਅਜਿਹੇ ਸਮਾਰਟ ਸਿਟੀ ਮਾਡਲ ਕਾਰਪੋਰੇਟ ਜਗਤ ਅਤੇ ਬਿਲਡਰਾਂ ਦੀ ਸ਼ਮੂਲੀਅਤ ਨਾਲ ਜਨਤਕ-ਨਿੱਜੀ ਭਾਈਵਾਲੀ ਵਿਚ ਹੀ ਉਸਾਰੇ ਜਾ ਸਕਦੇ ਹਨ। ਇਸ ਲਈ ਬੈਂਕਿੰਗ ਅਤੇ ਵਿੱਤੀ ਖੇਤਰ ਨੂੰ ਵੀ ਕਮਰ ਕੱਸਣੀ ਹੋਵੇਗੀ ਅਤੇ ਆਮ ਨਾਗਰਿਕਾਂ ਨੂੰ ਨਿਸ਼ਚਿਤ ਮਨਜ਼ੂਰਸ਼ੁਦਾ ਨਕਸ਼ੇ ਅਨੁਸਾਰ ਮਕਾਨ ਉਸਾਰੀ ਲਈ ਘੱਟ ਵਿਆਜ ਦਰਾਂ 'ਤੇ ਕਰਜ਼ੇ ਉਪਲਬਧ ਕਰਾਉਣੇ ਹੋਣਗੇ। ਇਹ ਵੀ ਧਿਆਨ ਰੱਖਣਾ ਪਵੇਗਾ ਕਿ ਅਜਿਹੇ ਸਮਾਰਟ ਸਿਟੀ ਉਸਾਰਨ ਲਈ ਘੱਟ ਤੋਂ ਘੱਟ ਕਿਸਾਨਾਂ ਦੀਆਂ ਜ਼ਮੀਨਾਂ ਲਈਆਂ ਜਾਣ ਅਤੇ ਉਨ੍ਹਾਂ ਉਪਰ ਅਸਰ ਬਹੁਤ ਹੀ ਘੱਟ ਹੋਣਾ ਚਾਹੀਦਾ ਹੈ। ਬਹੁ-ਮੰਜ਼ਿਲੇ ਰਿਹਾਇਸ਼ੀ ਮਕਾਨਾਂ ਦੇ ਬਲਾਕ ਅਤੇ ਬਹੁ-ਮੰਜ਼ਿਲੀ ਪਾਰਕਿੰਗ ਪ੍ਰਣਾਲੀ ਅਪਨਾ ਕੇ ਅਜਿਹੇ ਅਸਰ ਨੂੰ ਘੱਟ ਕੀਤਾ ਜਾ ਸਕਦਾ ਹੈ। ਕਈ ਬਾਹਰਲੇ ਦੇਸ਼ਾਂ, ਜਿਵੇਂ ਕਿ ਸਿੰਗਾਪੁਰ, ਜਪਾਨ ਅਤੇ ਇੰਗਲੈਂਡ ਆਦਿ ਨੇ ਭਾਰਤ ਦੇ ਇਸ ਵਿਸ਼ਾਲ ਪ੍ਰਜੈਕਟ ਵਿਚ ਦਿਲਚਸਪੀ ਦਿਖਾਈ ਹੈ ਅਤੇ ਇਸ ਵਿਚ ਪੂੰਜੀ ਨਿਵੇਸ਼ ਅਤੇ ਤਕਨਾਲੋਜੀ ਦੇਣ ਦੀ ਪੇਸ਼ਕਸ਼ ਵੀ ਕੀਤੀ ਹੈ ਜਿਸ ਦਾ ਲਾਭ ਉਠਾਉਣਾ ਚਾਹੀਦਾ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :rcsaldi@yahoo.com*

## ਖ਼ਬਰਾਂ ਵਿਚੋਂ ਖ਼ਬਰਾਂ

### ਸੁਤੰਤਰਤਾ ਦਿਵਸ ਮੌਕੇ ਪ੍ਰਧਾਨ ਮੰਤਰੀ ਦੇ ਭਾਸ਼ਨ ਦੀਆਂ ਝਲਕੀਆਂ

- 125 ਕਰੋੜ ਭਾਰਤੀਆਂ ਦੀ ਦ੍ਰਿੜ੍ਹ ਇੱਛਾ ਸ਼ਕਤੀ ਨੂੰ 'ਟੀਮ ਇੰਡੀਆ' ਦੇ ਤੌਰ ਤੇ ਉਭਾਰਿਆ, ਭ੍ਰਿਸ਼ਟਾਚਾਰ ਦਾ ਖਾਤਮਾ ਅਤੇ 2022 ਤਕ ਭਾਰਤ ਨੂੰ ਇਕ ਵਿਕਸਤ ਦੇਸ਼ ਬਣਾਉਣਾ, ਜੋ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਹੋਵੇਗੀ।

- ਕੋਲਾ, ਸਪੈਕਟ੍ਰਮ ਅਤੇ ਐੱਫ ਐੱਮ ਰੇਡੀਓ ਲਾਇਸੰਸ ਦੇਣ ਵਿਚ ਨਿਲਾਮੀ ਦੀ ਭੂਮਿਕਾ ਨੂੰ ਉਜਾਗਰ ਕੀਤਾ ਜਿਸ ਨਾਲ ਸ਼ਾਸਨ ਦੇ ਵੱਖ-ਵੱਖ ਪੱਖਾਂ ਤੋਂ ਭ੍ਰਿਸ਼ਟਾਚਾਰ ਦਾ ਖਾਤਮਾ ਹੋਇਆ।

- ਰਸੋਈ ਗੈਸ ਸਬਸਿਡੀ ਤਹਿਤ ਸਿੱਧੀ ਅਦਾਇਗੀ ਕਰਨ ਲਈ *ਪਹਿਲ* ਯੋਜਨਾ ਜਿਸ ਨਾਲ 15,000 ਕਰੋੜ ਰੁਪਏ ਦੀ ਬਚਤ ਹੋਈ।

- ਨਿੰਮ ਦੀ ਪਰਤ ਵਾਲਾ ਯੂਰੀਆ ਜਿਸ ਨਾਲ ਸਬਸਿਡੀ ਵਾਲਾ ਯੂਰੀਆ ਗ਼ੈਰ-ਖੇਤੀ ਉਦੇਸ਼ਾਂ ਵਲ ਜਾਣ 'ਤੇ ਲਗਾਮ ਲਾਉਣ ਵਿਚ ਮਦਦ ਮਿਲੀ।

- ਕਾਲੇ ਧਨ ਵਿਰੁੱਧ ਚਲਾਈ ਮੁਹਿੰਮ ਤਹਿਤ ਕਦਮ ਚੁੱਕੇ ਗਏ, ਬੇ-ਹਿਸਾਬੀ ਆਮਦਨ ਦੇ ਵਿਦੇਸ਼ਾਂ ਵਿਚ ਜਾਣ 'ਤੇ ਰੋਕ ਲੱਗੀ।

- *ਪ੍ਰਧਾਨ ਮੰਤਰੀ ਜਨ ਧਨ ਯੋਜਨਾ* ਤਹਿਤ 17 ਕਰੋੜ ਬੈਂਕ ਖਾਤੇ ਖੋਲ੍ਹਣ ਨਾਲ ਵਿੱਤੀ ਸ਼ਮੂਲੀਅਤ ਨੂੰ ਵੱਡਾ ਹੁੰਗਾਰਾ ਮਿਲਿਆ। ਜਨ ਧਨ ਖਾਤਿਆਂ ਵਿਚ ਜਮ੍ਹਾਂ ਕਰਵਾਏ 20,000 ਕਰੋੜ ਰੁਪਏ 'ਭਾਰਤ ਦੇ ਗਰੀਬਾਂ ਦੀ ਅਮੀਰੀ' ਨੂੰ ਦਰਸਾਉਂਦੇ ਹਨ।

- 50,000 ਕਰੋੜ ਰੁਪਏ ਦੀ ਲਾਗਤ ਵਾਲੀ *ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ* ਦੀ ਸ਼ੁਰੂਆਤ ਕੀਤੀ ਗਈ।

- ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਯੋਜਨਾ, ਮਜ਼ਦੂਰਾਂ ਦੀ ਭਲਾਈ ਲਈ ਵੀ ਯੋਜਨਾਵਾਂ ਦੀ ਸ਼ੁਰੂਆਤ ਕੀਤੀ ਗਈ।

- ਸਾਰੇ ਸਕੂਲਾਂ ਵਿਚ ਪਖ਼ਾਨਿਆਂ ਦਾ ਵਾਅਦਾ ਰਾਜਾਂ ਦੇ ਸਹਿਯੋਗ ਨਾਲ ਲਗਭਗ ਪੂਰਾ ਹੋ ਗਿਆ ਹੈ।

- ਬੱਚਿਆਂ ਨੂੰ 'ਸਵੱਛ ਭਾਰਤ ਅਭਿਆਨ' ਦੇ ਸਭ ਤੋਂ ਮਹਾਨ ਦੂਤ ਦੱਸਿਆ ਗਿਆ। ਇਸ ਦ੍ਰਿਸ਼ਟੀ ਨੇ ਭਾਰਤ ਦੇ ਲੋਕਾਂ ਵਿਚ ਵੱਡੀ ਦਿਲਚਸਪੀ ਜਗਾਈ ਹੈ।

- "ਸਟਾਰਟ-ਅੱਪ ਇੰਡੀਆ, ਸਟੈਂਡ-ਅਪ ਇੰਡੀਆ" ਪਹਿਲਕਦਮੀ ਦਾ ਐਲਾਨ ਕੀਤਾ ਗਿਆ ਜੋ ਭਾਰਤ ਦੇ ਨੌਜਵਾਨਾਂ ਦਰਮਿਆਨ ਉੱਦਮਤਾ ਨੂੰ ਉਤਸ਼ਾਹਿਤ ਕਰੇਗੀ। 1.25 ਲੱਖ ਬੈਂਕ ਸ਼ਾਖਾਵਾਂ ਵਿਚੋਂ ਹਰੇਕ ਨੂੰ ਘੱਟੋ-ਘੱਟ ਇਕ ਦਲਿਤ ਜਾਂ ਆਦਿਵਾਸੀ ਅਤੇ ਘੱਟੋ-ਘੱਟ ਇਕ ਔਰਤ ਉੱਦਮੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ❑❑

**ਵਿਚਾਰ**

- ਸਿਹਤ ਸਭ ਤੋਂ ਵੱਡੀ ਸੰਪਤੀ ਹੈ।
  (ਐਮਰਸਨ)
- ਸਰੀਰ ਨੂੰ ਦੁਰਬਲ ਤੇ ਬੀਮਾਰ ਰੱਖਣ ਤੋਂ ਵੱਧ ਹੋਰ ਕੋਈ ਪਾਪ ਨਹੀਂ ਹੈ।
  (ਲੋਕਮਾਨਿਆ ਤਿਲਕ)
- ਸਿਹਤ ਹੀ ਸਾਡੀ ਅਸਲੀ ਤੇ ਸੱਚੀ ਮਿੱਤਰ ਹੈ। (ਅਨਾਮ)
- ਸਿਹਤ ਬਗ਼ੈਰ ਮਨੁੱਖ ਵਿਅਰਥ ਹੀ ਹੈ।
  (ਕਹਾਵਤ)
- ਸਿਹਤ ਦੀ ਸੰਭਾਲ ਸਾਨੂੰ ਆਪ ਕਰਨੀ ਚਾਹੀਦੀ ਹੈ।
  (ਕਹਾਵਤ)
- ਇਲਾਜ ਕਰਨ ਵਾਲੇ ਮਨ ਦੀ ਅਰੋਗਤਾ ਦਾ ਇਲਾਜ ਕੀਤੇ ਬਿਨਾਂ ਸਰੀਰ ਨੂੰ ਸਵਸਥ ਕਰਨ ਦਾ ਜਤਨ ਕਰਦੇ ਹਨ ਜਦੋਂ ਕਿ ਮਨ ਤੇ ਸਰੀਰ ਇਕੋ ਹੀ ਹਨ।
  (ਅਫ਼ਲਾਤੂਨ)
- ਹਸਮੁੱਖ ਚਿਹਰਾ ਰੋਗੀ ਲਈ ਓਨਾ ਹੀ ਚੰਗਾ ਹੈ ਜਿੰਨੀ ਸਵਸਥ ਹੋਣ ਦੀ ਕਾਮਨਾ।
  (ਫਰੈਂਕਲਿਨ)

# ਸ਼ਕਤੀਸ਼ਾਲੀ ਭਾਰਤ ਬਣਾਉਣ ਲਈ ਡਿਜ਼ੀਟਲ ਤਕਨਾਲੋਜੀ

ਵਿਜੈ ਕੁਮਾਰ ਕੌਲ

ਜਾਣ ਪਛਾਣ

1 ਜੁਲਾਈ 2015 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 'ਡਿਜ਼ੀਟਲ ਇੰਡੀਆ' ਹਫ਼ਤੇ ਦਾ ਉਦਘਾਟਨ ਕੀਤਾ। ਡਿਜ਼ੀਟਲ ਤਕਨਾਲੋਜੀਆਂ ਜਾਂ ਕੰਪਿਊਟ੍ਰੀਕਰਨ, ਜੋ ਨਵੀਨਤਾ ਦੀ ਆਧੁਨਿਕ ਲਹਿਰ ਹੈ ਤੇ ਲੋਕਾਂ, ਉਤਪਾਦਾਂ ਅਤੇ ਸੇਵਾਵਾਂ ਨੂੰ ਆਪਸ ਵਿਚ ਜੋੜ ਰਹੀ ਹੈ, ਸੂਚਨਾ ਤਕਨਾਲੋਜੀ, ਦੂਰ-ਸੰਚਾਰ, ਇੰਟਰਨੈੱਟ ਅਤੇ ਦੂਸਰੀਆਂ ਸੰਬੰਧਿਤ ਤਕਨਾਲੋਜੀਆਂ ਦਾ ਸੁਮੇਲ ਹੈ। ਇਹ ਤਕਨਾਲੋਜੀ ਇਨਕਲਾਬ ਦਾ ਹਿੱਸਾ ਹੈ ਜੋ ਮੌਜੂਦਾ ਸਮੇਂ ਕੰਮ ਕਰ ਰਿਹਾ ਹੈ। ਪਹਿਲਾਂ ਹੀ ਅਜਿਹੀਆਂ ਪੰਜ ਤਕਨਾਲੋਜੀ ਕ੍ਰਾਂਤੀਆਂ ਹੋ ਚੁੱਕੀਆਂ ਹਨ ਅਤੇ ਛੇਵੀਂ ਜਾਰੀ ਹੈ। ਕੰਪਿਊਟਰੀਕਰਨ ਦੀ ਇਸ ਲਹਿਰ ਦੇ ਸੰਭਾਵੀ ਨਤੀਜੇ ਵੱਖ-ਵੱਖ ਦੇਸ਼ਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਬਦਲਾਅ ਦੇ ਰੂਪ ਵਿਚ ਨਿਕਲਣ ਦੀ ਉਮੀਦ ਹੈ।ਭਾਰਤ ਨੇ ਹਾਲੇ ਤਕ ਪੰਜ ਤਕਨਾਲੋਜੀ ਇਨਕਲਾਬਾਂ ਵਿਚ ਸ਼ਮੂਲੀਅਤ ਨਹੀਂ ਕੀਤੀ ਜੋ ਪਿਛਲੇ 250 ਸਾਲਾਂ ਵਿਚ ਹੋਏ ਹਨ। ਅਜਿਹੇ ਸਾਰੇ ਤਕਨਾਲੋਜੀ ਇਨਕਲਾਬ ਇਕ ਵਿਸ਼ੇਸ਼ ਪੱਛਮੀ ਦੇਸ਼ ਵਿਚ ਸ਼ੁਰੂ ਹੋਏ ਅਤੇ ਫਿਰ ਪੱਛਮ ਦੇ ਦੂਸਰੇ ਦੇਸ਼ ਵਿਚ ਫੈਲ ਗਏ। ਜ਼ਿਆਦਾਤਰ ਪੱਛਮੀ ਦੇਸ਼ਾਂ ਨੇ ਇਨ੍ਹਾਂ ਕ੍ਰਾਂਤੀਆਂ ਤੋਂ ਫ਼ਾਇਦਾ ਉਠਾਇਆ ਹੈ। ਆਜ਼ਾਦੀ ਪ੍ਰਾਪਤੀ ਤੋਂ ਛੇ ਦਹਾਕੇ ਬਾਅਦ ਵੀ ਭਾਰਤ ਗਰੀਬੀ, ਕੁਪੋਸ਼ਣ, ਬੇਰੁਜ਼ਗਾਰੀ, ਅਨਪੜ੍ਹਤਾ, ਸਿਹਤ ਸੰਭਾਲ ਅਤੇ ਹੁਣ ਵਾਤਾਵਰਨ ਵਿਚ ਨਿਘਾਰ ਜੇਹੀਆਂ ਸਮਾਜਿਕ-ਆਰਥਿਕ ਬੁਨਿਆਦੀ ਚੁਣੌਤੀਆਂ ਨਾਲ ਜੂਝ ਰਿਹਾ ਹੈ। ਇਹ ਸਮੱਸਿਆਵਾਂ ਲੰਮੇ ਸਮੇਂ ਦੇ ਬਸਤੀਵਾਦ ਅਤੇ ਮਾੜੀ ਸ਼ਾਸਨ ਪ੍ਰਣਾਲੀ ਦੀ ਉਪਜ ਹਨ। ਇਸ ਪਿੱਠਭੂਮੀ ਦੇ ਚਲਦਿਆਂ, ਆਧੁਨਿਕ ਕੰਪਿਊਟਰੀਕਰਨ ਤਕਨਾਲੋਜੀਆਂ ਵਿਚ ਅਜਿਹੀਆਂ ਬਹੁਤ ਸਾਰੀਆਂ ਤਕਨਾਲੋਜੀਆਂ ਦੇ ਹੱਲ ਦੀ ਸਮਰੱਥਾ ਹੈ।

**ਇਸ ਲੇਖ ਵਿਚ ਭਾਰਤ ਦੀਆਂ ਸਮਾਜਿਕ, ਆਰਥਿਕ ਸਮੱਸਿਆਵਾਂ ਦੇ ਹੱਲ ਲਈ ਆਧੁਨਿਕ ਕੰਪਿਊਟਰੀਕਰਨ ਤਕਨਾਲੋਜੀਆਂ ਦੀ ਭੂਮਿਕਾ ਦੀ ਪੜਚੋਲ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਹੇਠ ਦਿਤੇ ਸਵਾਲਾਂ 'ਤੇ ਕੇਂਦਰਿਤ ਹੋਵੇਗੀ : ਕੀ ਇਹ ਭਾਰਤ ਦੇ ਵਸਨੀਕਾਂ ਨੂੰ ਸ਼ਮੂਲੀਅਤ ਵਾਲਾ ਵਿਕਾਸ ਮੁਹੱਈਆ ਕਰਵਾਉਣ ਵਿਚ ਮਦਦਗਾਰ ਹੋਵੇਗੀ, ਜਿਸ ਨਾਲ ਇੱਛਤ ਸਮਾਜਿਕ ਬਦਲਾਅ ਆ ਸਕਦਾ ਹੈ?**


## ਸਮਾਜਿਕ-ਆਰਥਿਕ ਚੁਣੌਤੀਆਂ, ਸ਼ਮੂਲੀਅਤ ਵਾਲਾ ਵਿਕਾਸ ਅਤੇ ਨਵੀਂ ਤਕਨਾਲੋਜੀ ਨੂੰ ਅਪਣਾਉਣਾ

ਭਾਰਤ ਨੂੰ ਅਨੇਕ ਸਮਾਜਿਕ, ਆਰਥਿਕ ਅਤੇ ਵਾਤਾਵਰਨਿਕ ਚੁਣੌਤੀਆਂ ਦਰਪੇਸ਼ ਹਨ। ਭਾਰਤ ਵਿਚ ਗਰੀਬ ਲੋਕਾਂ ਦੀ ਸੰਖਿਆ ਦੁਨੀਆਂ ਵਿਚ ਸਭ ਤੋਂ ਵੱਧ ਹੈ। ਭਾਰਤੀ ਬੱਚਿਆਂ ਦੀ ਵੱਡੀ ਗਿਣਤੀ ਹਾਲੇ ਵੀ ਕੁਪੋਸ਼ਣ ਦਾ ਸ਼ਿਕਾਰ ਹੈ। ਜੇ ਅਸੀਂ ਟੀ.ਬੀ., ਕੈਂਸਰ ਅਤੇ ਸ਼ੱਕਰ ਰੋਗ ਜਿਹੀਆਂ ਬਹੁਤ ਸਾਰੀਆਂ ਬੀਮਾਰੀਆਂ ਬਾਰੇ ਗੱਲ ਕਰੀਏ ਤਾਂ ਵੇਖਾਂਗੇ ਕਿ ਭਾਰਤ ਸਾਰੇ ਦੇਸ਼ਾਂ ਨਾਲੋਂ ਅੱਗੇ ਹੈ। ਭਾਵੇਂ ਕਿ ਸਮੇਂ ਨਾਲ ਸਾਡੀ ਸਾਖਰਤਾ ਦਰ ਵਿਚ ਸੁਧਾਰ ਆਇਆ ਹੈ, ਪਰ ਹਾਲੇ ਵੀ ਭਾਰਤ ਵਿਚ ਅਨਪੜ੍ਹ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ। ਨੌਜਵਾਨਾਂ ਦੀ ਵੱਡੀ ਗਿਣਤੀ ਬੇਰੁਜ਼ਗਾਰ ਹੈ। ਇਸ ਸਮੱਸਿਆ ਦੇ ਆਉਣ ਵਾਲੇ ਸਾਲਾਂ ਵਿਚ ਹੋਰ ਵਧਣ ਦੀ ਉਮੀਦ ਹੈ। ਸਭ ਤੋਂ ਉੱਤੇ, ਵਿਸ਼ਵ ਆਰਥਿਕਤਾ ਨਾਲ ਏਕੀਕਰਨ ਨੇ ਸਮਾਜ ਦੇ ਹਾਸ਼ੀਏ 'ਤੇ ਪਏ ਵਰਗਾਂ ਦੀਆਂ ਸਮੱਸਿਆਵਾਂ ਹੋਰ ਵਧਾ ਦਿਤੀਆਂ ਹਨ। ਅੱਗੇ ਚਿੱਤਰ-1 ਵਿਚ ਭਾਰਤ ਸਾਹਮਣੇ ਖੜ੍ਹੀਆਂ ਸਮਾਜਿਕ-ਆਰਥਿਕ ਚੁਣੌਤੀਆਂ ਨੂੰ ਦਰਸਾਇਆ ਗਿਆ ਹੈ।

ਜਿਵੇਂ ਕਿ ਕਲਪਨਾ ਕੀਤੀ ਜਾ ਸਕਦੀ ਹੈ, ਇਨ੍ਹਾਂ ਸਮੱਸਿਆਵਾਂ ਦੇ ਹੱਲ ਐਨੇ ਸੌਖੇ ਨਹੀਂ। ਨਾਲ ਹੀ, ਇਹ ਮੁਸ਼ਕਿਲਾਂ ਇਕ ਦੂਜੀ ਨਾਲ ਜੁੜੀਆਂ ਹੋਈਆਂ ਹਨ। ਮਿਸਾਲ ਦੇ ਲਈ, ਗਰੀਬੀ, ਸੰਮਿਲਤ ਵਿਕਾਸ, ਅੰਨ ਸੁਰੱਖਿਆ ਅਤੇ ਨੌਕਰੀ ਪੈਦਾ ਕਰਨ ਜਿਹੀਆਂ ਸਮੱਸਿਆਵਾਂ ਸਾਡੀ ਖੇਤੀਬਾੜੀ ਅਤੇ ਖੇਤੀ ਸੰਬੰਧੀ ਈਕੋ-ਪ੍ਰਣਾਲੀ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਦੇ ਹੱਲ ਲਈ ਖੇਤੀਬਾੜੀ ਅਤੇ ਇਸ ਦੀ ਵਾਤਾਵਰਨ ਪ੍ਰਣਾਲੀ ਵਿਚ ਸੁਧਾਰਾਂ ਦੀ ਲੋੜ ਹੈ। ਇਸ ਵਾਸਤੇ ਵਿਆਪਕ ਨੀਤੀ ਢਾਂਚਾ ਲੋੜੀਂਦਾ ਹੈ ਜੋ ਇਨ੍ਹਾਂ ਅੰਦਰ ਸੰਬੰਧਿਤ ਸਮੱਸਿਆਵਾਂ ਨੂੰ ਪ੍ਰਭਾਵਤ ਅਤੇ ਹੱਲ ਕਰੇਗਾ। ਸਾਰੇ ਖੇਤਰਾਂ ਲਈ ਇਕ ਸਾਂਝਾ ਹੱਲ ਸੰਭਵ ਨਹੀਂ ਜਾਂ ਜੇ ਇਸ ਨੂੰ ਅਮਲ ਵਿਚ ਲਿਆਂਦਾ ਵੀ ਜਾਵੇ ਤਾਂ ਮਦਦਗਾਰ ਨਹੀਂ ਹੋਵੇਗਾ। ਬੇਹਤਰ ਹੱਲ ਵਿਕਸਤ ਕਰਨ ਸਮੇਂ ਖੇਤਰੀ ਸਰੋਤ, ਲੋਕਾਂ ਦੀ ਤਿਆਰੀ ਉਨ੍ਹਾਂ ਦੀ ਸ਼ਮੂਲੀਅਤ ਅਤੇ ਸਮਰਥਾਵਾਂ, ਸਥਾਨਕ ਅਧਿਕਾਰੀਆਂ ਦੀ ਦੂਰ-ਦ੍ਰਿਸ਼ਟੀ ਜਾਂ ਸ਼ਾਸਨ ਪ੍ਰਣਾਲੀਆਂ ਨੂੰ ਦਿਮਾਗ ਵਿਚ ਰੱਖਣਾ ਪਵੇਗਾ (ਅਗਲੇ ਪੰਨੇ ਉੱਤੇ ਦੇਖੋ ਚਿੱਤਰ-1)।

ਇਸੇ ਸਮੇਂ, ਕੰਪਿਊਟਰੀਕ੍ਰਿਤ ਰੂਪ ਵਿਚ ਜੋ ਨਵੀਆਂ ਤਕਨਾਲੋਜੀਆਂ ਪਿਛਲੇ ਕੁਝ ਦਹਾਕਿਆਂ ਵਿਚ ਉੱਭਰ ਕੇ ਆਈਆਂ ਹਨ, ਦੇ ਵੀ ਵਿਕਾਸਸ਼ੀਲ ਦੇਸ਼ਾਂ ਵਿਚ ਅਜਿਹੀਆਂ ਸਮਾਜਿਕ-ਆਰਥਿਕ ਸਮੱਸਿਆਵਾਂ ਦੇ ਹੱਲ 'ਤੇ ਬਹੁਤ ਸਾਰੇ ਪ੍ਰਭਾਵ ਪੈਂਦੇ ਹਨ। ਕੰਪਿਊਟਰ ਤਕਨਾਲੋਜੀਆਂ ਨੂੰ ਅਮਲ

ਚਿੱਤਰ-1 : ਸ਼ਾਸਨ, ਤਕਨਾਲੋਜੀ ਅਤੇ ਭਾਰਤ ਵਿਚ ਸਮੁੱਚਿਤ ਵਿਕਾਸ




'ਚ ਲਿਆਉਣ ਨੇ ਖ਼ਾਸ ਕਰਕੇ ਸਿੱਖਿਆ, ਸ਼ਾਸਨ ਵਿਚ ਪਾਰਦਰਸ਼ਤਾ ਦਾ ਸੁਧਾਰ, ਲੋਕਾਂ ਵਿਚ ਸੰਪਰਕ ਵਧਾਉਣ, ਉਤਪਾਦਕਤਾ ਵਿਚ ਸੁਧਾਰ, ਉੱਦਮਾਂ ਦੀ ਕਾਰਗੁਜ਼ਾਰੀ ਵਿਚ ਅਚਾਨਕ ਤੇਜ਼ੀ ਦੇ ਖੇਤਰਾਂ ਵਿਚ ਸ਼ਾਨਦਾਰ ਅਸਰ ਛੱਡਿਆ ਹੈ। ਖੇਤੀ, ਦਿਹਾਤੀ ਖੇਤਰ, ਸਿੱਖਿਆ, ਨਿੰਰਮਾਣ, ਸਿਹਤ ਸੰਭਾਲ ਅਤੇ ਈ-ਸ਼ਾਸਨ ਖੇਤਰਾਂ ਵਿਚ ਇਨ੍ਹਾਂ ਤਕਨਾਲੋਜੀਆਂ ਨੂੰ ਅਮਲ ਵਿਚ ਲਿਆਉਣ ਲਈ ਚਰਚਾ ਕੀਤੀ ਜਾਵੇਗੀ।

ਚਿੱਤਰ-1 ਭਾਰਤ ਦੀਆਂ ਸਮਾਜਿਕ-ਆਰਥਿਕ ਚੁਨੌਤੀਆਂ, ਉਨ੍ਹਾਂ ਦੇ ਹੱਲ ਅਤੇ ਸੰਮਿਲਤ ਵਿਕਾਸ ਦੇ ਰੂਪ ਵਿਚ ਉਨ੍ਹਾਂ ਦੇ ਨਤੀਜੇ ਦਰਮਿਆਨ ਸੰਬੰਧਾਂ ਨੂੰ ਪੇਸ਼ ਕਰਦਾ ਹੈ। ਇਤਿਹਾਸਕ ਤੌਰ ਤੇ, ਪਹਿਲੇ ਸਮਿਆਂ ਵਿਚ ਭਾਰਤ ਦੁਨੀਆਂ ਦਾ, ਸਭ ਤੋਂ ਖ਼ੁਸ਼ਹਾਲ ਦੇਸ਼ ਹੈ। ਲੰਮੇ ਸਮੇਂ ਦੇ ਬਸਤੀਵਾਦੀ ਨਿਜ਼ਾਮ ਨੇ ਇਸ ਦੀ ਖ਼ੁਸ਼ਹਾਲੀ ਨੂੰ ਖੋਹ ਲਿਆ। ਦੇਸ਼ ਨੇ ਕਿਸੇ ਵੀ ਤਕਨਾਲੋਜੀ ਇਨਕਲਾਬ ਵਿਚ ਹਿੱਸਾ ਨਹੀਂ ਲਿਆ। ਆਜ਼ਾਦੀ ਮਿਲਣ ਸਮੇਂ ਇਹ ਗਰੀਬ ਦੇਸ਼ਾਂ ਵਿਚੋਂ ਇਕ ਸੀ ਜਿਥੇ ਬਹੁਤ ਜ਼ਿਆਦਾ ਗਰੀਬੀ, ਅਨਪੜ੍ਹਤਾ ਦਾ ਪਸਾਰਾ ਸੀ ਅਤੇ ਸਮਾਜਿਕ-ਆਰਥਿਕ ਸੂਚਕ ਬਹੁਤ ਮਾੜੀ ਦਸ਼ਾ ਵਿਚ ਸਨ। ਪਿਛਲੇ ਛੇ ਦਹਾਕਿਆਂ ਦੇ ਇਸ ਦੇ ਆਪਣੇ ਲੋਕਾਂ ਦਾ ਸਵੈ-ਸ਼ਾਸਨ ਵੀ ਇਸ ਦੀਆਂ ਮੁਸ਼ਕਲਾਂ ਨੂੰ ਹੱਲ ਨਹੀਂ ਕਰ ਸਕਿਆ। ਇਸ ਲਈ, ਚਿੱਤਰ-1 ਦਰਸਾਉਂਦਾ ਹੈ ਕਿ ਮਾੜੀ ਸ਼ਾਸਨ ਪ੍ਰਣਾਲੀ ਆਰਥਿਕਤਾ ਦੀ ਮਾੜੀ ਕਾਰਗੁਜ਼ਾਰੀ ਅਤੇ ਇਸ ਦੇ ਸੰਚਾਲਨ ਲਈ ਜ਼ਿੰਮੇਵਾਰ ਹੈ।

**ਬੇਹਤਰ ਸ਼ਾਸਨ ਇਸ ਦੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਇਹ ਦਿਖਾਇਆ ਗਿਆ ਹੈ ਕਿ ਸੁਸ਼ਾਸਨ ਦਾ ਨਤੀਜਾ ਬੇਹਤਰ ਆਰਥਿਕਤਾ ਤੇ ਸਮਾਜਿਕ ਨੀਤੀਆਂ, ਬੇਹਤਰ ਯੋਜਨਾਵਾਂ ਦੇ ਰੂਪ ਵਿਚ ਮਿਲ ਸਕਦਾ ਹੈ, ਜਿਨ੍ਹਾਂ ਨੂੰ ਜੇ ਢੁਕਵੇਂ ਤਰੀਕੇ ਨਾਲ ਲਾਗੂ ਕੀਤਾ ਜਾਵੇ ਤਾਂ ਇਸ ਨਾਲ ਸੰਮਿਲਤ ਵਿਕਾਸ ਨੂੰ ਹੁਲਾਰਾ ਮਿਲ ਸਕਦਾ ਹੈ।**

ਇਥੇ ਆਧੁਨਿਕ ਤਕਨਾਲੋਜੀਆਂ ਦੀ ਭੂਮਿਕਾ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ। ਫਰਮ, ਸ਼ਹਿਰ ਅਤੇ ਆਰਥਿਕਤਾ ਸ਼ਾਸਨ ਪ੍ਰਣਾਲੀ ਵਿਚ ਡਿਜ਼ੀਟਲ ਤਕਨਾਲੋਜੀਆਂ ਇਕ ਵੱਡਾ ਬਦਲਾਅ ਲੈ ਕੇ ਆਈਆਂ ਹਨ। ਇਨ੍ਹਾਂ ਤਕਨਾਲੋਜੀਆਂ ਨਾਲ ਸਰਕਾਰੀ ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਅਮਲ ਵਿਚ ਲਿਆਉਣ ਲਈ ਹੋਰ ਸਹਾਇਤਾ ਮਿਲੀ ਹੈ। ਕੁੱਲ ਮਿਲਾ ਕੇ ਇਹ ਆਖਿਆ ਜਾ ਸਕਦਾ ਹੈ ਕਿ ਦੇਸ਼ ਨੂੰ ਦਰਪੇਸ਼ ਮੌਜੂਦਾ ਸਮਾਜਿਕ-ਆਰਥਿਕ ਚੁਨੌਤੀਆਂ ਨਾਲ ਸੁਸ਼ਾਸਨ ਦੀ ਸਹਾਇਤਾ ਨਾਲ ਨਜਿੱਠਿਆ ਜਾ ਸਕਦਾ ਹੈ ਜਿਨ੍ਹਾਂ ਦਾ ਕੇਂਦਰ ਬਿੰਦੂ ਢੁਕਵੀਆਂ ਜਨਤਕ ਨੀਤੀਆਂ, ਪ੍ਰੋਗਰਾਮ ਅਤੇ ਯੋਜਨਾਵਾਂ ਅਤੇ ਆਧੁਨਿਕ ਤਕਨਾਲੋਜੀਆਂ ਦੀ ਵਰਤੋਂ ਹੋਵੇਗਾ ਤਾਂ ਕਿ ਇਹ ਆਮ ਜਨਤਾ ਤਕ ਅੱਪੜ ਸਕਣ। ਇਸ ਸਭ ਕਰਕੇ ਦੇਸ਼ ਅੰਦਰ ਸਰਬਪੱਖੀ ਸੰਮਿਲਤ ਵਿਕਾਸ ਹੋਵੇਗਾ।

## ਆਧੁਨਿਕ ਤਕਨਾਲੋਜੀਆਂ ਅਤੇ ਭਾਰਤ ਦਾ ਸਮੁੱਚਾ ਵਿਕਾਸ

ਪਿਛਲੇ 250 ਸਾਲਾਂ ਦੌਰਾਨ ਦੁਨੀਆਂ ਬੇਮਿਸਾਲ ਤਕਨਾਲੋਜੀ ਬਦਲਾਵਾਂ ਦੀ ਗਵਾਹ ਬਣੀ ਹੈ। ਇਨ੍ਹਾਂ ਵਿਆਪਕ ਤਕਨਾਲੋਜੀ ਬਦਲਾਵਾਂ ਅਤੇ ਤਰੱਕੀ ਦਾ ਪਸਾਰ ਤਕਨਾਲੋਜੀ ਇਨਕਲਾਬ ਵਜੋਂ ਜਾਣਿਆ ਗਿਆ ਹੈ। ਅਜਿਹੇ ਪੰਜ ਤਕਨਾਲੋਜੀ ਬਦਲਾਅ ਹੇਠਾਂ ਦਿਤੀ ਤਾਲਿਕਾ-1 ਵਿਚ ਦਿਖਾਏ ਗਏ ਹਨ। ਛੇਵਾਂ ਇਨਕਲਾਬ ਹੋਂਦ ਵਿਚ ਆ ਰਿਹਾ ਹੈ। ਤਕਨਾਲੋਜੀ ਬਦਲਾਵਾਂ ਦੇ ਇਨ੍ਹਾਂ ਦੌਰਾਂ ਨੂੰ ਇਨਕਲਾਬ ਆਖਿਆ ਜਾਂਦਾ ਹੈ ਕਿਉਂਕਿ ਦੇਸ਼ ਦੀ ਸਾਰੀ ਆਰਥਿਕਤਾ 'ਤੇ ਉਨ੍ਹਾਂ ਦਾ ਪਰਿਵਰਤਨਸ਼ੀਲ ਪ੍ਰਭਾਵ ਪੈਂਦਾ ਹੈ।

ਹਰੇਕ ਤਕਨਾਲੋਜੀ ਇਨਕਲਾਬ ਵਿਕਾਸ ਨੂੰ ਵੱਡਾ ਹੁਲਾਰਾ ਦਿੰਦਾ ਹੈ ਜੋ ਵਿਕਾਸ, ਉਤਪਾਦਕਤਾ ਵਿਚ ਵਾਧੇ, ਉਤਪਾਦ ਵਿਭਿੰਨਤਾ, ਭੂਗੋਲਿਕ ਪਸਾਰ ਅਤੇ ਸਮਾਜਿਕ ਲਾਭ ਦੇ ਮਾਮਲੇ ਵਿਚ ਆਪਣੀ ਪੂਰੀ ਸਮਰੱਥਾ ਦਿਖਾਉਣ ਲਈ ਇਕ ਸਦੀ ਤੋਂ ਉਪਰ ਸਮਾਂ ਲੈ ਲੈਂਦਾ ਹੈ। ਪੂੰਜੀਵਾਦ ਵਿਚ ਤਰੱਕੀ ਵਿਕਾਸ ਦੀਆਂ ਵੱਖ-ਵੱਖ ਸਫਲ ਚੜ੍ਹਾਈਆਂ ਵਿਚੋਂ ਗੁਜ਼ਰਨ ਨਾਲ ਪ੍ਰਾਪਤੀ ਹੁੰਦੀ ਹੈ। ਜਿਨ੍ਹਾਂ ਪਿੱਛੇ ਕ੍ਰਮਵਾਰ ਤਕਨਾਲੋਜੀ ਇਨਕਲਾਬਾਂ ਦਾ ਹੱਥ ਹੁੰਦਾ ਹੈ।

ਭਾਰਤ ਦੀਆਂ ਸਮਾਜਿਕ-ਆਰਥਿਕ ਵਿਸ਼ੇਸ਼ਤਾਵਾਂ ਨੂੰ ਧਿਆਨ ਵਿਚ ਰੱਖਦਿਆਂ ਦੇਸ਼ ਨੂੰ ਖ਼ਾਸ ਕਿਸਮ ਦੀਆਂ ਤਕਨਾਲੋਜੀਆਂ ਦੀ ਲੋੜ ਹੈ ਤਾਂ ਕਿ ਸਮੁੱਚਾ ਵਿਕਾਸ ਹਾਸਲ ਕੀਤਾ ਜਾ ਸਕੇ। ਮੈਕਿੰਜੇ ਗਲੋਬਲ ਇੰਸਟੀਚਿਊਟ ਨੇ ਭਾਰਤ ਵਾਸਤੇ 12 ਤਕਨਾਲੋਜੀਆਂ ਦੀ ਪਛਾਣ ਕੀਤੀ ਹੈ ਜਿਨ੍ਹਾਂ ਨੂੰ ਨਿਰਧਾਰਤ ਸਮਾਂ ਸੀਮਾ ਅੰਦਰ ਤੇਜ਼ੀ ਨਾਲ ਅਪਣਾਇਆ ਜਾ ਸਕਦਾ ਹੈ। ਇਨ੍ਹਾਂ ਤਕਨਾਲੋਜੀਆਂ ਦੇ ਫ਼ਾਇਦੇ ਅਤੇ ਪ੍ਰਭਾਵ ਵਿਆਪਕ ਤੌਰ ਤੇ ਮਹਿਸੂਸ ਕੀਤੇ ਜਾ ਸਕਣਗੇ ਜੋ ਬਹੁਤ ਸਾਰੇ ਲੋਕਾਂ, ਸੰਸਥਾਨਾਂ, ਉਤਪਾਦਾਂ ਅਤੇ ਬਾਜ਼ਾਰਾਂ

| ਤਾਲਿਕਾ-1 : ਤਕਨਾਲੋਜੀ ਕ੍ਰਾਂਤੀ | |
|---|---|
| ਸਾਲ ਅਤੇ ਪ੍ਰਮੁੱਖ ਦੇਸ਼ | |
| 1771, ਇੰਗਲੈਂਡ | ਉਦਯੋਗਿਕ ਕ੍ਰਾਂਤੀ (ਮਸ਼ੀਨਾਂ, ਕਾਰਖ਼ਾਨੇ ਅਤੇ ਨਹਿਰਾਂ) |
| 1829, ਯੂ.ਕੇ. | ਭਾਫ਼, ਕੋਲੇ, ਲੋਹੇ ਅਤੇ ਰੇਲਵੇ ਦਾ ਯੁਗ |
| 1857, ਯੂ.ਕੇ., ਯੂ.ਐੱਸ ਏ ਅਤੇ ਜਰਮਨੀ | ਇਸਪਾਤ, ਭਾਰੀ ਉਦਯੋਗ (ਬਿਜਲਈ, ਰਸਾਇਣਕ, ਸਿਵਲ ਨੇਵੀ ਦਾ ਯੁਗ |
| 1908, ਯੂ ਐੱਸ ਏ | ਆਟੋਮੋਬਾਈਲ, ਤੇਲ, ਪੈਟਰੋ ਕੈਮੀਕਲਜ਼ ਅਤੇ ਸਮੂਹਕ ਉਤਪਾਦਨ ਦਾ ਯੁਗ |
| 1971, ਯੂ ਐੱਸ ਏ | ਸੂਚਨਾ ਤਕਨਾਲੋਜੀ ਅਤੇ ਦੂਰ-ਸੰਚਾਰ ਦਾ ਯੁਗ |
| 2000? | ਕੰਪਿਊਟਰੀਕਰਨ, ਬਾਇਓਟੈਕ, ਬਾਇਓ ਇਲੈਕਟ੍ਰਾਨਿਕਸ, ਨੈਨੋਟੈਕ ਅਤੇ ਨਵੀਂ ਸਮੱਗਰੀ ਦਾ ਯੁਗ |

ਨੂੰ ਪ੍ਰਭਾਵਤ ਕਰਨਗੇ। ਉਹ ਇਨ੍ਹਾਂ ਤਕਨਾਲੋਜੀਆਂ ਦੀ ਮਹੱਤਵਪੂਰਨ ਆਰਥਿਕ ਪ੍ਰਭਾਵਾਂ ਵਜੋਂ ਪਛਾਣ ਕਰਦੇ ਹਨ।

ਭਾਰਤ ਵਾਸਤੇ 12 ਸ਼ਕਤੀਸ਼ਾਲੀ ਤਕਨਾਲੋਜੀਆਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ : (1) ਉਹ ਤਕਨਾਲੋਜੀਆਂ ਜੋ ਜੀਵਨ ਅਤੇ ਕੰਮ ਦਾ ਕੰਪਿਊਟਰੀਕਰਨ ਕਰਦੀਆਂ ਹਨ, (2) ਸਮਾਰਟ ਭੌਤਿਕ ਪ੍ਰਣਾਲੀਆਂ, ਅਤੇ (3) ਊਰਜਾ ਬਾਰੇ ਮੁੜ ਤੋਂ ਸੋਚਣ ਲਈ ਤਕਨਾਲੋਜੀਆਂ (ਵੇਖੋ ਤਾਲਿਕਾ-2)। ਇਥੇ, ਚਾਰ ਤਕਨਾਲੋਜੀਆਂ ਭਾਰਤੀ ਸੰਦਰਭ ਵਿਚ ਵਿਸ਼ੇਸ਼ ਪ੍ਰਸੰਗਿਕ ਹਨ : ਡਿਜ਼ੀਟਲ ਭੁਗਤਾਨ ਦੀਆਂ ਤਕਨਾਲੋਜੀਆਂ, ਪੁਸ਼ਟੀਯੋਗ ਡਿਜ਼ੀਟਲ ਪਛਾਣ, ਚੁਸਤ ਆਵਾਜਾਈ ਅਤੇ ਵੰਡ ਤੇ ਆਧੁਨਿਕ ਜੀ ਆਈ ਐੱਸ। ਸਾਰੀਆਂ 4 ਤਕਨਾਲੋਜੀਆਂ ਦੇ ਆਉਂਦੇ ਦਹਾਕੇ ਵਿਚ ਤੇਜ਼ੀ ਨਾਲ ਅਪਣਾਏ ਜਾਣ ਦੀ ਉਮੀਦ ਹੈ। ਕੁਝ ਹੋਰ ਤਕਨਾਲੋਜੀਆਂ – ਆਰਥਿਕ ਰੋਬੋਟ, ਸਵੈ-ਚਾਲਿਤ ਵਾਹਨ, 3ਡੀ ਪ੍ਰਿੰਟਿੰਗ ਅਤੇ ਆਧੁਨਿਕ ਸਮੱਗਰੀ ਵੀ ਭਾਰਤ ਵਾਸਤੇ ਵਿਸ਼ੇਸ਼ ਮਹੱਤਵ ਰੱਖਦੀਆਂ ਹਨ।

ਭਾਰਤ ਲਈ 12 ਸ਼ਕਤੀਸ਼ਾਲੀ ਤਕਨਾਲੋਜੀਆਂ ਵਿਚ ਆਰਥਿਕ ਅਤੇ ਸਮਾਜਿਕ ਮੁੱਲ ਨਿਰਮਾਣ ਕਰਨ ਦੀ ਸਮਰੱਥਾ ਹੈ ਜਿਸ ਨਾਲ ਭਾਰਤ ਤੇਜ਼ ਆਰਥਿਕ ਵਿਕਾਸ, ਵਧੇਰੇ ਸਮਾਜਿਕ ਸ਼ਮੂਲੀਅਤ ਅਤੇ ਬੇਹਤਰ ਸੁਸ਼ਾਸਨ ਦੇ ਟੀਚੇ 2025 ਤਕ ਪ੍ਰਾਪਤ ਕਰ ਸਕਦਾ ਹੈ। ਪਹਿਲਾਂ ਅਸੀਂ ਡਿਜ਼ੀਟਲ ਭਾਰਤ ਪ੍ਰੋਗਰਾਮ 'ਤੇ ਇਕ ਚਰਚਾ ਨਾਲ ਸ਼ੁਰੂਆਤ ਕਰਾਂਗੇ। ਬਾਅਦ ਵਿਚ ਭਾਰਤੀ ਆਰਥਿਕਤਾ ਦੇ ਪੰਜ ਖੇਤਰਾਂ ਉੱਤੇ ਕੰਪਿਊਟਰੀਕਰਨ ਦੇ ਪ੍ਰਭਾਵ 'ਤੇ ਧਿਆਨ ਕੇਂਦਰਿਤ ਕਰਾਂਗੇ।

## ਡਿਜ਼ੀਟਲ ਭਾਰਤ – ਤਕਨਾਲੋਜੀ ਤੋਂ ਲਾਹਾ ਲੈਣ ਦੀ ਕੋਸ਼ਿਸ਼

ਭਾਰਤ ਸਰਕਾਰ ਵਲੋਂ ਸ਼ੁਰੂ ਕੀਤਾ ਡਿਜ਼ੀਟਲ ਭਾਰਤ ਪ੍ਰੋਗਰਾਮ ਤਕਨਾਲੋਜੀ ਨੂੰ ਲੋਕਾਂ ਦੇ ਭਲੇ ਵਾਸਤੇ ਵਰਤਣ ਦੀ ਇਕ ਕੋਸ਼ਿਸ਼ ਹੈ ਤਾਂ ਕਿ ਦੇਸ਼ ਨੂੰ ਦਰਪੇਸ਼ ਕੁਝ ਚੁਣੌਤੀਆਂ ਤੋਂ ਪਾਰ ਪਾਇਆ ਜਾ ਸਕੇ। ਇਹ ਪ੍ਰੋਗਰਾਮ ਡਿਜ਼ੀਟਲ ਭਾਰਤ ਦਾ ਇਕ ਰਸਤਾ ਬਣਾਉਂਦਾ ਹੈ ਜਿਥੇ ਡਿਜ਼ੀਟਲ ਤੌਰ ਤੇ ਸਾਖਰ ਵਸੋਂ ਅਸੀਮ ਸੰਭਾਵਨਾਵਾਂ ਲਈ ਤਕਨਾਲੋਜੀ ਦਾ ਇਸਤੇਮਾਲ ਕਰ ਸਕਦੀ ਹੈ। ਸਾਡੇ ਰਾਜ ਨੇਤਾਵਾਂ ਨੇ ਇਹ ਸਾਫ਼ ਕਰ ਦਿਤਾ ਹੈ ਕਿ ਬ੍ਰਾਡਬੈਂਡ ਸ਼ਾਹਰਾਹ ਵੀ ਉਨੇ ਹੀ ਮਹੱਤਵਪੂਰਨ ਹਨ ਜਿੰਨੇ ਰਾਸ਼ਟਰੀ ਸ਼ਾਹਰਾਹ। ਸਾਡੇ ਰਾਜਸੀ ਨੇਤਾਵਾਂ ਵਿਚ ਸਪੱਸ਼ਟ ਸਮਝ ਬਣ ਗਈ ਹੈ ਜਦੋਂ ਕਿ ਅੰਤਮ ਟੀਚਾ ਬੇਹਤਰ ਸੇਵਾਵਾਂ, ਨਵੀਨ ਖੋਜਾਂ ਅਤੇ ਹੋਰ ਨੌਕਰੀਆਂ ਪੈਦਾ ਕਰਨ ਦਾ ਹੈ, ਪੂਰੇ ਭਾਰਤ ਵਿਚ ਨੈੱਟਵਰਕ ਬਣਾਉਣਾ ਹੈ।

ਡਿਜ਼ੀਟਲ ਭਾਰਤ ਪ੍ਰੋਗਰਾਮ ਹਰੇਕ ਵਿਅਕਤੀ ਨੂੰ ਡਿਜ਼ੀਟਲ ਢਾਂਚਾ ਸਹੂਲਤ ਦੇ ਰਿਹਾ ਹੈ, ਸੁਸ਼ਾਸਨ ਦੇ ਰਿਹਾ ਹੈ ਅਤੇ ਮੰਗਣ 'ਤੇ ਸੇਵਾਵਾਂ ਦੇ ਰਿਹਾ ਹੈ ਅਤੇ ਨਾਗਰਿਕਾਂ ਦੇ ਸਸ਼ਕਤੀਕਰਨ ਨੂੰ ਸੰਭਵ ਕਰ ਰਿਹਾ ਹੈ। ਇਸ ਪ੍ਰਾਜੈਕਟ ਤਹਿਤ ਵਿਕਾਸ ਦੇ ਨੌਂ ਸਤੰਭ ਪਛਾਣੇ ਗਏ ਹਨ। ਸਰਕਾਰ ਦੇ ਧਿਆਨ ਦਾ ਇਕ ਪ੍ਰਮੁੱਖ ਖੇਤਰ ਬ੍ਰਾਡਬੈਂਡ ਸ਼ਾਹਰਾਹ ਦਾ ਵਿਕਾਸ ਹੈ ਜੋ ਦਸੰਬਰ 2016 ਤਕ 250,000 ਪਿੰਡ ਪੰਚਾਇਤਾਂ ਨੂੰ ਆਪਣੇ ਦਾਇਰੇ ਹੇਠ ਲਿਆਵੇਗਾ। ਸ਼ਹਿਰੀ ਖੇਤਰਾਂ ਵਿਚ ਸਥਿਤੀ ਨਵੀਆਂ ਇਮਾਰਤਾਂ ਵਿਚ ਜ਼ਰੂਰੀ ਸੰਚਾਰ ਢਾਂਚਾ ਸਥਾਪਤ ਕਰਕੇ ਬ੍ਰਾਡਬੈਂਡ ਦਾ ਦਾਖਲਾ ਵਧਾਉਣ 'ਤੇ ਵਧੇਰੇ ਜ਼ੋਰ ਦਿਤਾ ਜਾਵੇਗਾ। ਬ੍ਰਾਡਬੈਂਡ ਦਾਖਲਾ ਤਕਨਾਲੋਜੀ ਆਧਾਰਿਤ ਸੇਵਾਵਾਂ ਦੀ ਆਗਿਆ ਦੇਵੇਗਾ। ਜੋ ਦੇਸ਼ ਦੇ ਦੂਰ-ਦੁਰਾਡੇ ਭਾਗਾਂ ਵਿਚ ਸ਼ੁਰੂ ਕੀਤੀਆਂ ਜਾਣਗੀਆਂ। ਸਰਕਾਰ ਦਾ ਮੋਬਾਈਲ ਸੰਪਰਕ ਲਈ ਇਕ ਸਮਾਨ ਪਹੁੰਚ ਦੇਣ 'ਤੇ ਵੀ ਧਿਆਨ ਕੇਂਦਰਿਤ ਹੈ। 2018 ਤਕ, 40,000 ਤੋਂ ਵੱਧ ਪਿੰਡ ਮੋਬਾਈਲ ਤਕਨਾਲੋਜੀ ਦੇ ਝੰਡੇ ਥੱਲੇ ਆਉਣ ਦੀ ਆਸ ਹੈ।

ਸੰਖੇਪ ਵਿਚ, ਕੰਪਿਊਟੀਕਰਨ ਨਵੀਨਤਾ ਦੀ ਇਕ ਨਵੀਂ ਲਹਿਰ ਹੈ ਜਿਸ ਦੀ ਤੁਲਨਾ 19ਵੀਂ ਸਦੀ ਦੇ ਮਸ਼ੀਨੀਕਰਨ ਅਤੇ ਬਿਜਲੀ ਦੀ ਖੋਜ ਨਾਲ ਕੀਤੀ ਜਾ ਸਕਦੀ ਹੈ। ਤਕਨਾਲੋਜੀ ਦੀ ਤਰੱਕੀ ਵਿਕਾਸਵਾਦੀ ਹੈ, ਪਰ ਇਸ ਦਾ ਸਮਾਜਿਕ ਪਰਿਵਰਤਨ 'ਤੇ ਅਸਰ ਕ੍ਰਾਂਤੀਕਾਰੀ ਹੈ।

## ਖੇਤੀਬਾੜੀ ਅਤੇ ਦਿਹਾਤੀ ਵਿਕਾਸ

ਹੁਣ ਭਾਰਤੀ ਆਰਥਿਕਤਾ ਦੇ ਵਿਸ਼ੇਸ਼ ਖੇਤਰਾਂ ਵਿਚ ਡਿਜ਼ੀਟਲ ਤਕਨਾਲੋਜੀਆਂ ਲਾਗੂ ਕਰਨ ਬਾਰੇ ਚਰਚਾ ਕਰਾਂਗੇ। ਭਾਰਤ ਦੀ ਗਰੀਬੀ, ਸੰਮਿਲਤ ਵਿਕਾਸ ਅਤੇ ਅੰਨ ਸੁਰੱਖਿਆ ਦੀਆਂ ਸਮੱਸਿਆਵਾਂ ਜਿਹੇ ਮੁੱਦਿਆਂ ਦੇ ਮੁੱਲੰਕਣ ਲਈ ਭਾਰਤ ਦੀ ਖੇਤੀਬਾੜੀ ਅਤੇ ਇਸ ਦੀ ਖੇਤੀ-ਈਕੋ-ਪ੍ਰਣਾਲੀ ਨੂੰ ਸਮਝਣਾ ਬਹੁਤ ਅਹਿਮ ਹੈ। ਸਭ ਤੋਂ ਪਹਿਲਾਂ, ਇਨ੍ਹਾਂ ਸਮੱਸਿਆਵਾਂ ਦੇ ਅਸਲੀ ਹੱਲ ਲਈ ਲੋੜ ਹੈ ਕਿ ਅਸੀਂ ਸਿਰਫ਼ ਇਕ ਮਾਡਲ ਨੂੰ ਹੀ ਵਿਕਸਤ ਨਾ ਕਰੀਏ ਪਰ ਸਾਨੂੰ ਖੇਤਰ ਵਿਚ ਉਪਲਬਧ ਸਰੋਤਾਂ ਦੇ ਆਧਾਰ 'ਤੇ ਬਹੁਤ ਸਾਰੇ ਨਵੇਂ ਮਾਡਲਾਂ ਬਾਰੇ ਵਿਚਾਰ ਕਰਨਾ ਹੋਵੇਗਾ ਤਾਂ ਕਿ ਗਰੀਬੀ ਦੂਰ ਕੀਤੀ ਜਾ ਸਕੇ, ਉਸ ਖੇਤਰ ਦੇ ਲੋਕਾਂ ਨੂੰ ਸਨਮਾਨਜਨਕ ਜੀਵਨ ਦੇ ਸਾਧਨ ਮੁਹੱਈਆ ਕਰਵਾਏ ਜਾ ਸਕਣ ਅਤੇ ਸਹੀ ਅਰਥਾਂ ਵਿਚ ਅੰਨ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। 1950 ਤੋਂ ਲੈ ਕੇ, ਭਾਰਤੀ ਖੇਤੀ ਦੀ ਕਹਾਣੀ ਕੁੱਝ ਪ੍ਰਭਾਵਤ ਕਰਨ ਵਾਲੀ ਰਹੀ ਹੈ। ਭਾਰਤ ਨੇ ਜਨਸੰਖਿਆ ਵਿਚ ਵਾਧੇ ਦੀ ਦਰ ਨਾਲੋਂ ਵੱਧ ਦਰ ਨਾਲ ਅਨਾਜ ਉਤਪਾਦਨ ਕੀਤਾ ਹੈ। ਹਰੀ ਕ੍ਰਾਂਤੀ, ਚਿੱਟੀ ਕ੍ਰਾਂਤੀ ਅਤੇ ਨੀਲੀ ਕ੍ਰਾਂਤੀ ਨੇ ਭਾਰਤੀ ਖੇਤੀ ਆਰਥਿਕਤਾ ਦੀ ਸਫਲਤਾ ਵਿਚ ਯੋਗਦਾਨ ਪਾਇਆ ਹੈ। ਭਾਰਤ ਅਨਾਜ ਉਤਪਾਦਨ ਪੰਜ ਗੁਣਾ ਅਤੇ ਦੁੱਧ ਉਤਪਾਦਨ 1950 ਤੋਂ ਲੈ

| ਤਾਲਿਕਾ-2 : ਭਾਰਤ ਨੂੰ ਸ਼ਕਤੀਸ਼ਾਲੀ ਬਣਾਉਣ ਵਾਲੀਆਂ 12 ਤਕਨਾਲੋਜੀਆਂ | | |
|---|---|---|
| | ਮੋਬਾਈਲ ਇੰਟਰਨੈੱਟ | ਸਸਤੇ ਅਤੇ ਨਿਰੰਤਰ ਸਮਰੱਥ ਮੋਬਾਈਲ ਯੰਤਰ ਅਤੇ ਇੰਟਰਨੈੱਟ ਸੰਚਾਰ ਨਾਲ ਸੇਵਾਵਾਂ, ਵਿਅਕਤੀਆਂ ਅਤੇ ਉੱਦਮਾਂ ਤਕ ਪੁੱਜਦੀਆਂ ਹਨ। |
| | ਕਲਾਊਡ ਤਕਨਾਲੋਜੀ | ਕੰਪਿਊਟਿੰਗ ਸਮਰਥਾ, ਭੰਡਾਰਨ ਅਤੇ ਇਕ ਸੇਵਾ ਵਜੋਂ ਐਪਲੀਕੇਸ਼ਨ ਨੈੱਟਵਰਕ ਜਾਂ ਇੰਟਰਨੈੱਟ ਤੇ ਪ੍ਰਦਾਨ ਕਰਨਾ, ਅਕਸਰ ਕਾਫੀ ਘੱਟ ਕੀਮਤ 'ਤੇ |
| ਜੀਵਨ ਤੇ ਕੰਮ ਦਾ ਕੰਪਿਊਟਰੀਕਰਨ | ਗਿਆਨ ਦੇ ਕੰਮ ਦਾ ਸਵੈਚਾਲਨ | ਅਨਿਯਮਤ ਮੁੱਲੰਕਣ ਲਈ ਚੁਸਤ ਸਾਫਟਵੇਅਰ ਜੋ ਭਾਸ਼ਾ ਦੀ ਵਿਆਖਿਆ, ਫ਼ੈਸਲਾ ਆਧਾਰਿਤ ਕੰਮਾਂ ਦੇ ਯੋਗ ਹੋਣੇ ਅਤੇ ਫ਼ੈਸਲੇ ਦੀ ਗੁਣਵੱਤਾ ਵਿਚ ਸੁਧਾਰ ਦੀ ਸਮਰੱਥਾ ਰੱਖਦਾ ਹੋਵੇ। |
| | ਡਿਜ਼ੀਟਲ ਭੁਗਤਾਨ | ਵੱਡੇ ਪੱਧਰ 'ਤੇ ਪ੍ਰਵਾਨਤ ਇਲੈਕਟ੍ਰਾਨਿਕ ਭੁਗਤਾਨ ਪ੍ਰਣਾਲੀਆਂ ਜੋ ਲੱਖਾਂ ਬੈਂਕ ਵਿਹੂਣੇ ਭਾਰਤੀਆਂ ਨੂੰ ਨਗਦ ਆਰਥਿਕਤਾ ਵਿਚੋਂ ਕੱਢ ਸਕਣ। |
| | ਪੁਸ਼ਟੀਯੋਗ ਡਿਜ਼ੀਟਲ ਪਛਾਣ | ਡਿਜ਼ੀਟਲ ਪਛਾਣ ਜੋ ਸਰਲ ਤਰੀਕਿਆਂ ਨਾਲ ਪੁਸ਼ਟੀਯੋਗ ਹੋਵੇ ਜਿਸ ਨਾਲ ਸੁਰੱਖਿਆ ਭੁਗਤਾਨ ਅਤੇ ਸਰਕਾਰੀ ਸੇਵਾਵਾਂ ਤਕ ਪਹੁੰਚ ਹੋ ਸਕੇ। |
| | ਵਸਤਾਂ ਦਾ ਇੰਟਰਨੈੱਟ | ਘੱਟ ਲਾਗਤ ਵਾਲੇ ਸੂਚਕਾਂ ਅਤੇ ਗਤੀ ਪ੍ਰਦਾਨ ਕਰਨ ਵਾਲੇ ਯੰਤਰਾਂ ਦਾ ਜਾਲ ਜੋ ਮਸ਼ੀਨਾਂ ਅਤੇ ਚੀਜ਼ਾਂ ਨੂੰ ਸੰਭਾਲ ਸਕਣ ਜਿਸ ਵਾਸਤੇ ਨਿਰੰਤਰ ਅੰਕੜਾ ਇਕੱਤਰੀਕਰਨ ਅਤੇ ਮੁੱਲੰਕਣ ਦੀ ਵਰਤੋਂ ਕੀਤੀ ਜਾ ਸਕੇ। |
| ਸਮਾਰਟ ਭੌਤਿਕ ਪ੍ਰਣਾਲੀਆਂ | ਚੁਸਤ ਆਵਾਜਾਈ ਅਤੇ ਵੰਡ | ਇੰਟਰਨੈੱਟ ਦੇ ਨਾਲ ਡਿਜ਼ੀਟਲ ਸੇਵਾਵਾਂ ਦੀ ਵਰਤੋਂ ਤਾਂ ਕਿ ਆਵਾਜਾਈ ਅਤੇ ਵੰਡ ਪ੍ਰਣਾਲੀਆਂ ਦੀ ਕੁਸ਼ਲਤਾ ਅਤੇ ਸੁਰੱਖਿਆ ਵਧਾਈ ਜਾ ਸਕੇ। |
| | ਆਧੁਨਿਕ ਭੂਗੋਲਿਕ ਸੂਚਨਾ ਪ੍ਰਣਾਲੀਆਂ (ਜੀ ਆਈ ਐੱਸ) | ਵੱਖ-ਵੱਖ ਭੂਗੋਲਿਕ ਖੇਤਰਾਂ ਵਿਚ ਸਰੋਤਾਂ ਅਤੇ ਭੌਤਿਕ ਸਰਗਰਮੀਆਂ ਦੇ ਪ੍ਰਬੰਧਨ ਲਈ ਅੰਕੜਿਆਂ ਨਾਲ ਮਿਲ ਕੇ ਪ੍ਰਣਾਲੀਆਂ ਵਿਕਸਤ ਕਰਨੀਆਂ। |
| | ਅਗਲੀ ਪੀੜ੍ਹੀ ਦਾ ਜੀਨ-ਵਿਗਿਆਨ | ਤੇਜ਼, ਘੱਟ ਲਾਗਤ ਵਾਲਾ ਜੀਨ ਕ੍ਰਮੀਕਰਨ ਅਤੇ ਆਧੁਨਿਕ ਜੈਵਿਕ ਤਕਨਾਲੋਜੀਆਂ ਜੋ ਖੇਤੀ ਉਤਪਾਦਕਤਾ ਨੂੰ ਵਧਾਉਣ, ਜਿਨ੍ਹਾਂ ਨਾਲ ਭਾਰਤ ਦੀ ਊਰਜਾ ਸੁਰੱਖਿਆ ਵਿਚ ਸੁਧਾਰ ਹੋਵੇਗਾ। |
| ਊਰਜਾ 'ਤੇ ਮੁੜ-ਵਿਚਾਰ | ਆਧੁਨਿਕ ਤੇਲ ਅਤੇ ਗੈਸ ਨਿਕਾਸ ਤੇ ਪ੍ਰਾਪਤੀ | ਤਕਨਾਲੋਜੀਆਂ ਜੋ ਗ਼ੈਰ ਰਵਾਇਤੀ ਤੇਲ ਅਤੇ ਗੈਸ (ਆਮ ਤੌਰ ਤੇ ਪੱਥਰਾਂ ਵਿਚੋਂ ਕੱਢਣ ਨੂੰ ਕਿਫ਼ਾਇਤੀ ਬਣਾਉਂਦੀਆਂ ਹੋਣ ਜਿਸ ਨਾਲ ਭਾਰਤ ਦੀ ਊਰਜਾ ਸੁਰੱਖਿਆ ਵਿਚ ਸੁਧਾਰ ਹੋਵੇਗਾ। |
| | ਨਵਿਆਉਣ ਯੋਗ ਊਰਜਾ | ਨਵਿਆਉਣਯੋਗ ਸਰੋਤਾਂ ਤੋਂ ਊਰਜਾ ਉਤਪਾਦਨ ਤਾਂ ਕਿ ਮੌਸਮ 'ਤੇ ਹਾਨੀਕਾਰਕ ਅਸਰ ਨਾ ਪਵੇ ਅਤੇ ਗ੍ਰਿਡ ਨਾਲ ਨਾਲ ਜੁੜੇ ਦੂਰ-ਦੁਰਾਡੇ ਖੇਤਰਾਂ ਵਿਚ ਬਿਜਲੀ ਪਹੁੰਚ ਸਕੇ। |
| | ਆਧੁਨਿਕ ਊਰਜਾ | ਊਰਜਾ ਭੰਡਾਰਨ ਅਤੇ ਪ੍ਰਬੰਧਨ ਦੇ ਯੰਤਰ ਜਾਂ ਪ੍ਰਣਾਲੀਆਂ ਜੋ ਬਿਜਲੀ ਦੇ ਕੱਟ ਨੂੰ ਘਟਾਉਣ, ਪੂਰਤੀ ਵਿਚ ਪਰਿਵਰਤਨਸ਼ੀਲਤਾ ਲਿਆਉਣ ਅਤੇ ਵੰਡ ਦੇ ਨੁਕਸਾਨ ਨੂੰ ਘੱਟ ਕਰਨ। |

*ਸਰੋਤ : ਨੌਸ਼ੀਰ ਕਾਕਾ, ਭਾਰਤ ਦੇ ਤਕਨਾਲੋਜੀ ਦੇ ਮੌਕੇ : ਕੰਮ ਵਿਚ ਪਰਿਵਰਤਨ, ਲੋਕਾਂ ਦਾ ਸ਼ਸ਼ਕਤੀਕਰਨ, ਮੈਕਿੰਜੇ, ਤ੍ਰੈ-ਮਾਸਿਕ, ਮੈਕਿੰਜੇ ਗਲੋਬਲ ਇੰਸਟੀਚਿਊਟ, ਦਸੰਬਰ, 2014*

ਕੇ ਸੱਤ ਗੁਣਾ ਵਧਾਉਣ ਵਿਚ ਸਫਲ ਰਿਹਾ ਹੈ। ਇਸੇ ਹੀ ਸਮੇਂ, ਅਸੀਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਵਿੱਤੀ ਸ਼ੋਸ਼ਣ ਬਾਰੇ ਵੀ ਸੁਣ ਰਹੇ ਹਾਂ। ਮਾਹਰਾਂ ਨੇ ਇਸ ਸਮੱਸਿਆ ਦੀ ਨੀਤੀ ਬੇਮੇਲ ਦੇ ਸੰਦਰਭ ਵਿਚ ਵਿਆਖਿਆ ਕੀਤੀ ਹੈ। ਪਹਿਲੇ ਸਮਿਆਂ ਵਿਚ ਭਾਰਤੀ ਖੇਤੀ ਨੀਤੀ ਦਾ ਕੇਂਦਰ ਬਿੰਦੂ ਅੰਨ ਸੁਰੱਖਿਆ ਤੌਖਲਿਆਂ ਦੇ ਚਲਦਿਆਂ ਅਨਾਜ ਹੀ ਰਿਹਾ ਹੈ। ਉਹ ਇਹ ਵੇਖਣ ਵਿਚ ਅਸਫਲ ਰਹੀ ਕਿ ਉੱਚ ਮੁੱਲ ਦੇ ਖੇਤੀ ਉਤਪਾਦਾਂ ਦੇ ਮਾਮਲਿਆਂ ਵਿਚ ਉੱਚ ਮਹਿੰਗਾਈ ਦਰ ਸੀ। ਲੋਕਾਂ ਨੂੰ ਚੰਗੇ ਪੋਸ਼ਣ ਵਾਲਾ ਖਾਣਾ ਵੀ ਨਹੀਂ ਮਿਲ ਰਿਹਾ। ਉੱਚ ਕੀਮਤ ਵਾਲੇ ਉਤਪਾਦ, ਅਨਾਜ ਦੇ ਉਲਟ, ਜਲਦੀ ਖਰਾਬ ਹੋ ਜਾਂਦੇ ਹਨ ਅਤੇ ਇਨ੍ਹਾਂ ਨੂੰ ਤੇਜ਼ੀ ਨਾਲ ਚਲਣ ਵਾਲੇ ਪੂਰਤੀ ਸਾਧਨਾਂ ਦੀ ਲੋੜ ਹੁੰਦੀ ਹੈ। ਖੇਤੀ ਉਤਪਾਦਾਂ ਦੀ ਸਾਰੀ ਲੜੀ ਜੋ ਕਿਸਾਨਾਂ ਤੋਂ ਸ਼ੁਰੂ ਹੋ ਕੇ ਦਲਾਲਾਂ, ਭੰਡਾਰਾਂ ਤੋਂ ਅੰਨ ਡੱਬਾਬੰਦੀ ਉੱਦਮਾਂ, ਪ੍ਰਚੂਨ ਅਤੇ ਆਖਿਰ ਨੂੰ ਖਪਤਕਾਰ ਤਕ ਪੁੱਜਦੀ ਹੈ, ਨੂੰ ਸੰਪੂਰਨ ਰੂਪ ਵਿਚ ਸਮਝਣ ਦੀ ਲੋੜ ਹੈ ਤਾਂ ਕਿ ਢੁਕਵੀਂ ਨੀਤੀ ਬਣਾਈ ਜਾ ਸਕੇ। ਸਰਕਾਰ, ਦੂਜੇ ਵਿੱਤ ਮੁਹੱਈਆ ਕਰਵਾਉਣ ਵਾਲਿਆਂ ਅਤੇ ਵਪਾਰੀਆਂ ਦੀ ਧਿਰ ਵਜੋਂ ਸ਼ਮੂਲੀਅਤ ਇਸ ਪ੍ਰਣਾਲੀ ਨੂੰ ਆਰਥਿਕ ਪ੍ਰਣਾਲੀ ਵਿਚ ਬਦਲ ਦਿੰਦੀ ਹੈ। ਇਸ ਸਾਰੀ ਆਰਥਿਕ ਪ੍ਰਣਾਲੀ ਨੂੰ ਚਲਦਿਆਂ ਰੱਖਣ ਲਈ ਹਰੇਕ ਧਿਰ ਦੀ ਭੂਮਿਕਾ ਅਤੇ ਯੋਗਦਾਨ ਹੁੰਦਾ ਹੈ। ਆਧੁਨਿਕ ਤਕਨਾਲੋਜੀ ਖੇਤੀ ਮੁੱਲ ਲੜੀ ਨੂੰ ਹੋਰ ਜ਼ਿਆਦਾ ਕੁਸ਼ਲ ਅਤੇ ਮੁਕਾਬਲੇ ਵਾਲੀ ਬਣਾਉਣ ਵਿਚ ਮਦਦ ਕਰ ਸਕਦੀ ਹੈ।

ਮੈਕਿੰਜੇ ਗਲੋਬਲ ਇੰਸਟੀਚਿਊਟ ਨੇ ਹਿਸਾਬ ਲਾਇਆ ਹੈ ਕਿ ਦੋਗਲੀਆਂ ਅਤੇ ਜੈਨੇਟਿਕ ਤੌਰ ਤੇ ਸੁਧਰੀਆਂ ਫ਼ਸਲਾਂ, ਸਟੀਕ ਖੇਤੀ (ਸੂਚਕ ਅਤੇ ਜੀ ਐੱਸ ਆਧਾਰਿਤ ਮਿੱਟੀ, ਮੌਸਮ ਅਤੇ ਕਿਸਾਨੀ ਫ਼ੈਸਲਿਆਂ ਨੂੰ ਦਿਸ਼ਾ ਦੇਣ ਵਾਲੇ ਪਾਣੀ ਦੇ ਅੰਕੜੇ), ਮੋਬਾਈਲ ਇੰਟਰਨੈੱਟ ਆਧਾਰਿਤ ਖੇਤੀ ਪਸਾਰ ਅਤੇ ਬਾਜ਼ਾਰ ਦੀ ਜਾਣਕਾਰੀ ਦੀਆਂ ਸੇਵਾਵਾਂ 2025 ਈਸਵੀ ਤਕ, ਪ੍ਰਤਿ ਸਾਲ 45 ਬਿਲੀਅਨ ਡਾਲਰ ਤੋਂ 80 ਬਿਲੀਅਨ ਡਾਲਰ ਦੇ ਅੱਧ ਤੋਂ ਜ਼ਿਆਦਾ, ਖੇਤੀ ਖੇਤਰ ਵਿਚ ਵਧੀਕ ਮੁੱਲ ਦਾ ਨਿਰਮਾਣ ਕਰ ਸਕਦੀਆਂ ਹਨ। ਬਾਕੀ ਬਚਦਾ ਹਿੱਸਾ ਭੰਡਾਰਨ ਅਤੇ ਵੰਡ ਪ੍ਰਣਾਲੀਆਂ ਵਿਚ ਸੁਧਾਰ ਤੋਂ ਪ੍ਰਾਪਤ ਹੋਵੇਗਾ ਜੋ ਕਟਾਈ ਤੋਂ ਬਾਅਦ ਦੇ ਨੁਕਸਾਨ ਨੂੰ ਘੱਟ ਕਰੇਗਾ ਅਤੇ ਜਨਤਕ ਵੰਡ ਪ੍ਰਣਾਲੀ ਵਿਚ ਸੁਧਾਰ ਨਾਲ ਹੇਰਾਫੇਰੀ 'ਤੇ ਕਾਬੂ ਪਾਇਆ ਜਾ ਸਕੇਗਾ ਜਿਸ ਨਾਲ 2025 ਤਕ ਹਰੇਕ ਸਾਲ ਲਗਭਗ 32

ਮਿਲੀਅਨ ਡਾਲਰ ਦੀ ਬਚਤ ਹੋਵੇਗੀ। ਇਹ ਸੁਧਾਰ ਲਗਭਗ 100 ਮਿਲੀਅਨ ਕਿਸਾਨਾਂ ਦੀ ਆਮਦਨ ਵਿਚ ਵਾਧਾ ਕਰ ਸਕਣਗੇ ਅਤੇ 300 ਤੋਂ 400 ਮਿਲੀਅਨ ਦੇ ਲਗਭਗ ਖਪਤਕਾਰਾਂ ਨੂੰ ਬੇਹਤਰ ਪੋਸ਼ਣ ਪ੍ਰਦਾਨ ਕਰ ਸਕਣਗੇ।

ਕਿਸਾਨਾਂ ਨੂੰ ਫ਼ਸਲ ਬੀਮਾ ਪ੍ਰਦਾਨ ਕਰਨ ਲਈ ਤਕਨਾਲੋਜੀ ਦਾ ਇਸਤੇਮਾਲ ਬਹੁਤ ਪ੍ਰਭਾਵੀ ਸਾਬਤ ਹੋ ਸਕਦਾ ਹੈ। ਸਾਰੇ ਮੌਸਮ ਕੇਂਦਰਾਂ, ਉਪਗ੍ਰਹਿਆਂ/ਡਰੋਨ ਦੇ ਚਿੱਤਰਾਂ ਅਤੇ ਮੋਬਾਈਲ ਆਧਾਰਿਤ ਤਬਾਦਲਿਆਂ ਅਤੇ ਸਭ ਤੋਂ ਵੱਧ ਫ਼ਸਲ ਕਟਾਈ ਦੇ ਤਜਰਬਿਆਂ ਤੋਂ ਫ਼ਸਲਾਂ ਨੂੰ ਪੁੱਜੇ ਨੁਕਸਾਨ ਦਾ ਜਾਇਜ਼ਾ ਲੈਣ ਨਾਲ ਸਾਰੀ ਪ੍ਰਣਾਲੀ ਨੂੰ ਮਜ਼ਬੂਤ ਵਿਗਿਆਨਕ ਆਧਾਰ ਮਿਲੇਗਾ ਤੇ ਭ੍ਰਿਸ਼ਟਾਚਾਰ ਨੂੰ ਨੱਥ ਪਵੇਗੀ।

**ਡਿਜ਼ੀਟਲ ਭਾਰਤ ਮੰਚ ਵੀ ਵੱਖ-ਵੱਖ ਸੇਵਾਵਾਂ ਦੁਆਰਾ ਦਿਹਾਤੀ ਨਾਗਰਿਕਾਂ ਨੂੰ ਤਾਕਤ ਪ੍ਰਦਾਨ ਕਰੇਗਾ ਜਦ ਕਿ ਸਰਕਾਰ ਡਿਜ਼ੀਟਲ ਮੰਚ ਰਾਹੀਂ ਵੱਖ-ਵੱਖ ਖੇਤਰਾਂ ਜਿਵੇਂ ਬੇਹਤਰ ਸ਼ਾਸਨ, ਜ਼ਮੀਨ ਦਾ ਰਿਕਾਰਡ, ਨੌਕਰੀਆਂ, ਸਿਹਤ, ਸਿੱਖਿਆ ਅਤੇ ਖੇਤੀ ਤੇ ਨਿੱਜੀ ਅਤੇ ਜਨਤਕ ਰਿਕਾਰਡ ਦੀ ਸਾਂਭ ਸੰਭਾਲ ਆਦਿ ਨਾਲ ਜਨਸੰਖਿਆ ਦੇ ਵੱਡੇ ਹਿੱਸੇ ਨੂੰ ਇਹ ਸੇਵਾਵਾਂ ਦੇਣ ਲਈ ਉਤਸੁਕ ਹੈ, ਉੱਭਰ ਰਹੇ ਉੱਦਮੀਆਂ ਅਤੇ ਵਰਤਮਾਨ ਵਪਾਰੀਆਂ ਲਈ ਪੇਂਡੂ ਬਾਜ਼ਾਰਾਂ ਨੂੰ ਸੇਵਾਵਾਂ ਦੇਣ ਦੇ ਬੇਅੰਤ ਮੌਕੇ ਮਿਲਣਗੇ, ਜੋ ਪਹਿਲਾਂ ਕਦੇ ਵੀ ਨਹੀਂ ਮਿਲੇ ਹੋਣਗੇ।**

## ਨਿਰਮਾਣਸਾਜ਼ੀ ਸੰਬੰਧੀ ਈਕੋ-ਪ੍ਰਣਾਲੀ

ਵੱਖ-ਵੱਖ ਅਰਥਸ਼ਾਸਤਰੀਆਂ ਅਤੇ ਸੰਸਥਾਨਾਂ ਨੇ ਅਨੁਮਾਨ ਲਾਇਆ ਹੈ ਕਿ ਅਗਲੇ ਪੰਜ ਸਾਲਾਂ ਦੌਰਾਨ ਨੌਜਵਾਨਾਂ (ਲੜਕੇ-ਲੜਕੀਆਂ) ਦੀ ਇਕ ਵੱਡੀ ਗਿਣਤੀ ਕੰਮ ਕਰਨ ਵਾਲਿਆਂ ਵਿਚ ਸ਼ਾਮਿਲ ਹੋਵੇਗੀ। ਭਾਰਤ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਆਪਣੇ ਨਿਰਮਾਣ ਖੇਤਰ ਅਤੇ ਈਕੋ-ਪ੍ਰਣਾਲੀ ਵੱਲ ਵਿਸ਼ੇਸ਼ ਤਵੱਜੋ ਦੇਵੇ। ਵਿਸ਼ਵ ਨਿਰਮਾਣਸਾਜ਼ੀ ਸੰਬੰਧੀ ਈਕੋ-ਪ੍ਰਣਾਲੀ ਪੁਰਾਣੇ ਮਾਡਲ 'ਤੇ ਪੂਰਾ ਕੰਮ ਕਰ ਰਹੀ ਹੈ ਜਿਸ ਵਿਚ ਇਕ ਕੰਪਨੀ ਅਤੇ ਇਸ ਦੇ ਵੱਖ-ਵੱਖ ਪੂਰਤੀਕਾਰ, ਨਿਵੇਸ਼ਕ ਅਤੇ ਖਪਤਕਾਰ ਹੁੰਦੇ ਸਨ। ਆਧੁਨਿਕ ਮਾਡਲ ਨਿਰਮਾਣਸਾਜ਼ੀ ਸੰਬੰਧੀ ਈਕੋ-ਪ੍ਰਣਾਲੀ 'ਤੇ ਆਧਾਰਿਤ ਹੈ। ਕੰਪਿਊਟਰੀਕਰਨ ਨੇ ਇਸ ਬਦਲਾਅ ਨੂੰ ਸਸ਼ਕਤ ਕੀਤਾ ਹੈ। ਭਾਰਤੀ ਕੰਪਨੀਆਂ ਅਤੇ ਨੀਤੀ ਘਾੜਿਆਂ ਨੂੰ ਤੇਜ਼ੀ ਨਾਲ ਇਸ ਨੂੰ ਗ੍ਰਹਿਣ ਕਰਨਾ ਹੋਵੇਗਾ ਤਾਂ ਕਿ ਬਾਜ਼ਾਰ ਵਿਚ ਮੁਕਾਬਲਾ ਕੀਤਾ ਜਾ ਸਕੇ ਅਤੇ ਨੌਜਵਾਨਾਂ ਲਈ ਹੋਰ ਨੌਕਰੀਆਂ ਪੈਦਾ ਕੀਤੀਆਂ ਜਾ ਸਕਣ। ਆਧੁਨਿਕ ਤਕਨਾਲੋਜੀਆਂ ਇਥੇ ਮਦਦਗਾਰ ਹੋ ਸਕਦੀਆਂ ਹਨ ਅਤੇ ਵੇਖਿਆ ਗਿਆ ਹੈ ਕਿ ਭਾਰਤੀ ਕੰਪਨੀਆਂ ਤੇਜ਼ੀ ਨਾਲ ਤਕਨਾਲੋਜੀ ਨੂੰ ਅਪਣਾ ਰਹੀਆਂ ਹਨ।

ਅੱਜ ਦਾ ਬਦਲਿਆ ਹੋਇਆ ਕੰਪਿਊਟਰੀਕ੍ਰਿਤ ਵਪਾਰਕ ਵਾਤਾਵਰਨ ਮੰਗ ਕਰਦਾ ਹੈ ਕਿ ਕੰਪਨੀਆਂ ਦੇ ਕੰਮ ਕਰਨ ਵਿਚ ਵੀ ਤਬਦੀਲੀ ਆਵੇ। ਸਾਰੇ ਉਦਯੋਗਾਂ ਵਿਚ ਮੁੱਲ ਲੜੀ ਤੋੜੀ ਜਾ ਰਹੀ ਹੈ, ਪੁਨਰਗਠਿਤ ਕੀਤੀ ਜਾ ਰਹੀ ਹੈ ਅਤੇ ਮੁੜ ਤੋਂ ਨਵੀਨੀਕਰਨ ਕੀਤਾ ਜਾ ਰਿਹਾ ਹੈ। ਮੁੱਲ ਨਿਰਮਾਣ ਦੇ ਨਵੇਂ ਸਰੋਤ - ਮੌਜੂਦਾ ਮੁੱਲ ਲੜੀਆਂ ਨੂੰ ਤੋੜ ਕੇ, ਦੂਜਿਆਂ ਸਰੋਤਾਂ ਦੀ ਵਰਤੋਂ ਕਰਕੇ ਨਵੀਆਂ ਮੁੱਲ ਲੜੀਆਂ ਦਾ ਨਿਰਮਾਣ ਅਤੇ ਦੂਜੇ ਉਦਯੋਗਾਂ ਦੀਆਂ ਮੁੱਲ ਲੜੀਆਂ ਨੂੰ ਜੋੜਨਾ - ਇਹ ਅਹਿਮ ਹੁੰਦਾ ਜਾ ਰਿਹਾ ਹੈ।

ਇਸ ਸੰਦਰਭ ਵਿਚ, ਸਰਕਾਰੀ ਨੀਤੀ ਸੰਪੂਰਨ ਨਿਰਮਾਣਸਾਜ਼ੀ ਈਕੋ-ਪ੍ਰਣਾਲੀ ਨੂੰ ਉਤਸ਼ਾਹਤ ਕਰਨ ਵਾਲੀ ਹੋਣੀ ਚਾਹੀਦੀ ਹੈ ਜਿਸ ਦਾ ਨਤੀਜਾ ਜ਼ਿਆਦਾ ਰੁਜ਼ਗਾਰ ਪੈਦਾ ਕਰਨ ਅਤੇ ਸਾਡੇ ਉਦਯੋਗਾਂ ਨੂੰ ਵਿਸ਼ਵ ਮੁਕਾਬਲੇਬਾਜ਼ੀ ਦੇ ਯੋਗ ਬਣਾਉਣ ਵਿਚ ਨਿਕਲੇਗਾ। ਛੋਟੇ ਅਤੇ ਦਰਮਿਆਨੇ ਅਤੇ ਉਨ੍ਹਾਂ ਦੇ ਵੱਡੇ ਪੱਧਰ ਦੇ ਉੱਦਮਾਂ ਨਾਲ ਸੰਬੰਧਾਂ ਵੱਲ ਵਿਸ਼ੇਸ਼ ਤਵੱਜੋ ਦੇਣ ਦੀ ਲੋੜ ਹੈ। ਈਕੋ-ਪ੍ਰਣਾਲੀ ਧਾਰਨਾ ਨੂੰ ਪ੍ਰੋਤਸਾਹਨ ਦੇਣ ਨਾਲ ਉਨ੍ਹਾਂ ਕੜੀਆਂ ਵਿਚ ਖੱਪੇ ਦੀ ਪਛਾਣ ਕਰਨ ਵਿਚ ਮਦਦ ਮਿਲੇਗੀ ਜਿਨ੍ਹਾਂ ਨੂੰ ਸੁਧਾਰਨ ਅਤੇ ਸਹਾਇਤਾ ਦੇਣ ਦੀ ਲੋੜ ਹੈ। ਵਿੱਤ, ਕੱਚਾ ਮਾਲ, ਜ਼ਮੀਨ ਅਤੇ ਖਪਤਕਾਰ ਬਾਜ਼ਾਰ ਨਾਲ ਸੰਬੰਧ ਜਿਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਜ਼ਰੂਰਤ ਹੈ।

ਵਸਤਾਂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਨੂੰ ਸੰਭਾਵੀ ਤੌਰ ਤੇ ਅਪਣਾਉਣਾ ਭਾਰਤ ਦੇ ਵਪਾਰ ਅਤੇ ਕਾਰਪੋਰੇਟ ਖੇਤਰ ਲਈ ਬਹੁਤ ਅਹਿਮ ਅਤੇ ਸਹਾਇਕ ਹੋਣ ਜਾ ਰਿਹਾ ਹੈ ਜਿਸ ਨਾਲ ਮੁਕਾਬਲੇਬਾਜ਼ੀ ਵਿਚ ਵਾਧਾ ਹੋਵੇਗਾ। ਇਹ ਵੀ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਹੀ ਸੰਭਵ ਹੋ ਸਕੇਗਾ। ਹੋਰ, ਡਿਜ਼ੀਟਲ ਭਾਰਤ ਪ੍ਰੋਗਰਾਮ ਦਾ ਕੇਂਦਰ ਬਿੰਦੂ ਇਲੈਕਟ੍ਰਾਨਿਕ ਨਿਰਮਾਣ ਵਲ ਬਣਦਾ ਧਿਆਨ ਅਤੇ ਜ਼ੋਰ ਦੇ ਕੇ ਸਿਫ਼ਰ ਆਯਾਤ ਦੇ ਐਲਾਨੇ ਟੀਚੇ ਨੂੰ ਹਾਸਲ ਕਰਨਾ ਹੈ। ਇਹ ਵਿਸ਼ੇਸ਼ ਧਿਆਨ ਭਾਰਤ ਦੀਆਂ ਨਿਰਮਾਣ ਸਮਰਥਾਵਾਂ ਨੂੰ ਹੁਲਾਰਾ ਦੇਵੇਗਾ ਅਤੇ ਦੇਸ਼ ਨੂੰ ਇਕ ਨਿਰਮਾਣਸਾਜ਼ੀ ਕੇਂਦਰ ਵਿਚ ਬਦਲ ਕੇ ਰੱਖ ਦੇਵੇਗਾ। ਇਸ ਪ੍ਰੋਗਰਾਮ ਦੇ ਹਿੱਸੇ ਵਜੋਂ, ਸਰਕਾਰ ਦਾ ਧਿਆਨ ਛੋਟੇ ਸ਼ਹਿਰਾਂ ਅਤੇ ਪਿੰਡਾਂ ਵਿਚ ਲੋਕਾਂ ਨੂੰ ਸੂਚਨਾ ਤਕਨਾਲੋਜੀ ਦੀ ਸਿਖਲਾਈ ਦੇ ਕੇ ਅਗਲੇ ਪੰਜ ਸਾਲਾਂ ਵਿਚ ਨੌਕਰੀਆਂ ਲਈ ਸੂਚਨਾ ਤਕਨਾਲੋਜੀ ਵਜੋਂ ਤਿਆਰ ਕੰਮ ਦੀ ਸ਼ਕਤੀ ਨੂੰ ਤਿਆਰ ਕਰਨਾ ਹੈ।

## ਸਿੱਖਿਆ ਅਤੇ ਹੁਨਰ ਦਾ ਵਿਕਾਸ

ਸਾਡੀ ਸਿੱਖਿਆ ਪ੍ਰਣਾਲੀ ਵਿਚ ਸਿੱਖਣ ਅਤੇ ਗੁਣਵੱਤਾ ਦੇ ਵੱਡੇ ਸੰਕਟ ਅਤੇ ਮੁੱਦੇ ਹਨ। ਸਕੂਲਾਂ ਵਿਚ ਸਿੱਖਣ ਦੇ ਕਮਜ਼ੋਰ ਨਤੀਜੇ, ਕਾਮਿਆਂ ਦੀ ਨਿਮਨ ਰੁਜ਼ਗਾਰ ਯੋਗਤਾ (ਉੱਚ ਸਿੱਖਿਆ ਦੇ ਬਾਵਜੂਦ), ਕਿੱਤਾ ਸਿਖਲਾਈ ਦੇ ਵੱਡੇ ਪਾੜੇ ਆਦਿ, ਮੁੱਦੇ ਹਨ। ਕੰਪਿਊਟਰੀਕਰਨ ਨੇ ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਪੁਨਰ ਜੀਵਤ ਕਰਨ ਲਈ ਅਥਾਹ ਮੌਕੇ ਪ੍ਰਦਾਨ ਕੀਤੇ ਹਨ। ਨਵੀਆਂ ਡਿਜ਼ੀਟਲ ਤਕਨਾਲੋਜੀਆਂ ਨੇ ਅਨੁਕੂਲਣ ਦੀਆਂ ਨਵੀਆਂ ਕਿਸਮਾਂ, ਸਿੱਖਿਆ, ਸਿਖਲਾਈ ਦੇਣ ਵਾਲਿਆਂ ਅਤੇ ਉਸਤਾਦਾਂ ਤਕ ਵਧ ਰਹੀ ਪਹੁੰਚ, ਲਾਭਕਾਰੀ ਅੰਕੜੇ ਮੁਹੱਈਆ ਕਰਵਾਉਣ ਆਦਿ ਦਾ ਨਿਰਮਾਣ ਕੀਤਾ ਹੈ। ਭਾਰਤ ਸਰਕਾਰ ਦੀ ਡਿਜ਼ੀਟਲ ਭਾਰਤ ਦੀ ਪਹਿਲਕਦਮੀ ਭਾਰਤ ਭਰ ਵਿਚ ਢੁਕਵਾਂ ਵਾਤਾਵਰਨ ਬਣਾ ਕੇ ਭਾਰਤੀ ਸਿੱਖਿਆ ਪ੍ਰਣਾਲੀ ਵਿਚ ਅਜਿਹੇ ਬਦਲਾਅ ਲਿਆਉਣ ਵਿਚ ਸਹਾਇਕ ਹੋ ਸਕਦੀ ਹੈ। ਢੁਕਵੀਂ ਸੋਚ ਅਤੇ ਅਮਲ ਨਾਲ ਨਵੀਂ ਤਕਨਾਲੋਜੀ ਵਿਦਿਆਰਥੀਆਂ ਦੀ ਪੜ੍ਹਾਈ, ਅਧਿਆਪਕਾਂ ਅਤੇ ਉਸਤਾਦਾਂ ਦੀ ਸਮਰੱਥਾ ਦਾ ਵਿਕਾਸ ਅਤੇ ਬੇਹਤਰ ਸ਼ਾਸਨ ਦੇਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਤਕਨਾਲੋਜੀ ਦਾ ਸਾਡੀ ਵਿਸ਼ਾਲ ਸਕੂਲ ਪ੍ਰਣਾਲੀ ਅਤੇ ਉੱਚ ਸਿੱਖਿਆ ਸੰਸਥਾਨਾਂ

ਵਿਚ ਸੁਮੇਲ ਕਰਨ ਲਈ ਤਾਲਮੇਲ ਵਾਲੀ ਅਤੇ ਸੇਧਿਤ ਪਹੁੰਚ ਅਪਣਾਏ ਜਾਣ ਦੀ ਲੋੜ ਹੈ। ਅਜਿਹੀ ਪਹੁੰਚ ਇਨ੍ਹਾਂ ਤਿੰਨ ਸਤੰਭਾਂ 'ਤੇ ਉਸਾਰੀ ਜਾ ਸਕਦੀ ਹੈ।

**ਵਿਅਕਤੀਗਤ ਵਿਦਿਆਰਥੀ ਸਿੱਖਿਆ ਲਈ ਪਹਿਲਾ ਮਹੱਤਵਪੂਰਨ ਪੱਖ ਆਦੇਸ਼ਾਤਮਕ ਤਰੀਕਿਆਂ ਦਾ ਨਿਰਮਾਣ ਕਰਨਾ ਹੈ। ਇਸ ਵਿਚ ਈ-ਸਾਮੱਗਰੀ ਦਾ ਨਿਰਮਾਣ ਸ਼ਾਮਿਲ ਹੈ, ਜਿਵੇਂ ਕਿ ਡਿਜ਼ੀਟਲ ਪੁਸਤਕਾਂ, ਚਿੱਤਰ ਅਤੇ ਵੀਡੀਓ। ਨਵੀਂ ਤਕਨਾਲੋਜੀ ਵਿਦਿਆਰਥੀਆਂ ਲਈ ਵਿਅਕਤੀਗਤ ਸਿੱਖਿਆ ਦੇ ਮਾਰਗ ਬਣਾਉਣ ਵਿਚ ਲਾਭਕਾਰੀ ਹੈ, ਜਿਸ ਨਾਲ ਸਿੱਖਿਆ ਸੰਵਾਦ ਅਤੇ ਮਨੋਰੰਜਨ ਵਾਲੀ ਬਣ ਜਾਂਦੀ ਹੈ। ਇਸ ਨਾਲ ਉਨ੍ਹਾਂ ਨੂੰ ਅਥਾਹ ਮੌਕੇ ਮਿਲਦੇ ਹਨ। ਭਾਰਤ ਵਿਚ ਖ਼ਾਨ ਅਕੈਡਮੀ ਅਤੇ ਮਾਈਂਡ ਸਪਾਰਕ ਪਲੇਟਫਾਰਮ ਅਜਿਹੀਆਂ ਪਹਿਲਕਦਮੀਆਂ ਦੇ ਸਫਲ ਉਦਾਹਰਣ ਹਨ। ਭਾਰਤ ਵਿਚ ਅਸੀਂ ਭਾਸ਼ਾਵਾਂ ਦੀ ਭਿੰਨਤਾ ਅਤੇ ਰਾਜ ਦੇ ਪਾਠਕ੍ਰਮ ਦੇ ਮੁੱਦੇ ਹੱਲ ਕਰਨ ਲਈ ਸਿੱਖਿਆ ਦੇ ਯੰਤਰ ਵੀ ਵਿਕਸਤ ਕਰ ਸਕਦੇ ਹਾਂ।**

ਸੰਪੂਰਨ ਪਹੁੰਚ ਦਾ ਦੂਜਾ ਪੱਖ, ਯੋਗਤਾ ਆਧਾਰਿਤ ਅਧਿਆਪਕ ਸਿੱਖਿਆ ਲਈ ਤਕਨਾਲੋਜੀ ਦੇ ਸੁਮੇਲ ਵਾਲਾ ਪ੍ਰੋਗਰਾਮ ਵਿਕਸਤ ਕਰਨਾ ਹੈ। ਤਕਨਾਲੋਜੀ ਯੋਗਤਾ ਨਾਲ ਜੁੜੇ ਸਿਖਲਾਈ ਪ੍ਰੋਗਰਾਮ ਬਣਾ ਕੇ ਅਧਿਆਪਕਾਂ ਦੀ ਸਿੱਖਿਆ ਦੇ ਮਾਡਲਾਂ ਨੂੰ ਨਵੇਂ ਅੰਦਾਜ਼ ਵਿਚ ਪੇਸ਼ ਕਰਨ ਦੀ ਖੁੱਲ੍ਹ ਦਿੰਦੀ ਹੈ। ਇਸ ਸਦਕਾ ਅਧਿਆਪਕ ਆਪਣੇ ਸਾਥੀਆਂ ਨਾਲ ਰਾਬਤਾ ਕਾਇਮ ਕਰ ਸਕਦੇ ਹਨ, ਮਾਹਰਾਂ ਤੋਂ ਸਿਖਲਾਈ ਲੈ ਸਕਦੇ ਹਨ ਜੋ ਦੂਰ ਦੁਰਾਡੇ ਵਸਦੇ ਹਨ। ਗੁਜਰਾਤ, ਉੱਤਰਾਖੰਡ, ਮਹਾਂਰਾਸ਼ਟਰ ਜਿਹੇ ਰਾਜਾਂ ਵਿਚ ਵਟਸਐੱਪ ਵਰਗੀ ਨਵੀਂ ਤਕਨਾਲੋਜੀ ਦੀ ਵਰਤੋਂ ਦੀਆਂ ਮਿਸਾਲਾਂ ਹਨ ਜੋ ਇਕ ਦੂਜੇ ਨਾਲ ਵਿਚਾਰਾਂ ਅਤੇ ਜਾਣਕਾਰੀ ਦੇ ਆਦਾਨ ਪ੍ਰਦਾਨ ਲਈ ਵਰਤੀ ਜਾ ਰਹੀ ਹੈ। ਕਰਨਾਟਕ ਦਾ ਮੁਕਤ ਸਿੱਖਿਆ ਸਰੋਤ ਮੰਗ ਅਧਿਆਪਕਾਂ ਨੂੰ ਡਿਜ਼ੀਟਲ ਸਮੱਗਰੀ ਵਧਾਉਣ ਵਿਚ ਮਦਦਗਾਰ ਹੋ ਰਿਹਾ ਹੈ। ਅਜਿਹੀ ਤਕਨਾਲੋਜੀ ਵਰਤੋਂ ਦੇ ਵੱਖ-ਵੱਖ ਨਮੂਨੇ ਹਨ, ਜਿਵੇਂ ਆਦੇਸ਼ਾਤਮਕ ਵੀਡੀਓ, ਆਨਲਾਈਨ ਸਿਖਲਾਈ ਅਤੇ ਸਾਥੀਆਂ ਦੀ ਸਹਾਇਤਾ/ਸਿੱਖਣ ਨੂੰ ਐੱਮ ਓ ਓ ਸੀ ਐੱਸ (ਮੈਸਿਵ ਓਪਨ ਆਨਲਾਈਨ ਕੋਰਸਿਜ਼) ਨਾਲ ਮਿਲਾ ਕੇ ਵਿਦਿਆਰਥੀਆਂ ਲਈ ਉੱਚ ਪੱਧਰ ਦੇ ਕੋਰਸ ਤਿਆਰ ਕੀਤੇ ਜਾ ਸਕਦੇ ਹਨ ਅਤੇ ਸਿੱਖਿਆ ਦੇ ਨਮੂਨੇ ਨਰਸਿੰਗ ਅਤੇ ਦੂਜੇ ਖੇਤਰਾਂ ਵਿਚ ਸਿਖਲਾਈ ਨੂੰ ਹੁਲਾਰਾ ਦੇ ਸਕਦੇ ਹਨ।

ਤਕਨਾਲੋਜੀ ਨੂੰ ਅਪਣਾਉਣ ਦੀ ਤੀਜੀ ਵਰਤੋਂ, ਮਜ਼ਬੂਤ ਸ਼ਾਸਨ ਲਈ ਅੰਕੜਿਆਂ ਨੂੰ ਇਕੱਤਰ ਕਰ ਕੇ ਵਿਸ਼ਲੇਸ਼ਣੀ ਮੁੱਲੰਕਣ ਕਰਨਾ ਹੈ। ਵਿਸ਼ਾਲ ਪ੍ਰਬੰਧਨ ਜਾਣਕਾਰੀ ਪ੍ਰਣਾਲੀਆਂ ਦੀ ਮਦਦ ਨਾਲ ਸਾਰੇ ਵਿੱਦਿਅਕ ਸੰਸਥਾਨ ਵਿਦਿਆਰਥੀਆਂ ਦੇ ਪੱਧਰ ਦੇ ਅੰਕੜਿਆਂ ਨੂੰ ਰਿਕਾਰਡ ਸੰਭਾਲ, ਨਿਗਰਾਨੀ ਤੇ ਮੁੱਲੰਕਣ ਲਈ ਇਸਤੇਮਾਲ ਕਰ ਸਕਦੇ ਹਨ ਅਤੇ ਇਸ ਨੂੰ ਸੰਸਥਾਨ ਦੇ ਵਿਸ਼ਾਲ ਟੀਚਿਆਂ ਅਤੇ ਅਧਿਆਪਕ-ਵਿਦਿਆਰਥੀ ਮੁਖੀ ਟੀਚਿਆਂ ਲਈ ਵਰਤ ਸਕਦੇ ਹਨ। ਕੇਰਲ, ਮਹਾਂਰਾਸ਼ਟਰ, ਗੁਜਰਾਤ ਅਤੇ ਓਡੀਸ਼ਾ ਦੇ ਅਜਿਹੇ ਹੱਲ ਅਮਲ ਵਿਚ ਲਿਆਉਣ ਲਈ ਕਦਮ ਚੁੱਕੇ ਹਨ।

## ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣਾ

ਅੰਤਰਰਾਸ਼ਟਰੀ ਮਾਨਕਾਂ ਦੇ ਆਧਾਰ 'ਤੇ ਵੇਖੀਏ ਤਾਂ ਭਾਰਤ ਕੋਲ ਆਪਣੀ ਵਸੋਂ ਦੀਆਂ ਲੋੜਾਂ ਦੇ ਲਿਹਾਜ ਨਾਲ ਡਾਕਟਰਾਂ, ਨਰਸਾਂ ਅਤੇ ਸਿਹਤ ਕੇਂਦਰਾਂ ਦੀ ਗਿਣਤੀ ਲਗਭਗ ਅੱਧੀ ਹੈ। ਨਾਲ ਹੀ ਮੌਜੂਦਾ ਸਹੂਲਤਾਂ ਬੇਹਤਰ ਸਿਹਤ ਨਤੀਜੇ ਦੇਣ ਲਈ ਤਿਆਰ ਨਹੀਂ। ਤਕਨਾਲੋਜੀ ਦੀ ਵਰਤੋਂ ਜਨਤਕ ਸਿਹਤ ਸੇਵਾਵਾਂ ਦੇਣ ਵਿਚ ਬਦਲਾਅ ਲਿਆ ਸਕਦੀ ਹੈ, ਦੂਰ-ਦੁਰਾਡੇ ਸਿਹਤ ਸੇਵਾਵਾਂ ਦਿਤੀਆਂ ਜਾ ਸਕਦੀਆਂ ਹਨ (ਮੋਬਾਈਲ ਇੰਟਰਨੈੱਟ ਰਾਹੀਂ ਮਾਹਰਾਂ ਦੀ ਸਲਾਹ ਦੇਣਾ), ਡਿਜ਼ੀਟਲ ਯੰਤਰ ਜੋ ਸਾਧਾਰਨ ਹੁਨਰ ਵਾਲੇ ਸਿਹਤ ਕਾਮਿਆਂ ਨੂੰ ਬੁਨਿਆਦੀ ਪ੍ਰਕਿਰਿਆਵਾਂ ਲਈ ਤਿਆਰ ਕਰ ਸਕਦੇ ਹਨ। ਇਸੇ ਤਰ੍ਹਾਂ ਹੀ ਘੱਟ ਕੀਮਤ ਵਾਲੇ ਜਾਂਚ ਯੰਤਰ ਜੋ ਸਮਾਰਟ ਫ਼ੋਨ ਨਾਲ ਕੰਮ ਕਰਦੇ ਹਨ, ਇਸ ਮਾਮਲੇ ਵਿਚ ਮਦਦਗਾਰ ਹੋ ਸਕਦੇ ਹਨ। ਮਿਸਾਲ ਦੇ ਤੌਰ ਤੇ, ਇਕ ਸਮਾਰਟ ਫ਼ੋਨ ਨੂੰ ਅੱਖਾਂ ਦੀ ਸਸਤੇ ਵਿਚ ਜਾਂਚ ਕਰਨ ਵਾਲੇ ਹੱਲ ਵਿਚ ਬਦਲਣਾ ਸੰਭਵ ਹੈ। ਅੱਖਾਂ ਦਾ ਇਕ ਯੰਤਰ, *ਨੇਤਰਾ ਜੀ*, ਇਕ ਸਮਾਰਟ ਫ਼ੋਨ ਵਿਚ ਲਗਾ ਕੇ, ਮੁਢਲਾ ਸਾਫ਼ਟਵੇਅਰ ਅਤੇ ਆਪਟਿਕ ਤਕਨਾਲੋਜੀ ਦੀ ਵਰਤੋਂ ਕਰ ਕੇ, ਅੱਖ ਦੀ ਅਪਰਵਰਤਕ ਤਰੁਟੀ ਨੂੰ ਮਾਪ ਸਕਦਾ ਹੈ, ਜਿਸ ਦੀ ਲਾਗਤ ਸਿਰਫ਼ ਤਿੰਨ ਸੌ ਰੁਪਏ ਹੈ। ਜਿਨ੍ਹਾਂ ਨੂੰ ਅੱਖਾਂ ਦੀ ਐਨਕ ਤੋਂ ਇਲਾਵਾ ਕੋਈ ਹੋਰ ਜ਼ਰੂਰਤ ਹੋਵੇ ਤਾਂ ਮਰੀਜ਼ ਦੇ ਅੰਕੜੇ ਉਸ ਵੇਲੇ ਦੂਰ ਬੈਠੇ ਮਾਹਰਾਂ ਨਾਲ ਸਾਂਝੇ ਕੀਤੇ ਜਾ ਸਕਦੇ ਹਨ। ਪਰ ਇਹ ਤਾਂ ਹੀ ਸੰਭਵ ਹੋਵੇਗਾ ਜੇ ਸਾਡਾ ਸਮਾਜ ਇਕ ਨੈੱਟਵਰਕ ਵਿਚ ਪਰੋਇਆ ਹੋਵੇ। ਕੰਪਿਊਟੀਕਰਨ ਦਾ ਮਕਸਦ ਸਿਹਤ ਸੰਭਾਲ, ਗੁਣਵੱਤਾ ਅਤੇ ਸੁਰੱਖਿਆ ਵਿਚ ਸੰਭਾਲ ਕਰਨਾ ਹੈ, ਨਾਲ ਦੀ ਨਾਲ ਗੁਣਵੱਤਾ ਅਤੇ ਸੁਰੱਖਿਆ ਸਾਰਣੀ ਦੇ ਮਾਪ ਵਿਚ ਮਦਦਗਾਰ ਹੋਣਾ ਵੀ।

## ਈ-ਸ਼ਾਸਨ

ਡਿਜ਼ੀਟਲ ਭਾਰਤ ਦਾ ਐਲਾਨਿਆ ਮਕਸਦ ਭਾਰਤ ਨੂੰ ਡਿਜ਼ੀਟਲ ਤੌਰ ਤੇ ਤਾਕਤਵਰ ਸਮਾਜ ਵਿਚ ਬਦਲਣਾ ਹੈ ਅਤੇ ਇਸ ਨੂੰ 'ਗਿਆਨ ਭਵਿੱਖ' ਵਜੋਂ ਤਿਆਰ ਕਰਨਾ ਹੈ। ਡਿਜ਼ੀਟਲ ਭਾਰਤ ਸਾਰੀਆਂ ਈ-ਸ਼ਾਸਨ ਅਤੇ ਸੰਚਾਰ ਯੋਜਨਾਵਾਂ ਅਤੇ ਕੇਂਦਰ ਦੀਆਂ ਯੋਜਨਾਵਾਂ ਦਾ ਸਮੂਹ ਜਾਪਦਾ ਹੈ। ਉਦਾਹਰਣ ਲਈ, ਭਾਰਤ ਸੰਚਾਰ ਨਿਗਮ ਲਿਮਟਿਡ ਦਾ ਆਪਟੀਕਲ ਫਾਈਬਰ ਕੇਬਲ ਇਸਤੇਮਾਲ ਕਰ ਕੇ, ਪੇਂਡੂ ਬ੍ਰਾਡਬੈਂਡ ਸੰਚਾਰ ਯੋਜਨਾ ਤਹਿਤ, 2,50,000 ਪਿੰਡ ਪੰਚਾਇਤਾਂ ਨੂੰ ਜੋੜਨ ਦੀ ਯੋਜਨਾ ਨੂੰ ਡਿਜ਼ੀਟਲ ਭਾਰਤ ਦੀ ਛਤਰੀ ਹੇਠ ਲਿਆ ਕੇ, 'ਭਾਰਤ ਨੈੱਟ' ਦਾ ਨਾਮ ਦਿਤਾ ਗਿਆ ਹੈ। ਈ-ਸ਼ਾਸਨ ਜਾਂ ਨਾਗਰਿਕਾਂ ਦੇ ਡਿਜ਼ੀਟਲ ਸਸ਼ਕਤੀਕਰਨ ਪਿੱਛੇ ਬੁਨਿਆਦੀ ਸੋਚ, ਲਾਲ ਫੀਤਾਸ਼ਾਹੀ, ਦਲਾਲਾਂ, ਭ੍ਰਿਸ਼ਟਾਚਾਰ ਖਤਮ ਕਰਕੇ ਨਾਗਰਿਕਾਂ ਅਤੇ ਸਰਕਾਰ ਨੂੰ ਇਕ ਦੂਸਰੇ ਦੇ ਨੇੜੇ ਲਿਆਉਣ ਦੀ ਹੈ।

ਈ-ਸ਼ਾਸਨ ਦੀ ਰਸਮੀ ਸ਼ੁਰੂਆਤ 1986 ਵਿਚ ਨਵੀਂ ਦਿੱਲੀ ਵਿਖੇ ਪਹਿਲੀ ਕੰਪਿਊਟਰੀਕ੍ਰਿਤ ਰੇਲ ਯਾਤਰੀ ਰਾਖਵਾਂਕਰਨ ਪ੍ਰਣਾਲੀ ਦੀ ਸਥਾਪਨਾ ਨਾਲ ਹੋਈ। ਦੇਸ਼ ਵਿਚ ਤਿਆਰ ਕੀਤੀ ਗਈ ਇਹ ਯੋਜਨਾ, ਦੇਰੀ, ਭ੍ਰਿਸ਼ਟਾਚਾਰ ਅਤੇ ਜਨ

ਸੇਵਾਵਾਂ ਦੇਣ ਵਿਚ ਢਿੱਲਮੱਠ ਨੂੰ ਰੋਕਣ ਲਈ, ਕੰਪਿਊਟਰ ਤਕਨਾਲੋਜੀ ਦੀ ਸਮਰਥਾ ਦਾ ਇਹ ਪਹਿਲਾ ਪ੍ਰਦਰਸ਼ਨ ਸੀ। ਜ਼ਮੀਨ ਦੇ ਰਿਕਾਰਡ ਦਾ ਕੰਪਿਊਟਰੀਕਰਨ, ਜੋ ਭੂਮੀ ਪ੍ਰਾਜੈਕਟ ਦੇ ਨਾਮ ਹੇਠ ਕਰਨਾਟਕ ਵਿਚ ਕੀਤਾ ਗਿਆ, ਈ-ਸ਼ਾਸਨ ਪ੍ਰੋਗਰਾਮ ਦੀ ਵੱਡੀ ਸਫਲ ਪ੍ਰਣਾਲੀ ਦਾ ਇਕ ਹੋਰ ਉਦਾਹਰਣ ਹੈ। ਇਹ ਯੋਜਨਾਵਾਂ ਇੰਟਰਨੈੱਟ, ਬ੍ਰਾਡਬੈਂਡ, ਮੋਬਾਈਲ ਤਕਨਾਲੋਜੀ ਦੀ ਆਮਦ ਨਾਲ ਹੋਰ ਨਿੱਖਰੀਆਂ ਹਨ ਅਤੇ ਦੂਜਿਆਂ ਰਾਜਾਂ ਲਈ ਈ-ਸ਼ਾਸਨ ਦੇ ਮਾਡਲ ਦਾ ਕੰਮ ਕਰ ਰਹੀਆਂ ਹਨ।

ਦੂਜੇ ਦੇਸ਼ਾਂ ਵਾਂਗ, ਭਾਰਤ ਆਪਣੀ ਸਰਕਾਰ ਨੂੰ ਹੋਰ ਪ੍ਰਭਾਵੀ ਅਤੇ ਲੋਕਾਂ ਪ੍ਰਤਿ ਜਵਾਬਦੇਹ ਬਣਾਉਣ ਲਈ ਜੂਝ ਰਿਹਾ ਹੈ। ਸਾਡੇ ਅੰਦਾਜ਼ਿਆਂ ਅਨੁਸਾਰ, ਸਰਕਾਰੀ ਖਰਚ ਦਾ 50 ਪ੍ਰਤਿਸ਼ਤ, ਜੋ ਮੁਢਲੀਆਂ ਸੇਵਾਵਾਂ 'ਤੇ ਖਰਚ ਕੀਤਾ ਜਾਂਦਾ ਹੈ। ਜਨਤਾ ਨੂੰ ਲਾਭ ਨਹੀਂ ਪਹੁੰਚਾਉਂਦਾ ਅਤੇ ਸਰਕਾਰ ਦੀਆਂ ਪੇਚੀਦਾ ਪ੍ਰਕਿਰਿਆਵਾਂ ਨਿਵੇਸ਼ ਅਤੇ ਵਿਕਾਸ ਦੇ ਰਾਹ ਵਿਚ ਅੜਿੱਕੇ ਡਾਹੁੰਦੀਆਂ ਹਨ। ਈ-ਸ਼ਾਸਨ ਸੇਵਾਵਾਂ ਦਾ ਆਰਥਿਕ ਪ੍ਰਭਾਵ ਮੁਕਾਬਲੇ-ਬਾਜ਼ੀ ਨੂੰ ਵਧਾਏਗਾ ਅਤੇ ਵਪਾਰ ਪੱਖੀ, ਸਾਰਥਕ ਵਾਤਾਵਰਨ ਦਾ ਨਿਰਮਾਣ ਕਰੇਗਾ।

## ਸਮਾਪਤੀ ਟਿੱਪਣੀਆਂ

ਇਸ ਲੇਖ ਦਾ ਮੰਤਵ ਭਾਰਤ ਵਿਚ ਸਮੁੱਚਾ ਵਿਕਾਸ ਹਾਸਲ ਕਰਨ ਲਈ ਆਧੁਨਿਕ ਤਕਨਾਲੋਜੀਆਂ ਦੀ ਭੂਮਿਕਾ ਦੀ ਪੜਚੋਲ ਕਰਨਾ ਹੈ। ਮੈਂ ਡਿਜ਼ੀਟਲ ਤਕਨਾਲੋਜੀਆਂ ਦੀ ਭੂਮਿਕਾ ਦਾ ਮੁੱਲੰਕਣ ਕੀਤਾ ਹੈ ਅਤੇ ਡਿਜ਼ੀਟਲ ਭਾਰਤ ਪ੍ਰੋਗਰਾਮ ਲਿਆਂਦਾ ਹੈ। ਪੰਜ ਖੇਤਰਾਂ ਵੱਲ ਵੇਖਦਿਆਂ ਜਿਵੇਂ ਖੇਤੀਬਾੜੀ, ਨਿਰਮਾਣ, ਸਿੱਖਿਆ, ਸਿਹਤ-ਸੰਭਾਲ ਅਤੇ ਸਰਕਾਰੀ ਸੇਵਾਵਾਂ – ਇਹ ਸਪੱਸ਼ਟ ਹੋ ਜਾਂਦਾ ਹੈ ਕਿ ਨਵੀਆਂ ਡਿਜ਼ੀਟਲ ਤਕਨਾਲੋਜੀਆਂ 'ਤੇ ਅਮਲ ਨਾਲ ਇਨ੍ਹਾਂ ਖੇਤਰਾਂ ਵਿਚ ਪਰਿਵਰਤਨ ਆਵੇਗਾ। ਇਨ੍ਹਾਂ ਖੇਤਰਾਂ ਦੀਆਂ ਅਕੁਸ਼ਲਤਾਵਾਂ ਅਤੇ ਕਮੀਆਂ ਨੂੰ ਤਕਨਾਲੋਜੀ ਨਾਲ ਦੂਰ ਕੀਤਾ ਜਾ ਸਕਦਾ ਹੈ। ਇਹ ਭਾਰਤੀ ਖੇਤੀਬਾੜੀ ਨੂੰ ਬਦਲ ਦੇਣਗੀਆਂ ਅਤੇ ਦਿਹਾਤੀ ਖੇਤਰਾਂ ਦੇ ਜੀਵਨ ਪੱਧਰ ਅਤੇ ਰੋਜ਼ੀ-ਰੋਟੀ ਵਿਚ ਸੁਧਾਰ ਹੋਵੇਗਾ। ਨਿਰਮਾਣਸਾਜ਼ੀ ਹੋਰ ਮੁਕਾਬਲੇ-ਬਾਜ਼ੀ ਵਾਲੀ ਹੋ ਕੇ ਆਪਣਾ ਪਸਾਰ ਵਧਾਉਣ ਦੇ ਨਾਲ ਰੁਜ਼ਗਾਰ ਦੇ ਵੱਧ ਮੌਕੇ ਪ੍ਰਦਾਨ ਕਰੇਗੀ। ਸਿੱਖਿਆ ਖੇਤਰ ਵਿਚ ਗੁਣਵੱਤਾ ਅਤੇ ਸਿੱਖਣ ਦੇ ਮੁੱਦੇ ਡਿਜ਼ੀਟਲ ਤਕਨਾਲੋਜੀ ਨਾਲ ਹੱਲ ਕੀਤੇ ਜਾ ਸਕਦੇ ਹਨ। ਸਿਹਤ ਸੰਭਾਲ ਸੇਵਾਵਾਂ ਸਸਤੀਆਂ ਅਤੇ ਦੇਸ਼ ਦੇ ਦੂਰ-ਦੁਰਾਡੇ ਇਲਾਕਿਆਂ ਵਿਚ ਪੁਜਾਈਆਂ ਜਾ ਸਕਣਗੀਆਂ। ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਵਿਚ ਵੱਡਾ ਸੁਧਾਰ ਹੋ ਸਕਦਾ ਹੈ। ਸੰਖੇਪ ਵਿਚ, ਤਕਨਾਲੋਜੀ ਸਮੁੱਚਾ ਵਿਕਾਸ ਪ੍ਰਾਪਤ ਕਰਨ ਵਿਚ ਮਦਦ ਕਰੇਗੀ ਅਤੇ ਕਾਫ਼ੀ ਆਰਥਿਕ ਪ੍ਰਗਤੀ ਵੀ ਹੋਵੇਗੀ। ਨਾਲ ਹੀ ਸਥਿਰ ਸ਼ਾਸਨ, ਸਮੁੱਚਿਤ ਅਤੇ ਪਹੁੰਚ ਵਾਲੀ ਸਿਹਤ ਸੰਭਾਲ, ਸਿੱਖਿਆ ਅਤੇ ਨਾਗਰਿਕ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾ ਸਕਣਗੀਆਂ। ਨਵੀਆਂ ਅਤੇ ਆਧੁਨਿਕ ਤਕਨਾਲੋਜੀਆਂ ਦਾ ਪੂਰਾ ਲਾਹਾ ਲੈਣ ਲਈ ਡਿਜ਼ੀਟਲ ਆਰਥਿਕਤਾ ਲਈ ਬੁਨਿਆਦੀ ਢਾਂਚੇ ਦੀ ਉਸਾਰੀ, ਤਕਨਾਲੋਜੀ ਅਪਣਾਉਣ ਦੇ ਰਸਤੇ ਵਿਚ ਸੰਭਾਵੀ ਅੜਿੱਕੇ ਹਟਾਉਣ ਅਤੇ ਪ੍ਰਭਾਵੀ ਨੀਤੀਆਂ ਮੁਹੱਈਆ ਕਰਵਾਉਣ, ਨਿਰਮਾਣ, ਨਿਗਰਾਨੀ ਦੇ ਮਾਪਦੰਡ ਅਤੇ ਤਕਨਾਲੋਜੀ ਦੇ ਦੁਰ-ਪ੍ਰਭਾਵਾਂ 'ਤੇ ਕਾਬੂ ਪਾਉਣ ਜੋ ਇੱਛਤ ਜਾਂ ਅਣਇੱਛਤ ਹੋਣ, ਦੀ ਲੋੜ ਹੈ। ਇਕ ਸ਼ਾਨਦਾਰ, ਨਵੀਨਤਾ ਵਾਲੀ ਈਕੋ-ਪ੍ਰਣਾਲੀ ਬਣਾਉਣ ਦੀ ਵੀ ਲੋੜ ਹੈ ਕਿਉਂਕਿ ਭਾਰਤ ਇਕ ਬਹੁ-ਭਾਸ਼ਾਈ ਦੇਸ਼ ਹੈ, ਸੋ ਗਿਆਨ, ਸੂਚਨਾ ਅਤੇ ਮੌਕਿਆਂ ਦੇ ਫੈਲਾਅ ਲਈ ਬਹੁ-ਭਾਸ਼ਾਈ ਸਮਰਥਾਵਾਂ ਦਾ ਜਾਲ ਬੁਣਨ ਦੀ ਲੋੜ ਹੈ। ਰਵਾਇਤੀ ਪ੍ਰਣਾਲੀਆਂ ਦਾ ਆਧੁਨਿਕ ਪ੍ਰਣਾਲੀਆਂ ਨਾਲ ਸੁਮੇਲ ਕਰਨ ਦੀ ਵੀ ਜ਼ਰੂਰਤ ਹੈ ਜੋ ਸ਼ਾਸਨ ਦੇ ਵੱਖ-ਵੱਖ ਪੱਖਾਂ ਨੂੰ ਸਰਲ ਕਰ ਦੇਵੇਗਾ – ਭਾਵੇਂ ਇਹ ਜਨਤਕ ਵੰਡ ਪ੍ਰਣਾਲੀ, ਕੰਮ ਦਾ ਸਵੈਚਾਲਨ, ਸ਼ਹਿਰੀ, ਪੇਂਡੂ ਰਹਿਣਯੋਗ ਵਾਤਾਵਰਨ ਵਿਚ ਪਰਿਵਰਤਨ ਜਾਂ ਬੇਹਰਤ ਸਿਹਤ ਸੰਭਾਲ ਸੇਵਾਵਾਂ ਦੇਣਾ ਹੋਵੇ। ਇਥੇ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਪੱਛਮੀ ਦੇਸ਼ਾਂ ਵਿਚ ਡਿਜ਼ੀਟਲ ਤਕਨਾਲੋਜੀ ਅਪਣਾਉਣ ਨਾਲ ਕੁਸ਼ਲਤਾ ਅਤੇ ਉਤਪਾਦਕਤਾ ਵਿਚ ਵਾਧੇ ਨਾਲ ਲੋਕਾਂ ਵਾਸਤੇ ਨੌਕਰੀਆਂ ਵਿਚ ਕਮੀ ਆਈ ਹੈ। ਭਾਰਤ ਵਿਚ ਆਸ ਕੀਤੀ ਜਾਂਦੀ ਹੈ ਕਿ ਦਰਮਿਆਨੀ ਮਿਆਦ ਵਿਚ ਇਸ ਨਾਲ ਰੁਜ਼ਗਾਰ ਦੇ ਮੌਕੇ ਵਧਣਗੇ। ਇਸ ਅਹਿਮ ਪੱਖ ਵੱਲ ਵਧੇਰੇ ਜ਼ਿੰਮੇਵਾਰੀ ਨਾਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

*(ਲੇਖਕ ਦਿੱਲੀ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੈ।)*

***ਸਫ਼ਾ 32 ਦੀ ਬਾਕੀ***

ਢੁਆਈ ਅਤੇ ਡੰਪ ਕਰਨ ਦੀ ਪੂਰੀ ਸਮਾਂ-ਸੂਚੀ ਦੀ ਨਿਗਰਾਨੀ ਹੋ ਸਕਦੀ ਹੈ ਅਤੇ ਖਰਚੇ ਵਿਚ ਵੀ ਕਮੀ ਲਿਆਂਦੀ ਜਾ ਸਕਦੀ ਹੈ। ਇਸੇ ਲੇਖਕ ਵਲੋਂ ਦਿਤਾ ਇਕ ਹੋਰ ਸੁਝਾਅ ਸਵੈਚਾਲਤ ਕੂੜਾ ਇਕੱਤਰ ਪ੍ਰਣਾਲੀ ਹੈ ਜਿਸ ਨਾਲ ਘਰੋ-ਘਰੀਂ ਜਾ ਕੇ ਕੂੜਾ ਇਕੱਠਾ ਕਰਨ, ਢੋਣ ਅਤੇ ਡੰਪ ਕਰਨ ਦੀ ਰਵਾਇਤੀ ਵਿਧੀ ਨੂੰ ਬਦਲਿਆ ਜਾ ਸਕਦਾ ਹੈ।

## ਸਿੱਟਾ

ਭਾਵੇਂ ਲੋੜੀਂਦੇ ਸਟੀਕ ਅੰਕੜਿਆਂ ਦੀ ਘਾਟ ਸੰਸਥਾਗਤ ਪ੍ਰਬੰਧਾਂ ਵਿਚ ਦੁਹਰਾਅ ਅਤੇ ਸ਼ਹਿਰੀ ਫ਼ੰਡ ਭਾਰਤੀ ਸ਼ਹਿਰਾਂ ਵਿਚ ਸਵੱਛਤਾ ਅਤੇ ਠੋਸ ਰਹਿੰਦ-ਖੂੰਹਦ ਬਾਰੇ ਉਹ ਬਹੁਤੇ ਨਹੀਂ ਅਤੇ ਮਾੜੀ ਸੇਵਾ ਡਲਿਵਰੀ ਦੇ ਵੱਡੇ ਕਾਰਨ ਹਨ, ਸੂਚਨਾ ਤੇ ਸੰਚਾਰ ਤਕਨਾਲੋਜੀ ਕ੍ਰਾਂਤੀ ਨਾਲ ਚੰਗੇ ਭਾਗੀਂ ਕਈ ਸਾਧਨਾਂ ਦੀ ਬਹੁਤ ਜਾਇਜ਼ ਲਾਗਤ ਨਾਲ ਗਾਹਕਾਂ ਤੋਂ ਵਿਆਪਕ ਆਧਾਰੀ ਢੰਗ ਨਾਲ ਬਾਅਦ ਦਾ ਪ੍ਰਤਿਕਰਮ ਲੈਣਾ ਸੰਭਵ ਹੋ ਸਕਿਆ ਹੈ ਤਾਂ ਕਿ ਸੇਵਾ ਮੁਹੱਈਆਕਾਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰ ਸਕੇ। ਪਰ ਇਹ ਯਾਦ ਰੱਖਣਾ ਸਹੀ ਰਹੇਗਾ ਕਿ ਸੂਚਨਾ ਤੇ ਸੰਚਾਰ ਤਕਨਾਲੋਜੀ ਸਵੱਛਤਾ ਤੇ ਠੋਸ ਰਹਿੰਦ-ਖੂੰਹਦ ਨਾਲ ਜੁੜੀਆਂ ਵੱਡੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਸਿਰਫ਼ ਇਕ ਸਾਧਨ ਹੈ ਨਾ ਕਿ ਵਿਕਲਪ। ਨਾਗਰਿਕਾਂ ਦੀਆਂ ਨਿਤ ਵਰਤੋਂ-ਵਿਹਾਰ ਸੰਬੰਧਿਤ ਆਦਤਾਂ ਕੇਵਲ ਖੁੱਲ੍ਹੇ ਵਿਚ ਪਖ਼ਾਨੇ ਲਈ ਜਾਣ ਜਾਂ ਗਲੀਆਂ ਵਿਚ ਕੂੜਾ ਸੁੱਟਣ ਦੇ ਨਾਂਹ-ਪੱਖੀ ਪ੍ਰਭਾਵ ਦੱਸਣ ਨਾਲ ਹੀ ਬਦਲਣਗੀਆਂ ਅਤੇ ਇਸ ਦੇ ਨਾਲ-ਨਾਲ ਸੇਵਾ ਮੁਹੱਈਆਕਾਰਾਂ ਵਲੋਂ ਸਾਰੇ ਦਿਤੇ ਬਿਹਤਰ ਤਾਲਮੇਲ ਪੈਦਾ ਕੀਤੇ ਜਾਣ, ਸਥਾਨਕ ਸੰਸਥਾਵਾਂ ਦੀ ਵਧੇਰੇ ਆਰਥਿਕ ਵਿਕੇਂਦਰੀਕਰਨ ਹੋਵੇ ਅਤੇ ਵਧੇਰੇ ਭਰੋਸੇਯੋਗ ਅੰਕੜਾ ਭੰਡਾਰ ਤਿਆਰ ਕੀਤਾ ਜਾਵੇ, ਜਿਸ ਨਾਲ ਮਿਆਰੀ ਖੋਜ ਕੀਤੀ ਜਾ ਸਕੇ ਅਤੇ ਭਾਰਤੀ ਸ਼ਹਿਰਾਂ ਨੂੰ ਇਸ ਸਮੱਸਿਆ ਤੋਂ ਮੁਕਤੀ ਮਿਲ ਸਕੇ।

*(ਲੇਖਕ ਪ੍ਰੋਫੈਸਰ, ਸੈਂਟਰ ਫਾਰ ਰਿਸਰਚ ਇਨ ਅਰਬਨ ਅਫੇਅਰਜ਼ ਇੰਸਟੀਚਿਊਟ ਫਾਰ ਸੋਸ਼ਲ ਐਂਡ ਇਨਕਨਾਮਿਕ ਚੇਂਜ, ਡਾ. ਵੀ ਕੇ ਆਰ ਵੀ ਰਾਓ ਰੋਡ, ਨਗਰਾਭਾਵੀ, ਬੰਗਲੌਰ ਹੈ।)*

*e-mail :kala@isec.ac.in*

# ਭਾਰਤ 'ਚ ਸਮਾਵੇਸ਼ੀ ਵਿਕਾਸ ਤੇ ਸਮਾਜਿਕ ਪਰਿਵਰਤਨ

✍ ਐੱਨ ਆਰ ਭਾਨੂਮੂਰਤੀ ਤੇ ਵਰਸ਼ਾ ਸਿਵਾਰਾਮ

2014-15 ਵਿਚ ਭਾਰਤੀ ਅਰਥਚਾਰੇ ਦੇ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ 7.3 ਪ੍ਰਤਿਸ਼ਤ ਰਹੀ ਅਤੇ ਵਿਸ਼ਲੇਸ਼ਕਾਂ ਦਾ ਵਿਚਾਰ ਹੈ ਕਿ ਇਸ ਸਾਲ ਇਹ 7.5 ਪ੍ਰਤਿਸ਼ਤ ਰਹਿ ਸਕਦੀ ਹੈ। ਕਈ ਅੰਤਰਰਾਸ਼ਟਰੀ ਵਿੱਤੀ ਸੰਸਥਾਨਾਂ ਜਿਵੇਂ ਕਿ ਆਈ ਐੱਮ ਐੱਫ ਅਤੇ ਵਿਸ਼ਵ ਬੈਂਕ ਵਲੋਂ ਇਹ ਵੀ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਚਾਲੂ ਵਰ੍ਹੇ ਵਿਚ ਭਾਰਤ ਵਿਕਾਸ ਦੇ ਲਿਹਾਜ ਚੀਨ ਤੋਂ ਅੱਗੇ ਵਧ ਜਾਵੇਗਾ ਅਤੇ ਇਹ ਵਿਕਸਤ ਹੋ ਰਹੇ ਅਰਥਚਾਰੇ ਵਿਚ ਸ਼ਾਨਦਾਰ ਸਥਾਨ ਬਣਾ ਸਕਦਾ ਹੈ। ਪਰ ਜਦੋਂ ਅਸੀਂ ਮਿਲੇਨੀਅਮ ਵਿਕਾਸ ਟੀਚੇ ਦੇਖਦੇ ਹਾਂ ਤਾਂ ਹਾਲਾਤ ਕੁੱਝ ਹੋਰ ਹੀ ਹਨ। ਹਾਲ ਹੀ ਦੀ ਮਿਲੇਨੀਅਮ ਵਿਕਾਸ ਟੀਚਿਆਂ ਦੀ ਭਾਰਤ ਸੰਬੰਧੀ ਰਿਪੋਰਟ (2015) ਵਿਚ ਕਿਹਾ ਗਿਆ ਹੈ ਕਿ 18 ਸੰਕੇਤਕਾਂ ਵਿਚੋਂ ਭਾਰਤ ਸਿਰਫ਼ 4 ਸੰਕੇਤਕਾਂ ਸੰਬੰਧੀ ਹੀ ਖ਼ਰਾ ਉਤਰ ਰਿਹਾ ਹੈ। ਬਾਕੀ ਸੰਕੇਤਕਾਂ ਵਿਚ ਜਾਂ ਤਾਂ ਇਹ ਪਛੜ ਰਿਹਾ ਹੈ ਅਤੇ ਜਾਂ ਸਾਧਾਰਨ ਤੌਰ ਤੇ ਉਨ੍ਹਾਂ ਦੇ ਨੇੜੇ ਹੈ। ਫਿਰ ਆਰਥਿਕ ਵਿਕਾਸ ਅਤੇ ਸਮਾਜਿਕ ਸੰਕੇਤਕਾਂ ਵਿਚ ਅਜਿਹੀ ਭਿੰਨਤਾ ਕਿਉਂ ਹੈ?

ਆਮ ਸ਼ਬਦਾਂ ਵਿਚ, ਆਰਥਿਕ ਵਿਕਾਸ ਮਿਥੇ ਸਮੇਂ ਵਿਚ ਆਰਥਿਕ ਉਤਪਾਦਨ ਵਿਚ ਹੋਏ ਵਾਧੇ ਦਾ ਸੂਚਕ ਹੈ। ਪਰ ਇਹ ਵਾਧਾ ਸਮਾਜ ਦੀਆਂ ਸਭ ਸ਼੍ਰੇਣੀਆਂ/ਵਰਗਾਂ ਨੂੰ ਉਤਪਾਦਨ ਵਿਚ ਬਰਾਬਰ ਦੇ ਭਾਗੀਦਾਰ ਜਾਂ ਉਨ੍ਹਾਂ ਵਲੋਂ ਹਾਸਲ ਨਹੀਂ ਕੀਤਾ ਵੀ ਹੋ ਸਕਦਾ ਹੈ। ਵਿਕਾਸ ਅਤੇ ਵੰਡ ਦੀਆਂ ਅਜਿਹੀਆਂ ਭਿੰਨਤਾਵਾਂ ਦੀ ਪਛਾਣ ਕਰਦੇ ਹੋਏ, ਭਾਰਤ ਨੇ ਇਕ ਅਜਿਹੀ ਵਿਕਾਸ ਕਾਰਗੁਜ਼ਾਰੀ ਅਪਣਾਈ ਹੈ ਜੋ ਸਮਾਵੇਸ਼ੀ ਵੀ ਹੈ ਅਤੇ ਪਾਇਦਾਰ ਵੀ (12ਵੀਂ ਪੰਜ ਸਾਲਾ ਯੋਜਨਾ ਦੇ ਪਹੁੰਚ ਦਸਤਾਵੇਜ਼ ਵਿਚ ਭਾਰਤ ਵਿਚ ਤੇਜ਼, ਪਾਇਦਾਰ ਅਤੇ ਵਧੇਰੇ ਸਮਾਵੇਸ਼ੀ ਵਿਕਾਸ ਹਾਸਲ ਕਰਨ ਦਾ ਉਦੇਸ਼ ਮਿਥਿਆ ਗਿਆ ਸੀ)।

**ਸਮਾਵੇਸ਼ੀ ਵਿਕਾਸ ਦੀ ਵਿਸ਼ਵ ਬੈਂਕ ਵਲੋਂ ਪਰਿਭਾਸ਼ਾ ਵਿਕਾਸ ਦੀ ਗਤੀ ਅਤੇ ਨੂਮਨੇ ਦਾ ਸੰਕੇਤ ਦਿੰਦੀ ਹੈ। ਇਸ ਦਾ ਭਾਵ ਹੈ ਕਿ ਆਰਥਿਕ ਵਿਕਾਸ ਕਿਸ ਗਤੀ ਨਾਲ ਹੋ ਰਿਹਾ ਹੈ ਅਤੇ ਇਸ ਦੇ ਲਾਭ ਕਿਥੋਂ ਤਕ ਫ਼ੈਲੇ ਹੋਏ ਹਨ। ਸਮਾਵੇਸ਼ ਸ਼ਬਦ ਦਾ ਮਤਲਬ ਹੈ ਕਿਸੇ ਕਿਸਮ ਦੇ ਵੀ ਸਮਾਜਿਕ-ਆਰਥਿਕ ਪਿਛੋਕੜ ਵਾਲੇ ਕਾਮਿਆਂ ਦੀ ਜਮਾਤ ਦੀ ਬਹੁ-ਗਿਣਤੀ ਅਤੇ ਖੇਤਰਾਂ ਵਿਚ ਵਿਕਾਸ ਕਰਨ ਅਤੇ ਉਸ ਤਕ ਪਹੁੰਚ ਵਿਚ ਹਰ ਹੀਲੇ ਸ਼ਮੂਲੀਅਤ। ਇਸ ਵਿਚਾਰ ਦਾ ਅਰਥ ਹੈ ਗਰੀਬ ਮੁਖੀ ਵਿਕਾਸ, ਜੋ ਖ਼ਾਸ ਤੌਰ ਤੇ ਅਜਿਹੇ ਵਿਕਾਸ ਬਾਰੇ ਸੰਕੇਤ ਦਿੰਦਾ ਹੈ ਜੋ ਗਰੀਬਾਂ ਲਈ ਲਾਭਕਾਰੀ ਹੋਵੇ। ਨੀਤੀਆਂ ਅਤੇ ਪ੍ਰੋਗਰਾਮਾਂ ਦਾ ਆਮ ਤੌਰ ਤੇ ਉਦੇਸ਼ ਹੁੰਦਾ ਹੈ; ਆਮਦਨ ਪੈਦਾ ਕਰਨ ਦੀ ਬਜਾਇ ਆਮਦਨ ਦੀ ਸਾਰਥਕ ਵੰਡ।**

ਪਰ ਸਾਹਿਤ ਵਿਚ ਅਤੇ ਜਨਤਕ ਨੀਤੀ ਦੇ ਘੇਰੇ ਅੰਦਰ, ਗਰੀਬੀ ਅਤੇ ਵਿਕਾਸ ਨੂੰ ਵੱਖ-ਵੱਖ ਕਰਕੇ ਦੇਖਿਆ ਜਾਂਦਾ ਹੈ ਜਿਸ ਨਾਲ ਆਪਣੇ-ਆਪ ਦੋਹਾਂ ਦੇ ਸਿੱਟਿਆਂ ਵਿਚ ਕੁਝ ਜੋੜ-ਤੋੜ ਦਿਖਾਈ ਦਿੰਦਾ ਹੈ। ਹਾਲ ਹੀ ਵਿਚ ਭਾਰਤ ਵਿਚ ਸਮਾਨ ਵਿਕਾਸ ਹਾਸਲ ਕਰਨ ਉਪਰ ਵੀ ਚਰਚਾ ਚਲ ਰਹੀ ਹੈ ਜੋ ਸਮਾਵੇਸ਼ੀ ਵਿਕਾਸ ਦੇ ਮੁਕਾਬਲੇ, ਨਾ ਸਿਰਫ਼ ਗਰੀਬਾਂ ਲਈ ਸਗੋਂ ਸਭ ਲਈ ਬਰਾਬਰ ਦੇ ਮੌਕੇ ਵਾਲੇ ਵਿਕਾਸ ਦਾ ਸੰਕੇਤ ਦਿੰਦਾ ਹੈ।

ਜਿਵੇਂ ਕਿ ਉਪਰ ਵਰਨਣ ਕੀਤਾ ਗਿਆ ਹੈ ਕਿ ਭਾਰਤ ਵਿਚ ਉੱਚੀ ਵਿਕਾਸ ਦਰ ਹਾਸਲ ਕਰਨ ਉਪਰ ਜ਼ੋਰ (9 ਪ੍ਰਤਿਸ਼ਤ ਦੀ ਔਸਤ ਵਿਕਾਸ ਦਰ ਜੋ 2003-04 ਅਤੇ 2007-08 ਵਿਚਕਾਰ ਰਹੀ ਜੋ ਇਸ ਨੇ 2008 ਤੋਂ ਪਹਿਲਾਂ ਦੇ ਸਮੇਂ ਵਿਚ ਹਾਸਲ ਕੀਤੀ ਹੈ, ਨੇ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਨਹੀਂ ਕੀਤੇ, ਜਿਸ ਨੂੰ ਕਈਆਂ ਨੇ ਨੌਕਰੀ ਵਿਹੂਣਾ ਵਿਕਾਸ ਵੀ ਕਿਹਾ ਹੈ)। ਇਸ ਨਾਲ, ਸਮਾਜ ਦੇ ਵਧੇਰੇ ਵਰਗਾਂ ਦੇ ਰੁਜ਼ਗਾਰ ਵਿਚ ਵੀ ਕੋਈ ਸੁਧਾਰ ਨਹੀਂ ਹੋਇਆ ਸੀ। ਇਸ ਤੋਂ ਇਲਾਵਾ, ਅਜਿਹੀ ਉੱਚੀ ਦਰ ਦੇਸ਼ ਦੇ ਕੁੱਝ ਖੇਤਰਾਂ ਵਿਚ ਹੀ ਹਾਸਲ ਕੀਤੀ ਗਈ ਸੀ ਜਿਸ ਨਾਲ ਖੇਤਰੀ ਭਿੰਨਤਾਵਾਂ ਵਿਚ ਵੀ ਵਾਧਾ ਹੋਇਆ। ਤਾਲਿਕਾ-1 ਵਿਚ ਉਤਪਾਦਨ ਵਿਕਾਸ ਦੀ ਰੌਂ (ਪਿਛਲੇ ਤਿੰਨ ਸਾਲਾਂ ਦਾ ਔਸਤ ਵਿਕਾਸ) ਅਤੇ ਵੱਖ-ਵੱਖ ਰਾਜਾਂ ਵਿਚ ਮਿਲੇਨੀਅਮ ਵਿਕਾਸ ਟੀਚਿਆਂ ਦੇ ਸੰਕੇਤਕਾਂ ਵਿਚ ਪ੍ਰਾਪਤੀਆਂ ਨੂੰ ਦਰਸਾਇਆ ਗਿਆ ਹੈ।

ਅੱਗੇ ਤਾਲਿਕਾ-1 ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਰਾਜਾਂ ਦੇ ਕੁੱਲ ਘਰੇਲੂ ਉਤਪਾਦਨ ਵਿਕਾਸ ਵਿਚ ਬਹੁਤ ਵੱਡਾ ਵਖਰੇਵਾਂ ਹੈ। ਬਿਹਾਰ, ਮੱਧ ਪ੍ਰਦੇਸ਼, ਗੁਜਰਾਤ, ਮੇਘਾਲਿਆ ਆਦਿ ਰਾਜ ਪਿਛਲੇ ਤਿੰਨ ਸਾਲਾਂ ਤੋਂ ਲਗਭਗ 8 ਪ੍ਰਤਿਸ਼ਤ ਵਿਕਾਸ ਦਰ ਤੋਂ ਅੱਗੇ ਵਧ ਰਹੇ ਹਨ ਪਰ ਕਰਨਾਟਕ, ਰਾਜਸਥਾਨ, ਪੰਜਾਬ ਅਤੇ ਉੱਤਰ ਪ੍ਰਦੇਸ਼ ਔਸਤ ਵਿਕਾਸ ਦਰ ਤੋਂ ਘੱਟ ਵਿਕਾਸ ਕਰ ਰਹੇ ਹਨ। ਦੂਜੇ ਪਾਸੇ, ਜਦੋਂ ਅਸੀਂ ਮਿਲੇਨੀਅਮ ਵਿਕਾਸ ਟੀਚਿਆਂ ਵਲ ਦੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਇਸ ਵਿਚ ਬਹੁਤ ਅੰਤਰ ਹੈ। ਬਿਹਾਰ ਦਾ

ਪ੍ਰਦਰਸ਼ਨ ਇਸ ਵਿਚ ਬਹੁਤ ਖਰਾਬ ਹੈ ਭਾਵੇਂ ਇਹ ਔਸਤ 10.3 ਪ੍ਰਤਿਸ਼ਤ ਦਰ 'ਤੇ ਵਿਕਾਸ ਕਰ ਰਿਹਾ ਹੈ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਰਾਜ ਵਿਚ ਹੋ ਰਿਹਾ ਬਹੁਤਾ ਵਿਕਾਸ ਉਥੋਂ ਦੇ ਲੋਕਾਂ ਦੀ ਵੱਡੀ ਗਿਣਤੀ ਤਕ ਨਹੀਂ ਪਹੁੰਚ ਰਿਹਾ ਅਤੇ ਇਸ ਰਾਜ ਵਿਚ ਸਭ ਤੋਂ ਵੱਧ ਗਿਣਤੀ ਗਰੀਬਾਂ ਦੀ ਹੈ। ਇਹੋ ਰੁਝਾਨ ਦੂਸਰੇ ਰਾਜਾਂ ਛੱਤੀਸਗੜ੍ਹ, ਮੱਧ ਪ੍ਰਦੇਸ਼, ਓਡੀਸ਼ਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿਚ ਵੀ ਦੇਖਣ ਨੂੰ ਮਿਲਦਾ ਹੈ ਜਿਥੇ ਮਿਲੇਨੀਅਮ ਵਿਕਾਸ ਟੀਚਿਆਂ ਦੇ 8 ਵਿਚੋਂ ਪੰਜ ਸੰਕੇਤਕ ਪਛੜ ਗਏ ਹਨ ਅਤੇ ਰਾਸ਼ਟਰੀ ਪੱਧਰ ਨਾਲੋਂ ਵੀ ਘੱਟ ਪ੍ਰਦਰਸ਼ਨ ਕਰ ਰਹੇ ਹਨ। ਇਨ੍ਹਾਂ 8 ਮਿਲੇਨੀਅਮ ਵਿਕਾਸ ਟੀਚਿਆਂ ਦੇ ਸੰਕੇਤਕਾਂ ਤੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਰਾਜ ਹਨ ਗੋਆ, ਕੇਰਲ ਅਤੇ ਤ੍ਰਿਪੁਰਾ ਜਿਨ੍ਹਾਂ ਵਿਚ ਸਭ ਸੰਕੇਤਕ ਸਰਬ ਭਾਰਤੀ ਉਪਲਬਧੀ ਨਾਲੋਂ ਬਹੁਤ ਵਧੀਆ ਪ੍ਰਦਰਸ਼ਨ ਕਰ ਰਹੇ ਹਨ। ਤਮਿਲਨਾਡੂ, ਮਿਜ਼ੋਰਮ, ਮਹਾਂਰਾਸ਼ਟਰ ਅਤੇ ਹਿਮਾਚਲ ਪ੍ਰਦੇਸ਼ ਜਿਹੇ ਰਾਜਾਂ ਵਿਚ ਵੀ 8 ਵਿਚੋਂ 7 ਸੰਕੇਤਕਾਂ ਵਿਚ ਪ੍ਰਦਰਸ਼ਨ ਸਰਬ ਭਾਰਤੀ ਅੰਕੜਿਆਂ ਤੋਂ ਕਿਤੇ ਵਧੀਆ ਹੈ। ਇਕ ਸਿੱਟਾ ਜੋ ਹੇਠਲੀ ਤਾਲਿਕਾ ਤੋਂ ਕੱਢਿਆ ਜਾ ਸਕਦਾ ਹੈ, ਉਹ ਹੈ ਕਿ ਰਾਜਾਂ ਦੇ ਕੁੱਲ ਘਰੇਲੂ ਉਤਪਾਦ ਦੇ ਵਾਧੇ ਅਤੇ ਵੱਖ-ਵੱਖ ਰਾਜਾਂ ਵਿਚ ਮਿਲੇਨੀਅਮ ਵਿਕਾਸ ਟੀਚਿਆਂ ਦੀ ਪ੍ਰਾਪਤੀ, ਦੋਹਾਂ ਵਿਚ ਬਹੁਤ ਭਿੰਨਤਾ ਹੈ। ਇਸ ਤੋਂ ਇਲਾਵਾ, ਇਹ ਵੀ ਸਪੱਸ਼ਟ ਹੈ ਕਿ ਰਾਜਾਂ ਦੇ ਕੁੱਲ ਘਰੇਲੂ ਉਤਪਾਦ ਵਿਚ ਅਤੇ ਮਿਲੇਨੀਅਮ ਵਿਕਾਸ ਟੀਚਿਆਂ ਦੀਆਂ ਪ੍ਰਾਪਤੀਆਂ ਵਿਚ ਬਹੁਤ ਕਮਜ਼ੋਰ ਜਿਹਾ ਅਨੁਪਾਤ ਹੈ ਜਿਸ ਤੋਂ ਦੋਹਾਂ ਵਿਚ ਵੱਡੇ ਫ਼ਰਕ ਦਾ ਸੰਕੇਤ ਮਿਲਦਾ ਹੈ। ਦੇਸ਼ ਵਿਚ ਵਿਕਾਸ ਪ੍ਰਕਿਰਿਆ ਨੂੰ ਸਮਾਜਿਕ ਵਿਕਾਸ ਵਿਚ ਸੁਧਾਰ ਲਈ ਇਸਤੇਮਾਲ ਕਰਨ ਲਈ ਕੀ ਕਰਨਾ ਚਾਹੀਦਾ ਹੈ? ਇਸ ਨਾਜ਼ੁਕ ਮੁੱਦੇ ਦੇ ਹੱਲ ਲਈ ਕਈ ਵਿਚਾਰ ਪੇਸ਼ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ 12ਵੀਂ ਯੋਜਨਾ ਦੇ ਪਹੁੰਚ ਦਸਤਾਵੇਜ਼ ਵਿਚ ਕਲਮਬੰਦ ਕੀਤਾ ਗਿਆ ਹੈ ਪਰ ਤਿੰਨ ਮੁੱਦੇ ਹਨ ਜੋ ਬਹੁਤ ਹੀ ਸੰਵੇਦਨਸ਼ੀਲ ਹਨ, ਉਹ ਹਨ ਨੌਕਰੀਆਂ ਪੈਦਾ ਕਰਨਾ, ਖੁਰਾਕ ਸੁਰੱਖਿਆ ਅਤੇ ਵਿੱਤੀ ਸਮਾਵੇਸ਼।

**ਤਾਲਿਕਾ-1 : ਵੱਖ-ਵੱਖ ਰਾਜਾਂ ਵਿਚ ਤਾਜ਼ਾ ਆਰਥਿਕ ਵਿਕਾਸ ਰੁਝਾਨ ਅਤੇ ਮਿਲੇਨੀਅਮ ਵਿਕਾਸ ਟੀਚਿਆਂ ਦੇ ਸੰਕੇਤਕ**

| ਰਾਜ/ਕੇਂਦਰ ਸ਼ਾਸਤ ਪ੍ਰਦੇਸ਼ | ਔਸਤ ਵਿਕਾਸ ਪਿਛਲੇ 3 ਸਾਲਾਂ ਦੀ ਔਸਤ | 2011-12 'ਚ ਗਰੀਬਾਂ ਦੀ ਗਿਣਤੀ | 2005-06 'ਚ ਘੱਟ ਭਾਰ ਵਾਲੇ ਬੱਚਿਆਂ ਦਾ ਹਿੱਸਾ | 2013-14 ਸੈਕੰਡਰੀ ਐੱਨ ਈ ਆਰ | 15-24 ਸਾਲ ਦੇ ਆਦਮੀ/ਔਰਤਾਂ ਦੀ ਸਾਖਰਤਾ ਦਰ | ਆਈ ਐੱਮ ਆਰ 2013 | 2009 'ਚ ਸਿਹਤ ਮਾਹਰਾਂ ਵਲੋਂ ਜਣੇਪਾ | ਖੇਤਰ ਦੇ ਅਨੁਪਾਤ 'ਚ 'ਚ ਜੰਗਲਾਤ ਪ੍ਰਤਿਸ਼ਤ 2013 | ਐੱਨ ਐੱਨ ਐੱਸ 2012 ਅਨੁਸਾਰ ਸਾਫ਼-ਸਫ਼ਾਈ ਪਹੁੰਚ ਤੋਂ ਬਾਹਰ ਘਰ ਪਰਿਵਾਰ ਪੇਡੂ + ਸ਼ਹਿਰੀ ਪ੍ਰਤਿਸ਼ਤ |
|---|---|---|---|---|---|---|---|---|---|
| ਆਂਧਰ ਪ੍ਰਦੇਸ਼ | 6.15 | 9.2 | 29.8 | 43.56 | 0.92 | 39 | 95.6 | 16.8 | 38.7 |
| ਅਰੁਨਾਚਲ ਪ੍ਰਦੇਸ਼ | 5.64 | 34.67 | 29.7 | 50.12 | 0.9 | 32 | 71.9 | 80.4 | 10 |
| ਅਸਮ | 5.75 | 31.98 | 35.8 | 50.32 | 0.93 | 54 | 65.5 | 35.3 | 12 |
| ਬਿਹਾਰ | 10.31 | 33.74 | 54.9 | 35.98 | 0.8 | 42 | 53.2 | 7.7 | 67.4 |
| ਛੱਤੀਸਗੜ੍ਹ | 6.22 | 39.93 | 47.8 | 51.89 | 0.9 | 46 | 56.4 | 41.1 | 65.7 |
| ਗੋਆ | 12.16 | 5.09 | 21.3 | 72.91 | 0.99 | 9 | 99.8 | 59.9 | 6.7 |
| ਗੁਜਰਾਤ | 7.81 | 16.63 | 41.1 | 44.88 | 0.92 | 36 | 85.2 | 7.5 | 34.4 |
| ਹਰਿਆਣਾ | 6.69 | 11.16 | 38.2 | 46.2 | 0.93 | 41 | 69.3 | 3.6 | 16.7 |
| ਹਿਮਾਚਲ ਪ੍ਰਦੇਸ਼ | 6.56 | 8.06 | 31.1 | 68.07 | 0.99 | 35 | 53.7 | 26.4 | 22.1 |
| ਜੰਮੂ-ਕਸ਼ਮੀਰ | 5.87 | 10.35 | 24 | 39.56 | 0.85 | 37 | 82.9 | 10.1 | 35.2 |
| ਝਾਰਖੰਡ | 6.94 | 36.96 | 54.6 | 44.38 | 0.82 | 37 | 47.3 | 29.5 | 73.9 |
| ਕਰਨਾਟਕ | 4.85 | 20.91 | 33.3 | 54.01 | 0.95 | 31 | 88.4 | 18.8 | 44.8 |
| ਕੇਰਲ | 8.10 | 7.05 | 21.2 | 73.79 | 1 | 12 | 99.9 | 46.1 | 2.3 |
| ਮੱਧ ਪ੍ਰਦੇਸ਼ | 10.22 | 31.65 | 57.9 | 44.76 | 0.87 | 54 | 82.9 | 25.2 | 60.7 |
| ਮਹਾਰਾਸ਼ਟਰ | 6.57 | 17.35 | 32.7 | 56.27 | 0.97 | 24 | 85.5 | 16.5 | 33.5 |
| ਮਨੀਪੁਰ | 6.87 | 36.89 | 19.5 | 72.89 | 0.95 | 10 | 82.7 | 76.1 | 0.9 |
| ਮੇਘਾਲਿਆ | 9.06 | 11.87 | 42.9 | 38.29 | 1.02 | 47 | 65.2 | 77.1 | 3.6 |
| ਮਿਜ਼ੋਰਮ | 2.34 | 20.4 | 14.2 | 53.98 | 0.96 | 35 | 85.1 | 90.4 | 0.3 |
| ਨਾਗਾਲੈਂਡ | 7.10 | 18.88 | 23.7 | 40.75 | 0.98 | 18 | 43.8 | 78.7 | 0 |
| ਓਡੀਸ਼ਾ | 5.82 | 32.59 | 39.5 | 47.23 | 0.89 | 51 | 79.1 | 32.3 | 71.8 |
| ਪੰਜਾਬ | 5.47 | 8.26 | 23.6 | 47.48 | 0.98 | 26 | 66.7 | 3.5 | 15.6 |
| ਰਾਜਸਥਾਨ | 4.76 | 14.71 | 36.8 | 41.04 | 0.78 | 47 | 75.8 | 4.7 | 57.2 |
| ਸਿੱਕਮ | 8.75 | 8.19 | 17.3 | 26.14 | 0.98 | 22 | 69.9 | 47.3 | 0.1 |
| ਤਮਿਲਨਾਡੂ | 6.02 | 11.28 | 25.9 | 61.59 | 0.98 | 21 | 98.6 | 18.3 | 41.1 |
| ਤ੍ਰਿਪੁਰਾ | 8.70 | 14.05 | 35.2 | 87.95 | 0.96 | 26 | 83.1 | 75 | 1.2 |
| ਉੱਤਰ ਪ੍ਰਦੇਸ਼ | 5.54 | 11.26 | 41.6 | 36.67 | 0.87 | 50 | 64.2 | 6 | 16.1 |
| ਉੱਤਰਾਖੰਡ | 6.87 | 29.43 | 31.7 | 46.37 | 0.96 | 32 | 58.7 | 45.8 | 60.1 |
| ਪੱਛਮੀ ਬੰਗਾਲ | 6.69 | 19.98 | 37.6 | 41.66 | 0.96 | 31 | 72.6 | 18.9 | 29.4 |
| ਸਰਬ ਭਾਰਤ | 5.60 | 21.9 | 40.4 | 45.63 | 0.91 | 40 | 76.2 | 21.2 | 43.43 |

*ਸਰੋਤ :* http://planningcommission.nic.in/data/datatable/data_2312/DatabookDec2014%20162.pdf

## ਵਿੱਤੀ ਸਮਾਵੇਸ਼

ਸਾਡੇ ਵਿਚਾਰ ਵਿਚ ਵਿੱਤੀ ਸਮਾਵੇਸ਼ ਦੇਸ਼ ਵਿਚ ਵਿਕਾਸ ਦਾ ਮੁੱਖ ਹਿੱਸਾ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ, ਵਿੱਤੀ ਸਮਾਵੇਸ਼ ਉਨ੍ਹਾਂ ਸਭ ਢੁਕਵੇਂ ਵਿੱਤੀ ਸਾਧਨਾਂ ਅਤੇ ਸੇਵਾਵਾਂ ਤਕ ਪਹੁੰਚ ਦੇਣ ਦੀ ਪ੍ਰਕਿਰਿਆ ਹੈ ਜੋ ਆਮ ਤੌਰ ਤੇ ਸਮਾਜ ਦੇ ਸਭ ਵਰਗਾਂ ਅਤੇ ਖ਼ਾਸ ਤੌਰ ਤੇ ਕਮਜ਼ੋਰ ਵਰਗਾਂ ਜਿਵੇਂ ਕਿ ਕਮਜ਼ੋਰ ਸ਼੍ਰੇਣੀਆਂ ਅਤੇ ਘੱਟ ਆਮਦਨ ਵਾਲੇ ਵਰਗਾਂ ਨੂੰ ਮੁੱਖ ਧਾਰਾ ਸੰਸਥਾਗਤ ਖਿਡਾਰੀਆਂ ਵਲੋਂ ਇਕ ਸੁਖਾਵੇਂ ਅਤੇ ਪਾਰਦਰਸ਼ੀ ਤਰੀਕੇ ਵਾਜਬ ਕੀਮਤਾਂ 'ਤੇ ਦਿਤੀ ਜਾਣਾ ਯਕੀਨੀ ਬਣਾਈ ਜਾਂਦੀ ਹੈ। ਜਿਵੇਂ ਕਿ ਕਈ ਅਧਿਐਨਾਂ ਤੋਂ ਪਤਾ ਲਗਦਾ ਹੈ, ਪ੍ਰਧਾਨ ਮੰਤਰੀ ਜਨ ਧਨ ਯੋਜਨਾ (ਪੀ ਐੱਮ ਜੇ ਡੀ ਵਾਈ) ਦੇਸ਼ ਦੀ ਅੱਧੀ ਆਬਾਦੀ ਕੋਲ ਹੀ ਬੈਂਕ ਖਾਤੇ ਸਨ। ਇਹ ਆਪਣੇ ਆਪ ਵਿਚ ਇਕ ਸੰਕੇਤ ਹੈ ਕਿ ਨਾ ਤਾਂ ਦੇਸ਼ ਦੀ ਅੱਧੀ ਆਬਾਦੀ ਵਿਕਾਸ ਪ੍ਰਕਿਰਿਆ ਦਾ ਹਿੱਸਾ ਸੀ ਅਤੇ ਨਾ ਹੀ ਵੰਡ ਪ੍ਰਣਾਲੀ ਦਾ। ਇਸ ਸੂਰਤ ਵਿਚ, ਸਰਕਾਰ ਨੇ ਠੀਕ ਹੀ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਲਿਆਂਦੀ ਅਤੇ ਕਾਮਯਾਬੀ ਹਾਸਲ ਕਰਦਿਆਂ ਲਗਭਗ 16.7 ਕਰੋੜ ਲੋਕ ਬੈਂਕਿੰਗ ਨੈੱਟਵਰਕ ਅੰਦਰ ਲਿਆਂਦੇ। ਜੂਨ 2015 ਦੇ ਅੰਤ ਤਕ, ਇਨ੍ਹਾਂ ਖਾਤਿਆਂ ਵਿਚ ਲਗਭਗ 20,000 ਕਰੋੜ ਰੁਪਏ ਜਮ੍ਹਾਂ ਸਨ। ਭਾਵੇਂ ਵਿੱਤੀ ਸਮਾਵੇਸ਼ ਤੋਂ ਬੈਂਕ ਖਾਤਿਆਂ ਵਿਚ ਵਾਧੇ ਨਾਲ ਸ਼ਾਇਦ ਹੀ ਥੋੜ੍ਹੀ ਮਿਆਦ ਵਿਚ ਬੱਚਤ ਕਰਨ ਦੀ ਆਦਤ ਦੇ ਸੁਧਾਰ ਵਿਚ ਕੋਈ ਮਦਦ ਮਿਲੇ ਪਰ ਇਹ ਨੈੱਟਵਰਕ ਮੁੜ ਵੰਡ ਨੀਤੀਆਂ ਨੂੰ ਕਾਮਯਾਬ ਬਣਾਉਣ ਲਈ ਬਹੁਤ ਲਾਭਦਾਇਕ ਹੋਵੇਗਾ।

***ਜਨ ਧਨ ਆਧਾਰ - ਮੋਬਾਈਲ, ਜੈਮ ਤ੍ਰੈ ਮੂਰਤੀ ਅੰਤਰ ਭਰਨ ਦਾ ਤਰੀਕਾ :*** ਜਿਥੇ ਬੈਂਕਿੰਗ ਨੈੱਟਵਰਕ ਅਤੇ ਬੈਂਕ ਖਾਤਿਆਂ ਵਿਚ ਬਹੁਤ ਵਾਧਾ ਹੋਇਆ ਹੈ, ਪਰ ਬੈਂਕ ਸੇਵਾਵਾਂ ਦੀ

ਗਰੀਬਾਂ ਅਤੇ ਪੇਂਡੂ ਖੇਤਰਾਂ ਤਕ ਪਹੁੰਚ ਹਾਲੇ ਵੀ ਬਹੁਤ ਘੱਟ ਹੈ। ਇਨ੍ਹਾਂ ਨਾਜ਼ੁਕ ਮੁੱਦਿਆਂ ਦੇ ਹੱਲ ਲਈ ਸਰਕਾਰ ਨੇ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਤੋਂ ਪਹਿਲਾਂ ਇਕ ਵਿਆਪਕ ਵਿੱਤੀ ਸਮਾਵੇਸ਼ ਯੋਜਨਾ (ਸੀ ਐਫ ਆਈ ਪੀ) ਸ਼ੁਰੂ ਕੀਤੀ ਸੀ। ਜਿਵੇਂ ਕਿ ਆਰਥਿਕ ਸਰਵੇ 2014-15 ਵਿਚ ਠੀਕ ਹੀ ਜ਼ਿਕਰ ਕੀਤਾ ਗਿਆ ਹੈ ਕਿ ਵਿਆਪਕ ਵਿੱਤੀ ਸਮਾਵੇਸ਼ ਯੋਜਨਾ ਨੂੰ ਸੂਚਨਾ ਤਕਨਾਲੋਜੀ ਅਤੇ ਆਧਾਰ ਨੈੱਟਵਰਕ ਨਾਲ ਜੋੜਨਾ, ਮੁੜ ਵੰਡ ਨੀਤੀਆਂ ਦੇ ਲਾਗੂ ਕਰਨ ਵਿਚ ਪੂਰੀ ਖੇਡ ਹੀ ਬਦਲ ਕੇ ਰਖ ਦੇਣ ਵਾਲਾ ਸਾਬਤ ਹੋ ਸਕਦਾ ਹੈ। ਇਸ ਨੂੰ ਜੈਮ ਤ੍ਰੈ ਮੂਰਤੀ ਕਰਕੇ ਜਾਣਿਆ ਜਾਂਦਾ ਹੈ (ਜਨ-ਧਨ-ਆਧਾਰ-ਮੋਬਾਇਲ)। ਇਹ ਸਪੱਸ਼ਟ ਹੈ ਕਿ ਜੈਮ ਤ੍ਰੈ ਮੂਰਤੀ ਸਮਾਜ ਦੇ ਧਰਾਤਲ ਦੇ ਬੰਦਿਆਂ ਨੂੰ ਵੀ, ਇਸ ਦੇ ਪਾਇਲਟ ਪ੍ਰਾਜੈਕਟ ਦੇ ਤੌਰ ਤੇ ਲਾਗੂਕਰਨ ਦੇ ਆਧਾਰ 'ਤੇ, ਰਸਮੀ ਵਿੱਤੀ ਪ੍ਰਣਾਲੀ ਵਿਚ ਸ਼ਾਮਿਲ ਕਰ ਸਕਦੀ ਹੈ ਅਤੇ ਉਨ੍ਹਾਂ ਨੇ ਆਪਣਾ ਆਧਾਰ ਨੰਬਰ ਇਸਤੇਮਾਲ ਕਰ ਕੇ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਤਹਿਤ ਖਾਤੇ ਖੋਲ੍ਹਣ ਵਿਚ ਮਦਦ ਕਰ ਸਕਦੀ ਹੈ। ਨੈੱਟਵਰਕਾਂ ਦਾ ਅਜਿਹਾ ਜੋੜਮੇਲ ਲਾਭਾਂ ਦੀ ਬਦਲੀ ਨੂੰ ਚੁਸਤ ਦਰੁਸਤ ਅਤੇ ਲੀਕੇਜ ਮੁਕਤ ਬਣਾ ਸਕਦਾ ਹੈ ਜਿਵੇਂ ਕਿ ਵਜ਼ੀਫ਼ੇ, ਬੀਮਾ ਰਾਸ਼ੀ, ਸਬਸਿਡੀਆਂ ਅਤੇ ਇਥੋਂ ਤਕ ਕਿ ਪੈਨਸ਼ਨ ਲਾਭ ਵੀ। ਸਮੁੱਚੇ ਤੌਰ ਤੇ ਹਾਲ ਹੀ ਦੇ ਸਮੇਂ ਵਿਚ, ਸਰਕਾਰ ਵਲੋਂ ਵਿੱਤੀ ਸੇਵਾਵਾਂ ਤਕ ਪਹੁੰਚ ਵਿਚ ਬਹੁਤ ਚੰਗੇ ਤਰੀਕੇ ਹੱਲ ਕੀਤਾ ਗਿਆ ਹੈ।

## ਮਨਰੇਗਾ - ਬੀਤੇ ਦੀ ਸ਼ਾਨਦਾਰ ਕਾਮਯਾਬੀ

ਅਗਲਾ ਸਮਾਜਿਕ ਵਿਕਾਸ ਹਾਸਲ ਕਰਨ ਦਾ ਨਾਜ਼ੁਕ ਮੁੱਦਾ ਹੈ ਸਮਾਜ ਦੇ ਸਭ ਵਰਗਾਂ/ਸ਼੍ਰੇਣੀਆਂ ਨੂੰ ਨੌਕਰੀ ਦੇ ਮੌਕੇ ਅਤੇ ਰੁਜ਼ਗਾਰ ਮੁਹੱਈਆ ਕਰਾਉਣਾ। ਜਿਵੇਂ ਉਪਰ ਵਿਚਾਰਿਆ ਗਿਆ ਹੈ ਭਾਰਤ ਵਿਚ ਹਾਲ ਹੀ ਦਾ ਵਿਕਾਸ ਨੌਕਰੀ ਵਿਹੂਣਾ ਸੀ। ਇਸ ਲਈ ਲੋੜ ਸੀ ਸਭ ਲਈ ਨੌਕਰੀਆਂ ਪੈਦਾ ਕਰਨ ਲਈ ਜਨਤਕ ਦਖ਼ਲਅੰਦਾਜ਼ੀ ਦੀ। ਸਰਕਾਰ ਨੇ ਮਨਰੇਗਾ (2005) ਦੀ ਸ਼ਕਲ ਵਿਚ ਰੁਜ਼ਗਾਰ ਜ਼ਾਮਨੀ ਕਾਨੂੰਨ ਬਣਾਇਆ। ਇਸ ਨੂੰ ਵਿਸ਼ਵ ਬੈਂਕ ਨੇ ਪੇਂਡੂ ਵਿਕਾਸ ਦੀ ਸ਼ਾਨਦਾਰ ਉਦਾਹਰਣ ਦੱਸਿਆ ਹੈ। ਪਰ ਕਿਉਂਕਿ ਇਹ ਵਧੇਰੇ ਤੌਰ ਤੇ ਮੰਗ ਆਧਾਰਿਤ ਪ੍ਰੋਗਰਾਮ ਹੈ ਇਸ ਲਈ ਉਮੀਦ ਕੀਤੀ ਜਾ ਰਹੀ ਸੀ ਕਿ ਇਸ ਅਰਥਚਾਰੇ ਨੂੰ ਸਵੈਚਾਲਤ ਤਰੀਕੇ ਮਜ਼ਬੂਤ ਕਰਨ ਵਾਲਾ ਹੋਵੇਗਾ ਅਤੇ ਇਕ ਪ੍ਰਤਿਕੂਲ ਸਿਲਸਿਲੇਦਾਰ ਤਰੀਕੇ ਦੇ ਤੌਰ ਤੇ ਕੰਮ ਕਰੇਗਾ।

*ਪੇਂਡੂ ਵਿਕਾਸ ਦੇ ਸਭ ਪ੍ਰੋਗਰਾਮਾਂ ਵਿਚੋਂ ਮਨਰੇਗਾ ਨੂੰ ਸਮਾਵੇਸ਼ੀ ਵਿਕਾਸ ਵਿਚ ਸੁਧਾਰ ਲਿਆਉਣ ਵਾਲੇ ਇਕ ਵੱਡੇ ਪ੍ਰੋਗਰਾਮ ਦੇ ਤੌਰ ਤੇ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ, ਦੂਸਰੇ ਸਮਾਜਿਕ ਖੇਤਰ ਦੇ ਪ੍ਰੋਗਰਾਮਾਂ ਦੇ ਬਨਿਸਬਤ, ਮਨਰੇਗਾ ਦਾ ਡਿਜ਼ਾਈਨ ਬਹੁਤ ਮਜ਼ਬੂਤ ਹੈ ਜਿਸ ਵਿਚ ਸੂਚਨਾ ਤਕਨਾਲੋਜੀ ਦੀ ਵਰਤੋਂ ਪਛਾਣ ਕਰਨ, ਲਾਗੂ ਕਰਨ ਅਤੇ ਉਜਰਤ ਦੀ ਅਦਾਇਗੀ ਦੀ ਵੰਡ ਇਲੈਕਟ੍ਰਾਨਿਕ ਫ਼ੰਡ ਪ੍ਰਬੰਧਨ ਪ੍ਰਣਾਲੀ, ਈ-ਐਫ ਐੱਸ ਐੱਸ ਰਾਹੀਂ ਕੀਤੀ ਜਾਂਦੀ ਹੈ ਅਤੇ ਸਮਾਜਿਕ ਆਡਿਟ ਪ੍ਰਣਾਲੀ ਦੇ ਜ਼ਰੀਏ ਸਥਾਨਕ ਲੋਕਾਂ ਦੀ ਵੀ ਵੱਡੀ ਭੂਮਿਕਾ ਹੈ। ਹਾਲਾਂਕਿ ਰਾਜਾਂ ਵਿਚ ਬੈਂਕਿੰਗ/ਪੋਸਟਲ ਨੈੱਟਵਰਕ ਦੀ ਵਰਤੋਂ ਕਾਰਨ ਇਸ ਨੂੰ ਲਾਗੂ ਕਰਨ ਦੇ ਮਿਲੇ-ਜੁਲੇ ਨਤੀਜੇ ਮਿਲੇ ਹਨ ਪਰ ਇਹ ਪ੍ਰੋਗਰਾਮ ਹਾਲੇ ਵੀ ਪੂਰੇ ਦੇਸ਼ ਵਿਚ ਹੋਰ ਸਮਾਜਿਕ ਵਿਕਾਸ ਪ੍ਰੋਗਰਾਮਾਂ ਦੇ ਮੁਕਾਬਲੇ ਬਹੁਤ ਕਾਮਯਾਬ ਪ੍ਰੋਗਰਾਮ ਕਰ ਕੇ ਜਾਣਿਆ ਜਾਂਦਾ ਹੈ।*

ਅੰਕੜਿਆਂ ਤੋਂ ਸੰਕੇਤ ਮਿਲਦਾ ਹੈ ਕਿ ਇਸ ਸਕੀਮ ਅਧੀਨ ਬੈਂਕ ਅਤੇ ਡਾਕਖ਼ਾਨੇ ਦੇ ਖ਼ਾਤਿਆਂ ਰਾਹੀਂ ਅਦਾਇਗੀਆਂ ਨਾਲ ਪੇਂਡੂ ਖਾਤਾ ਧਾਰਕਾਂ ਦੀ ਗਿਣਤੀ ਵਿਚ ਬਹੁਤ ਵਧ ਕੇ 8.6 ਕਰੋੜ ਤਕ ਪਹੁੰਚ ਗਈ ਹੈ। ਇਨ੍ਹਾਂ ਬੈਂਕ ਖ਼ਾਤਿਆਂ ਰਾਹੀਂ ਸ਼ੁਰੂ ਕੀਤੇ ਅਜਿਹੇ ਬੈਂਕ ਖ਼ਾਤਿਆਂ ਨੇ ਬੱਚਤਾਂ ਵਿਚ ਵਾਧਾ ਕੀਤਾ ਹੈ ਅਤੇ ਪੇਂਡੂ ਗਰੀਬਾਂ ਦੀ ਵਧੇਰੇ ਸੁਵਿਧਾਜਨਕ ਕਰਜ਼ਿਆਂ ਤਕ ਪਹੁੰਚ ਵੀ ਬਣਾਈ ਹੈ। ਇਸ ਪ੍ਰੋਗਰਾਮ ਨੇ ਸਮਾਜਿਕ ਸਮਾਨਤਾ ਲਿਆਉਣ ਵਿਚ ਵੀ ਮਦਦ ਕੀਤੀ ਹੈ। ਹੁਣ ਤਕ ਪਹੁੰਚ ਤੋਂ ਬਾਹਰ ਲੋਕਾਂ ਤਕ ਪਹੁੰਚ ਬਣਾਉਣ ਵਿਚ ਸਹਾਈ ਹੋਣ ਲਈ ਮਨਰੇਗਾ, ਜ਼ਿਕਰ ਕਰਨ ਯੋਗ ਹੈ। ਜਿਨ੍ਹਾਂ ਨੂੰ ਰੁਜ਼ਗਾਰ ਮਿਲਿਆ, ਭਾਰੀ ਗਿਣਤੀ 81 ਪ੍ਰਤਿਸ਼ਤ ਕੱਚੇ ਘਰਾਂ ਵਿਚ ਰਹਿੰਦੇ ਹਨ, ਲਗਭਗ 61 ਪ੍ਰਤਿਸ਼ਤ ਅਨਪੜ੍ਹ ਹਨ ਅਤੇ ਲਗਭਗ 72 ਪ੍ਰਤਿਸ਼ਤ ਕੋਲ ਬਿਜਲੀ ਉਨ੍ਹਾਂ ਦੇ ਘਰਾਂ ਦੀ ਪਹੁੰਚ ਤੋਂ ਬਾਹਰ ਹੈ।

ਮਨਰੇਗਾ ਨੇ, ਇਹ ਜ਼ਾਹਰ ਹੁੰਦਾ ਹੈ ਕਿ ਔਰਤਾਂ ਦੀ ਵੀ ਵੱਡੇ ਪੈਮਾਨੇ 'ਤੇ ਮਦਦ ਕੀਤੀ ਹੈ। ਤਾਜ਼ਾ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਪਿਛਲੇ 8 ਸਾਲਾਂ ਵਿਚ ਇਸ ਯੋਜਨਾ ਤਹਿਤ ਮਿਲੇ ਰੁਜ਼ਗਾਰ ਦਾ 53 ਪ੍ਰਤਿਸ਼ਤ ਤੋਂ ਵੱਧ ਹਿੱਸਾ ਔਰਤਾਂ ਦੇ ਹਿੱਸੇ ਆਇਆ ਹੈ। ਇਸ ਨਾਲ ਪੇਂਡੂ ਇਲਾਕਿਆਂ ਵਿਚ ਔਰਤਾਂ ਦੀ ਸਮਾਜਿਕ ਅਤੇ ਆਰਥਿਕ ਦਸ਼ਾ ਵਿਚ ਕੁੱਝ ਸੁਧਾਰ ਹੋਇਆ ਹੋ ਸਕਦਾ ਹੈ। ਹਾਲ ਹੀ ਵਿਚ ਕੀਤੀਆਂ ਪਹਿਲਾਂ ਨਾਲ ਜਿਵੇਂ ਕਿ ਆਧਾਰ ਨੈੱਟਵਰਕ ਉਪਰ ਆਧਾਰਿਤ ਅਦਾਇਗੀ ਅਤੇ ਬੈਂਕਿੰਗ ਨੈੱਟਵਰਕ ਵਿਚ ਸੁਧਾਰ (ਰਸਮੀ ਬੈਂਕਿੰਗ ਅਤੇ ਭਾਰਤੀ ਡਾਕਘਰਾਂ ਨੂੰ ਬੈਂਕਿੰਗ ਪ੍ਰਣਾਲੀ ਵਾਲੇ ਬਣਾਉਣ ਨਾਲ) ਇਸ ਪ੍ਰੋਗਰਾਮ ਦੀ ਕਾਰਗੁਜ਼ਾਰੀ ਵਿਚ ਵਾਧਾ ਹੋਵੇਗਾ ਅਤੇ ਪੇਂਡੂ ਇਲਾਕਿਆਂ ਵਿਚ ਗਰੀਬਾਂ ਦੀ ਰੋਜ਼ੀ-ਰੋਟੀ ਵਿਵਸਥਾ ਵਿਚ ਵੀ ਸੁਧਾਰ ਹੋਵੇਗਾ।

## ਖੁਰਾਕ ਸੁਰੱਖਿਆ : ਸਮੇਂ ਦੀ ਲੋੜ

ਵਿਸ਼ਵ ਸਿਹਤ ਸੰਸਥਾਨ ਵਲੋਂ ਕੀਤੀ ਵਿਆਖਿਆ ਅਨੁਸਾਰ, ਖੁਰਾਕ ਸੁਰੱਖਿਆ ਉਹ ਹੈ ਜਿਸ ਵਿਚ ਸਭ ਲੋਕਾਂ ਨੂੰ ਹਰ ਸਮੇਂ ਕਾਫ਼ੀ ਮਾਤਰਾ ਵਿਚ, ਸੁਰੱਖਿਅਤ ਅਤੇ ਸੁਆਦੀ ਪੌਸ਼ਟਿਕ ਭੋਜਨ ਮਿਲੇ ਤਾਂ ਕਿ ਉਹ ਸਿਹਤਮੰਦ ਅਤੇ ਚੁਸਤ ਦਰੁਸਤ ਜੀਵਨ ਬਸਰ ਕਰ ਸਕਣ। ਉੱਚ ਅਤੇ ਤੇਜ਼ੀ ਨਾਲ ਵਿਕਸਤ ਹੋ ਰਹੇ ਬਾਜ਼ਾਰ-ਮੁਖੀ ਅਰਥਚਾਰੇ ਦੇ ਬਾਵਜੂਦ, ਖੁਰਾਕ ਸੁਰੱਖਿਆ ਦੇ ਮੁਹਾਜ 'ਤੇ ਭਾਰਤ ਵਿਚ ਕੁਝ ਹੈਰਾਨਕੁਨ ਅੰਕੜੇ ਹਨ। ਹਾਲ ਹੀ ਵਿਚ ਆਈ ਯੂਨੀਸੇਫ ਰਿਪੋਰਟ ਅਨੁਸਾਰ, ਭਾਰਤ ਵਿਚ ਘੱਟ ਖਾਧ ਖੁਰਾਕ ਨਾਲ ਸੰਬੰਧਿਤ ਕਾਰਨਾਂ ਕਰਕੇ ਪੰਜ ਸਾਲ ਤੋਂ ਘੱਟ ਉਮਰ ਦੇ ਘੱਟੋ-ਘੱਟ 10 ਲੱਖ ਬੱਚੇ ਮਰਦੇ ਹਨ। ਖਾਧ ਖੁਰਾਕ ਦੀ ਭਾਰੀ ਕਮੀ ਦਾ ਇਹ ਸਿਲਸਿਲਾ ਪੱਟੀਦਰਜ ਜਾਤਾਂ, ਪੱਟੀਦਰਜ ਕਬੀਲਿਆਂ, ਹੋਰ ਪਛੜੀਆਂ ਸ਼੍ਰੇਣੀਆਂ ਅਤੇ ਪੇਂਡੂ ਸਮਾਜਿਕ ਸੰਗਠਨਾਂ ਵਿਚ ਸਭ ਤੋਂ ਵੱਧ ਹੈ। ਭੁੱਖਮਰੀ ਦੇ ਤੌਰ ਤੇ ਦੇਖਿਆ ਜਾਵੇ ਤਾਂ ਭਾਰਤ 2014 ਦੀ ਵਿਸ਼ਵ ਭੁੱਖਮਰੀ ਸੂਚਕ ਸੂਚੀ ਰਿਪੋਰਟ ਵਿਚ 76 ਦੇਸ਼ਾਂ ਵਿਚ 55ਵੇਂ ਸਥਾਨ 'ਤੇ ਹੈ ਜੋ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਘੱਟ ਸਰੀਰਕ ਭਾਰ ਹੋਣ, 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ

*ਬਾਕੀ ਸਫ਼ਾ 54 ਉੱਤੇ*

# ਕੀ ਭਾਰਤ ਦਾ ਵਿਕਾਸ ਸਮੁੱਚਤਾ ਵਾਲਾ ਰਿਹਾ ਹੈ : ਧਾਰਨਾ ਤੇ ਸਬੂਤ

ਸ੍ਰੀਪਦ ਮੋਤੀਰਾਮ

ਜਾਣ ਪਛਾਣ

ਭਾਰਤ ਨੇ 90ਵਿਆਂ ਦੇ ਆਰੰਭ ਤੋਂ ਸ਼ਾਨਦਾਰ ਵਿਕਾਸ ਦਰ ਦਰਸਾਈ ਹੈ। ਤਾਜ਼ਾ ਆਰਥਿਕ ਸਰਵੇਖਣ (2015) ਅਨੁਸਾਰ, ਅਸਲ ਕੁੱਲ ਰਾਸ਼ਟਰੀ ਵਿਕਾਸ ਦਰ ਗਿਆਰ੍ਹਵੀਂ (2007–12), ਦਸਵੀਂ 2002–7) ਤੇ ਨੌਵੀਂ (1997–2002) ਵਾਲੀਆਂ ਪੰਜ ਸਾਲਾ ਯੋਜਨਾਵਾਂ ਦੌਰਾਨ ਕ੍ਰਮਵਾਰ 7.8 ਪ੍ਰਤਿਸ਼ਤ, 7.6 ਪ੍ਰਤਿਸ਼ਤ ਅਤੇ 5.6 ਪ੍ਰਤਿਸ਼ਤ ਰਹੀ ਹੈ। ਭਾਰਤ ਦੇ ਆਪਣੇ ਪਿਛਲੇ ਵਿਕਾਸ ਦਰ ਅੰਕੜਿਆਂ ਅਤੇ ਅੰਤਰਰਾਸ਼ਟਰੀ ਮਿਆਰਾਂ 'ਦੋਹਾਂ' ਦੇ ਪ੍ਰਸੰਗ ਵਿਚ ਇਹ ਵੱਡੀ ਸਫਲਤਾ ਹੈ। ਪਰ ਭਾਰਤ ਦੇ ਵਿਕਾਸ 'ਤੇ ਦ੍ਰਿਸ਼ਟੀ ਰੱਖਣ ਵਾਲੀਆਂ ਕਈ ਸ਼ਖ਼ਸੀਅਤਾਂ ਦੇ ਮਨਾਂ ਵਿਚ ਇਹ ਸਵਾਲ ਉੱਭਰਿਆ ਹੈ ਕਿ ਕੀ ਇਸ ਵਿਕਾਸ ਦਾ ਗਰੀਬ ਸ਼੍ਰੇਣੀ 'ਤੇ ਹੋਰ ਨਿਮਨ ਸ਼੍ਰੇਣੀ ਦੇ ਲੋਕਾਂ ਦੀ ਜ਼ਿੰਦਗੀ ਉਪਰ ਕੀ ਉਸਾਰੂ ਪ੍ਰਭਾਵ ਪਿਆ ਹੈ। ਇਹੋ ਚਿੰਤਾ ਜ਼ਾਹਿਰ ਕੀਤੇ ਜਾਣ ਵਿਚੋਂ ਹੀ ਸਮੁੱਚਤਾ ਅਤੇ 'ਸਮੁੱਚਤਾ ਵਾਲੇ ਵਿਕਾਸ' ਦਾ ਵਿਚਾਰ ਸਾਹਮਣੇ ਆਇਆ ਹੈ ਅਤੇ ਅਕਾਦਮਿਕ ਅਤੇ ਨੀਤੀ ਸੰਬੰਧਿਤ ਵਿਚਾਰ ਵਟਾਂਦਰਿਆਂ ਵਿਚ ਇਹ ਆਮ ਵਰਤਿਆ ਜਾਣ ਲੱਗਾ ਹੈ।

ਯੋਜਨਾ ਕਮਿਸ਼ਨ ਦੀ 12ਵੀਂ ਪੰਜ ਸਾਲਾ ਯੋਜਨਾ ਵਿਚ ਸਮੁੱਚਤਾ ਵਾਲੇ ਵਿਕਾਸ ਦੀ ਗੱਲ ਕਰਦਿਆਂ ਇਹ ਵੀ ਦੱਸਿਆ ਗਿਆ ਸੀ ਕਿ ਇਸ ਵਿਚ ਕੀ-ਕੀ ਸ਼ਾਮਿਲ ਹੈ ਜਿਵੇਂ ਕਿ :-

ਸਮੁੱਚਿਤ ਵਿਕਾਸ ਵਿਚੋਂ ਗਰੀਬੀ ਵਿਚ ਕਮੀ, ਸਿਹਤ ਉਪਾਵਾਂ ਵਿਚ ਵਿਆਪਕ ਅਤੇ ਮਹੱਤਵਪੂਰਨ ਸੁਧਾਰ, ਸਕੂਲ ਤਕ ਬੱਚਿਆਂ ਦੀ ਸਰਬਵਿਆਪੀ ਪਹੁੰਚ, ਉੱਚ ਸਿੱਖਿਆ ਤਕ ਵਧੇਰੇ ਪਹੁੰਚ ਅਤੇ ਵਿਦਿਅਕ ਮਿਆਰਾਂ ਵਿਚ ਸੁਧਾਰ, ਜਿਸ ਵਿਚ ਮਹਾਰਤ ਵੀ ਸ਼ਾਮਿਲ ਹੋਵੇ, ਦਾ ਸੁਮੇਲ ਹੋਣਾ ਚਾਹੀਦਾ ਹੈ। ਇਸ ਰੁਝਾਨ ਨੂੰ ਉਪਜੀਵਿਕਾ ਅਤੇ ਰੁਜ਼ਗਾਰ ਦੇ ਵਧੇਰੇ ਮੌਕਿਆਂ ਰਾਹੀਂ ਅਤੇ ਨਾਲ ਦੀ ਨਾਲ ਪਾਣੀ, ਬਿਜਲੀ, ਸੜਕਾਂ, ਸਾਫ਼-ਸਫ਼ਾਈ ਅਤੇ ਰਿਹਾਇਸ਼ ਜਿਹੀਆਂ ਸਹੂਲਤਾਂ ਵਿਚ ਸੁਧਾਰ ਰਾਹੀਂ ਵੀ ਨਜ਼ਰ ਆਉਣਾ ਚਾਹੀਦਾ ਹੈ। ਪੱਟੀਦਰਜ ਜਾਤੀਆਂ ਅਤੇ ਪੱਟੀਦਰਜ ਜਨਜਾਤੀਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੀ ਵਸੋਂ ਦੀਆਂ ਲੋੜਾਂ ਵਲ ਵੀ ਵਿਸ਼ੇਸ਼ ਧਿਆਨ ਦਿਤਾ ਜਾਣਾ ਚਾਹੀਦਾ ਹੈ (ਯੋਜਨਾ ਕਮਿਸ਼ਨ 2011)।

ਮੈਂ ਕਿਤੇ ਹੋਰ ਸਮੁੱਚੇ ਵਿਕਾਸ ਦੀ ਇਸ ਵਿਆਪਕ ਅਤੇ ਅਸਪੱਸ਼ਟ ਧਾਰਨਾ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਲਿਖਿਆ ਹੈ ਪਰ ਸੁਮੇਲ ਵਿਕਾਸ ਬਾਰੇ ਵੱਖ-ਵੱਖ ਖੇਤਰਾਂ ਤੋਂ ਮਾਹਿਰਾਂ ਦੀਆਂ ਵੱਖ-ਵੱਖ ਧਾਰਨਾਵਾਂ ਸਾਹਮਣੇ ਆਈਆਂ ਹਨ। ਪਿਛਲੇ ਵਰ੍ਹਿਆਂ ਵਿਚ ਇਕ ਛੋਟਾ ਪਰ ਤੇਜ਼ੀ ਨਾਲ ਵਿਗਸ ਰਿਹਾ ਅਕਾਦਮਿਕ ਸਾਹਿਤ ਸਾਹਮਣੇ ਆਇਆ ਹੈ ਜਿਸ ਨੇ ਅੱਗੇ ਲਿਖੇ ਸਵਾਲਾਂ ਦਾ ਸਿਲਸਿਲੇਵਾਰ ਵਿਸ਼ਲੇਸ਼ਣ ਕੀਤਾ ਹੈ। ਸਮੁੱਚਤਾ ਵਾਲੇ ਵਿਕਾਸ ਤੋਂ ਅਸੀਂ ਅਸਲ ਵਿਚ ਕੀ ਸਮਝਦੇ ਹਾਂ, ਕੀ ਭਾਰਤ ਦਾ ਵਿਕਾਸ ਸਮੁੱਚਤਾ ਵਾਲਾ ਰਿਹਾ ਹੈ? ਹੇਠਾਂ ਲਿਖੇ ਹਿੱਸੇ ਵਿਚ ਮੈਂ ਉਹ ਸਵਾਲਾਂ ਦੇ ਜਵਾਬਾਂ ਦੇ ਹਵਾਲੇ ਨਾਲ ਆਪਣੀਆਂ ਕੁਝ ਲਿਖਤਾਂ ਨੂੰ ਆਧਾਰ ਬਣਾ ਕੇ ਗੱਲ ਕਰਾਂਗਾ। ਦੂਜੇ ਸਵਾਲ ਦਾ ਜਵਾਬ ਨਾਂਹ ਪੱਖੀ ਹੀ ਹੈ ਭਾਵੇਂ ਵਿਕਾਸ ਸਮੁੱਚਤਾ ਵਾਲਾ ਨਹੀਂ ਰਿਹਾ, ਤੇ ਮੈਂ ਸੰਖੇਪ ਵਿਚ ਇਸ ਦੇ ਕਾਰਨਾਂ ਦੀ ਚਰਚਾ ਕਰਾਂਗਾ।

## ਸਮੁੱਚਤਾ ਤੋਂ ਕੀ ਭਾਵ ਹੈ?

ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ, ਸਮੁੱਚਤਾ ਦੇ ਸੰਕਲਪ ਨੂੰ ਵੱਖ-ਵੱਖ ਤਰ੍ਹਾਂ ਨਾਲ ਉਲੀਕਿਆ ਗਿਆ ਹੈ। ਕੁਝ ਵਿਦਵਾਨਾਂ ਨੇ ਉਸ ਦਰ 'ਤੇ ਧਿਆਨ ਕੇਂਦਰਿਤ ਕੀਤਾ ਹੈ ਜਿਸ ਨਾਲ ਸਮੇਂ ਦੇ ਨਾਲ-ਨਾਲ ਗਰੀਬੀ ਵਿਚ ਕਮੀ ਆਈ ਹੈ। ਬਹੁਤ ਤੇਜ਼ ਗਤੀ ਨਾਲ ਗਰੀਬੀ ਵਿਚ ਕਮੀ ਆਉਣ ਨੂੰ ਸਮੁੱਚਤਾ ਵਾਲੇ ਵਿਕਾਸ ਦੇ ਸਬੂਤ ਵਜੋਂ ਵੇਖਿਆ ਗਿਆ ਹੈ। ਅਸਲ ਵਿਚ, ਅਕਾਦਮਿਕ ਵਿਦਵਾਨ ਅਤੇ ਨੀਤੀ ਨਿਰਮਾਤਾਵਾਂ ਦੋਹਾਂ ਦੀ ਗਰੀਬੀ ਵਿਚ ਕਮੀ ਦੀ ਦਰ ਦਾ ਵਿਸ਼ਲੇਸ਼ਣ ਕਰਨ ਦੀ ਲੰਬੀ ਪਰੰਪਰਾ ਹੈ। ਇਸ ਗੱਲ ਨੂੰ ਵੇਖਦਿਆਂ ਇਸ ਅਮਲ ਦੇ ਵੇਰਵੇ ਵੇਖਣੇ ਜ਼ਰੂਰੀ ਹਨ। ਗਰੀਬੀ ਨੂੰ ਸਰਕਾਰੀ ਗਰੀਬੀ ਰੇਖਾਵਾਂ ਅਤੇ ਰਾਸ਼ਟਰੀ ਨਮੂਨਾ ਸਰਵੇਖਣ ਅਦਾਰੇ (ਐੱਨ ਐੱਸ ਐੱਸ ਯੂ) ਵਲੋਂ ਹਰ ਪੰਜ ਸਾਲਾਂ ਬਾਅਦ ਖਪਤ ਖਰਚੇ ਉਪਰ ਕਰਵਾਏ ਜਾਂਦੇ ਸਰਵੇਖਣ ਦੇ ਆਧਾਰ 'ਤੇ ਮਾਪਿਆ ਜਾਂਦਾ ਹੈ। ਆਮਦਨ ਉਪਰ ਭਰੋਸੇਯੋਗ ਅੰਕੜਿਆਂ ਦੀ ਗ਼ੈਰ ਮੌਜੂਦਗੀ ਵਿਚ ਖਰਚ ਨੂੰ ਪੈਮਾਨਾ ਮਿੱਥਿਆ ਗਿਆ ਹੈ। ਗਰੀਬੀ ਮਾਪਣ ਦਾ ਸਭ ਤੋਂ ਮਕਬੂਲ ਤਰੀਕਾ ਪ੍ਰਤਿ ਵਿਅਕਤੀ ਗਿਣਤੀ ਵਿਚ ਹੈ ਜੋ ਕਿ ਉਨ੍ਹਾਂ ਵਿਅਕਤੀਆਂ ਦੀ ਆਮਦਨ ਦਾ ਪ੍ਰਤਿਸ਼ਤ ਹੈ ਜੋ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਇਸ ਦੇ ਆਧਾਰ 2009–10 ਦੌਰਾਨ ਗਰੀਬੀ ਰੇਖਾ ਵਿਚ ਕਮੀ ਦਰਸਾਈ ਗਈ ਹੈ। ਗਰੀਬੀ ਵਿਚ ਕੁਲ ਗਿਰਾਵਟ ਪੰਜਾਂ ਸਾਲਾਂ ਦੇ ਅਰਸੇ ਦੌਰਾਨ ਆਈ ਹੈ। ਇਸ ਅਰਸੇ ਦਾ 1993–94 ਤੋਂ 2004–05 ਦੇ ਸਾਲਾਂ ਦੇ ਅਰਸੇ ਨਾਲ ਮੁਕਾਬਲਾ ਕਰਦਿਆਂ 5 ਸਾਲਾਂ ਦੌਰਾਨ ਗਰੀਬੀ ਵਿਚ ਕਟੌਤੀ ਦੀ ਦਰ 2.2 ਪ੍ਰਤਿਸ਼ਤ ਸਾਲਾਨਾ ਰਹੀ ਜਦ ਕਿ 2004–05 ਤੋਂ 2009–10 ਦੌਰਾਨ ਇਹ 4.4 ਪ੍ਰਤਿਸ਼ਤ ਰਹੀ। ਐੱਨ ਐੱਸ ਐੱਸ ਓ ਵਲੋਂ ਤਾਜ਼ਾ ਸਰਵੇਖਣ 2011–12 ਵਿਚ ਕੀਤਾ

ਗਿਆ। ਯੋਜਨਾ ਕਮਿਸ਼ਨ ਨੇ ਇਸੇ ਹੀ ਸਰਵੇਖਣ ਦੇ ਅੰਕੜਿਆਂ ਨੂੰ ਦਰਸਾਉਂਦਿਆਂ ਗਰੀਬੀ ਵਿਚ ਤੇਜ਼ੀ ਨਾਲ ਕਮੀ ਦੀ ਗੱਲ ਕਹੀ। ਇਹ ਕਿਹਾ ਜਾ ਸਕਦਾ ਹੈ ਕਿ ਪਿਛਲੇ 7 ਸਾਲਾਂ ਦੇ 2004-05 ਤੋਂ 2011-12 ਦੇ ਸਮੇਂ ਦੌਰਾਨ ਗਰੀਬੀ ਵਿਚ ਕਮੀ ਦੀ ਦਰ 1993-94 ਤੋਂ 2004-05 ਦੇ 11 ਸਾਲਾਂ ਦੇ ਸਮੇਂ ਤੋਂ ਤਿੰਨ ਗੁਣਾ ਰਹੀ (ਯੋਜਨਾ ਕਮਿਸ਼ਨ 2013)।

ਉਕਤ ਤਰੀਕਾ ਸਿੱਧਾ ਅਤੇ ਸਪੱਸ਼ਟ ਜ਼ਰੂਰ ਹੈ ਪਰ ਸਰਕਾਰੀ ਗਰੀਬੀ ਰੇਖਾ ਦੀ ਭਰੋਸੇਯੋਗਤਾ ਉਪਰ ਅਕਸਰ ਸਵਾਲੀਆ ਨਿਸ਼ਾਨ ਲਾਇਆ ਜਾਂਦਾ ਹੈ ਅਤੇ ਯਕੀਨ ਕੀਤਾ ਜਾਂਦਾ ਹੈ ਕਿ ਇਹ ਬਣਾਉਟੀ ਢੰਗ ਨਾਲ ਬਹੁਤ ਨੀਵਾਂ ਅਤੇ ਅਪ੍ਰਮਾਣਕ ਮਾਪਦੰਡਾਂ 'ਤੇ ਆਧਾਰਿਤ ਹੈ। ਉਂਝ ਵੀ ਸਮੁੱਚਤਾ ਵਾਲੇ ਵਿਕਾਸ ਦੇ ਸੰਕਲਪ ਦੀ ਗੱਲ ਕਰਦਿਆਂ ਇਹ ਧਾਰਨਾ ਬਹੁਤ ਸੀਮਾਵਾਂ ਵਾਲੀ ਜਾਪਦੀ ਹੈ ਜਿਵੇਂ ਕਿ ਉਪਰ 12ਵੀਂ ਯੋਜਨਾ ਦੇ ਯੋਜਨਾਬੰਦੀ ਦਸਤਾਵੇਜ਼ ਵਿਚ ਦੱਸਿਆ ਗਿਆ ਹੈ। ਇਹ ਤਰੀਕਾ ਕਿਸੇ ਗਤੀਪੂਰਨ ਗਰੀਬੀ ਰੇਖਾ ਨੂੰ ਸਾਹਮਣੇ ਰਖਦਿਆਂ ਸਮੁੱਚਤਾ ਦੇ ਸੰਕਲਪ ਦਾ ਜਾਇਜ਼ਾ ਲੈਂਦਾ ਹੈ। ਅਰਥਸ਼ਾਸਤਰ ਵਿਚ ਅਜਿਹੀਆਂ ਧਾਰਨਾਵਾਂ ਮੌਜੂਦ ਹਨ ਅਤੇ ਹਾਲ ਹੀ ਵਿਚ ਐੱਨ ਐੱਸ ਐੱਸ ਯੂ ਦੇ ਖਪਤ ਖਰਚੇ ਬਾਰੇ ਅਧਿਐਨ ਨੂੰ ਵਰਤਦਿਆਂ ਸਮੁੱਚਤਾ ਵਾਲੇ ਵਿਕਾਸ ਦਾ ਜਾਇਜ਼ਾ ਲਿਆ ਹੈ। ਮਨੋਰਥ ਇਸ ਤੱਥ ਦਾ ਪਤਾ ਲਾਉਣ ਦਾ ਹੈ ਕਿ ਕੀ ਗਰੀਬ ਵਿਅਕਤੀ ਦੀ ਆਮਦਨ ਦਰ ਵਿਚ ਚੰਗਾ ਵਾਧਾ ਹੋਇਆ ਹੈ, ਜੋ ਕਿ ਆਮ ਤੌਰ ਤੇ ਉਹ ਦਰ ਹੈ ਜਿਸ 'ਤੇ ਔਸਤ ਵਿਅਕਤੀ ਦੀ ਆਮਦਨ ਵਧੀ ਹੈ। 2004-05 ਤੋਂ 2011-12 ਦੇ ਦੌਰਾਨ ਦਿਹਾਤੀ ਇਲਾਕਿਆਂ ਵਿਚ ਔਸਤ ਵਿਅਕਤੀ ਦੀ ਆਮਦਨ 22 ਪ੍ਰਤਿਸ਼ਤ ਅਤੇ ਸ਼ਹਿਰੀ ਇਲਾਕਿਆਂ ਵਿਚ 27 ਪ੍ਰਤਿਸ਼ਤ ਦੀ ਦਰ ਨਾਲ ਵਧੀ ਹੈ। ਜਿਵੇਂ ਕਿ ਉਪਰ ਦੱਸਿਆ ਗਿਆ ਹੈ। ਇਥੇ ਆਮਦਨ ਦੀ ਥਾਂ ਖਰਚ ਨੂੰ ਆਧਾਰ ਬਣਾਇਆ ਗਿਆ ਹੈ। ਵੇਖਿਆ ਗਿਆ ਹੈ ਕਿ ਸ਼ਹਿਰੀ ਅਤੇ ਪੇਂਡੂ ਦੋਹਾਂ ਇਲਾਕਿਆਂ ਵਿਚ ਗਰੀਬਾਂ ਦੇ ਖਰਚੇ ਦੀ ਵਿਕਾਸ ਦਰ ਇਸ ਦਰ ਤੋਂ ਹੇਠਾਂ ਹੈ ਭਾਵ ਅਮੀਰਾਂ ਅਤੇ ਦਰਮਿਆਨੀ ਆਮਦਨ ਵਾਲੇ ਲੋਕਾਂ ਦੇ ਮੁਕਾਬਲੇ ਗਰੀਬਾਂ ਦੀ ਖਰਚ ਸਮਰਥਾ ਦੀ ਵਿਕਾਸ ਦਰ ਘਟ ਰਹੀ ਹੈ। ਸਭ ਤੋਂ ਹੇਠਲੇ ਦਸ ਪ੍ਰਤਿਸ਼ਤ ਪੇਂਡੂ ਹਲਕੇ ਦੇ ਵਿਅਕਤੀਆਂ ਦੀ ਖਰਚਾ ਵਿਕਾਸ ਦਰ 20.3 ਪ੍ਰਤਿਸ਼ਤ ਰਹੀ ਜਦ ਕਿ ਸ਼ਹਿਰੀ ਇਲਾਕਿਆਂ 'ਚ ਇਹ 27 ਪ੍ਰਤਿਸ਼ਤ ਰਹੀ। ਇਸ ਦੇ ਮੁਕਾਬਲੇ 90 ਪ੍ਰਤਿਸ਼ਤ ਦੀ ਖਰਚਾ ਵਿਕਾਸ ਦਰ ਪੇਂਡੂ ਇਲਾਕਿਆਂ ਵਿਚ 23.1 ਪ੍ਰਤਿਸ਼ਤ ਤੇ ਸ਼ਹਿਰੀ ਇਲਾਕਿਆਂ ਵਿਚ 29.1 ਪ੍ਰਤਿਸ਼ਤ ਰਹੀ। ਇਨ੍ਹਾਂ ਹੀ ਮਾਪਦੰਡਾਂ ਨੂੰ ਲੈਂਦਿਆਂ ਉਨ੍ਹਾਂ ਇਹ ਵੀ ਦਰਸਾਇਆ ਹੈ ਕਿ ਨਿਮਨ ਸ਼੍ਰੇਣੀਆਂ ( ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ) ਤੇ ਹੇਠਲੀਆਂ ਸ਼੍ਰੇਣੀਆਂ (ਖੇਤੀ ਮਜ਼ਦੂਰ, ਗਰੀਬ ਕਿਸਾਨਾਂ ਅਤੇ ਦਿਹਾੜੀਦਾਰਾਂ ਜਾਂ ਕੱਚੇ ਸ਼ਹਿਰੀ ਮਜ਼ਦੂਰਾਂ ਦੀ ਖਰਚਾ ਵਿਕਾਸ ਦਰ ਵਿਚ ਵੀ ਬਹੁਤਾ ਵਾਧਾ ਨਹੀਂ ਹੋਇਆ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਭਾਰਤੀ ਵਿਕਾਸ ਸਮੁੱਚਤਾ ਦੇ ਮੁਹਾਂਦਰੇ ਵਾਲਾ ਨਹੀਂ ਰਿਹਾ।

ਕਈ ਹੋਰ ਵਿਦਵਾਨ ਵੱਖ-ਵੱਖ ਧਾਰਨਾਵਾਂ ਅਪਨਾਉਂਦਿਆਂ ਇਸੇ ਹੀ ਨਤੀਜੇ 'ਤੇ ਪਹੁੰਚੇ ਹਨ। ਰਾਸ਼ਟਰੀ ਨਮੂਨਾ ਸਰਵੇਖਣ ਦੇ ਖਪਤ ਖਰਚਿਆਂ ਬਾਰੇ ਸਰਵੇਖਣ ਦੇ ਅੰਕੜਿਆਂ ਤੇ ਆਪਣੀ-ਆਪਣੀ ਧਾਰਨਾ ਦੀ ਵਰਤੋਂ ਕਰਦਿਆਂ ਉਨ੍ਹਾਂ ਦਰਸਾਇਆ ਕਿ ਭਾਰਤੀ ਵਿਕਾਸ ਦਰ ਸਮੁੱਚਤਾ ਵਾਲੀ ਨਹੀਂ ਰਹੀ ਅਤੇ ਗਰੀਬੀ ਵਿਚ ਕਟੌਤੀ ਦਰ ਘੱਟੋ-ਘੱਟ ਜ਼ਰੂਰੀ ਦਰ 'ਤੇ ਵੀ ਨਹੀਂ ਪਹੁੰਚੀ (ਹੇਠਲੀ 20 ਪ੍ਰਤਿਸ਼ਤ ਵਸੋਂ ਨੂੰ ਲੈਂਦਿਆਂ 1993-94 ਤੋਂ 2009-10 ਦੌਰਾਨ ਅਸਲ ਵਿਕਾਸ ਦਰ ਪੇਂਡੂ ਇਲਾਕਿਆਂ ਵਿਚ 1.43 ਪ੍ਰਤਿਸ਼ਤ ਸਾਲਾਨਾ ਰਹੀ ਜਦ ਕਿ ਇਸ ਦਾ ਘੱਟੋ-ਘੱਟ 2.88 ਪ੍ਰਤਿਸ਼ਤ ਹੋਣਾ ਜ਼ਰੂਰੀ ਸੀ। ਸ਼ਹਿਰੀ ਇਲਾਕਿਆਂ ਵਿਚ ਇਹ ਤੁਲਨਾ 1.27 ਪ੍ਰਤਿਸ਼ਤ ਅਤੇ 4.39 ਪ੍ਰਤਿਸ਼ਤ ਰਹੀ ਹੈ ਜੋ ਕਿ ਵਧੇਰੇ ਪਰੇਸ਼ਾਨੀ ਵਾਲਾ ਹੈ। ਜਯਾਰਾਜ ਅਤੇ ਸੁਬਰਾਮਨੀਅਨ (2012 ਬੀ) ਨੇ ਆਮਦਨ ਦੀ ਬਜਾਇ ਅਜਿਹਾ ਹੀ ਸਮਾਜਿਕ ਆਰਥਿਕ ਸ਼੍ਰੇਣੀਆਂ ਦਾ ਸਰਵੇਖਣ ਕਰ ਕੇ ਤੱਤ ਕੱਢਿਆ ਕਿ ਵਿਕਾਸ ਵਿਚ ਸਮੁੱਚਤਾ ਦੀ ਕਮੀ ਹੈ।

ਸੂਰਯਾਨਾਰਾਇਣ ਅਤੇ ਦਾਸ (2014) ਨੇ ਸਮੁੱਚਤਾ ਨੂੰ ਤਿੰਨ ਧਰਾਤਲਾਂ 'ਤੇ ਲਿਆ ਹੈ - ਰੁਜ਼ਗਾਰ, ਆਮਦਨ ਅਤੇ ਖਪਤ। ਉਨ੍ਹਾਂ ਤਿੰਨ ਢੰਗ ਵਰਤੇ ਹਨ (1) ਔਸਤ ਆਮਦਨ ਵਿਚ ਇਕ ਪ੍ਰਤਿਸ਼ਤ ਵਾਧਾ ਹੋਣ ਨਾਲ ਖਪਤ ਦਰ ਵਿਚ ਹੀ ਵਾਧਾ ਹੋ ਜਾਵੇਗਾ (2) ਔਸਤ ਖਪਤ ਦੇ ਪ੍ਰਸੰਗ ਵਿਚ ਦਰਮਿਆਨੀ ਖਪਤ ਵਾਲੀ ਲਚਕ ਜੋ ਕਿ ਉਹ ਪ੍ਰਤਿਸ਼ਤ ਦਰ ਹੈ ਜੋ ਕਿ ਔਸਤ ਖਪਤ ਵਿਚ ਇਕ ਪ੍ਰਤਿਸ਼ਤ ਦਾ ਬਦਲਾਅ ਆਉਣ ਨਾਲ ਦਰਮਿਆਨੀ ਖਪਤ ਵਿਚ ਹੁੰਦੀ ਹੈ ਅਤੇ (3) ਸਮੁੱਚਤਾ ਵਾਲੀ ਪ੍ਰਭਾਵਕਾਰੀ ਦਰ ਜੋ ਕਿ ਦਰਮਿਆਨੀ ਖਪਤ ਦੇ 60 ਪ੍ਰਤਿਸ਼ਤ ਤੋਂ ਘੱਟ ਖਪਤ ਦੀ ਸਾਂਝ ਵਾਲੀ ਵਸੋਂ 'ਤੇ ਆਧਾਰਿਤ ਹੈ। ਵਿਆਪਕ ਆਧਾਰੀ ਵਿਕਾਸ ਲਈ ਇਨ੍ਹਾਂ ਦਰਾਂ ਦਾ ਇਕ ਤੋਂ ਉਪਰ ਹੋਣਾ ਅਤੇ ਸਮੁੱਚਤਾ ਪ੍ਰਭਾਵਕਾਰੀ ਕਾਰਕ ਦਾ ਉਚੇਰਾ ਹੋਣਾ ਜ਼ਰੂਰੀ ਹੈ। ਪੂਰੀ ਵਸੋਂ ਅਤੇ ਸਮਾਜਿਕ ਰੂਪ ਵਿਚ ਨਿਮਨ ਸ਼੍ਰੇਣੀਆਂ ਨੂੰ ਲੈਂਦਿਆਂ ਅਤੇ 1993-94 ਤੋਂ 2011-12 ਦੇ ਐੱਨ ਐੱਸ ਐੱਸ ਖਪਤ ਖਰਚਾ ਅੰਕੜਿਆਂ ਨੂੰ ਸਾਹਮਣੇ ਰੱਖਦਿਆਂ ਇਹ ਪਤਾ ਲਗਦਾ ਹੈ ਕਿ ਭਾਰਤੀ ਵਿਕਾਸ ਸਮੁੱਚਤਾ ਵਾਲਾ ਨਹੀਂ ਰਿਹਾ। ਮਿਸਾਲ ਦੇ ਤੌਰ ਤੇ ਸਮੁੱਚਤਾ ਪ੍ਰਭਾਵੀ ਕਾਰਕ 1993-94 ਵਿਚ 0.748 ਤੋਂ 2011-12 ਵਿਚ ਡਿੱਗ ਕੇ 0.711 'ਤੇ ਪਹੁੰਚ ਗਿਆ। ਇਹ ਤੱਤ ਕੱਢਿਆ ਗਿਆ ਕਿ 'ਭਾਰਤ ਦੇ ਮੁੱਖ ਧਾਰਾ ਵਾਲੇ ਵਿਕਾਸ ਅਮਲ ਵਿਚ ਗਰੀਬਾਂ ਵਿਚੋਂ ਗਰੀਬਾਂ ਦੀ ਸ਼ਮੂਲੀਅਤ ਅਜੇ ਵੀ ਆਸ ਤੋਂ ਬਾਹਰ ਦੀ ਗੱਲ ਹੈ।

## ਸਿੱਟਾ

ਪੂਰੀ ਵਸੋਂ ਅਤੇ ਨਿਮਨ ਸਮਾਜ ਸ਼੍ਰੇਣੀ ਦੋਹਾਂ ਦੀ ਹੀ ਆਮਦਨ ਵਿਚ ਪਿਛਲੇ 2 ਦਹਾਕਿਆਂ ਦੌਰਾਨ ਵਾਧਾ ਹੋਇਆ ਹੈ। ਗਰੀਬੀ ਜਿਵੇਂ ਕਿ ਸਰਕਾਰੀ ਗਰੀਬੀ ਰੇਖਾ ਦਰਸਾਉਂਦੀ ਹੈ, ਵਿਚ ਵੀ ਕਮੀ ਆਈ ਹੈ। ਪਰ ਸਮੁੱਚਤਾ ਲਈ ਇਨ੍ਹਾਂ ਨਤੀਜਿਆਂ ਤੋਂ ਕਿਤੇ ਵੱਧ ਤੇ ਵੱਖਰੀਆਂ ਉਪਲਬਧੀਆਂ ਦੀ ਲੋੜ ਹੈ। ਜਿਵੇਂ ਕਿ ਮੈਂ ਪਹਿਲਾਂ ਦਲੀਲ ਦਿਤੀ ਹੈ, ਵਧੇਰੇ ਵਿਆਪਕਤਾ ਨਾਲ ਸਮੁੱਚਤਾ ਵਾਲਾ ਸੰਕਲਪ ਉਲੀਕਣ ਨਾਲ ਅੰਕੜਿਆਂ ਦੇ ਪੱਧਰ 'ਤੇ ਨਿਰਾਸਤਾ ਮਿਲੀ ਹੈ ਜਿਸ ਦੇ ਕਾਰਨਾਂ ਨੂੰ ਸਮਝਣਾ ਬਹੁਤਾ ਔਖਾ ਨਹੀਂ। ਭਾਰਤੀ ਖੇਤੀ ਖੇਤਰ ਵਧੀਆ ਕਾਰਗੁਜ਼ਾਰੀ ਨਹੀਂ ਦਿਖਾ ਰਿਹਾ ਅਤੇ ਜਿਵੇਂ ਕਿ ਕਈ ਵਿਦਵਾਨ (ਵਾਸਵੀ 2015) ਕਹਿੰਦੇ ਆ ਰਹੇ ਹਨ, ਇਹ ਖੇਤਰ ਇਸ ਵੇਲੇ ਵੱਡੇ ਸੰਕਟ ਵਿਚ ਫਸਿਆ ਹੋਇਆ ਹੈ। ਪੇਂਡੂ ਖੇਤੀ ਖੇਤਰ ਅਤੇ ਸ਼ਹਿਰੀ ਅਸੰਗਠਿਤ ਖੇਤਰ ਦੇ ਗਰੀਬਾਂ ਨੂੰ ਜਜ਼ਬ ਕਰਨ ਲਈ ਸ਼ਹਿਰੀ ਇਲਾਕਿਆਂ ਵਿਚ ਚੋਖੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਨਹੀਂ ਹੋ ਰਹੇ। ਜਿਵੇਂ ਕਿ ਕਈ ਸਰਕਾਰੀ ਰਿਪੋਰਟਾਂ ਅਤੇ

ਵਿਦਵਾਨਾਂ ਨੇ ਕਿਹਾ ਹੈ। ਸਭ ਤੋਂ ਵੱਧ ਰੁਜ਼ਗਾਰ ਪੈਦਾ ਕਰਨ ਵਾਲਾ ਖੇਤਰ ਉਸਾਰੀ ਦਾ ਰਿਹਾ ਹੈ ਤੇ ਉਹ ਵੀ ਪੇਂਡੂ ਇਲਾਕਿਆਂ ਅੰਦਰ। ਸਾਧਾਰਨ ਤੌਰ ਤੇ ਇਹ ਨੌਕਰੀਆਂ ਬਹੁਤੀ ਆਮਦਨ ਵਾਲੀਆਂ ਨਹੀਂ ਹੁੰਦੀਆਂ ਅਤੇ ਇਸ ਨਾਲ ਬਾਜ਼ਾਰ ਵਿਚ ਮੁਕਾਬਲਾ ਕਰ ਸਕਣ ਦੀ ਮਹਾਰਤ ਵੀ ਪੈਦਾ ਹੋਣ ਦੀ ਬਹੁਤੀ ਸੰਭਾਵਨਾ ਨਹੀਂ ਹੁੰਦੀ। ਨਿਰਮਾਣ ਖੇਤਰ ਦੀ ਕਾਰਗੁਜ਼ਾਰੀ ਵੀ ਨਿਰਾਸ਼ਾਜਨਕ ਰਹੀ ਹੈ।

ਨਿਰਮਾਣ ਖੇਤਰ, ਖ਼ਾਸ ਕਰਕੇ ਮਜ਼ਦੂਰੀ ਵਾਲਾ ਨਿਰਮਾਣ ਸਮੁੱਚਤਾ ਵਾਲੇ ਵਿਕਾਸ ਲਈ ਕਾਫ਼ੀ ਲਾਹੇਵੰਦ ਹੋ ਸਕਦਾ ਸੀ। ਸਮੇਂ ਦੀ ਲੋੜ ਮਨਰੇਗਾ ਜਿਹੀਆਂ ਭਲਾਈ ਸਕੀਮਾਂ ਨੂੰ ਮਜ਼ਬੂਤ ਕਰਨ ਅਤੇ ਸ਼ਹਿਰੀ ਗਰੀਬ ਨੂੰ ਆਰਥਿਕ ਪੱਖੋਂ ਸੁਰੱਖਿਅਤ ਕਰਨ ਦੀ ਹੈ। ਇਸ ਤੋਂ ਇਲਾਵਾ, ਕੁਸ਼ਲਤਾ ਦਾ ਵਿਕਾਸ ਕਰਨ ਅਤੇ ਤੇਜ਼ੀ ਨਾਲ ਰੁਜ਼ਗਾਰ ਪੈਦਾ ਕਰਨ ਜਿਵੇਂ ਕਿ ਜਨਤਕ ਨਿਵੇਸ਼ ਰਾਹੀਂ, ਦੀ ਲੋੜ ਹੈ। ਇਸ ਭਰਮ ਵਿਚ ਰਹਿਣਾ ਕਿ ਵਿਕਾਸ ਆਪਣੇ ਆਪ ਸਮੁੱਚਤਾ ਵੱਲ ਚਲਾ ਜਾਵੇਗਾ, ਭਰਮ ਵਾਲੀ ਗੱਲ ਸਾਬਤ ਹੋਵੇਗੀ।

*(ਲੇਖਕ ਮੁੰਬਈ ਸਥਿਤ ਇੰਦਰਾ ਗਾਂਧੀ ਵਿਕਾਸ ਖੋਜ ਸੰਸਥਾਨ ਵਿਚ ਪ੍ਰੋਫੈਸਰ ਹੈ।)*

*ਸਫ਼ਾ 51 ਦੀ ਬਾਕੀ*

ਦੀ ਮਰਨ ਦਰ ਅਤੇ ਕੁੱਲ ਆਬਾਦੀ ਵਿਚ ਘੱਟ ਖਾਧ ਖੁਰਾਕ ਵਾਲਿਆਂ ਦੀ ਗਿਣਤੀ ਉਪਰ ਆਧਾਰਿਤ ਹੈ।

ਇਸ ਭਿਆਨਕ ਹਾਲਾਤ ਨੂੰ ਦੇਖਦੇ ਹੋਏ, ਭਾਰਤ ਨੇ 2013 ਵਿਚ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਪਾਸ ਕੀਤਾ ਜਿਸ ਦਾ ਉਦੇਸ਼ ਦੇਸ਼ ਦੀ ਦੋ ਤਿਹਾਈ ਆਬਾਦੀ ਨੂੰ ਸਬਸਿਡੀ ਦੇ ਕੇ ਖੁਰਾਕ ਮੁਹੱਈਆ ਕਰਨਾ ਹੈ। ਇਸ ਨੂੰ ਹੋਰ ਸਕੀਮਾਂ ਜਿਵੇਂ ਕਿ ਜਨਤਕ ਵੰਡ ਸਕੀਮ ( ਪੀ ਡੀ ਐੱਸ), ਮਿਡ ਡੇ ਮੀਲ ਅਤੇ ਸਮੁੱਚਿਤ ਬਾਲ ਵਿਕਾਸ ਸੇਵਾਵਾਂ ਨਾਲ ਜੋੜਿਆ ਗਿਆ। ਇਨ੍ਹਾਂ ਪਹਿਲਾਂ ਨਾਲ ਬੱਚਿਆਂ ਅਤੇ ਔਰਤਾਂ ਵਿਚ ਪੌਸ਼ਟਿਕ ਖੁਰਾਕ ਦੇ ਪੱਧਰ ਵਿਚ ਵਾਧਾ ਕਰਨਾ ਹੈ। ਪਰ ਭਾਰਤ 'ਚ ਖੁਰਾਕ ਸੁਰੱਖਿਆ ਦੀ ਅਜਿਹੀ ਭਿਆਨਕ ਸਥਿਤੀ ਹੋਣ ਦੇ ਬਾਵਜੂਦ, ਇਹ ਕਾਨੂੰਨ ਜਿਸ ਨੂੰ ਪਾਸ ਹੋਏ ਲਗਭਗ ਦੋ ਸਾਲ ਹੋ ਚੁੱਕੇ ਹਨ, ਲਾਗੂ ਕਰਨਾ ਅਜੇ ਬਾਕੀ ਹੈ। ਜਿਵੇਂ ਕਿ ਕੁਝ ਤਰਕ ਪੇਸ਼ ਕੀਤੇ ਗਏ ਹਨ ਕਿ ਇਸ ਕਾਨੂੰਨ ਵਿਚ ਕੁਝ ਤਰੁੱਟੀਆਂ ਹੋ ਸਕਦੀਆਂ ਹਨ, ਪਰ ਇਸ ਨੂੰ ਲਾਗੂ ਕਰਨ ਵਿਚ ਦੇਰੀ ਅਤੇ ਇਨ੍ਹਾਂ ਮੁੱਦਿਆਂ ਦਾ ਹੱਲ ਲੱਭਣ ਵਿਚ ਦੇਰੀ ਇਹ ਸੰਕੇਤ ਦਿੰਦੀ ਹੈ ਕਿ ਸਰਕਾਰ ਖੁਰਾਕ ਸੁਰੱਖਿਆ ਚਿੰਤਾਵਾਂ ਵਲ ਕਿੰਨੀ ਅਸੰਵੇਦਨਸ਼ੀਲ ਹੈ। ਕਿਉਂਕਿ ਇਹ ਰਾਜਾਂ ਦੇ ਖੇਤਰ ਦਾ ਵਿਸ਼ਾ ਹੈ, ਇਸ ਲਈ ਰਾਜ ਸਰਕਾਰਾਂ ਵੀ ਇਸ ਨੂੰ ਲਾਗੂ ਕਰਨ ਵਿਚ ਹੋਣ ਵਾਲੀ ਦੇਰੀ ਲਈ ਬਰਾਬਰ ਦੀਆਂ ਜ਼ਿੰਮੇਵਾਰ ਹਨ।

## ਸਿੱਟਾ

ਸੰਖੇਪ ਵਿਚ, ਭਾਰਤ ਹਾਲ ਹੀ ਦੇ ਸਮੇਂ ਵਿਕਾਸ ਅਤੇ ਸਮਾਜਿਕ ਸੁਧਾਰ ਵਿਚ ਭਿੰਨਤਾ ਦੇ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਇਨ੍ਹਾਂ ਪਹਿਲਕਦਮੀਆਂ ਦੀ ਕਾਮਯਾਬੀ ਕੁੱਝ ਖੇਤਰਾਂ ਜਾਂ ਕੁਝ ਵਰਗਾਂ ਤਕ ਹੀ ਸੀਮਤ ਹੈ। ਸੂਚਨਾ ਤਕਨਾਲੋਜੀ ਦੇ ਬੈਂਕਿੰਗ ਅਤੇ ਆਧਾਰ ਨੈੱਟਵਰਕ ਨਾਲ ਜੋੜਮੇਲ ਤੋਂ ਉਮੀਦ ਹੈ ਕਿ ਇਸ ਨਾਲ ਜਨਤਕ ਵੰਡ ਮਸ਼ੀਨਰੀ ਵਿਚ ਬਹੁਤ ਸੁਧਾਰ ਹੋਵੇਗਾ। ਅਜਿਹੀ ਤਾਲਮੇਲ ਵਾਲੀ ਪ੍ਰਣਾਲੀ ਖੇਤਰਾਂ (ਸਮਾਜਿਕ ਸੰਗਠਨਾਂ ਵਿਚ ਪਾੜੇ ਨੂੰ ਦੂਰ ਕਰਨ ਵਿਚ ਮਦਦ ਕਰ ਸਕਦੀ ਹੈ ਅਤੇ ਦੇਸ਼ ਦੇ ਸਮੁੱਚੇ ਸਮਾਜਿਕ ਵਿਕਾਸ ਨੂੰ ਹਾਸਲ ਕਰਨ ਵਿਚ ਵੀ ਸਹਾਈ ਹੋ ਸਕਦੀ ਹੈ। ਪਰ ਸਭ ਤੋਂ ਵੱਧ ਮਹੱਤਵਪੂਰਨ ਹੈ ਕਿ ਇਸ ਪਾੜੇ ਨੂੰ ਦੂਰ ਕਰਨ ਲਈ ਸਰਕਾਰ ਦੀ ਵੱਡੀ ਭੂਮਿਕਾ ਹੈ। 14ਵੇਂ ਵਿੱਤ ਆਯੋਗ ਦੀਆਂ ਸਿਫ਼ਾਰਸ਼ਾਂ ਅਨੁਸਾਰ ਰਾਜਾਂ ਕੋਲ ਵਧੇਰੇ ਵਿੱਤੀ ਸਾਧਨ ਪ੍ਰਾਪਤ ਹੋ ਜਾਣ ਨਾਲ ਅਤੇ ਕੇਂਦਰ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਘੱਟ ਕਰਨ ਦੀ ਸੂਰਤ ਵਿਚ, ਇਹ ਰਾਜਾਂ ਲਈ ਅਤਿ ਨਿਰਣਾਕਾਰੀ ਹੋ ਜਾਂਦਾ ਹੈ ਕਿ ਉਹ ਸਮਾਜਿਕ ਵਿਕਾਸ ਲਿਆਉਣ ਲਈ ਢੁਕਵੀਆਂ ਸਕੀਮਾਂ ਤਿਆਰ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਨ।

*(ਲੇਖਕ ਕ੍ਰਮਵਾਰ ਨੈਸ਼ਨਲ ਇੰਸਟੀਚਿਊਟ ਆਫ਼ ਪਬਲਿਕ ਫਿਨਾਂਸ ਅਤੇ ਇੰਦਰਪ੍ਰਸਥਾ ਕਾਲਜ ਫਾਰ ਵੂਮੈਨ, ਨਵੀਂ ਦਿੱਲੀ ਹਨ।)*

*e-mail :varsha.sivaram15@gmail.com*

**ਯੋਜਨਾ (ਪੰਜਾਬੀ)**

**ਦਾ ਅਗਲੇਰਾ ਅੰਕ**

- **ਅਕਤੂਬਰ 2015 – ਇਹ ਅੰਕ *ਕੁਸ਼ਲ ਭਾਰਤ ਪਹਿਲਕਦਮੀਆਂ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : 100 ਰੁ., ਦੋ ਸਾਲ : 180 ਰੁ., ਤਿੰਨ ਸਾਲ : 250 ਰੁ.,***

***ਸਾਰਕ ਦੇਸ਼ਾਂ ਲਈ ਸਾਲਾਨਾ 530 ਰੁ.,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ 730 ਰੁ.,***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**

**(Advertisement & Circulation )**

**Publications Division, Ministry of Information and Broadcasting**

**Soochna Bhawan, Room No 48-53, C.G.O. Complex,**

**Lodhi Road, New Delhi-110003.**

*email-pdjucir@gmail.com*